ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰਾਸਿ ਛੇਵੀਂ Raas 6

Sri Gur Partap Suraj Granth

ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji

Visit: www.ik13.com *Email rarasahib@yahoo.com*

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ
(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ

ਬਲਜਿੰਦਰ ਸਿੰਘ

੨੬ ਅਗਸਤ ੨੦੦੮ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰਾਸਿ ਛੇਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਛੇਵੀਂ ਉਪਰ ਕਲਿਕ ਕਰੋ ਜੀ)

ਤਤਕਰਾ ਰਾਸਿ ਛੇਵੀਂ

ਛੇਵੀਂ ਰਾਸਿ

ਰਾਸਿ ਛੀਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥
ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਥ ਖ਼ਸ਼ਟਮ ਰਾਸ ਪ੍ਰਾਰੰਭਤੇ ॥

ਅਰਥ:

ਹੁਣ ਛੇਵੀਂ ਰਾਸਿ ਦਾ ਆਰੰਭ ਕੀਤਾ ਜਾਂਦਾ ਹੈ।

ਅਥ ਜੁੱਧ ਪ੍ਰਬੰਧ ਕਥਨੰ† ॥

†ਪਾ:-ਅਥ ਜੁੱਧ ਪ੍ਰਸੰਗ ਬਰਨਨੰ। [ਪ੍ਰਬੰਧ = ਕਾਵ੍ਯ ਰਚਨਾਂ। ਮਜ਼ਮੂਨ]

ਅਰਥ:

ਹੁਣ ਜੁੱਧਾਂ ਦੇ ਮਜ਼ਮੂਨ ਦਾ ਕਥਨ ਕਰਦਾ ਹਾਂ।

ਅੰਸੂ ੧. [ਮੰਗਲ। ਨਾਰਦ ਆਗਮਨ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਅਕਾਲ ਪੁਰਖ ਦਾ-ਮੰਗਲ।

ਦੋਹਰਾ:

ਸਤਿ ਚੇਤਨ ਆਨੰਦ ਇਕ ਅਸਤਿ ਭਾਂਤਿ ਪ੍ਰਿਯ†, ਪੂਰ॥

†ਸਤਿ ਚੇਤਨ ਆਨੰਦ, ਅਸਤਿ ਭਾਂਤਿ ਪ੍ਰੇਯ ਦੇ ਜੋ ਅਰਥ ਕਵੀ ਜੀ ਨੇ ਆਪ ਕੀਤੇ ਹਨ ਉਹ ਇਉਂ ਹਨ:
ਸਤਿ ਚੇਤਨ ਆਨੰਦ ਪ੍ਰੱਤਛ। ਅਸਤਿ ਭਾਂਤਿ ਪ੍ਰਿਯ ਆਤਮ ਲੱਛ। ਇਹ ਤੀਨਹੁ ਜਿਤ ਕਿਤ ਦ੍ਰਿਸ਼ਟਾਵੈਂ। ਇਨ ਬਿਹੀਨ ਕਿਤ ਕਛੁ ਨ ਜਨਾਵੈ। ਅਸਤੀ ਹੈ ਸੁ ਪਦਾਰਥ ਸਾਚੁ। ਚਿਤ ਭਾਂਤੀ ਪਰਕਾਸ਼ ਉੱਬਾਚ। ਪਾਇ ਪਦਾਰਥ ਪ੍ਰਿਯ ਆਨੰਦ। ਇਮ ਤੀਨਹੁਂ ਸਭਿ ਮਹਿਂ ਬਰਤੰਦ। [ਰੁਤ ੫ ਅੰਸੂ ੪੭ ਅੰਕ ੩੪]

ਨਭ ਸਮ ਸਭਿ ਮਹਿਂ, ਸ਼ੁਭ ਕਰਨ, ਗਨ ਮੰਗਲ ਕੋ ਮੂਰ ॥੧॥

ਸਤਿ ਚੇਤਨ ਆਨੰਦ = ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧਜਾਯ ੧ ਅੰਕ ੩ ਦੇ ਪਦਾਰਥ।

ਅਰਥ:

ਇਕ (ਅਕਾਲ ਪੁਰਖ ਜੋ) ਸਤਿ ਚੇਤਨ ਆਨੰਦ (ਹੈ ਅਰ ਜੋ) ਅਸਤਿ, ਭਾਂਤਿ, ਪ੍ਰਿਯ (ਰੂਪ ਹੋਕੇ) ਸਭਨਾਂ ਵਿਚ ਅਕਾਸ਼ ਵਾਂਙੂ ਪੂਰਨ ਹੋ ਰਿਹਾ ਹੈ, (ਉਹੀ) ਸ਼ੁਭਤਾ ਦੇ ਕਰਨੇ ਵਾਲਾ ਹੈ, ਅਤੇ ਸਾਰੇ ਮੰਗਲਾਂ ਦਾ ਮੂਲ ਹੈ (ਇਸ ਕਰਕੇ ਮੈਂ ਉਸ ਦਾ ਸਿਮਰਨ ਰੂਪ ਮੰਗਲ ਕਰਦਾ ਹਾਂ)।

ਭਾਵ:

ਅਕਾਸ਼ ਦੇ ਦੋ ਗੁਣ ਹਨ ਵਿਆਪਕਤਾ ਤੇ ਅਸੰਗਤਾ। ਵਿਆਪਕਤਾ ਦਾ ਜ਼ਿਕਰ ਕਵੀ ਜੀ ਨੇ ਸਪਸ਼ਟ ਕੀਤਾ ਹੈ ਕਿ ਅਕਾਸ਼ ਵਾਂਗੂ ਉਹ ਸਭਨਾਂ ਵਿਚ ਪਰੀ ਪੂਰਨ ਹੈ, ਅਸੰਗਤਾ ਵਾਲੇ ਖਿਆਲ ਨੂੰ ਆਪ ਨੇ ਸਾਫ ਨਹੀਂ ਦੱਸਿਆ, ਪਰ ਗੁਰੂ ਆਸ਼ੇ ਵਾਲੀ ਅਸੰਗਤਾ ਜੋ ਮਾਨੋ ਹੈ ਭੀ ਤੇ ਨਹੀਂ ਭੀ ਅਗਲੇ ਵਾਕਾਂ ਵਿਚ ਦਰਸਾਈ ਹੈ, ਜਦ ਕਿਹਾ ਹੈ ਕਿ ਉਹ ਸ਼ੁਭਤਾ ਦੇ ਕਰਨੇ ਵਾਲਾ ਤੇ ਮੰਗਲਾਂ ਦਾ ਮੂਲ ਹੈ। ਅਕਾਸ਼ ਜੜ ਹੋਣ ਕਰਕੇ ਜੀਕੂੰ ਅਸੰਗ ਹੈ, ਪ੍ਰਮਾਤਮਾਂ ਚੇਤਨ ਹੋਣ ਕਰਕੇ ਉਸ ਤਰ੍ਹਾਂ ਅਸੰਗ ਨਹੀਂ, ਪਰ ਜਿਵੇਂ ਰਾਗ ਦ੍ਵੈਖ ਵਿਚ ਫਸੇ ਜੀਵ ਅਸੰਗ ਨਹੀਂ ਰਹਿ ਸਕਦੇ ਤਿਵੇਂ ਪ੍ਰਮਾਤਮਾ ਅਸੰਗ ਰਹਿਣੇ ਵਿਚ ਅਸਮਰਥ ਨਹੀਂ, ਉਹ ਅਸੰਗ ਹੈ, ਐਉਂ ਅਸੰਗ ਹੁੰਦਾ ਹੋਯਾ ਵੀ ਉਹ ਮੰਗਲਾਂ ਦਾ ਮੂਲ ਤੇ ਨੇਕੀਆਂ ਦਾ ਕਰਨਹਾਰ ਹੈ। ਇਸ ਵਿਸ਼ੇ ਤੇ ਵਿਸ਼ੇਸ਼ ਵਿਚਾਰ ਗੁਰਮਤ ਅਨੁਸਾਰ ਇਸ ਪ੍ਰਕਾਰ ਹੈ:-

ਵੇਦਾਂਤ ਨੇ ਪ੍ਰਮਾਤਮਾਂ ਨੂੰ ਸਤਿ, ਚਿਤ, ਆਨੰਦ ਯਾ ਅਸਤਿ, ਭਾਂਤਿ, ਪ੍ਰਿਯ ਆਖਿਆ ਹੈ। ਇਸ ਨਾਲ ਉਸ ਦੇ ਤੱਤ੍ਵ ਸਰੂਪ ਦਾ ਵਰਣਨ ਹੋ ਜਾਂਦਾ ਹੈ, ਪਰ ਉਹ ਜਗਤ ਤੋਂ ਅਲੱਗ ਤੇ ਮੂਲੋਂ ਨਿਰਲੇਪ ਹਸਤੀ ਸਹੀ ਹੁੰਦਾ ਹੈ। ਮਨੁੱਖ ਦੇ ਹਰਖ, ਸ਼ੋਕ, ਦੁੱਖ, ਦਰਦ ਪੁਰ ਦਇਆ ਕਰਨ ਤੇ ਤ੍ਰੁੱਠਣ ਆਦਿ ਵਲਵਲਿਆਂ ਤੋਂ ਸੁੰਨ ਤੇ ਇਨਸਾਨ ਦੀਆਂ ਲੋੜਾਂ ਤੋਂ ਬੇਪਰਵਾਹ, ਉੱਚਾ ਤੇ ਅਸੰਗ ਸਹੀ ਹੋਣ ਕਰਕੇ ਇਕ ਨਿਰਾਸਤਾ ਵਾਲਾ ਵਜੂਦ ਜਾਪਦਾ ਹੈ ਤੇ ਮਨੁੱਖ ਦੇ ਦਿਲ ਨੂੰ ਐਸੇ ਪ੍ਰਮਾਤਮਾ ਨਾਲ ਕੋਈ ਰਸ ਨਹੀਂ ਰਹਿ ਸਕਦਾ। ਇਹ ਲੋਕ ਇਸ ਅੜਚਨ ਤੇ ਰੁਕ ਗਏ ਹਨ ਕਿ ਜੇ ਉਹ ਕਿਸੇ ਫੁਰਨੇ ਯਾ ਸੋਚ ਵਿਚ ਆਉਂਦਾ ਯਾ ਕ੍ਰਿਯਾ ਕਰਦਾ ਸਿੱਧ ਹੋਵੇ ਤਾਂ ਉਹ ਅਨੰਤ ਤੇ ਅਵਿਨਾਸ਼ੀ ਨਹੀਂ ਰਹਿ ਸਕਦਾ, ਇਸ ਕਰਕੇ ਬ੍ਰਹਮ ਨੂੰ ਤਾਂ ਉਹਨਾਂ ਨੇ ਅਸੰਗ ਤੇ ਨਿਰਲੇਪ ਰੂਪ ਦਿਤਾ। ਇਸ ਤੋਂ ਹੇਠਾਂ ਇਕ ਰੂਪ ਹੋਰ ਮੰਨਿਆਂ ਗਿਆ ਹੈ, ਜੋ ਸ਼ੁੱਧ ਸਤੋਗੁਣ ਮਾਇਆ ਵਿਚ ਬ੍ਰਹਮ ਦੇ ਪ੍ਰਤਿਬਿੰਬ ਦਾ ਰੂਪ ਹੈ। ਇਸ ਨੂੰ ਈਸ਼੍ਵਰ ਕਿਹਾ ਹੈ। ਇਸ ਵਿਚ ਛੇ ਗੁਣ ਦੱਸੀਦੇ ਹਨ:-ਐਸ਼੍ਵਰਜ, ਜਸ, ਵੈਰਾਗ, ਉਦਾਰਤਾ, ਲਛਮੀ, ਗਯਾਨ (ਦੇਖੋ ਰਾਸ ੫ ਅੰਸੂ ੪੬ ਅੰਕ ੪੭ ਦੀ ਟੂਕ ਪੰਨਾ ੨੬੯੫)। ਇਸ ਨੂੰ ਈਸ਼੍ਵਰ ਨੂੰ ਬ੍ਰਹਮ ਤੋਂ ਹੇਠਾਂ ਤੇ ਜੀਵ ਤੇ ਸ੍ਰਿਸ਼ਟੀ ਤੋਂ ਉਪਰ ਥਾਂ ਦਿੱਤਾ ਹੈ ਜੋ ਅੰਤ ਨੂੰ ਆਦਿ ਰੂਪ (ਬ੍ਰਹਮ) ਵਿਚ ਲੀਨ ਹੋ ਜਾਂਦਾ ਹੈ। ਪਰੰਤੂ ਗੁਰੂ ਘਰ ਵਿਚ ਉਸੇ ਨਿਰਲੇਪ, ਅਲੇਪ, ਅਲਗ ਸਤਿ ਚਿਤ ਆਨੰਦ ਹਸਤੀ ਨੂੰ ਹੀ ਕ੍ਰਿਪਾਲੂ, ਦਿਆਲੂ, ਭਗਤ ਵਤਸਲ ਆਦਿ ਪਿਆਰਾਂ ਵਾਲਾ ਦੱਸਿਆ ਹੈ। ਯਥਾ, 'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ ':- ਉਹ ਕਰਤਾਰ ਹੈ, ਉਹੋ ਕਾਦਿਰ ਹੈ ਅਰਥਾਤ ਸਾਰੀ ਰਚਨਾਂ ਨੂੰ ਰਚਕੇ ਪਾਲ ਰਿਹਾ ਹੈ, ਪ੍ਰਬੰਧ ਕਰ ਰਿਹਾ ਹੈ, ਫਿਰ ਅਲੇਪ ਹੈ। ਅਤੇ ਰਚ, ਪਾਲ, ਪ੍ਰਬੰਧ ਕਰਕੇ ਅੱਕ੍ਰੈ ਅਬਿਨਾਸ਼ੀ ਕੀਕੁਣ ਹੈ? ਇਸ ਦਾ ਅਸਲ ਭਾਵ ਇਕ ਤੁਕ ਵਿਚ ਦੱਸਕੇ ਦਾਰਸ਼ਨਕਾਂ ਦੀ ਮੁਸ਼ਕਿਲ ਬੀ ਹੱਲ ਕਰ ਦਿੱਤੀ ਹੈ:- 'ਹੁਕਮੁ ਨ ਕਹਿਆ ਜਾਈ' ॥ ਅਰਥਾਤ, ਪ੍ਰਮਾਤਮਾਂ ਨੂੰ ਤੁਸੀਂ ਕਹਿੰਦੇ ਹੋ ਕਿ ਉਹ ਅਗਮ ਅਗੋਚਰ ਹੋਣ ਕਰਕੇ ਕਥਨ ਵਿਚ ਨਹੀਂ ਹੈ, ਤਿਵੇਂ ਹੀ ਸਮਝ ਲਓ ਕਿ ਉਸ ਦਾ 'ਹੁਕਮ' ਅਰਥਾਤ ਉਸ ਦੇ 'ਬੀਚਾਰ ਤੇ ਕਰਨੇ' ਬੀ ਅਕੱਥਨੀਯ ਹਨ, ਜਿਹੜਾ ਉਸ ਵਿਚ 'ਫੁਰਨਾ ਤੇ ਕਰਨਾ' ਅਰੋਪ ਕੇ ਉਸ ਦੇ ਵਿਕਾਰੀ ਹੋ ਜਾਣ ਤੋਂ ਤੁਸੀਂ ਡਰਦੇ ਹੋ, ਉਹ ਤੁਸਾਨੂੰ ਤਜਰਬਾ ਆਪਣੇ 'ਫੁਰਨੇ ਤੇ ਕਰਨੇ' ਦਾ ਹੈ। ਉਹ ਆਪਣਾ ਫੁਰਨਾ ਤੁਸੀਂ 'ਅਨੰਤ ਤੇ ਅਵਿਨਾਸ਼ੀ' ਨੂੰ ਅਰੋਪਦੇ ਹੋ, ਇਸ ਕਰਕੇ ਟਪਲਾ ਖਾਂਦੇ ਹੋ। ਉਸ 'ਅਨੰਤ ਪ੍ਰਮਾਤਮਾ' ਦੇ 'ਫੁਰਨੇ ਤੇ ਕਰਨੇ' ਹੋਰਵੇਂ ਹਨ ਅਰ ਅਸੀਂ ਉਹਨਾਂ ਨੂੰ ਸਮਝ ਨਹੀਂ ਸਕਦੇ। ਇਸ ਕਰਕੇ ਫੁਰਮਾਉਂਦੇ ਹਨ ਕਿ ਜਿਵੇਂ ਪ੍ਰਮਾਤਮਾ ਦਾ ਸਰੂਪ ਹੈ 'ਸੱਤਿ', ਤਿਵੇਂ ਉਸ ਦੇ 'ਫੁਰਨੇ ਤੇ ਕਰਨੇ' ਬੀ ਸੱਤਿ ਸਰੂਪਤਾ ਵਾਲੇ ਹਨ, ਯਥਾ:- 'ਸਚੇ ਤੇਰੇ ਕਰਣੇ ਸਰਬ ਬੀਚਾਰ।' 'ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।' ਦ੍ਰਿਸ਼੍ਟਾਂਤ ਲਈ ਵੇਖੋ ਧਰਤੀ ਪਰ ਰਹਿਣ ਵਾਲੇ ਲਈ ਦਰਯਾ ਇਕ ਪਾਣੀ ਦਾ ਰੌ ਹੈ ਜੋ ਖ਼ੁਸ਼ਕੀ ਦੇ ਦੋ ਕਿਨਾਰਿਆਂ ਵਿਚ ਵਗਦਾ ਹੈ, ਇਸ ਨੂੰ ਉਹ ਦਰਯਾ ਸਮਝਦਾ ਹੈ। ਪਰ ਸਮੁੰਦਰ ਵਿਚ ਬੀ ਦਰਯਾ ਵਗਦੇ ਹਨ, ਪਾਣੀ ਦੇ ਰੌ ਪਾਣੀ ਵਿਚ ਹੀ ਵਹਿੰਦੇ ਪਏ ਹਨ; ਪਾਣੀ ਵਿਚ ਅਭੇਦ ਹਨ ਪਾਣੀ ਰੂਪ ਹੋਕੇ, ਪਰ ਵੱਖਰੇ ਵਹਿੰਦੇ ਦਿੱਸਦੇ ਆਪਣਾ ਦਰਯਾ ਪਣਾ ਵੱਖਰਾ ਪਏ ਦੱਸਦੇ ਹਨ। ਤਿਵੇਂ ਸਾਡੇ 'ਫੁਰਨੇ ਤੇ ਕਰਨੇ, ਸਾਡਾ ਹੁਕਮ' ਵਿਕਾਰੀ ਸ਼ੈ ਹੈ, ਪਰ ਉਸ 'ਅਨੰਤ' ਦੇ 'ਕਰਨੇ' ਫੁਰਨੇ (= ਬੀਚਾਰ) ਤੇ 'ਹੁਕਮ' ਅਨੰਤਤਾਈ ਦੇ ਕ੍ਰਿਸ਼ਮੇ ਹਨ, ਉਹਨਾਂ ਵਿਚ ਵਿਕਾਰਤਾ ਦੀ ਸੰਭਾਵਨਾ ਕਰਨੀ ਆਪਣੇ 'ਫੁਰਨੇ' 'ਕਰਨੇ' ਨੂੰ ਓਸ ਅਕੱਥ ਵਿਚ ਕਲਪ ਲੈਣਾ ਹੈ। ਸਾਡਾ ਵਜੂਦ ਤੇ ਸਾਡੇ ਕਰਨੇ ਕਥਨੀ ਦੇ ਮੰਡਲ ਵਿਚ ਆਉਂਦੇ ਹਨ, ਉਸ ਦਾ ਸਰੂਪ ਤੇ ਕਰਨੇ ਅਕੱਥਨੀਯ ਹਨ। ਜਿਵੇਂ 'ਹੁਕਮੀ' ਅਕੱਥ ਹੈ ਤਿਵੇਂ ਹੀ 'ਹੁਕਮੁ ਨ ਕਹਿਆ ਜਾਈ।' ਇਹ ਮੁਸ਼ਕਿਲ ਹੱਲ ਕਰਕੇ ਸਤਿਗੁਰ ਜੀ ਨੇ

ਪ੍ਰਮਾਤਮਾਂ ਨੂੰ ਰਚਣਹਾਰ (ਕਰਤਾਰ), ਪਾਲਣਹਾਰ, ਬਖਸ਼ਿੰਦ, ਪਤਿਤ ਪਾਵਨ ਆਦਿ ਸਿਫਤਾਂ ਵਾਲਾ ਦੱਸਿਆ ਤੇ ਆਖਿਆ ਹੈ:-

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥

ਪੁਨਾ:

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ [ਗਉ: ਮ: ੫

ਗੁਰ ਸਿੱਖੀ ਦੇ ਇਸ ਅਸੂਲ ਦੀ ਸੋਝੀ ਇਸ ਦੋਹੇ ਤੋਂ ਸਹੀ ਹੋ ਰਹੀ ਹੈ, ਪਹਿਲਾਂ ਸਤਿ ਚਿਤ ਆਨੰਦ ਕਹਿ ਕੇ ਉਸ ਨੂੰ ਸ਼ੁਭਤਾ ਦਾ ਕਰਨਹਾਰ ਦੱਸਿਆ ਹੈ, ਤੇ ਸਾਰੇ ਮੰਗਲਾਂ ਦਾ ਮੂਲ ਵਰਣਨ ਕੀਤਾ ਹੈ, ਨਹੀਂ ਤਾਂ ਨਿਰਾ 'ਸਤਿ ਚਿਤ ਆਨੰਦ' ਸ਼ੁਭਤਾ ਤੇ ਅਸ਼ੁਭਤਾ ਦੋਹਾਂ ਦਾ ਕਰਨਹਾਰ ਨਹੀਂ ਤੇ ਨਾਂ ਮੰਗਲ ਅਮੰਗਲ ਦਾ ਮੂਲ ਹੈ, ਪਰੰਤੂ "ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ" ਦੇ ਸਰੂਪ ਵਾਲਾ ਆਪੇ ਨਿਰਗੁਣਤਾ ਆਪੇ ਸਰਗੁਣਤਾ ਦੇ ਰੰਗ ਦੱਸਣ ਵਾਲਾ 'ਸ਼ੁਭਤਾ ਦੇ ਕਰਨੇ ਵਾਲਾ' ਤੇ ਮੰਗਲਾਂ ਦਾ ਮੂਲ ਤੇ ਸ਼ੁਭਤਾ ਦੇ ਕਰਨੇ ਵਾਲਾ ਹੈ, ਅਰ ਜ਼ਰੂਰ ਹੈ।

ਵਾਹਿਗੁਰੂ ਦਾ ਵਜੂਦ 'ਨੇਕੀ ਕੁੱਲ' ਹੈ 'ਸੰਪੂਰਨ ਸ਼ੁਭਤਾ' ਹੈ, ਕਿਉਂਕਿ 'ਸ਼ੁਭਤਾ' ਹੀ ਸੱਤਜ ਵਸਤੂ ਹੈ, ਅਸ਼ੁਭਤਾ ਦਾ ਆਪਣਾ ਵਜੂਦ ਕੋਈ ਨਹੀਂ, ਉਹ ਤਾਂ ਸ਼ੁਭਤਾ ਦੀ ਕਮੀ ਯਾ ਅਣਹੋਂਦ ਦਾ ਨਾਮ ਹੈ, ਸੋ ਇਸ ਵਾਸਤੇ ਕਿ ਉਹ ਸੱਤਿ ਸਰੂਪ ਹੈ, ਉਹ ਸ਼ੁਭਤਾ ਸਰੂਪ ਬੀ ਹੈ ਕਿਉਂਕਿ ਸ਼ੁਭਤਾ ਸੱਤਿ ਵਸਤੂ ਹੈ। ਇਸੇ ਤਰ੍ਹਾਂ ਹੀ ਉਹ ਮੰਗਲ ਮੂਲ ਹੈ। ਅਮੰਗਲ ਉਹ ਹੋ ਹੀ ਨਹੀਂ ਸਕਦਾ, ਕਿਉਂਕਿ ਅਮੰਗਲ ਤਾਂ ਕੇਵਲ ਮੰਗਲ ਦੀ ਅਣਹੋਂਦ ਹੈ, ਤੇ ਉਹ 'ਹੋਂਦ' ਹੈ ਤੇ 'ਮੰਗਲ' ਹੋਂਦ ਹੈ, ਇਸ ਵਾਸਤੇ ਉਹ ਮੰਗਲ ਹੈ, ਸੰਪੂਰਣ ਮੰਗਲ ਰੂਪ ਹੋਣ ਕਰਕੇ ਮੰਗਲ ਮੂਲ ਹੈ। ਯਥਾ: 'ਅਨਦ ਰੂਪ ਮੰਗਲ ਸਦ ਜਾਕੈ ॥' ਤਥਾ: 'ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ' ॥ ਉਸ ਦਾ ਸਰੂਪ ਆਨੰਦ ਹੈ, ਉਸ ਦਾ ਸਰੂਪ ਪ੍ਰਿਯ ਹੈ। ਆਨੰਦ ਤੇ ਪ੍ਰੇਮ ਪੂਰਨ ਰੀਤਿ ਕਰਕੇ ਮੰਗਲ ਰੂਪ ਹਨ, ਆਨੰਦ ਯਾ ਪ੍ਰਿਯ ਪਦ ਮੰਗਲ ਦੇ ਹੀ ਇਕ ਤਰ੍ਹਾਂ ਅਰਥ ਵਾਚੀ ਪਦ ਹਨ, ਇਸ ਕਰਕੇ ਜਿਸ ਦਾ ਸਰੂਪ (ਆਨੰਦ =) ਮੰਗਲ ਹੈ, ਉਹ ਮੰਗਲ ਮੂਲ ਸੁਤੇ ਸਿੱਧ ਹੈ, ਮੰਗਲ ਮੂਲ ਨੇ ਮੰਗਲ ਦਾਨ ਕਰਨਾ ਹੈ, ਸ਼ੁਭਤਾ ਦੇਣੀ ਹੈ।

੨. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਚੰਦ ਅਮੰਦ ਮਨਿੰਦ ਮੁਖ ਸੁਮਤਿ ਕਨਿੰਦ ਬਿਲੰਦ।
ਪਦ ਅਰਵਿੰਦ ਅਨੰਦ ਦਾ ਬੰਦ ਗਿਰਾ ਕਰ ਬੰਦਿ ॥੨॥

ਅਮੰਦ = ਕਲੰਕ ਰਹਤ। ਸ੍ਵੱਛ। ਮਨਿੰਦ = ਵਰਗਾ।
ਕੁਨਿੰਦ = ਕਰਨੇ ਵਾਲੀ [ਫਾ. ਕੁਨਿੰਦਹ] ਗਿਰਾ = ਸਰਸ੍ਵਤੀ।

ਅਰਥ:

(ਜਿਸ) ਗਿਰਾ ਦਾ ਮੂੰਹ ਸ੍ਵੱਛ ਚੰਦਰਮਾਂ ਵਰਗਾ ਹੈ (ਤੇ ਜੋ) ਬੁੱਧੀ ਨੂੰ ਬਹੁਤ ਸ੍ਰੇਸ਼ਟ ਕਰਨੇ ਵਾਲੀ ਹੈ (ਉਸ ਦੇ) ਅਨੰਦ ਦੇਣ ਵਾਲੇ ਚਰਣਾਂ ਕਵਲਾਂ ਤੇ ਹੱਥ ਜੋੜਕੇ (ਮੇਰੀ) ਨਮਸਕਾਰ ਹੋਵੇ।

੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਕਬਿੱਤ:

ਬੰਦਨਾ ਕੋ ਲੇਤਿ ਹੀ, ਅਬੰਦਤਾ ਕੋ ਦੇਤਿ ਜਨ,
ਪ੍ਰੀਤਿ ਲੇਤਿ, ਦੇਤਿ ਹੈਂ ਪ੍ਰਤੀਤ ਸੁਖ ਸੇਤੁ ਹੋਂ।
ਭਾਉ ਉਰ ਲੇਤਿ ਹੀ, ਪ੍ਰਭਾਉ ਬਡੋ ਦੇਤਿ ਆਪਿ,

ਨ੍ਰਿਗੁਨ ਪਦ ਦੇਤਿ, ਜਨ ਗੁਨ ਦੇਖਿ ਲੇਤਿ ਹੈਂ।
ਥੋਰੀ ਜੈਸੀ ਭੇਟ ਲੇਤਿ, ਜਮ ਕੀ ਅਭੇਟ ਦੇਤਿ,
ਸਤਿਗੁਰੂ ਨਾਨਕ ਸੰਤੋਖ ਸਿੰਘ ਚੇਤਿ ਹੈ।
ਹੰਤਾ ਲੇਤਿ ਦਾਸਨਿ ਕੀ, ਅਹੰ ਬ੍ਰਹਮ ਦਤਿ ਉਰ,
ਮਨ ਲੇਤਿ ਚਰਨ ਮੈਂ, ਮੁਕਤਿ ਸੁ ਦੇਤਿ ਹੈਂ ॥੩॥

ਬੰਦਨਾ = ਨਮਸਕਾਰ। ਅਬੰਦਤਾ = ਬੰਧਨ ਰਹਤਤਾ। ਸੁਤੰਤ੍ਰਤਾ।
ਪਾਪਾਂ ਦੇ ਬੰਧਨਾਂ ਤੇ ਉਹਨਾਂ ਦੇ ਫਲ, ਦੁੱਖਾਂ ਦੇ ਬੰਧਨਾਂ ਤੋਂ ਛੁਟਕਾਰਾ ਮੁਰਾਦ ਹੈ।
ਸੁਖ ਸੇਤੁ = ਸੁਖਾਂ ਦੇ ਪੁਲ।
ਭਾਉ = ਸ਼ਰਧਾ, ਭਾਉ ਭਗਤੀ। ਉਰ ਲੇਤਿ = ਦਿਲ ਵਿਚ ਲੈਕੇ ਭਾਵ ਸ੍ਵੀਕਾਰ ਕਰਕੇ (ਅ) ਦਿਲ ਦੀ ਸ਼ਰਧਾ, ਭਗਤੀ।
ਪ੍ਰਭਾਉ = ਪ੍ਰਤਾਪ, ਮਹਿਮਾ। ਮਹਾਤਮ।
ਨ੍ਰਿਗੁਨ = ਗੁਣਾਂ ਤੋਂ ਰਹਤ ਪਦ। ਤਿੰਨਾਂ ਗੁਣਾਂ ਤੋਂ ਉੱਪਰਲਾ ਦਰਜਾ, ਯਥਾਰਥ ਅਵਸਥਾ।
ਹੰਤਾ = ਹੰਕਾਰ, ਦੇਹਿ ਅਭਿਮਾਨ।

ਅਰਥ:

(ਜੋ ਸਤਿਗੁਰ ਜੀ) ਦਾਸਾਂ ਦੀਆਂ ਨਮਸਕਾਰਾਂ ਲੈਕੇ (ਉਹਨਾਂ ਨੂੰ) ਸੁਤੰਤ੍ਰਤਾ (ਦਾ ਦਾਨ) ਦਿੰਦੇ ਹਨ, ਪ੍ਰੇਮ ਲੈਂਦੇ ਹਨ, ਪਰ ਸੁਖਾਂ ਦਾ ਪੁਲ ਰੂਪੀ ਭਰੋਸਾ ਦਾਨ ਕਰਦੇ ਹਨ। ਆਪ (ਸੇਵਕਾਂ ਦੀ) ਦਿਲੀ ਸ਼ਰਧਾ (ਭਗਤੀ) ਸ੍ਵੀਕਾਰ ਕਰਕੇ (ਉਹਨਾਂ ਨੂੰ) ਬਹੁਤ ਪ੍ਰਤਾਪ ਦੇਂਦੇ ਹਨ, (ਅਤੇ ਜਦੋਂ) ਦਾਸਾਂ (ਵਿਚ ਸ਼ੁਭ) ਗੁਣ ਦੇਖ ਲੈਂਦੇ ਹਨ (ਉਨ੍ਹਾਂ ਨੂੰ) ਤ੍ਰਿਗੁਣਾਤੀਤ ਪਦਵੀ ਦਾਨ ਕਰਦੇ ਹਨ, ਥੋੜੀ ਜੈਸੀ ਭੇਟਾ (ਦਾਸਾਂ ਦੀ) ਸ੍ਵੀਕਾਰ ਕਰਕੇ (ਉਨ੍ਹਾਂ ਨੂੰ) ਜਮ ਦੇ ਮਿਲਾਪ ਤੋਂ ਛੁਟਕਾਰਾ ਬਖਸ਼ਦੇ ਹਨ। (ਐਸੇ) ਸ੍ਰੀ ਗੁਰੂ ਨਾਨਕ ਦੇਵ ਜੀ ਨੂੰ (ਭਾਈ) ਸੰਤੋਖ ਸਿੰਘ ਜੀ (ਕਹਿੰਦੇ ਹਨ ਕਿ ਮੈਂ) ਸਿਮਰਦਾ ਹਾਂ, ਜੋ (ਅਪਣੇ) ਦਾਸਾਂ ਦੀ ਹੰਤਾ ਲੈਕੇ (ਉਨ੍ਹਾਂ ਦੇ) ਹਿਰਦੇ ਵਿਖੇ ਅਹੰ ਬ੍ਰਹਮ (ਦਾ ਦਾਨ) ਦੇਂਦੇ ਹਨ (ਤੇ ਉਨ੍ਹਾਂ ਦਾ) ਮਨ (ਅਪਣੇ) ਚਰਨਾਂ ਵਿਚ ਲੈ ਕੇ ਮੁਕਤੀ (ਦਾ ਦਾਨ) ਦਿੰਦੇ ਹਨ।

ਭਾਵ:

ਇਸ ਕਬਿੱਤ ਵਿਚ ਕਵੀ ਜੀ ਨੇ ਸਤਿਗੁਰੂ ਜੀ ਦੇ ਸਾਡੇ 'ਅਵਗੁਣ ਹਰਨ' ਤੇ 'ਗੁਣ ਦਾਨ ਕਰਨ' ਦਾ ਟਾਕਰਾ ਕਰਕੇ ਦਸਦਿਆਂ ਉਨ੍ਹਾਂ ਦੀ ਮਹਾਨਤਾ ਦਰਸਾਈ ਹੈ। ਹਉਮੇਂ ਦਾਸਾਂ ਦੀ ਚੂਰ ਕਰਕੇ ਜੋ ਅਹੰਬ੍ਰਹਮ ਦਾ ਨਿਵਾਸ ਕਿਹਾ ਹੈ ਇਸ ਤੋਂ ਮੁਰਾਦ 'ਅਹੰਬ੍ਰਹਮ' ਦੇ ਸੁੱਕੇ ਦਮਗਜੇ ਮਾਰਨ ਦੀ ਨਹੀਂ, ਬਲਕੇ ਜੋ ਮੁਕਤੀ ਗੁਰੂ ਘਰ ਵਿਚ ਹੈ ਜਿਸ ਵਿਚ ਪ੍ਰੀਤ ਮੁੱਖ ਹੈ ਉਸ ਦੇ ਤ੍ਰੈ ਅੰਗ ਦੱਸੇ ਹਨ-
੧. ਹਉਂ ਦਾ ਦੂਰ ਹੋਣਾ, ੨. ਬ੍ਰਹਮ ਦਾ ਅੰਤਰ ਆਤਮੇ ਅਵਿਰਲ ਮਿਲਾਪ ਹੋਣਾ, ਤੇ ਇਸ ਤੋਂ ਮਗਰੋਂ ੩. ਮਨ ਨੂੰ ਚਰਨਾਂ ਵਿਚ ਲੈਣਾਂ (ਭਾਵ ਪ੍ਰੇਮ) ਹੈ, ਅਰਥਾਤ ਹਉਮੈਂ ਦਾ ਅਭਾਵ, ਪ੍ਰੇਮ ਦੀ ਅਵਧੀ, ਬ੍ਰਹਮ ਤੱਤ ਨਾਲ ਮੇਲ, ਤ੍ਰੈਹਾਂ ਦਾ ਮੇਲ ਜੋ ਮੁਕਤੀ ਹੈ ਸੋ ਦਾਨ ਦਿੰਦੇ ਹਨ। ਗੁਰੂ ਘਰ ਦੀ ਮੁਕਤੀ ਵਾਲਾ ਗਜਾਨੀ ਸ਼ਿਲਾ ਤੁੱਲ ਅਕ੍ਰੈ ਨਹੀਂ ਹੋ ਢੈਂਦਾ। ਉਹ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦੇ ਰੰਗ ਵਿਚ 'ਕਰਮ ਕਰਤ ਹੋਵੈ ਨਿਹ ਕਰਮ' ਹੁੰਦਾ ਹੈ। ਉਸ ਦੀ ਬ੍ਰਿਤੀ ਵਿਚ ਨਾਮ ਯਾ ਇਉਂ ਕਹੋ, ਕਿ ਬ੍ਰਹਮ ਅਰੂੜ ਰਹਿੰਦਾ ਹੈ, ਉਸ ਦੇ ਇੰਦ੍ਰੇ ਤਕ ਬ੍ਰਹਮਾਕਾਰ ਰਹਿੰਦੇ ਹਨ। ਉਸ ਦੇ ਵਚਨ ਤੇ ਕਰਮ ਸੁਖ ਤੇ ਧਰਮ ਦੇ ਮੇਘ ਹੋਕੇ ਵਸਦੇ ਹਨ। ਖਿੜੇ ਗੁਲਾਬ ਹਾਰ ਸੁਗੰਧੀ ਦਾਤਾ ਹੁੰਦੇ ਹਨ।

੪. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਦੋਹਰਾ:

ਅਜਰ ਜਰਨ ਧੀਰਜ ਧਰਨ, ਦੇਤਿ ਸ਼ਰਨ ਜਨ ਦਾਨ॥
ਸ਼੍ਰੀ ਅੰਗਦ ਸੁਖ ਕਰਨ ਕੋ, ਨਮਸਕਾਰ ਗੁਨ ਖਾਨ ॥੪॥
ਅਜਰ ਜਰਨ = ਆਤਮ ਸੱਤਜਾ ਜੋ ਆਪਣੇ ਅੰਦਰ ਜਰ ਲੈਣੀ ਕਠਨ ਹੈ ਉਸ ਨੂੰ ਜਰ ਲੈਣ ਵਾਲੇ।

ਅਰਥ:

ਸ਼੍ਰੀ (ਗੁਰੂ) ਅੰਗਦ ਦੇਵ ਜੀ ਜੋ ਸੁਖਾਂ ਦੇ ਕਰਨ ਹਾਰੇ ਹਨ, ਗੁਣਾਂ ਦੀ ਖਾਨ ਹਨ, ਅਜਰ ਨੂੰ ਜਰ ਲੈਣ ਵਾਲੇ ਹਨ, ਧਰਤੀ (ਵਤ) ਧੀਰਜ (ਧਾਰਨ ਵਾਲੇ ਹਨ ਤੇ ਅਪਣੇ) ਦਾਸਾਂ ਨੂੰ ਸ਼ਰਨ ਦਾਨ ਕਰਦੇ ਹਨ (ਉਨ੍ਹਾਂ) ਨੂੰ (ਮੇਰੀ) ਨਮਸਕਾਰ ਹੋਵੇ।

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

ਅਤਿ ਉਦਾਰ ਬਖ਼ਸ਼ਤਿ ਪ੍ਰਭੂ ਦੋਨਹੁਂ ਲੋਕ ਅਨੰਦ॥
ਅਮਰਦਾਸ ਸ਼੍ਰੀ ਸਤਿਗੁਰੂ ਬੰਦੌਂ ਜੁਗ ਕਰ ਬੰਦਿ ॥੫॥

ਅਰਥ:

ਸ਼੍ਰੀ ਸਤਿਗੁਰੂ (ਗੁਰੂ) ਅਮਰਦਾਸ ਪ੍ਰਭੂ ਜੀ ਨੂੰ ਮੈਂ ਦੋਵੇਂ ਹੱਥ ਜੋੜਕੇ ਨਮਸਕਾਰ ਕਰਦਾ ਹਾਂ ਜੋ ਬੜੇ ਉਦਾਰ ਹਨ, ਦੋਹਾਂ ਲੋਕਾਂ (ਲੋਕ ਪ੍ਰਲੋਕ) ਵਿਚ ਅਨੰਦ ਬਖਸ਼ਣੇ ਵਾਲੇ ਹਨ।

ਭਾਵ:

ਉਦਾਰ ਤੇ ਬਖਸ਼ਿੰਦ ਕਹਿਣ ਤੋਂ ਕਵੀ ਜੀ ਦਾ ਇਸ਼ਾਰਾ ਆਪ ਦੇ ਨਾਮ ਦਾਨ ਦੀ ਦੇਗ ਅਮਿੱਤ ਚਲਾ ਦੇਣ ਤੋਂ ਤੇ ੨੨, ੫੨, ੭੨ ਵਜਕਤੀਆਂ ਐਸੀਆਂ ਪੈਦਾ ਕਰ ਦੇਣ ਤੋਂ ਹੈ ਜੋ ਕਿ ਗੁਰਮੁਖ ਪਦ ਤੇ ਅਰੂੜ੍ਹ ਹੋਕੇ ਨਾਮ ਦਾਨ ਦੇਣ ਵਾਲੇ ਸਤਪੁਰਖ ਹੋਏ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ ਦਾ-ਮੰਗਲ।

ਤ੍ਰਾਸ ਬਿਨਾਸ਼ਿ ਉਪਾਸ਼ਕਨਿ, ਪੁਰਹਿਂ ਆਸ ਗਨ ਦਾਸ॥
ਰਾਮਦਾਸ ਸੁਖਰਾਸ ਕੋ, ਨਮੋ ਹੁਲਾਸ ਪ੍ਰਕਾਸ਼ ॥੬॥
ਉਪਾਸ਼ਕ = ਸੇਵਕ, ਦਾਸ, ਸਿੱਖ। ਉਪਾਸ਼ਕ ਦਾ ਬਹੁ ਵਚਨ 'ਉਪਾਸ਼ਕਨਿ' (ਅ) ਉਪਾਸ਼ਕਾਂ ਦੇ।

ਅਰਥ:

(ਮੈਂ, ਸ਼੍ਰੀ ਸਤਿਗੁਰੂ) ਸੁਖਾਂ ਦੀ ਰਾਸ (ਗੁਰੂ) ਰਾਮਦਾਸ ਜੀ ਨੂੰ, (ਜੋ ਸਦਾ) ਹੁਲਾਸ ਦੇ ਪ੍ਰਕਾਸ਼ ਕਰਨ ਵਾਲੇ ਹਨ, ਨਮਸਕਾਰ ਕਰਦਾ ਹਾਂ (ਕਿਉਂ ਜੋ ਆਪ ਅਪਣੇ ਉਪਾਸ਼ਕਾਂ ਦੇ ਭੈ ਦੂਰ ਕਰਦੇ ਹਨ ਤੇ ਸਾਰੇ ਦਾਸਾਂ ਦੀਆਂ ਆਸਾਂ ਪੂਰਨ ਕਰਦੇ ਹਨ।)

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਸ਼੍ਰੀ ਅਰਜਨ ਸਿਰਜਨ ਅਨੰਦ ਤਰਜਨ ਜਨਨ ਬਿਕਾਰ॥
ਬਰਜਨ ਦੁਰਜਨ ਤੇਜ ਕੋ, ਤਿਨ ਪਗ ਰਜ ਸਿਰ ਧਾਰਿ ॥੭॥
ਸਿਰਜਨ ਅਨੰਦ = ਅਨੰਦ ਦੇ ਬਨਾਵਣ ਵਾਲੇ, ਭਾਵ ਸੁਖਾਂ ਦੇ ਦਾਤੇ।
ਤਰਜਨ = ਤਾੜਨ ਵਾਲੇ ਭਾਵ ਦੂਰ ਕਰਨ ਵਾਲੇ।
ਬਰਜਨ = ਰੋਕਣ ਵਾਲੇ। ਦੁਰਜਨ = ਖੋਟੇ ਲੋਕ। ਵੈਰੀ।
ਪਗ ਰਜ = ਚਰਣਾਂ ਦੀ ਧੂੜੀ।

ਅਰਥ:

ਸ਼੍ਰੀ (ਸਤਿਗੁਰੂ ਗੁਰੂ) ਅਰਜਨ ਦੇਵ ਜੀ ਅਨੰਦ ਦੇ ਸਿਰਜਣ ਵਾਲੇ ਹਨ, ਦਾਸਾਂ ਦੇ ਵਿਕਾਰਾਂ ਨੂੰ ਤਾੜਨ ਵਾਲੇ ਹਨ, ਤੇ ਖੋਟੇ ਲੋਕਾਂ ਦੇ ਤੇਜ ਨੂੰ ਰੋਕਣ ਵਾਲੇ ਹਨ, ਤਿਨ੍ਹਾਂ ਦੇ ਚਰਣਾਂ (ਕਵਲਾਂ) ਦੀ ਧੂੜੀ (ਨੂੰ ਮੈਂ) ਸਿਰ ਤੇ ਧਰਦਾ ਹਾਂ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਵਿੰਦ ਜੀ ਦਾ-ਮੰਗਲ।

ਕਬਿੱਤ:

ਬੋਧ ਮਹਿਂ ਬਿਦੇਹ, ਜੁੱਧ ਕ੍ਰੁੱਧ ਮੱਧ ਰਾਮਚੰਦ,
ਸਿੱਖ ਤਾਰਿਬੇ ਕੋ ਭਵ ਸਿੰਧੁ ਤੇ ਜਹਾਜ ਹੈਂ।
ਕਰੁਣਾ ਨਿਧਾਨ ਤੇ ਬਿਸ਼ਨੁ ਪਰਮਾਨ ਮਨ,
ਕੀਰਤਿ ਪ੍ਰਕਾਸ਼ਬੇ ਕੋ ਸੋਈ ਦਿਜਰਾਜ ਹੈਂ।
ਪ੍ਰਗਟ ਪ੍ਰਤਾਪ ਮੈਂ ਪ੍ਰਚੰਡ ਮਾਰਤੰਡ ਬਡੇ,
ਸ਼ੋਭਾ ਸਭਿ ਲੈਬੇ ਕਉ ਸੁਹਾਇਂ ਸੁਰਰਾਜ ਹੈਂ।
ਧੀਰਜ ਧਰਨ ਕੋ ਧਰਨਿ ਰੁਪ ਬੀਰ ਬਰ,
ਸ਼੍ਰੀ ਹਰਿਗੁਵਿੰਦ ਸੁਖਕੰਦ ਹ੍ਵੈ ਬਿਰਾਜ ਹੈਂ ॥੮॥

ਬੋਧ = ਗਿਆਨ।
ਬਿਦੇਹ = ਜੋ ਸਰੀਰ ਧਾਰੀ ਨਾਂ ਹੋਵੇ, ਜੈਸੇ ਈਸ਼੍ਵਰ। (ਅ) ਵਿਦੇਹ = ਪੁਰਾਤਨ ਮਿਥੁਲਾ ਦਾ ਨਾਮ ਹੈ ਜਿਸ ਨੂੰ ਅੱਜ ਕਲ ਤਿਰਹੁਤ ਆਖਦੇ ਹਨ, ਇਥੋਂ ਦੇ ਰਾਜੇ ਨੂੰ ਬੀ ਵਿਦੇਹ ਕਹਿ ਲੈਂਦੇ ਹਨ। ਵਿਸ਼ੇਸ਼ ਕਰਕੇ ਜਨਕ ਨੂੰ। ਜਨਕ ਗਿਆਨੀ ਸੀ, ਸੋ ਗਿਆਨੀ ਅਰਥ ਲਾਉਂਦੇ ਹਨ।
ਭਵ ਸਿੰਧੁ = ਸੰਸਾਰ ਸਮੁੰਦਰ।
ਦਿਜਰਾਜ = ਚੰਦ੍ਰਮਾਂ, ਬ੍ਰਹਮਨ, ਬ੍ਰਹਮਾਂ, ਬ੍ਰਿਹਸਪਤਿ ਆਦਿ।
ਮਾਰਤੰਡ = ਸੂਰਜ। ਸੁਰਰਾਜ = ਇੰਦ੍ਰ।

ਅਰਥ:

(ਜੋ ਗੁਰੂ ਜੀ) ਗਿਆਨ ਵਿਚ ਵਿਦੇਹ (ਹਨ,) ਜੁੱਧ (ਵਿਚ ਤੇ) ਕ੍ਰੋਧ (ਦੇ ਸਾਹਮਣੇ) ਰਾਮਚੰਦ ਵਤ ਹਨ, ਸਿਖਾਂ ਨੂੰ ਸੰਸਾਰ ਸਾਗਰ ਤੋਂ ਤਾਰਣ ਲਈ ਜਹਾਜ (ਵਤ) ਹਨ। ਕ੍ਰਿਪਾ ਦੇ ਖਜ਼ਾਨੇ (ਹੋਣ ਕਰਕੇ) ਵਿਸ਼ਨੂੰ ਵਤ ਮਨ (ਰਖਦੇ ਹਨ, ਵਾਹਿਗੁਰੂ ਜੀ ਦੀ) ਸਿਫਤ ਸਲਾਹ ਦੇ ਪ੍ਰਕਾਸ਼ਣ ਵਿਚ ਉਹੀ ਚੰਦ੍ਰਮਾ ਵਤ ਹਨ, ਪ੍ਰਤਾਪ ਤੇ ਪ੍ਰਕਾਸ਼ ਵਿਚ ਜੋ ਤੇਜਵਾਨ ਸੂਰਜ ਵਾਂਙੂ ਵਡੇ ਹਨ (ਤੇ) ਸਾਰੀਆਂ ਸ਼ੋਭਾ ਲੈਣ ਵਿਚ (ਜੋ) ਇੰਦ੍ਰ ਵਾਂਙੂ ਸੁਹਾ ਰਹੇ ਹਨ (ਅਤੇ) ਧਰੀਜ ਧਾਰਨ ਵਿਚ ਜੋ ਧਰਤੀ ਰੂਪ ਹਨ ਓਹ ਸ੍ਰੇਸ਼ਟ ਬੀਰ ਸ਼੍ਰੀ ਗੁਰੂ ਹਰਿ ਗੋਵਿੰਦ ਜੀ ਸੁਖਾਂ ਦੇ ਮੇਘ ਹੋਕੇ ਬਿਰਾਜ ਰਹੇ ਹਨ (ਸੋ ਮੇਰੇ ਤੇ ਬੀ ਕ੍ਰਿਪਾਲੂ ਹੋਣ)।

ਭਾਵ:

ਗਜ਼ਾਨ, ਯੁੱਧ, ਮੁਕਤੀ ਦਾਤਾ, ਸ਼ਕਤੀ, ਕ੍ਰਿਪਾ, ਕੀਰਤੀ, ਪ੍ਰਤਾਪ, ਤੇਜ, ਸ਼ੋਭਾ, ਧੀਰਜ, ਇਨ੍ਹਾਂ ਗੁਣਾਂ ਵਿਚ ਸਤਿਗੁਰਾਂ ਨੂੰ ਪ੍ਰਸਿੱਧ ਗੁਣ ਧਾਰੀਆਂ ਨਾਲ ਸ਼ੋਭਾ ਦਿੱਤੀ ਹੈ। ਜ਼ਾਹਰਾ ਜਾਪਦਾ ਹੈ ਕਿ ਆਪ 'ਗੁਰ ਅਵਤਾਰ' ਹਨ, ਉਪਮਾ ਆਪ ਤੋਂ ਛੋਟਿਆਂ ਨਾਲ ਦੇਣ ਵਿਚ ਕਵੀ ਜੀ ਨੇ ਉਕਾਈ ਕੀਤੀ ਹੈ, ਪਰ ਇਹ ਗੱਲ ਨਹੀਂ, ਕਵੀ ਜੀ ਇਕ ਇਕ ਗੁਣਧਾਰੀ ਦੀ ਇਕ ਇਕ ਉਪਮਾ ਦੇਕੇ ਸ਼੍ਰੀ ਗੁਰੂ ਜੀ ਨੂੰ 'ਸਰਬ ਗੁਣ ਨਿਧਾਨ' ਕਥਨ ਕਰ ਰਹੇ ਹਨ। ਸਾਰੇ ਗੁਣਾਂ ਦਾ ਇਕ ਵਜਕਤੀ ਵਿਚ ਇਕੱਠਿਆਂ ਹੋਣਾ ਜੋ ਦਰਸਾਇਆ ਹੈ ਇਹ ਸਾਰੇ ਉਪਮਾਨਾਂ ਤੋਂ ਉਨ੍ਹਾਂ ਦੀ ਅਧਿਕਤਾ ਦਰਸਾਈ ਹੈ।

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ-ਮੰਗਲ।

ਸੈਯਾ:

ਦੇਵ ਤਰੋਵਰ ਹੈ ਨ ਇਹੈ, ਹਰਿਰਾਇ ਗੁਰੂ ਕਰਿ ਦੇਵ ਤਰੋਵਰ।
ਸੋ ਸੁਰ ਧੇਨੁ ਨਹੀ ਮਨ ਜਾਨਿਯੇ, ਸੇਵ ਗੁਰੂ ਸੁਰ ਧੇਨੁ ਲਹੈ ਨਰ।
ਹੈ ਨ ਚਿੰਤਾਮਣਿ ਬੂਝ ਜਿ ਦੇਖਿਯੇ, ਸ਼੍ਰੀ ਗੁਰੁ ਕੇ ਨਖ ਚਿੰਤਮਣੀ ਬਰ।
ਸੋ ਨ ਸੁਧਾ ਮਧੁਰਾਇ ਕੋ ਧਾਰਤਿ, ਗਜਾਨ ਗਿਰਾ ਗੁਰ ਕੀ ਮੁਧਰੀਤਰ ॥੯॥

ਦੇਵ ਤਰੋਵਰ = ਕਲਪ ਬ੍ਰਿੱਛ।
ਕਰਿ = ਕਰ ਦੇਂਦੇ ਹਨ, ਬਣਾ ਦੇਂਦੇ ਹਨ (ਅ) ਕਰ-ਹਥ।
ਸੁਰ ਧੇਨੁ = ਕਾਮਧੇਨੁ। ਲਹੈ-ਲੈ ਲੈਂਦਾ ਹੈ। (ਅ) ਲਹੈਂ-ਸਮਝਦੇ ਹਨ।
ਚਿੰਤਾਮਣਿ = ਇਕ ਮਣੀ, ਜਿਸ ਤੋਂ ਚਿੰਤਨ ਕੀਤਾ ਪ੍ਰਾਪਤਿ ਹੋਵੈ।
ਸੁਧਾ = ਅੰਮ੍ਰਿਤ।
ਮਧੁਰੀ ਤਰ = ਅਤਿਸ਼ੇ ਕਰਕੇ ਮਿੱਠੀ। ਮਧੁਰੀ ਤੋਂ ਮੁਰਾਦ ਹੈ ਅੰਮ੍ਰਿਤ ਤੋਂ ਵਿਸ਼ੇਸ਼।

ਅਰਥ:

(ਇਹ) ਕਲਪ ਬ੍ਰਿੱਛ ਨਹੀਂ ਹੈ (ਜੋ ਸੁਰਗਾਂ ਵਿਚ ਸੁਣੀਦਾ ਹੈ, ਸਗੋਂ) ਇਹੋ ਗੁਰੂ ਹਰਿਰਾਇ ਜੀ ਹਨ ਜੋ (ਇਥੇ ਹੀ) ਕਲਪ ਬ੍ਰਿੱਛ ਬਣਾ ਦੇਂਦੇ ਹਨ। ਉਹ ਕਾਮਧੇਨੁ ਨਹੀਂ ਹੈ (ਜੋ ਸੁਰਗਾਂ ਵਿਚ) ਮਨ ਵਿਚ ਸਮਝ ਲਓ (ਕਿ ਸੁਣੀਦੀ ਹੈ, ਸਗੋਂ ਗੁਰੂ ਹਰਿਰਾਇ ਜੀ ਨੂੰ) ਸੇਵ ਕੇ ਮਾਨੁਖ (ਅਸਲੀ) ਕਾਮਧੇਨੁ ਲੈ ਲੈਂਦਾ ਹੈ। ਚਿੰਤਾਮਣੀ ਕੋਈ (ਸ਼ੈ) ਹੈ ਨਹੀਂ, ਪੁੱਛਕੇ ਭਾਵੇਂ ਦੇਖ ਲਈਏ, ਗੁਰੁ ਜੀ ਦੇ ਸ੍ਰੇਸ਼ਟ ਨਹੁੰ ਹੀ (ਅਸਲ) ਚਿੰਤਾਮਣੀ ਹਨ। ਉਹ ਅੰਮ੍ਰਿਤ ਨਹੀਂ ਹੈ ਜੋ (ਸੁਾਦ ਵਿਚ) ਮਿਠਾਸ ਧਾਰਨ ਕਰ ਰਿਹਾ ਹੈ, ਪਰੰਤੂ ਗਿਆਨ (ਰਸ ਨਾਲ ਭਰੀ) ਗੁਰੂ ਜੀ ਦੀ ਬਾਣੀ ਵਧੀਕ ਮਿੱਠੀ ਹੈ।

ਹੋਰ ਅਰਥ:

੧. ਗੁਰੂ ਹਰਿ ਰਾਇ ਜੀ ਦੇ (ਕਰ =) ਹੱਥ ਹੀ ਕਲਪ ਬ੍ਰਿੱਛ ਹਨ। ੨. ਨਰ (ਉੱਤਮ ਲੋਕ) ਗੁਰੂ (ਹਰਿ ਰਾਇ ਜੀ ਦੀ) ਸੇਵਾ ਨੂੰ ਹੀ ਕਾਮਧੇਨੁ (ਲਹੈਂ) ਸਮਝਦੇ ਹਨ।

ਭਾਵ:

ਸ਼੍ਰੀ ਗੁਰੂ ਜੀ ਨੇ ਜੋ ਅਨੇਕਾਂ ਬਖਸ਼ਿਸ਼ਾਂ ਕਰਕੇ ਗੁਰਮੁਖ ਪੈਦਾ ਕੀਤੇ ਜਿਨ੍ਹਾਂ ਨੇ ਸਤਿਨਾਮ ਦੀ ਦੋਹੀ ਫੇਰਕੇ ਜਗਤ ਬਚਾਇਆ, ਉਨ੍ਹਾਂ ਵੱਲ ਸੈਨਤ ਕਰਕੇ ਦੱਸਦੇ ਹਨ ਕਿ ਓਹ ਜਗਤ ਨੂੰ ਸੁਖ ਦੇਣ ਹਾਰੇ ਕਲਪ ਬ੍ਰਿੱਛ ਸਤਿਗੁਰਾਂ ਨੇ ਰਚੇ।

ਦੂਸਰੀ ਤੁਕ ਵਿਚ ਸਤਿਗੁਰਾਂ ਦੀਆਂ ਰਾਜਸੀ ਬਰਕਤਾਂ ਵੱਲ ਸੈਨਤ ਹੈ ਕਿ ਸੇਵਕਾਂ ਨੂੰ ਰਾਜੇ; ਜਾਗੀਰਦਾਰ ਬਣਾ ਦਿੱਤਾ, ਸੋ ਕਾਮਧੇਨੁ ਤੁੱਲ ਸੰਸਾਰਕ ਸੁਖਾਂ ਦੇ ਦਾਤੇ ਬਣੇ।

ਤੀਸਰੀ ਵਿਚ ਛੁਹ ਮਾਤ੍ਰ ਨਾਲ ਜੀਅ ਦਾਨ ਦੇਕੇ ਜੋ ਅਨੰਤ ਸਿਖ ਤਾਰੇ ਉਨ੍ਹਾਂ ਦੀ ਚੇਤਨਤਾ ਵਿਚ ਨਾਮ ਚਿੰਤਨ ਦਾ ਪਰਵੇਸ਼ ਹੋਕੇ ਰਾਮ ਰਸ ਪ੍ਰਾਪਤ ਹੋਣ ਦਾ ਭਾਵ ਕਹਿ ਰਹੇ ਹਨ।

ਚੌਥੀ ਤੁਕ ਸਤਿਗੁਰੂ ਜੀ ਦੀ ਵਾਕ ਸੱਤਜਾ ਤੇ ਵਾਕ ਦੀ ਮਧੁਰਤਾ ਦਾ ਪਤਾ ਦੇ ਰਹੀ ਹੈ ਕਿ ਜਿਸ ਦੀ ਮਿਠਾਸ ਅੰਮ੍ਰਿਤ ਤੋਂ ਵੱਧ ਸੀ ਤੇ ਜਿਸ ਦੀ ਸੱਤਜਾ ਨਾਮ ਤੇ 'ਗਜਾਨ' ਦਾਨ ਕਰਨ ਵਿਚ ਪੂਰਨ ਸੀ।

ਜੇ ਦੂਸਰੇ ਅਰਥਾਂ ਵੱਲ ਤੱਕੀਏ ਜਾਂ ਗੁਰੂ ਜੀ ਦੇ ਹੱਥ ਕਲਪ ਬ੍ਰਿੱਛ, ਉਨ੍ਹਾਂ ਦੀ ਸੇਵ ਕਾਮਧੇਨੁ, ਉਨ੍ਹਾਂ ਦੇ ਨਖ਼ ਚਿੰਤਾਮਣੀ ਤੇ ਉਨ੍ਹਾਂ ਦੀ ਬਾਣੀ ਨੂੰ ਅੰਮ੍ਰਿਤ ਤੋਂ ਸ੍ਰੇਸ਼ਟ ਦੱਸਿਆ ਹੈ।

੧੦. ਇਸ੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

ਦੋਹਰਾ:

ਲਾਲ ਮ੍ਰਿਦੁਲ ਸੁੰਦਰ ਜੁਗਲ, ਕਮਲ ਲਲਿਤ ਅਲਪਾਇ॥

ਚਰਨ ਗੁਰੂ ਹਰਿਕ੍ਰਿਸ਼ਨ ਕੇ, ਅਲਿ ਮਨ ਮਿਲਿ ਸੁਖਪਾਇ ॥੧੦॥

ਲਲਿਤ = ਸੁੰਦਰਤਾਈ, ਮਨਮੋਹਿਣੇ।

ਅਲਪਾਇ = ਤੁੱਛ ਹੋ ਰਹੀ ਹੈ, ਘਟਦੀ ਹੈ, ਨੀਵੀਂ ਪੈਂਦੀ ਹੈ, ਭਾਵ ਮਾਤ ਹੁੰਦੀ ਹੈ। ਜੇ ਪਾਠ-ਅਲਿਪਾਇ-ਹੋਵੇ ਤਾਂ ਅਰਥ ਲਗੇਗਾ-ਨਿਰਲੇਪ, ਅਸੰਗ।

ਅਲਿ-ਭੌਰੇ।

ਅਰਥ:

ਸ਼੍ਰੀ ਸਤਿਗੁਰੁ ਹਰਿ ਕ੍ਰਿਸ਼ਨ ਜੀ ਦੇ ਦੋਵੇਂ ਸੁਹਣੇ ਚਰਣ (ਐਸੇ) ਲਾਲ ਤੇ ਕੋਮਲ ਹਨ ਕਿ ਕਮਲ ਦੀ ਸੁੰਦਰਤਾਈ (ਉਨ੍ਹਾਂ ਅਗੇ) ਨੀਵੀਂ ਪੈਂਦੀ ਹੈ, (ਐਸੇ ਚਰਣਾਂ ਨੂੰ) ਮਿਲਕੇ (ਸਿੱਖਾਂ ਰੂਪੀ) ਭੌਰਿਆਂ ਦਾ ਮਨ ਸੁਖ ਨੂੰ ਪ੍ਰਾਪਤ ਹੁੰਦਾ ਹੈ।

ਹੋਰ ਅਰਥ:

ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦੋਵੇਂ ਚਰਣ ਲਾਲ ਹਨ, ਕੋਮਲ ਹਨ, ਕਮਲ ਵਤ ਮਨਮੋਹਣੇ ਹਨ, (ਸਿੱਖ ਰੂਪੀ) ਭੌਰੇ ਮਨ ਇਨ੍ਹਾਂ ਨੂੰ ਮਿਲਕੇ (ਸੰਸਾਰ ਤੋਂ ਅਲਿਪਾਇ =) ਅਸੰਗ ਹੋ ਜਾਂਦੇ ਤੇ (ਪਰਮਾਰਥ ਦਾ) ਸੁਖ ਪ੍ਰਾਪਤ ਕਰਦੇ ਹਨ। (ਅ) ਉਪਰਲੇ ਅਰਥ ਵਿਚ-ਅਲਿਪਾਇ-ਦਾ ਅਰਥ ਚਰਨਾਂ ਨਾਲ ਹੀ ਲਾਉਣਾ ਕਿ ਚਰਣ ਹੀ ਕਮਲ ਵਤ ਸੰਸਾਰ ਦੇ ਪਦਾਰਥਾਂ ਤੋਂ ਅਲੇਪ ਹਨ।

੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ-ਮੰਗਲ।

ਚਾਦਰ ਭੇ ਹਿੰਦੁਵਾਨ ਕੀ ਬਾਦਰ ਅਨੰਦ ਉਦੋਤਿ।

ਤੇਗ ਬਹਾਦਰ ਗੁਰ ਨਮੋ ਸਿਮਰੇ ਹਾਦਰ ਹੋਤਿ ॥੧੧॥

ਬਾਦਰ = ਬੱਦਲ। ਉਦੋਤਿ = ਉਤਪਤਿ ਕਰਨ ਵਾਲੇ।

ਅਰਥ:

ਸ਼੍ਰੀ ਸਤਿਗੁਰੂ ਤੇਗ ਬਹਾਦਰ ਜੀ ਹਿੰਦੂਆਂ ਲਈ (ਔਰੰਗਜ਼ੇਬੀ ਜ਼ੁਲਮ ਦੀ ਧੁੱਪ ਤੋਂ ਰਖਜਾ ਕਰਨ ਵਾਲੇ) ਚਾਦਰ (ਸਮਾਨ) ਹੋਏ ਤੇ ਆਨੰਦ ਦੇ ਬੱਦਲ ਨੂੰ (ਉਨ੍ਹਾਂ) ਪ੍ਰਗਟ ਕਰ ਦਿਤਾ, (ਉਹਨਾਂ ਨੂੰ ਜਿੱਥੇ ਕੋਈ) ਯਾਦ ਕਰੇ ਹਾਜ਼ਰ ਹੁੰਦੇ ਹਨ (ਮੇਰੀ ਉਹਨਾਂ ਨੂੰ) ਨਮਸਕਾਰ ਹੋਵੇ।

ਭਾਵ:

ਔਰੰਗਜ਼ੇਬੀ ਜ਼ੁਲਮ ਦਾ ਸੂਰਜ ਹਿੰਦੂਆਂ ਨੂੰ ਸਾੜ ਭੁੰਨ ਰਿਹਾ ਸੀ, ਉਸ ਦੀ ਧੁੱਪ ਤੇ ਹਿੰਦੂਆਂ ਦੇ ਵਿਚਕਾਰ ਚਾਦਰ ਸਮਾਨ ਆਪ ਆਏ ਤੇ ਸਿਰ ਦੇਕੇ ਔਰੰਗੇ ਦੇ ਤੇਜ ਨੂੰ ਹਰਿਆ, ਤੇ ਅਨੰਦ ਦੇ ਬਦਲ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਸੀਸ ਦੇਣ ਮਗਰੋਂ ਹੋਰ ਠੰਢ ਵਰਤਾਉਣ ਲਈ ਜਗਤ ਵਿਚ ਛੋੜ ਗਏ। ਇਹ ਭਾਵ ਬੀ ਸਿਆਣੇ ਲੈਂਦੇ ਹਨ ਕਿ ਹਿੰਦੂਆਂ ਦੀਆਂ ਬਹੁ ਬੇਟੀਆਂ ਦੀ ਪਰਦਾ ਦਰੀ, ਧਰਮ ਚਿੰਨ੍ਹ ਤੇ ਮੰਦਰਾਂ ਦਾ ਨਾਸ਼ ਆਦਿ ਨੰਗੇਜ ਢੱਕਣ ਲਈ ਗੁਰੂ ਜੀ ਪਰਦੇ ਵਤ ਉਹਨਾਂ ਦੇ ਸਹਾਈ ਹੋਏ।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

ਕਬਿੱਤ:

ਭ੍ਰਿਗੁਨੰਦ ਦਾਨ ਦੀਨਿ ਤਾਂਹੀ ਕੇ ਅੱਛਤ ਛੀਨਿ,
ਜਾਚਤਿ ਫਿਰਤਿ ਦੀਨ ਦਿੱਜਨ ਕੋ ਗੋਤ ਹੈ।
ਰਾਮਚੰਦ ਅਨੰਦ ਸੰਦੋਹ ਅਸੁਮੇਧ ਵਿਖੈ
ਪਾਯੋ ਦਾਨ, ਖਾਯੋ ਪੂਤ ਪੋਤੇ ਨਾਤੀ ਪੋਤ ਹੈ।
ਪੰਡ ਪੂਤ, ਸੂਰ ਸੁਤ, ਆਦਿ ਜੋ ਸੰਤੋਖ ਸਿੰਘ

ਦੀਨਿ ਜਿਨ ਦਾਨ ਪੁਨ ਛੀਨਤਾ ਉਦੋਤਿ ਹੈ।
ਸ਼੍ਰੀ ਗੁਬਿੰਦ ਸਿੰਘ ਮਹਾਂ ਦਾਨ ਦੀਨੋ ਕੋ ਨ ਸਮ
ਦਿਨ ਦਿਨ ਦੂਨੋ ਦੂਨੋ ਚੌਨੌ ਚੌਨੌ ਹੋਤਹੈ† ॥੧੨ ॥

†ਇਹ ਛੰਦ ਅੱਗੇ ਰੁਤ ੫ ਅੰਸੂ ੫੧ ਦੇ ਅੰਕ ੧੭ ਵਿਚ ਬੀ ਆਵੇਗਾ।

ਭ੍ਰਿਗਨੰਦ = ਪਰਸਰਾਮ। ਅੱਛਤ = ਹੁੰਦਿਆਂ।
ਅਨੰਦ ਸੰਦੋਹ = ਅਨੰਦ ਦਾ ਪੁੰਜ। (ਆਨੰਦ ਸੰਦੋਹ)।
ਨਾਤੀ ਪੋਤ = ਪੋਤ੍ਰਿਆਂ ਦੇ ਪ੍ਰੋਤੇ, ਪੜਪੋਤ੍ਰੇ। ਪੰਡਪੂਤ = ਯੁਧਿਸ਼ਟਰ।
ਸੂਰਸੁਤ = ਕਰਣ। ਯਮ, ਸ਼ਨਿਸਚਰ, ਵਰੁਣ, ਅੱਸ੍ਵਨੀ ਕੁਮਾਰ, ਸੁਗ੍ਰੀਵ ਆਦਿਕ ਬੀ ਅਰਥ ਹਨ, ਪਰੰਤੂ ਦਾਨ ਦਾ ਪ੍ਰਕਰਣ ਚਲਿਆ ਹੋਣ ਕਰਕੇ ਇਥੇ 'ਕਰਣ' ਅਰਥ ਦਾ ਹੀ ਗ੍ਰਹਣ ਹੈ।
ਦੂਨੋ ਦੂਨੋ ਚੌਨੌ ਚੌਨੌ-ਦੂਣੇ ਦਾ ਦੂਣਾ = ਚੌਗੁਣਾਂ, ਤੇ ਚੌਗੁਣੇ ਦਾ ਚੌਗੁਣਾਂ ਸੋਲਾਂ ਗੁਣਾਂ, ਤੇ ਫੇਰ ਸੋਲਾਂ ਗੁਣੇ ਦਾ ਚੌਗੁਣਾ-ਚੌਸਠ ਗੁਣਾ, ਭਾਵ ਦਿਨੋਂ ਦਿਨ ਵਾਧੇ ਵਿਚ ਹੈ। (ਅ) ਚੌਸਠ ਵਿੱਦਯਾ ਦਾ ਦਾਨ ਦਿੱਤਾ।

ਅਰਥ:

ਪਰਸਰਾਮ ਨੇ (ਪ੍ਰਿਥਵੀ ਦਾ) ਦਾਨ (ਬ੍ਰਾਹਮਣਾਂ ਨੂੰ) ਦਿੱਤਾ (ਜੋ) ਉਸਦੇ ਹੁੰਦਿਆਂ (ਹੀ ਉਨ੍ਹਾਂ ਤੋਂ) ਖੁਸ ਗਿਆ (ਤੇ ਹੁਣ ਤਾਈਂ ਉਨ੍ਹਾਂ) ਬ੍ਰਾਹਮਣਾਂ ਦੀ ਜਾਤੀ ਦੀਨ ਹੋ ਕੇ ਮੰਗਦੀ ਫਿਰਦੀ ਹੈ। (ਫੇਰ) ਅਨੰਦ ਦੇ ਪੁੰਜ ਰਾਮਚੰਦਰ ਜੀ ਤੋਂ ਅਸੁਮੇਧ ਜੱਗ ਵਿਖੇ (ਬ੍ਰਾਹਮਣਾਂ ਨੇ ਜੋ) ਦਾਨ ਪਾਇਆ, (ਉਹ ਉਨ੍ਹਾਂ ਦੇ) ਪੁਤਾਂ ਪੋਤ੍ਰਿਆਂ ਤੇ ਪੜਪੋਤ੍ਰਿਆਂ (ਨੇ ਹੀ) ਖਾਧਾ (ਅਗੋਂ ਮੁੱਕ ਗਿਆ)। ਕਵੀ ਸੰਤੋਖ ਸਿੰਘ ਜੀ (ਕਹਿੰਦੇ ਹਨ ਕਿ) ਯੁਧਿਸ਼ਟਰ ਤੇ ਸੂਰਯ ਸੁਤ (ਕਰਣ) ਤੋਂ ਆਦ ਲੈ ਕੇ ਜਿਸ ਜਿਸ ਨੇ ਦਾਨ ਦਿੱਤਾ (ਉਸ ਦਾਨ ਦਾ) ਨਸ਼ਟ ਹੋ ਜਾਣਾ ਪ੍ਰਗਟ ਹੈ। (ਪਰੰਤੂ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਿਤੇ ਮਹਾਂ ਦਾਨ ਦੀ ਕੋਈ ਸਮਤਾ (ਨਹੀਂ ਕਰ ਸਕਦਾ ਜੋ) ਦਿਨ ਦਿਨ ਦੂਣੇ ਤੋਂ ਦੂਣਾ ਤੇ ਚੌਣੇ ਤੋਂ ਚੌਣਾ ਹੁੰਦਾ ਜਾਂਦਾ ਹੈ।

ਭਾਵ:

ਇਸ ਵਿਚ ਦਾਨੀਆਂ ਦੇ ਦਾਨ ਦੇਣ ਦਾ ਜ਼ਿਕਰ ਕਰਦੇ ਹੋਏ ਉਸ ਦਾਨ ਦੇ ਬਿਨਸ ਜਾਣ ਦਾ ਜ਼ਿਕਰ ਹੈ ਤੇ ਜਿਨ੍ਹਾਂ ਨੂੰ ਦਾਨ ਮਿਲਦਾ ਸੀ ਉਨ੍ਹਾਂ ਦੇ ਫੇਰ ਫੇਰ ਖਾਲੀ ਹੋ ਜਾਣ ਦਾ ਹਾਲ ਹੈ, ਸਭਨਾਂ ਦੇ ਦਾਨ ਤੋਂ ਵਡਾ ਦਾਨ ਦਸਮੇਂ ਪਾਤਸ਼ਾਹ ਦਾ ਦੱਸਿਆ ਹੈ। ਇੱਥੇ ਪਹਿਲੀ ਗੱਲ ਧਯਾਨ ਯੋਗ ਹੈ ਕਿ ਕਵੀ ਜੀ ਹਰ ਪਹਿਲੂ ਵਿਚ ਤੇ ਹਰ ਮੌਕੇ ਤੇ ਗੁਰੂ ਸਾਹਿਬਾਨ ਨੂੰ ਸਭ ਤੋਂ ਵਡਾ ਤੇ ਸਾਰੇ ਹਿੰਦੂ ਵਡਕਿਆਂ ਤੋਂ ਸ਼ਿਰੋਮਣੀ ਦੱਸਦੇ ਹਨ। ਦਾਨ ਦਾ ਜੋ ਹਾਲ ਕਿਹਾ ਨੇ ਉਸ ਦਾ ਵੇਰਵਾ ਇਹ ਹੈ, ਕਿ ਦਾਨ ਦਰਿੱਦਰੀਆਂ ਨੂੰ ਦਿੱਤਾ ਮੁੱਕੇ ਹੀ ਗਾ ਚਾਹੋ ਓਹ ਵਿਦਵਾਨ ਹੋਣ, ਪੂਜ ਹੋਣ। ਗੁਰੂ ਜੀ ਨੇ ਉਨ੍ਹਾਂ ਦੀ ਲੀਕ ਤੋੜਕੇ ਉਨ੍ਹਾਂ ਦਾਨ ਪਾਤਰਾਂ ਨੂੰ ਹੀ ਕੇਵਲ ਦਾਨ ਨਾ ਦਿੱਤਾ, ਜੋ ਅਗੇ ਲੈ ਲੈ ਕੇ ਭੁੱਖੇ ਹੁੰਦੇ ਰਹੇ ਅਤੇ ਨਾਂ ਹੀ ਐਸਾ ਦਾਨ ਦਿੱਤਾ ਜੋ ਫੇਰ ਨਾਸ਼ ਹੀ ਹੋ ਜਾਵੇ ਸਗੋਂ ਉਹ ਕਰਤਵ੍ਯ, ਉਹ ਵਿੱਦਯਾ, ਉਹ ਯੋਗਤਾ ਦਾਨ ਕੀਤੀ ਤੇ ਸਭ ਜਾਤੀਆਂ ਨੂੰ ਕੀਤੀ ਕਿ ਜਿਸ ਨਾਲ ਲੈਣ ਵਾਲੇ ਨੂੰ ਦੀਨਤਾ ਫੇਰ ਨਾ ਦੇਖਣੀ ਪਵੇ। ਹਿੰਦੀ ਤੇ ਹਿੰਦੂ ਜੋ ਦੀਨ ਤੇ ਗ਼ਰੀਬ ਤੇ ਗੁਲਾਮ ਹੋ ਰਹੇ ਸੇ, ਉਨ੍ਹਾਂ ਨੂੰ ਨਾਮ ਦਾਨ, ਵਿਦ੍ਯਾਦਾਨ, ਬੀਰਤਾ ਦਾਨ, ਸ਼ਸਤ੍ਰ ਵਰਤਨ ਦਾ ਹੁਨਰ, ਜਥੇਬੰਦੀ ਤੇ ਸਾਂਝੇ ਕੰਮ ਲਈ ਕੁਰਬਾਨੀ ਦਾ ਮਾਦਾ ਦਾਨ ਕੀਤਾ, ਜਿਸ ਨਾਲ ਉਹ ਆਪ ਜਮ ਦੀ ਕਨੇਡ ਤੋਂ ਸੁਤੰਤ੍ਰ, ਵਿੱਦਯਾ ਵਿਚ ਸਿਆਣੇ, ਜਗਤ ਵਿਚ ਆਜ਼ਾਦ, ਰਾਜੇ, ਜਗੀਰਦਾਰ, ਧਰਤੀਆਂ ਵਾਲੇ ਜ਼ਿਮੀਦਾਰ ਤੇ ਹਰ ਕਮਾਮ ਵਿਚ ਕਮਾਈ ਕਰਨ ਵਾਲੇ ਬਣਕੇ ਦੀਨਤਾ ਵਿਚੋਂ ਨਿਕਲ ਗਏ।

ਕਬਿੱਤ:

ਦਲ ਜੇ ਦਿਲੇਸ਼ ਅਚਲੇਸ਼ ਦੋਊ ਮਿਲਿ ਧਾਏ,

ਧੁਰਵਾ ਸੇ ਧੌਂਸਾ ਕੀ ਧੁੰਕਾਰ ਉਠੇ ਘੋਰਿ ਘੋਰਿ।
ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘੱਟ ਜੁਟ,
ਲੋਹ ਕੀ ਚਮਕ ਛਟਾ ਛਬਿ ਭਾਂਤ ਕੋਰਿ ਕੋਰਿ।
ਗੋਰੇ ਪਰੇ ਓਰੇ, ਧੂਮ ਅਧਿਕ, ਅੰਧੇਰੋ ਧੂਰ,
ਹਲਕੇ ਹਰੌਲ, ਹਲਾ ਹਲੀ ਉਠੈ ਠੌਰਿ ਠੌਰਿ।
ਤੌ ਲੌਂ ਹੀ ਬਨਾਉ ਸ੍ਰੀ ਗੁਵਿੰਦ ਸਿੰਘ ਰਾਉ ਜੌ ਲੌਂ
ਛੋਰੇ ਨ ਸਮੀਰ ਤੀਰ ਜੇਹਿ ਮਾਂਹਿ ਜੋਰਿ ਜੋਰਿ† ॥੧੩॥

†ਇਹ ਛੰਦ ਅੱਗੇ ਰੁਤ ੬ ਅੰਸੂ ੯ ਅੰਕ ੨੧ ਵਿਚ ਥੋੜੇ ਫਰਕ ਨਾਲ ਫੇਰ ਆਵੇਗਾ।

ਦਿਲੇਸ਼ = ਦਿੱਲੀ ਪਤਿ, ਔਰੰਗਜ਼ੇਬ ਤੋਂ ਮੁਰਾਦ ਹੈ।
ਅਚਲੇਸ਼ = ਪਹਾੜੀਏ ਰਾਜੇ। ਧੁਰਵਾ ਸੇ = ਬੱਦਲ ਵਰਗੀ।
ਧੁੰਕਾਰ = ਗਰਜ।
ਘੋਰਿ ਘੋਰਿ = ਜੋਰ ਦੀ, ਭਜਾਨਕ, "ਘੁਰਰ ਘੁਰਰ"
ਅਵਾਜ਼ ਜੋ ਬੱਦਲ ਕਰਦੇ ਹਨ।
ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘੱਟ ਜੁਟ = ਬੜੇ ਠਾਠ ਬੰਨ੍ਹ ਕੇ ਬੱਦਲਵਤ ਸੂਰਮਿਆਂ ਦਾ ਦਲ ਜੁੜਕੇ [ਠੱਟ = ਠਾਠ ਬੰਨ੍ਹਕੇ। ਭੱਠ = ਸੂਰਮੇ। ਘੱਟ = ਬਦਲਵਤ। ਸੰਘੱਟ = ਇੱਕਠ। ਜੁੱਟ = ਜੁੜ ਕੇ]
ਲੋਹ = ਸ਼ਸਤ੍ਰ।
ਕੋਰਿ ਕੋਰਿ = ਕ੍ਰੋੜਾਂ ਹੀ ਕ੍ਰੋੜਾਂ। (ਅ) ਚਤੁਰਫੋਂ। (ੲ) ਕੋਨੇ ਕੋਨੇ ਤੋਂ ਭਾਵ ਬਿਜਲੀ ਕਦੇ ਕਿਸੇ ਪਾਸਿਓਂ, ਕਦੇ ਕਿਸੇ ਪਾਸੇ ਤੋਂ ਚਮਕਦੀ ਹੈ।
ਓਰੇ = ਗੜੇ।
ਹਰੌਲ = ਫੌਜ ਦੇ ਅੱਗੇ ਚਲਣ ਵਾਲਾ ਦਸਤਾ [ਤੁਰ: ਹਰਾਵਲ]
ਹਲਾ-ਹੱਲਾ ਕਰਨਾਂ। ਹਲੀ-ਰੌਲਾ ਮਚਨਾ (ਅ) ਹਲਾ ਹਲੀ = ਹਲਚਲ, ਤੜਥੱਲੀ।
ਸਮੀਰ = ਵਾਯੂ, ਹਵਾ।
ਜੇਹਿ = ਚਿੱਲਾ। [ਫਾ, ਜ਼ਿਹ] ਜੋਰਿ ਜੋਰਿ = ਜੋੜ ਜੋੜਕੇ।

ਅਰਥ:

ਔਰੰਗਜ਼ੇਬ ਤੇ ਪਹਾੜੀਆਂ, ਦੋਹਾਂ ਦੇ ਦਲ ਮਿਲਕੇ (ਸ੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਕਰਨ ਨੂੰ) ਧਾਏ, (ਉਸ ਵੇਲੇ ਉਨ੍ਹਾਂ ਦੇ) ਧੌਂਸਿਆਂ ਦੀ ਗੜਗਜ ਬਦਲਵਤ ਭਿਆਨਕ ਉਠ ਰਹੀ ਸੀ। ਤੇ ਸੂਰਮਿਆਂ ਨੇ ਜੋ ਬੜੇ ਠੱਟ ਬੰਨ੍ਹੇ (ਓਹ ਇਉਂ ਸਨ ਜਿਵੇਂ) ਘਟਾ ਦੇ ਸੰਘਟਨ ਜੁੜਕੇ (ਚੜ੍ਹਦੇ ਹਨ) ਤੇ ਸਸ਼ਤ੍ਰ (ਐਉਂ) ਚਮਕੇ ਮਾਨੋਂ ਚੁਤਰਫੋਂ ਬਿਜਲੀ ਦੀ ਛਬੀ ਛਾ ਰਹੀ ਹੈ। ਗੋਲੇ ਗੜਿਆਂ ਵਤ ਬਰਸੇ, (ਜਿਨ੍ਹਾਂ ਦੇ) ਬਹੁਤੇ ਧੂੰਏ ਨਾਲ (ਅਤੇ) ਧੂੜ (ਦੇ ਉੱਡਨ ਨਾਲ) ਅੰਧੇਰਾ ਹੋ ਗਿਆ, ਹਰੌਲਾਂ ਦਾ ਅੱਗੇ ਵਧਣ (ਮਗਰ ਸੈਨਾ ਦਾ) ਹੱਲਾ (ਕਰਨ ਦਾ) ਥਾਂ ਥਾਂ ਰੌਲਾ ਮਚ ਪਿਆ। (ਪਰੰਤੂ) ਇਹ ਬਣਾਉ (ਸਾਰੇ ਦਾ ਸਾਰਾ) ਤਦ ਤਕ ਹੀ ਸੀ, ਜਦ ਤਕ ਕਿ ਸ੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ (ਰਾਜਿਆਂ ਦੇ) ਰਾਜੇ ਨੇ ਅਪਣੇ ਚਿੱਲੇ ਵਿਚੋਂ ਜੋੜ ਜੋੜ ਕੇ ਤੀਰਾਂ (ਦੀ ਬਾੜ੍ਹ) ਵਾਯੂ ਵਾਂਗੂ ਨਹੀਂ ਸੀ ਛੋੜ ਦਿੱਤੀ।

[ਕਥਾ ਮਹਾਤਮ]

ਦੋਹਰਾ:

ਸੁਨਹੁ ਕਥਾ ਗੁਰ ਕੀ ਰੁਚਿਰ ਜਿਮ ਸੰਗ੍ਰਾਮ ਪ੍ਰਸੰਗ।
ਮਨ ਬਾਂਛਤਿ ਪ੍ਰਾਪਤਿ ਕਰਹਿ ਪੁੰਨ ਮਹਿਦ ਅਘ ਭੰਗ ॥ ੧੪ ॥

ਅਰਥ:

(ਹੇ ਸ਼੍ਰੋਤਾਜਨੋ!) ਜਿਵੇਂ ਗੁਰੂ ਜੀ ਦੇ ਜੁੱਧ (ਹੋਏ ਤਿਵੇਂ ਉਨ੍ਹਾਂ ਦੇ) ਪ੍ਰਸੰਗਾਂ ਦੀ ਸੁੰਦਰ ਕਥਾ ਸੁਣੋ, (ਜਿਸਦੇ ਸ਼ਰਧਾ ਨਾਲ ਸੁਣਨੇ ਕਰਕੇ) ਪਾਪ ਦੂਰ ਹੋਣਗੇ, ਪੁੰਨ ਬਹੁਤ ਪ੍ਰਾਪਤਿ ਹੋਣਗੇ ਤੇ ਮਨ ਮੰਗੀਆਂ (ਮੁਰਾਦਾਂ) ਮਿਲਣਗੀਆਂ।

[ਮੰਗਲ ਸਮਾਪਤ ਹੋਏ ਤੇ ਅਗੋਂ ਕਥਾ ਟੁਰੀ]

ਸ੍ਵੈਯਾ:

ਏਕ ਸਮੇਂ ਹਰਿਗੋਬਿੰਦ ਜੀ
ਨਿਜ ਮੰਦਿਰ ਸੁੰਦਰ ਬੀਚ ਥਿਰੇ।
ਕ੍ਵੈ ਨ ਸਮੀਪ ਮਹੀਪ ਜੁ ਥੇ†
ਨਰ ਅੰਦਰਿ ਆਵਨ ਬੰਦ ਕਰੇ[1]।

†ਪਾ:-ਜਥਾ।

[1]ਕੋਈ ਪਾਸ ਨਹੀਂ ਸੀ (ਕਿਉਂ) ਜੇ ਰਾਜਾ (ਤੋਂ ਲੈ ਸਧਾਰਣ) ਮਨੁਖ ਤੀਕ ਦਾ ਅੰਦਰ ਆਉਣਾ ਬੰਦ ਕਰ ਰਖਿਆ ਸੀ। (ਅ) ਮਹੀ+ਪ+ਜੁ+ਥੇ+ਨਰ = ਪ੍ਰਿਥਵੀ ਤੇ ਰਖਿਆ ਕਰਨ ਵਾਲੇ ਸਨ ਜੋ ਆਦਮੀ = ਅਰਥਾਤ ਦਰਬਾਨ ਪਾਸ ਕੋਈ ਨਹੀਂ ਸੀ, (ਕਿਉਂਕਿ) ਦਰਬਾਨਾਂ ਨੇ ਅੰਦਰ ਆਉਣਾ (ਸਭ ਦਾ) ਬੰਦ ਕੀਤਾ ਹੋਇਆ ਸੀ।

[1]ਦੇਖਿ ਭਲੋ ਅਵਿਕਾਸ਼ ਰਿਦੈ

[1]ਸਿਆਲੇ ਦੇ ਬਦਲ ਵਾਂਙੂ ਅਨੰਦ ਵਿਚ ਭਰਿਆ ਨਾਰਦ (ਜਿਸਦਾ ਰੰਗ) ਸਾਰਦਾ (ਅਰ) ਪਾਰੇ ਵਰਗਾ ਚਿੱਟਾ ਹੈ, ਚੰਗਾ ਸਮਾਂ ਤਾੜਕੇ, ਕਾਰਨ ਨੂੰ ਲਖਕੇ ਅਨੰਦ ਨਾਲ ਮੇਲ ਕਰਨ ਅਚਾਨਕ ਮੰਦਰ ਵਿਚ ਪ੍ਰਗਟਿਆ, ਭਾਵ ਆਇਆ।

ਲਖਿ ਕਾਰਨਿ ਮੇਲਿ ਅਨੰਦ ਧਰੇ।
ਸਾਰਦ ਬਾਰਦ ਸਾਰਦ ਪਾਰਦ
ਤਾਂ ਸਮ ਨਾਰਦ ਮੋਦ ਭਰੇ ॥ ੧੫ ॥

ਸ੍ਵੈਯਾ:

ਔਚਕ ਮੰਦਰ ਮੈਂ ਬਿਦਤਯੋ,
ਗੁਰ ਹੇਰਿ ਉਠੇ ਹਿਤ ਆਦਰ ਕੇ†।

†ਗੁਰੂ ਜੀ ਨੇ-ਜੋ ਸਦਾ ਅੰਤਰ ਆਤਮੇ ਅਕਾਲ ਪੁਰਖ ਨਾਲ ਇਕ ਸੂਰ ਰਹਿੰਦੇ ਹਨ-ਜੋ ਕੁਛ ਕਰਨਾ ਹੈ ਗ਼ੈਬ ਦੇ ਇਸ਼ਾਰੇ ਨਾਲ ਕਰਨਾ ਹੈ। ਆਪ ਨੇ ਬੀਰ ਰਸ ਦਾ ਸਮਾਨ ਰਚਿਆ ਹੈ, ਕਿਉਂਕਿ ਆਪ ਨੂੰ ਜੁਧ ਜੰਗ ਦਾ ਪਤਾ ਸੀ। ਕਿਸ ਵੇਲੇ ਜੁੱਧ ਛਿੜਨਾ ਹੈ? ਇਸ ਹੁਕਮ ਦੀ ਉਡੀਕ ਹੈ। ਆਪੂੰ ਕੁਛ ਨਹੀਂ ਕਰਨਗੇ: 'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।' ਹੁਣ ਇਸ਼ਾਰਾ ਕੋਈ ਗੈਬ ਤੋਂ ਹੋਯਾ ਹੈ ਕਿ ਜੁਧ ਦਾ ਸਮਾਂ ਆ ਗਿਆ ਹੈ।ਉਸਨੂੰ ਕਵੀ ਜੀ ਸੰਸਕ੍ਰਿਤ ਕਾਵ੍ਯ ਰੀਤਿ ਮੂਜਬ ਨਾਰਦ ਦੇ ਸੰਦੇਸਾ ਦੇਣ ਦੇ ਰੂਪਕ ਵਿਚ ਵਰਣਨ ਕਰਦੇ ਹਨ, ਕਿਉਂਕਿ ਆਪ ਇਸੇ ਸਾਹਿਤ੍ਯ ਦੇ ਜਾਣੂੰ ਸੇ। ਜੇ ਆਪ ਪਾਰਸੀ ਵਿੱਚ ਲਿਖਦੇ ਤਾਂ ਹੋ ਸਕਦਾ ਸੀ ਇਹ ਇਸ਼ਾਰਾ ਕਿਸੇ ਫਰਿਸ਼ਤੇ ਦੇ ਸੰਦੇਸੇ ਦੇ ਰੂਪਕ ਵਿੱਚ ਵਰਣਨ ਕਰਦੇ। ਨਾਰਦ ਕਿਉਂਕਿ 'ਕਲਹਾ' ਦਾ ਪਤੀ ਮੰਨਿਆਂ ਹੈ, ਇਸ ਲਈ ਲੜਾਈ ਦਾ ਦੂਤ ਹੋਕੇ ਆਉਣਾ ਕਾਵ੍ਯ ਵਿੱਚ ਇਸੇ ਨੂੰ ਫਬਦਾ ਹੈ। ਅਗਲੇ ਅੰਸੂ ਵਿਚ ਇਸਦੀ ਵਹੁਟੀ ਕਲਹ ਆਪ ਆਵੇਗੀ। ਇਹ ਰਿਵਾਜ ਆਮ ਕਵੀ ਬੀ ਵਰਤਦੇ ਰਹੇ ਹਨ। ਨਾਦਰ ਸ਼ਾਹ ਦੀ ਵਾਰ ਦਾ ਮੁਸਲਮਾਨ ਢਾਢੀ ਲੇਖਕ ਬੀ

ਪਹਿਲਾਂ ਕਲਹਾ ਦਾ ਹੀ ਜ਼ਿਕਰ ਛੇੜਦਾ ਹੈ, ਸੋ ਇਹ ਇੱਕ ਕਾਵਯ ਰੀਤੀ ਹੋ ਗਈ ਹੈ ਸੀ, ਜਿਸਨੂੰ ਹਿੰਦੂ ਮੁਸਲਮਾਨ ਸਭ ਕਵੀ ਵਰਤਦੇ ਸੇ।

ਬੰਦਨ ਆਪਸ ਮਾਂਹਿ ਕਰੇ,
ਕਹਿ ਵਾਕ ਸਰੂਪ ਜੁ ਕਾਦਰ ਕੇ[1]।

[1]ਵਾਕ ਕਹੇ ਉਨ੍ਹਾਂ ਨੇ ਜੋ ਕਾਦਰ (ਰੱਬ) ਦਾ ਸਰੂਪ ਹਨ, ਭਾਵ ਗੁਰੂ ਜੀ ਬੋਲੇ।

'ਆਵਹੁ ਦੇਵ ਮੁਨੀ! ਉਚ ਬੈਠਹੁ
ਕੀਨ ਕ੍ਰਿਪਾ ਇਤ ਆਚਰਕੇ[1]।

[1]ਚਲਕੇ ਆਏ ਹੋ।

ਆਵਨ ਕਾਰਨ ਕੌਨ ਕਹੋ?
ਕਿਮ ਬਾਂਛਤਿ ਕਾਰਜ ਜੇ ਉਰ ਕੇ?'
॥੧੬॥
ਨਾਰਦ ਰੂਪ ਬਿਲੰਦ ਨਿਹਾਰਤਿ
ਸੁੰਦਰ ਕ੍ਰਾਂਤਿ ਭੁਜਾ ਬਲ ਭਾਰੀ।
ਦੀਰਘ ਸ੍ਰੀ ਮੁਖ ਮੰਡਲ ਪੈ
ਕਲ ਕੁੰਡਲ ਡੋਲ ਬਡੀ ਦੁਤਿਵਾਰੀ[1]।

[1]ਸੁੰਦਰ ਕੁੰਡਲਾਂ ਦੀ ਡੋਲ ਬੜੀ ਖੂਬਸੂਰਤ (ਲੱਗ ਰਹੀ) ਹੈ।

ਅੰਗ ਵਿਸ਼ੇਸ਼, ਅਸ਼ੇਸ਼ ਅਹੈਂ ਪਟ,
ਬੇਸ ਸੁ ਬੇਸ਼ ਸਜੈ ਮੁਦਕਾਰੀ[1]†।

[1]ਵੱਡੇ ਅੰਗ ਹਨ, ਰੇਸ਼ਮੀ ਲਿਬਾਸ ਹੈ ਸਾਰਾ ਹੀ, (ਇਹ) ਖੁਸ਼ਨਮਾ ਵੇਸ ਬਹੁਤ ਸਜ ਰਿਹਾ ਹੈ। †ਪਾ:—ਅੰਗ ਵਿਸੇਸ਼ ਅਹੈ ਪਟ ਬੇਸ ਸ ਬੇਸ ਸਜੈ ਮੁਦ ਸੁੰਦਰਕਾਰੀ।

ਬ੍ਰਿੰਦ ਅਨੰਦ ਕੋ ਪਾਇ ਰਹਯੋ,
ਗੁਨ ਕੀਰਤਿ ਕੋ ਤਬਿ ਕੀਨਿ ਉਚਾਰੀ
॥੧੭॥

ਭੁਜੰਗ ਪ੍ਰਯਾਤ ਛੰਦ:

'ਗੁਰੂ ਰੂਪ ਧਾਰੇ ਨਮੋ ਲੇਹੁ ਮੋਹੀ।
ਸਦਾ ਗਯਾਨ ਮੈਂ ਧਯਾਨ ਮੈਂ ਬਾਸ ਹੋਹੀ[1]।

[1]ਸਦਾ ਗਯਾਨ ਸ੍ਵਰੂਪ ਹੋ ਅਰ (ਭਗਤਾਂ ਦੇ) ਧਿਆਨ ਵਿਖੇ ਵਸਦੇ ਹੋ।

ਪਰੰਬ੍ਰਹਮ ਨਾਥੰ, ਲਖੈ ਨਾਂਹਿ ਕੋਈ।
ਕਲਾ[1] ਜਾਲ ਧਾਰੋ, ਕਰਾਮਾਤ ਗੋਈ[2]
॥੧੮॥

[1]ਸ਼ਕਤੀਆਂ। [2]ਛਪਾਈ ਹੈ।

ਨਿਰਾਲੰਬ ਨਾਥੰ, ਨਿਰਾਲੰ ਬਚਿੱਤ੍ਰੰ[1]।

[1]ਆਸਰਾ ਰਹਿਤ ਨਾਥ ਹੋ, ਨਿਰਾਲੇ ਤੇ ਵਚਿੱਤ੍ਰ ਹੋ।

ਪ੍ਰਭੂ ਹੋ ਬਿਭੂ ਹੋ[1], ਅਭੈ ਹੋ, ਪਵਿੱਤ੍ਰੰ।

[1]ਸ੍ਵਾਮੀ ਹੋ, ਵਿਆਪਕ ਹੋ।

ਕਲੀ ਕਾਲ ਮੈਂ ਪੰਥ ਕੀਨੋ ਸੁਖਾਰੇ।
ਨਿਜੰ ਦਾਸ ਦੈਹੋ ਪਦੇਸ਼ੰ ਉਧਾਰੇ[1] ॥੧੯॥

[1]ਦੈਹ+ਉਪਦੇਸ਼ = ਉਪਦਸ਼ ਦੇਕੇ ਉਧਾਰਦੇ ਹੋ।

ਬਿਨਾ ਦੰਭ ਹ੍ਵੈ ਕੈ ਭਜੈ ਸਾਚ ਨਾਮੰ।

ਤਜੈ ਦੇਹਿ ਹੰਤਾ, ਲਹੈ ਆਪ ਧਾਮੰ[1]।	[1]ਆਪਦੇ ਲੋਕ (ਗੁਰੁ ਪੁਰੀ) ਨੂੰ ਪ੍ਰਾਪਤ ਹੁੰਦਾ ਹੈ।
ਮਹਾਂ ਮੋਹ ਮਾਤੰਗ ਸ਼ੇਰੰ ਸਮਾਨੰ[1]।	[1]ਮਹਾਂ ਮੋਹ (ਰੂਪੀ) ਹਾਥੀ ਨੂੰ (ਆਪ) ਸ਼ੇਰ ਸਮਾਨ ਹੋ।
ਬਿਕਾਰੰ ਤਮੰ ਦੀਪ ਜੈਸੇ ਪ੍ਰਹਾਨੰ[1] ॥੨੦॥	[1]ਵਿਕਾਰਾਂ (ਰੂਪੀ) ਅੰਧੇਰੇ ਨੂੰ ਨਾਸ਼ ਕਰਨ ਲਈ ਦੀਵੇ ਵਤ ਹੋ।
ਭਏ ਬੰਸ ਬੇਦੀਨ ਕੇ ਭਾਨੁ[1] ਜੋਏ।	[1]ਬੇਦੀਆਂ ਦੀ ਵੰਸ਼ ਦੇ ਸੂਰਜ ਭਾਵ ਸ਼੍ਰੀ ਗੁਰੂ ਨਾਨਕ ਦੇਵ ਜੀ।
ਪੁਨੰ ਤੇਹਣੰ ਬੰਸ ਕੇ ਚੰਦ ਹੋਏ[1]।	[1]ਭਾਵ ਸ਼੍ਰੀ ਅੰਗਦ ਜੀ।
ਪਿਤਾ ਮੋਹਰੀ ਕੇ ਧਰਜੋ ਰੂਪ ਫੇਰੰ[1]।	[1]ਭਾਵ ਸ਼੍ਰੀ ਅਮਰ ਦਾਸ ਜੀ।
ਗੁਰੂ ਰਾਮਦਾਸੰ ਪ੍ਰਕਾਸ਼ੰ ਘਨੇਰੰ[1] ॥੨੧॥	[1]ਬੜੇ ਪ੍ਰਕਾਸ਼ਵਾਨ ਹੋਏ।
ਭਏ ਸ਼ਾਂਤਿ ਰੂਪੰ ਰਚਜੋ ਗ੍ਰਿੰਥ ਬਾਨੀ[1]।	[1]ਸ਼੍ਰੀ ਗੁਰੂ ਅਰਜਨ ਜੀ ਨੇ) ਬਾਣੀ ਦਾ ਗੁਰੂ ਗ੍ਰੰਥ ਸਾਹਿਬ ਰਚਿਆ।
ਸੁਧਾ ਤਾਲ ਕੀਨੋ ਅਘੰ ਦਾਸ ਹਾਨੀ[1]।	[1]ਫਿਰ) ਅੰਮ੍ਰਿਤ ਸਰੋਵਰ ਸਿਰਜਿਆ ਦਾਸਾਂ ਦੇ ਪਾਪਾਂ ਨੂੰ ਨਾਸ਼ ਕਰਨ ਲਈ।
ਪਿਤਾ ਆਪ ਕੇ ਧੀਰ ਧਾਰੀ ਧਰਾ ਸੀ[1]।	[1]ਧਰਤੀ ਵਰਗੀ।
ਗੁਰੂ ਪੰਚ ਦੇਸ਼ਾਨਿ[1] ਸਿੱਖੀ ਪ੍ਰਕਾਸ਼ੀ ॥੨੨॥	[1]ਪੰਜੇ ਗੁਰਾਂ ਨੇ ਹੀ ਦੇਸ਼ਾਂ ਵਿਖੇ।
ਧਰਜੋ ਆਪ ਰੂਪੰ ਮਹਾਂ ਸ਼ਸਤ੍ਰ ਧਾਰੀ।	
ਗੁਰੂ ਪੰਚ ਤੇ ਔਰ ਰੀਤੰ ਸੁਧਾਰੀ।	
ਧਰੀ ਤੇਗ ਪੀਰੀ ਰੁ ਮੀਰੀ ਪ੍ਰਕਾਸ਼ੀ।	
ਕਰੇ ਕਜੋਂ ਨ ਕਾਜੰ ਜਥਾ ਸ਼ੱਤ੍ਰ ਨਾਸ਼ੀ[1] ॥੨੩॥	[1]ਜਿਵੇਂ ਵੈਰੀ ਨਾਸ਼ ਹੋਣ।
ਦਯਾਸਿੰਧੁ ਸੀਲੰ ਕੁਚਾਲੰ ਪ੍ਰਣਾਸੀ[1] !	[1]ਦਯਾ ਦੇ ਸਮੁੰਦਰ. ਸੁਸ਼ੀਲ, ਖੋਟੀ ਚਾਲੀ ਦੇ ਨਾਸ਼ ਕਰਤਾ ਹੋ।
ਕਰੋ ਆਪ ਲੀਲਾ ਜਥਾ ਮਾਨਵਾਸੀ[1]।	[1]ਜੋ ਧੁਰ ਤੋਂ) ਮਨ ਵਿੱਚ ਵਸ ਰਹੀ ਹੈ। (ਅ) (ਮਹਾਂ ਪੁਰਖਾਂ) ਮਨੁਖਾਂ ਵਰਗੀ।
ਮਹਾਂਰਾਜ ਰਾਜਾਨਿ ਰਾਜਾ ਧਿਰਾਜੰ[1] !	[1]ਰਾਜਿਆਂ ਮਹਾਂਰਾਜਿਆਂ ਦੇ ਸ੍ਵਾਮੀ।
ਤੁਹੀ ਦੀਨ ਬੰਧੂ ਸਜੈ ਸੰਤ ਕਾਜੰ[1] ॥੨੪॥	[1]ਤੂੰ ਹੀ ਦੀਨਾਂ ਦਾ ਸਹਾਇਕ ਤੇ ਤੂੰ ਹੀ ਸੰਤਾਂ ਦੇ ਕਾਜ ਸਾਰਦਾ ਹੈਂ (ਭਾਵ ਸੁਧਾਰਦਾ ਹੈਂ)। (ਅ) ਸੰਤਾਂ ਲਈ ਸਜੇ ਹੋ ਭਾਵ ਅਵਤਰੇ ਹੋ।
ਨਮੋ ਤੋਹਿ ਸ੍ਵਾਮੀ ! ਰਸੰ ਬੀਰ ਰਾਚੋ[1]।	[1]ਬੀਰਰਸ (ਵਿੱਚ ਹੁਣ) ਰਚੋ।
ਬਨੋ ਜੁੱਧ ਜੈਤਾ, ਮਹਾਂ ਰੁੱਦ੍ਰ ਮਾਚੋ[1]।	[1]ਬੜਾ ਭਯਾਨਕ (ਜੰਗ) ਮਚਾਓ।
ਇਸੀ ਹੇਤੁ ਜਾਨੋ ਅਯੋ[1] ਤੀਰ ਤੇਰੇ।	[1]ਮੈਂ) ਆਯਾ ਹਾਂ।
ਸਵਾਧਾਨ ਹ੍ਵੈਜੰ ਸੁਨੇ ਬਾਕ ਮੇਰੇ' ॥੨੫॥	

ਦੋਹਰਾ:

ਇਹ ਅਸ਼ਟਕ ਉਚਰਜੋ ਜਬੈ, ਬੈਠਿ

ਉਚਾਰਨ ਫੇਰ।
ਸ਼੍ਰੀ ਨਾਨਕ ਕੀ ਬਾਰਤਾ, ਕਹਨਿ ਲਗਯੋ ਤਿਸ ਬੇਰਿ ॥੨੬॥

ਚੌਪਈ:

'ਮੋਦੀਖਾਨੇ ਸਮੇਂ ਬਿਤਾਯੋ।
ਬਹੁਰੋ ਕਰਤਾ ਪੁਰਖ ਬੁਲਾਯੋ।
ਬੇਈਂ ਬਿਖੈ ਬਰਣ ਜਬਿ ਕਹ੍ਯੋ।
ਜਾਇ ਤਹਾਂ[1] ਉਪਦੇਸ਼ਨਿ ਲਹ੍ਯੋ ॥੨੭॥ — [1]ਭਾਵ ਸੱਚਖੰਡ ਵਿੱਚ (ਕਰਤਾ ਪੁਰਖ ਕੋਲੋਂ)।
ਤਬਿ ਤੇ ਤਜਿ ਕਰਿ ਸਕਲ ਸਮਾਜਾ।
ਸਿੱਖੀ ਬਿਸਤਾਰਨਿ ਕੇ ਕਾਜਾ।
ਦੇਸ਼ ਬਿਦੇਸ਼ ਧਰਾ ਪਰ ਫਿਰੇ।
ਸੁਨਿ ਕਰਿ ਸਕਲ ਲੋਕ ਮਗ ਪਰੇ ॥੨੮॥
ਤਿਸੀ ਰੀਤਿ ਤੁਮ ਬੀਚ ਕੁਟੰਬ।
ਜੁੱਧ ਕਰਨਿ ਤੇ ਪਰੀ ਬਿਲੰਬ।
ਸੋ ਮੈਂ ਸਿਮਰਨਿ ਕੋ ਕਰਿਵਾਵੋ[1]। — [1]ਯਾਦ ਕਰਾਂਵਦਾ ਹਾਂ।
ਜਿਸ ਰਣ ਕੋ ਪਿਖ ਨਿਤ ਹਰਖਾਵੌਂ[1]' ॥੨੯॥ — [1]ਅਨੰਦ ਹੁੰਦਾ ਹਾਂ (ਮੈਂ)।
ਸੁਨਿ ਸਤਿਗੁਰ ਬੋਲ ਮੁਸਕਾਇ।
'ਪਿਖਹੁ ਜੁੱਧ ਅਬਿ ਭਟਿਨਿ ਅਘਾਇ[1]†। — [1]ਸੂਰਮਿਆਂ ਨੂੰ ਰਜਾ ਦੇਣ ਵਾਲਾ ਭਾਵ ਭਯਾਨਕ ਯੁੱਧ। †ਪਾ:-ਭਟਅਨ ਘਾਇ।
ਰਹੇ ਅਲਪ ਦਿਨ[1] ਦੇਰਿ ਨ ਕੋਈ। — [1]ਬਾਕੀ) ਥੋੜੇ ਹੀ ਦਿਨ ਰਹਿੰਦੇ ਹਨ।
ਮਚਹਿ ਲੋਹ ਗਾੜ੍ਹੋ ਦਿਸ਼ ਦੋਈ ॥੩੦॥
ਤੁਝ ਕੌ ਰਹੇ ਉਡੀਕਤਿ ਆਗੇ।
ਨਾਰਦ ਆਵਹਿ ਕਲਹਾ ਜਾਗੇ।
ਕਲੀ ਕਾਲ ਕੌ ਜੰਗ ਅਖਾਰਾ।
ਕਰਿ ਦਿਖਰਾਵੋਂ ਸੱਤ੍ਰੁ ਸੰਘਾਰਾ ॥੩੧॥
ਅਬਿ ਤੇ ਜਾਗਹਿ ਜੁੱਧ ਬਡੇਰਾ।
ਬਹੁਰ ਕਰਹਿ ਰਣ ਪੌਤ੍ਰ ਜੁ ਮੇਰਾ।
ਰੁੰਡ ਮੁੰਡ ਰਣ ਥਲ ਬਿਥਰਾਵੈ[1]। — [1]ਭਾਵ, ਦਸਮੇਸ਼ ਜੀ ਬਿਥਾਰਣਗੇ।
ਜੋਗਨਿ ਗ੍ਰਿੱਝਨ ਰੁਧਰ ਅਘਾਵੈਂ ॥੩੨॥
ਪੁਨ ਬਡ ਪੰਥ ਖਾਲਸਾ ਗਰਜੇ।

ਤੇਜ ਤੁਰਕ ਕੋ ਤਰਜਤਿ ਬਰਜੇ[1]।
[1]ਤਾੜਕੇ ਰੋਕੇਗਾ।
ਦੇਖਤਿ ਰਹੀਯਹਿ ਜੰਗ ਘਨੇਰੇ।
ਅਬਿ ਤੇ ਛਿਰਹਿਂ ਰਹੈਂ ਚਿਰ ਬੇਰੇ[1]' ॥੩੩॥
[1]ਚਿਰਾਂ ਤੱਕ।
ਸੁਨਿ ਨਾਰਦ ਆਨੰਦਤਿ ਹੋਵਾ।
ਨਮੋ ਕਰਤਿ ਉਠਿ ਤਬਹਿ ਖਰੋਵਾ।
ਗਮਨਜੋ ਸੁਰਪੁਰਿ ਸੁਰਨਿ ਮਝਾਰਾ।
ਗੁਰ ਪ੍ਰਸੰਗ ਤਹਿਂ ਸਰਬ ਉਚਾਰਾ ॥੩੪॥
ਸੋ ਨਿਸ ਦਿਨ ਸਤਿਗੁਰੂ ਬਿਤਾਏ।
ਸੁਭਟ ਹਕਾਰੇ ਨਿਕਟਿ ਬਿਠਾਏ।
ਕਰੀ ਨਦਰ ਮਹਿਂ ਸਗਰੀ ਸੈਨਾ।
ਦਿਯੇ ਸ਼ਸਤ੍ਰ ਜੋ ਜਿਸ ਢਿਗ ਹੈ ਨਾ ॥੩੫॥
ਬਖਸ਼ੇ ਤੇਗੇ ਖੜਗ ਦੁਧਾਰੇ।
ਦਰਮਜਾਨੀ ਚੌਰੇ ਬਢਿਵਾਹੇ[1]।
[1]ਦਰਮਜਾਨੇ (ਤੇ) ਚੌੜੀ ਧਾਰ ਵਾਲੇ।
ਸੈਫ ਸਰੋਹੀ ਜਾਤਿ ਜੁਨੱਬੀ[1]।
[1]ਜੁਨੱਬੀ ਜਾਤੀ ਦੀ। ਰੂਮ ਦੇ 'ਜਨਬ' ਸ਼ਹਿਰ ਦੀ ਤਲਵਾਰ।
ਮਹਿਦ ਫੁਲਾਦੀ ਤੇ ਜੁ ਹਲੱਬੀ[1] ॥੩੬॥
[1]ਤੇ ਜਿਹੜੀ ਹਲੱਬੀ (ਕਹਾਉਂਦੀ ਹੈ)। (ਅ) ਹਲੱਬ (ਸ਼ਹਿਰ) ਦੀ ਬੜੀ ਤੇਜ਼ (ਤਲਵਾਰ)।
ਖੰਡੇ ਬਡੇ ਪ੍ਰਚੰਡ ਉਠਾਏ।
ਗੁਜਰਾਤੀ ਸੂਰਤ[1] ਸਮੁਦਾਏ।
[1]ਸੂਰਤ ਸ਼ਹਿਰ ਦੇ (ਅ) ਸੋਹਣੀ ਸੂਰਤ ਦੇ।
ਕਰਕਤਿ ਮਹਾਂ ਤੁਫੰਗਨਿ ਗਨ ਕੋ[1]।
[1]ਬੜੀਆਂ ਕੜਕਣ ਵਾਲੀਆਂ ਬੰਦੂਕਾਂ ਸਾਰਿਆਂ ਨੂੰ।
ਕੰਚਨ ਲਿਪਤਿ ਦਈ ਸੁਭਟਨ ਕੋ ॥੩੭॥
ਇਕ ਲਾਂਬੀ ਗੁਲਕਾਂ ਜਿਸ ਕੇਰੀ।
ਅਧਿਕ ਦੂਰ ਤੇ ਮਾਰਤਿ ਬੈਰੀ।
ਅਲਪ ਮੱਧ ਕੈ ਬਡਿ ਜੰਜੈਲ[1]†।
[1]ਬਹੁਤ ਲੰਮੀ ਨਾਲੀ ਦੇ ਪਲੀਤੇ ਦਾਰ ਬੰਦੂਕ। ਇਕ ਪ੍ਰਕਾਰ ਦੀ ਤੋਪ ਰਹਿਕਲਾ। †ਪਾ:-ਅਲਪ ਧਮਾਕੇ ਬਡ ਜੰਜੈਲ। ਬੰਦੂਕ ਦੀ ਅਵਾਜ਼ ਦੇ ਧੱਕੇ ਤੋਂ ਛੁਟ ਧਮਾਕਾ ਇਕ ਪ੍ਰਕਾਰ ਦੀ ਬੰਦੂਕ ਦਾ ਬੀ ਨਾਮ ਹੈ!
ਗਹੇ ਤਮਾਚੇ ਰਣ ਕੇ ਛੈਲ[1] ॥੩੮॥
[1]ਸੁਹਣੇ।
ਤੋਮਰ ਬਰਛੀ ਸਾਂਗ ਬਿਸਾਲਾ।
ਕਿਨਹੁ ਧਨੁਖ ਲੇ ਤੀਰਨ ਜਾਲਾ[1]।
[1]ਬਹੁਤੇ ਤੀਰਾਂ ਸਮੇਤ। (ਅ) ਭੱਥੇ।
ਗੁਲਕਾਂ ਬਹੁ ਬਰੂਦ ਭਰਿ ਦੀਨਿ।

ਗਨ ਜੋਧਾਨਿ ਜਮਾ ਕਰਿ ਲੀਨਿ ॥੩੯॥
ਖਰੇ ਤਬੇਲਾ ਬਿਖੈ ਤੁਰੰਗ।
ਕਰੇ ਸਜਾਵਨਿ ਜ਼ੀਨਨਿ ਸੰਗਿ।
ਜਿਸਿ ਢਿਗਿ ਨਹਿਂ ਤਿਸਿ ਕੋ ਤਬਿ ਦੀਨਾ।
ਫੇਰਤਿ ਸੂਰ ਅਰੂਢਿ ਪ੍ਰਬੀਨਾ[1] ॥੪੦॥
ਕਰੈਂ ਸ਼ਿਕਾਰ ਬ੍ਰਿੱਤ ਸਮੁਦਾਇ।
'ਰਹੋ ਤਯਾਰ ਨਿਜ ਸਾਜ ਬਨਾਇ।'
ਇਮਿ ਸਤਿਗੁਰੁ ਸਭਿ ਸਨਿ ਕਹਿ ਦੀਨਾ।
-ਚਲਹਿਂ ਦੂਰ ਕਿਤਿ[1] ਸੁਭਟਨ ਚੀਨਾ[2] ॥੪੧॥
-ਬਜਾਹਿ ਕਰਨਿ ਕੀ ਦੇਰਿ ਲਖੀਜੈ।
ਗੁਰੂ ਚਢੈਂ ਕਿਤਿ ਦੂਰ ਜਨੀਜੈ।
ਤਯਾਰੀ ਕਰੀ ਚਮੂੰ ਕੀ ਘਨੀ।
ਨਹਿਂ ਆਗ ਕਬਿਹੂੰ ਇਮਿ ਬਨੀ- ॥੪੨॥
ਇਮਿ ਜੋਧਾ ਮਿਲਿ ਆਪਸਿ ਮਾਂਹੀ।
ਮਨ ਅਨੁਮਾਨ ਕਰਹਿਂ ਬਿਧਵਾਹੀ[1]।
ਹੇਤ ਬਜਾਹ ਕੇ ਚਰ੍ਹੇ ਕਰਾਹੇ।
ਗਨ ਪਕਵਾਨ ਪਕਹਿਂ ਘਰ ਮਾਂਹੇ ॥੪੩॥
ਮੋਦਕ ਨੁਗਦੀ ਖੁਰਮੇ ਬਰੇ।
ਬ੍ਰਿੰਦ ਜਲੇਬ ਨੀਕਿ ਬਿਧਿ ਕਰੇ।
ਘੇਵਰ ਘਨੇ ਘ੍ਰਿੱਤ ਕੋ ਲਾਇ।
ਕਰੇ ਬਿਸਾਲ ਸਿਤਾ ਬਹੁ ਪਾਇ ॥੪੪॥
ਕੌਨ ਕੌਨ ਗਿਨੀਅਹਿ ਪਕਵਾਨ।
ਕੋਸ਼ਠ ਭਰਤਿ ਜਾਤਿ ਸੁਚ ਥਾਨ।
ਜਬਿ ਕੀ ਗੰਗ ਪ੍ਰਲੋਕ ਪਧਾਰੀ।
ਸਭਿ ਦਮੋਦਰੀ ਕਾਰ ਸੰਭਾਰੀ ॥੪੫॥
ਦਾਸੀ ਦਾਸ ਆਦਿ ਨਰ ਘਰ ਕੇ।
ਤਿਸ ਅਨੁਸਾਰਿ ਰਹਹਿਂ ਉਰ ਡਰ ਕੇ।
ਸਭਿ ਪਕਵਾਨ ਧਰਾਵਤਿ ਜਾਤੀ।
ਜਾਨਹਿ -ਥੈਹੈ ਬ੍ਰਿੰਦ ਬਰਾਤੀ- ॥੪੬॥
ਘ੍ਰਿੱਤ ਸਿਤਾ ਅਨ ਅੰਨ ਘਨੇਰੇ।

[1]ਸੂਰਮੇ ਸਵਾਰ ਹੋਕੇ ਚਤੁਰਤਾ ਨਾਲ ਫੇਰਦੇ ਹਨ (ਘੋੜੇ)।

[1]ਕਿਤੇ ਦੂਰ ਜਾਣਗੇ। [2]ਸੂਰਮਿਆਂ ਨੇ ਸਮਝਿਆ।

[1]ਇਸ ਤਰ੍ਹਾਂ।

ਕਮੀ ਨ ਕਛੁ ਵਸਤੂ ਬਹੁਤੇਰੇ।
ਨਿਤਿ ਸੰਭਾਰਤਿ ਅਧਿਕ ਕਰਾਵਹਿ।
ਬ੍ਰਿੰਦ ਮਨੁਜ ਸ਼ੁਭ ਪਾਕ ਬਨਾਵਹਿਂ
॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਨਾਰਦ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

੨. [ਕਲਹਾ ਆਗਮਨ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਏਕ ਸਮੇਂ ਏਕਲਿ ਗੁਰੂ, ਬੈਠੇ ਅੰਤਰਿ ਭੌਨ।
ਥਿਰ ਪ੍ਰਯੰਕ ਪਰ ਹਰਖ ਉਰ, ਨਹੀਂ ਸਮੀਪੀ ਕੌਨ[1] ॥੧॥
[1]ਪਾਸ ਕੋਈ ਬੀ ਨਹੀਂ ਸੀ।

ਚੌਪਈ:

ਸਕਲ ਜੋਗਨੀ ਕੋ ਸਿਰਦਾਰ।
ਜਿਸਿ ਕੋ ਰੂਪ ਮਹਾਂ ਬਿਕਰਾਰ।
ਕਲਹਾ[1] ਨਾਮ ਸ਼ਯਾਮ ਤਨੁ ਧਾਰਾ।
[1]ਕਲਹਾ ਨੂੰ ਨਾਰਦ ਦੀ ਇਸਤ੍ਰੀ ਮੰਨਦੇ ਹਨ।
ਦੀਰਘ ਦਾਂਤ ਤੁੰਡ ਬਿਸਥਾਰਾ[1] ॥੨॥
[1]ਮੂੰਹ ਅੱਡਿਆ।
ਬ੍ਰਿੰਦ ਜੋਗਨੀ ਜਾਂ ਕੇ ਸੰਗਿ।
ਦਾਰੁਨ ਬਨੇ ਜਿਨਹੁ ਕੇ ਅੰਗ।
ਲਾਲ ਬਾਲ ਛੁਟਿ ਬਡੇ ਪਿਛਾਰੀ[1]।
[1]ਲਾਲ (ਰੰਗ ਦੇ) ਵਾਲ ਖੁੱਲੇ ਪਿੱਛੇ ਛੱਡੇ ਹੋਏ।
ਸੂਕੇ ਚਰਮ ਦਿਖਹਿਂ ਗਨ ਨਾਰੀ[1] ॥੩॥
[1]ਸਮੂਹ ਨਾੜਾਂ ਪਈਆਂ ਦਿਸਦੀਆਂ ਹਨ। (ਅ) ਸਾਰੀਆਂ ਇਸਤ੍ਰੀਆਂ ਦੇ ਸੁਕੇ ਚੰਮ ਦੀਹਦੇ ਹਨ।
ਲਾਲ ਬਿਲੋਚਨ ਸ਼੍ਰੋਣਿਤ ਸਰਸੇ।
ਖੱਪਰ ਧਰੇ ਖੋਪਰੀ ਕਰ ਸੇ[1]।
[1]ਖੋਪਰੀਆਂ ਦੇ ਖੱਪਰ ਹੱਥ ਵਿਚ ਧਰੇ।
ਹਾਡਨਿ ਮਾਲ ਬਿਸਾਲ ਕਰਾਲਾ।
ਜੀਰਣ ਚੀਰ ਮਲੀਨ ਕੁਢਾਲਾ[1] ॥੪॥
[1]ਬੁਰੀ ਤਰ੍ਹਾਂ ਦੇ।
ਆਨਿ ਭਈ ਗੁਰੁ ਆਗੇ ਠਾਂਢੀ।
ਰੁਧ੍ਰ ਮਾਸ ਪਜਾਸਾ ਛੁਧਿ ਬਾਢੀ[1]।
[1]ਲਹੂ ਤੇ ਮਾਸ ਦੀ ਤ੍ਰੇਹ ਭੁਖ ਵਧੀ (ਹੋਈ ਸੀ ਜਿਨ੍ਹਾਂ ਦੀ)
ਜੀਹ ਦੀਹ ਸੋਂ ਓਸ਼ਟ ਚਾਟਤਿ[1]।
[1]ਵਡੀ ਜਬਾਨ ਨਾਲ ਬੁੱਲ੍ਹ ਚੱਟਦੀਆਂ।
ਜਿਹ ਪਿਖ ਕਾਤੁਰ ਕੇ ਉਰ ਫਾਟਤਿ[1] ॥੫॥
[1]ਕਾਇਰਾਂ ਦੇ ਹਿਰਦੇ ਫਟਦੇ ਸਨ।
ਨਮੋ ਕਰੀ ਗੁਰੁ ਬੂਝਨ ਕੀਨੀ।
'ਕੌਨ ਅਹੈਂ ਤੂੰ ਲਾਜ ਬਿਹੀਨੀ?
ਸੰਕਟ ਬਡ ਅਕਾਰ ਕੇ† ਧਾਰਾ?
†ਪਾ:-ਕੋ।
ਕੈ ਕੁਰੂਪ ਦਾਰਿਦ ਕੁਰਿਆਰਾ[1]? ॥੬॥
[1]ਯਾਂ ਕੁੜਿਆਰ ਨੇ ਦਰਿਦ੍ਰ ਹੀ ਰੂਪ ਧਾਰਿਆ ਹੋਇਆ ਹੈ।
ਕਿਧੌਂ ਮਿਰਤੁ ਤੁਰਕਨਿ ਕੀ ਆਈ?
ਕਜਾ ਚਿਤ ਬਾਂਛਤਿ? ਦੇਹੁ ਬਤਾਈ।'

ਸੁਨਿ ਬੋਲੀ 'ਕਲਹਾ ਮਮ ਨਾਮ।
ਛੁਧਾ ਤ੍ਰਿਖਾ ਮੇਟਨਿ ਕੇ ਕਾਮ[1] ॥੭॥
[1]ਵਾਸਤੇ।(ਅ) ਚਾਹ ਕਰਕੇ।

ਚਲਿ ਆਈ ਮੈਂ ਤੀਰ ਤੁਹਾਰੇ।
ਦਿਹੁ ਅਹਾਰ ਮੇਰੋ ਹਿਤਕਾਰੇ[1]।
[1]ਮੇਰਾ ਹਿਤਕਾਰੀ (ਅਨਕੂਲ) ਭੋਜਨ।

ਬਹੁ ਸੰਮਤ ਬੀਤੇ ਨਹਿਂ ਖਾਯੋ।
ਛੁਧਾ ਤ੍ਰਿਖਾ ਤੇ ਚਿਤ ਬਿਕੁਲਾਯੋ ॥੮॥

ਸਭਿ ਕੀ ਪੁਰਹੁ ਕਾਮਨਾ ਜੈਸੇ।
ਕ੍ਰਿਪਾ ਕਰਹੁ ਮੋ ਪਰਿ ਭੀ ਤੈਸੇ।
ਸਕਲ ਜੋਗਨੀ ਮਮ ਪਰਿਵਾਰਾ।
ਛੁਧਿਤਿ ਚਾਹਤੀ ਅਧਿਕ ਅਹਾਰਾ' ॥੯॥

ਸੁਨਿ ਗੁਰੁ ਕਹ੍ਯੋ, 'ਅੰਨ ਮਨ ਭਾਏ।
ਲਿਹੁ ਹਮ ਤੇ, ਕਰਿ ਭੋਜਨ ਖਾਏ।
ਜੇਤੋ ਲਗਹਿ ਅਹਾਰ ਕਰਨਿ ਕੋ।
ਦਿਹੁ ਬਤਾਇ ਲਿਹੁ ਉਦਰ ਭਰਨਿ ਕੋ' ॥੧੦॥

[1] 'ਹਮਰੇ ਕਾਮ ਅੰਨ ਨਹੀਂ ਆਵਹਿ।
[1]ਕਲਹਾ ਨੇ ਕਿਹਾ।

ਨਹਿਂ ਸੰਗ੍ਰਹ[1] ਲੇ ਕਬਿ ਹੂੰ ਖਾਵਹਿਂ।
[1]ਕੱਠਾ ਕੀਤਾ ਹੋਇਆ।

ਮਾਸ ਰੁਧਿਰ ਕੋ ਕਰਹਿਂ ਅਹਾਰਾ।
ਹੋਹਿਂ ਤ੍ਰਿਪਤਿ ਬਹੁ ਲੇਹਿਂ ਡਕਾਰਾ' ॥੧੧॥

ਗੁਰੂ ਕਹ੍ਯੋ 'ਦੇਂ ਮਹਿਖ[1] ਮੰਗਾਈ।
[1]ਮਹਿਂ, ਸੰਢਾ।

ਭੱਖਹੁ ਮਾਸ ਛਾਂਗ[1] ਸਮੁਦਾਈ।
[1]ਬੱਕਰੇ।

ਜੇਤਿਕ ਚਹਹੁ ਕਹਹੁ ਅਬਿ ਮੋਹੀ।
ਦੇਂ ਅਨਵਾਇ ਤ੍ਰਿਪਤਿ ਜਿਮਿ ਤੋਹੀ' ॥੧੨॥

[4]'ਅਸ ਆਮਿਖ ਨਹਿਂ ਕਾਮ ਹਮਾਰੇ।
ਨਹਿਂ ਕਬਿ ਅਚਹਿਂ, ਨ ਛੁਧਾ ਨਿਵਾਰੇ।
ਮਮ ਅਹਾਰ ਤੁਮਰੇ ਕਰ ਅਹੈ।
ਅਪਰ ਬਿਧਿਨਿ ਸੋਂ ਤ੍ਰਿਪਤਿ ਨ ਲਹੈਂ ॥੧੩॥

ਸੋ ਮੈਂ ਕਹੋਂ ਸੁਨਹੁ ਗੁਰੁ ਧੀਰ।

ਦੁਹਦਿਸ਼ਿ ਦਲ ਜੁਟਹਿਂ ਬਰ ਬੀਰ।
ਕਰੈਂ ਹੰਕਾਰ ਸ਼ਸਤ੍ਰ ਪਰਹਾਰੈਂ।
ਹੁਇ ਘਾਇਲ ਪੁਨ ਤਿਸ ਕੋ ਮਾਰੈਂ ॥੧੪॥
ਹਟਹਿਂ ਨ ਪਾਛੈ ਸਨਮੁਖ ਗਿਰੈਂ।
ਮਾਰਿ ਮਾਰਿ ਰਿਪੁ ਗਨ ਰਨ ਮਰੈਂ।
ਅਸ ਜੋਧਾਨਿ ਮਾਸ ਹ੍ਵੈ ਜੋਇ।
ਸੋ ਹਮ ਖੈਬੇ ਲਾਯਕ ਹੋਇ ॥੧੫॥
ਚਿਰੰਕਾਲ ਭਾ ਜੰਗ ਨ ਭਯੋ।
ਯਾਂ ਤੇ ਨਹਿਂ ਅਹਾਰ ਕਿਤਿ ਖਯੋ।
ਸਭਿ ਕੁਟੰਬ ਜੁਤਿ ਛੁਧਿਤਿ ਬਿਸਾਲਾ।
ਰੁਧਰ ਨ ਪ੍ਰਾਪਤਿ ਭਾ ਕਿਸਿ ਕਾਲਾ ॥੧੬॥
ਯਾਂ ਤੇ ਤ੍ਰਿਖਾ ਮਹਾਂ ਕਰਿ ਬਯਾਕੁਲ।
ਕਰਤਿ ਉਡੀਕਨਿ ਹਮ ਕੁਲ ਆਕੁਲ[1]।
ਚਿਰੰਕਾਲ ਕੀ ਛੁਧਾ ਨਿਵਾਰੋ।
ਰਚਹੁ ਜੰਗ ਰਿਪੁ ਤਰਕਨਿ ਮਾਰੋ' ॥੧੭॥
ਸੁਨਿ ਬਿਕਸੇ ਗੁਰੁ ਬਾਕ ਬਖਾਨਾ।
'ਮਚਹਿ ਜੁੱਧ ਅਬਿ ਭੀਮ ਮਹਾਨਾ।
ਸੰਮਤ ਬਿਤਹਿਂ ਸੈਂਕਰੇ ਆਗੇ।
ਹੋਵਹਿਂ ਰਣ ਘਰਿ ਘਰਿ ਮਹਿਂ ਜਾਗੇ[1] ॥੧੮॥
ਹਮ ਕਰ ਦੇਹਿਂ ਪ੍ਰਥਮ ਪਲ ਤੋਹੀ[1]।
ਲੇਹੁ ਡਕਾਰ ਤ੍ਰਿਪਤਿ ਬਹੁ ਹੋਹੀ।
ਆਨਿ ਪਹੂਚਯੋ ਸਮੈਂ ਤੁਮਾਰਾ।
ਮਨ ਭਾਵਤਿ ਕਰਿ ਲੇਹੁ ਅਹਾਰਾ' ॥੧੯॥
ਕਲਹਾ ਸਹਤ ਜੋਗਨੀ ਬ੍ਰਿੰਦ।
ਭਯੋ ਸਭਿਨਿ ਉਤਸਾਹ ਬਿਲੰਦ।
ਕਰਿ ਕਰਿ ਨਮੋ ਨਾਚਿਬੇ ਲਾਗੀ।
ਲੇਤਿ ਭਵਾਰੀ ਰਣ ਅਨੁਰਾਗੀ ॥੨੦॥

[1]ਮੇਰੀ ਕੁਲ ਵਿਆਕੁਲ ਹੋਕੇ।

[1]ਜਗਤ ਵਿਚ (ਅ) (ਰਣ =) ਜੰਗ ਜਾਗ ਪੈਣਗੇ ਤੇ ਘਰ ਘਰ ਵਿਚ ਹੋਣਗੇ।

[1]ਪਹਿਲਾਂ ਤੇਰੇ ਹੱਥ ਮਾਸ ਅਸੀਂ ਦੇਵਾਂਗੇ।

ਅੰਤਰ ਧਜਾਨ ਭਈ[1] ਹਰਖੰਤੀ।
-ਅਬਿ ਤ੍ਰਿਪਤੈਂ ਹਮ ਬਹੁ ਛੁਧਿਵੰਤੀ[1]-।
ਸੋ ਦਿਨ ਸਤਿਗੁਰੁ ਕੀਨ ਬਿਤਾਵਨਿ।
ਨਿਸਿ ਮਹਿਂ ਕਰਿ ਭੋਜਨ ਕੋ ਖਾਵਨਿ ॥੨੧॥
ਸੁਪਤਿ ਜਥਾ ਮੁਖ ਰਾਤਿ ਬਿਤਾਈ।
ਜਾਗੇ ਪ੍ਰਭੁ ਸੌਚ ਤਨ ਪਾਈ।
ਕਰਿ ਸ਼ਨਾਨ ਮਨ ਠਾਨਜੋ ਧਜਾਨਾ।
ਪੁਨ ਗੁਰੁ ਬਾਨੀ ਪਾਠ ਬਖਾਨਾ ॥੨੨॥
ਕਿਰਤਨਿ ਸੁਨਤਿ ਸੁ ਭੋਜਨ ਖਾਯੋ।
ਬੈਠੇ ਹੁਤੇ ਗੁਰੂ ਸੁਖ ਪਾਯੋ।
ਤਾਰਾ ਚੰਦ ਤਖਤ ਮਲ ਦੋਊ।
ਪਸਚਮ ਦਿਸ਼ ਮਸੰਦ ਰਹਿਂ ਸੋਊ ॥੨੩॥
ਕਾਬਲ ਨਗਰ ਆਦਿ ਜੇ ਔਰਿ।
ਗੁਰੁ ਕੀ ਕਾਰ ਲੇਤਿ ਸਭਿ ਠੌਰ।
ਸੁਨਜੋ ਬਜਾਹ ਗੁਰੁ ਤਨੁਜਾ ਕੇਰਾ।
ਸਮੁਝੇ -ਖਰਚ ਦਰਬ ਬਹੁਤੇਰਾ- ॥੨੪॥
ਸਭਿ ਸਿੱਖਨਿ ਸੋਂ ਕਹਜੋ ਸੁਨਾਈ।
ਉਗਰਾਹੀ ਜਹਿਂ ਕਹਿਂ ਤਬਿ ਪਾਈ।
ਲੇ ਕਰਿ ਤਹਿਂ ਤੇ ਦਰਬ ਘਨੇਰੇ।
ਅਪਰ ਪਦਾਰਥ ਸੰਚਿ ਬਡੇਰੇ ॥੨੫॥
ਸੰਗਤਿ ਸੰਗਿ ਲਏ ਚਲਿ ਆਏ।
ਮਿਲੇ ਚਰਨ ਗੁਰੁ ਕੇ ਲਪਟਾਏ।
ਅਪਰ ਸਿੱਖ ਧਰਿ ਧਰਿ ਉਪਹਾਰਾ।
ਬੰਦਨ ਕਰਤੇ ਦਰਸ ਨਿਹਾਰਾ ॥੨੬॥
ਬਸਤ੍ਰ, ਬਿਭੂਖਨ, ਧਨ, ਧਰਿ† ਨਿਮੈਂ।
ਫਲ ਗਨ ਬਹੁ ਮੇਵੇ ਤਿਹ ਸਮੈਂ।
ਬ੍ਰਿੰਦ ਉਪਾਇਨ ਗੁਰੂ ਅਗਾਰੀ।
ਅਰਪਿ ਅਰਪਿ ਗੁਰ ਦਰਸ਼ ਨਿਹਾਰੀ ॥੨੭॥
ਕ੍ਰਿਪਾ ਦ੍ਰਿਸ਼ਟਿ ਕਰਿ ਪਿਖੈਂ ਗੁਸਾਈਂ।

[1]ਗੁੰਮ ਹੋ ਗਈਆਂ।
[1]ਭੁੱਖੀਆਂ।
†ਪਾ:-ਧਰ ਧਰਿ।

ਮਨੋ ਕਾਮਨਾ ਸਭਿ ਨੇ ਪਾਈ।
ਅਘ ਗਨ ਮਿਟੇ ਪੁਨੀਤ ਭਏ ਹੈਂ।
ਬਰ ਸੁਤ ਬਿਤ ਗਨ ਆਦਿ ਲਏ ਹੈਂ ॥੨੮॥
ਬਜਾਹ ਜਾਨਿ ਉਤਲਾਵਤਿ ਆਏ।
ਸਮੈਂ ਦੁਪਹਿਰੀ ਦਰਸ਼ਨ ਪਾਏ।
ਛੁਧਿਤਿ ਹੁਤੇ ਸਿਖ ਸੰਗਤਿ ਸਾਰੇ।
ਦੇਗ਼ ਚੁਕੀ ਹੁਇ, ਨਹੀਂ ਅਹਾਰੇ ॥੨੯॥
ਸਭਿ ਕੀ ਕੁਸ਼ਲ ਬੂਝਿ ਗੁਰੁ ਸ੍ਵਾਮੀ[1]।
-ਬਡੀ ਭੋਰ ਕੇ ਮਾਰਗ ਗਾਮੀ।
ਸ਼੍ਰਮਤਿ ਅਹੈਂ ਕਬਿ ਕਰੈਂ ਅਹਾਰਾ[1]-।
ਇਮ ਲਖਿ ਸਤਿਗੁਰ ਬਾਕ ਉਚਾਰਾ ॥੩੦॥
'ਅੰਤਰਿ ਹੋਤਿ ਜਹਾਂ ਪਕਵਾਨ।
ਕਹਿ ਕਹਿ ਪਠੇ ਦਾਸ ਤਿਸਿ ਥਾਨ।
ਹਿਤ ਸਿੱਖਨਿ ਕੇ ਆਨਹੁ ਜਾਇ।
ਥਕਤਿ ਛੁਧਿਤਿ ਬਹੁ ਇਹ ਸਮੁਦਾਇ ॥੩੧॥
ਤ੍ਰਿਪਤਿ ਕਰਹੁ ਦੀਜੈ ਹਿਤ ਖੈਬੇ।'
ਗਏ ਦਾਸ ਅੰਤਰਿ ਤਬਿ ਲੈਬੇ।
ਜਹਿਂ ਦਮੋਦਰੀ ਥਿਤ ਸਾਵਧਾਨ।
ਕਰਿਵਾਵਤਿ ਬਹੁ ਬਿਧਿ ਪਕਵਾਨ ॥੩੨॥
ਕੋਸ਼ਠ ਅੰਤਰ ਕਰਿ ਕਰਿ ਧਰੈ।
ਹਿਤ ਬਰਾਤ ਕੇ ਸੰਚਨਿ ਕਰੈ।
ਸੁਤਾ ਬਜਾਹ ਮਹਿਂ ਪ੍ਰੀਤ ਮਹਾਨੀ।
ਜਿਮਿ ਆਛੋ ਹੁਇ ਤਿਮਿ ਰੁਚਿ ਠਾਨੀ ॥੩੩॥
ਤਬਿ ਸਿੱਖਨਿ ਕਰਿ ਜੋਰਿ ਅਲਾਏ।
'ਸੁਨਹੁ ਮਾਤ ਜੀ! ਗੁਰੂ ਪਠਾਏ।
ਪਸ਼ਚਮ ਤੇ ਸੰਗਤਿ ਕਛੁ ਆਈ।

[1]ਪੁੱਛਕੇ (ਫੇਰ ਵਿਚਾਰ ਕੀਤੀ ਕਿ-)।

[1]ਕਦੋਂ ਭੋਜਨ ਛਕਣਗੇ (ਭਾਵ ਸੰਧਜਾ ਦੇ ਲੰਗਰ ਵਿਚ ਦੇਰ ਹੈ)।

ਅਨਗਨ ਰੁਚਿਰ ਉਪਾਇਨ ਲਜਾਈ
॥੩੪॥
ਦੇਗ ਬਿਖੈ ਅਬਿ ਨਹੀਂ ਅਹਾਰਾ।
ਛੁਧਿਤ ਸਿੱਖ ਅਬਿ ਲੌਂ, ਦਿਨ ਢਾਰਾ[1]। [1]ਦਿਨ ਢਲ ਗਿਆ ਹੈ।
ਤਿਨਿ ਹਿਤ ਮੰਗਵਾਯੋ ਪਕਵਾਨ।
-ਕਛੁਕ ਤ੍ਰਿਪਤਿ ਹੁਇ ਕਰਿ ਕੈ ਖਾਨ
॥੩੫॥
ਪੁਨ ਸੰਧਜਾ ਹੁਇ ਦੇਗ ਅਹਾਰਾ[1]-। [1]ਲੰਗਰ ਵਿਚ ਭੋਜਨ।
ਇਸ ਪ੍ਰਕਾਰ ਸਤਿਗੁਰੂ ਉਚਾਰਾ। '
ਸੁਨਿ ਦਮੋਦਰੀ ਮਤਿ ਬਿਚਲਾਈ[1]। [1]ਵਿਚਲ ਗਈ।
ਸਿੱਖ ਬਿਸਾਲ ਸਦਨ ਜਨਮਾਈ[1] ॥੩੬॥ [1]ਸੀ ਤਾਂ) ਬੜੇ (ਸਿਦਕ ਵਾਨ) ਸਿੱਖ ਦੇ ਘਰ ਜਨਮੀ ਹੋਈ।
ਗੁਰੁ ਘਰਿ ਮਹਿਂ ਨਿਤ ਬਾਸ ਕਰੰਤੀ।
ਸਿੱਖੀ ਮਹਿਮਾ ਅਧਿਕ ਲਖੰਤੀ।
ਤਊ ਜਿ ਹੋਨਿਹਾਰਿ ਗਤਿ ਹੋਇ।
ਫੇਰੀ ਮਤਿ, ਬੋਲੀ ਬਚ ਸੋਇ ॥੩੭॥
'ਇਹ ਪਕਵਾਨ ਸਗੁਨ ਕੇ ਸਨੋ।
ਕਰਿ ਕਰਿ ਤਜਾਰਿ ਰਾਖਤੀ ਘਨੋ।
ਅਬਿ ਲੌਂ ਖਰਚਿ ਨਹੀਂ ਕਿਤਿ ਕਰਜੋ।
ਜੋ ਹੋਵਤ ਸੋ ਅੰਤਰਿ ਧਰਜੋ ॥੩੮॥
ਪ੍ਰਥਮ ਬਰਾਤੀ ਅਚਵਨਿ ਕਰਿ ਹੈਂ।
ਤਿਨਿ ਪੀਛੇ ਕੋ ਮੁਖ ਮਹਿਂ ਧਰਿ ਹੈ।
ਪ੍ਰਥਮ ਨ ਉਚਿਤ ਕਿਸੂ ਕੋ ਦੈਬੇ।
ਬਿਗਰਤਿ ਰੀਤਿ ਜਿ ਕਿਮਿ ਲੇ ਖੈਬੇ[1] [1]ਜਿ ਕਿਵੇਂ ਕੋਈ ਲੈਕੇ ਖਾ ਲਵੇ ਤਾਂ।
॥੩੯॥
ਕਿਮਿ ਸਿੱਖਨਿ ਹਿਤ ਪੂਰਬ ਦੈਹੈਂ।
ਜਬਿ ਲੌ ਨਹਿਂ ਬਰਾਤਿ ਕੁਛ ਖੈਹੈ। '
ਸੁਨਤਿ ਸਿੱਖ ਛੂਛੇ ਹਟਿ ਆਏ।
'ਕਹੈਂ[1] -ਨ ਅਬਿ ਲੌਂ ਸ਼ਗੁਨ ਮਨਾਏ [1]ਸਿਖਾਂ ਕਿਹਾ ਕਿ ਮਾਤਾ ਜੀ) ਕਹਿੰਦੇ ਹਨ ਕਿ......।
॥੪੦॥
ਜਬਹਿ ਬਰਾਤੀ ਅਚਿਵਨਿ ਕਰੈਂ।
ਪੀਛੇ ਅਪਰ ਕੋਇ ਮੁਖ ਧਰੈ।

ਬਿਗਰਹਿ ਰੀਤਿ ਅਹੈ ਜਗ ਜੋਇ।
ਜੇ ਅਬਿ ਅਚਹਿਂ ਸਿੱਖ ਗਨਿ ਸੋਇ-'
॥੪੧॥
ਸਿਖ ਸੰਗਤਿ ਚਹੁੰ ਦਿਸ਼ ਪਰਵਾਰੇ।
ਸੁਨਤਿ ਗੁਰੂ ਰਿਸ ਕੋ ਉਰ ਧਾਰੇ।
'ਆਇਸੁ ਮੇਟਨਿ ਕਰਹਿ ਹਮਾਰੀ।
ਚਹਿਤਿ ਬਰਾਤਿ ਅਚਾਉਂ[1] ਅਹਾਰੀ
॥੪੨॥
[1]ਖੁਵਾਉਣਾ।
ਸਿੱਖ ਸਦਾ ਮੋ ਕਹੁ ਅਤਿ† ਪਜਾਰੇ।
ਨਿਸ ਦਿਨ ਜਿਨ ਕੋ ਰਿਦੇ ਸੰਭਾਰੇ[1]।
†ਪਾ:-ਹਿਤ।
[1]ਮੈਂ ਸੰਭਾਲਦਾ ਹਾਂ।
ਜਿਮਿ ਉਪਬਨ ਮਹਿਂ ਤਰੁਵਰੁ ਖਰੇ।
ਸਭਿਨਿ ਸੰਭਾਲਨਿ ਮਾਲੀ ਕਰੇ ॥੪੩॥
ਪਾਰਤਿ ਹੈ ਕਰਿ ਪ੍ਰੇਮ ਘਨੇਰਾ।
ਤਿਮਿ ਸੰਗਤਿ ਉਪਬਨ ਹੈ ਮੇਰਾ।
ਜਿਹ ਠਾਂ ਹੁਯੋ ਅਮੰਗਲ[1] ਚਾਹਤਿ।
[1]ਬੇਰਸੀ, ਨਾ ਖ਼ੁਸ਼ੀ।
ਪੁਰਨਿ ਕਾਜ ਮਹਿਂ ਬਿਘਨ ਉਮਾਹਤਿ[1]
॥੪੪॥
[1]ਤੇ ਕਾਰਜ ਪੂਰਨ ਹੋਣ ਵਿਚ ਵਿਘਨ ਵਜਾਪਣਾ ਹੋਵੇ।
ਕਰਤਿ ਅਨਾਦਰ ਤਹਿਂ ਸਿਖ ਕੇਰਾ।
ਤਿਹ ਕੇ ਸੰਗਿ ਹੋਤਿ ਹੈ ਮੇਰਾ[1]।
[1]ਤਿਨ੍ਹਾਂ (ਸਿੱਖਾਂ) ਨਾਲ ਮੇਰਾ ਬੀ (ਅਨਾਦਰ) ਹੁੰਦਾ ਹੈ।
ਕਜੋਂ ਸੁਖ ਪ੍ਰਾਪਤਿ ਹੋਵਹਿ ਤਿਨ ਕੋ।
ਗਿਰਜੋ ਰਿਦੈ ਤੇ ਨਿਸ਼ਚਾ ਜਿਨ ਕੋ
॥੪੫॥
ਪ੍ਰਿਯ ਮੇਰੇ ਸਿਖ ਜਹਿਂ ਚਲਿ ਜਾਵੈਂ।
ਭੋਜਨ ਆਦਿਕ ਆਦਰ† ਪਾਵੈਂ।
†ਪਾ:-ਤਹਿਂ ਤੇ।
ਤਹਾਂ ਬਿਘਨ ਗਨ ਹੋਤਿ ਬਿਨਾਸ਼ਾ।
ਪੂਰਨ ਕਰਹਿਂ ਤਿਨਹੁਂ ਕੀ ਆਸਾ ॥੪੬॥
ਜੇ ਕਰਿ ਗੁਰ ਘਰ ਕੋ ਪਕਵਾਨ।
ਨਹੀਂ ਉਚਿਤ ਸਿੱਖਨ ਕੇ ਖਾਨ।
ਤੌਂ ਮਲੇਛ ਕੇ ਜੋਗ ਪਛਾਨੋ।
ਬਲ ਤੇ ਕਰਹਿਂ ਆਨਿ ਕਰਿ ਖਾਨੋ
॥੪੭॥
ਹੋਹਿ ਅਮੰਗਲ, ਬਿਘਨ ਪਰੈ ਹੈਂ।

ਨੀਕੋ ਕਾਜ ਨ ਪੂਰਨ ਹ੍ਵੈ ਹੈਂ[1]।'
ਸੁਨਿ ਗੁਰੁ ਸ੍ਰਾਪ ਦਿਯੋ ਘਰ ਆਪੇ[1]।
ਸਰਬ ਸਿੱਖ ਤਬਿ ਥਰਹਰ ਕਾਂਪੇ ॥੪੮॥
ਕ੍ਰੁੱਧਤਿ ਬਦਨ ਦੇਖਿ ਗੁਰੁ ਕੇਰਾ।
ਨਹਿਂ ਕੋ ਬੋਲ ਸਕ੍ਯੋ ਤਿਸ ਬੇਰਾ।
ਮੁਖ ਨੀਚੇ ਕਰਿ ਢਿਗਿ ਥਿਰ ਸਾਰੇ।
-ਬਡੋ ਬਿਘਨ ਭਾ- ਰਿਦੇ ਬਿਚਾਰੇਂ ॥੪੯॥
ਤਿਹ ਛਿਨ ਇਕ ਆਯਹੁ ਹਲਵਾਈ।
ਲ੍ਯਾਇ ਰਜਤਪਣ ਪੰਚ ਮਿਠਾਈ[1]।
ਹਾਥ ਜੋਰਿ ਸੋ ਭਯੋ ਖਰੋਵਾ।
'ਸ਼੍ਰੀ ਗੁਰੁ ਜੀ! ਮਮ ਕਾਰਜ ਹੋਵਾ ॥੫੦॥
ਕਰੀ ਹੁਤੀ ਮੈਂ ਸੁੱਖ[1] ਤੁਮਾਰੀ।
ਆਸ ਪੁਰੀ ਤੇ ਲ੍ਯਾਇ ਅਗਾਰੀ[1]।'
ਬਿਕਸੇ ਕੁਛ ਸਤਿਗੁਰੂ ਬਖਾਨੇ।
'ਦਿਹੁ ਸਿਖ ਸੰਗਤਿ ਕੋ ਇਹੁ ਖਾਨੇ' ॥੫੧॥
ਬਾਕ ਮਾਨਿ ਸਿੱਖਨ ਸੋ ਲੀਨਿ।
ਸਭਿ ਬਰਤਾਇ ਅਚਵਨੋ ਕੀਨਿ।
ਹੁਤੇ ਛੁਧਿਤਿ ਲੇ ਕੁਛ ਤ੍ਰਿਪਤਾਏ।
ਥਿਰੇ ਸਰਬ ਹੀ ਨਿਜ ਨਿਜ ਥਾਏਂ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸੰਗਤ' ਪ੍ਰਸੰਗ ਬਰਨਨੰ ਨਾਮ ਦੁਤਿਯੋ ਅੰਸੂ ॥੨॥

[1]ਚੰਗੀ ਤਰ੍ਹਾਂ ਕਾਰਜ ਪੂਰੇ ਨਹੀਂ ਹੋਣਗੇ।
[1]ਸੁਣਕੇ (ਸਿੱਖਾਂ) ਨੇ ਗੁਰੂ ਜੀ ਦਾ ਆਪਣੇ ਘਰ ਨੂੰ ਦਿੱਤਾ ਸਰਾਪ।
[1]ਪੰਜਾਂ ਰੁਪਯਾਂ ਦੀ ਮਠਿਆਈ।
[1]ਸੁਖਣਾਂ।
[1]ਆਪ) ਦੇ ਅੱਗੇ।

੩. [ਸ਼ਿਕਾਰ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਸੁਨਿ ਸਤਿਗੁਰੁ ਕੇ ਸ੍ਰਾਪ ਕੋ, ਸਕਲ ਰਹੇ ਬਿਸਮਾਇ।
ਸੁਧਿ ਦਮੋਦਰੀ ਢਿਗ ਗਈ, ਬਹੁਤਿ ਬੈਠਿ ਪਛੁਤਾਇ ॥੧॥

ਚੌਪਈ:

ਸੰਕਟਿ ਪਾਇ ਬਿਸੂਰਤਿ ਭਾਰੀ।
-ਕੀਨਿ ਕਹਾਂ ਮੈਂ ! ਨਹੀਂ ਬਿਚਾਰੀ।
ਪਤਿ ਕੀ ਆਇਸੁ ਮੋਰਿ ਮਿਟਾਈ[1]। [1]ਮੋੜੀ ਤੇ ਉਲਟਾਈ।
ਨਹਿ ਆਛੀ ਕਿਸ ਕੇ ਮਨ ਭਾਈ- ॥੨॥
ਭਈ ਨਿਸਾ ਗੁਰੁ ਮਹਿਲੀਂ ਗਏ।
ਬਰ ਪ੍ਰਯੰਕ ਪਰ ਬੈਠਤਿ ਭਏ।
ਚਲਿ ਦਮੋਦਰੀ ਤਿਸ ਛਿਨ ਆਈ।
ਗੁਰੁ ਕੇ ਸ੍ਰਾਪ ਅਧਿਕ ਡਰਪਾਈ ॥੩॥
'ਮੁਝ ਏਕਲਿ ਕੀ ਸੁਤਾ ਨ ਕੋਈ।
ਰਾਵਰ ਤੇ ਹੀ ਉਤਪਤਿ ਹੋਈ।
ਜਿਸ ਕੇ ਬਜਾਹਿ ਬਿਖੈ ਦਿਯ ਸ੍ਰਾਪ।
ਚਹਜੋ ਅਮੰਗਲ ਕਰਿਬੇ ਆਪਿ ॥੪॥
ਅਪਰ ਸ਼ਕਤਿ ਕਿਸਿ ਮਹਿਂ ਜੋ ਮੋਰੈ।
ਜਾਨੀ ਪਰਹਿ ਆਪਦਾ[1] ਘੋਰੈ। [1]ਕਰੜੀ ਵਿਪਦਾ ਪੈਂਦੀ ਦਿੱਸਦੀ ਹੈ।
ਕਰਹੁ ਕ੍ਰਿਪਾ ਫੇਰਹੁ ਨਿਜ ਬੈਨ।
ਨਾਂਹਿ ਤ ਉਜਰਿ ਹੋਵਹਿ ਐਨ ॥੫॥
ਦੁਹਿਤਾ ਪ੍ਰਿਯਾ ਕੁਸ਼ਲ ਸੋਂ ਰਹੈ।
ਮਹਾਂ ਬਿਘਨ ਘਰਿ ਪਰਿਬੋ ਚਹੈ।
ਰਹਹਿਂ ਬਰਾਤੀ ਕੁਸ਼ਲ ਸਮੇਤਿ।
ਸੁਖ ਸੋਂ ਪਹੁੰਚਹਿਂ ਬਹੁਰ ਨਿਕੇਤ[†]' ॥੬॥ [†]ਪਾ:-ਕਰ ਉਪਬਜਾਹ ਪਹੂੰਚ ਨਿਕੇਤ।
ਭਈ ਦੀਨ ਪਿਖਿ ਆਤੁਰ ਭਾਰੀ।
ਸ੍ਰੀ ਹਰਿ ਗੋਵਿੰਦ ਗਿਰਾ ਉਚਾਰੀ।
'ਬਿਘਨ ਮੂਲ ਮਤਿ ਤੈਂ ਉਰ ਧਾਰਾ।
ਕਯੋਂ ਨ ਕਰਤਿ ਅਬਿ ਅੰਗੀਕਾਰਾ[1] [1]ਬਿਘਨ ਨੂੰ ਕਬੂਲ ਕਿਉਂ ਨਹੀਂ ਕਰਦੀ।

॥੭॥
ਗੁਰ ਕੇ ਸਿੱਖ ਲਖੇ ਅਸਿ ਖੋਟੇ।
-ਉਚਿਤ ਨ ਭੋਜਨ ਕੇ- ਕਹਿ ਹੋਟੇ।
ਹੋਨਿਹਾਰਿ ਤਵ ਰਿਦੇ ਬਸਾਈ।
ਕਰਿ ਔਗੁਨ ਕੋ ਪੁਨ ਪਛੁਤਾਈ ॥੮॥
ਕੁਛੁ ਆਛੋ ਫਲ ਜਾਨਜੋ ਜਾਇ[1]।

[1]ਪਰ ਫੇਰ ਬੀ) ਕੁਛ ਫਲ (ਤੇਰੇ ਪਛੁਤਾਵੇ ਦਾ) ਚੰਗਾ ਜਾਣਿਆਂ ਜਾਂਦਾ ਹੈਂ।

ਨਰ ਗਨ ਮਹਿਂ ਕੁਸ਼ਲੀ ਬਨਿ ਆਇ[1]।

[1]ਸੁੱਖ ਵਰਤੇਗੀ।

ਅਪਰ ਬਿਘਨ ਸੋ ਹਟਹਿਂ ਨ ਕੈਸੇ।
ਭਯੋ ਬਾਕ ਹੋਯਹੁ ਚਹਿ ਤੈਸੇ' ॥੯॥
ਕੁਛ ਦਮੋਦਰੀ ਹਰਖਤਿ ਹੋਈ।
-ਨਰ ਗਨ ਵਿਖੈ ਕੁਸ਼ਲ ਰਹਿ ਜੋਈ।
ਸੁਖ ਸੋਂ ਜਾਇਂ ਬਰਾਤੀ ਘਰ ਕੋ-।
ਤਊ ਡਰਤਿ ਉਰ ਲਾਗਤਿ ਧਰਕੋ[1] ॥੧੦॥

[1]ਧੜਕਾ।

ਮੁਖ ਕੁਮਲਾਇ ਸਸ਼ੰਕਤਿ ਹੋਈ।
ਦਹਿਨ ਬਿਲੋਚਨ ਫਰਕਤਿ ਜੋਈ[1]।

[1]ਸੱਜਾ ਨੇਤ੍ਰ ਫੁਰਕਦਾ ਹੈ। ਇਸਤ੍ਰੀ ਦੀ ਸਜੀ ਅੱਖ ਫਰਕਣੀ ਮਾੜਾ ਸ਼ਗਨ ਹੈ।

ਦਾਰੁਨ ਕਾਕ[1] ਸ਼ਬਦ ਕੋ ਕਰੈ।

[1]ਕਾਂ।

ਗ੍ਰਿੱਧਨਿ ਸਹਤ ਭ੍ਰਮਤਿ ਘਰ ਥਿਰੈ ॥੧੧॥
ਮਹਾਂ ਉਦਾਸ ਦਿਵਸ ਦਿਖਿਯੰਤੇ†।

†ਕਵੀ ਜੀ ਬੁਰੇ ਸ਼ਗਨਾਂ ਦਾ ਝਾਕਾ ਬੰਨ੍ਹ ਰਹੇ ਹਨ।

ਮਹਾਂ ਅਮੰਗਲ ਨਿਮਿਤ ਦ੍ਰਸੰਤੇ†।

†ਪਾ:-ਸ਼ਿਵਾ ਬਮਤ ਪਾਵਕ ਲਖਿਯੰਤੇ।

ਸਿਮਰਤਿ ਸਾਸੁ ਕੋ[1] ਤਿਹ ਸਮੈ।

[1]ਯਾਦ ਕਰਦੀ ਹੈ ਮਾਤਾ ਗੰਗਾ ਜੀ ਨੂੰ।

-ਤਿਸ ਕੇ ਅਛਤ ਫਿਕਰ ਨਹਿਂ ਹਮੈ ॥੧੨॥
ਜਿਸਿ ਕੇ ਜੀਵਤਿ ਰਹੇ ਸੁਖਾਰੇ।
ਨਿਜ ਦੁਖ ਕਿਸਿ ਕੇ ਨਿਕਟ ਉਚਾਰੇਂ।
ਹੁਈ ਹੁਤੀ ਜੇ ਮੁਝ ਤੇ ਬੁਰੀ।
ਸੁਨਿ ਕਰਿ ਜਗ ਗੁਰੁ ਛਿਮਾ ਨ ਕਰੀ ॥੧੩॥
ਕਿਮਿ ਬੀਤਹਿਗੀ ਬਜਾਹ ਮਜਾਰੇ।
ਬੁਰੇ ਸ਼ਗੁਨ ਸਭਿ ਜਾਹਿਂ ਨਿਹਾਰੇ।

ਨਹਿਂ ਸਨਬੰਧੀ ਮੇਲਿ ਬੁਲਾਯੋ।
ਬਹੁਰ ਕ੍ਰੋਪ ਕੈ ਸ੍ਰਾਪ ਅਲਾਯੋ- ॥੧੪॥
ਇੱਤਜਾਦਿਕ ਬਹੁ ਰਿਦੈ ਬਿਚਾਰਤਿ।
ਉਰ ਦਮੋਦਰੀ ਚਿੰਤਾ ਆਰਤਿ।
ਗੁਰੁ ਘਰ ਕੋ ਇਮਿ ਭਾ ਬਿਰਤਾਂਤਿ।
ਰਚਜੋ ਬਜਾਹ ਕਰਿ ਤਜਾਰੀ ਦਾਤਿ[1] ॥੧੫॥ [1]ਦਾਜ ਆਦਿ ਦੀ।
ਅਬਿ ਸੁਣੀਯਹਿ ਜਿਮਿ ਪਰਜੋ ਬਿਗਾਰ।
ਭਯੋ ਜੁੱਧ ਬਹੁ ਭਟਨਿ ਸੰਘਾਰਿ[1]। [1]ਸੂਰਮੇਂ ਨਾਸ਼ਕ।
ਲਵਪੁਰਿ ਸ਼ਾਹਜਹਾਂ ਕਿਯ ਬਾਸਾ।
ਅਨਗਨ ਚਮੂੰ ਧਰੀ ਚਹੁ ਪਾਸਾ ॥੧੬॥
ਪੈਦਲ ਬ੍ਰਿੰਦ ਕਰੇ ਬਹੁ ਡੇਰੇ।
ਤਿਮਿ ਹਯ ਕੇ ਅਸੁਵਾਰਿ ਘਨੇਰੇ।
ਗਨ ਮਤੰਗ ਚਿੰਘਾਰਤਿ ਖਰੇ।
ਕੰਚਨ ਰਜਤ ਝੂਲ ਪਰਵਰੇ[1] ॥੧੭॥ [1]ਸੋਨੇ ਚਾਂਦੀ ਦੇ ਝੁੱਲਾਂ ਨਾਲ ਢੱਕੇ ਹੋਏ।
ਚਹੂੰ ਦਿਸ਼ਿਨਿ ਕੋ ਧਨ ਗਨ ਆਵੈ।
ਦੰਡ ਭਰੈਂ ਸਗਰੇ ਡਰਪਾਵੈਂ।
ਅਵਨੀ ਤਲ ਮਹਿ[1] ਅਸ ਨਹਿਂ ਕੋਈ। [1]ਹਿੰਦ ਦੀ) ਸਾਰੀ ਧਰਤੀ ਤੇ।
ਲੋਹਾ ਲੇਹਿ ਸਮੁਖ ਹੁਇ ਜੋਈ[1] ॥੧੮॥ [1]ਤਲਵਾਰ ਲੈਕੇ ਸਾਹਮਣੇ ਹੋਵੈ (ਭਾਵ ਜੰਗ ਕਰੇ)।
ਚੱਕ੍ਰਵਰਤਿ ਜਿਮਿ ਪ੍ਰਥਮ[1] ਮਹਾਨੇ। [1]ਜਿਵੇਂ ਪਹਿਲੇ ਚੱਕ੍ਰਵਰਤੀ (ਰਾਜੇ) ਹੁੰਦੇ ਸਨ।
ਅਬਿ ਕਲਿ ਮਹਿਂ ਇਹ ਤਿਨਹੁ ਸਮਾਨੇ।
ਦਸ ਹਜ਼ਾਰ ਤੋਪਾਂ ਜਿਹ ਸੰਗਿ।
ਛੁਟਹਿਂ, ਸ਼ਕਤਿ ਜਿਨਿ ਦੇ ਗਿਰ ਭੰਗ[1] ॥੧੯॥ [1]ਜੇ ਤੋਪਾਂ) ਛੁੱਟਣ ਤਿਨ੍ਹਾਂ ਦੀ ਸ਼ਕਤੀ ਪਹਾੜ ਨੂੰ ਤੋੜ ਦੇਵੇ।
ਅਰਹਿਂ ਦੁਰਗ ਇਹੁ ਬਪੁਰੇ ਕਹਾਂ[1]। [1]ਕਿਲੇ ਵਿਚਾਰੇ ਉਨ੍ਹਾਂ ਅੱਗੇ ਕੀ ਹਨ।
ਥਰਹਰ ਧਰ ਕੰਪਾਵਤਿ ਮਹਾਂ।
ਅਰਧ ਲੱਛ[1] ਰਹਿਂ ਤਜਾਰ ਜਮੂਰੇ। [1]ਅੱਧਾ ਲੱਖ।
ਰਣ ਮਹਿਂ ਰਿਪੁਨਿ ਪ੍ਰਹਾਰਹਿਂ ਦੂਰੇ[1] ॥੨੦॥ [1]ਵੈਰੀਆਂ ਨੂੰ ਮਾਰਨ ਵਾਲੇ ਦੂਰੋਂ ਹੀ।
ਬਡ ਸਮਾਜ ਸੋਂ ਉਤਰਜੋ ਸ਼ਾਹੂ।
ਸੇਵਹਿਂ ਸਭਿ ਛਿਤਿ ਕੇ ਨਰਨਾਹੂ।
ਇਕ ਦਿਨ ਨਿਕਸਜੋ ਲਵਪੁਰਿ ਛੋਰਾ।

ਕਰਿ ਕੈ ਬਦਨ ਸੁਧਾਸਰ ਓਰਾ ॥੨੧॥
ਕਾਨਨ[1] ਮਹਿਂ ਗਨ ਜੀਵਨਿ ਘਾਵੈ। [1]ਬਨ।
ਸ੍ਵਾਨਨਿ ਤੇ ਗਨ ਮ੍ਰਿਗਨਿ ਗਹਾਵੈ।
ਕਰਤਿ ਅਖੇਰ ਆਧਿ ਮਗ ਆਵਾ।
ਸ਼੍ਰਮਤਿ ਸ਼ਾਹੁ ਤਹਿਂ ਕੁਛ ਅਲਸਾਵਾ[1] ॥੨੨॥ [1]ਆਰਾਮ ਕੀਤਾ।
ਕਰਯੋ ਨਿਵੇਸ ਨਿਸਾ ਬਿਸਰਾਮਾ।
ਲਗੇ ਤਹਾਂ ਤੰਬੂ ਅਬਿਰਾਮਾ।
ਬ੍ਰਿੰਦ ਬਾਹਨੀ ਉਮਡਤਿ ਆਈ।
ਕਰਿ ਦੀਨਿਸਿ ਡੇਰਾ ਚਹੁ ਘਾਈ ॥੨੩॥
ਗਜ ਬਾਜੀ ਨੇ ਬਨ ਮਥਿ ਗੇਰਾ[1]। [1]ਗਾਹ ਸੱਟਿਆ।
ਉਤਰਯੋ ਲਸ਼ਕਰ ਸ਼ਾਹੁ ਘਨੇਰਾ।
ਗਨ ਉਮਰਾਵ ਚਮੂੰ ਜੁਤਿ ਆਇ।
ਜੋ ਨਿਤ ਕਰਹਿਂ ਸਲਾਮਨਿ ਜਾਇ ॥੨੪॥
ਖਾਨ ਪਾਨ ਕਰਿ ਕੈ ਸਮੁਦਾਈ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਾਤ ਪਿਖਿ ਜਾਗਯੋ ਸ਼ਾਹੂ।
ਕਰਨਿ ਅਖੇਰ ਚਹਿਤਿ ਚਿਤ ਮਾਂਹੂ ॥੨੫॥
ਗਨ ਚੀਤੇ ਅਰੁ ਸ੍ਵਾਨਿ ਬਿਸਾਲੇ।
ਭੱਖਜਤਿ ਆਮਿਖ ਘ੍ਰਿਤ ਬਲ ਵਾਲੇ[1]। [1]ਭਾਵ ਹੈ ਜੋ ਘਿਉ ਤੇ ਮਾਸ ਖਾ ਖਾ (ਕੇ ਪਲੇ ਹੋਏ ਸਨ)।
ਬਹਿਰੀ, ਬਾਜ, ਕੁਹੀ, ਬਹੁ ਸ਼ਿਕਰੇ।
ਲਗਰ, ਝਗਰ, ਜੁਰਰੇ, ਖਗ ਪਕਰੇ[1] ॥੨੬॥ [1]ਪੰਛੀ ਪਕੜਨ ਵਾਲੇ।
ਬਾਜ, ਜੁਹੀ ਲੀਨੇ ਗਨ ਆਯੋ।
ਪਿਖਹਿ ਤਮਾਸ਼ਾ ਆਵਤਿ ਧਾਯੋ।
ਨਿਕਟਿ ਸੁਧਾਸਰਿ ਪਹੁੰਚੇ ਆਇ।
ਕੋਸ ਛਿ ਸਾਤ ਸੁ ਰਹਿਗੀ ਥਾਇਂ ॥੨੭॥
ਇਤਿ ਤੇ ਸਤਿਗੁਰੁ ਚਹਯੋ ਅਖੇਰੇ।
ਬਲੀ ਤੁਰੰਗ ਮੰਗਾਯਹੁ ਨੇਰੇ।
ਗਨ ਸੁਭਟਨਿ ਕੋ ਸੁਧਿ ਜਬਿ ਹੋਈ।

ਭਯੇ ਤਜਾਰਿ ਤੁਰਨਿ ਸਭਿ ਕੋਈ ॥੨੮॥
ਹਯਨਿ ਜ਼ੀਨ ਪਾਏ ਤਤਕਾਲਾ।
ਬਸਤ੍ਰ ਸ਼ਸਤ੍ਰ ਸਭਿ ਧਰੇ ਬਿਸਾਲਾ।
ਚਢੇ ਤੁਰਤਿ ਸਤਿਗੁਰੁ ਢਿਗ ਆਏ।
ਨਿਜ ਕੰਧਨਿ ਬੰਦੂਕ ਟਿਕਾਏ ॥੨੯॥
ਕਿਹ ਤੋਮਰ ਕਿਹ ਗਹੀ ਕਮਾਨ।
ਇਸ ਪ੍ਰਕਾਰ ਹੋਏ ਸਵਧਾਨ।
ਸਤਿਗੁਰ ਗਰੇ ਖੜਗ ਕੋ ਪਾਏ।
ਧਰਿ ਤਰਕਸ਼ ਕਟ[1] ਕਸੀ ਸੁਹਾਏ ॥੩੦॥
ਕੰਧੈ ਧਨੁਖ ਕਠੋਰ ਕਰਾਲਾ[1]।
ਭਏ ਤਜਾਰਿ ਸਤਿਗੁਰ ਤਤਕਾਲਾ।
ਚੰਚਲ ਬਲੀ ਕੁਮੈਤ[1] ਸੁ ਬਾਜਿ।
ਆਰੋਹੇ ਗਹਿ, ਕਰ ਧਰਿ ਬਾਜ[1] ॥੩੧॥
ਜੁਰਰੇ, ਕੁਹੀ, ਸ੍ਵਾਨ ਬਲਵੰਤੇ।
ਮੀਰ ਸ਼ਿਕਾਰ ਸੰਗਿ ਗਮਨੰਤੇ।
ਦੁਇ ਤ੍ਰੈ ਕੋਸ ਫਿਰੇ ਬਨ ਗਾਹਤਿ।
ਹਨਿਬੇ ਸ਼ੂਕਰ, ਸਸੇ ਉਮਾਹਤਿ ॥੩੨॥
ਆਗਾ ਸ਼ਾਹਜਹਾਂ ਕੋ ਜਹਾਂ।
ਸ਼੍ਰੀ ਹਰਿਗੋਵਿੰਦ ਗਮਨੇ ਤਹਾਂ।
ਚਤੁਰ ਕੋਸ ਕੋ ਅੰਤਰ[1] ਰਹਯੋ।
ਕਰਯੋ ਅਖੇਰ ਜਿਤਿਕ ਚਿਤ ਚਹਯੋ ॥੩੩॥
ਤੀਤਰ, ਲਵਾ[1], ਬਟੇਰ ਸੰਘਾਰੇ।
ਸੂਕਰ, ਸਸੇ ਬਿਲੋਕਿ ਪ੍ਰਹਾਰੇ।
ਹਯਨਿ ਪਲਾਵਤਿ ਪਾਛੇ ਪਰੈਂ[1]।
ਮ੍ਰਿਗਨ ਥਕਾਇ ਜਿਯਤਿ ਕੋ ਧਰੈਂ ॥੩੪॥
ਇਤਿ ਉਤਿ ਫਿਰੈ ਧਵਾਵਹਿਂ ਘੋਰੇ।
ਦੂਰਿ ਦੂਰਿ ਲਗਿ ਕਾਨਨਿ ਟੋਰੇ।
ਸ਼੍ਰਮਤਿ ਭਏ ਸ਼੍ਰੀ ਹਰਿਗੋਵਿੰਦ।

[1]ਭੱਥੇ ਕਮਰ ਨਾਲ।
[1]ਭਯਾਨਕ।
[1]ਕਾਲੋਂ ਲਈ ਲਾਲ ਰੰਗ ਦਾ ਘੋੜਾ (ਇਹ ਘੋੜਾ ਮਜ਼ਬੂਤ ਬਹੁਤ ਹੁੰਦਾ ਹੈ)।
[1]ਵਾਗਾਂ) ਫੜਕੇ ਚੜ੍ਹੇ ਤੇ ਹੱਥ ਤੇ ਬਾਜ ਧਰਿਆ।
[1]ਫਰਕ, ਫਾਸਲਾ।
[1]ਬਟੇਰ ਦੀ ਤਰ੍ਹਾਂ ਦਾ ਇਕ ਪੰਛੀ।
[1]ਫੜ ਲੈਂਦੇ ਹਨ।

ਕਰੇ ਅਖੇਰ ਬ੍ਰਿੱਤਿ ਹਤਿ ਬ੍ਰਿੰਦ ॥੩੫॥
ਬਿਧੀਏ ਸੋਂ ਬੋਲੇ 'ਬਹੁ ਫਿਰੇ।
ਅਧਿਕ ਤੁਰੰਗ ਧਵਾਵਨਿ ਕਰੇ।
ਸ਼੍ਰਮਤਿ ਭਏ ਕਿਤਿ ਛਾਂਵ ਨਿਹਾਰਹੁ।
ਉਤਰਹਿਂ ਤਹਾਂ ਸੁ ਸ਼੍ਰਮ ਨਿਰਵਾਰਹੁ'
॥੩੬॥
ਫਿਰੇ ਸਉਰ[1] ਦੂਰਿ ਲਗਿ ਹੇਰੇ। [1]ਅਸਵਾਰ।
ਆਇ ਬਤਾਏ ਸਤਿਗੁਰੁ ਨੇਰੇ।
'ਮਹਾਂਰਾਜ ਦ੍ਵੈ ਪੀਪਰ ਖਰੈ।
ਗੁਮਟਾਲਾ ਹਦਿ ਤੇ ਬਹੁ ਪਰੇ ॥੩੭॥
ਤਿਨ ਕੀ ਭੀ ਕੁਛ ਸਘਨ ਨ ਛਾਯਾ।
ਦਲ ਤਲਿ ਗਏ ਕਿਨਹੁ ਦੌਂ ਲਾਯਾ[1]। [1]ਪੱਤੇ ਸੜ ਗਏ ਹਨ ਕਿਸੇ ਨੇ ਅੱਗ ਲਾਈ (ਜਾਪਦੀ) ਹੈ।
ਸੁਨਤਿ ਅਰਿੰਦਮ ਤਿਤੁ ਕੋ ਗਏ[1]। [1]ਸੁਣਕੇ ਵੈਰੀ ਨਾਸ਼ਕ (ਗੁਰੂ) ਜੀ ਉਸ ਤਰਫ ਨੂੰ ਗਏ।
ਪਤਰੀ ਛਾਉਂ[1] ਹੇਰਿ ਉਤਰਏ ॥੩੮॥ [1]ਪਤਲੀ ਛਾਂ। (ਅ) ਪੱਤਰਾਂ ਦੀ ਛਾਂ।
ਊਪਰ ਬਸਤ੍ਰ ਡਾਰਿ ਕਿਯ ਛਾਯਾ।
ਆਇ ਫਰਾਸ਼ਨਿ ਫਰਸ਼ ਬਨਾਯਾ।
ਹਿਤ ਅਰਾਮ ਕਰਿਬੇ ਤਹਿਂ ਥਿਰੇ।
ਲੇ ਕਰਿ ਨੀਰ ਚੁਰੇ ਗਨ ਕਰੇ[1] ॥੩੯॥ [1]ਬਹੁਤੇ ਚੁਲੇ ਕੀਤੇ।
ਮੁਖ ਪੰਕਜ ਕੋ ਬਹੁਰ ਪਖਾਰਾ।
ਮ੍ਰਿਦੁਲ ਪਦਨਿ ਪਰ ਜਲਿ ਕੋ ਡਾਰਾ।
ਜੇਠ ਮਾਸ ਕੋ ਘਾਮ ਨਿਵਾਰੇ।
ਬੈਠੇ ਸਤਿਗੁਰੁ ਸ਼੍ਰਮ ਨਿਰਵਾਰੇ ॥੪੦॥
ਦੂਰਿ ਦੂਰਿ ਛਾਯਾ ਅਵਿਲੋਕਿ।
ਪਰੇ ਉਤਰਿ ਜੇ ਸੰਗੀ ਲੋਕ।
ਹਯ ਬਾਂਧੇ ਡੋਰਿਨਿ ਕੇ ਸਾਥਿ।
ਦੇਖਤਿ ਭਟ ਜਿਤ ਦਿਸ਼ ਥਿਤ ਨਾਥ
॥੪੧॥
ਇਤਿ ਸ਼੍ਰੀ ਹਰਿ ਗੋਵਿੰਦ ਗਤਿ[1] ਐਸੇ। [1]ਹਾਲ।
ਹਿਤ ਬਿਸਰਾਮ ਛਾਂਵ ਮਹਿਂ ਬੈਸੇ।
ਸ਼ਾਹ ਜਹਾਂ ਉਤਿ ਖੇਲਿ ਅਖੇਰੇ।
ਕਾਨਨਿ ਕੇ ਹਤਿ ਜੀਵ ਘਨੇਰੇ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼ਿਕਾਰ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

੪. [ਬਾਜ਼ ਗੁਰੂ ਜੀ ਨੇ ਫੜਿਆ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:
ਖੇਲਤਿ ਅਧਿਕ ਸ਼ਿਕਾਰ ਕੋ,
ਸ਼ਾਹਜਹਾਂ ਬਨ ਮਾਂਹਿ।
ਹਤਿ ਕਰਿ ਚਲ੍ਯੋ ਲਹੌਰ ਦਿਸ਼ਿ,
ਹਨੇ ਜੀਵ ਬਹੁ ਤਾਂਹਿ ॥੧॥
ਚੌਪਈ:
ਬਾਜ ਵਲਾਇਤ ਕਿਸਿ ਤੇ ਆਯੋ।
ਹਿਤ ਸੁਗ਼ਾਤ ਪਿਖਿ ਭਲੋ ਪਠਾਯੋ।
ਲਖਿ ਆਛੋ ਹਿਤਿ ਪਿਖਨਿ ਤਮਾਸ਼ੇ।
ਚਢ੍ਯੋ ਸ਼ਾਹੁ ਆਯੋ ਇਤ ਪਾਸੇ ॥੨॥
ਹਟਿ ਜਬਿ ਚਲ੍ਯੋ[1], ਬਿਹੰਗ ਸੁਰਕਾਬ[2]।
[1]ਪਾਤਸ਼ਾਹ) ਜਦੋਂ ਮੁੜ ਚਲਿਆ। [2]ਚਕਵਾ [ਫ਼ਾ. ਸੁਰਖਾਬ]
ਨਿਕਸਿ ਉਡ੍ਯੋ ਪਿਖਿ ਸ਼ਾਹ ਅਜਾਬ[1]।
[1]ਅਨੋਖਾ, ਅਜੀਬ।
ਨਿਜ ਕਰ ਤੇ ਤਬਿ ਬਾਜ ਚਲਾਯਹੁ।
ਤੀਰ ਮਨਿੰਦ ਬਿਹੰਗ ਪਰ ਆਯਹੁ ॥੩॥
ਹੁਤੋ ਅਘਾਯਹੁ ਕਰੀ ਨ ਚੋਟਿ[1]।
[1]ਬਾਜ਼) ਰੱਜਿਆ ਹੋਇਆ ਸੀ (ਸੁਰਖਾਬ ਨੂੰ ਉਸ ਨੇ) ਮਾਰਿਆ ਨਾ।
ਬਾਜਿ ਕੁਮਤਿ ਨਰ ਮਹਿਂ ਇਹ ਖੋਟ।
ਤ੍ਰਿਪਤਿ ਹੋਇ ਪੁਨ ਕਾਮ ਨ ਆਵੈਂ[1]।
[1]ਬਾਜ ਤੇ ਮੂਰਖ ਪੁਰਸ਼ ਵਿਚ ਇਹ ਖੋਟ ਹੈ ਕਿ ਰੱਜੇ ਹੋਏ ਕੰਮ ਨਹੀਂ ਆਉਂਦੇ।
ਦਗ਼ਾ ਦੇਤਿ ਪ੍ਰਭੁ ਤੇ[1] ਫਿਰਿ ਜਾਵੈਂ ॥੪॥
[1]ਮਾਲਕ ਤੋਂ।
ਦੇਖਤਿ ਰਹ੍ਯੋ ਸ਼ਾਹੁ ਬਹੁਤੇਰਾ।
ਗਯੋ ਬਾਜ ਖਗ ਪਾਛੇ ਹੇਰਾ।
ਨਹਿਂ ਮਾਰ੍ਯੋ ਨਹਿਂ ਹਟਿ ਕਰਿ ਬੈਸੇ[1]।
[1]ਨਾਂ ਹੀ ਹੱਥ ਤੇ ਬੈਠਾ ਮੁੜਕੇ।
ਚਲ੍ਯੋ ਗਯੋ ਉਡਿ ਨਭ ਮਹਿਂ ਤੈਸੇ ॥੫॥
ਥਕਤਿ ਸ਼ਾਹੁ ਤਹਿਂ ਤੇ ਚਲਿ ਪਰ੍ਯੋ।
ਲਵਪੁਰਿ ਓਰਿ ਪਯਾਨਾ ਕਰ੍ਯੋ।
ਕੁਛਕ ਸਊਰਨਿ ਕੇ ਤਹਿਂ ਮੋਰਿ।
'ਮੀਰ ਸ਼ਿਕਾਰ! ਜਾਹੁ ਲਿਹੁ ਟੋਰਿ'
॥੬॥
ਚਢ੍ਯੋ ਸ਼ਾਹੁ ਸੁਖ ਕੀ ਅਸੁਵਾਰੀ[1]।
[1]ਸੁਖ ਵਾਲੀ ਅਸਵਾਰੀ (ਪਾਲਕੀ ਉੱਤੇ)।
ਤੂਰਨਿ ਪਹੁੰਚਯੋ ਪੁਰੀ ਮਝਾਰੀ।

ਮੀਰ ਸ਼ਿਕਾਰਨਿ ਜੁਤਿ ਅਸਵਾਰ।
ਆਵਤਿ ਪਾਛੇ ਬਾਜ ਨਿਹਾਰ[1] ॥੭॥ — [1]ਬਾਜ਼ ਨੂੰ ਲੱਭਦੇ।
ਤ੍ਰਾਸਤਿ ਉਡਤਿ ਸੁਕਾਬ[1] ਅਗਾਰੀ। — [1]ਸੁਰਖ਼ਾਬ।
ਤਿਮ ਸਭਿ ਅਏ ਸ਼ੀਘ੍ਰਤਾ ਧਾਰੀ।
ਉਡਤਿ ਉਡਤਿ ਆਏ ਚਲਿ ਤਹਾਂ।
ਸ਼੍ਰੀ ਹਰਿਗੋਵਿੰਦ ਉਤਰੇ ਜਹਾਂ ॥੮॥
ਸਹਤ ਸੁਕਾਬ ਬਾਜ਼ ਕੋ ਹੇਰੇ[1]। — [1]ਗੁਰੂ ਜੀ ਨੇ) ਡਿੱਠਾ।
ਸੁਨਜੋ ਸੁਭਟ ਤੇ ਗੁਰੁ ਤਿਸਿ ਬੇਰੇ।
ਅਪਨੋ ਬਾਜ਼ ਲੀਨਿ[1] ਉਤਲਾਏ। — [1]ਲੀਤਾ (ਗੁਰੂ ਜੀ ਨੇ)।
ਤਿਨਿ ਕੇ ਸਨਮੁਖ ਦਿਯੋ ਚਲਾਏ[1] ॥੯॥ — [1]ਉਨ੍ਹਾਂ) ਉਸ ਸੁਰਖਾਬ ਤੇ ਬਾਜ਼ ਦੇ ਅੱਗਿਓਂ ਦੀ ਆਪਣਾ ਬਾਜ਼ ਛੱਡ ਦਿੱਤਾ।
ਗਹਿ ਸੁਕਾਬ ਕੋ ਤੁਰਤਿ ਦਬਾਏ।
ਦੋਨਹੁ ਬਾਜ਼ ਉਤਰਿ ਛਿਤਿ[1] ਆਏ। — [1]ਧਰਤੀ ਤੇ।
ਆਇਸੁ ਪਾਇ ਧਾਇ ਸਿਖ ਗਏ।
ਜੁਗ ਬਾਜ਼ਨਿ ਕੋ ਪਕਰਤਿ ਭਏ ॥੧੦॥
ਲੇ ਤੂਰਨਿ ਹੀ ਆਏ ਤੀਰ।
ਬਲੀ ਬਿਲੋਕਿ ਬਾਜ਼ ਬਰੁ ਬੀਰੁ।
ਭਏ ਪ੍ਰਸੰਨ ਕਹਜੋ ਤਿਸ ਕਾਲ।
'ਸਾਧ ਸਾਧ ਸਿਖ ਭਯੋ ਨਿਹਾਲ' ॥੧੧॥
ਲੇ ਕਰਿ ਅਪਨੇ ਹਾਥ ਬਿਠਾਯਹੁ।
ਆਛੇ ਹੇਰਤਿ ਚਿਤ ਬਿਰਮਾਯਹੁ।
'ਨਿਪਜਜੋ ਕਿਸੂ ਬਲਾਇਤ ਮਾਂਹੂ।
ਅਪਰ ਨ ਕਿਸਿ ਕੋ ਅਸ ਬਿਨੁ ਸ਼ਾਹੂ[1] ॥੧੨॥ — [1]ਸ਼ਾਹ ਤੋਂ ਬਿਨਾਂ ਹੋਰ ਕਿਸੇ ਦਾ ਐਸਾ ਨਹੀਂ।
ਅਬਿ ਹਮ ਰਾਖਹਿਂ ਦੇਂ ਤਿਸਿ ਨਾਂਹੀ।
ਅਪਰ ਘਨੇ ਰਾਖਤਿ ਸੋ ਪਾਹੀ।
ਹਮਰੋ ਬਾਜਿ ਪ੍ਰਥਮ ਤਿਸਿ ਲੀਨੋ।
ਪੁਨ ਸ਼੍ਰੀ ਨਾਨਕ ਹਮ ਕੋ ਦੀਨੋ ॥੧੩॥
ਸੋ ਪਲਟੋ ਤਿਸਿ ਕੇ ਸਿਰ ਰਹਜੋ।
ਉਤਰਹਿ ਅਬਹਿ ਬਾਜ਼ ਹਮ ਗਹਜੋ।'
ਇਮ ਦਿਢਤਾ ਕਰਿ ਸਤਿਗੁਰੁ ਥਿਰੇ।
ਬਾਰਿ ਬਾਰਿ ਅਵਿਲੋਕਨਿ ਕਰੇ ॥੧੪॥

ਬਾਰਿ ਬਾਰਿ ਬਹੁ ਕਰਹਿਂ ਸਰਾਹਨਿ।
ਮਨਹੁਂ ਪ੍ਰਤੀਖਤਿ ਪੁਰਵੀ ਚਾਹਨਿ[1]।

[1]ਪਹਿਲੇ ਹੀ ਚਾਹ ਕਰਕੇ ਮਾਨੋ ਉਡੀਕਦੇ ਸਨ (ਗੁਰੂ ਜੀ)।

ਮੀਰ ਸ਼ਿਕਾਰ ਸੰਗਿ ਅਸਵਾਰ।
ਹਯਨਿ ਧਵਾਇ ਸ਼ੀਘ੍ਰਤਾ ਧਾਰਿ ॥੧੫॥
ਆਏ[†] ਖੋਜਤਿ ਚਮੂੰ ਨਿਹਾਰੀ।

[†]ਬਾਜ਼ ਫੜੇ ਜਾਣ ਦੇ ਮਗਰੋਂ ਏਹ ਲੋਕ ਪਹੁੰਚੇ ਹਨ। ਇਹ ਗੱਲ ਅਗਲੇ ਅੰਸੂ ਦੇ ਅੰਕ ੫ ਤੋਂ ਨਿਰਸੰਦੇਹ ਹੋ ਜਾਂਦੀ ਹੈ: ਕਿਤਿਕ ਦੇਰ ਪਾਛੇ ਹਮ ਗਏ।

ਬੂਝਯੋ 'ਉਤਰਯੋ ਕੌਨ ਅਗਾਰੀ?'
ਭਟਨਿ ਬਤਾਇ 'ਸਾਚ ਪਤਿਸ਼ਾਹੂ।
ਸ਼੍ਰੀ ਹਰਿ ਗੋਵਿੰਦ ਦੁਸ਼ਟਨਿ ਦਾਹੂ' ॥੧੬॥
ਸੁਨਿ ਕਰਿ ਜਰੇ, ਜਰੇ ਨਹਿਂ ਜਾਇ।
-ਅਪਰ ਕੌਨ ਪਤਿਸ਼ਾਹ ਕਹਾਇ-।
ਤੁਰਕ ਮੂਢ ਤਬਿ ਚਲਿ ਕਰਿ ਆਏ।
ਡੀਲ ਬਿਲੰਦ ਗੁਰੂ ਦਰਸਾਏ ॥੧੭॥
ਬਾਜ਼ ਸ਼ਾਹੁ ਕੋ ਹਾਥ ਬਿਠਾਯੋ।
ਤੁਰਕਨਿ ਦੇਖਤਿ ਬਾਕ ਅਲਾਯੋ।
'ਇਹ ਤੌਂ ਆਯਹੁ ਬਾਜ਼ ਹਮਾਰੋ।
ਤੁਮ ਗਹਿ ਲੀਨਿ ਹਾਥ ਜਿਸਿ ਧਾਰੋ' ॥੧੮॥
ਮੀਰ ਸ਼ਿਕਾਰਨਿ ਤੇ ਸੁਨਿ ਕਹੇ।
'ਕੋ ਤੁਮ, ਬਾਜ਼ ਕੌਨ ਕੋ ਅਹੇ?
ਹਮ ਕਿਸਿ ਢਿਗ ਲੈਬੇ ਨਹਿਂ ਗਏ।
ਬੈਠੇ ਇਹਾਂ ਉਡਤਿ ਗਹਿ ਲਏ ॥੧੯॥
ਤੁਮਰੇ ਹਾਥਨਿ ਤੇ ਨਹਿਂ ਛੀਨਾ।
ਸੰਗਿ ਬਾਜ਼ ਕੇ ਕੋ ਨਹਿਂ ਚੀਨਾ[1]।

[1]ਤੁਸਾਂ ਵਿਚੋਂ) ਬਾਜ਼ ਦੇ ਨਾਲ ਅਸਾਂ ਕਿਸੇ ਨੂੰ ਨਹੀਂ ਡਿੱਠਾ।

ਭ੍ਰਮਤਿ ਭ੍ਰਮਤਿ ਕਿਤ ਤੇ ਇਹ ਆਯੋ।
ਬਡੇ ਜਤਨ ਤੇ ਅਬਿ ਪਕਰਾਯੋ' ॥੨੦॥
ਮੀਰ ਸ਼ਿਕਾਰਨ ਉਰ ਹੰਕਾਰ।
ਸੁਨਿ ਗੁਰੁ ਤੇ ਬੋਲੇ ਰਿਸਿ ਧਾਰਿ।
'ਸ਼ਾਹੁਜਹਾਂ ਸਭਿ ਆਲਮ ਸ਼ਾਹੂ[1]।

[1]ਸਾਰੀ ਦੁਨੀਆਂ ਦਾ ਪਾਤਸ਼ਾਹ ਹੈ।

ਜਿਸਿ ਕੋ ਮਹਾਂ ਤੇਜ ਜਗ ਮਾਂਹੂ ॥੨੧॥
ਜਿਸਿ ਆਗੈ ਸਭਿ ਦੇਸ਼ ਨ੍ਰਿਪਾਲਾ।
ਝੁਕਤਿ ਸਦਾ ਗਨ ਤ੍ਰਸਤਿ ਬਿਸਾਲਾ।
ਨਹਿਂ ਮਵਾਸ ਕਿਤਹੂੰ ਥਲ ਛੋਰਾ।
ਸਭਿਹਿਨਿ ਪਰਿ ਕਰਿ ਅਪਨੋ ਜੋਰਾ[1] [1]ਅਪਨਾ ਜ਼ੋਰ ਸਭ ਤੇ ਕਰ ਲਿਆ ਹੈ।
॥੨੨॥
ਤਿਸ ਤੋ ਤੁਮ ਜਾਨਤਿ ਕੈ ਨਾਂਹੀ?
ਹਮ ਚਾਕਰ ਹੈਂ ਤਿਸ ਕੇ ਪਾਹੀ।
ਖੇਲਤਿ ਇਤ ਅਖੇਰ ਸੋ ਆਵਾ।
ਖਗ ਪਰਿ ਤ੍ਰਿਪਤਜੋ ਬਾਜ਼ ਚਲਾਵਾ
॥੨੩॥
ਕਰੀ ਨ ਚੋਟ ਇਤਹਿ ਚਲਿ ਆਯੋ।
ਜਬਹਿ ਸ਼ਾਹ ਕੋ ਨਹੀਂ ਦਿਖਾਯੋ।
ਲਵਪੁਰਿ ਕੋ ਗਮਨਜੋ ਸਹਿਸਾਈ।
ਹਮ ਆਏ ਦੇਖਤਿ ਪਿਛਵਾਈ ॥੨੪॥
ਤੁਮ ਨੇ ਆਗੇ ਹੀ ਗਹਿ ਲੀਨੋ।
ਹਾਥ ਬਿਠਾਇ ਆਪਨੋ ਕੀਨੋ।
ਦਿਹੁ ਤੂਰਨਿ ਨਹਿਂ ਕਰਹਿ ਬਿਗਾਰੇ।
ਸੁਨਹਿ ਸ਼ਾਹੁ ਬਹੁ ਰਿਸ ਕੋ ਧਾਰੇ'
॥੨੫॥
ਪੁਨ ਗੁਰੁ ਕਹਜੋ 'ਸ਼ਾਹੁ ਕੋ ਜਾਨਹਿਂ।
ਤੂੰ ਤਿਸਿ ਚਾਕਰ ਸੋ ਪਿ ਪਛਾਨਹਿਂ।
ਹਮਹਿਂ ਬਾਜ਼ ਕਾਨਨ ਤੇ ਪਾਵਾ।
ਨਹੀਂ ਚਲਹਿ ਅਬਿ ਤੁਮਰੋ ਦਾਵਾ[1] [1]ਹੱਕ।
॥੨੬॥
ਡਰਤਿ ਸ਼ਾਹੁ ਤੇ ਦੇਂ ਹਮ ਨਾਂਹੀ[†]।

[†]ਸ਼੍ਰੀ ਗੁਰ ਪ੍ਰਤਾਪ ਸੂਰਜ ਵਿਚ ਮੁਖ਼ਲਸ ਖ਼ਾਂ ਦੇ ਜੰਗ ਦੀ ਤਰੀਕ ਨਹੀਂ ਦਿੱਤੀ ਪਰ ਬੀਬੀ ਵੀਰੋ ਦੇ ਵਿਆਹ ਦੇ ਦਿਤੇ ਸੰਮਤ ਤੋਂ ੧੬੭੯ (੧੬੨੨ ਈ:) ਸਹੀ ਹੋ ਜਾਂਦੀ ਹੈ (ਦੇਖੋ ਅੰਸੂ ੧੮ ਅੰਕ ੩੧) ਤਦੋਂ ਜਹਾਂਗੀਰ ਜੀਉਂਦਾ ਸੀ, ਤ੍ਵਾਰੀਖ ਖਾਲਸਾ ਨੇ ਸੰ: ੧੬੮੫ ਬਿ: (੧੬੨੮ ਈ:) ਦਿੱਤਾ ਹੈ, ਜੇ ਇਹੋ ਸੰਮਤ ਇਸ ਜੁੱਧ ਦਾ ਸਹੀ ਹੋਵੇ ਤਾਂ ਸ਼ਾਂਹਜਹਾਂ ਤਦੋਂ ਲਾਹੌਰ ਨਹੀਂ ਸੀ। ਜਹਾਂਗੀਰ ਦੇ ਮਰਨ ਵੇਲੇ (੧੬੨੭ ਈ: ਅਕਤੋਬਰ) ਸ਼ਾਹਜਹਾਂ ਦੱਖਣ ਵਿਚ ਸੀ, ਤੇ ਜਨਵਰੀ ੧੬੨੮ ਈ: ਵਿਚ ਉਹ ਆਗਰੇ ਆਕੇ ਤਖਤ ਤੇ ਬੈਠਾ ਆਮ ਇਤਿਹਾਸਕਾਰਾਂ ਨੇ ਦੱਸਿਆ ਹੈ, ਤੇ ਆਗਰੇ ਰਿਹਾ ਹੈ। ਅਕਤੂਬਰ ੧੬੨੯ ਵਿਚ ਸ਼ਾਹ ਜਹਾਨ ਦਖਣ ਖਾਨ ਜਹਾਨ ਤੇ ਚੜ੍ਹ ਕੇ ਗਿਆ ਹੈ। ਸੋ ਸ਼ਾਹ ਜਹਾਨ ਇਨੀਂ ਦਿਨੀਂ ਲਾਹੌਰ ਨਹੀਂ ਸੀ। ਮੁਖ਼ਲਸ ਖਾਂ ਕੋਈ ਮੁਗਲ ਵਡਕਾ ਸੀ, ਜਿਸ ਨਾਲ ਇਹ ਜੰਗ ਹੋਇਆ ਹੈ। ਕਿਸੇ ਹਾਕਮ ਤੱਲਕੇਦਾਰ ਯਾ ਮੁਗਲ ਵਡਕੇ ਦਾ ਜੁੱਧ ਪਾਤਸ਼ਾਹੀ ਜੁੱਧ ਆਮ ਲੋਕਾਂ ਵਿਚ ਸਮਝਿਆ ਜਾਣਾ ਮਾਮੂਲੀ ਗੱਲ ਹੈ।

ਇਤਿ: ਗੁਰੂ ਖਾ: (ਹਿੰਦੀ) ਨੇ ਮੁਖ਼ਲਸ ਖ਼ਾਂ ਨੂੰ ਸੂਬਾ ਲਾਹੌਰ ਦਾ ਨਾਇਬ ਲਿਖਿਆ ਹੈ। ਬਾਜ਼ ਅਪਣੇ ਆਪ ਵਿਚ ਜੁੱਧ ਦਾ ਕਾਰਨ ਨਹੀਂ ਪਰ ਸ੍ਵੈ ਸਤਿਕਾਰ ਤੇ ਸ੍ਵੈ ਰੱਖਯਾ ਦਾ ਅਸੂਲ ਕਾਰਣ ਹੈ। ਅੰਕ ੧੩ ਵਿੱਚ ਦਸਦੇ ਹਨ 'ਹਮਰੋ ਬਾਜ਼ਿ ਪ੍ਰਥਮ ਤਿਸ ਲੀਨੋ', ਦੂਸਰੇ ਬਨ ਵਿਚੋਂ ਖੁੱਲ੍ਹੇ ਪੰਛੀ ਨੂੰ ਫੜ ਲੈਣਾ ਸ਼ਿਕਾਰ ਦੇ ਤਦੋਂ ਦੇ ਤ੍ਰੀਕਿਆਂ ਵਿਚ ਫੜਨ ਵਾਲੇ ਦਾ ਹੋ ਜਾਂਦਾ ਸੀ। 'ਹਮਹਿਂ ਬਾਜ਼ ਕਾਨਨ ਤੇ ਪਾਵਾ। ਨਹੀਂ ਚਲਹਿ ਅਬਿ ਤੁਮਰੋ ਦਾਵਾ।' (ਅੰ: ੨੬)। ਤੀਸਰੇ ਬਾਜ਼ ਵਾਲਿਆਂ ਸਜਨਾਈ ਨਾਲ ਨਹੀਂ ਮੰਗ ਕੀਤੀ, ਪਰ ਭੈ ਦਿਖਾ ਕੇ ਤੇ ਫੇਰ ਝੂਠ ਬੋਲ ਕੇ ਤੇ ਪਾਤਸ਼ਾਹੀ ਰੋਅਬ ਪਾਇਆ ਹੈ, ਕਿ ਬਾਜ਼ ਪਾਤਸ਼ਾਹ ਦਾ ਹੈ ਜੋ ਡਰ ਕੇ ਦੇ ਦੇਣਗੇ, ਜਿਸ ਪਰ ਗੁਰੂ ਜੀ ਕਹਿੰਦੇ ਹਨ 'ਡਰਤ ਸ਼ਾਹੁ ਤੇ ਦੇ ਹਮ ਨਾਂਹੀ' (ਅੰਕ ੨੭)। ਇੱਥੇ ਹੁਣ ਮਾਮਲਾ ਬਾਜ਼ ਦਾ ਨਹੀਂ ਪਰ ਅਸੂਲ ਦਾ ਹੋ ਗਿਆ ਹੈ। ਬਾਕੀ ਪ੍ਰਜਾ ਸਾਰੀ ਦਬੇਲ ਹੋ ਚੁਕੀ ਹੈ, ਤੁਰਕਾਂ ਦੇ ਡਰ ਤੋਂ ਦੱਬ ਜਾਂਦੀ ਹੈ, ਪਰ ਸਤਿਗੁਰ ਜੀ ਜੋ ਪ੍ਰਜਾ ਵਿੱਚ ਜਾਨ ਭਰਨੀ ਚਾਹੁੰਦੇ ਹਨ, ਹੁਣ ਅਸੂਲ ਤੇ ਅੜਕੇ ਨਿਰਭੈਤਾ ਦਾ ਸਬਕ ਸਿਖਾਉਣ ਲੱਗੇ ਹਨ ਤੇ ਆਪਣੀ ਉੱਮਤ ਵਿੱਚੋਂ ਮੌਤ ਦਾ ਭੈ ਦੂਰ ਕਰ ਕੇ ਸੱਚ ਤੇ ਪਹਿਰਾ ਦੇਣ ਦੀ ਜਾਚ ਸਿਖਾਲਣ ਲੱਗੇ ਹਨ, ਚਾਹੋ ਅਸੂਲ ਦੀ ਦ੍ਰਿੜਤਾ ਵਿਚ ਜਾਨ ਦੇਣੀ ਪਵੇ।

ਗਹਜੋ ਜਤਨ ਤੇ ਰਾਖਹਿਂ ਪਾਹੀ।
ਜਾਇ ਪੁਕਾਰਹੁ ਤਾਂਹਿ ਅਗਾਰੀ।
ਜਿਸਿ ਕੋ ਬਕਤਿ ਜੋਰ ਤੁਮ ਭਾਰੀ[1]' ॥੨੭॥ — [1]ਜਿਸ ਦਾ ਜ਼ੋਰ ਭਾਰੀ ਤੁਸੀਂ ਕਹਿੰਦੇ ਹੋ।

ਤੁਰਕ ਸਊਰ ਕੁਪੇ ਕਹਿ ਬੈਨਾ।
'ਪਾਤਸ਼ਾਹ ਕੋ ਤੁਮ ਡਰੁ[†] ਹੈ ਨਾ। — [†]ਇਹ ਬੇ ਕਾਨੂਨਾ ਡਰ ਦੇ ਰਹੇ ਹਨ।
ਤਰੈ ਤਨਾਵਨਿ ਕੇ ਤਿਹ ਬਾਸਾ[1]। — [1]ਉਸ ਦੀਆਂ ਤਣਾਵਾਂ ਹੇਠ (ਭਾਵ ਨੇੜੇ) (ਤੇਰਾ) ਵਾਸਾ ਹੈ।
ਕਜੋਂ, ਸਾਚੋ ਪਿਖਿ ਚਹੈਂ ਤਮਾਸ਼ਾ[1] ॥੨੮॥ — [1]ਕਿਉਂ ਸੱਚੀ ਮੁਚੀ ਤਮਾਸ਼ਾ ਵੇਖਣਾ ਚਾਹੁਨਾ ਹੈਂ?

ਭੰਗ ਖਾਇ ਬੋਲਤਿ ਬਿਨੁ ਜਾਨੇ[1]। — [1]ਕੋਈ) ਭੰਗ ਖਾ ਕੇ ਬਿ ਸਮਝੀ ਨਾਲ ਜਿਵੇਂ ਬੋਲਦਾ ਹੈ।
ਤਿਮ ਸੁਭਾਉ ਰਾਵਰ ਕੋ ਜਾਨੇ।
ਚਮੂੰ ਹਜ਼ਾਰੋਂ ਜਿਨਿ ਕੇ ਪਾਸ।
ਸੋ ਕਰ ਜੋਰਤਿ ਧਰਿ ਉਰ ਤ੍ਰਾਸ ॥੨੯॥

ਕਹੇ[1] ਨ ਦੇਤਿ ਸ਼ਾਹੁ ਕੋ ਬਾਜ਼। — [1]ਸਾਡੇ) ਕਿਹਾਂ ਤੇ। (ਅ) ਕਹਿੰਦੇ ਹੋ ਕਿ ਨਹੀਂ.....।
ਬਚਹੁ ਕਹਾਂ ਕਿਤ ਜਾਵਹੁ ਭਾਜਿ?
ਆਇ ਸੈਨਿ ਜਬਿ ਘਾਲਹਿ ਜ਼ੋਰ।
ਲਰਹਿ ਕੌਨ ਤਬਿ ਤੁਮਰੀ ਓਰਿ ॥੩੦॥

ਸਹਤ ਬਾਜ਼ ਕੇ ਗਹਿ ਲੇ ਜਾਹਿਂ।
ਕਜੋਂ ਨ ਡਰਹੁ ਤੁਮ ਲਖਿ ਮਨ ਮਾਂਹਿ।'
ਸੁਨਿਤਿ ਰਿਸੇ ਗੁਰੁ ਬਾਕ ਉਚਾਰਾ।
'ਗੀਦੀ[1]! ਕਜਾ ਤੁਮ ਝਗਰੋ ਡਾਰਾ ॥੩੧॥ — [1]ਬੁਜ਼ਦਿਲੋ, ਕਾਇਰੋ। [ਫ਼ਾ. ਗੀਦੀ]

ਜਾਹੁ ਭਲੇ ਲੈ ਕੈ ਹਥਿਆਰ।
ਕਜੋਂ ਤੁਮ ਚਾਹਤਿ ਖੈਬੇ ਮਾਰਿ।

ਸ਼ਾਹੁ ਬਾਜ਼ ਹਮ ਲੇਵਨਿ ਹਾਰੇ।
ਬਨਹੁ ਪੁਕਾਰੂ ਜਾਇ ਅਗਾਰੇ ॥੩੨॥
ਸੋ ਜਿਮਿ ਕਹੈ ਕਰਹੁ ਸੋ ਕਾਰੀ।
ਇਹਾਂ ਨ ਕੀਜਹਿ ਕੁਛ ਤਕਰਾਰੀ।
ਜੇ ਪਤਿ ਚਾਹਤਿ ਛੋਰਿ ਸਿਧਾਵੋ।
ਨਾਹਕ ਅਪਨੇ ਸ਼ਸਤ੍ਰ ਛਿਨਾਵੋ' ॥੩੩॥
ਸੁਨਿ ਰਿਸਿ ਦੇਖਿ ਸਿੱਖ ਸਵਧਾਨ।
ਬਿਧੀਏ ਆਦਿਕ ਜੇ ਬਲਵਾਨ।
ਕਹੇ ਕਠੋਰ ਜੋਰ ਭਰਿ ਬੈਨਾ[1]।
'ਕਿਮਿ ਮੂਢਹੁ! ਬੋਲਹੁ ਤੁਮ ਭੈ ਨਾ ॥੩੪॥

[1]ਜ਼ੋਰ ਭਰੇ ਬਚਨ, ਭਾਵ ਗੁਸੇ ਦੇ ਬਚਨ।

ਹੋਹਿ ਨ ਅਸ, ਰਹਿ ਸ਼ਾਹੁ ਕਿਥਾਈਂ[1]।
ਤੁਮ ਅਪਨੇ ਦਿਹੁ ਪ੍ਰਾਨ ਗਵਾਈ।'
ਕਿਤਿਕ ਸਿੱਖ ਗਹਿ ਖੜਗ ਰੁ ਢਾਲੇ।
ਕੁਪੇ ਸਊਰਨਿ ਕੀ ਦਿਸ਼ ਚਾਲੇ ॥੩੫॥

[1]ਪਾਤਸ਼ਾਹ ਤਾਂ ਕਿਤੇ (ਬੈਠਾ) ਰਹੇ।

'ਬਾਜ਼ ਸੰਗਿ ਲਿਹੁ ਇਨਿ ਹਥਿਆਰ[1]।
ਭਾਗਹਿਂ ਬਪੁਰੇ ਕਰਹਿਂ ਪੁਕਾਰ।'

[1]ਇਨ੍ਹਾਂ ਦੇ ਹਥਿਆਰ ਵੀ।

ਮਾਰ ਬਕਾਰਾ[1] ਸੁਭਟਨਿ ਕਰਜੋ।
ਪਿਖਿ ਸਭਿ ਦਿਸ਼ਿ ਤੁਰਕਨਿ ਮਨ ਡਰਜੋ ॥੩੬॥

[1]ਡਰ ਦਾਬੇ ਦੇ ਲਫਜ਼ ਕਹਿਣੇ।

-ਗਹਿ ਨਹਿਂ ਲੇਹਿਂ- ਪਿਛਾਰੀ ਮੁਰੇ।
ਹੁਇ ਨਿਰਾਸ ਗਮਨੇ ਲਵਪੁਰੇ।
ਬਿਸਮਿ ਬਿਸੂਰਤਿ ਮੂਰਖ ਮਾਨੀ।
'ਇਹ ਕਜਾ ਭਈ ਜਾਇ ਨਹਿਂ ਜਾਨੀ ॥੩੭॥
ਨਿਕਟਿ ਸ਼ਾਹੁ ਕੇ ਲੂਟਿ ਮਚਾਈ।
ਨਹੀਂ ਤ੍ਰਾਸ ਰੰਚਕ ਉਪਜਾਈ।
ਖ਼ੁਦ ਹਜ਼ਰਤ ਕੋ ਬਾਜ਼ ਅਛੇਰਾ।
ਜਿਸਹਿ ਦੇਖਿ ਕਰਿ ਮੁਦਤਿ ਬਡੇਰਾ ॥੩੮॥
ਮਨ ਭਾਵਤਿ ਵਸਤੁਨਿ ਕੋ ਦੇਖਹਿ[1]।

[1]ਜੇ ਕੋਈ (ਹੋਰ) ਮਨ ਭਾਂਵਦੀ (ਸੁਹਣੀ) ਚੀਜ਼ ਵੇਖਣਗੇ ਤਾਂ।

ਇਹ ਛੀਨਹਿਂ ਕਰ ਓਜ ਵਿਸ਼ੇਸ਼ਹਿ।
ਜੇ ਕਰਿ ਬਾਜ਼ ਸਹਤ ਗਹਿਵਾਵਹਿਂ।
ਤੌਂ ਪਲਟੋ[1] ਅਪਨੋ ਹਮ ਪਾਵਹਿਂ' ॥੩੯॥
ਕਰਤਿ ਉਤਾਇਲ ਤੁਰੰਗ ਧਵਾਏ।
ਚਲੇ ਗਏ ਨਹਿਂ ਕਹੂੰ ਟਿਕਾਏ।
ਲਵਪੁਰਿ ਬਿਖੈ ਪ੍ਰਵੇਸ਼ਨ ਭਏ।
ਚਹਤਿ ਪੁਕਾਰ ਕਰਨਿ ਕੋ ਗਏ ॥੪੦॥
ਇਤਿ ਸ਼੍ਰੀ ਸਤਿਗੁਰੁ ਤੁਰੰਗ ਅਰੂੜ੍ਹੇ।
ਕਰ ਪਰ ਥਿਰ ਕਰਿ ਬਾਜ਼ ਸੁ ਰੂੜੇ।
ਚਲਤਿ ਨਿਹਾਰਤਿ ਗੁਨ ਤਿਸਿ ਪਰਖਤਿ।
ਲਖਹਿਂ ਦੁਲਭ, ਬਹੁਮੋਲਾ, ਹਰਖਤਿ ॥੪੧॥
ਬੂਝਹਿਂ ਅਪਨੇ ਮੀਰ ਸ਼ਿਕਾਰਨਿ।
'ਅਸ ਆਗੇ ਤੁਮ ਕਰਜੋ ਨਿਹਾਰਨਿ?'
ਹਾਥ ਜੋਰਿ ਸੋ ਕਹਤਿ ਬਨਾਈ।
'ਇਨਹੁਂ ਬੀਚ ਹਮ ਬੈਸ ਬਿਤਾਈ ॥੪੨॥
ਬਹੁਤੇ ਬਾਜ਼ ਬਿਲੋਕਨਿ ਕਰੇ।
ਪਿਖ੍ਯੋ ਨ ਕੋ ਇਸਿ ਕੀ ਸਮਸਰੇ।
ਕਿਸਿ ਹੂੰ ਤੇ ਹਮ ਸੁਨ੍ਯੋ ਅਗਾਰੀ।
-ਸ਼ਾਹੁ ਬਿਲਾਇਤਿ ਕਿਸਿ ਕੋ ਭਾਰੀ ॥੪੩॥
ਸ਼ਾਹੁਜਹਾਂ ਹਿਤ ਪਠੀ ਸੁਗ਼ਾਤ।
ਬਾਜੀ[1] ਬਾਜ਼ ਰੁਚਿਰ ਅਵਿਦਾਤਿ।
ਦਿਖਿਯਤਿ ਨਹਿਂ ਇਸਿ ਦੇਸ਼ ਮਝਾਰੀ।
ਨਹਿਂ ਪਾਵਤਿ ਖਰਚੇ ਧਨ ਭਾਰੀ- ॥੪੪॥
ਸੋ ਇਹ ਬਾਜ਼ ਆਪਕੇ ਲਾਯਕ।
ਪ੍ਰਾਪਤਿ ਹੋਯਹੁ ਸਹਜਿ ਸੁਭਾਯਕ।
ਕਰਨਿ ਅਪਨਿਪੌਂ ਸਫਲ ਬਿਚਾਰਾ।
-ਅਦਭੁਤ ਰਚ੍ਯੋ ਮੋਹਿ ਕਰਤਾਰਾ

[1]ਬੱਦਲਾ।

[1]ਅਰਬੀ ਵਿੱਚ 'ਬਾਜ਼ੀ' ਪਦ ਦਾ ਅਰਥ 'ਬਾਜ਼' ਹੀ ਹੈ। (ਅ) ਹਿੰਦੀ ਵਿੱਚ ਬਾਜ਼ੀ = ਘੋੜਾ। [ਸੰਸ: ਵਾਜਿਨੑ]।

॥੪੫॥
ਗੁਰੁ ਕੇ ਕਾਰਜ ਮਹਿਂ ਜਬਿ ਆਵੌਂ।
ਹੋਨਿ ਸਫਲਤਾ ਤਤਛਿਨ ਪਾਵੌਂ-।
ਇਮਿ ਬਿਚਾਰ ਆਯਹੁ ਤੁਮ ਪਾਸਾ।
ਪਿਖਹੁ ਗ਼ਰੀਬ ਨਿਵਾਜ ਤਮਾਸ਼ਾ'
॥੪੬॥
ਕਹਤਿ ਸੁਨਤਿ ਨਿਜ ਪੁਰਿ ਗੁਰੁ ਆਏ।
ਹਯ ਉਤਰੇ ਨਿਜ ਮਹਿਲ ਸਿਧਾਏ।
ਗਨ ਸੁਭਟਨਿ ਮਹਿਂ ਬਾਜ਼ ਰਖਾਯੋ।
'ਕਰਹੁ ਸੇਵ ਨੀਕੇ' ਫੁਰਮਾਯੋ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਬਾਜ਼' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

੫. [ਸ਼ਾਹ ਦੀ ਸੈਨਾਂ ਦੀ ਚੜ੍ਹਾਈ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਮੀਰ ਸ਼ਿਕਾਰ ਸਊਰ ਸਭਿ, ਕਰਿਬੇ
ਚਹਤਿ ਪੁਕਾਰ।
ਮਨਹੁ ਚਮੂੰ ਮਰਿਵਾਇ ਕਰਿ, ਸੁਧਿ ਕੋ
ਕਰਤਿ ਉਚਾਰ ॥੧॥

ਚੌਪਈ:

ਸ਼ਾਹ ਜਹਾਂ ਕੇ ਖਰੇ ਅਗਾਰੀ।
ਜਬਹਿ ਦ੍ਰਿਸ਼ਟਿ ਇਨਿ ਕੀ ਦਿਸ਼ਿ ਡਾਰੀ।
ਬੂਝਨਿ ਕਰੇ, 'ਖਰੇ ਕਿਮ ਭਏ?
ਬਾਜ਼ ਪਿਛਾਰੀ ਕੇਤਿਕ ਗਏ? ॥੨॥
ਪਕਰਜੋ ਜਾਇ ਕਿ ਉਡਿ ਕਿਤ ਗਯੋ?
ਮੁਖ ਮਲੀਨ ਤੁਮਰੋ ਦ੍ਰਿਸ਼ਟਯੋ।'
ਸੁਨਿ ਬੋਲੇ 'ਗੁਰੁ ਹਰਿਗੋਵਿੰਦ।
ਉਤਰਜੋ ਹੁਤੋ ਸੰਗ ਭਟ ਬ੍ਰਿੰਦ ॥੩॥
ਉਡਜੋ ਬਾਜ਼ ਤਿਨਿ ਢਿਗਿ ਚਲਿ ਗਯੋ।
ਸਹਤ ਸੁਕਾਬ ਬਿਲੋਕਨ ਕਯੋ।
ਅਪਨੋ ਬਾਜ਼ ਛੋਡਿ ਤਿਨਿ ਦੀਨਾ।
ਛੁਟਤਿ ਬਿਹੰਗ ਮਾਰਿ ਸੋ ਲੀਨਾ ॥੪॥
ਤਤਛਿਨਿ ਦੋਨਹੁਂ ਤਰੈ ਉਤਾਰੇ।
ਗਹਿ ਲੀਨੋ ਉਰ ਆਨੰਦ ਧਾਰੇ।
ਕਿਤਿਕ ਦੇਰਿ ਪਾਛੇ ਹਮ ਗਏ।
ਗੁਰੁ ਢਿਗ ਬਾਜ਼ ਬਿਲੋਕਤਿ ਭਏ ॥੫॥
ਕਹਜੋ ਤਬੈ -ਇਹ ਹਜ਼ਰਤ ਬਾਜ਼।
ਬਿਚਰਤਿ ਇਤ ਅਖੇਰ ਕੇ ਕਾਜ।
ਤ੍ਰਿਪਤਜੋ ਪੀਛੇ ਬਿਹੰਗ ਚਲਾਯੋ।
ਕਰੀ ਨ ਚੋਟਿ ਉਡਤਿ ਇਹ ਆਯੋ-
॥੬॥
ਸੁਨਿ ਕਰਿ ਕਹਜੋ -ਦੇਤਿ ਹਮ ਨਾਂਹੀ।
ਬਡੋ ਜਤਨ ਕਰਿ ਪਕਰਜੋ ਪਾਹੀ-।
ਡਰ ਰਾਵਰ ਕੋ ਦੀਨ ਬਡੇਰਾ।

ਕਹਿਸਿ ਕਠੋਰ ਘੋਰ ਤਿਸਿ ਬੇਰਾ[1] ॥੭॥ [1]ਬਹੁਤ ਕਰੜੇ (ਬਚਨ) ਕਹਿ ਕਹਿ ਕੇ (ਅਸਾਂ ਨੇ)।
ਸੁਨਿ ਕਰਿ ਏਕ ਨਹੀਂ ਮਨ ਆਨੀ।
ਤਨਕ ਤ੍ਰਾਸ ਤੁਮਰੋ ਨਹਿਂ ਜਾਨੀ।
ਜਬਿ ਹਮ ਕੋ ਭੀ ਪਕਰਨਿ ਲਾਗੇ।
ਅਪਨੀ ਪਤਿ ਲੇ ਕਰਿ ਤਬਿ ਭਾਗੇ ॥੮॥
ਤੁਮ ਸੋ ਲਰਹਿ, ਦੇਹਿ ਨਹਿਂ ਬਾਜ਼।
ਕਰਿ ਰਾਖ੍ਯੋ ਗੁਰੁ ਜੰਗ ਸਮਾਜ।
ਜੇ ਕਰਿ ਤੁਮ ਕੁਛ ਚਲਤਿ ਅਗਾਰੀ।
ਮਿਟਤਿ ਨ, ਕਰਤਿ ਲੋਹ ਤਬਿ ਭਾਰੀ'
॥੯॥
-ਬਹੁ ਪ੍ਰਿਯ ਬਾਜ਼- ਸੁਨ੍ਯੋ[1] -ਗੁਰ ਛੀਨਾ। [1](ਸ਼ਾਹ ਨੇ) ਸੁਣਿਆਂ।
ਰਹੇ ਜਾਚਿ ਪੁਨ ਕ੍ਯੋਂਹੁ ਨ ਦੀਨਾ-।
ਰਿਸ੍ਯੋ ਸ਼ਾਹੁ ਕਹਿ ਸਭਾ ਮਝਾਰੀ।
'ਇਹ ਤੌਂ ਰਿਪੁ ਸਮ ਨਿਕਟਿ ਹਮਾਰੀ
॥੧੦॥
ਆਜ ਬਾਜ਼ ਛੀਨ੍ਯੋ ਬਲ ਕਰਿ ਕੈ।
ਔਚਕ ਕਿਸੁ ਦੁਰਗ ਮਹਿਂ ਬਰਿ ਕੈ।
ਬਨਹਿ ਮਵਾਸੀ ਕਰਹਿ ਲਰਾਈ।
ਸਗਰੇ ਦੇਸ਼ ਫਤੂਰ ਉਠਾਈ' ॥੧੧॥
ਸ਼ਾਹੁ ਨਿਕਟਿ ਗੁਰੁ ਨਿੰਦਕਿ ਜੇਈ।
ਅਵਸਰ ਪਾਇ ਸੁਨਾਵਹਿਂ ਤੇਈ।
'ਗੁਰ ਬਿਗਾਰ ਬਹੁਤ ਹੀ ਕਰੇ।
ਛਿਮਾ ਠਾਨਿ ਤੁਮ ਨਜ਼ਰਿ ਨ ਧਰੇ[1] [1]ਭਾਵ ਤੁਸਾਂ ਪ੍ਰਵਾਹ ਨਹੀਂ ਕੀਤੀ।
॥੧੨॥
ਬਡ ਹਜ਼ਰਤ ਤੁਮ ਪਿਤਾ ਅਗਾਰੀ।
ਚੰਦੂ ਕਰੀ ਇਨਹੁਂ ਕੀ ਚਾਰੀ।
ਸੁਨਿ ਤਤਛਿਨਿ ਗੁਰੁ ਨਿਕਟਿ ਬੁਲਾਏ।
ਜਾਨੀ ਸੰਗ ਸੈਨ ਸਮੁਦਾਏ ॥੧੩॥
ਰਾਖੇ ਪਾਸਿ, ਕਰੀ ਤਕਰਾਈ।
ਜਾਨਿ ਨ ਦਏ ਅਪਰ ਕਿਸਿ ਥਾਈਂ।
ਅਪਨੀ ਸੈਨ ਕਛੁਕ ਸੰਗ ਰਾਖੀ।
ਜੇ ਅਖੇਰ ਕੇ ਹੁਇ ਅਭਿਲਾਖੀ ॥੧੪॥

ਸ਼ਾਹਿ ਚਮੂੰ ਤਬਿ ਸੰਗ ਸਿਧਾਰਹਿ।
ਨਹਿਂ ਬਿਸਵਾਸ ਇਨਹੁ ਕੋ ਧਾਰਹਿ।
ਤੁਮ ਢਿਗ ਲਵਪੁਰਿ ਬਾਸੋ ਕਏ।
ਕਾਜ਼ੀ ਸੁਤਾ ਸਾਥਿ ਲੈ ਗਏ ॥੧੫॥
ਤਊ ਆਪਿ ਨੇ ਛਿਮਾ ਧਰੀ ਹੈ।
ਅਬਹਿ ਅਵੱਗਜਾ ਫੇਰ ਕਰੀ ਹੈ।
ਟਰਹਿ ਨਹੀਂ ਬਿਨੁ ਕਰੇ ਲਰਾਈ।
ਬਰਹਿ ਦੁਰਗ ਆਕੀ ਹੁਇ ਜਾਈ ॥੧੬॥
ਗਹਿ ਲੀਜਹਿ ਤਬਿ ਫਲੁ ਕੋ ਪਾਵਹਿ।
ਨਾਂਹਿ ਤ ਕਛੁ ਬਿਗਾਰਿ ਉਠਾਵਹਿ।
ਚਲਹਿ ਨ ਬਸਿ ਜੇ ਦੁਰਗੁ ਪ੍ਰਵੇਸ਼ੈ।
ਰਿਦੈ ਜੰਗ ਜੋ ਚਹਤਿ ਹਮੇਸ਼ੈ ॥੧੭॥
ਜੇ ਅਬਿ ਛਿਮਹੁ, ਨ ਆਛੀ ਅਹੈ।
ਬਹੁਰ ਫਤੂਰ[1] ਉਠਾਵਨਿ ਚਹੈ।' [1]ਫਸਾਦ।
ਸੁਨਤਿ ਸ਼ਾਹੁ ਉਰ ਨੀਕਿ ਬਿਚਾਰਾ।
ਮੁਗ਼ਲਸਖਾਨ[1] ਸਮੀਪਿ ਹਕਾਰਾ ॥੧੮॥ [1]ਮੁਖ਼ਲਸਖ਼ਾਂਨ।
ਕਰਿ ਆਦਰ ਨਿਜ ਨਿਕਟਿ ਬਿਠਾਯਹੁ।
ਸਿਰੇਪਾਉ ਬਹੁ ਮੋਲ ਦਿਵਾਯਹੁ।
ਕੰਚਨ ਜ਼ੀਨਿ ਪਾਇ ਸ਼ੁਭਿ ਰੰਗ।
ਬਲੀ ਚਪਲ ਬਡਿ ਦੀਨਿ ਤੁਰੰਗ ॥੧੯॥
ਪੁਨ ਧਨ ਗਨ ਅਨਵਾਇ ਸੁ ਦੀਨਾ।
ਕਰਿ ਬਖਸ਼ਿਸ਼ ਕੋ ਭਾਖਨਿ ਕੀਨਾ।
'ਸਪਤ ਹਜ਼ਾਰ ਚਮੂੰ ਸੰਗ ਤੋਰੇ।
ਕੀਜਹਿ ਤਯਾਰਿ ਬਿਲਮਿ ਕੋ ਛੋਰੇ ॥੨੦॥
ਅਪਰ[†] ਸੈਨ ਲਿਹੁ ਸੰਗਿ ਬਨਾਈ। [†]ਪਾ:-ਅਰਧ।
ਦਿਹੁ ਦੁੰਦਭਿ ਕੋ ਕਰਹੁ ਚਢਾਈ।
ਸ੍ਰੀ ਗੁਰੁ ਹਰਿਗੁਵਿੰਦ ਬਡ ਜੋਧਾ।
ਪਕਰਹੁ ਜਾਇ ਲਰਹੁ ਕਰਿ ਕ੍ਰੋਧਾ ॥੨੧॥
ਸਹਤ ਬਾਜ਼ ਕੇ ਲਜਾਵਨਿ ਕੀਜਹਿ।

ਕਿਧੌਂ ਅਚਾਨਕ ਹੀ ਗਹਿ ਲੀਜਹਿ।
ਜਸੋਂ ਕਸੋਂ ਕਰਿ ਜੇ ਲਯਾਵਹੁ ਇਹਾਂ।
ਮਨਸਬ ਕਰੌਂ ਪ੍ਰਥਮ ਤੇ ਮਹਾਂ[1]' ॥੨੨॥
ਸੁਨਿ ਮੁਗ਼ਲਸਖਾਂ[3] ਉਰ ਹਰਖਾਯੋ।
ਸ਼ਾਹੁ ਸਾਥਿ ਕਰ ਬੰਦਿ ਅਲਾਯੋ।
'ਕਜਾ ਮਮ ਆਗੈ ਕਰਹਿ ਸੁ ਜੰਗ।
ਪਹੁੰਚਤਿ ਹੀ ਗਹਿ ਲੇਉਂ ਨਿਸੰਗ ॥੨੩॥
ਚਮੂੰ ਅਸੂਦੀ[1] ਬਲੀ ਬਿਸਾਲਾ।
ਚਹਤਿ ਰਹਤਿ -ਹੁਇ ਜੰਗ ਕਰਾਲਾ।
ਗੁਰ ਢਿਗ ਸੈਨ ਕਹਾਂ ਜੋ ਲਰੈ।
ਕਿਸ ਬਿਧਿ ਮਮ ਆਗੈ ਸੋ ਅਰੈ' ॥੨੪॥
ਸ਼ਾਹੁ ਜਹਾਂ ਸੁਨਿ ਕੈ ਉਤਸਾਹੁ।
'ਸਾਧੁ ਸਾਧੁ' ਕਹਿ ਸਭਾ ਸੁ ਮਾਂਹੁ।
ਨਿਕਸਯੋ ਵਹਿਰ ਪਹਿਰਿ ਸਿਰੁਪਾਉ।
ਹੇਰਯੋ ਸਭਿਨਿ ਬਡੋ ਉਮਰਾਉ ॥੨੫॥
ਕਹਿ ਕਰਿ ਨਿਜ ਦੁੰਦਭਿ ਬਜਵਾਯੋ।
ਸੂਰਨਿ ਕੋ ਉਤਸਾਹੁ ਬਧਾਯੋ।
ਤਤਛਿਨਿ ਡਾਰੇ ਜ਼ੀਨ ਤੁਰੰਗ।
ਭਏ ਸਨੱਧਬੱਦ[1] ਭਟ ਅੰਗ ॥੨੬॥
ਖੜਗ, ਤੁਪਕ, ਤੋਮਰ, ਗਨ ਤਰਕਸ਼।
ਧਰਿ ਕਰਿ ਸ਼ਸਤ੍ਰ ਤੁਰਤ ਕਟ ਕਸਿ ਕਸਿ।
ਗੁਲਕਾਂ ਬਹੁ ਬਰੂਦ ਬਰਤਾਈ।
ਸੁਭਟਨਿ ਲਈ ਜਿਤਿਕ ਮਨ ਭਾਈ ॥੨੭॥
ਅਪਰ ਉਸ਼ਟ ਪਰ ਲਾਦਿ ਚਲਾਏ।
ਚਢੇ ਕੁਲਾਹਲ ਕਰਿ ਸਮੁਦਾਏ।
ਪ੍ਰੇਰੇ ਕਾਲ ਕਰਾਲ ਬਿਲੰਦੇ।
ਭਏ ਅਰੂਢ ਪਵੰਗਮ ਬ੍ਰਿੰਦੇ ॥੨੮॥
ਮੁਗ਼ਲਸਖਾਂ ਕਰਿ ਕੋਪ ਬਡੇਰੋ।
ਪਿਖਿ ਲਸ਼ਕਰ ਨਿਜ ਸੰਗ ਘਨੇਰੋ।

[1](ਤੇਰਾ) ਮਰਤਬਾ ਪਹਿਲੇ ਤੋਂ ਵੱਡਾ ਕਰ ਦਿਆਂਗਾ।

[1]ਆਰਾਮ ਪਾ ਚੁਕੀ, ਖੁਸ਼ਹਾਲ।

[1]ਤਿਆਰ ਬਰਤਿਆਰ, ਸ਼ਸਤ੍ਰ ਬਸਤ੍ਰ ਸਜਾ ਕੇ।

ਚਲ੍ਯੋ ਹੰਕਾਰਤਿ ਮੂਢ ਗੁਮਾਨੀ।
ਨਹਿਂ ਜਾਨਤਿ ਮ੍ਰਿਤੁ ਕੌ ਨਿਯਰਾਨੀ[1] ॥੨੯॥
[1]ਨਹੀਂ ਜਾਣਦਾ ਮੌਤ ਨੂੰ (ਜੋ ਨੇੜੇ ਆਈ ਹੈ)।
ਜਬਿ ਡੇਰੇ ਤੇ ਨਿਸਰਿ[1] ਪਧਾਰਾ।
[1]ਨਿਕਲਕੇ।
ਧੁਨਿ ਖੋਟੀ ਤੇ ਬਜਤਿ ਨਗਾਰਾ।
ਦਲ ਪਰਿ ਗੀਧ ਭ੍ਰਮੰਤੀ ਚਲੈਂ।
ਕਾਸ਼ਟ ਭਾਰ ਅਗਾਰੀ ਮਿਲੈ ॥੩੦॥
ਦੀਨਮਨੇ[1] ਬਾਜ਼ੀ ਰੁਦਨਾਵੈਂ।
[1]ਉਦਾਸ ਹੋਏ।
ਨਿਜ ਲੋਚਨ ਤੇ ਅੱਸ਼੍ਰੁ ਬਹਾਵੈਂ।
ਚਲਤਿ ਅਕਾਰਨ ਗਿਰਿ ਗਿਰਿ ਪਰੈਂ।
ਕਿਤਿਕ ਭਟਨਿ ਪਗੀਯਾ ਪਰਿ ਤਰੈ[1] ॥੩੧॥
[1]ਪੱਗਾਂ ਹੇਠਾਂ ਆ ਪਈਆਂ।
ਸ਼ਿਵਾ ਪੁਕਾਰਤਿ ਸਨਮੁਖ ਆਵਤਿ।
ਮ੍ਰਿਗ ਕੀ ਮਾਲ ਕੁਫੇਰੀ[1] ਧਾਵਤਿ।
[1]ਉਲਟੇ ਪਾਸਿਓਂ।
ਦਾਰੁਨ ਕਾਕ ਬੋਲਤੇ ਉਡੇ।
ਇਮ ਅਪਸ਼ਕੁਨ ਬਿਲੋਕਤਿ ਬਡੇ ॥੩੨॥
ਮ੍ਰਿਤੁ ਨਿਕਟਿ ਤੇ ਜਾਨਹਿਂ ਨਾਂਹੀ।
ਚਲੇ ਸੁਧਾਸਰ ਮਾਰਗ ਮਾਂਹੀ।
ਗੁਰੁ ਸੰਗਤਿ ਨੇ ਸੁਨਿ ਸਭਿ ਬਾਤੀ।
ਸੁਧਿ ਕੇ ਹੇਤ ਲਿਖਿ ਤਬਿ ਪਾਤੀ ॥੩੩॥
'ਸ਼੍ਰੀ ਗੁਰੁ ਤੁਮ ਸਭਿ ਅੰਤਰਿਜਾਮੀ।
ਤਊ ਬਿਨੈ ਦਾਸਨਿ ਕੀ, ਸ੍ਵਾਮੀ!
ਹੇਤਿ ਬਾਜ਼ ਕੇ ਸ਼ਾਹੁ ਰਿਸਾਯੋ।
ਬਹੁ ਲਸ਼ਕਰ ਤੁਮ ਓਰਿ ਪਠਾਯੋ ॥੩੪॥
ਕਹ੍ਯੋ ਕ੍ਰੋਧ ਤੇ -ਗੁਰੂ ਗਹੀਜਹਿ।
ਬਾਜ਼ ਸਮੇਤਿ ਲਜਾਇਬੋ ਕੀਜਹਿ-।
ਮੁਗ਼ਲਸਖਾਂ ਉਮਰਾਵ ਬਡੇਰੋ।
ਚਢਿ ਆਯਹੁ ਦਲ ਸੰਗ ਘਨੇਰੋ ॥੩੫॥
ਆਪਿ ਸੁਜਾਨ ਅਹੋ ਸਭਿ ਰੀਤਿ।
ਹਤਹੁ ਮਲੇਛਨਿ, ਕੀਜਹਿ ਜੀਤ।
ਕਰਨੀ ਸੁਧਿ ਇਹ ਧਰਮ ਹਮਾਰੋ।

ਲਿਖਿ ਭੇਜੀ ਸਭਿ ਲੇਹੁ ਸੰਭਾਰੋ' ॥੩੬॥
ਥੋਰੇ ਦਿਵਸ[1] ਪਠ੍ਯੋ ਤਬਿ ਚਾਰ[2]। — [1]ਥੋਹੜੇ ਜਿਹੇ ਦਿਨ ਨਾਲ। [2]ਦੂਤ।
'ਜਾਵਹ ਚਲੇ ਬਿਲੰਬ ਬਿਸਾਰਿ।'
ਇਮਿ ਲਵਪੁਰਿ ਮਹਿਂ ਬੀਤੀ ਕਥਾ।
ਸੁਨਹੁ ਸੰਤ ਗੁਰੁ ਕੀਨੀ ਜਥਾ ॥੩੭॥
ਖੇਲਿ ਸ਼ਿਕਾਰੁ ਸਦਨ ਜਬਿ ਆਏ।
ਖਾਨ ਪਾਨ ਕਰਿ ਨਿਸਾ ਬਿਤਾਏ।
ਭਈ ਪ੍ਰਭਾਤਿ ਗਏ ਤਿਸ ਥਾਨ।
ਜਹਾਂ ਲੋਹਗੜ੍ਹ ਊਚਿ ਮਹਾਨ ॥੩੮॥
ਤਿਸਿ ਕੇ ਚਹੁੰ ਦਿਸ਼ਿ ਭੀਤ ਕਰਾਈ।
ਕੁਛ ਆਢੋ[1] ਕਰਿ ਹਿਤ ਤਕਰਾਈ। — [1]ਆਸਰਾ।
ਕਾਸ਼ਟ ਦੀਰਘ ਹੇਤਿ ਉਸਾਰਨਿ।
ਧਰੇ ਆਨਿ[1] ਕੇਤਿਕ ਰਿਪੁ ਮਾਰਨਿ[2] ॥੩੯॥ — [1]ਮੰਗਵਾ ਕੇ। [2]ਵੈਰੀ ਮਾਰਨ ਵਾਲੇ (ਸਤਿਗੁਰੂ ਜੀ ਨੇ)।
ਕਿਤਿਕ ਭਟਨਿ ਡੇਰਾ ਕਰਿਵਾਯੋ।
'ਰਖਹੁ ਸੁਚੇਤੀ' ਬਾਕ ਅਲਾਯੋ।
ਤਖਤ ਸਥਾਨਿ ਆਨਿ ਕਰਿ ਬੈਸੇ।
ਸੁਰਨਿ ਸਹਤ ਸੁਰਪਤਿ ਥਿਤ ਜੈਸੇ ॥੪੦॥
ਗਨ ਸੁਭਟਨਿ ਕੋ ਲਗ੍ਯੋ ਦਿਵਾਨ।
ਛੀਨੇ ਬਾਜ਼ ਰਹੈਂ ਸਾਵਧਾਨ[1]। — [1]ਬਾਜ਼ ਖੋਹਿਆ ਕਰਕੇ (ਜੋ ਹਰ ਵੇਲੇ) ਸਵਧਾਨ ਰਹਿੰਦੇ ਹਨ।
ਸਤਿਗੁਰੁ ਅਪਨੇ ਸ਼ਸਤ੍ਰ ਮੰਗਾਏ।
ਧਰਿ ਊਚੇ ਥਲ ਧੂਪ ਧੁਖਾਏ ॥੪੧॥
ਫੂਲਨਿ ਕੀ ਮਾਲਾ ਪਹਿਰਾਵੈਂ।
ਚਰਚਤਿ ਚੰਦਨ ਕੋ ਚਿਤ ਲਾਵੈਂ।
ਚਾਰੁ ਚਮਰੁ ਕੋ ਗਹੇ ਝੁਲਾਵਤਿ।
ਇਮਿ ਪੂਜਤਿ ਬਹੁ ਚਿਤ ਹਰਖਾਵਤਿ ॥੪੨॥
ਆਯੁਧ ਤੇਗ਼ੇ ਬਾਢ ਚਰ੍ਹਾਏ।
ਤਰਕਸ਼ ਖਪਰੇ ਖਰ ਕਰਿਵਾਏ[1]। — [1]ਤਿੱਖੇ ਕੀਤੇ ਹੋਏ।
ਧਨੁਖ ਕਠੋਰਨਿ ਪਨਚ[1] ਚਢਾਈ। — [1]ਚਿੱਲੇ, ਧਨੁਖ ਦੀ ਡੋਰੀ।

ਕੰਚਨ ਲਿਪਤਿ ਤੁਪਕ ਅਰਚਾਈ† ॥੪੩॥

†ਸ਼ਸਤ੍ਰ ਪੂਜਨ ਦੀ ਮੁਰਾਦ ਜੜ ਪੂਜਨ ਤੋਂ ਨਹੀਂ, ਪਰ ਦਬੇਲ ਪ੍ਰਜਾ ਵਿਚ ਸ਼ਸਤ੍ਰ ਦਾ ਪਿਆਰ ਤੇ ਸਤਿਕਾਰ ਸਿਖਾਲਣ ਤੋਂ ਹੈ।

ਇਤਿ ਸਤਿਗੁਰੁ ਅਸ ਖੇਲ ਰਚਾਯੋ।
ਤਜਾਰੀ ਕਰਨਿ ਜੰਗ ਮਨ ਭਾਯੋ।
ਉਤ ਦਮੋਦਰੀ ਸਗਰੀ ਤਜਾਰੀ।
ਕਰਤਿ ਬਜਾਹ ਕੀ ਸੌਂਜ ਸੁਧਾਰੀ ॥੪੪॥
ਦੇਨੀ ਦਾਤਿ ਅਧਿਕ ਕਰਿਵਾਈ।
ਰੁਚਿਰ ਬਿਭੂਖਨ ਕੋ ਘਰਵਾਈ।
ਬਸਤ੍ਰ ਸਿਵਾਵਨਿ† ਲਾਗੇ ਬ੍ਰਿੰਦ।
ਇੱਤਜਾਦਿਕ ਸਭਿ ਕੀਨਿ ਬਿਲੰਦ ॥੪੫॥

†ਪਾ:-ਸਿਵਾਵਤਿ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼ਾਹਜਹਾਨ ਸੈਨਾਂ ਚਢਨਿ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

੬. [ਲੋਹਗੜ੍ਹ ਯੁੱਧ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:
ਇਸਿ ਬਿਧਿ ਸਤਿਗੁਰੁ ਕੁਛ ਥਿਰੇ,
ਪੁਨ ਭੋਜਨ ਕਰਿ ਖਾਨ।
ਪੌਢੇ ਬਹੁਰਿ ਪ੍ਰਯੰਕ ਪਰ,
ਢਰਜੋ ਦੁਪਹਿਰੇ ਜਾਨਿ ॥੧॥
ਚੌਪਈ:
ਬਿਜੀਆ[1] ਪਾਨ[†] ਕਰੇ ਹਰਖਾਏ।
ਬਹੁਰ ਸੁਚੇਤਾ ਸਕਲ ਬਨਾਏ।
ਕਰ ਪਦ ਬਦਨ ਪਖਾਰਨਿ ਕੀਨਾ।
ਥਿਰੇ ਤਖਤ ਪਰ ਦਰਸ਼ਨ ਦੀਨਾ ॥੨॥
ਉਤਸਵ ਹੋਤਿ ਬਜਾਹ ਕੋ ਭਾਰੋ।
ਗਨ ਸਮਾਜ ਕੋ ਕਰਿ ਕਰਿ ਤਜਾਰੋ।
ਰਾਖਹਿਂ ਸਦਨ ਬਨਾਇ ਘਨੇਰੇ।
ਜਾਨਹਿਂ -ਆਇ ਬਰਾਤਿ ਸਬੇਰੇ- ॥੩॥
ਗੁਰ ਕੀ ਗਤਿ ਇਕਿ ਗੁਰੁ ਹੀ ਜਾਨੈਂ।
ਅਪਰ ਨਹੀਂ ਕੋ ਰਿਦੇ ਪਛਾਨੈ।
-ਆਇ ਮਲੇਛ ਸੰਭਾਰਨਿ ਕਰੈਂ-।
ਇਹ ਗਤਿ ਕਿਸੈ ਨ ਜਾਨੀ ਪਰੈ ॥੪॥
ਲਗਜੋ ਦਿਵਾਨ ਸੁ ਤਖਤ ਅਗਾਰੀ।
ਗਾਵਹਿਂ ਸ਼ਬਦ ਰਾਗ ਧੁਨਿ ਭਾਰੀ।
ਸ਼ਸਤ੍ਰ ਸਜੇ ਜੋਧਾ ਸਵਧਾਨ।
ਆਨਿ ਆਨਿ ਬੈਠੇ ਬਲਵਾਨ ॥੫॥
ਸੋਦਰ ਸੰਧਜਾ ਲਗ ਤਹਿਂ ਬੈਸੇ।
ਪਾਯੋ ਭੋਗ ਨਮੋ ਕਿਯ ਤੈਸੇ।
ਸਤਿਗੁਰੁ ਮੰਦਿਰ ਬਿਖੈ ਪਧਾਰੇ।
ਨਿਜ ਨਿਜ ਥਲ ਤਬਿ ਸੁਭਟ ਸਿਧਾਰੇ ॥੬॥
ਖਾਨ ਪਾਨ ਕਰਿ ਕੈ ਗਨ ਸੋਏ।
ਕੇਤਿਕ ਰਾਤਿ ਬਿਤੀ ਜਬਿ ਜੋਏ।
ਲਵਪੁਰਿ ਤੇ ਸਿੱਖਨਿ ਅਰਦਾਸ।
ਆਇ ਪਹੂਚੀ ਸਤਿਗੁਰੁ ਪਾਸਿ ॥੭॥

[1]ਸੁੱਖਾ, ਭੰਗ। [†]ਭੰਗ ਪੀਣ ਬਾਬਤ ਦੇਖੋ ਰਾਸਿ ੪ ਅੰਸੂ ੪੪ ਅੰਕ ੧੦ ਦੀ ਹੇਠਲੀ ਟੂਕ।

ਦ੍ਵਾਰਪਾਲ ਸੋਂ, ਬਾਕ ਬਖਾਨੇ।
'ਅਬਿ ਹੀ ਚਹੌਂ ਗੁਰੂ ਢਿਗ ਜਾਨੇ।
ਹੈ ਜ਼ਰੂਰ ਕੋ ਕਾਮ ਬਿਸਾਲਾ।
ਦੇਰਿ ਨ ਕਰਹੁ ਜਾਹੁ ਦਰਹਾਲਾ ॥੮॥
-ਜਿਮਿ ਮੋ ਕਹੁ ਤੁਮ ਆਯਹੁ ਜਾਨਾ।
ਤਿਮਿ ਆਯੋ ਦਲ ਸ਼ਾਹੁ ਮਹਾਨਾ-।'
ਦ੍ਵਾਰਪਾਲ ਨੇ ਜਾਇ ਸੁਨਾਈ।
'ਲਵਪੁਰਿ ਤੇ ਪਾਤੀ ਅਬਿ ਆਈ ॥੯॥
ਕਹੈ ਸੁ -ਬਡਿ ਸੈਨਾ ਚਢਿ ਆਈ-।
ਮਿਲਜੋ ਚਹੈ ਰਾਵਰ ਕੇ ਤਾਂਈ।'
ਸੁਨਿ ਸਤਿਗੁਰੁ ਤਤਕਾਲ ਬੁਲਾਵਾ[1]।
ਅੰਤਰਿ ਬਰਿ ਕਰਿ ਸੀਸ ਨਿਵਾਵਾ ॥੧੦॥
ਧਰਿ ਦੀਨੀ ਅਰਦਾਸ ਅਗਾਰੀ।
ਪਢਿ ਬ੍ਰਿਤਾਂਤ ਸਭਿ ਕੀਨਸਿ ਤਯਾਰੀ।
ਪਠੇ ਲੋਹਗੜ ਕੇਤਿਕ ਜੋਧਾ।
'ਰੋਕਹੁ ਪ੍ਰਥਮ ਹਤਹੁ ਰਿਪੁ ਕ੍ਰੋਧਾ' ॥੧੧॥
ਪੁਨ ਲਵਪੁਰਿ ਕੇ ਸਿਖ ਕੋ ਬੂਝਾ।
'ਕਿਤਿ ਲਸ਼ਕਰ ਤਵ ਆਵਤਿ ਸੂਝਾ[1]?'
ਸੁਨਿ ਤਿਨਿ ਹਾਥ ਜੋਰਿ ਕਰਿ ਕਹਜੋ।
'ਸੰਗਿ ਸੈਨ ਕੇ ਮੈਂ ਮਗ ਲਹਜੋ ॥੧੨॥
ਢਰੇ ਦੁਪਹਿਰੇ ਤਹਿਂ ਤੇ ਚਲੇ।
ਕਈ ਹਜ਼ਾਰਿ ਸੁਭਟ ਕਲਮਲੇ[1]।
ਤਿਨਿ ਕੋ ਮਗ ਮਹਿਂ ਲਾਗੀ ਦੇਰਾ।
ਮੈਂ ਆਯੋ ਕਰਿ ਬੇਗ ਬਡੇਰਾ ॥੧੩॥
ਸ਼ਾਹੁ ਸੈਨ ਭੀ ਆਈ ਜਾਨਹੁ।
ਦਿਢਿ ਹੁਜਹਿ ਗੁਰੁ! ਬਿਲਮਿ ਨ ਠਾਨਹੁ।'
ਖੁਸ਼ੀ ਕਰੀ ਸਿਖ ਪਰਿ ਤਿਸ ਕਾਲ।
ਕ੍ਰਿਪਾ ਦ੍ਰਿਸ਼ਟਿ ਤ ਕਰਜੋ ਨਿਹਾਲ ॥੧੪॥

[1]ਲਾਹੌਰੋਂ ਆਏ ਸਿੱਖ ਨੂੰ) ਬੁਲਾਇਆ।

[1]ਡਿੱਠਾ ਹੈ।

[1]ਕੁਰਬਲ ਕੁਰਬਲ ਕਰਦੇ (ਅ) ਕਲਿਮਲੇ = ਪਾਪ ਵਾਲੇ।

ਬਹੁਰ ਲੋਹਗੜ ਤੇ ਸਿਖ ਆਯੋ।
ਉਤਲਾਵਤਿ ਨੇ ਬਾਕ ਸੁਨਾਯੋ।
'ਕ੍ਰਿਪਾ ਸਿੰਧੁ ! ਲਸ਼ਕਰ ਬਡਿ ਆਵਾ।
ਕਲਬਲਾਟ ਹਮ ਨੇ ਸੁਨਿ ਪਾਵਾ ॥੧੫॥
ਬਹੁ ਬਰੂਦ ਅਰੁ ਗੁਲਕਾਂ ਪਠੀਯਹਿ।
ਪੂਰਬ ਸੰਘਰ ਤਿਸਿ ਥਲ ਠਟੀਅਹਿ।
ਗੁਰ ਜੀ ! ਤੋਪ ਹੋਤਿ ਇਸ ਕਾਲ।
ਮਾਰਤਿ ਸ਼ੱਤ੍ਰਨਿ ਰੋਕਤਿ ਜਾਲ' ॥੧੬॥
ਸੁਨਿ ਸਤਿਗੁਰੁ ਤਬਿ ਹੁਕਮ ਬਖਾਨਾ।
'ਖੋਖਰ ਲਕਰੋ ਪਰਜੋ ਮਹਾਨਾ।
ਸਨਮੁਖ ਰਿਪੁਨਿ ਧਰਹੁ ਤਿਹ ਜਾਈ।
ਦਿਹੁ ਗੋਰਨ ਕੀ ਮਾਰਿ ਮਚਾਈ' ॥੧੭॥
ਪੁਨਿ ਸਿਖ ਨੇ ਗੁਰੁ ਬੂਝਨਿ ਕੀਨੇ।
'ਦੁਰਗ ਬਰੂਦ ਸੁ ਗੋਰਾ ਹੀਨੇ।
ਭਰਿ ਲਕਰੇ ਮਹਿਂ ਕਹਾਂ ਚਲਾਵੈਂ।
ਮ੍ਰਿਗ ਤੌਂ ਨਹੀਂ ਹੇਰਿ ਡਰ ਪਾਵੈਂ' ॥੧੮॥
ਬਹੁਰ ਹੁਕਮ ਗੁਰੁ ਤਿਨਹੁਂ ਬਖਾਨਾ।
'ਪੂਰਹੁ ਲਕਰਾ ਧੂਰਿ ਮਹਾਨਾ।
ਪਾਥਰ ਈਂਟ ਪਾਇ ਕਰਿ ਮਾਰੋ।
ਆਵਤਿ ਰਿਪੁ ਦਲ ਕੋ ਪਰਹਾਰੋ ॥੧੯॥
ਅੰਗ ਸੰਗ ਹਮ ਰਹੈਂ ਤੁਹਾਰੇ।
ਲਰਹੁ ਤਹਾਂ ਬਹੁ ਧੀਰਜ ਧਾਰੇ।'
ਸੁਨਿ ਬਿਸਮੇਂ ਸਿਖ ਧਾਇ ਪਹੂੰਚੇ।
ਲਕਰੋ ਧਰਜੋ ਉਠਾਇ ਸੁ ਊਚੇ ॥੨੦॥
ਪੂਰਿ ਧੂਰਿ ਸੋਂ ਠੋਕਨਿ ਕਰੀ।
ਅਗਨੀ ਤਬਹਿ ਪਲੀਤਾ ਧਰੀ।
ਛੁਟੀ ਤੋਪ ਸਮ ਅਵਨਿ ਹਲਾਈ।
ਮਨਹੁਂ ਗਾਜ ਮੰਡਪ ਕੜਕਾਈ[1] ॥੨੧॥
ਹੁਤੇ ਲੋਹਗੜ ਮਹਿਂ ਭਟ ਜੇਤੇ।
ਬਿਸਮਤਿ ਭਏ ਹਰਖ ਧਰਿ ਤੇਤੇ।
ਚੜ੍ਹੀ ਚੌਂਪ ਚਿਤ ਭਰਿ ਭਰਿ ਤਾਂਹੀ।
ਛੋਰਹਿਂ ਗੋਰੇ ਹੁਇ ਗਿਰ ਜਾਂਹੀ[1] ॥੨੨॥

[1]ਮਾਨੋਂ ਬਿਜਲੀ ਮੁਨਾਰੇ ਤੇ ਕੜਕੀ ਹੈ।

[1]ਜਦ ਚਲਾਂਵਦੇ ਹਨ ਤਾਂ (ਓਹ ਪੱਥਰ) ਗੋਲੇ ਹੋਕੇ ਡਿਗਦੇ

ਹਨ।

ਸ਼ਾਹੁ ਸੈਨ ਬਡਿ ਕਪਟ ਅਰੰਭਾ।
'ਕਿਮਿ ਸੁਧਿ ਹੋਈ' ਮਾਨ ਅਚੰਭਾ।
'ਨਾਂਹਿ ਤ ਸੁਪਤਿ ਪਰੇ ਗਹਿ ਲੈਹੈਂ[1]। — [1]ਫੜ ਲੈਣੇ ਸੀ।
ਬਿਨਾ ਜੰਗ ਤੇ ਕਾਜ ਬਨੈ ਹੈਂ[1] ॥੨੩॥ — [1]ਕੰਮ ਬਣ ਜਾਣਾ ਸੀ।
ਭੋਰ ਹੋਤਿ ਗੁਰੁ ਬਾਜ ਸਮੇਤਿ।
ਗਹਿ ਲੇ ਚਾਲਤਿ ਅਨੰਦ ਸਮੇਤਿ।
ਸੋ ਨਹਿਂ ਦਗ਼ਾ ਭਯੋ[1], ਸੁਧਿ ਪਾਈ। — [1]ਓਹ ਦਗ਼ਾ (ਕਾਮਯਾਬ) ਨਹੀਂ ਹੋਯਾ।
ਜਿਨਹੁਂ ਅਗਾਰੀ ਤੋਪ ਚਲਾਈ ॥੨੪॥
ਅਬਿ ਧੌਂਸਨਿ ਪਰਿ ਚੋਬ ਹਨੀਜੈ।
-ਪਰਹਿ ਜੰਗ ਗਾਢੋ- ਸੁਧਿ ਦੀਜੈ।'
ਇਮਿ ਉਰ ਤੇ ਸਭਿ ਕਪਟ ਨਿਵਾਰਾ।
ਸਨਮੁਖ ਭਏ ਕ੍ਰੋਧ ਬਡਿ ਧਾਰਾ ॥੨੫॥

ਭੁਜੰਗ ਛੰਦ:

ਹਨੀ ਚੋਬ ਭਾਰੀ ਸੁ ਧੌਂਸੇ ਧੁਕਾਰੇ।
ਬਡੇ ਬੀਰ ਬਾਂਕੇ ਬਕੈਂ ਬਾਰ ਬਾਰੇ[1]। — [1]ਕਹਿੰਦੇ ਹਨ (ਮਾਰ ਲੌ ਮਾਰ ਲੌ) ਬਾਰ ਬਾਰ।
ਕਲਾ ਪੈ ਜੜੇ ਮੋੜ ਤੋੜੇ ਧੁਖੰਤੇ।
ਚਲਾਈ ਤੁਫੰਗੈ ਭਭੂਕੇ ਭਖੰਤੇ[1] ॥੨੬॥ — [1]ਬੰਦੂਕਾਂ (ਅੱਗ ਦੇ) ਭਭੂਕੇ ਭਖਦੀਆਂ ਹਨ।
ਨਿਸਾ ਭੂਰ ਅੰਧੇਰ ਹੋਯੋ ਗੁਬਾਰਾ[1]। — [1]ਰਾਤ ਵੇਲੇ ਅੰਧੇਰੇ ਵਿਚ ਗੁਬਾਰ ਹੋ ਗਿਆ।
ਉਠੀ ਧੂਰਿ ਪੂਰੰ ਛਯੋ ਗੈਨ ਸਾਰਾ[1]। — [1]ਅਕਾਸ਼ ਸਾਰਾ ਛਾ ਗਿਆ।
ਨ ਦੀਸੈ ਕਛੂ ਆਪਿ ਹਾਥੈਂ ਪਸਾਰੇ[1]। — [1]ਹੱਥ ਪਸਾਰਿਆਂ ਨਹੀਂ ਦਿਸਦਾ।
ਪਲੀਤਾ ਭਖੇ ਤੇ ਮਲੀਨੰ ਨਿਹਾਰੇ[1] ॥੨੭॥ — [1]ਥੋੜਾ ਜਿਹਾ (ਦਿਖਾਈ) ਦਿੰਦਾ ਹੈ।
ਦਿਸ਼ਾ ਤਾਂਹਿ ਤਾਕੈਂ ਚਲਾਵੈਂ ਤੁਫੰਗੇ।
ਭਰੈਂ ਫੇਰਿ ਛੋਰੈਂ ਬਡੇ ਬੇਗ ਸੰਗੈ।
ਕੜਾਕਾੜ ਨਾਦੰ[1] ਉਠ੍ਯੋ ਏਕ ਬਾਰੀ। — [1]ਸ਼ਬਦ।
ਇਤੇ ਲੋਹ ਕੋਟੰ ਬਕੈਂ[1] ਮਾਰਿ ਮਾਰੀ ॥੨੮॥ — [1]ਲੋਹਗੜ ਵਿਚ (ਸੂਰਮੇ) ਕਹਿੰਦੇ ਹਨ।
ਬਡੀ ਕਾਠਿ ਕੀ ਤੋਪ ਚੌਪੈ ਚਲਾਵੈਂ।
ਬਡੇ ਚੁੰਗ ਬਾਂਧੇ ਜਹਾਂ ਸ਼ੱਤ੍ਰੂ ਆਵੈਂ[1]। — [1]ਬੜੀਆਂ ਟੋਲੀਆਂ ਬੰਨ੍ਹੀਂ ਜਿੱਥੇ ਕੁ ਸ਼ੱਤ੍ਰੂ ਆਂਵਦੇ ਹਨ।
ਪਖਾਣੰ ਕੀ ਈਟੰ ਬਨੈ ਤਾਂਹਿ ਗੋਰੇ।
ਲਗੈਂ ਅੰਗ ਭੰਗੈਂ, ਉਡੈਂ ਸੂਰ ਘੋਰੇ[1] — [1]ਬਹੁਤੇ (ਅ) ਘੋੜੇ।

॥੨੯॥
ਮਲੇਛਾਨਿ ਸੈਨਾਪਤੀ ਜਾਨਿ ਐਸੇ।
'ਗੁਰੂ ਆਪਿ ਈਹਾਂ, ਲਰੈਂ ਬੀਰ ਤੈਸੇ।
ਕਰੋ ਕਜੋਂ ਨ ਹੱਲਾ, ਗਹੋ ਬੇਗ ਜਾਈ।
ਚਮੂੰ ਸੰਗ ਥੋਰੀ, ਲਰੈ ਕੌਨ ਆਈ'
॥੩੦॥
ਕਹੇ ਤੇ ਚਲੇ ਲੋਹਕੋਟੰ[1] ਨਜੀਕਾ।
ਛੁਟੈਂ ਬ੍ਰਿੰਦ ਗੋਰੀ ਮਚਜੋ ਜੁੱਧ ਨੀਕਾ।
ਲਯੋ ਘੇਰਿ ਸੈਨਾ ਘਨੀ ਘੂਮਿ ਆਈ।
ਫਿਰੈਂ ਚਾਰਿ ਪਾਸੇ ਪਰੈ ਨ ਦਿਖਾਈ
॥੩੧॥

[1]ਲੋਹਗੜ੍ਹ।

ਦੋਹਰਾ:
ਮਚਜੋ ਲੋਹਗੜ ਜੰਗ ਇਮਿ,
ਭਯੋ ਸ਼ਬਦ ਬਿਕਰਾਲ।
ਮਨਹੁਂ ਭਾੜ ਧਾਨਾ ਭੁਜੇ[1],
ਭੜਭੜ ਭਈ ਬਿਸਾਲ ॥੩੨॥

[1]ਮਾਨੋ ਭੱਠ ਵਿਚ ਦਾਣੇ ਭੁੱਜਦੇ ਹਨ।

ਪਾਧੜੀਛੰਦ:
ਸੁਨਿ ਤਬਹਿ ਸ਼ਬਦ ਸ੍ਰੀ ਹਰਿਗੁਵਿੰਦ।
ਮਨ ਮੈਂ ਸੁ ਜਾਨਿ ਦਲ ਹੈ ਬਿਲੰਦ।
ਨਿਕਸੇ ਨਿਕੇਤ ਤੇ ਵਹਿਰ ਆਇ।
ਸਭਿ ਸ਼ਸਤ੍ਰ ਅੰਗ ਲੀਨੇ ਸਜਾਇ ॥੩੩॥
ਸਭਿ ਸਨਧਬੱਧ ਹ੍ਵੈ ਆਇ ਸੂਰ।
ਬੋਲਤਿ ਗਰੂਰ ਗੁਰੁ ਕੇ ਹਦੂਰ।
'ਅਬਿ ਬਿਲਮ ਕਹਾਂ ਆਗਜਾ ਸੁ ਦੇਹੁ।
ਜਿਸ ਤੇ ਮਲੇਛ ਗਨ ਮਾਰਿ ਲੇਹੁ'
॥੩੪॥
ਤਿਸ ਸਮੈ ਗੁਰੂ ਹ੍ਵੈ ਕਰਿ ਇਕੰਤ।
ਮੁਖਿ ਸੁਭਟ ਹਕਾਰਿ ਕੀਨਿਸਿ ਮਤੰਤ।
ਇਕਿ ਮਹਾਂ ਬਲੀ ਪੈਂਦਾ ਪਠਾਨ।
ਕੋ ਨਹੀਂ ਬੀਰ ਤਿਸ ਕੇ ਸਮਾਨ ॥੩੫॥
ਪੁਨ ਬਿਧੀਚੰਦ ਜੋਧਾ ਬਿਲੰਦ।
ਲਖਿ ਦਾਵ ਘਾਵ ਔਰ ਨ ਮਨਿੰਦ[1]।

[1]ਹੋਰ ਕੋਈ ਤੁੱਲ ਨਹੀਂ ਹੈ।

ਬਹੁ ਚਤੁਰ ਸ਼ੱਤ੍ਰ ਹਿਤ ਰਚਿ ਉਪਾਇ।
ਛਲ ਲੇਤਿ ਛਿਨਕ ਮਹਿਂ ਕਰਹਿ ਦਾਇ
॥੩੬॥
ਮੋਹਨ, ਗੁਪਾਲ, ਨਵਲੁ, ਨਿਹਾਲ।
ਇਹ ਚਤਰ ਸੂਰ ਚਾਤੁਰ ਬਿਸਾਲ।
ਬਿੱਦਜਾ ਤੁਫੰਗ ਕੀ ਅਧਿਕ ਜਾਨਿ।
ਰਿਪੁ ਸਮੁਖ ਦੇਖਿ ਘਰ ਦੇਂ ਨ ਜਾਨਿ
॥੩੭॥
ਇਕ ਸੁਭਟ ਪਿਰਾਣਾ ਸ਼ਮਸ ਪੀਨ[1]।

[1]ਜਿਸ ਦਾ ਦਾਹੜਾ ਵੱਡਾ ਹੈ (ਅ) ਸਮਸ = ਤੁਲ। ਪੀ = ਬਹੁੜੇ। ਨ = ਨਹੀਂ ਹੈ। ਭਾਵ (ਜਿਸ ਦੇ) ਤੁੱਲ ਹੋਰ (ਕੋਈ) ਨਹੀਂ ਹੈ।

ਤੋਮਰ ਪ੍ਰਹਾਰ ਜਾਨਹਿ ਪ੍ਰਬੀਨ।
ਪੁਨ ਕਰਹਿ ਖੜਗ ਕੇ ਦਾਵ ਘਾਵ।
ਜਬਿ ਸੁਨਹਿ ਜੰਗ ਚਿਤਿ ਹੋਤਿ ਚਾਵ
॥੩੮॥
ਪੁਨ ਜੈਤ ਰੁ ਜਾਤੀ ਮਲਿਕ ਦੋਇ।
ਤੀਰਨਿ ਪ੍ਰਹਾਰ ਸ਼ੱਤ੍ਰਨਿ ਪਰੋਇ।
ਇੱਤਜਾਦਿ ਸੁਭਟ ਗੁਰੁ ਤੀਰ ਆਇ।
ਹਯ ਪਰਿ ਅਰੋਹ ਥਿਤ ਕਿਤਿਕ ਥਾਇਂ
॥੩੯॥
ਤੋੜੇ ਧੁਖਾਇ ਬਨਿ ਸਾਵਧਾਨ।
ਬਿਚਿ ਤੁਪਕ ਬਰੂਦ ਗੁਲਕਾਂ ਠੁਕਾਨ[1]।

[1]ਗੋਲੀਆਂ ਠੋਕੀਆਂ।

ਭਟ ਕਿਤਿਕ ਦੁਗੁਲਕਾਂ[1] ਬੀਚਿ ਪਾਇ।

[1]ਦੋ ਗੋਲੀਆਂ।

ਕਰਿ ਰਾਖਿ ਤਯਾਰ ਹਾਥਨਿ ਉਠਾਇ
॥੪੦॥

ਚੌਪਈ:

ਨਿਜ ਸੈਨਾਪਤਿ ਸਤਿਗੁਰੁ ਹੇਰੇ।
ਸਾਦਰ ਕਰੇ ਬਿਠਾਵਨਿ ਨੇਰੇ।
ਸਭਿ ਸੋਂ ਕਹ੍ਯੋ 'ਕਰੈਂ ਮਤ ਕੌਨ[1]?

[1]ਕੇਹੜੀ ਗੱਲ ਕਰੀਏ?

ਲਰਨਿ ਭਲੋ ਨਹਿਂ ਅੰਤਰਿ ਭੌਨ[1] ॥੪੧॥

[1]ਘਰ ਅੰਦਰ।

ਪੁਰਿ ਕੋ ਤਯਾਗ ਚਲਹਿਂ ਅਬਿ ਬਾਹਰਿ।
ਥਿਰਹਿਂ ਹੇਰਿ ਮੈਦਾਨ ਸੁ ਠਾਹਰਿ[1]।

[1]ਮੈਦਾਨ ਦੀ ਥਾਂ।

ਰਾਤਿ ਅੰਧੇਰੀ ਸੂਝਤਿ ਨਾਂਹੀ।

ਆਨਿ ਪ੍ਰਵੇਸ਼ਹਿਂ ਰਿਪੁ ਘਰਿ ਮਾਂਹੀ ॥੪੨॥
ਅਪਨੋ ਪਰ ਕਾ ਲਖ੍ਯੋ ਨ ਜਾਈ।
ਆਪਸਿ ਬਿਖੈ ਘਾਵ ਤਨ ਘਾਈ[1]।
ਦੂਰਿ ਦੂਰਿ ਜੋਧਾ ਘਿਰਿ ਜਾਇਂ[1]।
ਤਬਿ ਲਰਿਬੇ ਕੋ ਹ੍ਵੈ ਨ ਉਪਾਇ ॥੪੩॥
ਪੁਰਿ ਮਹਿਂ ਲਰਨਿ ਦੋਸ਼ ਸਮੁਦਾਈ।
ਹਮਰੋ ਮਤ -ਹ੍ਵੈ ਵਹਿਰਿ ਲਰਾਈ[1]-।
ਚਢੇ ਹਯਨਿ ਪਰਿ ਰਿਪੁ ਗਨ ਮਾਰੈਂ।
ਕਰਹਿ ਜੰਗ ਅਰੁ ਰਹੈਂ ਕਿਨਾਰੈ[1]' ॥੪੪॥
ਪੈਂਦੇਖਾਨ ਭਨੀ 'ਇਹ ਆਛੇ।
ਜੋ ਮਸਲਤਿ ਰਾਵਰਿ ਚਿਤ ਬਾਂਛੇ।
ਤਊ ਬਿਚਾਰਹੁ ਨਿਜ ਪਰਿਵਾਰ।
ਇਸਿ ਕੀ ਰੱਛਜਾ ਬਨਹਿ ਉਦਾਰ ॥੪੫॥
ਇਨਹਿਂ ਨਿਕਾਸਹੁ ਕਰਹੁ ਅਗਾਰੀ।
ਸਭਿ ਜੋਧਾ ਗਨ ਰਹੈਂ ਪਿਛਾਰੀ।
ਸਦਨ ਸਮਾਜ ਨ ਲਾਲਚ ਕਰੋ।
ਸਕਲ ਸਕੇਲ ਏਕਿ ਥਲ ਧਰੋ ॥੪੬॥
ਸੌ ਅਸੁਵਾਰ ਸੰਗਿ ਇਨਿ ਰਹੈਂ।
ਨਿਜ ਦਲ ਕੀ ਸਮੀਪਿਤਾ ਲਹੈਂ।
ਲਰਤਿ ਰਹੈਂ ਸ਼ੱਤ੍ਰੁਨਿ ਕੋ ਮਾਰੈਂ।
ਭਰਹਿਂ ਤੁਫੰਗਨਿ ਧਰਹਿਂ ਪ੍ਰਹਾਰੈਂ[1] ॥੪੭॥
ਲਰਤਿ ਜਿ ਆਗੈ ਪਾਛੈ ਹੱਲੈਂ[1]।
ਤਬਿ ਕੁਟੰਬ ਸੋਂ ਭਟ ਸੌ ਮਿਲੈਂ।
ਨਵਲਾ ਸੈਨਾਪਤੀ ਮਿਲਾਵਹੁ।
ਇਸ ਕਾਰਜ ਪਰਿ ਤਿਹ ਠਹਿਰਾਵਹੁ' ॥੪੮॥
ਸੁਨਿ ਕਰਿ ਨੀਕੇ ਹਰਿ ਗੋਵਿੰਦ।
ਨਵਲੇ ਕੋ ਦੇ ਕਰਿ ਭਟ ਬ੍ਰਿੰਦ।

[1]ਜ਼ਖਮ ਸਰੀਰ ਤੇ ਖਾਵਾਂਗੇ।
[1]ਜੇ ਵੱਖੋ ਵੱਖ ਹੋਕੇ ਲੜੀਏ ਤਾਂ) ਦੂਰ ਦੂਰ ਹੋਕੇ ਜੋਧੇ (ਵੈਰੀਆਂ ਵਿਚ) ਘਿਰ ਜਾਣਗੇ।
[1]ਸਾਡੀ ਸਲਾਹ ਹੈ ਕਿ ਲੜਾਈ ਬਾਹਰ ਹੋਵੇ।
[1]ਪਾਸੇ ਹੀ।
[1]ਅਗੇ) ਧਰਕੇ ਮਾਰਨ।
[1]ਭਾਵ, ਲੜਦੇ ਭਿੜਦੇ (ਅਸੀਂ) ਅੱਗੇ ਪਿੱਛੇ ਜੇ (ਕਿਸੇ ਪਾਸੇ) ਨਿਕਲ ਜਾਈਏ ਤਾਂ।

ਭੇਜਯੋ ਸਭਿ ਪਰਿਵਾਰ ਨਿਕਾਸਨਿ।
'ਦਿਹੁ ਧੀਰਜ ਕੋ ਮਾਨਹਿ ਤ੍ਰਾਸ[1] ਨ' [1]ਡਰ ਨਾ ਮੰਨਣ।
॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਜੁੱਧ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

੭. [ਲੋਹਗੜ੍ਹ ਯੁੱਧ। ਬੀਬੀ ਵੀਰੋ ਘਰ ਰਹੀ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਪਠਿ ਨਵਲੇ ਕੋ ਸਤਿਗੁਰੂ, ਸਭਿ ਕੋ ਬਾਕ ਸੁਨਾਇ।
'ਹੁਤੇ ਲੋਹਗੜ ਕੇ ਬਿਖੈ, ਪੰਚ ਬੀਸੁ ਭਟ ਭਾਇ[1] ॥੧॥

[1]੨੫ ਪ੍ਰੇਮੀ ਸੂਰਮੇ।

ਚੌਪਈ:

ਅਰੇ ਲਰੇ ਭਟ ਛੁਟੀ ਤੁਫੰਗੈ।
ਤੋਪ ਸ਼ਬਦ ਕੋ ਹੇਤਿ ਉਤੰਗੈ।
ਤਿਨਹੁਂ ਰਖੀ ਅਟਕਾਇ ਲਰਾਈ।
ਉਠਤਿ ਕੁਲਾਹਲ[1] ਦੇਤਿ ਸੁਨਾਈ ॥੨॥

[1]ਹੌਲਾ।

ਕਬਿ ਲੌ ਅਰਹਿ? ਸ਼ਾਹੁ ਦਲ ਭਾਰਾ[1]।
ਆਵਹਿ ਇਹਾਂ ਹੁਜੀਯਹਿ ਤਜਾਰਾ।
ਮਹਾਂ ਤਿਮਰ ਇਕ ਨਿਸਿ ਅੰਧਜਾਰੀ।
ਹਯਨਿ ਖੁਰਨਿ ਤੇ ਖੇਹ ਉਡਾਰੀ ॥੩॥

[1]ਕਿੰਨਾ ਕੁ ਚਿਰ ਅੜਨਗੇ, ਸ਼ਾਹ ਦਾ ਦਲ ਭਾਰੀ ਹੈ।

ਬਾਂਧੇ ਚੁੰਗ ਮਿਲੇ ਸਭਿ ਰਹੀਯਹਿ।
ਪ੍ਰਿਥਕ ਹੋਨਿ ਕੋ ਕਿਮਿ ਨਹਿਂ ਚਹੀਯਹਿ।
ਜਬਿ ਪ੍ਰਕਾਸ਼ ਸੂਰਜ ਕੋ ਪਾਵਹੁ।
ਤਬਿ ਤੁਰਕਨਿ ਰਿਪੁ ਮਾਰਿ ਗਿਰਾਵਹੁ' ॥੪॥
ਸੁਨਤਿ ਸੁਭਟ ਗੁਰੁ ਤੇ ਲਲਕਾਰੇ।
'ਪਾਤਿਸ਼ਾਹ! ਬਲ ਪਾਇ ਤੁਹਾਰੇ।
ਕਿਸਿ ਗਿਨਤੀ ਮਹਿਂ ਇਹ ਰਿਪੁ ਆਏ।
ਹਮ ਮਾਰਹਿਂ ਲਵਪੁਰਿ ਕੋ ਜਾਏ ॥੫॥
ਦੁਰਗ ਪਰਵੇਸ਼ਨਿ ਤੇ ਬਚਿ ਰਹੈਂ[1]।
ਨਾਂਹਿ ਤ ਸ਼ਾਹਜਹਾਂ ਕਹੁ ਗਹੈਂ।
ਜਬਿ ਚਮਕਹਿਂਗੇ ਖੜਗ ਕਰਾਲੇ।
ਤਬਿ ਦੇਖਹੁ ਹੁਇ ਜੰਗ ਬਿਸਾਲੇ ॥੬॥

[1]ਕਿਲੇ ਵਿਚ ਵੜਕੇ (ਭਾਵੇਂ) ਬਚ ਰਹਿਣ।

ਪੁਨ ਸਤਿਗੁਰੁ ਸਿਖ ਅਪਰ ਪਠਾਵਾ।
'ਮੰਦਰ ਗਮਨਹੁ ਬਿਲਮਿ ਨ ਲਾਵਾ।
ਵਸਤੁ ਲੋਭ ਕੋ ਕਰੀਯਹਿ ਨਾਂਹੀ।

ਪਰੀ ਰਹਨਿ ਦਿਹੁ ਸਭਿ ਘਰੁ ਮਾਂਹੀ
॥੭॥
ਕਰਹੁ ਸ਼ੀਘ੍ਰਤਾ ਵਹਿਰ ਲਿਜਾਵਹੁ।
ਪੰਥ ਰਾਮਸਰ ਕੇਰਿ ਸਿਧਾਵਹੁ।
ਆਗਹਿ ਪਾਛਹਿ ਸੁਭਟ ਰਹੀਜਹਿ।
ਬਿਚਿ ਕੁਟੰਬ ਸਗਰੋ ਲੇ ਲੀਜਹਿ ॥੮॥
ਪ੍ਰਥਮ ਨ ਤੁਪਕ ਚਲਾਵਹੁ ਕੋਈ।
ਗਮਨਹੁ ਸ਼ਬਦ ਜਥਾ ਨਹਿਂ ਹੋਈ[1]'। [1]ਭਾਵ ਮਲਕੜੇ।
ਗਯੋ ਸਿੱਖ ਉਤਲਾਵਤਿ ਮੰਦਰ।
ਤਜਾਰੀ ਕਰਤਿ ਸਕਲ ਹੀ ਅੰਦਰ ॥੯॥
ਇਕ ਸਿੱਖ ਕੌਲਾਂ ਕੇਰਿ ਅਗਾਰਾ।
ਭੇਜਯੋ ਸਤਿਗੁਰੁ ਲਯਾਵਨ ਵਾਰਾ।
ਜਾਇ ਗੁਰੂ ਕੇ ਬਾਗ ਸੁਨਾਏ।
'ਲੋਭ ਨ ਕਰਹੁ ਵਸਤੁ ਸਮੁਦਾਏ ॥੧੦॥
ਸਭਿ ਤਜਿ ਨਿਕਸਹੁ ਬਿਲਮਿ ਨ ਕੀਜੈ।
ਸੈਨਿ ਸਮੀਪਿ ਅਈ ਲਖਿ ਲੀਜੈ।'
ਸਯੰਦਨ ਅਰੁ ਡੋਰੇ ਗਨ ਆਏ।
ਕਹਿ ਬਹੁ ਬਾਰੀ ਤੁਰਤ ਚਢਾਏ ॥੧੧॥
ਅਤਿ ਦਮੋਦਰੀ ਦੁਖੀ ਬਿਚਾਰੀ।
ਪੁੱਤ੍ਰੀ ਬਜਾਹ ਬਿਘਨ ਭਾ ਭਾਰੀ।
ਕੌਨ ਕੌਨ ਵਥੁ[1] ਚਿਤਵਤਿ ਖਰੀ। [1]ਕਿਹੜੀ ਕਿਹੜੀ ਚੀਜ਼ (ਲੈ ਚਲਾਂ)।
ਤ੍ਰਾਸਤਿ ਸਗਰੀ ਤਜਾਗਨਿ ਕਰੀ ॥੧੨॥
ਸੁਭਟਨਿ ਸਾਹਿਬਜ਼ਾਦੇ ਲੀਨਿ।
ਸੰਗ ਤੁਰੰਗ ਅਰੂਢਨਿ ਕੀਨਿ।
ਭਰਯੋ ਸਦਨ ਸਭ ਵਸਤੂ ਕੇਰਾ।
ਕਰਿ ਕੈ ਤਜਾਗ ਚਲੇ ਬਿਨੁ ਦੇਰਾ ॥੧੩॥
ਜਬਿ ਦਮੋਦਰੀ ਸਯੰਦਨ ਚਰੀ।
ਮਰਵਾਹੀ ਸਯੰਦਨ ਬਿਬ ਥਿਰੀ[1]। [1]ਰੱਥ ਵਿਚ ਦੋਵੇਂ ਬੈਠੀਆਂ।
ਨਾਨਕੀ ਤੇਗ ਬਹਾਦਰ ਲੀਨੇ।
ਚਢਿ ਡੋਰੇ ਪਰਿ ਚਲਿਬੋ ਕੀਨੇ ॥੧੪॥
ਦਾਸੀ ਦਾਸਨਿ ਕੇ ਸਮੁਦਾਈ।
ਚਲੇ ਸੰਗਿ ਨਹਿਂ ਬਿਲਮਿ ਲਗਾਈ।

ਰਾਤਿ ਅੰਧੇਰੀ ਪੰਥ ਨ ਸੂਝਤਿ।
ਗਮਨਤਿ ਰਾਮ ਤਾਲ ਮਗ ਬੂਝਤਿ
॥੧੫॥
ਆਪਸਿ ਮਹਿਂ ਇਤਿ ਉਤਿ ਹੁਇ ਚਾਲੇ।
ਸੰਘਨੇ ਬ੍ਰਿੱਛ ਖਰੇ ਬਹੁ ਡਾਲੇ।
ਚਲਿਬੇ ਕੋ ਮਗ ਬਡੋ ਨ ਜਹਾਂ।
ਨੀਠ ਨੀਠ ਗਮਨਤਿ ਭੇ ਤਹਾਂ ॥੧੬॥
ਜਾਇ ਰਾਮਸਰ ਪਰ ਥਿਰੁ ਹੋਏ।
ਸੁਭਟ ਸੁਚੇਤ ਬੀਰ ਰਸ ਭੋਏ।
ਉਤ ਕੌਲਾਂ ਆ ਮਿਲਿਬੋ ਕੀਨਿ।
ਗੁਰੁ ਪਰਿਵਾਰਹਿ ਸੰਗ ਪ੍ਰਬੀਨ ॥੧੭॥
ਸ਼੍ਰੀ ਹਰਿਗੋਵਿੰਦ ਢਿਗ ਸੁਧਿ ਆਈ।
ਕਰੀ ਸ਼ੀਘ੍ਰ ਹੀ ਅਪਨਿ ਚਢਾਈ।
ਪ੍ਰਥਮ ਅਕਾਲ ਤਖਤ ਕੇ ਥਾਈਂ।
ਹਯ ਆਰੂਢੇ ਗ੍ਰੀਵ ਨਿਵਾਈ ॥੧੮॥
ਪੌਰ ਦਰਸ਼ਨੀ ਬੰਦਨ ਕੀਨਿ।
ਚਲੇ ਪ੍ਰਦਛਨਾ[1] ਦਿਸ਼ਾ ਪ੍ਰਬੀਨ।
ਫਿਰਿ ਆਏ ਦੁਖਭੰਜਨਿ ਬੇਰਿ।
ਡੇਢ ਜਾਮ ਤਬਿ ਜਾਮਨਿ ਹੇਰਿ[1] ॥੧੯॥
ਗੁਰੂ ਕਹਜੋ 'ਆਧੇ ਰਹੁ ਚਰੇ[1]।
ਅਰਧ ਸ਼ਨਾਨ ਤਾਲਿ ਲਿਹੁ ਕਰੇ।
ਸੋ ਸਨੱਧ[1] ਹੁਇ ਹਯ ਜਬਿ ਚਰੈਂ।
ਪੁਨ ਸੋ ਅਰਧ ਸੁਚੇਤਾ ਕਰੈਂ ॥੨੦॥
ਇਮਿ ਕਹਿ ਆਪ ਕੀਨਿ ਇਸ਼ਨਾਨਾ।
ਬਸਤ੍ਰ ਸ਼ਸਤ੍ਰ ਪਹਿਰੇ ਬਿਧਿ ਨਾਨਾ।
ਫਿਰਤ ਪ੍ਰਦਛਨਾ ਚਲਿ ਕਰਿ ਆਏ।
ਪੌਰ ਦਰਸ਼ਨੀ ਸੀਸ ਨਿਵਾਏ ॥੨੧॥
ਅੰਦਰ ਸ਼੍ਰੀ ਹਰਿਮੰਦਰ ਗਏ।
ਦ੍ਵੈ ਕਰ ਬੰਦਿ ਬੰਦਨਾ ਕਿਏ।
ਖਰੇ ਹੋਇ ਗੁਰ ਸਭਿਨਿ ਅਗਾਰੀ।
ਬਿਨਤੀ ਲੇ ਕਰਿ ਨਾਮ ਉਚਾਰੀ ॥੨੨॥
ਛਪੈ:

[1]ਪ੍ਰਕਰਮਾਂ ਵੱਲ।
[1]ਰਾਤ ਦੇਖੀ।
[1]ਘੋੜਿਆਂ) ਤੇ ਚੜ੍ਹੇ ਰਹੇ।
[1]ਤਿਆਰ ਬਰਤਿਆਰ।

ਸ਼੍ਰੀ ਗੁਰ ਨਾਨਕ ਜੋਤਿ
ਹੋਤਿ ਨਿਤ ਸਿੱਖ ਸਹਾਯਕ।
ਬਿਘਨ ਮਿਟਾਇ ਅਨੇਕ
ਏਕ ਚਿਤ ਸਿਮਰਿ ਸੁਭਾਯਕ[1]।

[1]ਜੋ) ਇਕ ਚਿਤ ਹੋਕੇ ਸੁਭਾਵਕ ਹੀ ਸਿਮਰੇ।

ਦੁਰਜਨ ਕੋ ਸਮੁਦਾਇ
ਆਇ ਤਿਨ ਤਤਛਿਨਿ ਘਾਯਕ[1]।

[1]ਆਇਆ ਹੈ ਵੈਰੀਆਂ ਦਾ ਸਮੂਹ ਉਨ੍ਹਾਂ ਨੂੰ ਛੇਤੀ ਮਾਰ ਦਿਓ।

ਦੁਸ਼ਟ ਅਰਿਸ਼ਟ ਨਿਵਾਰਿ
ਧਾਰ ਕਰ ਸਦਾ ਬਚਾਯਕ[1]।

[1]ਹੱਥ ਧਰਕੇ (ਦਾਸਾਂ ਨੂੰ) ਸਦਾ ਬਚਾਂਵਦੇ ਹੋ।

ਜਗ ਨਾਯਕ ਨਾਯਕ ਪ੍ਰਭੋ !
ਵਿਭੋ ਰੂਪ ਦਾਯਕ ਬਿਜੈ[1]।

[1]ਜਗਤ ਦੇ ਸ੍ਵਾਮੀਆਂ ਦੇ ਸ੍ਵਾਮੀ ਹੇ ਪ੍ਰਭੋ ! (ਆਪ ਦਾ) ਰੂਪ ਸਾਰੇ ਵਿਆਪਕ ਹੈ ਤੇ ਆਪ ਜੈ ਦੇ ਦਾਤੇ ਹੋ।

ਰਘੁਨਾਯਕ ਸਾਯਕ ਬਚਨ
ਰਚਨ ਅਨੰਦ ਸਦ ਜੈ ਅਜੈ[1] ॥੨੩॥

[1]ਰਾਮਚੰਦ੍ਰ ਦੇ ਬਾਣਾਂ (ਵਤ ਆਪ ਦੇ) ਬਚਨ (ਅਮੋਘ ਹਨ) ਅਨੰਦ ਤੇ ਜੈ ਦੇ ਆਪ ਰਚਨਹਾਰੇ ਹੋ ਤੇ ਅਜੈ (ਆਪ ਦਾ ਸਰੂਪ) ਹੈ।

ਸ਼੍ਰੀ ਅੰਗਦ ਕੁਲ ਚੰਦ
ਬੰਦਿ ਕਰ ਬੰਦਨ ਮੋਰੀ।
ਦੁੰਦ ਬਿਲੰਦ ਨਿਕੰਦ,
ਕੰਦ ਸੁਖ ! ਸ਼ਰਨੀ ਤੋਰੀ।
ਦੀਨ ਬੰਧੁ, ਗੁਨ ਸਿੰਧੁ,
ਪੰਧ ਗਤਿ ਕੋ ਦਿਖਰਾਵਤਿ[1]।

[1]ਮੁਕਤੀ ਦਾ ਰਾਹ ਦਿਖਾਂਵਦੇ ਹੋ (ਦਾਸਾਂ ਨੂੰ)।

ਜਸੁ ਬਿਸਾਲ, ਅਰਿ ਘਾਲਿ,
ਘਾਲਿ ਦਾਸਨ ਮਨ ਭਾਵਤਿ[1]।

[1]ਦਾਸਾਂ ਦੀ ਘਾਲਣਾ (ਜਿਨ੍ਹਾਂ ਨੂੰ) ਭਾਂਵਦੀ ਹੈ।

ਜਰ ਅਜਰ ਗੋਇ ਉਰ ਅਜਰ ਮਹਿਂ,
ਨਹਿਂ ਦਿਖਾਇ, ਅਸ ਮਤਿ ਗਹੇ[1]।

[1]ਜਰਕੇ ਅਜਰ (ਭਾਵ ਸਿੱਧੀਆਂ) ਗੁਪਤ ਰਖੀਆਂ ਹਨ, ਹਿਰਦੇ ਰੂਪ ਵਿਹੜੇ ਵਿਚ, ਤੇ ਦਿਖਾਈਆਂ ਨਹੀਂ, ਐਸੀ ਸੰਮਤੀ ਧਾਰੀ ਸੀ ਜਿਨ੍ਹਾਂ ਨੇ।

ਬਰ ਬਦਨ ਸਦਨ ਸੁਖ ਬਰ ਦਿਹੋ
ਲਹੌਂ ਬਿਜੈ ਰਿਪੁ ਦਲ ਦਹੇ[1] ॥੨੪॥

[1]ਆਪਣੇ ਸ੍ਰੇਸ਼ਟ ਮੁਖੋਂ ਹੇ ਸੁਖਾਂ ਦੇ ਘਰ ਸ੍ਰੇਸ਼ਟ ਵਰ ਦਿਓ ਕਿ ਮੈਂ ਫਤੇ ਪਾਵਾਂ ਵੈਰੀਆਂ ਦਾ ਦਲ ਨਾਸ਼ ਕਰਕੇ।

ਕੁਲ ਭੱਲਜਨਿ ਕੇ ਮੌਰ
ਔਰਿ ਸਮਸਰ ਨਹਿਂ ਜਨਿਯਤਿ।
ਦਾਤਾ ਮਹਿਦ ਉਦਾਰ
ਸਾਰ ਦਾਸਨਿ ਦੇ ਭਨੀਯਤਿ[1]।

[1]ਦਾਸਾਂ ਨੂੰ ਸਾਰ ਦੇਣ ਵਾਲੇ ਕਹੇ ਜਾਂਦੇ ਹੋ।

ਬਾਈਸ ਮੰਜੀ ਦੀਨ
ਕੀਨ ਸਿਖ ਦਾਸ ਨਿਹਾਲਾ।
ਨਿਵੈਂ ਜਗਤਿ ਦਰਬਾਰ
ਧਾਰਿ ਇੱਛਾ ਸੁ ਬਿਸਾਲਾ।
ਪਿਖਿ ਪ੍ਰੇਮ ਨੇਮ ਬਿਨੁ[1] ਛੇਮ ਦੇ,
[1]ਨੇਮ ਬਿਨਾ ਨਿਰਾ ਪ੍ਰੇਮ ਤੱਕ ਕੇ ਹੀ।
ਇਮਿ[1] ਕੀਰਤੀ ਬਹੁ ਸਜੈ।
[1]ਇਉਂ।
ਸ੍ਰੀ ਅਮਰਦਾਸ ਗੁਨ ਰਾਸਿ ਬਰ !
ਬਰ ਦੇਵਹੁ -ਰਿਪੁ ਤੇ ਬਿਜੈ- ॥੨੫॥
ਚੌਥੇ ਸਤਿਗੁਰੁ ਭਏ
ਲਏ ਜਸੁ ਜਗਤਿ ਉਜਾਲਾ।
ਸਦਾ ਪ੍ਰੇਮ ਕੇ ਬਸੀ
ਦੇਤਿ ਬਰ ਹੋਇ ਕ੍ਰਿਪਾਲਾ।
ਮਾਯਾ ਬਿਖੈ ਅਲੇਪ
ਛੇਪ ਨਹਿਂ ਕਿਸਹੂੰ ਕਾਲਾ।
ਸਦਾ ਸੱਚਿਦਾਨੰਦ,
ਬੰਦਿ ਪਦ[1] ਭਏ ਨਿਹਾਲਾ।
[1]ਜਿਨ੍ਹਾਂ ਨੇ ਚਰਨ ਬੰਦੇ।
ਨਿਤ ਨਮਹਿ ਨਮਹਿ ਪੁਨ ਪੁਨ ਨਮਹਿ,
ਮਹਿ ਮਹਿਂ ਮਹਿਮਾਂ ਮਹਾਂਬਰ[1]।
[1]ਪ੍ਰਿਥਵੀ ਤੇ ਮਹਿਮਾਂ (ਆਪ ਦੀ) ਬੜੀ ਭਾਰੀ ਹੈ।
ਕਰ ਜੋਰਿ ਨਿਹੋਰਤਿ ਬਿਜੈ ਦਿਹੁ
ਗੁਰੁ ਰਾਮਦਾਸ ! ਸ੍ਰੀ ਬਦਨ ਬਰ[1] ॥੨੬॥
[1]ਆਪਣੇ) ਸ੍ਰੇਸ਼ਟ ਮੁਖ ਤੋਂ।
ਭਗਤ ਭਾਵਨਾ ਭਰਨਿ
ਹਰਨਿ ਭੈ ਸ੍ਰੀ ਭਗਵੰਤਾ।
ਸ਼ਰਨਿ ਸੂਰ, ਪ੍ਰਣਿ ਪੂਰ,
ਮੁਕਤਿ ਦਾਯਕ ਸਭਿ[†] ਸੰਤਾ[1]।
[1]ਸਾਰੇ ਸੰਤਾਂ ਨੂੰ। [†]ਪਾ:-ਸਮ।
ਪਰਉਪਕਾਰੀ ਧੀਰ
ਭੀਰ ਨਿਤ ਸਿੱਖਨਿ ਕੇਰੀ।
ਕਰਤਿ ਉਧਾਰ ਉਦਾਰ[1]
[1]ਮੁਕਤ ਕਰਦੇ ਹੋ ਦਾਤੇ ਹੋਕੇ।
ਬਿਦਤ ਜਿਤਿ ਕਿਤ ਮਹਿਂ ਹੇਰੀ[1]।
[1]ਪ੍ਰਿਥਵੀ ਤੇ ਦਿਖਾਈ ਦੇ ਰਹੀ ਹੈ।
ਸ੍ਰੀ ਅਰਜਨ ਸਿਰਜਨਿ ਸ੍ਰੇਯ ਜਨ
ਨਮੋ ਨਮੋ ਪਗ ਸਤਿਗੁਰੂ।
ਅਬਿ ਸ਼ੱਤ੍ਰ ਜੀਤਿ ਕੀ ਕਾਮਨਾ,
ਹਤੌਂ, ਪਲਾਵਹਿਂ ਸਮ ਰੁਰੂ[1]' ॥੨੭॥
[1]ਦੌੜ ਜਾਣ ਹਰਨਾਂ ਵਾਂਗ।

ਦੋਹਰਾ:
ਸੁਨਿ ਉਸਤਤਿ ਕੋ ਤਿਹ ਸਮੈ, ਸ਼੍ਰੀ ਹਰਿਮੰਦਰ ਮਾਂਹਿ।
ਗਿਰਾ ਪ੍ਰਗਟ ਹੋਈ ਸੁਨੀ, 'ਕਰਹੁ ਤੁਰਕ ਗਨ ਦਾਹਿ ॥੨੮॥
ਪ੍ਰਥਮ ਜੰਗ ਤੁਮ ਤੇ ਉਠ੍ਯੋ[1], ਲਰੈਂ ਬਹੁਤ ਹੀ ਕਾਲ।
ਸਨੇ ਸਨੇ ਗਨ ਤੁਰਕ ਕੀ, ਉਖਰਹਿਂ ਜਰਾਂ ਬਿਸਾਲ ॥੨੯॥
ਲਹਹੁ ਬਿਜੈ ਰਿਪੁ ਬ੍ਰਿੰਦ ਤੇ, ਨ੍ਰਿਭੈ ਹਤਹੁ ਹਥਿਯਾਰ।
ਮਾਰਿ ਮਲੇਛਨਿ ਸੈਨਿ ਕੋ, ਲੀਜਹਿ ਬਿਜੈ ਉਦਾਰ' ॥੩੦॥
ਸੁਨਿ ਸ਼੍ਰੀ ਹਰਿਗੋਬਿੰਦ ਜੀ, ਨਮੋ ਕਰੀ ਕਰ ਜੋਰਿ।
ਪਰਮ ਪ੍ਰੇਮ ਕਰਿ ਨਿਕਸਿ ਤਬਿ, ਫਿਰੇ ਪ੍ਰਦਛਨਾ ਓਰਿ ॥੩੧॥
ਚਤਰ ਪ੍ਰਕਰਮਾ ਕਰਿ ਫਿਰੇ, ਕਰਿ ਬੰਦਨ ਦਰਬਾਰ।
ਪੌਰ ਦਰਸ਼ਨੀ ਆਇ ਕੈ, ਸਿਰ ਧਰਿ ਨਮਹਿਂ ਉਦਾਰ[1] ॥੩੨॥
ਕਰਜੋ ਹਕਾਰਨਿ ਹਯ ਬਲੀ, ਆਯੋ ਤਹਿਂ ਤਤਕਾਲ।
ਆਰੋਹਨਿ ਸਤਿਗੁਰੁ ਭਏ, ਧਨੁਖ ਕਠੋਰ ਸੰਭਾਲਿ ॥੩੩॥
ਚੰਚਲ ਬਲੀ ਤੁਰੰਗ ਬਹੁ, ਕੀਮਤਿ ਜਿਸ ਕੀ ਲਾਖ।
ਗੁਰੁ ਮਨ ਸੋਂ ਲਯ ਲੀਨਿ ਹੁਇ[1], ਚਲਤਿ ਜਥਾ ਅਭਿਲਾਖ ॥੩੪॥
ਗੋਲ[1] ਚਮੂੰ ਕੋ ਸੰਗਿ ਲੈ, ਹੋਇ ਗੁਰੁ ਸਵਧਾਨ।
ਚਾਹਤਿ ਭੇ ਸੰਗ੍ਰਾਮ ਕੋ, ਗਏ ਰਾਮਸਰ ਥਾਨ

[1]ਭਾਵ ਜੰਗ ਦਾ ਅਰੰਭ ਤੁਸਾਂ ਕੀਤਾ ਹੈ।

[1]ਭਾਵ ਗੁਰੂ ਜੀ।

[1]ਗੁਰੂ ਜੀ ਦੇ ਮਨ ਨਾਲ ਤਦਾਕਾਰ ਹੋਕੇ।

[1]ਜੱਥਾ।

॥੩੫॥
ਕਰੀ ਸੰਭਾਰਿ ਪ੍ਰਵਾਰ ਕੀ, ਸ਼੍ਰੀ ਸਤਿਗੁਰੁ ਤਿਸਿ ਕਾਲ।
-ਇਕਿ ਵੀਰੋ ਕੀ ਸੁਧਿ ਨਹੀਂ, ਔਰ ਸਕਲ ਹੈਂ ਨਾਲ ॥੩੬॥
ਗੁਡੀਯਾ ਰਹੀ ਸੰਭਾਲਤੀ, ਬੀਬੀ ਬੀਚ ਅਗਾਰ।
ਰਾਖਤਿ ਪ੍ਰਾਨਨਿ ਜਯੋਂ ਜਿਨ੍ਹੈ-, ਐਸੇ ਕਰਯੋ ਬਿਚਾਰ ॥੩੭॥
-ਮਾਤਾ ਸਮੁਝਯੋ ਹੋਇਗੀ, ਦੂਸਰ ਮਾਤਾ ਸੰਗ।
ਯਾਂ ਤੇ ਭੂਲੀ ਸਦਨ ਮੈਂ, -ਲਯਾਵੈ ਕੌਨ ਨਿਸੰਗ ॥੩੮॥
ਸਿੰਘੇ ਪ੍ਰੋਹਤ ਕੋ ਕਹਯੋ, 'ਬਾਬਕ[1] ਸੰਗਿ ਸਿਧਾਰਿ।
ਆਨੋ ਬੀਬੀ ਕੋ ਇਹਾਂ, ਸਫਲੈ ਜਨਮ ਤੁਹਾਰਿ' ॥੩੯॥
ਸ਼੍ਰੀ ਗੁਰੁ ਆਗਯਾ ਤੇ ਚਲੇ, ਹਾਥ ਬੰਦੂਕਨਿ ਧਾਰਿ।
ਸ਼੍ਰੀ ਨਾਨਕ ਸਿਮਰਤਿ ਰਿਦੈ, ਕਾਰਜ ਲਯਾਵਹਿਂ ਸਾਰ ॥੪੦॥
ਦਈ ਨਿਸ਼ਾਨੀ ਸਿਮਰਨੀ, ਕਹਯੋ 'ਜਿ ਹੁਇ ਭਟ ਭੇਰਿ।
ਤੁਪਕ ਅਵਾਜ਼ ਕਰੀਜਏ[1], ਪਠਹਿਂ ਬੀਰ ਬਿਨੁ ਦੇਰਿ ॥੪੧॥
ਘਿਰਿਬੇ ਤੇ ਚੌਕਸ ਰਹਹੁ, ਦਾਵ ਘਾਵ ਕਰਿ ਜਾਇ।
ਬੀਰ ਸਹਾਇਕ ਸਭਿ ਖਰੇ, ਸੁਨਤਿ ਸ਼ੀਘ੍ਰਤਾ ਆਇਂ[1]' ॥੪੨॥
ਦੋਨਹੁਂ ਜੋਧਾ ਧੀਰ ਧਰਿ, ਗਏ ਤੁਰੰਗ ਧਵਾਇ।
ਸਤਿਗੁਰੁ ਕਰਤਿ ਪ੍ਰਤੀਖਨਾ[1], ਖਰੇ ਭਏ

[1]ਰਬਾਬੀ ਦਾ ਨਾਮ ਹੈ।

[1]ਬੰਦੂਕ ਦੀ ਆਵਾਜ਼ ਕਰਨੀ।

[1]ਆਵਣਗੇ (ਤੁਹਾਡੀ ਸਹਾਇਤਾ ਨੂੰ)।

[1]ਉਡੀਕ।

ਤਿਸਿ ਥਾਇੰ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸਟਮਿ ਰਾਸੇ 'ਜੁੱਧ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

੮. [ਬੀਬੀ ਵੀਰੋ ਜੀ ਨੂੰ ਲਿਆਂਦਾ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਇਤਿ ਸਤਿਗੁਰ ਇਹ ਬਿਧਿ ਕਰੀ,
ਨਿਕਸੇ ਮੰਦਿਰ ਛੋਰਿ।
ਉਤ ਲਸ਼ਕਰ ਸਭਿ ਝੁਕ ਪਰਜੋ, ਜੰਗ
ਲੋਹਗੜ੍ਹ ਘੋਰ[1] ॥੧॥

ਚੌਪਈ:

ਸ਼ਲਖ ਤੁਫੰਗਨਿ ਬ੍ਰਿੰਦ ਚਲਾਈ।
ਬੀਚਿ ਲੋਹਗੜ ਮਾਰਿ ਮਚਾਈ।
ਇਤਿ ਉਤਿ ਘੇਰਿ ਲੀਨਿ ਜਬਿ ਗਾਢੇ।
ਦਾਰੁਨ ਜੰਗ ਮਚਜੋ ਰਿਸ ਬਾਢੇ ॥੨॥
ਅਲਪ ਭੀਤ ਚਹੁਂ ਦਿਸ਼ਿ ਮਹਿਂ ਤਾਂਹਿ।
ਓਟਾ ਹਿਤ ਬਚਾਵ ਕੁਛ ਨਾਂਹਿ[1]।
ਕੇਤਿਕ ਚਿਰ ਸੋ ਲਰੇ ਜੁਝਾਰੇ।
ਨੇਰੇ ਢੁਕਿ ਲੀਨਿਸਿ ਸਭਿ ਮਾਰੇ ॥੩॥
ਅੰਤ ਸਮੈਂ ਕਰਵਾਰ ਪ੍ਰਹਾਰੈਂ[1]।
ਹਤੇ ਅਨੇਕ ਕਹਾਂ ਲਗ ਮਾਰੈਂ।
ਗਿਰੇ ਜੂਝ ਕਰਿ ਜੰਗ ਮਝਾਰਾ।
ਇਮਿ ਜਬਿ ਲਰਤਿ ਲੋਹਗੜ੍ਹ ਮਾਰਾ
॥੪॥
ਅਧਿਕ ਅੰਧੇਰਾ ਦ੍ਰਿਸ਼ਟਿ ਨ ਪਰੈ।
ਜਾਨਜੋ ਇਹਾਂ ਨ ਕੋ ਅਬਿ ਅਰੈ।
ਸਤਿਗੁਰੁ ਕੇ ਮਹਿਲਨਿ ਕੋ ਗਏ।
ਕਿਤਿਕ ਸੁਧਾਸਰ ਦਿਸ਼ਿ ਕੇ ਅਏ ॥੫॥
ਸੂੰਨੋ ਹੇਰਿ ਪ੍ਰਵੇਸ਼ੇ ਜਾਈ।
ਕੋਸ਼ਟ ਭਰੇ ਪਰੇ ਜੁ ਮਿਠਾਈ।
ਹੁਤੇ ਛੁਧਾਤੁਰ ਤੁਰਕ ਘਨੇਰੇ।
ਲਵਪੁਰਿ ਅਚਜੋ ਚਢੇ ਜਿਸ ਬੇਰੇ ॥੬॥
ਲੇ ਲੇ ਕਰਿ ਬਿਸਾਲ ਪਕਵਾਨ।
ਹਰਖਤਿ ਹੋਤਿ ਲਗੇ ਮਿਲਿ ਖਾਨਿ।
ਅਪਰਨਿ ਕੋ ਬੁਲਾਇ ਢਿਗਿ ਲੇਤਿ।

[1]ਭਜਾਨਕ (ਮਚ ਗਿਆ)।

[1]ਬਚਾਉ ਵਾਸਤੇ ਕੁਛ ਨਹੀਂ ਸੀ।

[1]ਤਲਵਾਰ ਮਾਰਦੇ ਹਨ।

'ਖਾਨਾ ਖਾਹੁ' ਆਪਿ ਤਹਿਂ ਦੇਤਿ ॥੭॥
'ਗੁਰੁ ਨਹਿਂ ਇਹਾਂ ਭਾਜਿ ਕਰਿ ਗਯੋ।
ਪਰਜੋ ਸਮਾਜ ਲੁਟਜੋ ਸਭਿ ਲਯੋ।'
ਇਮਿ ਸਗਰੇ ਪੁਰਿ ਮਹਿਂ ਫਿਰਿ ਗਏ।
ਖੋਜਤਿ ਫਿਰਹਿਂ ਨ ਕਿਤ ਦ੍ਰਿਸ਼ਟਏ ॥੮॥
ਧਰਜੋ ਹਰਖ ਤੁਰਕਨਿ -ਬਿਨੁ ਲਰੇ।
ਫਤੇ ਲਈ ਬਿਨੁ ਮਾਰੇ ਮਰੇ-।
ਇਮਿ ਨਹਿਂ ਜਾਨਤਿ ਮੂਰਖ ਕਾਚੇ।
-ਪ੍ਰਾਤਿ ਹੋਤ ਲੌਂ ਹਮ ਹੈਂ ਬਾਚੇ- ॥੯॥
ਪਸਰੀ ਸੈਨਿ ਸੁਧਾਸਰ ਤੀਕਾ।
ਫਿਰਹਿਂ ਤਿਮਰਿ ਮਹਿਂ, ਦਿਖਤਿ ਨ ਨੀਕਾ।
ਭੂਲੇ ਬਿਚਰਤਿ ਉਚੇ ਬੋਲਤ੍ਰਿ।
ਬੀਥਿਨਿ ਬਿਖੈ ਬ੍ਰਿੰਦ ਭਟ ਡੋਲਤਿ ॥੧੦॥
ਇਤਨੇ ਮਹਿਂ ਦੋਨਹੁ ਗੁਰੁ ਸੂਰੇ।
ਬਾਬਕ ਅਰ ਸਿੰਘਾ ਰਿਸ ਪੂਰੇ।
ਬੀਬੀ ਕੇਰਿ ਮਹਿਲ ਤਰ ਗਏ।
ਜੋ ਸੋਚਤਿ ਬੈਠੀ ਦੁਖ ਮਏ ॥੧੧॥
ਬਹੁ ਬਿਧਿ ਚਿਤਵਤਿ ਰਿਦੇ ਬਿਚਾਰੀ।
ਤਰੇ ਥਿਰੇ ਲੇ ਨਾਮ ਪੁਕਾਰੀ।
'ਆਵਹੁ ਸ਼ੀਘ੍ਰ ਗੁਰੂ ਸਿਮਰੰਤੇ।
ਕਜੋਂ ਕਰਿ ਬੈਠੀ ਹੋਇ ਨਿਚਿੰਤੇ' ॥੧੨॥
ਨਹਿਂ ਪਤਿਯਾਵਤਿ ਪਤਾ ਨ ਪਾਵੈ[1]।
-ਸ਼ੱਤ੍ਰ ਸੈਨ ਨਹਿਂ ਗਹਿ ਲੇ ਜਾਵੈ-।
'ਹੋ ਤੁਮ ਕੌਨ?' ਬੂਝਨਾ ਕੀਨੀ।
'ਜਬਿ ਲੌਂ ਨੀਕੇ ਲੇਉਂ ਨ ਚੀਨੀ ॥੧੩॥
ਤਬਿ ਲੌਂ ਨਹੀਂ ਕਿਵਾਰ ਉਘਾਰੌਂ।
ਬੈਠੀ ਇਹਾਂ ਪ੍ਰਾਨ ਹਨਿ ਡਾਰੌਂ।
'ਸਿੰਘੇ ਤਬਹਿ ਸਿਮਰਨੀ ਦੀਨਿ।

[1]ਭਰੋਸਾ ਨਹੀਂ ਰੱਖਦੀ ਜਿਤਨਾ ਚਿਰ ਪਤਾ ਨਹੀਂ ਪਾ ਲੈਂਦੀ।

'ਇਹੁ ਗੁਰੁ ਕਰ ਕੀ ਲੇਵਹੁ ਚੀਨਿ'
॥ ੧੪ ॥
ਦੀਪਕ ਕੇ ਪਰਕਾਸ਼ ਨਿਹਾਰੀ[1]।
ਭਈ ਰਿਦੇ ਮਹਿਂ ਆਨੰਦ ਭਾਰੀ।
ਜਬੈ ਨਿਸ਼ਾਨੀ ਪਿਤ ਨਿਰਖਾਏ[1]।
ਉਤਰਿ ਅਗਾਰ ਕਿਵਾਰ ਬਿਲਾਏ[1]
॥ ੧੫ ॥
ਤਬਿ ਚਢਾਇ ਚਾਲੇ ਜੁਗ ਬੀਰ।
ਸਨੈ ਸਨੈ ਹਯ ਕੀ ਗਤਿ ਧੀਰ।
ਸੈਨਾ ਆਗੈ ਮੁਗ਼ਲ ਪਠਾਨੀ।
ਇਤਿ ਉਤਿ ਫਿਰਤਿ ਮਨਹੁਂ ਬਵਰਾਨੀ
॥ ੧੬ ॥
ਆਇ ਸੁਧਾਸਰ ਤਟ ਲਗਿ ਫਿਰੇ।
ਫਤੇ ਜਾਨਿ ਮਨ ਆਨੰਦ ਭਰੇ।
ਪੌਰ ਦਰਸ਼ਨੀ ਘੋਰਾ ਖਰਜੋ।
ਉਤਰਜੋ ਮੁਗ਼ਲ ਬੀਰ ਤਹਿਂ ਥਿਰਜੋ
॥ ੧੭ ॥
ਇਹ ਦੋਨਹੁਂ ਆਵਤਿ ਤਿਸ ਜਾਨੇ।
ਹਯ ਪਗ ਧਰਿ ਧਰਿ ਸ਼ਬਦ ਉਠਾਨੇ[1]।
ਚਮਕ ਮੁਗ਼ਲ ਤਬਿ ਤੋਮਰ ਗਹਜੋ।
'ਅਹੋ ਕੌਨਿ ਤੁਮ?' ਬਲ ਭਰ ਕਹਜੋ
॥ ੧੮ ॥
ਬਾਬਕ ਭਨਜੋ 'ਆਪਨੇ ਭਾਈ।
ਥਿਰੇ ਰਹੋ ਰਾਖਹੁ ਤਕਰਾਈ।
ਖੋਜਤਿ ਗੁਰੁ ਕੋ ਬਿਚਰਤਿ ਸਾਰੇ।
ਤੁਮ ਨੇ ਅਬਿ ਲੌ ਨਹੀਂ ਨਿਹਾਰੇ?'
॥ ੧੯ ॥
ਇਮ ਕਹਿ ਚਲੇ ਜਾਤਿ ਅਗੁਵਾਏ।
ਮੁਗ਼ਲ ਬਰੋਬਰ ਕੋ ਜਬਿ ਆਏ।
ਚਰਜੋ ਖਰੋ ਸਾਯੁਧ ਸਵਧਾਨਾ।
ਤਬਿ ਸਿੰਘੇ ਮਨ ਐਸੇ ਜਾਨਾ ॥ ੨੦ ॥
-ਚਮੂੰ ਇਹਾਂ ਲਗ ਪਸਰੀ ਸਾਰੇ।

[1]ਬੀਬੀ ਨੇ ਮਾਲਾ) ਦੇਖੀ।
[1]ਦੇਖੀ।
[1]ਘਰੋਂ ਉਤਰ ਕੇ ਬੂਹਾ ਖੋਲ੍ਹਿਆ।
[1]ਘੋੜੇ ਦੇ ਪੈਰ ਧਰਤੀ ਤੇ ਧਰਨ ਦੀ ਆਵਾਜ਼ ਉਠੀ।

ਹੋਇ ਨ ਅਸ ਭਿਰ ਪਰਹਿਂ ਅਗਾਰੇ-।
ਔਚਕ ਹਯ ਕੀ ਬਾਗ ਉਚਾਈ।
ਕਰਯੋ ਤੇਜ ਕੁਛ ਚਲਯੋ ਪਲਾਈ ॥੨੧॥
ਬੀਬੀ ਕੇ ਪਗ ਭੂਖਨ ਛਨਕੇ।
ਚਲਤਿ ਬੇਗ ਤੇ ਮਿਲਿ ਮਿਲਿ ਠਨਕੇ[1]।
[1]ਆਪੋ ਵਿਚ ਖਹਿ ਕੇ ਖੜਕ ਪਏ।
ਤਿਨ ਕੋ ਸ਼ਬਦ ਮੁਗ਼ਲ ਸੋ ਸੁਨਿ ਕੇ।
ਰੌਰਾ ਕਰਯੋ ਊਚ ਬਚ ਭਨਿਕੇ ॥੨੨॥
'ਆਵਹੁ ਧਾਇ ਸੁਭਟ ਹਮ ਸੰਗੀ।
ਹੁਇ ਸੁਚੇਤ ਬਨ ਤੇਜ਼ ਤੁੰਰਗੀ[1]।
[1]ਘੋੜੇ ਤੇਜ਼ ਕਰਕੇ।
ਦੁਸ਼ਮਨ ਬਿਚ ਤੇ ਜ਼ਾਤਿ ਪਲਾਏ।
ਗੁਰੂ ਕਬੀਲੇ ਲੇਤਿ ਲੰਘਾਏ ॥੨੩॥
ਰੋਕਹੁ, ਜੇ ਲੇਨੋ ਹੈ ਬਾਜ।
ਨਤੁ ਮਿਲ ਜੈ ਹੈ ਅਪਨ ਸਮਾਜ[1]।'
[1]ਅਪਣੇ ਸਾਥੀਆਂ ਨਾਲ ਜਾ ਮਿਲੂ।
ਏਵ ਪੁਕਾਰਤਿ ਮੂਰਖ ਮਾਨੀ[1]।
[1]ਹੰਕਾਰੀ।
ਹਯ ਕੋ ਪ੍ਰੇਰਤਿ ਭਾ ਅਗੁਵਾਨੀ ॥੨੪॥
'ਜਾਨਿ ਨ ਦੇਉਂ ਦੁਬੇਲਾ ਤੋਹੀ[1]।
[1]ਤੁਹਾਨੂੰ ਦੋਹਾਂ ਨੂੰ। [ਪੰਜਾਬੀ-ਦੁਬੇਲਾ = ਘੋੜਾ ਜਿਸਦੀ ਪਿੱਠ ਤੇ ਦੋ ਅਸਵਾਰ ਹੋਣ]
ਉਤਰਿ ਛੋਰ ਅਬਿ ਸੁਟਿਬੇ[†] ਹੋਹੀ[1]।'
[1]ਉਤਰ ਪਓ, ਛੋੜ (ਘੋੜੇ ਨੂੰ) ਨਹੀਂ ਤਾਂ ਹੇਠਾਂ ਸੁੱਟ ਲਵਾਂਗਾ (ਤੋਮਰ ਮਾਰ ਕੇ)। [†]ਪਾ:-ਸੁਚਬੋ।
ਤੀਖਨ ਤੋਮਰ ਹਾਥ ਉਭਾਰਾ।
ਕਰਤਿ ਨੇਰ ਚਾਹਸਿ ਤਬਿ ਮਾਰਾ ॥੨੫॥
ਨਿਜਿ ਤੁਰੰਗ ਕੋ ਹਤਿ ਕਰ ਚਾਬਕ।
ਸਿੰਘੇ ਕਹਯੋ 'ਪਿਖਹਿਂ ਕਿਯਾ ਬਾਬਕ!
ਆਵਤਿ ਦੁਸ਼ਟ ਚਲਯੋ ਮਮ ਓਰਾ।
ਮੇਰੋ ਅਹੈ ਦੁਬੇਲਾ ਘੋਰਾ[1] ॥੨੬॥
[1]ਦੋ ਸਵਾਰਾਂ ਹੇਠ ਦਾ ਘੋੜਾ।
ਤੁਪਕ ਤਾਪ[1] ਤਿਹ ਧਰਿ ਕਰਿ ਧੀਰ।
[1]ਬੰਦੂਕ ਨੂੰ ਤਪਾ ਕੇ (ਭਾਵ ਪਲੀਤਾ ਦਾਗ ਕੇ)।
ਹਤਹੁ ਰਿਦਾ ਦਿਢ ਹ੍ਵੈ ਕਰਿ ਬੀਰ।
ਇਸ ਕੋ ਮਾਰਿ ਨਿਵਾਰਨਿ ਕਰੀਅਹਿ।
ਅਪਰ ਨ ਅਪਨੇ ਨਿਕਟਿ ਨਿਹਰੀਅਹਿ' ॥੨੭॥
ਸੁਨਿ ਬਾਬਕ ਤਬਿ ਤਯਾਰ ਤੁਫੰਗ[1]।
[1]ਬੰਦੂਕ ਜੋ ਪਹਿਲਾਂ ਭਰੀ ਹੋਈ ਸੀ।
ਲਖਯੋ ਚਲਤਿ ਹਯ ਖਰਕੇ ਸੰਗ[1]।
[1]ਚਲਦੇ ਘੋੜੇ ਦੇ ਖੜਾਕ ਨਾਲ ਜਾਣਿਆਂ (ਕਿ ਵੈਰੀ ਕਿੱਥੇ ਕੁ ਹੈ)।

ਘਨੇ ਤਿਮਰ ਤੇ ਦੀਖਹਿ ਥੋਰਾ।
ਤਊ ਸ਼ਬਦ ਕੀ ਓਰ ਸੁ ਜੋਰਾ ॥੨੮॥
ਹਯ ਕੁਦਾਇ ਕਰਿ ਨਿਕਟਿ ਪਹੂਚਾ।
'ਖਰੋ ਹੋਹੁ ਅਬਿ ਰਹੈਂ ਨ ਸੁਚਾ।'
ਸੁਨਿ, ਸਨਮੁਖ ਨੇਜਾ ਕਰ, ਆਯੋ[1]। [1](ਉਹ ਵੈਰੀ) ਆਇਆ।
ਨਿਕਟਿ ਹੋਇ ਕਰਿ ਚਹਤਿ ਚਲਾਯੋ ॥੨੯॥
ਤਬਿ ਬਾਬਕ ਨੇ ਭੰਡਿ ਪਲੀਤਾ[1]। [1]ਪਲੀਤਾ ਦਾਗਿਆ।
ਹਤਜੋ ਦੁਸ਼ਟ ਕੇ ਹੁਇ ਨਿਰਭੀਤਾ।
ਲਗੀ ਦੁਗੁਲਕਾਂ ਛੁਟਿ ਕਰਿ ਛਾਤੀ।
ਹਯ ਤੇ ਉਛਰਯੋ ਧਰਾ ਪਪਾਤੀ[1] ॥੩੦॥ [1]ਡਿੱਗ ਪਿਆ ਧਰਤੀ ਤੇ।
ਮਨਹੁਂ ਮਤੰਗ ਸ਼ੇਰ ਨੈ ਮਾਰਾ।
ਕਿਧੋਂ ਗਾਜ ਤੇ[1] ਗਿਰਜੋ ਮੁਨਾਰਾ। [1]ਬਿਜਲੀ ਨਾਲ।
ਕੈ ਸਮੂਲ ਬ੍ਰਿਛ ਬਾਯੂ ਡਾਰਾ।
ਬਹਜੋ ਰੁਧਰ ਘਾਯ ਸੁ ਭਭਕਾਰਾ[1] ॥੩੧॥ [1]ਭਕ ਭਕ ਕਰਕੇ ਜ਼ਖ਼ਮ ਤੋਂ ਲਹੂ ਚਲਿਆ।
ਛੁਟਜੋ ਤੁਰੰਗ ਧਾਇ ਕਿਤ ਗਯੋ।
'ਹਾਇ ਹਾਇ' ਬੋਲਤਿ ਮ੍ਰਿਤੁ ਭਯੋ।
ਨ੍ਰਿਭੈ ਹੋਇ ਕਰਿ ਚਲੇ ਅਗਾਰੀ।
ਦੂਰ ਰਹੀ ਸੈਨਾਂ ਰਿਪੁ ਭਾਰੀ ॥੩੨॥
ਸਤਿਗੁਰ ਕੋ ਇਤਿ ਹੀ ਦਿਸ਼ ਧਜਾਨ।
ਸੁਨੀ ਅਵਾਜ਼ ਤੁਪਕ ਕੀ ਕਾਨ।
ਨਿਜ ਸੁਭਟਨਿ ਸੋਂ ਗਿਰਾ ਉਚਾਰੀ।
'ਲਿਹੁ ਸੁਧ ਤੂਰਨ ਹੋਇ ਅਗਾਰੀ ॥੩੩॥
ਦੋਨਹੁਂ ਬੀਰ ਨਹੀਂ ਘਿਰਿ ਜਾਇਂ।
ਤੁਰਕ ਫਿਰਤਿ ਇਤ ਉਤ ਸਮੁਦਾਇ।'
ਪੈਂਦੇਖਾਨ ਹੁਕਮ ਸੁਨਿ ਚਲਜੋ।
ਸੂਰਨ ਕੋ ਗਨ ਤੂਰਨ ਮਿਲਜੋ ॥੩੪॥
ਤੁਪਕ ਤਜਾਰ ਕਰਿ ਭੇ ਸਮੁਹਾਈ।
ਤੁੰਦਿ ਤੁਰੰਗਨਿ ਚਲੇ ਧਵਾਈ।
ਜਹਿਂ ਲਗ ਦੋਨਹੁਂ ਮਿਲੇ ਨ ਬੀਰ।
ਤਹਿਂ ਲਗ ਜਾਹਿਂ ਚੀਰ ਅਰਿ ਭੀਰ

॥੩੫॥
ਇਮ ਗੁਰ ਕੋ ਦਲ ਜਬਿ ਉਮਡਾਯੋ।
ਤਬਿ ਲਗ ਸਿੰਘਾ ਬਾਬਕ ਆਯੋ।
ਸਰਬ ਹਕੀਕਤ ਭਈ ਸੁਨਾਈ।
'ਸਾਧ ਸਾਧ' ਸੁਨਿ ਗੁਰੂ ਅਲਾਈ
॥੩੬॥
ਭਏ ਨਿਹਾਲ ਅਨੰਦ ਸਮੁਦਾਈ।
ਹਲਤਿ ਪਲਤਿ ਮਹਿਂ ਰਹੇ ਸਹਾਈ†।
ਤਬਿ ਲੌ ਪਹਿਰ ਰਾਤਿ ਰਹਿ ਗਈ।
-ਮਚਹਿ ਜੰਗ- ਗੁਰ ਉਰ ਲਖਿ ਲਈ
॥੩੭॥
-ਯਾਂ ਤੇ ਸਭਿ ਪਰਵਾਰ ਸਿਧਾਰੈ।
ਰਹਿਂ ਨਰ ਨਿਕਟਿ ਜਿ ਸ਼ਸਤ੍ਰਨਿ ਧਾਰੈਂ-।
ਇਮ ਬਿਚਾਰਿ ਗੁਰ ਬਾਕ ਉਚਾਰਾ।
'ਗੋਇੰਦਵਾਲ ਚਲਨਿ ਨਿਰਧਾਰਾ
॥੩੮॥
ਹੋਤਿ ਪ੍ਰਾਤਿ ਲਗ ਚਲਹੁ ਝਬਾਲ।
ਸਪਤ ਕੋਸ ਪਰ ਗ੍ਰਾਮ ਬਿਸਾਲ।
ਲਾਵਾ ਫੇਰਨ ਕੋ ਦਿਨ ਆਜੁ।
ਉਤਰਿ ਕਰਹੁ ਸਭਿ ਬਜਾਹ ਸਮਾਜੂ
॥੩੯॥
ਸਰਪੀ ਸਿਤਾ ਆਦਿ ਵਥੁ ਸਾਰੀ।
ਕਰਿ ਖਰੀਦ ਰਚੀਯਹਿ ਸਭਿ ਤਜਾਰੀ।
ਅਪਰ ਨ ਚਿੰਤਾ ਚਿਤ ਮਹਿਂ ਕਰੋ।
ਹੋਨਿਹਾਰ ਇਮ ਹੀ ਉਰ ਧਰੋ ॥੪੦॥
ਹਮ ਭੀ ਪਹੁੰਚਹਿਂਗੇ ਤਿਸ ਕਾਲਾ।
ਫੇਰੇ ਫੇਰਹਿਂ ਗ੍ਰਾਮ ਝਬਾਲਾ।'
ਸਭਿ ਕੁਟੰਬ ਇਤ ਭੋਜਨ ਕਰਜੋ।
ਪੁਨ ਕੌਲਾਂ ਕੇ ਸੰਗ ਉਚਰਜੋ ॥੪੧॥
'ਪੁਰਿ ਕਰਤਾਰ ਬਸਹੁ ਅਬਿ ਜਾਇ।
ਜਬਿ ਲਗ ਹਮ ਨ ਮਿਲਹਿਂ ਢਿਗ ਆਇ।
ਈਹਾਂ ਸੰਗ ਨ ਬਨਹਿਂ ਬਿਚਾਰ।

†ਪਾ:-ਸਦਾਈ।

ਪਰਹਿ ਜੁੱਧ ਜੋਧਾ ਬਰਿਆਰਿ[1]' ॥੪੨॥
'ਮਿਲਹੁ ਸ਼ੀਘ੍ਰ' ਕਹਿ ਬੰਦਨ ਧਾਰੀ।
ਕਛੁ ਨਰ ਲੇ ਕਰਿ ਪੰਥ ਪਧਾਰੀ।
ਜਾਇ ਪ੍ਰਵੇਸ਼ੀ ਪੁਰਿ ਕਰਤਾਰਿ।
ਗੁਰ ਕੀ ਚਿੰਤਾ ਰਿਦੇ ਮਝਾਰ ॥੪੩॥
ਇਤ ਦਮੋਦਰੀ ਆਦਿ ਕੁਟੰਬ।
ਪਰੇ ਪੰਥ ਚਲਿ ਤਜਾਗ ਬਿਲੰਬ।
ਦੁਖਤਿ ਬਿਸਾਲ ਸਚਿੰਤਾ ਤ੍ਰਾਸ।
ਪਿਖਿ ਕੁਸੂਤ ਲੇ ਦੀਰਘ ਸ੍ਵਾਸ ॥੪੪॥
ਏਕ ਜਾਮ ਮਹਿਂ ਪਹੁੰਚੇ ਜਾਈ।
ਤਬਿ ਲੌਂ ਉਦੇ ਭਯੋ ਦਿਨਰਾਈ।
ਤਿਨ ਪੀਛੇ ਗੁਰ ਗਿਰਾ ਉਚਾਰੀ।
'ਗਮਨਹੁੰ ਸਿੱਖ ਬਰਾਤ ਅਗਾਰੀ ॥੪੫॥
ਇਤ ਆਵਤਿ ਕੋ ਦੇਹੁ ਹਟਾਇ।
ਗ੍ਰਾਮ ਝਬਾਲ ਤਿਨਹੁੰ ਲੇ ਜਾਇ।'
ਸੁਨਤਿ ਗਯੋ ਸਿਖ ਹਯ ਕੋ ਪ੍ਰੇਰਾ।
ਜਿਤਿ ਬਰਾਤ ਕੋ ਆਵਨ ਹੇਰਾ ॥੪੬॥
ਇਮਿ ਕਰਿ ਸਤਿਗੁਰ ਭਏ ਨਿਸੰਗ।
ਉਠੀ ਚੌਂਪ ਚਿਤ ਕਰਿਬੇ ਜੰਗ।
ਸਰਬ ਸੂਰ ਠਾਂਢੇ ਸਵਧਾਨਾ।
ਚਾਹਤਿ ਤੁਰਕਨ ਕੇ ਹਨਿ ਪ੍ਰਾਨਾ ॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਜੁੱਧ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

[1]ਬਲ ਵਾਲਿਆਂ ਨਾਲ।

੯. [ਲੋਹਗੜ੍ਹ ਯੁੱਧ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:
ਜਿਤਿ ਕਿਤਿ ਕਰਿ ਪਰਵਾਰ ਨਿਜ,
ਉਚਿਤ ਜੰਗ ਕੇ ਹੋਇ[1]।
ਭਏ ਨਿਸੰਸੈ ਲਰਨ ਕੋ, ਰਿਸੇ ਬੀਰ ਸਭਿ
ਕੋਇ[1] ॥੧॥

[1]ਭਾਵ ਪਰਿਵਾਰ ਨੂੰ ਜੁੱਧ ਭੂਮੀ ਤੋਂ ਲਾਂਭੇ ਕਰਕੇ ਜੰਗ ਕਰਨ ਲਈ ਜੋਗ ਹੋਏ = ਬੇਫਿਕਰ ਹੋਕੇ ਲੜਨ ਜੋਗੇ ਹੋ ਗਏ।

[1]ਸਾਰੇ।

ਰਸਾਵਲ ਛੰਦ:
ਉਦੈ ਚੰਦ ਹੋਵਾ।
ਗੁਰੂ ਗੈਨ ਜੋਵਾ[1]।
ਕਛੂ ਭਾ ਪ੍ਰਕਾਸ਼ਾ।
ਦਿਖ੍ਯੋ ਆਸ ਪਾਸਾ ॥੨॥

[1]ਅਕਾਸ਼ ਦੇਖਿਆ।

ਨਿਦੇਸੰ ਬਖਾਨੀ[1]।
'ਜਿਤੇ ਸੂਰ ਮਾਨੀ[1]।
ਲਰੋ ਜਾਇ ਆਗੇ।
ਮਹਾਂ ਕ੍ਰੋਧ ਪਾਗੇ' ॥੩॥

[1]ਆਗਿਆ ਕਹੀ, ਹੁਕਮ ਕੀਤਾ।

[1]ਜਿਤਨੇ ਸੂਰਮੇ ਬਹਾਦਰ ਹਨ।

ਗੁਰੂ ਕੇ ਪ੍ਰਚਾਰੇ[1]।
ਚਲੇ ਬੀਰ ਭਾਰੇ।
ਅਹੈ ਨਾਮ -ਭਾਨੂ-।
ਚਮੂੰ ਨਾਥ ਜਾਨੂ[1] ॥੪॥

[1]ਵੰਗਾਰੇ ਹੋਏ।

[1]ਸੈਨਾਪਤਿ ਜਾਣੋ।

ਲਈ ਸੈਨ ਸੰਗਾ।
ਧਵਾਏ ਤੁਰੰਗਾ।
ਤੁਫੰਗੈਂ ਸੰਭਾਰੀ।
ਸੁ ਧੌਂਸਾ ਧੁਕਾਰੀ ॥੫॥
ਬਜੀ ਬੰਬ ਦੀਹਾ[1]।
ਸੁਨੀ ਦੂਰ ਜੀਹਾ[1]।
ਪਹੂੰਚੇ ਅਗਾਰੀ।
ਰਿਸੇ ਸੂਰ ਭਾਰੀ ॥੬॥

[1]ਭਾਰੀ ਡੰਕਾ।

[1]ਦੂਰ ਸੁਣੀ ਜਾਂਦੀ ਹੈ। (ਅ) ਜੀਵਾਂ ਨੂੰ।

ਤੁਫੰਗੈਂ ਚਲਾਈ।
ਸੁ ਨਾਦੰ ਉਠਾਈ।
ਮੁਖੰ 'ਮਾਰ ਮਾਰਾ।'
ਕਰੀ ਏਕ ਬਾਰਾ ॥੭॥

ਸੁਨਜੋ ਸ਼ਾਹ ਸੈਨਾ।
ਜੁ ਹੈ ਬੀਚ ਐਨਾ[1]। — [1]ਜੋ ਘਰਾਂ ਦੇ ਵਿਚ ਹੈਸੀ।
ਸੁ ਮੰਚੇ ਡਸਾਏ।
ਪਰੇ ਨੀਂਦ ਪਾਏ ॥ ੮ ॥
ਸੁਨੇ ਤੇ ਨਗਾਰਾ।
ਉਠੇ ਕੋਪ ਧਾਰਾ।
'ਗੁਰੂ ਨਾ ਪਲਾਯੋ[1]। — [1]ਦੌੜਿਆ ਨਹੀਂ ਜੇ।
ਅਬੈ ਕੋਪ ਆਯੋ[1] ॥ ੯ ॥ — [1]ਕ੍ਰੋਧ ਕਰਕੇ ਆਯਾ ਹੈ (ਸਾਡੇ ਉਤੇ)।
ਕਰੋ ਬੇਗ ਤਜਾਰੀ।'
ਚਢੇ ਬੀਰ ਬਾਰੀ।
ਪੁਰੀ ਛੋਰਿ ਚਾਲੇ।
ਧਰੇ ਤੇਗ਼ ਢਾਲੇ ॥ ੧੦ ॥
ਸੁ ਆਏ ਅਗਾਏ।
ਜਹਾਂ ਨਾਦ ਪਾਏ[1]। — [1]ਜਿਥੋਂ ਆਵਾਜ਼ ਆਉਂਦੀ ਸੁਣੀ ਸੀ।
ਚਢੇ ਚੰਦ ਛੋਟਾ।
ਅੰਧੇਰੰ ਨ ਮੋਟਾ[1] ॥ ੧੧ ॥ — [1]ਮੋਟਾ (ਭਾਵ ਗਾੜ੍ਹਾ) ਅੰਧੇਰਾ ਨਹੀਂ ਸੀ।
ਕਿਤੀ ਦੂਰ ਹੇਰੇ।
ਭਏ ਕਾਨ ਨੇਰੇ।
ਕੜਾ ਕਾੜ ਗੋਰੀ।
ਇਕੰ ਬਾਰ ਛੋਰੀ ॥ ੧੨ ॥
ਲਗੀ ਸ਼ੱਤ੍ਰ ਅੰਗਾ।
ਸੰਭਾਰੀ ਤੁਫੰਗਾ।
ਦੁਹੂੰ ਓਰ ਚਾਲੀ।
ਉਠੀ ਜਾਗ ਜ੍ਵਾਲੀ[1] ॥ ੧੩ ॥ — [1]ਅਗਨੀ ਭੜਕ ਉਠੀ।
ਕੜਾ ਕਾੜ ਮਾਚੇ।
ਲਗੇ ਲੋਹ ਆਂਚੇ[1]। — [1]ਲੋਹਾ ਗਰਮ ਹੋਯਾ।
ਫੁਟੇ ਅੰਗ ਜੋਧਾ।
ਗਿਰੇ ਹੀਨ ਬੋਧਾ[1] ॥ ੧੪ ॥ — [1]ਬੇਸੁਧ ਹੋਕੇ।
ਲਗੇ ਘਾਉ ਘੁਮੇ[1]। — [1]ਜ਼ਖਮੀ ਹੋ ਚੱਕਰ ਖਾਕੇ।
ਲਿਟੇ ਬ੍ਰਿੰਦ ਭੁ ਮੇ।
ਗਿਰਜੋ ਸ਼੍ਰੋਣ ਚਾਲਾ[1]। — [1]ਡਿਗਿਆਂ ਦਾ ਲਹੂ ਚੱਲ ਪਿਆ।
ਤੁਰੰਗਾਨਿ ਡਾਲਾ[1] ॥ ੧੫ ॥ — [1]ਘੋੜੇ ਬੀ (ਮਰਕੇ) ਡਿੱਗੇ। (ਅ) (ਬਾਕੀਆਂ ਨੇ) ਘੋੜੇ

ਅਗੇ ਕੀਤੇ।

ਜਥਾ ਧਾਇ ਆਏ।
ਤਥਾ ਘਾਵ ਘਾਏ[1]।
ਰਹੇ ਠਾਂਢਿ ਫੇਰਾ।
ਗੁਰੂ ਜੋਰ ਹੇਰਾ[1] ॥੧੬॥
ਨਹੀਂ ਪਾਇ ਘਾਲੇ[1]।
ਅਗਾਰੀ ਨ ਚਾਲੇ[1]।
ਮੁਖੰ ਤੋਰਿ ਗੇਰਾ[1]।
ਥਿਰੇ ਤਾਂਹਿ ਬੇਰਾ ॥੧੭॥
ਮਚ੍ਯੋ ਜੰਗ ਭੀਮੰ।
ਤਜੇ ਨਾਂਹਿ ਸੀਮੰ[1]।
ਬਡੀ ਮਾਰ ਹੋਈ।
ਮਲੇਛੀ ਖਰੋਈ[1] ॥੧੮॥
ਤੁਰੰਗੰ ਧਵਾਏ।
ਤੁਫੰਗੰ ਚਲਾਏ।
ਨਿਜੰਗੰ[1] ਬਚਾਏ।
ਇਤੈ ਊਤ ਜਾਏ ॥੧੯॥
ਗੁਰੂ ਕੇਰ ਸੂਰੇ।
ਤਬੈ ਕ੍ਰੋਧ ਪੂਰੇ।
ਅਗਾਰੀ ਸੁ ਚਾਲੇ।
ਤੁਫੰਗੈਂ ਸੰਭਾਲੇ ॥੨੦॥

[1]ਜ਼ਖਮੀ ਕੀਤੇ।
[1]ਗੁਰੂ ਜੀ ਦਾ ਬਲ ਦੇਖ ਲਿਆ।
[1]ਪੈਰ ਨਾ ਪੱਟਣ ਦਿਤੇ (ਤੁਰਕਾਂ ਨੂੰ)।
[1]ਅਗੇ ਨਾ ਚੱਲ ਸਕੇ।
[1]ਮੂੰਹ ਭੰਨ ਭੰਨ ਕੇ ਡੇਗੇ।
[1]ਹੱਦ ਨਾ ਛੱਡੀ।
[1]ਖੜੀ ਹੋਈ ਮਲੇਛੀ (ਸੈਨਾ ਤੇ)।
[1]ਅਪਣੇ ਅੰਗ।

ਦੋਹਰਾ:
ਝਟਪਟ ਭਟ ਲਟ ਪਟ ਲਿਟੇ, ਸਟ ਪਟ ਭੇ ਭਟ ਜੁੱਟ।
ਅਟਕ ਅਟਕ ਕਟਿ ਕਟਿ ਮਿਟੈਂ, ਚਟਪਟ ਕੱਟਾ ਕੁੱਟ[1] ॥੨੧॥

[1](ਗੋਲੀਆਂ ਖਾਕੇ) ਛੇਤੀ ਛੇਤੀ ਸੂਰਮੇ (ਇਕ ਦੂਜੇ ਦੇ) ਹੇਠ ਉਤੇ ਲਿਟ ਗਏ, (ਜੋ) ਸੂਰਮੇ (ਅਗੋਂ ਆ) ਜੁੱਟੇ ਓਹ ਸਟਪਟਾ ਗਏ (ਘਬਰਾ ਕੇ ਖਿਲਬਿਲ ਵਿਚ ਪੈ ਗਏ, ਕੁਛ ਘਬਰਾ ਵਿਚ ਅਗੋਂ ਅੜੇ, ਓਹ) ਅੜ ਅੜ ਕੇ (ਤਲਵਾਰਾਂ ਨਾਲ) ਕਟੇ ਜਾਕੇ ਮਰੇ, ਐਸੀ ਫੁਰਤੀ ਦੀ ਕਟਾਕੁਟ (ਤਲਵਾਰ ਦੀ ਮਾਰ) ਹੋਈ।

ਪਾਧੜੀ ਛੰਦ:
ਜਬਿ ਮਚ੍ਯੋ ਜੰਗ ਦਾਰੁਨ ਮਹਾਂਨ।
ਪਿਖਿ ਮੁਗ਼ਲਸ ਖਾਂ ਤਬਿ ਲੀਨਿ ਜਾਨਿ।
'ਬਹੁ ਲਰੈ ਜੁੱਧ, ਗੁਰ ਨਹਿਂ ਪਲਾਇ।'

ਨਿਜ ਮੁਖੀ ਬੀਰ ਲੀਨੇ ਬੁਲਾਇ ॥੨੨॥
ਸਨਮਾਨ ਸਾਥ ਸਭਿ ਕੋ ਕਹੰਤਿ।
‘ਸਾਵਧਾਨ ਖਾਨ ! ਹੂਜੇ ਅਚਿੰਤ।
ਅਬਿ ਕਰਹੁ ਜੁੱਧ ਨਹਿਂ ਮਿਟਹੁ ਬੀਰ।
ਨਹਿਂ ਬਡੀ ਚਮੂੰ ਗੁਰ ਕੇਰਿ ਤੀਰਿ’ ॥੨੩॥
ਇਮਿ ਕਹਿ ਪਠਾਨ ਭੇਜੇ ਬਿਲੰਦ।
ਕਰਿ ਤਜਾਰ ਤੁਪਕ ਢਿਗ ਆਇ ਬ੍ਰਿੰਦ।
ਅਰੁ ਰਹਜੋ ਸੁ ਭਾਨੂ ਜਹਿਂ ਬਿਸਾਲ।
ਨਹਿਂ ਤਜਹਿ ਥਾਨ ਰਿਪੁ ਹਨਤਿ ਜਾਲ ॥੨੪॥
ਉਤ ਸ਼ਮਸ ਖਾਨ ਛੋਰੀ ਤੁਫੰਗ।
ਬਹੁ ਆਨਿ ਖਾਨ ਕਰਿ ਅਪਨਿ ਸੰਗ।
ਦੁਹੁੰ ਦਿਸ਼ਨਿ ਬਿਖੈ ਗੁਲਕਾਂ ਲਗੰਤਿ।
ਹੁਇ ਅੰਗ ਭੰਗ ਭੂ ਮੈਂ ਗਿਰੰਤਿ[1] ॥੨੫॥
[1]ਅੰਗ ਟੁਟਦੇ ਹਨ ਤੇ ਧਰਤੀ ਤੇ ਡਿੱਗਦੇ ਹਨ।
ਉਤ ਤੁਰਕ ਨਾਮ ਜਿਹ ਸ਼ਮਸ ਖਾਨ।
ਗੁਰ ਸੁਭਟ ਇਤੈ ਭਾਨੂ ਜੁਆਨ।
ਲਲਕਾਰ ਬੀਰ ਦੁਹੁੰ ਦਿਸ਼ਨਿ ਦੋਇ[1]।
[1]ਦੋਹਾਂ ਤਰਫਾਂ ਤੋਂ ਦੋਵੇਂ।
ਗਨ ਤੁਪਕ ਚਲਾਇੰ ਲਗਿ ਘਾਇ ਸੋਇ[1] ॥੨੬॥
[1]ਲਗਦਿਆਂ ਓਹ ਜ਼ਖਮੀ (ਕਰ ਦੇਂਦੀ ਹੈ)।

ਭੁਜੰਗ ਪ੍ਰਯਾਤ ਛੰਦ:
ਚਲਾਈ ਤੁਫੰਗੈਂ ਦੁਹੂੰ ਓਰ ਢੂਕੇ।
ਮਹਾਂ ਨਾਦ ਹੋਯੋ ਮਿਲੇ ਬੀਰ ਕੂਕੇ।
ਗਿਰੇ ਜਯੋਂ ਮੁਨਾਰੇ ਪਰੇ ਪ੍ਰਾਨ ਖੋਏ।
ਮਨੋ ਭੰਗ ਖੈ ਕੇ ਥਕੇ ਆਨਿ ਸੋਏ ॥੨੭॥
ਪਰੇ ਕੀਨ ਹੱਲਾ ਮਲੇਛੀ ਸੁ ਧਾਈ[1]।
[1]ਮਲੇਛੀ (ਸੈਨਾ) ਧਾਕੇ ਹੱਲਾ ਕਰਕੇ ਆ ਪਈ।
ਇਤ ਮਾਰ ਗੋਰੀਨਿ ਐਸੀ ਮਚਾਈ[1]।
[1]ਇਧਰੋਂ (ਗੁਰੂ ਜੀ ਦੀ ਸੈਨਾ ਨੇ) ਗੋਲੀਆਂ ਦੀ ਐਸੀ ਮਾਰ ਮਚਾਈ।
ਕਿਨੂੰ ਆਨਿ ਨੇਜਾ ਉਭਾਰੇ ਪ੍ਰਹਾਰਾ[1]।
[1]ਉਭਾਰਕੇ ਮਾਰਿਆ।
ਕਿਨੂੰ ਚਾਂਪ ਤੇ ਬਾਨ ਕੋ ਐਂਚਿ ਮਾਰਾ[†] ॥੨੮॥
[†]ਪਾ:-ਬਾਨ ਐਂਚੇ ਪ੍ਰਹਾਰਾ।
ਕ੍ਰਿਪਾਨੈਂ ਲਈ ਧੂਹ ਮਜਾਨੈਂ ਸੁ ਨੰਗੀ।

ਖਿਚੰ ਖੈਂਚ ਬਾਹੈਂ ਭਏ ਬੀਰ ਜੰਗੀ।
ਬਹਯੋ ਸ਼੍ਰੋਣ, ਚੀਰੰ ਗਏ ਭੀਜ ਸਾਰੇ।
ਮਨੋ ਲਾਲ ਬਾਗੇ ਰਿਦੇ ਰੀਝ ਧਾਰੇ[1] ॥੨੯॥

[1]ਪਹਿਨੇ ਹਨ।

ਲਹੂ ਧੂਲ ਰਾਚਯੋ ਭਯੋ ਲਾਲ ਗਾਰਾ।
ਭਈ ਲੋਥ ਪੋਥੈਂ, ਪਰੀ ਧੁਮਿਆਰਾ[1]।

[1]ਰੌਲਾ, ਧੁੱਮ।

ਮਰੇ ਬ੍ਰਿੰਦ ਬਾਜੀ ਲਗੀ ਅੰਗ ਗੋਰੀ।
ਭਿੜੇ ਭੇੜ ਜੋਧਾ ਲਰਾਈ ਨ ਥੋਰੀ ॥੩੦॥
ਕਹਯੋ ਬਾਕ ਭਾਨੂੰ 'ਗੁਰੁ ਅੰਗ ਸੰਗਾ।
ਡਰੋ ਨਾਂਹਿ ਜੋਧਾ ! ਲਰੇ ਹ੍ਵੈ ਨਿਸੰਗਾ।
ਟਿਕਯੋ ਜੰਗ ਆਛੋ ਨਹੀਂ, ਜਾਨਿ ਲੀਜੈ[1]।

[1](ਇਕ ਥਾਂ ਤੇ) ਟਿਕਿਆ (ਅੜਿਆ) ਜੰਗ ਚੰਗਾ ਨਹੀਂ (ਭਾਵ-ਦੁਸ਼ਮਨ ਦੇ ਵਾਰ ਰੋਕਣ ਦੀ ਹਾਲਤ ਵਿਚ ਨਾ ਆਓ, ਤੁਸੀਂ ਹੱਲਾ ਕਰੋ)।

ਮਲੇਛਾਨਿ ਪੈ ਦੌਰ ਹੱਲਾ ਕਰੀਜੈ ॥੩੧॥
ਲਰਾਈ ਲਈ ਦੇਖਿ ਜੈਸੀ ਕੀ ਕੀਨੀ[1]।

[1](ਹੇ ਸੂਰਮਿਓਂ) ਜਿਹੋ ਜਿਹੀ ਲੜਾਈ (ਵਾਰ ਰੋਕਣ ਵਿਚ ਤੁਸਾਂ) ਕੀਤੀ ਹੈ (ਮੈਂ) ਦੇਖ ਲਈ ਹੈ (ਜਿਸ ਤੋਂ ਜਾਣਿਆਂ ਪੈਂਦਾ ਹੈ ਕਿ ਜੇ ਹੁਣ ਤੁਸੀਂ ਵਾਰ ਕਰੋ ਤਾਂ)। (ਅ) ਦੁਸ਼ਮਨ ਨੇ ਜੋ ਲੜਾਈ ਕੀਤੀ ਹੈ ਉਹਦੀ ਹਕੀਕਤ ਵੇਖ ਲਈ ਹੈ।

ਪਲਾਵੈਂ ਇਹਾਂ ਤੇ ਇਨੈ ਬੁੱਧ ਹੀਨੀ[1]।

[1]ਇਥੋਂ ਇਨ੍ਹਾਂ ਨੂੰ ਨਠਾ ਦਿਆਂਗੇ ਇਨ੍ਹਾਂ ਦੀ ਬੁੱਧੀ ਹਾਨ ਹੋ ਰਹੀ ਹੈ।

ਕਰੇ ਬੀਰ ਸੰਗੀ ਬਜਾਏ ਨਗਾਰਾ।
ਚਲਯੋ ਸਾਮੁਹੇ ਬੀਰ ਬੰਕੋ ਜੁਝਾਰਾ ॥੩੨॥
ਕਰੇ ਤੇਜ਼ ਤਾਜ਼ੀ ਪਰੇ ਹੂਹ ਦੇ ਕੈ[1]।

[1]ਯੁੱਧ ਦਾ ਨਾਦ ਕਰਕੇ।

ਜਹਾਂ ਖਾਨ ਠਾਂਢੇ ਮਚਯੋ ਲੋਹ ਤੈ ਕੈ।
ਬਕੈਂ 'ਮਾਰਿ ਮਾਰੰ' ਕਰਾਚੋਲ ਮਾਰੇ।
ਕਟੈਂ ਸਾਮੁਹੈ ਅੰਗ ਕੋਪੇ ਜੁਝਾਰੇ[1] ॥੩੩॥

[1]ਸਾਹਮਣੇ (ਆਏ ਵੈਰੀ) ਦੇ ਅੰਗ ਸੂਰਮੇਂ ਕ੍ਰੋਧਵਾਨ ਹੋਕੇ ਕੱਟਦੇ ਹਨ।

ਹੁਤੇ ਖਾਨ ਆਗੈ ਜਬੈ ਮਾਰਿ ਲੀਨੇ।
ਭਜੇ ਤ੍ਰਾਸਿ ਕੈ ਕੈ ਨਹੀਂ ਠਾਂਢਿ ਕੀਨੇ[1]।

[1]ਭਾਵ ਬਾਕੀ ਦੇ ਉੱਗੁਠ ਨੱਠੇ।

ਪਰੇ ਸਿੱਖ ਪਾਛੈ ਕ੍ਰਿਪਾਨੈਂ ਪ੍ਰਹਾਰੀ।
ਭਗੇ ਧੀਰ ਛੋਰੀ ਪਰੀ ਲੋਹ ਮਾਰੀ[1] ॥੩੪॥

[1]ਸ਼ਾਸਤ੍ਰਾਂ ਦੀ ਮਾਰ ਐਸੀ ਪਈ।

ਦੋਹਰਾ:
ਮੁਗ਼ਲਸਖਾਂ ਭਾਜੇ ਸੁਨੇ, ਭੇਜ੍ਯੋ ਅਨੁਵਰ ਖਾਨ।
'ਸ਼ਮਸਖਾਨ ਕੋ ਕ੍ਯਾ ਭਯੋ, ਜੋ ਹੋਯਹੁ ਅਗਵਾਨ?' ॥੩੫॥

ਸੈਯਾ ਛੰਦ:
ਸੁਨਿ ਕੈ ਬਾਕ ਧਵਾਯੋ ਬਾਜੀ
ਸ਼ਮਸ ਖਾਨ ਕੋ ਕਹ੍ਯੋ ਪੁਕਾਰ[1]। — [1]ਪੁਕਾਰ ਕੇ ਕਿਹਾ ਅਨਵਰ ਖਾਂ ਨੇ।
'ਕ੍ਯੋਂ ਨ ਪ੍ਰਹਾਰਹੁ ਚਢੇ ਸੁ ਆਵਹਿਂ,
ਕਿਤ ਜੈ ਹੋ ਕੁਲ ਲਾਜ ਬਿਸਾਰਿ?
ਆਗੈ ਮੁਗ਼ਲਸਖਾਨ ਖਰੋ ਕਹਿ
-ਕ੍ਯਾ ਹੋਯੋ ਭਟ ਜੇ ਅਗਵਾਰ[1]-। — [1]ਅਗੁਵਾਨੀ ਸੂਰਮਿਆਂ ਨੂੰ।
ਰਹ੍ਯੋ ਕ੍ਰੋਧ ਧਰਿ[1] 'ਮੁਰਹੁ, ਹਤਹੁ ਰਿਪੁ, — [1]ਭਾਵ ਮੁਗਲਸਖਾਨ ਗੁੱਸੇ ਹੋ ਰਿਹਾ ਹੈ।
ਪਠੋ ਸ਼ਾਹੁ ਤੁਮ ਬਡੇ ਜੁਝਾਰ' ॥੩੬॥
ਸੁਨਤਿ ਚਲ੍ਯੋ ਤਬਿ ਸ਼ਮਸ ਖਾਨ ਬਹੁ
ਖੈਂਚਿ ਕ੍ਰਿਪਾਨ ਧਵਾਇ ਤੁਰੰਗ।
ਗੁਰ ਸੈਨਾ ਮਹਿਂ ਪਰ੍ਯੋ ਸ਼ੇਰ ਸਮੁ
ਅਰਹਿ ਅਗਾਰੀ[1] ਕਾਟਤਿ ਅੰਗ। — [1]ਜੋ ਅੱਗੇ ਅੜਦਾ ਹੈ।
ਘਨੀ ਪਟੇ ਬਾਜ਼ੀ ਜਿਨਿ ਕੀਨਸਿ[1] — [1]ਭਾਵ ਪਠੇਬਾਜ਼ੀ ਸਿੱਖੀ ਸੀ।
ਤਛਾ ਮੁੱਛ ਤਿਮ ਕਰਤਿ ਨਿਸੰਗ[1]। — [1]ਤਿਵੇਂ (ਗੱਤਕੇ ਵਾਂਗ) ਨਿਸੰਗ ਹੋਕੇ ਤਛਾਮੁਛ ਕਰਦਾ ਹੈ।
ਹਯ ਚਪਲਾਵਤਿ ਇਤ ਉਤ ਧਾਵਤਿ,
ਘਾਵਤਿ ਭਟ, ਭਾਵਤਿ ਰਣ ਰੰਗ[1] ॥੩੭॥ — [1]ਸੂਰਮਿਆਂ ਨੂੰ ਜ਼ਖਮੀ ਕਰਦਾ ਹੈ ਜਿਸ ਨੂੰ ਰਣ ਰੰਗ (ਜੁੱਧ ਅਖਾੜਾ) ਭਾਂਵਦਾ ਹੈ।
ਪਿਖਿ ਭਾਨੂੰ ਕਰ ਤੁਪਕ ਸੰਭਾਰੀ
ਤੋੜਾ ਜੜ੍ਯੋ ਮੋੜ ਕਲ ਮਾਂਹਿ[1]। — [1]ਮੋੜ ਕੇ ਕਲਾ ਵਿਚ।
ਗਹਿ ਸਿਰਪੋਸ ਉਘਾਰਿ ਪਲੀਤਾ
ਹਯ ਕੁਦਾਇ ਫੇਰ੍ਯੋ ਢਿਗ ਤਾਂਹਿ[1]। — [1]ਤਿਸ (ਸ਼ਮਸਖਾਨ) ਦੇ ਪਾਸ।
ਡੰਭ[1] ਤੁਪਕ ਕੜਕੀ ਤੜਿਤਾ ਜਿਮ — [1]ਤੋੜੇ ਨੂੰ ਅੱਗ ਲਾਈ।
ਲਗੀ ਤੁਰੰਗ ਭੰਗ ਹੁਇ ਜਾਹਿ[1]। — [1]ਉਸ ਦੇ ਘੋੜੇ ਨੂੰ ਲਗੀ (ਤੇ ਉਹ) ਮਰ ਗਿਆ।
ਹੁਇ ਮੁਖ ਭਾਰ ਗਿਰ੍ਯੋ ਤਹਿਂ ਦਿਖਿ ਕੈ
ਸ਼ਮਸ ਖਾਨ ਤਜਿ ਤੁਰਨਿ ਵਾਹਿ ॥੩੮॥
ਰੁਪ੍ਯੋ ਪਾਇ, ਅਰ ਘਾਵ ਖਾਇ ਨਹਿਂ,

ਕਰਤਿ ਦਾਵ ਤੇ ਵਾਰ ਫਿਰੰਤਿ[1]।

[1]ਗੱਤਕੇ ਦੀ ਚਾਲ ਵਾਂਙੂ) ਪੈਰ ਬੰਨ੍ਹੀ ਖੜਾ ਹੈ ਘਾਉ ਨਹੀਂ ਖਾਂਦਾ, ਦਾਉ ਕਰਦਾ ਤੇ ਵਾਰ ਨੂੰ ਫੇਰ ਦੇਂਦਾ ਹੈ।

ਭਾਨੂ ਕਰਤਿ ਥਕ੍ਯੋ ਚਾਤੁਰਤਾ
ਨਹੀਂ ਸ਼ਸਤ੍ਰ ਖਾਯਹੁ ਭਰਮੰਤਿ।
ਦੁਹਿ ਦਿਸ਼ ਕੇ ਜੋਧਾ ਅਵਿਲੋਕਤਿ
-ਕਰਤਿ ਵਾਰ ਅਰੁ ਆਪ ਬਚੰਤਿ[1]।

[1]ਦੁਹ ਪਾਸਿਆਂ ਦੇ ਸੂਰਮੇ ਵੇਖ ਰਹੇ ਹਨ ਕਿ ਵਾਰ ਕਰਦਾ ਹੈ (ਸ਼ਮਸਖਾਨ ਅਤੇ) ਆਪਾ ਬਚਾ ਜਾਂਦਾ ਹੈ।

ਨਟ ਜਿਮ ਫਾਂਦਿਤ, ਖੜਗ ਨਚਾਵਤਿ,
ਢੁਕੈ ਨਿਕਟਿ ਭਟ ਕਾਟਿ ਗਿਰੰਤਿ[1]- ॥੩੯॥

[1]ਐਉਂ ਜਾਪਦਾ ਹੈ ਕਿ) ਨੇੜੇ ਢੁਕਦੇ ਹੀ ਸੂਰਮੇ ਨੂੰ ਕੱਟਕੇ ਸਿੱਟ ਦੇਵੇਗਾ।

ਭਾਨੂ ਚਪ੍ਯੋ[1]: ਤੁਫੰਗ ਚਲੈ ਨਹਿਂ,
ਖੜਗ ਵਾਰ ਕੋ ਦਾਵ ਨ ਪਾਇ।
ਤਜਿ ਤੁਰੰਗ ਤਿਸ ਕੇ ਸਮ ਭੂ ਪਰ
ਖਰੋ ਭਯੋ ਚਿਤ ਚੌਂਪ ਬਢਾਇ।
ਖੈਂਚਿ ਖੜਗ ਖਰ ਢਾਲ ਸੰਭਾਰੀ
ਕਹ੍ਯੋ 'ਨ ਜਾਨ ਦੈਹੁਂ ਕਿਸ ਥਾਇਂ।
ਗਨ ਭਟ ਮਾਰਨ ਕੋ ਅਬਿ ਪਲਟਾ
ਲੇਹੁਂ ਛਿਨਕ ਮੈਂ ਤੁਵ ਉਥਲਾਇ' ॥੪੦॥

[1]ਖਿਝਿਆ।

ਸ਼ਮਸਖਾਨ ਸੁਨਿ ਖੁਨਸ੍ਯੋ ਮਾਨੀ
'ਕਜਾ ਗਵਾਰ ਗੀਦੀ ਮਕਦੂਰ[1]!
ਮਮ ਤੁਰੰਗ ਕੋ ਪਲਟਾ ਤਵ ਸਿਰ[1]'
ਕਹਤਿ ਮਿਲੇ ਤਤਕਾਲ ਅਦੂਰ[1]।
ਖਾਨ ਖੜਗ ਖਰਵਾਰ ਪ੍ਰਹਾਰ੍ਯੋ
ਲਯੋ ਸਿਪਰ ਪਰ ਕੀਨਸਿ ਕੂਰ[1]।
ਫੂਲਨ ਊਪਰ ਲਗ੍ਯੋ ਫੁਲਾਦੀ,
ਟੂਟਿ ਗਯੋ, ਹੇਰਤਿ ਸਭਿ ਸੂਰ[1] ॥੪੧॥

[1]ਕਾਇਰ (ਤੇਰੀ) ਕੀ ਤਾਕਤ ਹੈ?

[1]ਮੇਰੇ ਘੋੜੇ ਦਾ ਬਦਲਾ ਤੇਰੇ ਸਿਰ ਹੈ।

[1]ਨੇੜੇ ਹੋਕੇ।

[1]ਵਾਰ) ਖਾਲੀ ਕਰ ਦਿਤਾ।

[1]ਢਾਲ ਦੇ ਫੁਲਾਂ ਉੱਪਰ (ਵਾਰ) ਲੱਗਾ ਸਾਰੇ ਸੂਰਮਿਆਂ ਦੇ ਦੇਖਦਿਆਂ ਫ਼ੁਲਾਦੀ (ਖੜਗ) ਟੁੱਟ ਗਈ।

ਭਾਨੂ ਉਛਲਤਿ ਕਰਾਚੋਲ[1] ਗਹਿ
ਬਲ ਤੇ ਪਰ੍ਯੋ ਤਾਂਹਿ ਪਰ ਜਾਇ।
ਕਰ੍ਯੋ ਪ੍ਰਹਾਰ ਸਿਕੰਧਨ ਊਪਰ
ਬਹ੍ਯੋ ਜਿਨੇਊ ਸਮਸਰ ਘਾਇ[1]।
ਗਿਰ੍ਯੋ ਪਠਾਨ ਪਿਖ੍ਯੋ ਗਨ ਤੁਰਕਨ

[1]ਤਲਵਾਰ।

[1]ਜ਼ਖਮ ਜਨੇਊ ਵਾਂਗ ਲੱਗਾ।

ਏਕ ਬਾਰਿ ਆਏ ਅਰਿਰਾਇ।
ਤੋਮਰ ਤੀਰਨਿ ਤਬਰ ਤੁਫੰਗਨਿ
ਅਨਵਰ ਸਹਤ ਸ਼ਸਤ੍ਰ ਸਮੁਦਾਇ
॥੪੨॥
ਕਰੈਂ ਪ੍ਰਹਾਰਨਿ, ਚਲਜੋ ਨ ਭਾਨੁ[1], [1]ਭਾਨੂੰ ਪਿੱਛੇ ਨਾ ਹਟਿਆ।
ਤੋਮਰ ਮਾਰਜੋ ਅਨਵਰ ਖਾਨ।
ਕਾਟਿ ਖੜਗ ਤੇ[1] ਨਿਸ਼ਫਲ ਕਰਿ ਕੈ [1]ਤੋਮਰ ਨੂੰ) ਕੱਟ ਕੇ ਖੜਗ ਨਾਲ।
ਅਪਰ ਮਲੇਛਨਿ ਕੋ ਕਰਿ ਹਾਨ।
ਨਿਕਟ ਨ ਪਹੁੰਚਹਿਂ ਤ੍ਰਾਸ ਤੁਰਕ ਕਰਿ
ਰੁਪਜੋ ਬੀਰ[1] ਥਿਰੁ ਰਹਜੋ ਮਦਾਨ। [1]ਭਾਵ ਭਾਨੂੰ।
ਤਾਕਿ ਤੁਪਕ ਕੀ ਹਤੀ ਦੁ ਗੁਲਕਾਂ
ਲਗੀ ਸੀਸ ਤਜਿ ਤੂਰਨ ਪ੍ਰਾਨ[1] ॥੪੩॥ [1]ਭਾਨੂੰ ਨੇ) ਪ੍ਰਾਣ ਤਜ ਦਿੱਤੇ।

ਦੋਹਰਾ:
ਸ਼ਮਸਖਾਨ ਗਨ ਤੁਰਕ ਜੁਤਿ,
ਮਾਰਿ ਮਰਜੋ ਰਣਖੇਤ[1]। [1]ਯੁੱਧ ਭੂਮਿਕਾ (ਵਿਚ)।
ਗਯੋ ਸੁਰਗ[†] ਸੁਰ ਬਧੂ ਜੁਤ,
ਅਤਿ ਆਨੰਦ ਸਮੇਤ ॥੪੪॥

[†]ਗੁਰਮਤ ਦੇ ਧਾਰਨੀ ਗੁਰ ਸਿੱਖ ਤਾਂ "ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥" ਇਸ ਪਦਵੀ ਦੇ ਚਾਹਵਾਨ ਹੁੰਦੇ ਹੈਨ, ਪਰ ਸਕਾਮ ਜੋਧਿਆਂ ਲਈ ਕਵਿ ਜੀ ਸ੍ਵਰਗ ਪ੍ਰਾਪਤੀ ਕਥਨ ਕਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼ਮਸਖਾਨ ਭਾਨੂ ਬੱਧ' ਬਰਨਨੰ ਨਾਮ ਨੌਮੋ ਅੰਸੂ ॥੯॥

੧੦. [ਅਲੀ ਮੁਹੰਮਦ, ਸਿੰਘਾ ਪ੍ਰੋਹਤ ਬੱਧ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਦੁਹਿ ਦਿਸ਼ਿ ਕੇ ਸੈਨਾਪਤੀ, ਦੋਨਹੁ ਭੇ ਹਤਿ
ਪ੍ਰਾਨ।
ਪਰੀ ਸੈਨ ਉਮਡਾਇ ਕੈ, ਦੁਹਿਦਿਸ਼ਿ ਤੇ
ਘਮਸਾਨ ॥੧॥

ਰਸਾਵਲ ਛੰਦ:

ਦਿਸ਼ਾ ਦੌਨ[1] ਆਏ।
ਮਹਾਂ ਸ਼ਸਤ੍ਰ ਘਾਏ।
ਫਿਰਜੋ ਕੋ ਨ ਪੁੱਠੇ[1]।
ਮਿਲੇ ਰੁੰਡ[†] ਕੁਠੇ[1] ॥੨॥
ਪਰੀ ਲੋਥ ਬ੍ਰਿੰਦੰ।
ਪ੍ਰਹਾਰੈਂ ਬਿਲੰਦੰ।
ਕਟੇ ਅੰਗ ਬੀਰੰ।
ਤਜੈਂ ਤੌ ਨ ਧੀਰੰ ॥੩॥
ਰਣੰ ਰੰਗ ਰਾਚੇ।
ਰਿਸੇ ਬੀਰ ਮਾਚੇ।
ਪਰੇ ਮ੍ਰਿੱਤੁ ਹ੍ਵੈ ਕੈ।
ਬਡੇ ਘਾਵ ਖੈ ਕੈ ॥੪॥
'ਕਹਾਂ ਜਾਹੁ ਭਾਗੇ?'
ਕਹੈਂ 'ਆਉ ਆਗੇ।'
ਕਟੀ ਬਾਂਹ ਕਾਹੂੰ।
ਫਿਰੈਂ ਜੰਗ ਮਾਂਹੂੰ ॥੫॥
ਕਿਸੀ ਪਾਇ ਕਾਟੇ।
ਕਟੇ ਕੰਧ ਸਾਟੇ[1]।
ਕਿਤੇ ਬੋਲ ਡਾਂਟੇ[1]।
ਫਟੇ ਪੇਟ ਫਾਟੇ[1] ॥੬॥
ਲਟਾਪੱਟ[1] ਹੋਏ।
ਭਜੇ ਨਾਂਹਿ ਦੋਏ।
ਮਰੇ ਬ੍ਰਿੰਦ ਜੋਧਾ।
ਤਜੈਂ ਪੈ ਨ ਕ੍ਰੋਧਾ ॥੭॥

[1]ਦੋਹਾਂ ਪਾਸਿਆਂ ਦੇ।
[1]ਕੋਈ ਪਿੱਛੇ ਨਾ ਹਟਿਆ।
[1]ਕੁੱਠੇ ਧੜ ਮਿਲੇ ਪਏ ਹਨ। [†]ਪਾ:-ਤੁੰਡ।
[1](ਕਿਸੇ ਦੇ) ਮੋਢੇ ਕੱਟਕੇ ਸੁੱਟੇ ਪਏ ਹਨ।
[1]ਤਾੜਦੇ ਹਨ।
[1](ਕਈਆਂ ਦੇ) ਪੇਟ ਫਟਕੇ ਦੁਫਾੜੇ ਹੋਏ ਪਏ ਸਨ।
[1]ਲੋਟ ਪੋਟ, ਗੁਥਮ ਗੁੱਥਾ।

ਦੋਹਰਾ:
ਸ਼ਮਸਖਾਨ ਮਾਰਜੋ ਸੁਨਜੋ, ਜਿਸ ਦਿਸ਼ ਮੁਗਲਸ ਖਾਨ।
ਤਿਸ ਦਿਸ਼ਿ ਕੋ ਭੇਜਤਿ ਭਯੋ, ਸੱਯਦ ਬੀਰ ਮਹਾਨ ॥੮॥
ਬਲੀ ਮੁਹੰਮਦ ਅਲੀ ਤਬਿ, ਲੇ ਅਸਵਾਰ ਹਜ਼ਾਰ।
ਮਰਜੋ ਸ਼ਮਸਖਾਂ ਅਯੋ ਤਹਿਂ, ਭਯੋ ਖੇਤ ਬਿਕਰਾਰ ॥੯॥

ਰਸਾਵਲ ਛੰਦ:
ਬਜਾਏ ਨਗਾਰੇ।
ਭਯੋ ਨਾਦ ਭਾਰੇ।
ਤੁਫੰਗੈਂ ਚਲਾਈ।
ਤੁਰੰਗੈਂ ਪਲਾਈ ॥੧੦॥
ਇਤੈ ਸਿੱਖ ਬੀਰੰ।
ਪਿਖੀ ਸ਼ੱਤ੍ਰੁ ਭੀਰੰ[1]।
ਚਲੇ ਆਇ ਐਸੇ।
ਹੜ੍ਹਜੋ ਨੀਰ ਜੈਸੇ ॥੧੧॥
ਬਕੈਂ 'ਮਾਰ ਮਾਰੰ।'
ਅਨੇਕੈਂ ਪ੍ਰਹਾਰੰ।
ਲਗੈਂ ਬ੍ਰਿੰਦ ਗੋਰੀ।
ਤੁਫੰਗਾਨਿ ਛੋਰੀ[1] ॥੧੨॥
ਜਮੇ ਪੈਰ ਨਾਂਹੀ।
ਮਰੇ ਹੇਰਿ ਤਾਂਹੀ।
ਗੁਰੂ ਸੂਰ ਭਾਗੇ।
ਥਿਰੇ ਨਾਂਹਿ ਆਗੇ ॥੧੩॥
ਰਹੇ ਥੋਰ ਸੂਰੇ।
ਮਰੇ ਕ੍ਰੋਧ ਪੂਰੇ।
ਇਕੰ ਸੂਰ ਆਯੋ।
ਸੁ ਘੋਰਾ ਦੁਰਾਯੋ ॥੧੪॥
ਗੁਰੂ ਸੰਗ ਭਾਖਾ।
'ਬਡੋ ਜੰਗ ਰਾਖਾ।

[1]ਵੈਰੀ ਦੀ ਭੀੜ।
[1]ਚਲਾਈਆਂ।

ਲਰੇ ਪ੍ਰਾਨ ਹਾਨੇ।
ਰਹੇ ਥੋਰ ਜਾਨੇ ॥੧੫॥
ਉਤੈ ਸੈਨ ਭਾਰੀ।
ਸੁ ਆਈ ਅਗਾਰੀ।
ਥਿਰਯੋ ਜਾਇ ਨਾਂਹੀ।
ਕਹਯੋ ਆਪ ਪਾਹੀ†' ॥੧੬॥

†ਪਾ:-ਮਾਹੀ।

ਦੋਹਰਾ:
ਸੁਨਿ ਸ਼੍ਰੀ ਹਰਿਗੋਵਿੰਦ ਜੀ, ਕਹਯੋ 'ਸੰਗ ਲਿਹੁ ਬੀਰ।
ਹਤਹੁ ਮਲੇਛਨਿ ਕੋ ਤਹਾਂ, ਥਿਰਹੁ ਥਾਨ ਧਰਿ ਧੀਰ' ॥੧੭॥

ਪਾਧੜੀ ਛੰਦ:
ਗੁਰ ਪਠਯੋ ਬਹੁਰ ਸਿੰਘਾ ਉਚਾਰ।
'ਭਟ ਸੰਗ ਪੰਚ ਸੈ ਬਲਿ ਉਦਾਰ।
ਸ਼੍ਰੀ ਅੰਮ੍ਰਿਤਸਰ ਜਿਤ ਦਿਸ਼ਿ ਪਹਾਰ[1]।
ਤਹਿਂ ਪਰਯੋ ਖੇਤ ਜੁਝੇ ਜੁਝਾਰ ॥੧੮॥
ਹਯ ਕੇ ਧਵਾਇ ਮੈਦਾਨ ਹੇਰਿ।'
ਛੋਰਤਿ ਤੁਫੰਗ ਮਾਰੇ ਬਡੇਰਿ।
ਇਮ ਚਮੂੰ ਜੁਗਲ ਮਿਲਿ ਆਪ ਮਾਂਹਿ।
ਜਨੁ ਨਦੀ ਉਮਡਿ ਇਕ ਥਾਨ ਰਾਹਿ ॥੧੯॥
ਅਰਣੋਦਜ ਸਮੈ ਹੋਯਹੁ ਸੁ ਆਇ।
ਤੁਪਕਨਿ ਤੜਾਕ ਨਾਦੰ ਉਠਾਇ।
ਬਹੁ ਕਾਕ ਗ੍ਰਿੱਝ ਉਡਿ ਕੈ ਭ੍ਰਮੰਤਿ।
ਗੋਮਾਯ[1] ਬੋਲਿ ਮਾਸੰ ਭਖੰਤਿ ॥੨੦॥
ਗਨ ਫਿਰੀ ਜੋਗਨੀ ਰੁਧਰਿ ਪਾਨ।
ਬਹੁ ਖਾਇ ਮਾਸ ਕੋ ਤ੍ਰਿਪਤਿ ਠਾਨਿ।
ਉਤ ਖਾਨ ਆਇ ਸ਼ਸਤ੍ਰਨਿ ਪ੍ਰਹਾਰਿ।
ਕਟਿ ਗਏ ਸੁਭਟ ਕੇਤਿਕ ਸੁਮਾਰ[1] ॥੨੧॥
ਦੁਹਿ ਦਿਸ਼ਨਿ ਰੌਰ ਮਾਚਯੋ ਬਿਸਾਲ।
ਗੁਲਕਾਂ ਲਗੰਤਿ ਗਿਰ ਪਰਤਿ ਜਾਲ।

[1]ਪਹਾੜ (ਉੱਤਰ) ਦੀ ਦਿਸ਼ਾ ਵਲ।

[1]ਗਿੱਦੜ।

[1]ਸ਼ੁਮਾਰ = ਗਿਣਤੀ ਕਿੰਨੀ ਕੁ (ਕਰੀਏ)। (ਅ) ਮਾਰ ਕੇ। (ੱ) ਜ਼ਖਮੀ ਕਰਕੇ।

ਭਟ ਮਿਲਿ ਪਠਾਨ ਹੱਲਾ ਸੁ ਕੀਨਿ।
ਗਨ ਮੁਗ਼ਲ ਦੌਰ ਰਣ ਰੰਗ ਭੀਨ ॥੨੨॥
ਮੁਹੰਮਦ ਅਲੀ ਬੋਲੵੋ ਗਰੂਰ।
'ਲਿਹੁ ਮਾਰਿ ਸਮੁਖ ਦੇਖੋਂ ਜੁ ਸੂਰ।
ਰਣ ਥਲ ਛੁਟਾਇ ਲੀਜਹਿ ਅਸ਼ੇਖ।
ਅਬਿ ਭਾ ਪ੍ਰਕਾਸ਼ ਲਿਹੁ ਨੈਨ ਦੇਖਿ'
॥੨੩॥
ਸੁਨਿ ਤੁਰਕ ਚਪੇ[1] ਚਾਲੇ ਅਗਾਇ।
ਇਕ ਬਾਰ ਦੌਰਿ ਰੌਰਾ ਮਚਾਇ।
ਚਮਕੰਤਿ ਖੜਗ ਪਕੜੰਤਿ ਢਾਲ।
ਛਟਕੰਤਿ ਤੁਪਕ, ਬਮਕੰਤਿ ਜ੍ਵਾਲ[1]
॥੨੪॥
ਸਰਕੰਤਿ[1] ਸੂਰ, ਹਰਖੰਤਿ ਹੂਰ।
ਦਰੜੰਤਿ ਦੀਹ[1], ਗਰਜੰਤਿ ਭੂਰ।
ਉਛਲੰਤਿ ਜਾਤਿ, ਮਾਰੰਤਿ ਸ਼ੱਤ੍ਰ।
ਖੜਕੰਤਿ ਮਿਲਤਿ, ਟੁਟਿਯੰਤਿ ਅੱਤ੍ਰ[1]
॥੨੫॥
ਇਤ ਸੁਭਟ ਗੁਰੂ ਕੇ ਪਰਤਿ ਦੌਰ।
ਨਹਿਂ ਭਜੈਂ ਖਾਨ ਥਿਤਿ ਕਟੰਤਿ ਠੌਰ[1]।
ਇਮ ਮਚੵੋ ਜੰਗ ਦਾਰੁਨ ਮਹਾਨ।
ਗਨ ਬਿਥਰਿ ਲੋਥ ਪੋਥਨਿ[1] ਸਥਾਨ
॥੨੬॥
ਨਿਜ ਸੂਰ ਸੰਗ ਸਿੰਘੇ ਨਿਹਾਰਿ।
ਤਿਨਿ ਕਹੵੋ ਬਾਕ ਊਚੇ ਉਚਾਰਿ।
'ਇਹੁ ਪਿਖਹੁ ਮਲੇਛ ਜਿ ਸਮੁਖ ਆਇ।
ਇਕ ਬਾਰ ਸ਼ਲਖ ਮਾਰੋ ਰਿਸਾਇ'
॥੨੭॥
ਇਮ ਕਹਤਿ ਚਲੵੋ ਆਗੈ ਰਿਸਾਇ।
ਬਹੁ ਬਜੵੋ ਰਾਗ ਮਾਰੂ ਸੁਹਾਇ।
ਕਹਿ 'ਮਾਰਿ ਮਾਰਿ' ਮਾਚੵੋ ਸੁ ਰੌਰ।
ਮਿਲਿ ਪਰੇ ਸੁਭਟ ਨਹਿਂ ਤਜਹਿਂ ਠੌਰਿ
॥੨੮॥

[1]ਖਿਝੇ।

[1]ਅਗਨ ਉਗਲੱਛਦੀਆਂ ਹਨ।

[1]ਅੱਗੇ ਵਧਦੇ ਹਨ।

[1]ਦਰੜ ਦਿੰਦੇ ਹਨ ਬਹੁਤਿਆਂ ਨੂੰ।

[1]ਮਿਲਕੇ ਖੜਕਦੇ ਹਨ ਸ਼ਸਤ੍ਰ ਤੇ ਟੁਟਦੇ ਹਨ ਅਸਤ੍ਰ।

[1]ਆਪਣੀ ਥਾਂ ਤੇ ਹੀ ਖੜੇ ਕੱਟੇ ਜਾਂਦੇ ਹਨ।

[1]ਲੋਥਾਂ ਪਰ ਲੋਥ।

ਇਕ ਬਾਰ ਸ਼ਲਖ ਛੋਰੀ ਤੁਫੰਗ।
ਪੁਨ ਖੜਗ ਗਹੇ ਕਰਿ ਮਜਾਨ ਨੰਗਿ।
ਕਟਿਯੰਤਿ ਅੰਗ, ਗਿਰਿਯੰਤਿ ਭੂਮਿ।
ਲਟਕੰਤਿ ਬੀਰ, ਗਿਰ ਪਰਤਿ ਘੂਮਿ[1] ॥੨੯॥ [1]ਚੱਕ੍ਰ ਖਾਕੇ।
ਗਨ ਤੁਰਕ ਮਾਰਿ ਗਿਰ ਆਪਿ ਜਾਇਂ।
ਗੁਰੁ ਕੇ ਜੁ ਸੂਰ ਸੰਮੁਖ ਰਿਸਾਇਂ।
ਇਮ ਮਰੇ ਮਾਰਿ ਸਿੰਘੇ ਨਿਹਾਰਿ।
ਲਲਕਾਰ ਪਰਜੋ ਜਿਹ ਬਲ ਉਦਾਰ ॥੩੦॥
ਬਲਿ ਬਿੱਪ੍ਰ ਗੁਰੁ ਪ੍ਰੋਧਾ ਸੁਭੱਟ।
ਤਬਿ ਭਯੋ ਸਮੁਖ ਮਾਰੇ ਉਲੱਟ।
ਜਿਸ ਢਿਗ ਕਮਾਨ ਲਗਿ ਕਾਨ ਤਾਨ।
ਧਰਿ ਪਨਚ ਚਲਾਵਤਿ ਤਾਕਿ ਬਾਨ ॥੩੧॥
ਬਡ ਗੁਰੁ ਪ੍ਰਤਾਪ ਜਿਸ ਲਗਹਿ ਜਾਇ।
ਤਨ ਤੁਰਕ ਫੋਰਿ ਪਾਰੈ ਪਰਾਇ[1]। [1]ਪਾਰ ਪੈ ਜਾਂਦਾ ਹੈ (ਤੀਰ)।
ਸਮ ਸਰਪ ਸ਼ੂੰਕਤੇ ਚਲਹਿਂ ਤੀਰ?
ਰਿਪੁ ਗਨ ਪ੍ਰਹਾਰਿ ਬੇਧਤਿ ਸਰੀਰ ॥੩੨॥
ਰਸ ਬੀਰ ਰੂਪ ਮਾਨੋ ਕਰਾਲ।
ਬਹੁ ਫਿਰਤਿ ਪ੍ਰਹਾਰਤਿ ਸ਼ੱਤ੍ਰੁ ਜਾਲ।
ਦੁਹਿ ਦਿਸ਼ਿਨਿ ਮਰੀ ਸਮੁਦਾਇ ਸੈਨ।
ਜਨੁ ਥਕਤਿ ਬੀਰ ਕੀਨੀ ਸੁ ਸੈਨ ॥੩੩॥
ਇਮ ਹਤੇ ਤੁਰਕ ਤਬਿ ਹਾਲ ਚਾਲਿ[1]। [1]ਹਲਚਲੀ (ਪੈ ਗਈ)।
ਪਿਖਿ ਅਲੀ ਮੁਹੰਮਦ ਰਿਸ ਬਿਸਾਲ।
'ਮੁਝ ਖਰੇ ਨਿਕਟ ਚਾਲੇ ਪਲਾਇ।
ਕਜਾ ਕਹੈਂ ਲੋਕ ਕਿਮ ਭਾਜ ਜਾਇ' ॥੩੪॥
ਘੋਰਾ ਭਜਾਇ ਮੋਰੇ ਸੁ ਬੀਰ।
ਤਬਿ ਪਿਖੇ ਤਜਤਿ ਸਿੰਘਾ ਜੁ ਤੀਰ।
ਨਹਿਂ ਟਿਕਨਿ ਦੇਤਿ ਇਹ ਭਟ ਭਜਾਇ।

ਪਿਖਿ ਭਯੋ ਸਮੁਖ ਇਸ ਕੇ ਰਿਸਾਇ
॥੩੫॥
ਸਿੰਘੇ ਸੁ ਪਿਖੵੋ ਆਯੋ ਅਗਾਇ।
ਇਹ ਤਕਹਿ ਮੋਹਿ ਤੁਪਕਨ ਚਲਾਇ।
ਹਯ, ਬਚਨਿ ਹੇਤ ਇਤ ਉਤ ਧਵਾਇ।
ਧਨ ਐਂਚਿ ਐਂਚ ਤੀਰਨ ਬਗਾਇ
॥੩੬॥
ਤਬਿ ਤਾਕਿ ਤੁਪਕ ਛੋਰੀ ਸੰਭਾਲਿ।
ਛੁਟਿ ਲਗੀ ਗੁਲਕ ਹਯ ਕੇ ਉਤਾਲ।
ਸਿੰਘੇ ਸਮੇਤ ਗਿਰ ਪਰੵੋ ਬਾਜ।
ਦੇਖਤਿ ਅਨੰਦ ਤੁਰਕਨ ਸਮਾਜ ॥੩੭॥
ਬਨਿ ਸਾਵਧਾਨ ਧਨੁ[1] ਲਿਯ ਸੰਬਾਰਿ। [1]ਧਨੁਖ।
ਚਹੁਂ ਓਰ ਤੁਰਕ ਪਰਵਾਰ ਡਾਰਿ।
ਘੇਰੵੋ ਸੁ ਬੀਰ ਕਰਿ ਮਾਰਿ ਮਾਰਿ।
ਤਬਿ ਤਕਹਿ ਤੀਰ ਮਾਰਹਿ ਜੁਝਾਰ
॥੩੮॥
ਜੋ ਨਿਕਟ ਹੋਤਿ ਤਿਹ ਬਿਕਟਿ[1] ਬਾਨ। [1]ਕਠਨ।
ਫੋਰਹਿ ਸਰੀਰ ਕਰਿ ਹਾਨਿ ਪਰਾਨ।
ਬਹੁ ਕਰਤਿ ਸ਼ੀਘ੍ਰਤਾ ਤਜਤਿ ਤੀਰ।
ਨਹਿਂ ਲਖੵੋ ਜਾਇ ਕਬਿ ਛੋਰਿ ਬੀਰ[1] [1]ਕਦੋਂ ਛੱਡਦਾ ਹੈ (ਤੀਰ) ਸੂਰਮਾਂ।
॥੩੯॥
ਲਲਕਾਰ ਅਲੀ ਮੁਹੰਮਦ ਸੁ ਆਇ।
'ਮੈ ਹਤੋਂ ਇਸਹਿ ਨਹਿਂ ਭਾਜਿ ਜਾਇ।'
ਤਬਿ ਲਗੵੋ ਤਾਕਬੇ ਤੁਪਕ ਧਾਰਿ।
ਧਨੁ ਤਾਨਿ ਬ੍ਰਿੱਪ ਨੇ ਤੀਰ ਮਾਰਿ ॥੪੦॥
ਲਗਿ ਪਰੵੋ ਭਾਲ, ਗਿਰਿਗੀ ਤੁਫੰਗ।
ਪੁਨ ਪਰੵੋ ਆਪ, ਭਾਜੵੋ ਤੁਰੰਗ।
ਇਮ ਤੁਰਕ ਸੈਨਪਤਿ ਲੀਨਿ ਮਾਰਿ।
ਨਹਿਂ ਟਰੵੋ ਆਪ ਸਿੰਘਾ ਜੁਝਾਰ ॥੪੧॥
ਤਥਿ ਤੁਰਤ ਚਮੂੰ ਇਕ ਬਾਰਿ ਆਇ।
ਅਨਗਨ ਤੁਫੰਗ ਗੁਲਕਾਂ ਚਲਾਇ।
ਕਰਿ ਮਾਰਿ ਮਾਰਿ ਹੱਲਾ ਸੁ ਕੀਨਿ।

ਗੁਰੁ ਕੀ ਸੁ ਚਮੂੰ ਪਰ ਓਜ ਦੀਨਿ[1] ॥੪੨॥
ਥਿਰ ਪੈਦਲ ਸਿੰਘਾ ਲਗਤਿ ਘਾਇ[1]।
ਰੁਪ ਰਹ੍ਯੋ[1] ਬੀਰ ਨਹਿਂ ਪਗ ਉਠਾਇ।
ਮਿਲਿ ਬਹੁਤ ਆਨ ਕਰਵਾਲ[1] ਸੰਗ।
ਨਹਿਂ ਚਲ੍ਯੋ ਪਾਇ ਕਟਵਾਇ ਅੰਗ ॥੪੩॥
ਹੁਇ ਖੰਡ ਖੰਡ ਮਿਲਿ ਗਯੋ ਖੇਤ।
ਹਤਿ ਰਿਪੁਨਿ ਚਹਤਿ ਰਿਸ ਕੇ ਸਮੇਤ।
ਜਬਿ ਸਿੰਘਾ ਇਵ ਲੀਨੋ ਸੰਘਾਰਿ।
ਬਹੁ ਘਾਇ ਖਾਇ ਗਿਰਿ ਗੇ ਸੁਮਾਰਿ[1] ॥੪੪॥
ਹਲਿ ਚਲੀ ਚਮੂ ਮਹਿਂ, ਮੀਰ ਬਿਸਾਲ[1]।
ਰਣ ਖੇਤ ਭਯੋ ਦਿਖੀਯਤਿ ਕਰਾਲ।
ਸੁਧਿ ਗਈ ਗੁਰੂ ਢਿਗ ਸੁਨਤਿ ਕਾਨਿ।
ਕਰਿ ਕ੍ਰੋਧ ਆਪ ਭੇ ਸਾਵਧਾਨ ॥੪੫ ॥

ਦੋਹਰਾ:
ਇਸ ਪ੍ਰਕਾਰ ਰਣ ਤੁਮਲ ਭਾ[1], ਮਰੇ ਹਜ਼ਾਰਹੁਂ ਬੀਰ।
ਸ਼੍ਰੀ ਗੁਰ ਹਰਿਗੋਵਿੰਦ ਤਬਿ, ਉਮਡਨਿ ਚਹਿਂ ਧਰਿ ਧੀਰ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਅਲੀ ਮੁਹੰਮਦ ਸਿੰਘਾ ਪ੍ਰੋਹਤ ਬੱਧ' ਬਰਨਨੰ ਨਾਮ ਦਸਮੋ ਅੰਸੂ ॥੧੦॥

[1]ਜ਼ੋਰ ਪਾਯਾ।
[1]ਜ਼ਖਮ।
[1]ਟਿਕ ਰਿਹਾ।
[1]ਤਲਵਾਰ।
[1]ਮਰਕੇ ਗਿਰ ਗਿਆ।
[1]ਵੱਡੇ ਸੂਰਮੇ ਦੇ ਮਾਰਿਆਂ।
[1]ਡਾਢੀ ਭਾਰੀ ਮੁੱਢਭੇੜ।

੧੧. [ਨੰਦਾ ਮਿਰਜ਼ਾਬੇਗ ਯੁੱਧ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਕਹਿ ਗੁਰੁ ਪੈਂਦੇ ਖਾਨ ਕੋ 'ਤੁਰਕ ਸੈਨ
ਸਮੁਦਾਇ।
ਹੋਹਿ ਨਿਬੇਰੋ ਹਤੇ ਤੇ, ਇਸ ਬਿਧਿ ਕੀਜੈ
ਦਾਇ:- ॥੧॥

ਭੁਜੰਗ ਪ੍ਰਯਾਤ ਛੰਦ:

ਰਹੇ ਸੰਗ ਜੋਧਾ ਸੁ ਥੋਰੇ ਹਮਾਰੇ।
ਸਬੈ ਔਰ ਸੈਨਾ ਸੁ ਲੀਜੈ ਸੰਗਾਰੇ।
ਦਿਸ਼ਾ ਦੱਛਨੀ ਮੈਂ ਚਲੇ ਆਪ ਜਾਵੋ।
ਲਗੇ ਗੁੰਫ ਜਿਨ ਕੈ ਗਨ ਜ਼ਰੀ।
ਮ੍ਰਿਦੁਲ ਸੇਜ ਪਰ ਸਭਿ ਬੈਠਾਏ।
ਅਦਭੁਤ ਦਿਖਤਿ ਰਹੇ ਬਿਸਮਾਏ ॥੪੦॥

ਕਲਸ ਭਰੇ ਸੁੰਦਰ ਜਲ ਆਨੇ।
ਗ੍ਰੀਖਮ ਰੁਤਿ ਪੀਵਨ ਬਹੁ ਠਾਨੇ।
ਮਿਲੀ ਜਿਨਹੁ ਮਹਿਂ ਬਡਿ ਖੁਸ਼ਬੋਈ।
ਅਜਬ ਸਮਿੱਗ੍ਰੀ ਜਾਨਤਿ ਸੋਈ ॥੪੧॥
ਗੁਰੁ ਕੇ ਪਠੇ ਗਏ ਨਰ ਜਬੈ।
ਪ੍ਰਥਮ ਸੇਵ ਹੋਈ ਲਖਿ ਸਬੈ।
ਨੀਕੇ ਬੂਝਨਿ ਕਰੇ ਬਰਾਤੀ।
'ਜੇ ਚਹੀਯਤਿ ਸਭਿ ਨਿਕਟਿ ਅਗਾਤੀ[1]' ॥੪੨॥
ਸਗਰੀ ਸੁਧਿ ਲੇ ਕਰਿ ਹਟਿ ਆਏ।
ਸ਼੍ਰੀ ਹਰਿਗੋਵਿੰਦ ਸੰਗ ਬਤਾਏ।
'ਗਨ ਬਰਾਤ ਕੀ ਸੇਵਾ ਸਾਰੀ।
ਪੁਰਿ ਕੇ ਸਿੱਖਨਿ ਕਰੀ ਸੰਭਾਰੀ ॥੪੩॥
ਜੋ ਜਿਹ ਚਹੀਯਤਿ ਸਕਲ ਪੁਚਾਈ।
ਪਾਇ ਫੁਲੇਲ ਮਸਾਲ ਜਲਾਈ।
ਤ੍ਰਿਣ ਆਦਿਕ ਦੁਗਨੇ ਸਭਿ ਪਾਸਿ।
ਦੀਨੇ ਸਿੱਖਨਿ ਆਨਿ ਅਵਾਸ[1] ॥੪੪॥
ਸਤਿਗੁਰੁ ਕਹਜੋ 'ਕਹਾਂ ਸਿਖ ਇਤਨੇ?
ਸੇਵਹਿਂ ਸਭਿਹਿ ਬਰਾਤੀ ਜਿਤਨੇ।
ਨੀਕੇ ਤੁਮ ਸਭਿ ਕੀ ਸੁਧਿ ਲੀਜੈ।
ਚਹਹਿਂ ਜੁ ਵਸਤੁ, ਪੁਚਾਵਨਿ ਕੀਜੈ' ॥੪੫॥
ਪੁਨ ਸਿੱਖਨਿ ਕਰ ਜੋਰਿ ਬਖਾਨੇ।
'ਮਹਾਂਰਾਜ! ਸਭ ਪੂਛਨਿ ਠਾਨੇ।
ਸਰਬ ਵਸਤੁ ਤੇ ਸਭਿ ਤ੍ਰਿਪਤਾਏ।
ਪੁਰਿ ਕੈ ਨਿਕਟਿ ਗ੍ਰਾਮ ਸਿਖ ਆਏ' ॥੪੬॥
ਪੁਨਿ ਅੰਤਰਜਾਮੀ ਤਬਿ ਜਾਨੇ।
-ਆਇ ਸੁਰਨਿ ਸਭਿ ਕਾਰਜ ਠਾਨੇ-।
ਉਤਿ ਤੇ ਹੁਇ ਨਿਚਿੰਤ ਸੁਖਦਾਈ।
ਤਜਾਰੀ ਫੇਰਨਿ ਕੀ ਕਰਿਵਾਈ ॥੪੭॥

[1] ਜੋ ਚਾਹੀਦੀ ਸੀ (ਉਹ) ਸਭ ਕੋਲ ਪੁੱਜ ਗਈ ਹੈ।

[1] ਸਿਖਾਂ ਨੇ (ਆਪਣੇ) ਘਰਾਂ ਤੋਂ ਲਿਆ ਕੇ ਦਿੱਤੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਝਬਾਲ ਆਵਨਿ' ਪ੍ਰਸੰਗ ਬਰਨਨੰ ਨਾਮ ਸਪਤਿ ਦਸਮੋ ਅੰਸੂ ॥੧੭॥

੧੮. [ਬੀਬੀ ਵੀਰੋ ਦਾ ਵਿਆਹ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਪੰਚ ਘਟੀ ਜਾਮਨਿ ਗਈ, ਪ੍ਰੋਹਤ ਕਹ੍ਯੋ
ਸੁਨਾਇ।
'ਮਹਾਂਰਾਜ! ਬਿਲਮ ਨ ਕਰਹੁ, ਲਾਵਾਂ ਦੇਹੁ
ਬੁਲਾਇ' ॥੧॥

ਚੌਪਈ:

ਤੂਰਨਿ ਤਬਹਿ ਹਕਾਰਨਿ ਗਯੋ।
ਧਰਮੇ ਸਾਥਿ ਕਹਿਤਿ ਇਮ ਭਯੋ।
'ਲੇ ਕਰਿ ਦੂਲਹੁ ਕਰਹੁ ਅਗਾਰੇ।
ਸਮਾਂ ਜਾਨਿ ਗੁਰੁ ਤੁਮੈ ਹਕਾਰੇ' ॥੨॥
ਸੁਨਤਿ ਸ਼ੀਘ੍ਰ ਹੀ ਹ੍ਵੈ ਕਰਿ ਤਜਾਰੀ।
ਬਾਜਤਿ ਬਾਦਿਤ ਕਰੇ ਅਗਾਰੀ।
ਆਤਿਸ਼ਬਾਜ਼ੀ ਛੋਰਤਿ ਭਏ।
ਜਹਿਂ ਸਤਿਗੁਰੁ ਥਿਰ, ਤਹਿਂ ਚਲਿ ਗਏ
॥੩॥
ਕਰਿ ਕੁਲ ਰੀਤਿ ਬੇਦਿਕਾ ਅੰਦਰਿ†।

†ਪਿੱਛੇ ਕਈ ਥਾਈਂ ਦੱਸ ਆਏ ਹਾਂ ਕਿ ਐਸੇ ਬਿਵਹਾਰ ਕਵੀ ਜੀ ਦੇ ਸਮੇਂ ਸਿੱਖ ਰਾਜ ਘਰਾਂ ਵਿਚ ਤੇ ਹੋਰਥੇ ਟੁਰ ਪਏ ਸਨ, ਲੌਕਿਕ ਵੈਦਿਕ ਰੀਤੀਆਂ ਦੂਸਰੇ ਸਾਹਿਬਾਂ ਸਾਫ ਤਜਾਗੀਆਂ ਦੱਸੀਆਂ ਹਨ। ਤੀਸਰੇ ਸਾਹਿਬਾਂ ਅਨੰਦ ਟੋਰਿਆ, ਚੌਥੇ ਸਾਹਿਬਾਂ ਲਾਵਾਂ ਟੋਰੀਆਂ ਤੇ ਪੰਜਵੇਂ ਸਮੇਂ ਗੁਰੂ ਰੀਤੀਆਂ ਭਰ ਭਰ ਕੇ ਹੋਈਆਂ। ਪਾਤਸ਼ਾਹਾਂ ਪਾਸ ਸ਼ਕੈਤਾਂ ਹੋਈਆਂ ਤੇ ਲੋਕਾਂ ਵਿਚ ਨਿੰਦਾ ਹੋਈ ਕਿ ਗੁਰੂ ਤੇ ਸਿੱਖ ਲੌਕਿਕ ਵੇਦਕ ਰੀਤਾਂ ਨਹੀਂ ਕਰਦੇ, ਕਈ ਵੇਰ ਕਵੀ ਜੀ ਆਪ ਲਿਖ ਆਏ ਹਨ, ਫੇਰ ਕਦ ਨਿਸ਼ਚੇ ਹੋ ਸਕਦਾ ਹੈ ਕਿ ਲੌਕਿਕ ਵੈਦਿਕ ਰਸਮਾਂ ਸਤਿਗੁਰ ਜੀ ਨੇ ਆਪ ਕੀਤੀਆਂ ਹੋਣ? ਵਿਸ਼ੇਸ਼ ਲਈ ਦੇਖੋ ਰਾਸਿ ੪ ਅੰਸੂ ੪ ਅੰਕ ੨੦ ਤੇ ੩੮ ਦੀਆਂ ਹੇਠਲੀਆਂ ਟੂਕਾਂ।

ਬੈਠਾਰਯੋ ਦੂਲਹੁ ਬਹੁ ਸੁੰਦਰ।
ਗਣਪਤਿ ਨੌ ਗ੍ਰੈਹ ਕੋ ਪੁਜਵਾਇ*।
ਅਗਨਿ ਕਰੀ ਅਭਿਸੇਚਨ ਲਜਾਇ[1]*
॥੪॥

[1]ਜਲ ਛਿੜਕ ਕੇ ਅੱਗ ਬਾਲੀ [ਸੰ: ਅਭਿਖ਼ਿਦ੍ = ਛਿੜਕਣਾ]

ਦੁਰਗ ਤੁਰਕ ਕੋ ਹੁਤੋ ਸੁ ਨੇਰੇ।
ਬਡੀ ਨਿਸਾ ਬੀਤੀ ਜਿਸ ਬੇਰੇ।
ਚਢ੍ਯੋ ਪਾਹਰੂ ਊਚ ਅਟਾਰੀ।
ਦੇਖ੍ਯੋ ਬਡੋ ਪ੍ਰਕਾਸ਼ ਅਗਾਰੀ ॥੫॥
ਝਾਰ ਮਤਾਬੀ ਜਲਤੀ ਹੇਰੇ।
ਸੋਚਨਿ ਲਾਗ੍ਯੋ ਤੁਰਕ ਬਡੇਰੇ।

-ਇਹ ਠਾਂ ਕੌਨ ਕੁਲਾਹਲ ਕਰੈ?
ਬਡੋ ਪ੍ਰਕਾਸ਼, ਮਸਾਲੈਂ ਜਰੈਂ[1] ॥੬॥ [1]ਬਲਦੀਆਂ ਹਨ।
ਹਿੰਦੁਨਿ ਕੋ ਗੁਰ ਉਤਰਜੋ ਆਇ।
ਸੁਨੀ ਸ਼ਾਹੁ ਕੀ ਸੈਨ ਭਜਾਇ।
ਲਸ਼ਕਰ ਬਡੋ ਜੰਗ ਕਰਿ ਮਾਰਾ।
ਡੇਰਾ ਇਹਾਂ ਆਨਿ ਅਬਿ ਡਾਰਾ ॥੭॥
ਕਸਿ ਤੁਫੰਗ ਇਨਿ ਕੋ ਅਬਿ ਮਾਰੋਂ।
ਬਿਨ ਜਾਨੇ, ਮੁਖ ਤੇ ਨ ਪੁਕਾਰੋਂ[1]। [1]ਬਿਨਾ ਖਬਰ (ਕਿਸੇ ਨੂੰ) ਕੀਤੇ, ਤੇ ਮੁਖੋਂ ਵੀ ਮੈਂ ਨਹੀਂ ਉੱਚੀ ਬੋਲਦਾ (ਤਾਂਕਿ ਰੌਲਾ ਪੈਣ ਨਾਲ ਉਨ੍ਹਾਂ ਨੂੰ ਖਬਰ ਨਾ ਹੋ ਜਾਵੇ)।
ਧਰਹਿਂ ਤ੍ਰਾਸ ਤਬਿ ਆਨ ਪਲਾਵੈਂ[1]। [1]ਕਿਉਂਕਿ ਖਬਰ ਹੋ ਜਾਣ ਤੇ) ਡਰ ਕੇ ਹੋਰਥੇ (ਕਿਤੇ) ਨੱਸ ਜਾਣਗੇ।
ਹਮਰੋ ਭੇਵ ਤਬਹਿ ਇਹ ਪਾਵੈਂ- ॥੮॥
ਪ੍ਰੇਰਜੋ ਕਾਲ ਤੁਫੰਗ ਸੰਭਾਰੀ।
ਸ਼ਿਸਤਿ ਬਾਂਧ ਕਰਿ[1] ਜਬਿ ਕਰ ਧਾਰੀ। [1]ਨਿਸ਼ਾਨਾ ਬੰਨ੍ਹ ਕੇ।
ਜਹਾਂ ਗੁਰੂ ਅਰ ਨਰੁ ਸਮੁਦਾਇ।
ਮਹਾਂ ਪ੍ਰਕਾਸ਼ ਹੋਤਿ ਲਖਿ ਪਾਇ ॥੯॥
ਤਹਿਂ ਕੋ ਤਾਕ ਧੁਖਾਯਹੁ[†] ਤੋਰਾ। [†]ਪਾ:-ਝੁਕਾਯਹੁ।
ਕਰਿ ਕੈ ਮੁਖ ਸਤਿਗੁਰੁ ਕੀ ਓਰਾ।
ਫਟੀ ਤੁਪਕ, ਬਡ ਸ਼ਬਦ ਉਠਾਯੋ।
ਫੂਟਜੋ ਬਦਨ ਤੁਰਕ ਤਬਿ ਘਾਯੋ[1] ॥੧੦॥ [1]ਮਾਰਿਆ ਗਿਆ।
ਤਤਛਿਨਿ ਮਰਜੋ, ਨ ਹਾਇ ਉਚਰੀ।
ਅਪਰ ਨ ਕਿਨਹੂੰ ਕੀਨਿ ਸੰਭਾਰੀ।
ਪਰਿਯੋ ਰਹਜੋ ਪ੍ਰਭਾਤਿ ਸੁ ਜਾਨਜੋ।
ਪਾਯੋ ਫਲ ਕੁਕਰਮ ਜਸ ਠਾਨਜੋ ॥੧੧॥
ਸੁਨਜੋ ਸ਼ਬਦ ਗੁਰੁ ਦਲ ਨੇ ਜਬਿ ਹੂੰ।
ਸ਼ਸਤ੍ਰ ਸੰਭਾਰ ਲੀਨਿ ਭਟ ਸਭਿਹੂੰ।
ਹਯਨਿ ਤਯਾਰ ਕਰਨਿ ਅਭਿਲਾਖੇ।
ਗੁਰੁ ਢਿਗ ਸਿੱਖ ਤਿਨਹੁ ਬਚ ਭਾਖੇ ॥੧੨॥
'ਬੈਠੇ ਕਹਾਂ? ਬਨਹੁ ਸਵਧਾਨ।
ਲਖੀਅਤਿ ਆਈ ਸੈਨ ਮਹਾਨ।'

ਸੁਨਿ ਸ਼੍ਰੀ ਹਰਿ ਗੋਵਿੰਦ ਬਤਾਯੋ।
'ਥਿਰੇ ਰਹਹੁ ਨਹਿਂ ਕੋ ਰਿਪੁ ਆਯੋ
॥੧੩॥
ਅੰਤਰ ਦੁਰਗ ਤੁਰਕ ਮਰਿ ਰਹਜੋ।
ਫਟੀ ਤੁਫੰਗ ਨ ਕਿਨਹੂੰ ਲਹਜੋ।
ਗੀਦੀ ਛਪਿ ਔਚਕਿ ਲਗਿ ਮਾਰਨਿ।
ਭਯੋ ਤਿਸੀ ਸਿਰ ਗ਼ਜ਼ਬ ਗੁਜਾਰਨਿ
॥੧੪॥
ਐਸੋ ਸਮੋਂ ਆਇ ਤੁਮ ਜਾਨਹੁ।
ਦੁਰਗ ਢਹੈ ਹਤਿ ਤੁਰਕ ਮਹਾਨਹੁ।'
ਇਮ ਕਹਿ ਲਗੇ ਕਰਨਿ ਸੋ ਕਾਜ।
ਫੇਰੇ ਫੇਰਨਿ ਕੇਰਿ ਸਮਾਜ ॥੧੫॥
ਦਿਜ ਆਗਜਾ ਤੇ ਕੰਨਜਾਂ ਆਨੀ।
ਬੇਦੀ ਬਿਖੈ ਬਿਠਾਵਨਿ ਠਾਨੀ।
ਬੈਦਿਕ ਲੌਕਿਕ ਕੀਨਸਿ ਰੀਤਿ†।
ਲਾਵਾਂ ਦਈ ਮੁਦਤਿ ਸਭਿ ਚੀਤਿ ॥੧੬॥
ਸਗਰੋ ਕਾਜ ਸਪੂਰਨਿ ਭਯੋ।
ਉਠਿ ਦੂਲਹੁ ਨਿਜ ਡੇਰੇ ਗਯੋ।
ਖਾਨ ਪਾਨ ਆਦਿਕ ਸੁਧਿ ਸਾਰੀ।
ਗੁਰ ਦਾਸਨਿ ਸਭਿ ਰੀਤਿ ਸੁਧਾਰੀ
॥੧੭॥
ਗੁਰ ਪ੍ਰਤਾਪ ਤੇ ਤ੍ਰਾਸ ਬਿਹੀਨੇ।
ਸਕਲ ਜਥਾ ਸੁਖ ਸੁਪਤਨਿ ਕੀਨੇ।
ਭਈ ਪ੍ਰਭਾਤਿ ਦਾਜ ਕੀ ਤਜਾਰੀ।
ਕਹਿ ਸਤਿਗੁਰੁ ਕਰਿਵਾਇਸਿ ਸਾਰੀ
॥੧੮॥
ਹੇਮ ਬਿਭੂਖਨ ਮੁਕਤਾ ਹਾਰਿ[1]।
ਜੇ ਦਮੋਦਰੀ ਰਖੇ ਸੁਧਾਰਿ।
ਦਿਏ ਪਟੰਬਰ ਅਰੁ ਪਸ਼ਮੰਬਰ।
ਸੁੰਦਰ ਅਧਿਕ ਜ਼ਰੀ ਕੇ ਅੰਬਰ ॥੧੯॥
ਬਲੀ ਤੁਰੰਗ ਦਾਜ ਮਹਿਂ ਦੀਨੇ।
ਨੀਕੀ ਰੀਤਿ ਬਿਸਰਜਨਿ ਕੀਨੇ।

†ਦੇਖੋ ਰਾਸਿ ੪ ਅੰਸੂ ੪ ਅੰਕ ੨੦ ਦੀ ਹੇਠਲੀ ਟੂਕ।

[1]ਸੋਨੇ ਦੇ ਗਹਿਣੇ ਤੇ ਮੋਤੀਆਂ ਦੇ ਹਾਰ।

ਧਰਮਾ, ਸੁਤ, ਜੁਗ, ਜੋਰੇ ਹਾਥ[1]।
ਨਮੋ ਕਰੀ ਪਗ ਪੰਕਜ ਨਾਥ ॥੨੦॥
ਦੂਲਹੁ ਕੇ ਸਿਰ ਪਰ ਕਰ ਫੇਰਾ।
ਸ਼ਕਤਿਵਾਨਿ ਗੁਰ ਕੀਨਿ ਬਡੇਰਾ।
ਪੁਨ ਦਮੋਦਰੀ ਪਾਇਨ ਪਰਜੋ।
ਆਸ਼ਿਖ ਬਾਕ ਬਿਲੋਕਿ ਉਚਰਜੋ ॥੨੧॥
ਮਰਵਾਹੀ ਸੁ ਨਾਨਕੀ ਸਾਥ।
ਮਿਲਿ ਕਰਿ ਪਗ ਪਰ ਟੇਕਜੋ ਮਾਥ।
ਸਭਿਨਿ ਦਈ ਆਸ਼ਿਖ ਮਨ ਭਾਈ।
ਅਪਰ ਪ੍ਰਵਾਰ ਮਿਲਜੋ ਸੁਖ ਪਾਈ ॥੨੨॥
ਸ਼੍ਰੀ ਗੁਰ ਕਹਿ ਅਨਵਾਯਹੁ ਡੋਰਾ।
ਮੁਕਤਾ ਕੀ ਝਾਲਰ ਚਹੁਂ ਓਰਾ।
ਚਾਮੀਕਰ ਕੇ ਨਗ ਬਹੁ ਜਰੇ।
ਆਨਿ ਗੁਰੁ ਕੇ ਹਾਜ਼ਰ ਕਰੇ ॥੨੩॥
ਮਿਲਿ ਦਮੋਦਰੀ ਤਨੁਜਾ ਸੰਗ।
ਬਹਜੋ ਬਿਲੋਚਨ ਨੀਰ ਉਮੰਗ।
ਸਭਿ ਪਰਵਾਰ ਮਿਲਜੋ ਕਰਿ ਪਜਾਰਿ।
ਆਸ੍ਵਾਸਨਿ[1] ਜੁਤਿ ਸੀਖ ਉਚਾਰਿ ॥੨੪॥
ਬਹੁਰ ਪਿਤਾ ਢਿਗ ਬੀਰੋ ਗਈ।
ਮਿਲੀ ਰੁਦਨ ਠਾਨਤਿ ਬਹੁ ਭਈ।
ਨਰ ਅਨੁਹਾਰ ਸੁਤਾ ਕੋ ਹੇਰਾ।
ਗੁਰੂ ਬਿਲੋਚਨ ਤੇ ਜਲ ਗੇਰਾ ॥੨੫॥
ਕਰਤਿ ਪਜਾਰ ਡੋਰੇ ਬੈਠਾਈ।
ਲਿਯੋ ਕਹਾਰਨਿ ਕੰਧ ਉਠਾਈ।
ਸਭਿ ਬਰਾਤ ਕੇ ਨਰ ਤਬਿ ਆਏ।
ਸ਼੍ਰੀ ਗੁਰ ਪਾਇਨ ਸੀਸ ਝੁਕਾਏ ॥੨੬॥
ਸਾਦਰ ਸਰਬ ਬਿਸਰਜਨਿ ਕਰੇ।
ਗਮਨੇ ਤਬਹਿ ਮੋਦ ਉਰ ਭਰੇ।
ਡੋਰੇ ਪਰ ਬਹੁ ਧਨ ਬਰਖਾਯਹੁ।
ਧਰਮੇ ਮਹਾਂ ਅਨੰਦ ਉਰ ਪਾਯਹੁ ॥੨੭॥

[1]ਧਰਮਾਂ ਤੇ ਧਰਮੇ ਦਾ ਪੁੱਤ੍ਰ ਦੋਹਾਂ ਨੇ ਹੀ ਹੱਥ ਜੋੜੇ।

[1]ਦਿਲਾਸੇ।

ਇਮ ਕਰਿ ਬਜਾਹੁ ਸੁਤਾ ਕੋ ਤਬੈ।
ਥਿਰੇ ਗੁਰੂ ਬੈਠੇ ਸਿਖ ਸਬੈ।
ਬਿਧੀਚੰਦ ਇਮ ਬਾਕ ਬਖਾਨਾ।
'ਭਯੋ ਪੁਨੀਤ ਮਹਾਂ ਇਹ ਥਾਨਾ ॥੨੮॥
ਰਚਜੋ ਬਜਾਹ ਕਿਤ[1], ਭਯੋ ਸੁ ਇਹਾਂ।
ਕੌਨ ਲਖਹਿ ਤੁਮਰੀ ਗਤਿ ਮਹਾਂ।'
ਸੁਨਿ ਗੁਰ ਕਹਜੋ 'ਸਮਾਂ ਜਬਿ ਆਇ।
ਇਹਾਂ ਥਾਨ ਹਮਰੋ ਬਨਿ ਜਾਇ ॥੨੯॥
ਪੂਜਹਿਂ ਸਿੱਖ ਸੰਤ ਸਿਰ ਨਜਾਵੈਂ।
ਮਨ ਬਾਂਛਤਿ ਫਲ ਗ੍ਰਿਹਸਤੀ ਪਾਵੈਂ।
ਜੇਸ਼ਠ ਕੀ ਛਬੀਸਵੀਂ ਮਾਂਹਿ।
ਦਰਸਹਿਂ ਆਇ, ਅਧਿਕ ਫਲ ਪਾਂਹਿ[†] ॥੩੦॥

[1]ਰਚਿਆ ਕਿਥੇ ਸੀ ਤੇ.....।

[†]ਝਬਾਲ ਵਿਖੇ ਇਸ ਵਿਆਹ ਦੀ ਯਾਦਗਾਰ ਵਿਚ ਹੁਣ ਤਕ ਹਰ ਸਾਲ ਜੋੜ ਮੇਲ ਹੁੰਦਾ ਤੇ ਸੰਗਤਾਂ ਇਕੱਤ੍ਰ ਹੁੰਦੀਆਂ ਹਨ। ਹੁਣ ਤਕ ਲਾਵਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਉੱਥੇ ਰਾਗੀ ਪੜ੍ਹਦੇ ਹਨ, ਜੋ ਵਿਆਹ ਦੇ ਤਦੋਂ ਗੁਰਮਤਿ ਅਨੁਸਾਰ ਹੋਣ ਦੀ ਇਕ ਦਲੀਲ ਹੈ।

ਸੰਮਤ ਸੋਰਹ ਸਹਿਸ ਉਨਾਸੀ[1]।
ਸੁਤਾ ਬਜਾਹ ਕਿਯ ਗੁਰ ਅਬਿਨਾਸੀ।
ਸਭਿ ਕਾਰਜ ਕਰਿ ਇਸੀ ਪ੍ਰਕਾਰ।
ਥਿਰੇ ਕੁਛਕ ਜੁਤਿ ਨਿਜ ਪਰਿਵਾਰ ॥੩੧॥
ਵਸਤੁ ਸੰਭਾਰਿ ਸਰਬ ਤਿਸ ਥਾਨ।
ਨਿਜ ਨਿਜ ਕਾਰ ਭਏ ਸਵਧਾਨ।
ਸੁਭਟ ਸਨੱਧ ਬੱਧ ਥਿਰ ਰਹੇ।
ਪੁਨਹ ਅਰੂਢਨਿ ਕੋ ਚਿਤ ਚਹੇ ॥੩੨॥
ਸਜੰਦਨ ਡੋਰੇ ਸਭਿ ਕਰਿ ਤਜਾਰ।
ਸਭਿ ਪਰਿਵਾਰ ਭਏ ਅਸੁਵਾਰ।
ਅਪਨੇ ਤੇ ਆਗੇ ਕਰਿ ਤੋਰੇ।
ਤਾਰਨਤਰਨ ਸੁ ਤੀਰਥ ਓਰੇ ॥੩੩॥
ਪੰਚਹੁ ਸਾਹਿਬਜ਼ਾਦੇ ਸੰਗਿ।
ਤੀਨਹੁ ਗੁਰ ਮਹਿਲਾ ਮਨ ਭੰਗ[1]।
-ਸੁਖ ਸੋਂ ਬਸਤਿ ਆਪਨੇ ਧਾਮ।
ਆਏ ਤਜਾਗ ਸਮਾਜ ਤਮਾਮ ॥੩੪॥

[1]ਸੰ: ੧੬੭੯।

[1]ਉਦਾਸ।

ਥੋਰੀ ਬਾਤਿ ਬਾਜ਼ ਕੀ ਕਹਾਂ।
ਕੀਨਿ ਬਿਗਾਰਨਿ ਕਾਰਜ ਮਹਾਂ।
ਕੋ ਕਹਿ ਸਾਕਹਿ ਤਿਨਹੁਂ ਅਗਾਰੀ।
ਤੂਰਨਿ ਸਫਲਹਿ ਗਿਰਾ ਉਚਾਰੀ ॥੩੫॥
ਮੋਰਨਿ ਕਰੇ ਹੇਤੁ ਪਕਵਾਨਾਂ।
'ਤੁਰਕ ਖਾਹਿੰਗੇ' ਸ੍ਰਾਪ ਬਖਾਨਾ।
ਨਿਜ ਨੁਕਸਾਨ ਨ ਜਾਨਾ ਨੈਕ।
ਸੁਤਾ ਬਜਾਹ ਮਹਿਂ ਬਿਘਨ ਅਨੇਕ
॥੩੬॥
ਸਜਾਨੀ ਸਾਸ ਰੁਤੀ ਇਸ ਕਾਲ।
ਇਨ ਬਾਤਨਿ ਕੋ ਲੇਤਿ ਸੰਭਾਲਿ।
ਤਊ ਭਈ ਸੁਖ, ਜੰਗ ਮਝਾਰੇ।
ਜਿਯਤਿ ਬਚੇ ਸਨਬੰਧੀ ਸਾਰੇ- ॥੩੭॥
ਇੱਤਯਾਦਿਕ ਬਹੁ ਰਿਦੇ ਬਿਚਾਰਤਿ।
ਮਿਲਤਿ ਆਪੁ ਮਹਿਂ ਬੈਠਿ ਉਚਾਰਤਿ।
ਚਿੰਤ ਪਰਾਇਨ ਸਭਿ ਪਰਵਾਰੂ।
ਸਿਮਰਤਿ ਸਦਨ ਅਨੰਦ ਉਦਾਰੂ ॥੩੮॥
-ਬਿਘਨ ਅਚਾਨਕ ਆਪ ਉਠਾਯਹੁ।
'ਬਿਗਰਹਿ ਕਾਰਜ' ਨਹਿਂ ਮਨ ਆਯਹੁ-।
ਸਤਿਗੁਰੁ ਬਹੁਰ ਭਏ ਅਸੁਵਾਰਾ।
ਬਜਯੋ ਜੀਤ ਕੋ ਮਹਿਦ ਨਗਾਰਾ ॥੩੯॥
ਸਭਟ ਸਨੱਧ ਬੱਧ ਹੁਇ ਚਰੇ।
ਸਨੈ ਸਨੈ ਕਰਿ ਮਾਰਗ ਪਰੇ।
ਹੁਤੋ ਨਿਕਟਿ ਹੀ ਤਾਰਨ ਤਰਨ।
ਪਹੁਂਚੇ ਗੁਰੂ ਸੁ ਕਾਰਨ ਕਰਨ ॥੪੦॥
ਤੀਰਥ ਕੀ ਪੂਰਬ ਦਿਸ਼ਿ ਮਾਂਹਿ।
ਕਰਯੋ ਸਿਵਰ ਪਿਖਿ ਸ਼ੁਭ ਥਲ ਜਾਂਹਿ।
ਸਭਿ ਸੂਰਨਿ ਕੀਨਿਸਿ ਬਿਸਰਾਮੂ।
ਮੱਜਨ ਕਰਯੋ ਤਾਲ ਅਭਿਰਾਮੂ ॥੪੧॥
ਬਹੁ ਗ੍ਰੀਖਮ ਕੀ ਤਪਤ ਮਿਟਾਈ।
ਤਟ ਪਰ ਬੈਠਿ ਸੁ ਗਏ ਗੁਸਾਈਂ।
ਸ਼੍ਰੀ ਅਰਜਨ ਕੋ ਤੀਰਥ ਮਹਾਂ।

ਮਹਿਮਾਂ ਸਹਤ ਬਿਲੋਕਯੋ ਤਹਾਂ ॥੪੨॥
ਕਹਯੋ ਮਹਾਤਮ ਸਿੱਖਜਨ ਸਾਥ।
'ਸੁਨਹੁ, ਜੁ ਮੱਜਹਿ, ਫਲ ਕੀ ਗਾਥ।
ਰੋਗ ਬਡੇ ਆਦਿਕ ਕੋ ਖੋਵੈ।
ਪਾਪਨਿ ਮਲ ਬਹੁ ਜਨਮਨਿ ਧੋਵੈ ॥੪੩॥
ਤ੍ਰਿਯਾ ਅਪੁੱਤ੍ਰਾ ਮੱਜਹਿ ਦਰਸ[1]।
ਪਾਇ ਪੁੱਤ੍ਰ ਕੋ ਧਾਰਹਿ ਹਰਸ਼[1]।
ਅਪਰ ਕਾਮਨਾ ਧਾਰਿ ਨਹਾਵੈ।
ਸ਼ਰਧਾ ਧਰੈ ਸੁ ਫਲ ਹੀ ਪਾਵੈ ॥੪੪॥
ਹੁਇ ਇਸ ਕੋ ਪਰਤਾਪ ਬਡੇਰਾ।
ਲਾਗਹਿ ਮੇਲਾ ਦਰਸ੧ ਘਨੇਰਾ।
ਬੈਠੇ ਤਹਿਂ ਭਾ ਕੇਤਿਕ ਕਾਲ।
ਭੋਜਨ ਤਯਾਰ ਸ਼ੀਘ੍ਰ ਕੇ ਨਾਲਿ ॥੪੫॥
ਆਪਿ ਅਚਯੋ ਅਰੁ ਸਭਿ ਕੋ ਦਯੋ।
ਬਿਸਰਾਮੇ ਸ਼੍ਰਮ ਤਨ ਤੇ ਗਯੋ।
ਢਰੇ ਦੁਪਹਿਰੇ ਸਮਾਂ ਲਖਾਈ[1]।
ਕਹਿ ਸਤਿਗੁਰੁ ਤਯਾਰੀ ਕਰਿਵਾਈ ॥੪੬॥
'ਅਬਿ ਨਹਿਂ ਘਾਮ[1] ਹੋਇ ਹੈ ਘਨੋ[2]।
ਮਗ ਮਹਿਂ ਚਲਹੁ ਅਨੰਦ ਕੇ ਸਨੋ।'
ਬਜਵਾਇਸਿ ਤਬਿ ਕੂਚ ਨਗਾਰਾ।
ਗੋਇੰਦਵਾਲ ਚਲਨਿ ਨਿਰਧਾਰਾ ॥੪੭॥
ਗੁਰ ਅਰਜਨ ਕੇ ਥਲ ਕਰਿ ਨਮੋ।
ਚਢੇ ਤੁਰੰਗ ਗੁਰੂ ਤਿਹ ਸਮੋ।
ਆਗੇ ਕਰਿ ਡੋਰੇ ਅਰੁ ਸਜੰਦਨ।
ਗਮਨੇ ਮਾਰਗ ਸ਼ੱਤ੍ਰੂ ਨਿਕੰਦਨ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ੍ਰੀ ਗੁਰੁ ਸੁਤਾ ਬਜਾਹ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋਂ ਅੰਸੂ ॥੧੮॥

[1]ਅਮੱਸਿਆ ਨੂੰ [ਸੰਸ: ਦਰ੍ਸ਼]
[1]ਅਨੰਦ।
[1]ਸਮਾਂ ਜਾਣਕੇ।
[1]ਧੁੱਪ। [2]ਬਹੁਤ।

੧੯. [ਸ਼ਾਹ ਜਹਾਨ ਨੂੰ ਮੁਖ਼ਲਸ ਖਾਂ ਦੇ ਜੰਗ ਦੀ ਹਾਰ ਦੀ ਖ਼ਬਰ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:
ਇਤਿ ਸ਼੍ਰੀ ਹਰਿ ਗੋਵਿੰਦ ਜੀ,
ਗਮਨੇ ਗੋਇੰਦਵਾਲ।
ਉਤ ਲਵਪਰਿ ਕੀ ਕੁਛ ਕਥਾ,
ਸੁਨੀਯਹਿ ਜਸ ਭਾ ਹਾਲ ॥੧॥
ਚੌਪਈ:
ਜੇਤਿਕ ਬਚੇ ਭਗੈਲ ਪਲਾਏ।
ਕਿਸੂ ਗ੍ਰਾਮ ਬਸਿ ਭੋਰ ਸਿਧਾਏ।
ਸ਼ਾਹਜਹਾਂ ਕੇ ਪਹੁੰਚੇ ਪਾਸਿ।
ਪਿਖਜੋ ਜੁੱਧ ਜਿਨ ਕੇ ਬਡਿ ਤ੍ਰਾਸ ॥੨॥
ਰਣ ਕੀ ਸਗਰੀ ਸੁਧ ਪਹੁੰਚਾਈ।
'ਜੇ ਸਰਦਾਰ ਪਠੇ ਸਮੁਦਾਈ।
ਮੁਗ਼ਲਸਖਾਂ ਸਮੇਤ ਸਭਿ ਮਾਰੇ।
ਨਹੀਂ ਬਚੇ ਗੁਰੁ ਤੇ ਸਭਿ ਹਾਰੇ' ॥੩॥
ਸ਼ਾਹਜਹਾਂ ਸੁਨਿ ਕੈ ਬਿਸਮਾਨਜੋ।
'ਏਤੋ ਲਸ਼ਕਰ ਕਿਸ ਬਿਧਿ ਹਾਨਜੋ?'
ਰਣ ਕੋ ਹੇਰਤਿ ਜੇ ਭਜਿ ਆਏ।
ਸੁਨਿਬੇ ਹਿਤ ਸੇ ਨਿਕਟਿ ਬੁਲਾਏ ॥੪॥
ਜਾਇ ਸਲਾਮ ਸ਼ਾਹੁ ਸੋਂ ਕੀਨਿ।
ਬੂਝਨਿ ਹਿਤ ਬੋਲਜੇ ਲਖਿ ਦੀਨਿ।
'ਭਯੋ ਜੰਗ ਕਿਮ ਸਭਿ ਹੀ ਮਾਰੇ?
ਕਰਜੋ ਕਪਟ ਕੁਛ ਨਹਿਂ ਸੰਭਾਰੇ[1]? ॥੫॥

[1]ਕੁਛ ਛਲ ਕੀਤਾ ਹੈ (ਜਿਸ ਨੂੰ ਮੇਰੀ ਸੈਨਾ) ਸੰਭਾਲ ਨਹੀਂ ਸਕੀ?

ਕੈ ਗੁਰ ਢਿਗ ਲਸ਼ਕਰ ਭਟ ਭਾਰੇ?
ਹੁਤੇ ਅਲਪ ਜਿਸ ਤੇ[1] ਤੁਮ ਹਾਰੇ?'

[1](ਤੇ ਤੁਸੀਂ) ਥੋੜੇ ਸਾਓ ਜਿਸ ਕਰਕੇ।

ਸੁਨਿ ਭਗੈਲ ਗਨ ਕਹਜੋ ਬਨਾਇ।
'ਕਛੁ ਖੁਦਾਇ ਗਤਿ ਲਖੀ ਨ ਜਾਇ ॥੬॥
ਹਮ ਤੇ ਦਸ ਗੁਨ ਤਿਹ ਦਲ ਥੋਰਾ।
ਛਲ ਬੀ ਨਹੀਂ ਭਯੋ ਤਿਸ ਠੌਰਾ।
ਹਮ ਛਲ ਸੋਂ ਨਿਸ ਮਹਿਂ ਚਲਿ ਗਏ।

ਪੁਰਿ ਤੇ ਉਰੇ† ਊਚਿ ਥਲ ਅਏ ॥੭॥
ਤਹਾਂ ਪਰੀ ਇਕ ਤੋਪ ਨਿਹਾਰੀ।
ਲਕਰਾ ਖੁਦਜੋ ਤਾਂਹਿ ਭਰਿ ਮਾਰੀ।
ਬੀਸਿਕ ਭਟ ਤਹਿਂ ਲਰੇ ਬਡੇਰੇ।
ਲਸ਼ਕਰ ਕੇ ਨਰ ਹਤੇ ਘਨੇਰੇ ॥੮॥
ਲੇਨਿ ਤੋਪ ਹਿਤ ਮੁਗ਼ਲਸਖਾਨ।
ਕਰਿ ਹੇਲਾ ਪਾਯੋ ਘਮਸਾਨ।
ਘੇਰਿ ਸਬੈ ਕ੍ਰਿਪਾਨ ਸੋਂ ਮਾਰੇ।
ਦੇਖਿ ਤੋਪ ਸਭਿ ਅਚਰਜ ਧਾਰੇ ॥੯॥
ਗੁਰੁ ਮੰਦਿਰ ਮਹਿਂ ਜਾਇ ਪ੍ਰਵੇਸ਼ੇ।
ਧਨ ਭੂਖਨ ਲੇ ਗਏ ਅਸ਼ੇਸ਼ੇ।
ਜਾਮ ਨਿਸਾ ਜਬਿ ਚੰਦ ਚਰ੍ਹਯੋ ਹੈ।
ਗੁਰ ਲੈ ਕਰਿ ਦਲ ਆਨਿ ਲਰਯੋ ਹੈ ॥੧੦॥
ਭਈ ਤੁਫੰਗਨਿ ਕੀ ਬਹੁ ਮਾਰ।
ਗੁਰ ਕੇ ਤੀਰ ਚਲੇ ਤਿਸ ਬਾਰਿ।
ਚਤੁਰੰਗਲਿ[1] ਚੌਰੇ ਬਡਿ ਤੀਖਨ।
ਖਪਰੇ ਖਰੇ[1] ਪੁਲਾਦੀ ਭੀਖਨ ॥੧੧॥
ਤੀਨਿ ਕਿ ਚਾਰ ਪਾਂਚ ਕੇ ਪਾਰ।
ਪਰੈਂ, ਇਤਨ ਕੇ ਪ੍ਰਾਨ ਬਿਦਾਰਿ।
ਅਰੁ ਗੁਲਕਨਿ ਕੋ ਗਿਰਨੋ ਜੋਈ।
ਦਲ ਥੋਰੋ ਬਰਖਾ ਬਡਿ ਹੋਈ ॥੧੨॥
ਨਭ ਤੇ ਓਰਨਿ ਕੀ ਸਮ ਪਰੈਂ।
ਲਸ਼ਕਰ ਸੁਭਟ ਹਜ਼ਾਰੋਂ ਮਰੈਂ।
ਇਤਿ ਕੀ ਚਲਹਿਂ ਲਗਹਿਂ ਤਿਨ ਥੋਰੀ।
ਕੋ ਜਾਨੈ ਜਾਤੀ ਕਿਸ ਓਰੀ[1] ॥੧੩॥
ਆਧਿਕ[1] ਲਸ਼ਕਰ ਤੁਪਕਨਿ ਮਾਰਾ।
ਬਹੁਰ ਮਿਲੇ ਨਿਕਸੀ ਕਰਵਾਰਾ[1]।
ਮੁਗ਼ਲ ਖਾਨ ਕੀ[1] ਗਨ ਸ਼ਮਸ਼ੇਰ।
ਟੂਟਿ ਪਰੀ ਕਿਤਨੀ ਤਿਸ ਬੇਰਿ ॥੧੪॥
ਗੁਰ ਕੇ ਭਟ ਕਜਾ ਲੋਕ ਗਵਾਰ[1]।
ਨਹਿਂ ਜਾਨਹਿਂ ਬਿੱਦਜਾ ਹਥਿਆਰ।

†ਪਾ:-ਉਠੇ।
[1]ਚਾਰ ਉਂਗਲ।
[1]ਤਿੱਖੇ।
[1]ਜਾਂਦੀਆਂ ਕਿੱਧਰ ਸਨ।
[1]ਅੱਧਾ ਕੁ।
[1]ਤਲਵਾਰਾਂ।
[1]ਮੁਗਲਾਂ ਤੇ ਪਠਾਣਾਂ ਦੀਆਂ।
[1]ਗੁਰੂ ਜੀ ਦੇ ਸੂਰਮੇ ਕੀ (ਸਨ)? ਗਵਾਰ ਲੋਕ (ਸਨ)।

ਅਨਿਕ ਜਾਤਿ ਕੇ ਕਰਿ ਇਕ ਠਾਇ।
ਦਲ ਕੋ ਕਰਿ ਲੀਨੋ ਸਮੁਦਾਇ ॥੧੫॥
ਤਬਿ ਖੜਗਨਿ ਕੀ ਮਾਰ ਮਚਾਈ।
ਸੈਨਾਂ ਕਤਲ ਕਰੀ ਜਿਮ ਭਾਈ।
ਪਰਜੋ ਅਪੂਠੋ ਲੋਹ ਹਮਾਰੋ।
ਕਰੇ ਪ੍ਰਹਾਰਨ ਰਿਪੁ ਕੋ ਮਾਰੋ ॥੧੬॥
ਗਜ਼ਬ ਤਮਾਚਾ ਅਜਬ ਗੁਜ਼ਾਰਾ[1]।

[1]ਅਚਰਜ ਫੁਰਤੀ ਦੇ ਹੱਲੇ ਨੇ ਕਹਿਰ ਕਰ ਦਿਤਾ। [ਫ਼ਾ. ਤ਼ਮਾਂਚਾ = ਧੱਪਾ। (ਅ) ਫੁਰਤੀ ਦਾ ਹੱਲਾ। (ੲ) ਤੁ: ਤਬੰਚਹ = ਪਿਸਤੌਲ ਵਰਗਾ ਹੱਥਆਰ]

ਇਸ ਬਿਧਿ ਰਾਵਰਿ ਲਸ਼ਕਰ ਮਾਰਾ।
ਮੁਗਲਸਖਾਨ ਆਨਿ ਗੁਰੁ ਹਨਜੋ।'
ਭਯੋ ਕੋਪ ਹਜ਼ਰਤ ਜਬਿ ਸੁਨਜੋ ॥੧੭॥
-ਇਸ ਬਿਧਿ ਜੇ ਗੁਰੁ ਕਰਹਿ ਢਿਠਾਈ[1]।

[1]ਹੱਠ।

ਸਗਰੇ ਦੇਸ਼ ਫਤੂਰ ਉਠਾਈ।
ਬੰਧਹਿਂ ਕੈ ਮਾਰਹਿਂ ਨਹਿਂ ਜਾਵਦ।
ਦੇਸ਼ ਰੁ ਹਮ ਕੋ ਸ਼ਾਂਤਿ ਨ ਤਾਵਦ-
॥੧੮॥
ਗਨ ਉਮਰਾਵ ਸਮੀਪ ਬੁਲਾਏ।
ਜਿਨ ਮਹਿਂ ਮੁਖਿ ਵਜ਼ੀਰ ਖਾਂ, ਆਏ।
ਜਹਾਂਗੀਰ ਕੇ ਨਿਕਟਿ ਰਹੰਤਾ?
ਮਾਨਹਿਂ ਹਜ਼ਰਤ, ਜਥਾ ਕਹੰਤਾ ॥੧੯॥
ਬੋਲਜੋ ਸ਼ਾਹੁ ਸਭਿਨਿ ਕੇ ਸੰਗ।
'ਸੁਨਜੋ ਹੋਇ[1] ਤੁਮ ਗੁਰੂ ਪ੍ਰਸੰਗ।

[1]ਹੋਵੇਗਾ।

ਮਹਾਂ ਸ਼ੱਤ੍ਰੂ ਸਮ ਕੀਨੀ ਬਾਤ।
ਸੈਨਾ ਪਠੀ ਭਈ ਸਭਿ ਘਾਤ ॥੨੦॥
ਅਬਿ ਗਮਨਹੁ ਉਮਰਾਵ ਘਨੇਰੇ।
ਤੋਪ ਜਮੂਰੇ ਲੇਹੁ ਬਡੇਰੇ।
ਗਹਿ ਆਨਹੁ ਕੈ ਕਰਹੁ ਸੰਘਾਰ।
ਹੋਹਿ ਤਿਦਾਰਕ ਕਰਿਬੇ ਹਾਰ[1] ॥੨੧॥

[1]ਲੜਾਈ ਕਰਨ ਦੀ ਸਜ਼ਾ ਮਿਲੇ। [ਅ਼: ਤਦਾਰਕ = ਪ੍ਰਬੰਧ, ਇਲਾਜ, ਦੰਡ, ਸਜ਼ਾ]

ਲਿਯੋ ਬਾਜ਼ ਸੋ ਦਿਯੋ ਨ ਕੋਈ।
ਅਰਜੋ ਲਰਜੋ ਲਸ਼ਕਰ ਸੰਗ ਸੋਈ।'
ਸਭਿ ਉਮਰਾਵਨਿ ਕਹਜੋ ਸੁਨਾਇ।

'ਜਯੋਂ ਰਾਵਰ ਕੀ ਹੋਇ ਰਜ਼ਾਇ'
॥੨੨॥
ਸੁਨਤਿ ਵਜ਼ੀਰ ਖਾਨ ਕਰ ਜੋਰੇ।
'ਤੁਮਰੇ ਬਾਜ਼ ਨਹੀਂ ਕਿਤ ਥੋਰੇ।
ਅਨਿਕ ਵਲਾਇਤ ਤੇ ਚਲਿ ਆਵੈਂ।
ਲਿਹੁ ਮੰਗਾਇ ਜੇਤਿਕ ਮਨ ਭਾਵੈਂ
॥੨੩॥
ਪਿਤਾ ਆਪ ਕੇ ਢਿਗ ਗੁਰ ਗਏ।
ਕਿੰਚੁ ਬੇਗ, ਮੈਂ ਲਜਾਵਤਿ ਭਏ।
ਚੰਦੁ ਦਿਵਾਨ ਉਪਾਇ ਬਨਾਇ।
ਦੁਰਗ ਗ੍ਵਾਲਿਯਰ ਦਿਏ ਪੁਚਾਇ ॥੨੪॥
ਚਾਲੀ ਦਿਵਸ ਬੀਤਿ ਗੇ ਜਬਿਹੂੰ।
ਨਿਸ ਮਹਿਂ ਸ਼ੇਰ ਆਇ ਦ੍ਵੈ ਤਬਿਹੂੰ।
ਹਜ਼ਰਤ ਕੀ ਛਾਤੀ ਧਰਿ ਪਾਂਇ।
ਡਰ ਕਰਿ ਸਤਿਗੁਰੁ ਕੋ ਚਿਤ ਲਜਾਇ
॥੨੫॥
ਦੋਨਹੁ ਹਾਥਨਿ ਗਹੇ ਰੁਮਾਲ।
ਗੁਰੂ ਹਟਾਵੈਂ ਬਲ ਕੇ ਨਾਲ।
ਪੁਨ ਅਵਾਜ਼ ਕੋ ਸੁਨਿ ਹੈ ਐਸੇ।
-ਗੁਰੂ ਹਕਾਰਹੁ ਜੈਸੇ ਕੈਸੇ- ॥੨੬॥
ਹੋਤਿ ਪ੍ਰਾਤ ਕੇ ਮੋਹਿ ਬੁਲਾਯੋ।
ਨਿਸ ਪ੍ਰਸੰਗ ਕੋ ਸਰਬ ਸੁਨਾਯੋ।
ਲੇਨਿ ਹੇਤਿ ਜਬਿ ਮੋਹਿ ਪਠਾਵਾ।
ਦਾਰੁਨ ਸ਼ੇਰ ਨ ਫੇਰ ਦਿਖਾਵਾ[1] ॥੨੭॥ [1]ਫੇਰ ਨਹੀਂ ਦਿੱਸੇ।
ਤਿਨਿ ਕੇ ਕਹੇ ਬਵੰਜਾ ਰਾਜੇ।
ਛੋਰਿ ਦਿਏ ਅਪਨੇ ਸੁਖ ਕਾਜੇ।
ਨਿਕਟਿ ਬੁਲਾਇ ਅਧਿਕ ਸਨਮਾਨੇ।
ਜਬਰ ਜਵਾਹਰ ਅਰਪਨਿ ਠਾਨੇ ॥੨੮॥
ਤਿਨ ਕੇ ਕਹੇ ਚੰਦੁ ਗਹਿਵਾਯੋ।
ਪਿਤਾ ਬੈਰ ਤੇ ਗੁਰ ਮਰਿਵਾਯੋ।
ਕਰਾਮਾਤ ਕੇ ਧਨੀ ਬਡੇਰੇ।
ਕਰੈਂ ਬਾਕ, ਤੇ ਹਤਹਿਂ ਘਨੇਰੇ ॥੨੯॥

ਸੰਗ ਰਖੇ ਅਪਨੇ ਚਿਰਕਾਲ।
ਨਿਜ ਸੈਨਾਂ ਦੇ ਕਰਿ ਸੰਗਿ ਨਾਲ[1]।
ਕਰਤਿ ਰਹਯੋ ਸਭਿ ਰੀਤਿ ਅਦਾਇਬ।
ਪਿਖਿ ਕਰਿ ਪ੍ਰੇਮ, ਰਹੇ ਸੰਗ ਸਾਹਿਬ ॥੩੦॥
ਸੋ ਤੁਮ ਜਾਨਤਿ ਹੋ ਸਭਿ ਭਾਂਤਿ।
ਕਹਾਂ ਸੁਨਾਵੌਂ ਮੈਂ ਕਰਿ ਬਾਤਿ।
ਰਾਵਰ ਕੇ ਸਰੀਰ ਕੀ ਖ਼ੈਰ।
ਚਹੈਂ ਸਦਾ, ਨ ਕਰਹੁ ਗੁਰ ਬੈਰ ॥੩੧॥
ਅਜ਼ਮਤਿ ਜੁਤਿ ਸ਼੍ਰੀ ਨਾਨਕ ਗਾਦੀ।
ਕਰੇ ਸੇਵ ਬਨੀਯਤਿ ਅਹਿਲਾਦੀ।
ਬਿਗਰਨਿ ਤੇ ਪਾਇ ਨ ਕੱਲਜਾਨ।
ਇਹ ਤੋ ਸਾਰੇ ਬਿਦਤਿ ਜਹਾਨ ॥੩੨॥
ਮੀਆਂਮੀਰ ਪੀਰ ਗੰਭੀਰ।
ਮਾਨਹਿ ਤੁਰਕਾਨੋ ਲਖਿ ਧੀਰ।
ਤਿਨਹੁੰ ਅਦਾਇਬ ਕੇਤਿਕ ਰਾਖਾ।
ਤੁਮ ਪੂਛਾ, ਗੁਰੁ ਜਸ ਅਤਿ ਭਾਖਾ ॥੩੩॥
ਗੁਰ ਖ਼ੁਦਾਇ ਕੇ ਰੂਪ ਬਤਾਏ।
ਸਕਲ ਪੀਰ ਜਿਹ ਨਿਸ ਦਿਨ ਧਜਾਏ।
ਜੇ ਰਿਸ ਕਰਿ ਸ਼੍ਰੀ ਹਰਿਗੋਵਿੰਦ।
ਕਹਿਂ ਕੁਵਾਕ, ਬਨਿ ਸ਼ੱਤ੍ਰੁ ਮਨਿੰਦ ॥੩੪॥
ਪੁਨਿ ਉਪਾਇ ਨਹਿਂ ਬਨਿ ਹੈ ਕੋਈ।
ਮਿਟ ਹੈ ਨਹੀਂ, ਸਫਲ ਸੋ ਹੋਈ।
ਕੁਸ਼ਲ ਸਰੀਰ ਆਪ ਕੀ ਚਹੀ।
ਯਾਂ ਤੇ ਮੈਂ ਤੁਮ ਸੋਂ ਇਮ ਕਹੀ ॥੩੫॥
ਆਗੈ ਮਾਲਿਕ ਆਪ ਬਿਚਾਰੋ।
ਅਪਨੀ ਭਲੀ ਬੁਰੀ ਨਿਰਧਾਰੋ।
ਅਰੁ ਮੈਂ ਸੁਨਯੋ ਸੁ ਕਿਨਹੁੰ ਉਚਾਰੇ।
-ਸ਼੍ਰੀ ਅੰਮ੍ਰਿਤਸਰ ਛੋਰਿ ਸਿਧਾਰੇ- ॥੩੬॥

[1]ਫੇਰ ਆਪਣੀ ਸੈਨਾ ਵੀ ਨਾਲ ਦੇਕੇ। ਨਾਲ = ਨਾਲੇ, ਫਿਰ।

ਚਢਿ ਲਸ਼ਕਰ ਕਿਤ ਜਾਇ ਪਿਛਾਰੀ[1]। [1]ਜੋ ਕਿਤੇ ਪਿੱਛੇ ਚਲਾ ਜਾਏਗਾ।
ਰੌਰਾ ਪਰਹਿ ਮੁਲਖ ਮਹਿਂ ਭਾਰੀ।
ਲਰਨਿ ਬਿਖੈ ਅਨਗਨ ਹੈਂ ਦੋਸ਼।
ਮਮ ਮਤਿ ਸੁਨਹੁ ਤਜਾਗ ਦਿਹੁ ਰੋਸ' ॥੩੭॥
ਸ਼ਾਹਜਹਾਂ ਸੁਨਿ ਰਿਦੇ ਬਿਚਾਰੀ।
-ਉਚਰਹਿ ਸਾਚ ਭਲੇ ਨਿਰਧਾਰੀ।
ਤਨ ਕੀ ਕੁਸ਼ਲ ਸਰਬ ਤੇ ਨੀਕੇ।
ਦੁਖ ਬਿਹੀਨ ਹੁਇ ਚਹਿਵਤਿ ਜੀ ਕੇ[1]- ॥੩੮॥ [1]ਹਰ ਕੋਈ) ਸੁਖੀ ਜੀਉਣਾ ਚਾਹੁੰਦਾ ਹੈ।
ਤਜਜੋ ਕ੍ਰੋਧ, ਕਹਿ 'ਪਰਹਿ ਨ ਦੁੰਦ[1]। [1]ਫਸਾਦ।
ਸੁਖ ਸੋਂ ਬਾਸਹਿ ਮੁਲਖ ਬਿਲੰਦ।
ਕਹਾਂ ਬਾਜ਼ ਕੀ ਬਾਤ ਸੁ ਥੋਰੀ।
ਜੇ ਗੁਰ ਲਰਹਿਂ ਨ, ਤੌ ਹਮ ਛੋਰੀ[1]' ॥੩੯॥ [1]ਲੜਾਈ ਦਾ ਖਿਆਲ) ਛੱਡ ਦਿੱਤਾ।
ਸੁਨਿ ਕੈ ਕਿੰਚਬੇਗ ਤਬਿ ਕਹਜੋ।
'ਗੁਰ ਸੁਭਾਵ ਮੈਂ ਨੀਕੇ ਲਹਜੋ।
ਦੇਸ਼ ਨਗਰ ਕੋ ਕੁਛ ਨਹਿਂ ਕਹੈਂ।
ਅਰਹਿ ਸੈਨ ਤੌ ਰਣ ਹਠਿ ਗਹੈਂ ॥੪੦॥
ਨਹੀਂ ਫਤੂਰ ਮੁਲਖ ਮੈਂ ਕਰੈਂ।
ਸਭਿ ਕੀ ਰੱਛਜਾ ਪਰ ਹਿਤ ਧਰੈਂ।'
ਕਹੈ ਸ਼ਾਹੁ 'ਇਹੁ ਆਛੀ ਬਾਤਿ।
ਨਹਿਂ ਦਲ ਪਠਹਿਂ, ਹੋਹਿਂ ਨਰ ਘਾਤਿ ॥੪੧॥
ਸ਼੍ਰੀ ਅੰਮ੍ਰਿਤਸਰ ਬਸੇ ਨ ਸੋਈ।
ਗਮਨੇ ਦੂਰ, ਬਿਗਾਰ ਨ ਕੋਈ।'
ਇਮ ਕਹਿ ਉਰ ਤੇ ਬਾਤਿ ਬਿਸਾਰੀ।
ਕਰੀ ਮਕੂਫ ਚਢਨਿ ਕੀ ਤਜਾਰੀ[1] ॥੪੨॥ [1]ਚੜ੍ਹਾਈ ਕਰਨ ਦੀ ਤਿਆਰੀ ਹਟਾ ਦਿੱਤੀ।
ਇਸ ਪ੍ਰਕਾਰ ਲਵਪੁਰਿ ਮਹਿਂ ਸ਼ਾਂਤੀ।
ਹੋਤਿ ਭਈ ਸੁਨਿ ਕੈ ਸਭਿ ਭਾਂਤੀ।
ਅਬਿ ਸਤਿਗੁਰ ਕੀ ਕਥਾ ਸੁਨੀਜੈ।

ਜਨਮ ਸਫਲ ਸ਼੍ਰੋਤਾ ਕਰਿ ਲੀਜੈ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼ਾਹਜਹਾਂ ਰੋਸ ਨਿਵਾਰਣ' ਪ੍ਰਸੰਗ ਬਰਨਨੰ ਨਾਮ ਏਕੋਨ ਬਿੰਸਤੀ ਅੰਸੂ ॥੧੯॥

੨੦. [ਗੁਰੂ ਜੀ ਗੋਇੰਦਵਾਲ ਪਹੁੰਚੇ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:
ਸ਼੍ਰੀ ਗੁਰ ਹਰਿਗੋਵਿੰਦ ਜੀ, ਉਲੰਘੇ ਪੰਥ ਅਸ਼ੇਖ।
ਪਹੁੰਚੇ ਗੋਇੰਦਵਾਲ ਤਬਿ, ਚਤੁਰ ਘਟੀ ਦਿਨ ਸ਼ੇਖ[1] ॥੧॥

[1]ਬਾਕੀ ਸੀ।

ਚੌਪਈ:
ਪੁਰਿ ਮਹਿਂ ਸੁਧਿ ਹੋਈ ਤਤਕਾਲਾ।
'ਮੁਗ਼ਲ ਮਾਰਿ ਗੁਰ ਸੁਭਟ ਬਿਸਾਲਾ।
ਰਣ ਕਰਿ ਤੁਰਕ ਸੰਬੂਹ ਸੰਘਾਰੇ।
ਜਿਯਤਿ ਬਚੇ ਜਿ ਭਾਜਿ ਸਿਧਾਰੇ ॥੨॥
ਇਸ ਥਲ, ਜੁਤਿ ਕੁਟੰਬ ਗੁਰੁ ਆਏ।
ਜਿਨ ਕੇ ਸੰਗ ਸੁਭਟ ਸਮੁਦਾਏ।'
ਤਜਿ ਤਜਿ ਨਿਜਿ ਨਿਜਿ ਕਾਜ ਸਿਧਾਏ।
ਕਹਿ 'ਗੁਰ ਦਰਸਹਿਂ' ਦੌਰਤਿ ਆਏ ॥੩॥
ਲੇ ਕਰਿ ਮੇਵਾ ਗਨ ਪਕਵਾਨ।
ਆਇ ਮਿਲੇ ਸਤਿਗੁਰੁ ਭਗਵਾਨ।
ਧਰਿ ਪ੍ਰਸਾਦਿ ਕੋ ਬੰਦਨ ਕੀਨਿ।
ਹਾਥ ਜੋਰਿ ਸਿਖ ਭਏ ਅਧੀਨ ॥੪॥
ਕ੍ਰਿਪਾ ਦ੍ਰਿਸ਼ਟਿ ਤੇ ਸਰਬ ਨਿਹਾਰੇ।
ਕੁਸ਼ਲ ਪ੍ਰਸ਼ਨ ਸਭਿ ਸੰਗ ਉਚਾਰੇ।
ਆਸ੍ਵਾਸਨਿ[1] ਕਰਿ ਸਾਥ ਲਏ ਹੈਂ।
ਪ੍ਰਿਥਮ ਬਾਵਲੀ ਨਿਕਟਿ ਗਏ ਹੈਂ ॥੫॥
ਬੰਦਨ ਕੀਨਿ ਅਗਾਰੀ ਥਿਰੇ।
ਡੇਰਾ ਸਕਲ ਵਹਿਰ ਹੀ ਕਰੇ।
ਬੈਠਿ ਤਹਾਂ ਗੁਰੁ ਸਿੱਖਜ ਪਠਾਜੋ।
ਸਭਿ ਕੁਟੰਬ ਕੋ ਨਿਕਟਿ ਬੁਲਾਯੋ ॥੬॥
'ਪੰਚਹੁ ਸਾਹਿਬਜ਼ਾਦੇ ਆਨੋ।
ਕਹਹੁ ਜਾਇ -ਬਾਪੀ ਇਸ਼ਨਾਨੋ-।'
ਧਾਇ ਸਿੱਖ ਡੇਰੇ ਮਹਿਂ ਆਯਹੁ।

[1]ਪਿਆਰ ਦੇਕੇ [ਸੰਸ: ਅਸ੍ਵਾਸਨ = ਦਿਲਾਸਾ]

ਸਭਿ ਸੋਂ ਸਤਿਗੁਰੁ ਹੁਕਮ ਸੁਨਾਯਹੁ ॥੭॥
ਸੁਨਿ ਸਭਿ ਗਏ ਕਰਨਿ ਇਸ਼ਨਾਨ।
ਮਰਵਾਹੀ ਦਮੋਦਰੀ ਜਾਨਿ।
ਅਪਰ ਨਾਨਕੀ ਤੀਨਹੁਂ ਆਈ।
ਸ਼ਰਧਾ ਧਰਿ, ਕਰਿ ਨਮੋ, ਨਹਾਈ ॥੮॥
ਸ੍ਰੀ ਗੁਰਦਿੱਤਾ ਆਦਿਕ ਨੰਦ।
ਕਰੇ ਸ਼ਨਾਨ ਬਿਲੋਕਿ ਅਨੰਦ।
ਸ੍ਰੀ ਹਰਿਗੋਵਿੰਦ ਮੱਜਨ ਕੀਨਾ।
ਬੈਠੇ ਸੰਗਤਿ ਸਹਤ ਪ੍ਰਬੀਨਾ ॥੯॥
ਸ੍ਰੀ ਗੁਰੁ ਅਮਰ ਅੰਸ ਮਿਲਿ ਆਏ।
ਭਾਂਤਿ ਭਾਂਤਿ ਪਕਵਾਨ ਸੁ ਲਯਾਏ।
ਜਥਾ ਜੋਗ ਮਿਲਿ ਸਭਿ ਕੇ ਸਾਥ।
ਕੁਸ਼ਲ ਪ੍ਰਸ਼ਨ ਸੁਨਿ ਕਰਿ ਕਹਿ ਨਾਥ ॥੧੦॥
ਪੁਨ ਤਤਛਿਨ ਉਠਿ ਗੁਰੂ ਸਿਧਾਰੇ।
ਜਹਿਂ ਰਹਿਂ[1] ਸ੍ਰੀ ਗੁਰ ਅਮਰ ਚੁਬਾਰੇ। [1]ਜਿਥੇ ਰਹਿੰਦੇ ਹੁੰਦੇ ਸਨ।
ਸਨੈ ਸਨੈ ਪੁਰਿ ਅੰਤਰ ਗਏ।
ਦਰਸ਼ਨ ਜਾਇ ਕਰਤਿ ਤਬਿ ਭਏ ॥੧੧॥
ਕਰਿ ਬੰਦਨ ਰਜ ਮਸਤਕ ਲਾਈ।
ਧਰਯੋ ਧਯਾਨ ਗੁਰ ਬਿਨੈ ਅਲਾਈ।
ਹਟੇ ਗੁਰੂ ਨਿਵੇਸ ਕੋ ਆਏ।
ਬੈਠੇ ਬਡੋ ਦਿਵਾਨ ਲਗਾਏ ॥੧੨॥
ਸਿਖ ਸੰਗਤਿ ਸਗਰੇ ਚਲਿ ਆਇ।
ਦਰਸ਼ਨ ਕਰਿ ਬੈਠੇ ਸਮੁਦਾਇ।
ਨੰਦ ਮੋਹਰੀ ਨਾਮ 'ਅਨੰਦ[1]।' [1]ਮੋਹਰੀ ਜੀ ਦਾ ਪੁੱਤਰ ਅਨੰਦ ਜੀ।
ਤਿਹ ਨੰਦਨ 'ਸੁੰਦਰ[1]' ਮਤਿਵੰਦ ॥੧੩॥ [1]ਤਿਸ (ਅਨੰਦ ਜੀ) ਦੇ ਪੁੱਤ੍ਰ ਸੁੰਦਰ ਜੀ।
ਜਿਸ ਨੇ ਸੱਦ ਬਨਾਇ ਬਖਾਨਾ।
ਗੁਰੂ ਗ੍ਰੰਥ ਮਹਿਂ ਲਿਖਿਬੋ ਠਾਨਾ।
ਆਗੇ ਧਰਿ ਪ੍ਰਸਾਦਿ ਤਿਹ ਸਮੋਂ।
ਹਰਖਤਿ ਮਿਲਯੋ ਕਰਤਿ ਭਾ ਨਮੋਂ

॥੧੪॥
ਆਦਰ ਅਧਿਕ ਕਰਜੋ ਤਿਸ ਕੇਰਾ।
ਕਰਿ ਉਰ ਪ੍ਰੇਮ ਦਰਸ ਗੁਰ ਹੇਰਾ।
ਬੈਠਿ ਨਿਕਟਿ ਕੇਤਿਕ ਚਿਰ ਪਾਛੇ।
ਹਾਥ ਜੋਰਿ ਬੋਲਜੋ ਬਚ ਆਛੇ ॥੧੫॥
'ਪੰਚਹੁੰ ਪਾਤਿਸ਼ਾਹੁ ਗੁਰ ਪੂਰੇ।
ਸ਼ਾਂਤਿ ਬ੍ਰਿਤੀ ਜਿਨ ਕੀ ਨਿਤ ਰੂਰੇ।
ਤੈਸੋ ਸਿੱਖਨ ਕੋ ਉਪਦੇਸ਼।
ਦੇਤਿ ਸਦਾ ਅਰੁ ਕਟਤਿ ਕਲੇਸ਼ ॥੧੬॥
ਰੀਤਿ ਆਪ ਨੇ ਅਪਰ ਚਲਾਈ।
ਧਾਰੇ ਸ਼ਸਤ੍ਰ ਅੰਗ ਸਮੁਦਾਈ।
ਕਾਰਜ ਕਰੇ ਕਲੇਸ਼ਨਿ ਕੇਰੇ।
ਤੁਰਕਨਿ ਸੋਂ ਸੰਗ੍ਰਾਮ ਘਨੇਰੇ ॥੧੭॥
ਹਮ ਨੇ ਸੁਨਜੋ ਸ਼ਾਹ ਦਲ ਭਾਰੋ।
ਕਰਿ ਸੰਘਰ ਕੋ ਸਭਿਹੂੰ ਮਾਰੋ।
ਬਜਾਹੁ ਸੌਜ ਆਦਿਕ ਘਰ ਸਾਰਾ।
ਲੁਟਜੋ ਤੁਰਕ ਗਨ ਕੀਨਿ ਉਜਾਰਾ
॥੧੮॥
ਰੀਤਿ ਪਾਛਲੀ ਰਾਵਰ ਤਜਾਗੀ।
ਸ਼ਸਤ੍ਰ ਹਯਨਿ ਕੇ ਭੇ ਅਨੁਰਾਗੀ।'
ਸੁਨਿ ਸੁੰਦਰ ਤੇ ਹਰਿਗੋਵਿੰਦ।
ਬੋਲੇ ਕਰੁਨਾ ਕਰਤਿ ਬਿਲੰਦ ॥੧੯॥
'ਕਰਤਾ ਪੁਰਖ ਅਕਾਲ ਕ੍ਰਿਪਾਲ।
ਕਰਹਿਂ ਸੁ ਹਮ ਤਿਨ ਆਗਜਾ ਨਾਲਿ।
ਜਿਮ ਰਜਾਇ ਤਿਮ ਹੀ ਬਨਿ ਆਵੈ।
ਤੁਰਕਨਿ ਬ੍ਰਿੰਦ ਬਿਨਾਸ਼ਨਿ ਭਾਵੈ ॥੨੦॥
ਭਏ ਨਿਚਿੰਤ ਪਾਪ ਕੋ ਲਾਗੇ।
ਛਿਤਿ ਪਰ ਭਾਰ, ਗਈ ਪ੍ਰਭੁ ਆਗੇ।
ਅਬਿ ਹਮ ਸਨੈ ਸਨੈ ਸਭਿ ਰਾਜ।
ਕਰਹਿਂ ਬਿਨਾਸ਼ਨ ਸਕਲ ਸਮਾਜ ॥੨੧॥
ਨਿਜ ਸਿੱਖਜਨ ਕੋ ਸਗਰੋ ਦੈਹੈਂ।
ਚਲਹਿਂ ਕੁਚਾਲ ਤੁਰਕ ਸਭਿ ਛੈਹੈਂ।

ਇਸ ਹਿਤ ਹਮ ਨੇ ਆਯੁਧ ਧਾਰੇ।
ਪ੍ਰਥਮ ਭਯੋ ਰਣ ਰਿਪੁ ਗਨ ਮਾਰੇ'
॥੨੨॥
ਸੁਨਿ ਸੁੰਦਰ ਪੁਨ ਬੰਦਨ ਕੀਨਿ।
ਧਰਯੋ ਹਾਥ ਸਿਰ ਗੁਰੂ ਪ੍ਰਬੀਨ।
ਸਤਿਗੁਰ ਬਡੇ ਅਮਰ ਜੀ ਹੋਏ।
ਬਹੁ ਸਿੱਖਨਿ ਮਨ ਮੋਹ ਬਿਗੋਏ[1] ॥੨੩॥ [1]ਨਾਸ਼ ਕੀਤੇ।
ਤਿਨ ਸੁਤ ਕੇ ਪੋਤੇ ਤੁਮ ਅਹੋ।
ਬਡੇ ਥਾਨ ਮਹਿਂ ਸ਼ੋਭਾ ਲਹੋ।'
ਇਤਨੈ ਮਹਿਂ ਸੁੰਦਰ ਕੀ ਮਾਤਾ।
ਆਈ ਪ੍ਰੇਮ ਧਰੇ ਮਨ ਰਾਤਾ[1] ॥੨੪॥ [1]ਪ੍ਰੇਮ ਧਾਰ ਕੇ ਆਈ (ਜਿਸਦਾ) ਮਨ (ਨਾਮ ਵਿਚ) ਰੱਤਾ ਹੋਯਾ ਸੀ।
ਸੰਗ ਅਹੈ ਸੁੰਦਰ ਕੀ ਦਾਰਾ।
ਤ੍ਰਿਯ ਗਨ ਅਪਰ ਦਰਸ ਹਿਤ ਧਾਰਾ।
ਆਇ ਵਾਰਨੋ ਗੁਰ ਪਰ ਕੀਨਾ।
ਬੈਠਿ ਬੰਦਿ ਕਰ ਕਹਯੋ ਪ੍ਰਬੀਨਾ ॥੨੫॥
'ਅੰਤਰ ਚਲਹੁ ਨਿਕੇਤ ਹਮਾਰੇ।
ਸੁਖ ਸੋਂ ਨਿਸਾ ਬਸਹੁ ਹਿਤ ਧਾਰੇ।
ਹਮਰੇ ਸਦਨ ਆਪਨੇ ਜਾਨਹੁ।
ਬਿਨ ਸੰਸੈ ਬਸਿਬੋ ਤੁਮ ਠਾਨਹੁ' ॥੨੬॥
ਗੁਰੂ ਕਹਯੋ 'ਐਸੋ ਹੀ ਅਹੈ।
ਤਊ ਸੈਨ ਮੇਰੇ ਸੰਗ ਅਹੈ।
ਸਭਿ ਕੋ ਤਜਿ ਕਿਮ ਜਾਵਨਿ ਬਨੈ।
ਕ੍ਰਿਪਾ ਤੁਮਾਰੀ ਨਿਤ ਸੁਖ ਸਨੈ' ॥੨੭॥
ਸੁਨਿ ਬੋਲੀ 'ਜੇ ਤੁਮ ਥਿਰ ਥੀਜੈ।
ਸਭਿ ਕੁਟੰਬ ਕੋ ਆਇਸੁ ਦੀਜੈ।
ਸਾਹਿਬਜ਼ਾਦੇ ਪੰਚਹੁਂ ਚਲੈਂ।
ਤੀਨਿ ਮਾਤ ਤਿਨ ਕੀ ਸਭਿ ਮਿਲੈਂ
॥੨੮॥
ਸੁਖ ਸੋਂ ਬਸਹਿਂ ਨਿਸਾ ਘਰ ਮਾਂਹੀ।
ਬਾਲਿਕ ਅਹੈਂ ਵਹਿਰ ਰਹਿਂ ਨਾਂਹੀ।'
ਹੇਰਿ ਪ੍ਰੇਮ ਕੋ ਸਤਿਗੁਰ ਭਾਖਾ।

'ਲੇ ਕਰਿ ਜਾਹੁ ਜਿ ਅਸ ਅਭਿਲਾਖਾ'
॥੨੯॥
ਸੁਨਿ ਆਇਸੁ ਕੋ ਤਤਛਿਨ ਗਈ।
ਗੁਰ ਕੁਟੰਬ ਕੋ ਦੇਖਤਿ ਭਈ।
ਜਥਾ ਜੋਗ ਮਿਲਿ ਕੈ ਸਭਿ ਸਾਥਿ।
ਪੁਨ ਭਾਖੀ ਆਇਸੁ ਗੁਰ ਨਾਥ ॥੩੦॥
ਲੇ ਸਭਿ ਕੋ ਨਿਜ ਸੰਗ ਸਿਧਾਰੀ।
ਇਕ ਦਮੋਦਰੀ ਗੁਰੁ ਕੀ ਨਾਰੀ।
ਮਰਵਾਹੀ ਸੁ ਨਾਨਕੀ ਤੀਨਿ।
ਪੁੱਤ੍ਰਨਿ ਜੁਤਿ ਅਪਨੇ ਸੰਗ ਲੀਨਿ ॥੩੧॥
ਸੁੰਦਰ ਮੰਦਿਰ ਬਿਖੈ ਉਤਾਰੇ।
ਆਸਤਰਨ ਪਰਯੰਕ ਸੁਧਾਰੇ।
ਸਾਦਰ ਸਰਬ ਬਿਠਾਵਨਿ ਕੀਨਿ।
ਦਾਸੀ ਸੰਗ ਮੰਚ ਤਿਨ ਦੀਨਿ ॥੩੨॥
ਭੋਜਨ ਮਧੁਰ ਸਹਿਤ[1] ਕਰਿਵਾਏ।
ਕਰਿ ਸਨਮਾਨ ਸਭਿਨਿ ਅਚਵਾਏ।
ਤ੍ਰਿਪਤਿ ਹੋਇ ਕੀਨਿਸਿ ਬਿਸਰਾਮੂ।
ਥਿਰੇ ਪ੍ਰਯੰਕਨਿ ਪਰ ਸ਼ੁਭ ਧਾਮੂ ॥੩੩॥
ਬਾਤਿ ਸੁਧਾਸਰ ਬੂਝਨਿ ਲਾਗੀ।
ਅਪਰ ਬਜਾਹ ਹਿਤ ਮਨ ਅਨੁਰਾਗੀ[1]।
'ਕਹਾਂ ਭਯੋ ਜਬਿ ਕਾਜ ਰਚਾਯੋ?
ਹਮ ਕੋ ਪੂਰਬ ਨਹੀਂ ਬੁਲਾਯੋ ॥੩੪॥
ਅਪਰ ਮੇਲ ਭੀ ਕੋਇ ਨ ਭਯੋ।
ਬਹੁਰੋ ਬਿਘਨ ਜੁੱਧ ਕੋ ਭਯੋ।
ਦਿਯੇ ਅਪਰ ਥਲ ਆਨਿ ਸੁ ਫੇਰੇ।
ਸੁਨਿ ਹਮ ਸਭਿ ਕੋ ਚਿੰਤ ਘਨੇਰੇ ॥੩੫॥
ਆਗੇ ਸਦਾ ਹਕਾਰਤਿ ਰਹੇ।
ਅਬਿ ਕੇ ਬਜਾਹ ਕਯੋਂ ਨ ਹਮ ਚਹੇ?'
ਸੁਨਿ ਦਮੋਦਰੀ ਦੀਰਘ ਸ੍ਵਾਸ।
ਕਹਨਿ ਲਗੀ ਬਿਰਥਾ[1] ਤਿਨ ਪਾਸ
॥੩੬॥
'ਬਡੇ ਪੁਰਖ ਕਿਸ ਕੇ ਕੁਛ ਨਾਂਹੀ[1]।

[1]ਮਿੱਠੇ (ਖਾਣਿਆਂ) ਸਮੇਤ (ਅ) ਪ੍ਰੇਮ ਨਾਲ।

[1]ਫੇਰ ਵਿਆਹ ਦੀਆਂ ਗੱਲਾਂ (ਪੁੱਛਣ) ਲਈ ਪ੍ਰੇਮੀ ਹੋਈ।

[1]ਵਿਥਿਆ।

[1]ਕਿਸੇ ਦੇ ਕੁਛ ਨਹੀਂ (ਲਗਦੇ)।

ਬਰਤਹਿਂ ਜਿਮ ਭਾਵਤਿ ਮਨ ਮਾਂਹੀ।
ਲਾਭੁ ਰੁ ਤੋਟਾ ਸਮ ਹੀ ਜਾਨੈਂ।
ਨਹਿਂ ਪਰਵਾਰ ਮੋਹ ਕੋ ਠਾਨੈਂ ॥੩੭॥
ਪੂਰਬ ਸਤਿਗੁਰ ਜੇਤਿਕ ਭਏ।
ਐਸੀ ਰੀਤਿ ਬਰਤਿ ਸਭਿ ਗਏ।
ਸਨਬੰਧਨਿ ਕੋ ਕਹਜੋ ਨ ਮਾਨੇ।
ਨਿਜ ਸਥਾਨ ਸੇਵਕ ਹੀ ਠਾਨੇ ॥੩੮॥
ਸਿੱਖਜਨਿ ਹਿਤ ਪਕਵਾਨ ਮੰਗਾਵਾ।
ਨਹਿਂ ਮੈਂ ਦੀਨੋ ਸ੍ਰਾਪ ਅਲਾਵਾ।
-ਖਾਹਿ ਮਲੇਛਨਿ ਸੈਨ, ਅਹਾਰਾ-।
ਘਰ ਉਜਰਹਿ ਕੁਛ ਨਹੀਂ ਬਿਚਾਰਾ ॥੩੯॥
ਭੂਤ ਭਵਿੱਖਜ ਗਤੀ ਸਭਿ ਜਾਨੇ।
ਜਾਂ ਤੇ ਨਹੀ ਹਕਾਰਨਿ ਠਾਨੇ।
ਪਰਹਿਂ ਬਜਾਹ ਮੈਂ ਬਿਘਨ ਬਿਸਾਲਹਿਂ।
ਹੁਇ ਹੈ ਇਮ ਕੁਟੰਬ ਕੋ ਹਾਲਹਿ ॥੪੦॥
ਸ਼੍ਰੀ ਨਾਨਕ ਦੇ ਹਾਥ ਬਚਾਏ।
ਕੁਸ਼ਲ ਸਹਤ ਇਕ ਤਨ ਨਿਕਸਾਏ[1]।
ਮੈਂ ਜਬਿ ਕਹਜੋ ਬੁਲਾਵਨਿ ਤੁਮੈ।
ਤੂਸ਼ਨਿ ਹੋਇ ਰਹੇ ਤਿਹ ਸਮੈ ॥੪੧॥
ਤੁਰਕਨਿ ਚਮੂੰ ਅਰਧਿ ਨਿਸ ਆਈ।
ਸਿੱਖਜ ਬਿਚਾਰਨਿ[1] ਕੀਨਿ ਲਰਾਈ।
ਤ੍ਰਾਸ ਬਿਸਾਲ ਭਯੋ ਤਿਸ ਰਾਤਿ।
ਹੇ ਅਲਿ! ਕਹਾਂ ਕਹੋਂ ਸੋ ਬਾਤਿ ॥੪੨॥
ਹਮਹਿ ਨਿਕਾਸਿ ਝਬਾਲ ਪੁਚਾਏ।
ਆਪ ਲਰੇ ਹਤਿ ਰਿਪੁ ਸਮੁਦਾਏ।
ਤੀਨੋ ਪਹਿਰ ਤੁਪਕ ਤਰਵਾਰਿ।
ਦੁਹਿ ਦਿਸ਼ਿ ਤੇ ਭਟ ਮਰੇ ਸੁ ਮਾਰਿ[1] ॥੪੩॥
ਕਈ ਹਜ਼ਾਰ ਤੁਰਕ ਕੀ ਸੈਨਾ।
ਸੰਘਾਰੀ ਸਭਿ ਸੰਘਰ ਐਨਾ।
ਢਰੇ ਦੁਪਹਿਰੇ ਕੇਤਿਕ ਪਾਛੇ।

[1]ਸੁੱਖ ਨਾਲ ਇਕ ਸਰੀਰ ਬਚਕੇ ਨਿਕਲੇ ਸਨ।

[1]ਸਿੱਖਾਂ ਨੇ ਵਿਚਾਰਕੇ। (ਅ) ਵਿਚਾਰਿਆਂ ਸਿੱਖਾਂ ਨੇ।

[1]ਮਾਰਕੇ ਮਰੇ। (ਅ) ਸ਼ੁਮਾਰ = ਬੇਗਿਣਤ।

ਹਮ ਸੋਂ ਆਨਿ[1] ਮਿਲੇ ਜਬ ਬਾਂਛੇ ॥੪੪॥
ਤਹਾਂ ਬਰਾਤ ਮੋਰਿ ਕਰਿ ਆਨਿ।
ਫੇਰੇ ਫੇਰਿ ਸੁਤਾ ਤਿਸ ਥਾਨਿ।
ਚਢੇ ਆਜ ਤਹਿਂ ਤੇ ਚਲਿ ਆਏ।'
ਸੁਨਿ ਸਭਿ ਕੇ ਮਨ ਤਬਿ ਬਿਸਮਾਏ ॥੪੫॥
ਪੁਨ ਅਨੰਦ ਕੀ ਤਰੁਨੀ ਕਹ੍ਯੋ।
'ਭਲੀ ਭਈ ਤਨ ਸਭਿ ਸੁਖ ਰਹ੍ਯੋ।
ਧਨ ਤੌਂ ਆਵਨਿ ਜਾਨੋ ਜਾਨਿ।
ਹੁਇ ਹੈ ਫੇਰ ਸਮਾਜ ਮਹਾਨ' ॥੪੬॥
ਕਰਤਿ ਬਾਤ ਨਿਸ ਜਾਮ ਬਿਤਾਈ।
ਸੁਪਤਿ ਜਥਾ ਮੁਖ ਤਬਿ ਸਮੁਦਾਈ।
ਵਹਿਰ ਗੁਰੂ ਜਿਮ ਖਾਨ ਰੁ ਪਾਨ।
ਸੋ ਭੀ ਸੁਨਹੁ ਕਥਾ ਸੁਖ ਮਾਨਿ ॥੪੭॥

[1]ਮੋੜਕੇ ਲਿਆਂਦੀ।

ਦੋਹਰਾ:
ਇਕ ਰਣ ਕਰਤੇ, ਬਜਾਹ ਪੁਨ[1], ਦ੍ਵੈ ਨਿਸ ਨੀਂਦ ਨ ਪਾਇ।
ਬਿਨ ਸੰਸੈ ਬਿਸਰਾਮ ਕਰਿ, ਸੁਪਤਿ ਭਏ ਸਮੁਦਾਇ ॥੪੮॥

[1]ਇਕ (ਰਾਤ ਤਾਂ) ਜੰਗ ਕਰਦਿਆਂ ਤੇ ਫੇਰ (ਦੂਸਰੀ) ਵਿਆਹ ਵਿਚ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਗੋਇੰਦਵਾਲ ਆਗਵਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

੨੧. [ਗੋਇੰਦਵਾਲ ਗੁਰਦ੍ਵਾਰੇ ਦਰਸ਼ਨ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਸ਼੍ਰੀ ਗੁਰੁ ਅਮਰ ਭਤੀਜ ਕੋ,
'ਸਾਵਣ ਮਲ' ਜਿਸ ਨਾਮ।
ਨੰਦ 'ਚੰਦ ਮਲ' ਤਾਂਹਿ ਕੋ,
ਸੁਨਿ ਕੈ ਗੁਰੂ ਸਧਿ ਧਾਮ[1] ॥੧॥

ਚੌਪਈ:

ਤਤਛਿਨ ਸਤਿਗੁਰ ਕੇ ਢਿਗ ਆਯੋ।
ਧਰਿ ਪ੍ਰਸਾਦਿ ਕੋ ਸੀਸ ਨਿਵਾਯੋ।
ਸਾਦਰ ਨਿਕਟਿ ਬਿਠਾਵਨਿ ਕੀਨਿ।
ਕੁਸ਼ਲ ਪ੍ਰਸ਼ਨ ਕਹਿ ਸੁਨਿ ਸੁਖ ਲੀਨਿ ॥੨॥
ਸੂਪਕਾਰ ਤਿਸ ਛਿਨ ਮਹਿਂ ਆਵਾ।
'ਅਸਨ ਤਜਾਰ' ਸਭਿ ਬਾਕ ਸੁਨਾਵਾ।
'ਲੇ ਆਵਹੁ' ਤਬਿ ਗੁਰੂ ਬਖਾਨਾ।
ਗਏ ਦਾਸ, ਲੈ ਥਾਰ ਮਹਾਨਾ ॥੩॥
ਸ੍ਵਾਦਤਿ ਅਸਨ ਪਰੋਸਨਿ ਕਰਜੋ।
ਚੌਂਕੀ ਊਪਰ ਲਜਾਇ ਸੁ ਧਰਜੋ।
ਦੋਇ ਥਾਰ ਕਹਿ ਔਰ ਅਨਾਏ।
ਸੁੰਦਰ, ਸਸਿ ਮਲ, ਅੱਗ੍ਰ[1] ਧਰਾਏ ॥੪॥
ਅਪਰ ਸਭਿਨਿ ਕੋ ਤਬਿ ਬਰਤਾਯੋ।
ਲੀਨਿ ਜਥਾ ਰੁਚਿ ਤ੍ਰਿਪਤੇ ਖਾਯੋ।
ਲੇ ਜਲ ਹਾਥ ਪਖਾਰਨਿ ਕਰੇ।
ਅਨਿਕ ਬਚਨਿ ਕਰਿ ਉਰ ਮੁਦ ਭਰੇ ॥੫॥
ਚੰਦ ਮੱਲ ਕੋ ਗੁਰੂ ਸਰਾਹਜੋ।
ਸੁੰਦਰ ਸਹਤ ਦਰਸ ਬਹੁ ਚਾਹਜੋ।
'ਬਡੀ ਨਿਸਾ ਬੀਤੀ, ਘਰ ਜਾਵਹੁ।
ਕਰਿ ਬਿਸਰਾਮ ਨੀਂਦ ਸੁਖ ਪਾਵਹੁ' ॥੬॥
ਹਾਥ ਜੋਰਿ ਤਬਿ ਦੋਨਹੁ ਕਹੈਂ।

[1]ਘਰੋਂ।

[1]ਸੁੰਦਰ ਤੇ ਚੰਦ ਮੱਲ ਜੀ ਦੇ ਅੱਗੇ।

'ਸਕਲ ਜਾਮਨੀ ਤੁਮ ਢਿਗ ਰਹੈਂ।
ਚਿਰੰਕਾਲਿ ਤੇ ਮੇਲ ਹਮਾਰਾ।
ਰਹਿ ਸਮੀਪ ਸੁਖ ਲਹੈਂ ਉਦਾਰਾ ॥੭॥
ਦੁਰਲਭ ਸੇਵ ਆਪ ਕੀ ਪਾਵਨਿ[1]।
ਨਿਸਿ ਮਹਿਂ ਕਰਤਿ ਰਹਹਿਂ ਹੁਇਂ ਪਾਵਨ[1]।'
ਤਬਿ ਸਨਮਾਨ ਦਹਨਿ ਕੋ ਦੀਨਿ।
ਜੁਗ ਪ੍ਰਯੰਕ ਮੰਗਵਾਵਨਿ ਕੀਨਿ ॥੮॥
ਚੰਦ ਮੱਲ, ਸੁੰਦਰ ਪੌਢਾਏ।
ਸਭਿ ਸੰਗਤਿ ਸੋਂ ਗੁਰ ਫੁਰਮਾਏ।
'ਨਿਜ ਨਿਜ ਸਦਨ ਜਾਇ ਸੁਖ ਪਾਵਹੁ।
ਭਏ ਪ੍ਰਭਾਤਿ ਬਹੁਰ ਸਭਿ ਆਵਹੁ' ॥੯॥
ਮਾਨਿ ਹੁਕਮ ਸਭਿ ਗਮਨੇ ਧਾਮੂ।
ਗੁਰ ਜਸ ਉਚਰਤਿ ਕਿਯ ਬਿਸਰਾਮੂ।
ਬਡੇ ਪ੍ਰਯੰਕ ਪੌਢਿ ਗੁਰੁ ਗਏ।
ਦ੍ਵੈ ਸਿਖ ਸੇਵਾ ਹਿਤ ਥਿਤ ਭਏ ॥੧੦॥
ਪੌਨ ਕਰਤਿ ਇਕ ਬੀਜਨ ਸਾਥ।
ਦੁਤੀਓ ਚਰਨ ਪਲੋਟਤਿ ਹਾਥ।
ਚਾਂਪੀ ਕਰਤਿ ਪ੍ਰੇਮ ਤੇ ਸੋਈ।
ਸ੍ਰੀ ਗਰ ਨਿੰਦ੍ਰਾ ਕੇ ਬਸਿ ਹੋਈ ॥੧੧॥
ਹੁਤੇ ਉਨੀਂਦੇ ਦ੍ਵੈ ਨਿਸਿ ਕੇਰੇ।
ਸੁੰਦਰ, ਚੰਦ ਮੱਲ ਤਬਿ ਹੇਰੇ।
ਕਰੈਂ ਪਰਸਪਰ ਜੰਗ ਪ੍ਰਸੰਗ।
'ਸ਼੍ਰਮਤ ਅਹੈਂ ਤੁਰਕਨਿ ਗਨ ਭੰਗ ॥੧੨॥
ਕਰਜੋ ਮਹਾਂਬਲ ਕਈ ਹਜ਼ਾਰ।
ਤੀਨਿ ਜਾਮ ਮਹਿਂ ਕੀਨਿ ਸੰਘਾਰ[1]?
ਕੈ ਤੌਂ ਗੁਰ ਥੇ ਸ਼ਾਂਤਿ ਸਰੂਪ।
ਸ਼ਸਤ੍ਰ ਧਰੇ ਕਿਯ ਰੀਤਿ ਅਨੂਪ ॥੧੩॥
ਜਿਸ ਪ੍ਰਕਾਰ ਧਾਰੇ ਹਥਿਆਰ।

[1]ਆਪ ਜੀ ਦੀ ਸੇਵਾ ਪਾਉਣੀ (= ਪ੍ਰਾਪਤ ਕਰਨੀ) ਬੜੀ ਦੁਰਲੱਭ ਹੈ।

[1]ਪਵਿੱਤ੍ਰ।

[1]ਨਾਸ਼।

ਤੈਸੇ ਕਰੇ ਤੁਰਕ ਸੰਘਾਰ।
ਜਥਾ ਡੀਲ ਬਡ ਬਲ ਕੇ ਸਾਥਿ।
ਤਥਾ ਰਿਪੁਨਿ ਦਿਖਰਾਏ ਹਾਥਿ ॥੧੪॥
ਸਫਲ ਕਰਜੋ ਬਲ ਸ਼ਸਤ੍ਰ ਧਰਨਿ ਕੋ।
ਸਭਿ ਤੇ ਅਧਿਕ ਕਰਜੋ ਰਣ ਗਨ ਕੋ।
ਸੰਗ ਸੁਭਟ ਸਿਖ ਸੇ ਬਡਭਾਗੇ।
ਜੇ ਇਨ ਕੀ ਸੇਵਾ ਮਹੁਂ ਲਾਗੇ ॥੧੫॥
ਮਰੇ ਜੰਗ ਸੇ ਸੁਰਗ ਸਿਧਾਏ।
ਜਿਯਤਿ ਸਾਥ ਹੈਂ ਸੇਵ ਕਮਾਏ।
ਇਨ ਦੋਨਹੁ ਸਿੱਖਨਿ ਦਿਸ਼ਿ ਦੇਖੋ।
ਕਰਤਿ ਸੇਵ ਕੋ ਪ੍ਰੇਮ ਵਿਸ਼ੇਖੋ ॥੧੬॥
ਚੰਦ ਮੱਲ ਸੁਨੀਯਹਿ ਹਿਤ ਠਾਨਿ।
ਸੇਵ ਸਮਾਨ ਨਹੀਂ ਕੁਛ ਆਨ।
ਪਰਮ ਪਦਾਰਥ ਸੇਵਾ ਅਹੈ।
ਸੇਵਾ ਕਰੇ ਸਕਲ ਫਲ ਲਹੈ ॥੧੭॥
ਸਰਬ ਗੁਰਨਿ ਸੇਵਾ ਕੋ ਚੀਨ।
ਨਿਜ ਪਦ ਊਚੋ ਸੇਵਕ† ਦੀਨਿ।

†ਦੇਖੋ ਸ਼੍ਰੀ ਗੁਰ ਨਾ: ਪ੍ਰ: ਉਤਰਾ: ਅਧਯਾ: ੪੨ ਅੰਕ ੫੪ ਦੀ ਹੇਠਲੀ ਟੂਕ।

ਹਮ ਤੇ ਨਹਿਂ ਅਬਿ ਸੇਵ ਕਰਾਵੈਂ।
ਜਿਸ ਸੇਵਾ ਤੇ ਸਭਿ ਕੁਛ ਪਾਵੈਂ' ॥੧੮॥
ਇਮ ਚਰਚਾ ਆਪਸ ਮਹਿਂ ਕਹੇ।
ਗੁਰੂ ਸਰੂਪ ਬਿਲੋਕਤਿ ਰਹੇ।
ਰਹੀ ਜਾਮਨੀ ਜਾਮ ਸਵਾ ਜਬਿ।
ਸ਼੍ਰੀ ਹਰਿਗੋਵਿੰਦ ਨੀਂਦ ਤਜੀ ਤਬਿ ॥੧੯॥
ਪ੍ਰਥਮ ਸੌਚ ਕਰਿ ਮੱਜਨ ਭਏ।
ਬਾਨੀ ਕੰਠ ਪਾਠ ਕੋ ਕਏ।
ਇਤਨੇ ਬਿਖੈ ਰਬਾਬੀ ਆਏ।
ਆਸਾਵਾਰ ਰਾਗ ਜੁਤਿ ਗਾਏ ॥੨੦॥
ਫਰਸ਼ ਬਿਸਾਲ ਦਿਵਾਨ ਲਗਾਯੋ।
ਸ਼ਬਦ ਰਾਗ ਜਨੁ ਅਮੀ ਬ੍ਰਖਾਯੋ।
ਜਬਹਿ ਅਕਾਸ਼ ਪ੍ਰਕਾਸ਼ਹਿ ਧਰਜੋ।
ਆਸਾਵਾਰ ਭੋਗ ਤਬਿ ਪਰਜੋ ॥੨੧॥

ਗੁਰ ਜੁਤਿ ਸਭਿਹੂੰ ਸੀਸ ਨਿਵਾਯੋ।
ਉਦਯੋ ਤਰਨਿ[1] ਤਬਿ ਤਿਮਰ ਨਸਾਯੋ। [1]ਸੂਰਜ
ਸ਼੍ਰੀ ਹਰਿ ਗੋਵਿੰਦ ਹੁਕਮ ਉਚਾਰਾ।
'ਕਰਹੁ ਕੂਚ ਕੋ ਅਬਹਿ ਨਗਾਰਾ' ॥੨੨॥
ਸੁਨਿ ਤਤਛਿਨ ਹੀ ਬੰਬ[1] ਬਜਾਈ। [1]ਧੌਂਸੇ।
ਭਏ ਸਨੱਧ ਸੂਰ ਸਮੁਦਾਈ।
ਆਪ ਬਾਪਿਕਾ ਦਿਸ਼ਿ ਕੋ ਚਲੇ।
ਸੇਵਕ ਲੇ ਤੁਰੰਗ ਕੋ ਮਿਲੇ ॥੨੩॥
ਨਹੀਂ ਅਰੂਢੇ ਦੀਨਾ ਨਾਥ।
ਗਏ ਚਰਨ ਸੋਂ ਦੋਨਹੁਂ ਸਾਥਿ।
ਇਕ ਕਰ ਸੋਂ ਸੁੰਦਰ ਕਰ[1] ਗਹਯੋ। [1]ਸੁੰਦਰ ਜੀ ਦਾ ਹੱਥ।
ਚੰਦ ਮੱਲ ਸੰਗ ਬਾਕਨਿ ਕਹਯੋ ॥੨੪॥
ਸਾਹਿਬਜ਼ਾਦੇ ਪੰਚਹੁਂ ਆਏ।
ਸੰਗ ਪਿਤਾ ਕੇ ਚਲਤਿ ਸੁਹਾਏ।
ਸੰਗਤਿ ਜੁਤਿ ਤਹਿਂ ਕਰਯੋ ਸ਼ਨਾਨ।
ਦੀਨ ਦੀਜਨਿ ਕੋ[1] ਦੀਨਸਿ ਦਾਨ ॥੨੫॥ [1]ਗਰੀਬਾਂ ਤੇ ਬ੍ਰਾਹਮਣਾਂ ਨੂੰ।
ਸ਼੍ਰੀ ਗੁਰਦਿੱਤੇ ਪਿਤ ਸੋਂ ਕਹਯੋ।
'ਬਾਪੀ ਮਹਿਮਾ ਮੋ ਚਿਤ ਚਹਯੋ।
ਕਰਹੁ ਸੁਨਾਵਨਿ ਜੈਸੀ ਅਹੈ।'
ਸੁਤ ਸੋਂ ਸ਼੍ਰੀ ਹਰਿਗੋਵਿੰਦ ਕਹੈਂ ॥੨੬॥
'ਤ੍ਰਿਤਿਯ ਗੁਰੂ ਇਹ ਸਿਰਜਨ ਕਰੀ।
ਹਮਰੇ ਬਡੇ ਸੇਵ ਬਹੁ ਧਰੀ।
ਜੋ ਪੂਰਨਮਾਸ਼ੀ ਇਹ ਮੱਜੈ।
ਜਨਮ ਜਨਮ ਕੇ ਕਲਮਲ ਭੱਜੈਂ ॥੨੭॥
ਮਨਬਾਂਛਤ ਫਲ ਪ੍ਰਾਪਤਿ ਹੋਇ।
ਸ਼੍ਰੀ ਗੁਰੁ ਅਮਰ ਸਿਮਰਿ ਉਰ ਸੋਇ।
ਚੌਰਾਸੀ ਕੀਨੀ ਸੌਪਾਨ[1]। [1]ਪੌੜੀਆਂ।
ਪਠਹਿ ਚੁਰਾਸੀ ਜਪੁ ਕਰਿ ਨ੍ਹਾਨਿ ॥੨੮॥
ਨਹੀਂ ਚੁਰਾਸੀ ਪਾਵਹਿ ਜੀਵ।
ਪ੍ਰਾਪਤਿ ਗੁਰੁ ਕੀ ਪੁਰੀ ਸਦੀਵ।'

ਇਮ ਕਹਿ ਪੁਨ ਦੋਨਹੁ ਸੰਗ ਕਹ੍ਯੋ।
'ਗੁਰੁ ਸਥਾਨ ਜਹਿਂ ਜਹਿਂ ਤੁਮ ਲਹ੍ਯੋ ॥੨੯॥
ਤਹਿਂ ਤਹਿਂ ਚਲਿ ਕਰਿ ਦਰਸ ਕਰਾਵਹੁ।
ਜਿਮ ਜਿਮ ਭਏ ਪ੍ਰਸੰਗ ਸੁਨਾਵਹੁ।'
ਬਡ ਜਾਮਾ ਗੁਰੁ ਕੇ ਗਰ ਪਰ੍ਯੋ।
ਖੜਗ ਬਿਸਾਲ ਗਾਤਰੇ ਧਰ੍ਯੋ ॥੩੦॥
ਕੰਚਨ ਜਬਰ ਜਵਾਹਰ ਜਰੇ।
ਧਰਿ ਨਿਖੰਗ ਕਟਿ ਕਸਿਬੋ ਕਰੇ।
ਭੀਖਨ ਤੀਖਨ ਤੀਰਨਿ ਭਰੇ।
ਧਨੁਖ ਕਠੋਰ ਬਡੇ ਕਰ ਧਰੇ ॥੩੧॥
ਚਲੇ ਤਹਾਂ ਤੇ ਬੰਦਨ ਕੀਨਿ।
ਗਰੀ ਤੰਗ[1] ਪੁਰਿ ਕੀ ਜਹਿਂ ਚੀਨਿ। [1]ਤੰਗ ਗਲੀ।
ਗੁਰੂ ਬਾਤ ਕਰਤੇ ਤਹਿਂ ਚਾਲੇ।
ਸੁਨਿ ਆਵਤਿ ਧਰਿ ਹਰਖ ਬਿਸਾਲੇ ॥੩੨॥
ਨਰ ਨਾਰੀ ਨਿਜ ਕਾਜ ਬਿਸਾਰੇ।
ਘਰਿ ਤਜਿ ਤਜਿ ਠਾਂਢੇ ਸਭਿ ਦ੍ਵਾਰੇ।
ਕਰਹਿਂ ਬਿਲੋਕਨਿ ਹੁਇ ਕਰਿ ਨੇਰੇ।
ਸੁੰਦਰ ਡੀਲ ਬਲੀ ਜੁ ਬਡੇਰੇ ॥੩੩॥
ਸੁੰਦਰ ਚੰਦ ਮੱਲ ਰਸ ਰਾਤੇ।
ਜਿਤ ਚਲਿਬੋ ਤਿਤ ਪ੍ਰੇਰਤਿ ਜਾਤੇ।
ਬੀਥਨਿ ਮਹਿਂ ਘਰ ਘਰ ਦਿਸ਼ਿ ਦੋਊ।
ਦਰਸਤਿ ਨਮੋ ਕਰਤਿ ਸਭਿ ਕੋਊ ॥੩੪॥
ਭੀਰੀ ਗਲੀ ਕਿਤਿਕ ਤਹਿਂ ਆਈ।
ਗੁਰੁ ਜਾਮੋ ਦੁਹੁਦਿਸ਼ਿ ਲਗਿ ਜਾਈ।
ਜਿਨਿ ਕੋ ਡੀਲ ਸਰੀਰ ਬਡੇਰਾ।
ਪੁਨ ਜਾਮਾ ਬਹੁ ਪਾਲਨਿ ਕੇਰਾ[1] ॥੩੫॥ [1]ਬਹੁਤੇ ਪੱਲਿਆਂ ਦਾ।
ਭੀਰੀ ਬਹੁਤ ਬੀਥਿਕਾ ਸੋਈ।
ਯਾਂ ਤੇ ਦੁਹੁ ਦਿਸ਼ਿ ਲਾਗਤਿ ਜੋਈ।
ਤਬਿ ਸੁੰਦਰ ਨੇ ਬਾਕ ਬਖਾਨਾ।

'ਇਹ ਗੁਰੁ ਰਾਮ ਦਾਸ ਉਦਪਾਨਾ[1]' ॥੩੬॥ — [1]ਖੂਹੀ ਹੈ।

ਤਹਿਂ ਚਰਨਾਂਮ੍ਰਿਤ[1] ਲੇ ਕਰਿ ਚਾਲੇ। — [1]ਉਸ ਖੂਹੀ ਦਾ ਚੁਲੀ ਭਰ ਜਲ ਪੀਤਾ। ਕਿਸੇ ਪਵਿੱਤ੍ਰ ਥਾਉਂ ਤੇ ਚੁਲੀ ਭਰ ਜਲ ਲੈਣ ਨੂੰ ਚਰਣਾਂਮ੍ਰਿਤ ਕਹਿ ਦੇਂਦੇ ਹਨ। ਇਹ ਮੁਹਾਵਰਾ ਪੈ ਚੁੱਕਾ ਹੈ। ਹੋ ਸਕਦਾ ਹੈ ਕਿ 'ਚੁਲੀ+ਅੰਮ੍ਰਿਤ' ਤੇ 'ਚਰਣ+ਅੰਮ੍ਰਿਤ' ਦੋਹਾਂ ਦਾ ਇਹ ਇੱਕੋ ਪਦ ਬਣ ਗਿਆ ਹੋਵੇ।

ਦੇਖਿ ਚੁਬਾਰੇ ਪੁੰਨ[1] ਬਿਸਾਲੇ। — [1]ਪਵਿੱਤ੍ਰ।

ਏਕ ਕਿਲਕ ਤਹਿਂ ਕੰਧ ਮਝਾਰਾ।
ਗਡਵਾਯਹੁ ਸ਼੍ਰੀ ਅਮਰ ਉਦਾਰਾ ॥੩੭॥
ਨਿਸ ਦਿਨ ਖਰੇ ਰਹਤਿ ਤਪ ਕਰਤੇ।
ਥਕਤਿ ਹੋਤਿ ਤਬਿ ਤਾਂਹਿ ਪਕਰਿਤੇ।
ਸੌ ਤੇ ਅਧਿਕ ਬਰਖ ਬਯ ਤਨ ਕੀ।
ਦੇਹਿ ਜਰਜਰੀ ਭੂਤ[1] ਸੁ ਜਿਨਿ ਕੀ ॥੩੮॥ — [1]ਬੁਢਾਪੇ ਵਾਲੀ।

ਤਊ ਪ੍ਰੀਤਿ ਜਿਨ ਕੀ ਤਪ ਮਾਂਹੀ।
ਰਿਸ ਪ੍ਰਸੰਨਤਾ ਨਿਸ਼ਫਲ ਨਾਂਹੀ।
ਨਮੋ ਕਰੀ ਦਰਸ਼ਨ ਕੋ ਹੇਰਤਿ।
ਪੁਨ ਸੁੰਦਰ ਸਸਿਮਲ[1] ਕਹਿ ਪ੍ਰੇਰਤਿ ॥੩੯॥ — [1]ਚੰਦ ਮੱਲ ਜੀ।

'ਸ਼੍ਰੀ ਗੁਰੁ ਰਾਮਦਾਸ ਗੁਰਿਆਈ।
ਇਸ ਥਲ ਬੈਠਿ ਦਈ ਸੁਖਦਾਈ।'
ਤਹਿਂ ਦਰਸ਼ਨ ਕਰਿ ਅਧਿਕ ਅਨੰਦੇ।
ਸੋ ਥਲ ਜੋਰਿ ਹਾਥ ਬਹੁ ਬੰਦੇ ॥੪੦॥
ਪੁਨ ਸੁੰਦਰ ਨੇ ਭਨਜੋ ਸੁਨਾਯੋ।
'ਜਹਾਂ ਜਨਮ ਤੁਮਰੇ ਪਿਤ ਪਾਯੋ।
ਤਿਸ ਥਲ ਕੋ ਅਬਿ ਦਰਸ਼ਨ ਕਰੀਅਹਿ।
ਇਹ ਪੁਰਿ ਅਪਨੋ ਪ੍ਰਥਮ ਬਿਚਰੀਯਹਿ' ॥੪੧॥
ਰਾਇਬੇਲ[1] ਚੰਬੇਲੀ ਕੇਰਿ। — [1]ਰਵੇਲ।

ਲਜਾਯੋ ਮਾਲੀ ਫੂਲ ਘਨੇਰ।
ਹੁਇ ਪ੍ਰਸੰਨ ਬਖਸ਼ਜੋ ਬਹੁ ਦਰਬਾ।
ਲੇ ਸਭਿ ਥਲਿ ਪਰ ਅਰਪੇ ਸਰਬਾ

॥੪੨॥
ਪਿਤਾ ਜਨਮ ਕੋ ਸੁਥਲ ਨਿਹਾਰਾ।
ਬੰਦਨ ਕੀਨਿ ਪ੍ਰੇਮ ਕੋ ਧਾਰਾ।
ਗਨ ਫੂਲਨਿ ਕੇ ਭਰ ਕਰਿ ਅੰਜੁਲ।
ਅਰਪਨਿ ਕਰੇ ਬਿਸਦ ਬਰ ਮੰਜੁਲ[1] [1]ਬਹੁਤ ਚਿੱਟੇ ਤੇ ਉੱਜਲ।
॥੪੩॥
ਫੂਲਨਿ ਮਾਲ ਲਈ ਜੁ ਚਢਾਈ।
ਚੰਦ ਮੱਲ ਗੁਰੁ ਗਰ ਪਹਿਰਾਈ।
ਤਿਸ ਤੇ ਬਧੀ ਅਧਿਕ ਹੀ ਸ਼ੋਭਾ।
ਪਿਖਿ ਕਰਿ ਕਿਸਿ ਕੋ ਨਹਿਂ ਮਨ ਲੋਭਾ
॥੪੪॥
ਪੁਨ ਮੋਹਨ ਕੋ ਗਏ ਚੁਬਾਰੇ।
ਸੁੰਦਰ ਬੰਦਨ ਕਰਤਿ ਉਚਾਰੇ।
'ਸ਼੍ਰੀ ਅਰਜਨ ਜੀ ਇਸ ਥਲ ਆਏ।
ਲੈਬੇ ਗੁਰੁਬਾਨੀ ਸਮੁਦਾਏ ॥੪੫॥
-ਮੋਹਨ ਤੇਰੇ ਉਚੇ ਮੰਦਰ-।
ਗੌਰੀ ਛੰਤ ਉਚਾਰਜੋ ਸੁੰਦਰ।'
ਸ਼੍ਰੀ ਹਰਿਗੋਵਿੰਦ ਤਬਿ ਮੁਸਕਾਏ।
ਕਥਾ ਬਡਨਿ ਕੀ ਸੁਨਿ ਹਰਖਾਏ ॥੪੬॥
'ਸੁੰਦਰ, ਧੰਨ ਸਦਾ ਤੁਮ ਅਹੋ!
ਕਥਾ ਗੁਰਨਿ ਕੀ ਸਗਰੀ ਲਹੋ।
ਅਪਰ ਸਥਾਨ ਮਾਨਨਿਯ ਜੋਇ।
ਕਰਿਵਾਵਹੁ ਦਰਸ਼ਨ ਅਬਿ ਸੋਇ'
॥੪੭॥
ਸੁੰਦਰ ਬੰਦਤਿ ਹਾਥ ਬਖਾਨਾ।
'ਤੀਨ ਦੇਹੁਰੇ ਵਹਿਰ ਸਥਾਨਾ।
ਤਿਨ ਕੋ ਭੀ ਦਰਸ਼ਨ ਕਰਿ ਲੀਜੈ।
ਜਾਤ੍ਰਾ ਸਫਲ ਬਡਿਨਿ ਕੀ ਕੀਜੈ'
॥੪੮॥
ਸੁਨਿ ਸਤਿਗੁਰੁ ਬੈਠੇ ਇਕ ਥਾਇਂ।
ਤਜਾਰੀ ਹਿਤ ਕੁਟੰਬ ਸਮੁਦਾਇ।
ਥਿਰੇ ਸਰਬ ਹੀ ਬਹੁ ਨਰ ਸਾਥਿ।

ਤ੍ਰਿਪਤਹਿਂ ਨਹਿਂ, ਦਰਸਹਿਂ ਗੁਰੁ ਨਾਥ
॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਗੋਇੰਦਵਾਲ ਪ੍ਰਸੰਗ' ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

੨੨. [ਗੋਇੰਦਵਾਲੋਂ ਕਰਤਾਰ ਪੁਰ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਸੁੰਦਰ ਕੀ ਮਾਤਾ ਤਬੈ, ਭੱਲਜਨਿ ਬੰਸ ਬਧੂਨਿ[1]।
ਗਈ ਸਭਿਨਿ ਕੋ ਸੰਗ ਲੇ, ਬੈਠਿ ਬੰਦਿ ਕਰ ਦੂਨਿ[1] ॥੧॥

[1]ਭੱਲੇ ਬੰਸ ਦੀਆਂ ਇਸਤ੍ਰੀਆਂ ਨੂੰ।
[1]ਦੋਵੇਂ ਹੱਥ ਜੋੜ ਕੇ ਬੈਠੀ।

ਚੌਪਈ:

ਸੁੰਦਰ ਚੰਦ ਮੱਲ ਕੇ ਸੰਮਤਿ[1]।
ਕਹ੍ਯੋ ਸਭਿਨਿ ਹੀ ਸਿਰ ਕਰਿ ਨੰਮ੍ਰਿਤਿ।
'ਕ੍ਰਿਪਾ ਕਰਹੁ ਰਾਖਹੁ ਨਿਜ ਡੇਰਾ।
ਕੀਜਹਿ ਗੋਇੰਦਵਾਲ ਬਸੇਰਾ ॥੨॥
ਇਸ ਥਲ ਤੁਮਰੇ ਰਹੇ ਪਿਤਾਮਾ।
ਬਹੁਤ ਬਰਖ ਲਗਿ ਕੀਨੇ ਧਾਮਾ।
ਬਹੁਰ ਆਪ ਕੇ ਪਿਤ ਜਬਿ ਆਵੈਂ[1]।
ਮਾਸ ਦੁ ਮਾਸ ਸੁ ਬਾਸ ਬਿਤਾਵੈਂ[1] ॥੩॥
ਤਿਮ ਹੀ ਤੁਮ ਭੀ ਮੇਲਿ ਰਖੀਜੈ।
ਸੁਖ ਸੋਂ ਬਾਸ ਆਪਨੋ ਕੀਜੈ।'
ਸੁਨਿ ਸਭਿਹਿਨਿ ਤੇ ਗੁਰੂ ਕ੍ਰਿਪਾਲ।
ਬੋਲੇ ਦੇਤਿ ਅਨੰਦ ਬਿਸਾਲ ॥੪॥
'ਹਮਰੀ ਤੋ ਇਸ ਥਲ ਬੁਨਿਯਾਦਿ[1]।
ਬਡੇ ਭਏ ਗੁਰੁ ਅਮਰ ਪ੍ਰਸਾਦਿ[1]।
ਕ੍ਰਿਪਾ ਕਟਾਖ ਇਹਾਂ ਤੇ ਪਾਇ।
ਕੀਟੀ ਤੇ ਗਜਰਾਜ ਬਨਾਇ ॥੫॥
ਜਿਸ ਕੇ ਬਡੇ ਭਾਗ ਜਗ ਹੋਇਂ।
ਬਸਿ ਪੁਰਿ ਤੁਮ ਕੋ ਸੇਵਹਿ ਸੋਇ।
ਸ਼੍ਰੀ ਗੁਰ ਅਮਰ ਬੰਸ ਕੀ ਸੇਵਾ।
ਕਰਨਿ ਚਹੌਂ ਚਿਤ ਮੈਂ ਨਿਤ ਏਵਾ[1] ॥੬॥
ਗੁਰੂ ਹੁਤੇ ਸਭਿ ਸ਼ਾਂਤਿ ਸਰੂਪ।
ਜਿਨ ਕੇ ਅਚਰਜ ਚਲਿਤ ਅਨੂਪ।
ਮੋਹਿ ਸੰਗਿ ਭਾ ਤੁਰਕਨਿ ਦ੍ਵੈਖ।
ਯਾਂ ਤੇ ਸੈਨਾਂ ਸੰਗ ਵਿਸ਼ੇਖ ॥੭॥

[1]ਅਨੁਸਾਰ।
[1]ਜਦੋਂ ਵੀ ਆਉਂਦੇ ਸਨ।
[1]ਵੱਸਕੇ ਬਿਤਾਉਂਦੇ ਸਨ।
[1]ਮੁੱਢ।
[1]ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ।
[1]ਇਵੇਂ ਹੀ।

ਰਹਨਿ ਬਨੈਂ ਨਹਿਂ, ਰਹਯੋ ਬਿਚਾਰੋ[1]।
ਸੁਭਟ ਰੁ ਸੰਗਤਿ ਸੰਗ ਹਜ਼ਾਰੋਂ।'
ਸੁਨਿ ਗੁਰੁ ਤੇ ਪੁਨ ਇਨਹੁਂ ਉਚਾਰਾ।
'ਜਥਾ ਜੋਗ ਹੈ ਬਾਕ ਤੁਮਾਰਾ ॥੮॥
ਤਊ ਆਪਿ ਕੋ ਜੋ ਪਰਿਵਾਰਾ।
ਤਿਨਿ ਕੋ ਰਹਨਿ ਉਚਿਤ ਨਿਰਧਾਰਾ।
ਕ੍ਰਿਪਾ ਧਾਰਿ ਇਸ ਥਾਨ ਰਖੀਜੈ।
ਜਹਿਂ ਬਹੁ ਬਸਹੁ ਬੁਲਾਵਨਿ ਕੀਜੈ ॥੯॥
ਦੇਖਿ ਪ੍ਰੇਮ ਸਭਿ ਕੋ ਤਿਸ ਕਾਲਾ।
ਰਖਨਿ ਕੁਟੰਬ ਸੁ ਮਾਨਿ ਕ੍ਰਿਪਾਲਾ।
ਕੇਤਿਕ ਦਾਸੀ ਦਾਸ ਸਮੇਤ।
ਕਹਯੋ 'ਸਭਿਹਿ ਰਹਿਂ ਤੁਮਹਿਂ ਨਿਕੇਤ' ॥੧੦॥
ਇਹ ਮਸਲਤਿ ਕਹਿ ਸਭਿਹਿਨਿ ਸਾਥਿ।
ਚਲੇ ਵਹਿਰ ਪੁਰਿ ਤੇ ਗੁਰੁ ਨਾਥ।
ਸੁੰਦਰ ਚੰਦਮੱਲ ਹਰਖਾਏ।
ਕਹਤਿ ਸੁਨਤਿ ਬਚ ਸੰਗਿ ਸਿਧਾਏ ॥੧੧॥
ਤੀਨ ਦੇਹੁਰੇ ਤੀਰ ਬਿਪਾਸਾ।
ਪਗ ਸੋਂ ਗਏ ਗੁਰੂ ਤਿਨ ਪਾਸਾ।
ਪਿਤਾ ਮਾਤ ਭਾਨੀ ਅਸਥਾਨ[1]।
ਕੀਨਿ ਬੰਦਨਾ ਧਰਿ ਮਨ ਧਯਾਨ ॥੧੨॥
ਪੁਨ ਗੁਰੁ ਅਮਰ ਥਾਨ ਕਰਿ ਨਮੋ।
ਲੇ ਕਰਿ ਨਾਮ ਸਿਮਰਿ ਤਿਹ ਸਮੋਂ।
ਸ਼੍ਰੀ ਗੁਰੁ ਰਾਮਦਾਸ ਥਲ ਬੰਦੇ।
ਖਰੇ ਹੋਇ ਪੁਨ ਪਿਖਤਿ ਮੁਕੰਦੇ ॥੧੩॥
ਪੱਤ੍ਰ ਪਰੇ ਤਰੁ ਖਗ ਬਿਠ ਕੇਰੇ[1]।
ਬਢਨੀ[1] ਭੀ ਨਹਿਂ ਕਿਨਹੂੰ ਫੇਰੇ।
ਕਹਯੋ ਕਿ 'ਸਿੱਖ ਸਾਧ ਇਹ ਥਾਨ।
ਕਯੋਂ ਨਹਿਂ ਕਰਯੋ ਬਿਠਾਵਨਿ ਆਨਿ? ॥੧੪॥

[1]ਮੈਂ ਇਹ) ਵਿਚਾਰ ਚੁੱਕਾ ਹਾਂ।

[1]ਆਪਣੇ ਪਿਤਾ ਜੀ ਦੀ ਮਾਤਾ ਸ਼੍ਰੀ ਭਾਨੀ ਜੀ ਦੇ ਸਥਾਨ।

[1]ਬ੍ਰਿੱਛਾਂ ਦੇ ਪੁੱਤ੍ਰ ਤੇ ਪੰਛੀਆਂ ਦੀਆਂ ਵਿੱਠਾਂ ਪਈਆਂ (ਹੋਈਆਂ ਦੇਖੀਆਂ)।

[1]ਬੁਹਾਰੀ।

ਯਾਂ ਤੇ ਸਮੈਂ ਪਾਇ ਕਰਿ ਏਹਿ।
ਨਦੀ ਬਿਪਾਸਾ ਨਿਜ ਬਿਚ ਲੇਹਿ।'
ਅਸ ਕਹਿ ਲਿਯੋ ਮੰਗਾਇ ਤੁਰੰਗਾ।
ਭਏ ਅਰੂਢਨਿ ਸ਼ੋਭਤਿ ਅੰਗਾ ॥੧੫॥
ਪਿਖਿ ਸੁੰਦਰ ਸੁੰਦਰ ਸੁਖਕੰਦ।
ਚੰਦ ਮੱਲ ਮੁਖ ਚੰਦ ਅਨੰਦ।
ਦੁੰਦ ਬੰਦਿ ਕਰ ਪਦ ਅਰਬਿੰਦ।
ਬੰਦਤਿ ਭੇ ਸ਼੍ਰੀ ਹਰਿ ਗੋਬਿੰਦ[1] ॥੧੬॥

[1]ਦੋਵੇਂ ਹੱਥ ਜੋੜਕੇ ਸ਼੍ਰੀ ਹਰਿਗੋਵਿੰਦ ਜੀ ਦੇ ਚਰਣਾਂ ਕਵਲਾਂ ਤੇ ਨਮਸਕਾਰ ਕੀਤੀ।

ਬਿਛਰ ਨ ਸਕਹਿਂ ਪ੍ਰੇਮ ਚਿਤ ਗਾਢੇ।
ਭਨੇ ਗੁਰੂ[1], ਨਹਿਂ ਹੋਵਤਿ ਠਾਂਢੇ[2]।

[1]ਗੁਰੂ ਜੀ ਤਾਂ (ਉਨ੍ਹਾਂ ਨੂੰ ਪਿੱਛੇ ਮੁੜ ਜਾਣ ਵਾਸਤੇ) ਕਹਿੰਦੇ ਹਨ। [2]ਪਰ (ਓਹ) ਖੜੇ ਨਹੀਂ ਹੁੰਦੇ (ਭਾਵ ਨਾਲ ਹੀ ਟੁਰੇ ਜਾਂਦੇ ਹਨ)।

ਕਹਿ ਕਰ ਤਰਨੀ[1] ਨਿਕਟਿ ਹਕਾਰੀ।
ਚਢੇ ਤੁਰਤ ਹੋਵਨਿ ਹਿਤ ਪਾਰੀ ॥੧੭॥

[1]ਬੇੜੀ।

ਦੋਨਹੁਂ[1] ਸੰਗ ਸੁ ਨੌਕਾ ਚਢੇ।
-ਹਟਹਿਂ ਪਾਰ ਤੇ- ਆਨੰਦ ਬਢੇ।
ਸ਼੍ਰੀ ਗੁਰਦਿੱਤਾ ਸੰਗ ਸੁਹਾਇ।
ਤਰੀ ਅਪਰ ਪਰ ਭਟ ਸਮੁਦਾਇ ॥੧੮॥

[1]ਭਾਵ, ਸੁੰਦਰ ਜੀ ਤੇ ਚੰਦ ਮੱਲ ਜੀ।

ਪ੍ਰੇਰੀ ਸਰਿਤਾ ਮਹਿਂ ਬਰ ਤਰਨੀ[1]।
ਪਿਖਿ ਨਿਰਮਲ ਜਲ ਮਹਿਮਾ ਬਰਨੀ।

[1]ਸੁਹਣੀ ਬੇੜੀ।

ਮੱਛ ਕੱਛ ਜਲ ਜੰਤੁ ਬਿਸਾਲਾ।
ਤੀਰ ਅਲੰਕ੍ਰਿਤ ਸਾਰਸ ਜਾਲਾ[1] ॥੧੯॥

[1]ਕੰਢਾ ਸਮੂਹ ਸਾਰਸ ਪੰਛੀਆਂ ਨਾਲ ਸ਼ੋਭ ਰਿਹਾ ਹੈ।

ਤਰੇ ਤੁਰਤ ਤਰਨੀ ਪਰ ਤੀਰ।
ਉਤਰੇ ਸ਼੍ਰੀ ਹਰਿਗੋਵਿੰਦ ਧੀਰ।
ਸੁੰਦਰ, ਚੰਦ ਮੱਲਜ ਕੇ ਸਾਥ।
ਬਹੁ ਬਿਧਿ ਭਾਉ ਧਾਰਿ ਕਰਿ ਨਾਥ ॥੨੦॥
ਕਰੇ ਹਟਾਵਨਿ ਨਮੋ ਕਰੰਤੇ।
ਪੁਰਿ ਕੋ ਆਏ ਗੁਨ ਬਰਨੰਤੇ।
ਉਤ ਸਤਿਗੁਰੁ ਦੇ ਦਰਬ ਮਲਾਹੂ।
ਪ੍ਰਸਥਾਨੇ ਮਾਰਗ ਕੇ ਮਾਂਹੂ ॥੨੧॥
ਉਤ ਕੌਲਾਂ ਜਬਿ ਗੁਰੂ ਪਠਾਈ।

ਤਬਿ ਤੇ ਬਜਾਧਿ[1] ਦੇਹਿ ਉਪਜਾਈ। [1]ਰੋਗ।
ਦਿਨ ਪ੍ਰਤਿ ਬਾਧੇ ਭਈ[1] ਬਿਮਾਰੀ। [1]ਵਧਦੀ ਗਈ।
ਗੁਰ ਕੋ ਪ੍ਰੇਮ ਰਿਦੇ ਨਿਤ ਭਾਰੀ ॥੨੨॥
ਸਿਮਰਤਿ ਦਿਨ ਮਹਿਂ ਭੋਜਨ ਤਜਾਗਾ।
ਨਿਸਾ ਨੀਂਦ ਨਹਿਂ ਮਨ ਅਨੁਰਾਗਾ।
ਪਰੀ ਰਹੈ ਛਾਦਨ ਮੁਖ ਕਰੈ।
ਦੀਰਘ ਸ੍ਵਾਸ ਬ੍ਰਿਹਾ ਤੇ ਭਰੈ ॥੨੩॥
ਗੁਰ ਮੂਰਤਿ ਮਹਿਂ ਮਨ ਲਯ ਲੀਨ।
ਰਿਦੇ ਬਿਸੂਰਤਿ ਬਹੁ ਦੁਖ ਭੀਨ।
-ਪਰਜੋ ਜੰਗ ਭਾ ਬਿਘਨ ਬਿਸਾਲਾ।
ਦਰਸ਼ਨ ਕੋ ਤਰਫੰਤਿ ਬਿਹਾਲਾ ॥੨੪॥
ਕ੍ਰਿਪਾ ਧਾਰਿ ਕਬਿ ਦੇਹਿਂ ਦਿਖਾਈ।
ਬਿਛੁਰਨ ਤੇ ਪ੍ਰਾਨ ਨ ਛੁਟਿ ਜਾਈਂ-।
ਭਯੋ ਰੋਗ ਤਨ ਵਧਤਿ ਬਿਲੰਦਾ।
ਬਹੁਰ ਬ੍ਰਿਹਾ ਸ਼੍ਰੀ ਹਰਿ ਗੋਵਿੰਦਾ ॥੨੫॥
ਸੂਖਮ ਅੰਗੀ ਭਈ ਲਚਾਰੀ।
'ਦੇਹੁ ਦਰਸ ਪ੍ਰਭੁ! ਮਰਿਬੇ ਵਾਰੀ।
ਘਟ ਘਟ ਕੇ ਤੁਮ ਅੰਤਰਜਾਮੀ।
ਜਾਨਹੁ ਮੋਹਿ ਰਿਦੇ ਕੀ ਸ੍ਵਾਮੀ ॥੨੬॥
ਕਜੋਂ ਨ ਦੇਤਿ ਦਰਸ਼ਨ ਪ੍ਰਭੁ ਆਇ?
ਅੰਤ ਸਮਾਂ ਮਮ ਜਾਨਜੋ ਜਾਇ।
ਲਾਖਹੁਂ ਦਾਸ ਕਾਮਨਾ ਪਾਵੈਂ।
ਸ਼ਰਧਾ ਧਰਹਿਂ ਗੁਰੂ ਗੁਨ ਗਾਵੈਂ ॥੨੭॥
ਮੋਹਿ ਭਰੋਸਾ ਰਾਵਰ ਕੇਰਾ।
ਬਨਹੁ ਸਹਾਇ ਅੰਤ ਕੀ ਬੇਰਾ।
ਮੁਝ ਜੀਵਤਿ ਕੋ ਦਰਸ ਦਿਖਾਵਹੁ।
ਅਧਿਕ ਤ੍ਰਿਖਤਿ ਕੋ ਸੁਧਾ ਪਿਆਵਹੁ
॥੨੮॥
ਗਨ ਤੁਰਕਨਿ[1] ਰਣ ਦੀਰਘ ਹੋਈ। [1]ਬਹੁਤੇ ਤੁਰਕਾਂ ਨਾਲ।
ਲਖਿ ਨ ਜਾਇ[1], ਸੁਧਿ ਪਠੀ ਨ ਕੋਈ। [1]ਜਾਣਿਆਂ ਨਹੀਂ ਜਾਂਦਾ (ਕੀ ਹੋਇਆ)।
ਪ੍ਰਿਯ ਦਾਸਨ ਕੇ ਪ੍ਰੇਮ ਪਜਾਰੇ!
ਆਵਹੁ ਦਿਹੁ ਦਰਸ਼ਨ ਇਸ ਬਾਰੇ'

॥੨੯॥
ਇੱਤਜਾਦਿਕ ਸਿਮਰਤਿ ਦਿਨ ਰੈਨ।
ਨਿਸ ਦਿਨ ਚਲੜੋ ਜਾਤਿ ਜਲ ਨੈਨ।
ਇਮ ਕੌਲਾਂ ਕੀ ਗਤਿ ਗੁਰੁ ਜਾਨਿ।
-ਸਮਾਂ ਸਮੀਪ ਤਜਨਿ ਕੋ ਪ੍ਰਾਨ ॥੩੦॥
ਦਰਸ਼ਨ ਦੇਉਂ ਜੀਵਤੀ ਜਾਇ।
ਮੋਹਿ ਪ੍ਰੇਮ ਤੇ ਅਤਿ ਅਕੁਲਾਇ-।
ਹਯ ਕੋ ਪ੍ਰੇਰਿਤ ਤੂਰਨ ਚਾਲੇ।
ਪੈਂਦੇ ਖਾਨ ਆਦਿ ਭਟ ਨਾਲੇ ॥੩੧॥
ਬਿਧੀਆ ਜਾਤੀ ਮਲਕ ਸੁ ਬੀਰ।
ਰਣਿ ਬਾਤਨਿ ਕਰਤੇ ਚਲਿ ਧੀਰ।
ਜਿਮ ਜਿਮ ਹਤੇ ਮੁਗ਼ਲ ਅਰੁ ਖਾਨ।
ਜਿਤਿਕ ਸੁਭਟ ਅਪਨੇ ਤਜਿ ਪ੍ਰਾਨ
॥੩੨॥
ਚਾਰ ਘਟੀ ਦਿਨ ਜਬਿ ਰਹਿ ਗਇਊ।
ਪੁਰਿ ਕਰਤਾਰ ਦ੍ਰਿਸ਼ਟਿ ਤਬਿ ਅਇਊ।
ਅੰਤਰ ਭਏ ਪ੍ਰਵੇਸ਼ ਗੁਸਾਈਂ।
ਬੰਦਤਿ ਦੇਖਿ ਦੇਖਿ ਸਮੁਦਾਈ ॥੩੩॥
ਪਹੁੰਚੇ ਪ੍ਰਥਮੇ ਥੰਮ ਅਸਥਾਨ।
ਉਤਰੇ ਹਯ ਤੇ ਗੁਰ ਭਗਵਾਨ।
ਬੰਦਨ ਕਰਿ ਬੈਠੇ ਹਰਖਾਏ।
ਸੁਨਿ ਸੋਢੀ ਨਰ ਗਨ ਜੁਤਿ ਆਏ[1] [1]ਸੋਢੀ ਬਹੁਤ ਆਦਮੀਆਂ ਸਮੇਤ ਆਏ।
॥੩੪॥
ਧਰਿ ਧਰਿ ਕਰਿ ਪਰਸਾਦਿ ਅਗਾਰੀ।
ਆਇ ਸਭਿਨਿ ਪਦ ਬੰਦਨ ਧਾਰੀ।
ਕੁਸ਼ਲ ਪ੍ਰਸ਼ਨ ਅਖਿਲਨਿ ਸੋਂ ਕੀਨਿ।
ਜਥਾ ਜੋਗ ਆਦਰ ਕੋ ਦੀਨਿ ॥੩੫॥
ਇਕ ਘਟਿਕਾ ਲਗ ਆਵਤਿ ਰਹੇ।
ਸਾਦਰ ਮਾਧੁਰ ਬਾਕਨਿ ਕਹੇ।
ਜਹਿਂ ਕੌਲਾਂ ਉਰ ਦੁਖੀ ਬਿਚਾਰੀ।
ਸਿਮਰਤਿ ਨਿਸ ਦਿਨ ਪ੍ਰੀਤੀ ਧਾਰੀ
॥੩੬॥

ਤਹਾਂ ਪ੍ਰਵੇਸ਼ ਤੁਰਤ ਹੀ ਹੋਏ।
ਕੌਲਾਂ ਕੌਲ ਨੇਤ੍ਰ ਕਰਿ ਜੋਏ।
ਉਦਤਿ ਉਠਨਿ ਕੋ[1], ਉਠ੍ਯੋ ਨ ਜਾਈ।
ਬੋਲ੍ਯੋ ਚਹਿ, ਨ ਬੋਲ ਮੁਖ ਆਈ ॥੩੭॥

[1]ਉਠਣਾਂ ਤਾਂਘਦੀ ਹੈ।

ਦੁਰਬਲ ਤਨ ਝੁਰ ਝੰਝਰ ਹੋਵਾ[1]।

[1]ਦੁਰਬਲ ਸਰੀਰ ਝੁਰ (= ਲਿੱਸਾ ਹੋਕੇ) ਝੰਝਰ (= ਜਾਲੀ ਵਾਂਙੂੰ ਪਤਲਾ) ਪੈ ਗਿਆ ਹੈ। (ਅ) 'ਝੁਰ ਝੰਝਰ' ਤੋਂ ਭਾਵ ਮਾਸ ਦੇ ਬੁੱਢਾ ਹੋਕੇ ਝੁਰੀਆਂ ਪੈਣ ਦਾ ਬੀ ਹੈ।

ਪੀਰੋ ਰੰਗ ਬਦਨ ਕੋ ਜੋਵਾ।
ਤਤਛਿਨ ਢਿਗ ਹ੍ਵੈ ਗੁਰੂ ਹਟਾਈ[1]।
ਬੈਠੇ ਤਿਸ ਢਿਗ ਧੀਰ ਬੰਧਾਈ ॥੩੮॥

[1]ਗੁਰੂ ਜੀ ਨੇ (ਉੱਠਣੇ ਤੋਂ) ਹਟਾਈ।

ਕਿਤਿਕ ਦੇਰਿ ਮਹਿਂ ਹਾਥ ਨਿਕਾਰੇ।
ਚਰਨ ਕਮਲ ਪਰਸਤਿ ਹਿਤ ਧਾਰੇ।
ਬਹੀ ਬਿਲੋਚਨ ਤੇ ਜਲ ਧਾਰਾ।
ਧਾਰਾ ਧੀਰਜ ਬਾਕ ਉਚਾਰਾ ॥੩੯॥
'ਸਭਿ ਜਾਨਤਿ ਮਮ ਚਿਤ ਕੀ ਜੇਤੀ।
ਕਹਾਂ ਕਹੋਂ ਮੈਂ ਤੁਮਰੇ ਸੇਤੀ[1]।
ਜਾਨਿ ਦੀਨ ਕੀ ਦਸ਼ਾ ਕ੍ਰਿਪਾਲਾ।
ਆਇ ਦਰਸ ਦੀਨਸਿ ਇਸ ਕਾਲਾ ॥੪੦॥

[1]ਆਪ ਨਾਲ।

ਕੌਨ ਪ੍ਰਭੂ! ਤੁਮ ਬਿਨ ਹੈ ਮੇਰਾ?
ਸੁਖ ਦੁਖ ਬਿਖੈ ਅਲੰਬ ਬਡੇਰਾ।
ਸਿਮਰਤਿ ਨਿਸ ਦਿਨ ਨਾਮ ਤੁਮਾਰਾ।
ਬ੍ਯਾਕੁਲ ਬ੍ਰਿਹ ਨੇ ਕੀਨਿ ਉਦਾਰਾ ॥੪੧॥
ਅਬਿ ਮੈਂ ਨਿਕਟਿ ਨਿਹਾਰੋਂ ਮਰਨਾ।
ਦੀਨਿ ਦਰਸ, ਕੀਨਸਿ ਬ੍ਰਿਹੁ ਹਰਨਾ।
ਅਬਿ ਨਹਿਂ ਚਿੰਤ, ਮਰੋਂ ਇਸ ਕਾਲਾ।
ਪੁਰੀ ਕਾਮਨਾ ਆਨਿ ਕ੍ਰਿਪਾਲਾ' ॥੪੨॥
ਸੁਨਿ ਸ਼੍ਰੀ ਹਰਿਗੋਵਿੰਦ ਬਖਾਨਾ।
'ਸਮਾਂ ਮਰਨ ਕੋ ਤੁਵ ਨਿਯਰਾਨਾ।
ਸਿਮਰਨ ਕਰ੍ਯੋ ਬਹੁਤ ਹੀ ਮੇਰਾ।
ਆਨਿ ਮਿਲ੍ਯੋ ਤੋ ਕੋ ਬਿਨ ਦੇਰਾ ॥੪੩॥

ਤੋਹਿ ਪ੍ਰੇਮ ਨੇ ਟਿਕਨਿ ਨ ਦਏ।
ਯਾਂ ਤੇ ਸਕਲ ਕਾਜ ਤਜਿ ਅਏ।
ਚਾਰ ਘਟੀ ਜਬਿ ਦਿਨ ਰਹਿ ਕਾਲੀ।
ਤਬਿ ਤਨ ਤੁਵ ਪ੍ਰਾਨਨਿ ਤੇ ਖਾਲੀ ॥੪੪॥
ਤਬਿ ਲਗਿ ਸਿਮਰਹੁ ਸ਼੍ਰੀ ਕਰਤਾਰਾ।
ਭਵ ਸਾਗਰ ਤੇ ਭਯੋ ਉਧਾਰਾ।
ਪ੍ਰਥਮ ਜਨਮ ਕੀ ਤੂੰ ਬਡਿਭਾਗਨਿ।
ਹਮਰੇ ਬਿਖੈ ਭਈ ਅਨੁਰਾਗਨਿ ॥੪੫॥
ਬਹੁਰ ਨ ਹੋਇ ਜਗਤ ਮਹਿਂ ਫੇਰਾ।
ਭਯੋ ਉਧਾਰ ਦੁਖਨ ਤੇ ਤੇਰਾ।
ਕਛੁ ਨਹਿਂ ਚਿੰਤ ਧਰਹੁ ਉਰ ਮਹੀਆ।
ਧੰਨ ਜਨਮ ਉੱਤਮ ਪਦ ਲਹੀਆ' ॥੪੬॥
ਦੋਈ ਘਟੀ ਲਗਿ ਬੈਠੇ ਰਹੇ।
ਇੱਤਜਾਦਿਕ ਸੁਨਿ ਅਰੁ ਬਹੁ ਕਹੇ।
ਧੀਰਜ ਦੀਨਿ ਚਰਨ ਛੁਟਕਾਵਤਿ।
ਨਹਿਂ ਛੋਰਤਿ ਪੁਨ ਪੁਨ ਉਰ ਲਾਵਤਿ ॥੪੭॥
'ਹੇ ਸਤਿਗੁਰ ! ਤੁਮਰੇ ਪਗ ਪਜਾਰੇ।
ਨਹਿਂ ਤਜਾਗਨਿ ਚਿਤ ਚਹਿਤਿ ਹਮਾਰੇ।'
ਬਾਰਿ ਬਾਰਿ ਮੁਖ ਪਰ ਕੋ ਫੇਰਤਿ।
ਤ੍ਰਿਪਤ ਨ ਹੋਤਿ ਰੂਪ ਗੁਰੁ ਹੇਰਤਿ ॥੪੮॥
ਆਸ੍ਵਾਸਨਿ ਦੀਰਘ ਤਬਿ ਕੀਨੋ[1]।

[1](ਗੁਰੂ ਜੀ ਨੇ) ਬੜਾ ਦਿਲਾਸਾ ਦਿੱਤਾ (ਤਾਂ ਫਿਰ ਉਹ ਬੋਲੀ)।

'ਅੰਤ ਸਮਾਂ ਜਬਿ ਮੇਰੋ ਚੀਨੋ।
ਸਨਮੁਖ ਮਮ ਬੈਠਹੁ ਤਬਿ ਆਇ।
ਤੁਮ ਦੇਖਤਿ ਹੀ ਪ੍ਰਾਨ ਸਿਧਾਇਂ ॥੪੯॥
ਇਹ ਬਿਨਤੀ ਮੇਰੀ ਸੁਨਿ ਲੀਜੈ।
ਤੁਮ ਕ੍ਰਿਪਾਲ ਬਡ ਕਰੁਨਾ ਕੀਜੈ।'
ਸੁਨਿ ਗੁਰ ਕਹਜੋ 'ਆਇਂ ਤੁਵ ਪਾਸ।

ਰਹੁ ਅਨੰਦ ਮਹਿਂ, ਚਿੰਤ ਬਿਨਾਸਿ'
॥੫੦॥
ਕਹਿ ਕਰਿ ਇਮ ਸ਼੍ਰੀ ਹਰਿਗੋਵਿੰਦ।
ਨਿਕਸੇ ਵਹਿਰ ਜਹਾਂ ਨਰ ਬ੍ਰਿੰਦ।
ਬੈਠਿ ਸਭਿਨਿ ਮਹਿਂ ਦਰਸ਼ਨ ਦੀਨਿ।
ਪਰਉਪਕਾਰੀ ਬੀਰ ਪ੍ਰਬੀਨ ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸ਼੍ਰੀ ਕਰਤਾਰ ਪੁਰ ਆਗਵਨ' ਪ੍ਰਸੰਗ ਬਰਨਨੰ ਨਾਮ ਦ੍ਵੈਬਿਸੰਤੀ ਅੰਸੂ ॥੨੨॥

੨੩. [ਸ਼ੇਰ ਸ਼ਿਕਾਰ। ਕਉਲਾਂ ਪ੍ਰਤਿ ਉਪਦੇਸ਼]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:
ਥੰਮ ਅਗਾਰੀ ਬੈਠਿ ਕਰਿ, ਸਤਿਗੁਰ ਲਾਇ
ਦਿਵਾਨ।
ਆਇ ਰਬਾਬੀ ਢਿਗ ਥਿਰੇ, ਕਰਯੋ ਸ਼ਬਦ
ਕੋ ਗਾਨ ॥੧॥
ਚੌਪਈ:
ਜਯੋਂ ਜਯੋਂ ਪੁਰਿ ਮਹਿਂ ਗੁਰ ਸੁਧਿ ਹੋਈ।
ਤਯੋਂ ਤਯੋਂ ਚਲਯੋ ਆਇ ਸਭਿ ਕੋਈ।
ਅਰਪਿ ਅਕੋਰਨਿ ਸੀਸ ਨਿਵਾਵੈਂ।
ਦਰਸ਼ਨ ਕਰਹਿਂ ਮੋਦ ਉਪਜਾਵੈਂ ॥੨॥
ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਕਰੈਂ।
ਸਭਿ ਕੀ ਮਨੋ ਕਾਮਨਾ ਪੂਰੈਂ।
ਸੰਧਯਾ ਸੋਦਰ ਲਗਿ ਤਹਿਂ ਥਿਰੇ।
ਭੋਗ ਪਾਇ ਬੰਦਨ ਕੋ ਕਰੇ ॥੩॥
ਉਠਿ ਸਤਿਗੁਰੁ ਡੇਰੇ ਮਹਿਂ ਆਏ।
ਰੁਚਿ ਅਨੁਸਾਰ ਅਸਨ ਕਉ† ਖਾਏ। †ਪਾ:-ਅਹਾਰਨਿ।
ਮ੍ਰਿਦੁਲ ਸੇਜ ਪਰ ਥਿਰੇ ਗੁਸਾਈਂ।
ਸੁਪਤਿ ਜਥਾ ਸੁਖ ਰਾਤਿ ਬਿਤਾਈ ॥੪॥
ਰਹੀ ਜਾਮ ਜਾਮਨਿ ਦੁਇ ਘਰੀ।
ਉਠਿ ਕਰਿ ਸੌਚ ਸਰਬ ਹੀ ਕਰੀ।
ਸ਼੍ਰੀ ਅਰਜਨ ਇਕ ਕੂਪ ਬਨਾਯੋ।
ਸ਼ਕਰਗੰਗ ਤਿਹ ਨਾਮ ਬਤਾਯੋ ॥੫॥
ਹਿਤ ਇਸ਼ਨਾਨ ਗਏ ਤਿਸ ਥਾਨ।
ਲੇਕਰਿ ਸੰਗ ਦਾਸ ਬੁਧਿਵਾਨ।
ਬੰਦਨ ਕਰਿ ਮੱਜਨ ਤਹਿਂ ਕੀਨਿ।
ਬੈਠੇ ਧਰਿ ਕੈ ਧਯਾਨ ਪ੍ਰਬੀਨ ॥੬॥
ਜਿਨ ਸਰੂਪ ਕੋ ਚਿਤਵਨ ਕਰਿਤੇ।
ਬਹੁਰ ਗੁਰੂ ਬਾਨੀ ਕੋ ਰਰਤੇ।
ਆਦਿ ਸੁਖਮਨੀ ਊਚੇ ਸੁਰ ਤੇ।
ਕਰਤਿ ਪਾਠ ਕੋ ਪ੍ਰੀਤੀ ਉਰ ਤੇ ॥੭॥
'ਸਿੱਖਜਨਿ ਕੇਰਿ ਉਧਾਰਨ ਕਾਰਨ।

ਪਰਹਿ ਰੀਤਿ' ਇਮ ਕਰਹਿਂ ਉਚਾਰਨ।
ਤਹਿਂ ਬੈਠੇ ਪ੍ਰਾਤੀ ਹੁਇ ਗਈ।
ਦਸਹੂੰ ਦਿਸ਼ਿ ਪ੍ਰਕਾਸ਼ ਜੁਤਿ ਭਈ ॥੮॥
ਆਇ ਰਬਾਬੀ ਚੌਂਕੀ ਕੀਨਿ।
ਗਾਇ ਬਿਲਾਵਲ ਰਾਗ ਪ੍ਰਬੀਨ।
ਕਿਤਿਕ ਦੇਰ ਲੌਂ ਲਗ੍ਯੋ ਦਿਵਾਨ।
ਪਰ੍ਯੋ ਸ਼ਬਦ ਕੋ ਭੋਗ ਸੁ ਜਾਨ ॥੯॥
ਆਇ ਲਾਂਗਰੀ ਥਿਰ੍ਯੋ ਅਗਾਰੇ।
'ਮਹਾਂਰਾਜ! ਹੈ ਤ੍ਯਾਰ ਅਹਾਰੇ।'
ਕਹ੍ਯੋ 'ਆਨ[1]', ਸੋ ਤਤਛਿਨ ਲ੍ਯਾਯੋ। [1]ਲੈ ਆਓ।
ਇਤਨੇ ਮਹਿਂ ਇਕ ਸਿਖ ਚਲਿ ਆਯੋ ॥੧੦॥
'ਸੁਨੀਅਹਿ ਗੁਰੂ ਗਰੀਬ ਨਿਵਾਜ!
ਸੰਤ ਧੇਨੁ ਰੱਛ੍ਯਾ ਤੁਮ ਕਾਜ।
ਇਸ ਥਲ ਤੇ ਕੇਹਰਿ ਇਕ ਨੇਰੇ।
ਮਾਰਤਿ ਹੈ ਨਿਤ ਜੀਵ ਘਨੇਰੇ ॥੧੧॥
ਮਹਿਖੀ ਗਊ ਸਮੂਹ ਨਿਕੇਤ[1]। [1]ਘਰੋਂ।
ਗਯੋ ਪ੍ਰਾਤ ਮੈਂ ਚਾਰਨ ਹੇਤ।
ਗੋ ਧਨ[1] ਬਿਖੈ ਆਨਿ ਸੋ ਪਰ੍ਯੋ। [1]ਗਊਆਂ ਦੇ ਵਗ।
ਮਾਰ ਕਿਤਿਕ ਕੋ ਘਾਇਲ ਕਰ੍ਯੋ ॥੧੨॥
ਮੈਂ ਤਕ ਸ਼ਰਨ ਆਪ ਕੀ ਆਯੋ।
ਨ੍ਰਿਭੈ ਕਰਹੁ ਦਿਹੁ ਤ੍ਰਾਸ ਮਿਟਾਯੋ।
ਨਾਂਹਿ ਤ ਬਨ ਮਹਿਂ ਘਾਸ ਘਨੇਰੇ।
ਅਬਿ ਡਰਿ ਜਾਇ ਨਹੀਂ ਕੋ ਨੇਰੇ[1]' ॥੧੩॥ [1]ਹੁਣ ਡਰ ਕੇ ਕੋਈ ਨੇੜੇ ਨਹੀਂ ਜਾਂਦਾ।
ਸੁਨਿ ਸਤਿਗੁਰ ਤਿਹ ਧੀਰਜ ਦੀਨੋ।
ਦਾਸ ਸੰਗ ਐਸੇ ਬਚ ਕੀਨੋ।
'ਤੂਰਨ ਆਨਿ ਤੁਰੰਗ ਹਮਾਰਾ।'
ਸੁਨਤਿ ਹੁਕਮ ਕੋ ਜ਼ੀਨ ਸੁਧਾਰਾ ॥੧੪॥
ਪੈਂਦਾ ਬਿਧੀਆ ਆਦਿ ਜਿ ਸੂਰ।
ਤ੍ਯਾਰਿ ਤੁਰਤ ਲਖਿ ਚਢੇ ਹਜ਼ੂਰ[1]। [1]ਹਜ਼ੂਰ =) ਗੁਰੂ ਜੀ ਦੀ ਤਿਆਰੀ ਲਖਕੇ (ਉਹ ਵੀ) ਉਸੇ ਵੇਲੇ ਚੜ੍ਹ ਪਏ।

ਹਯ ਕੋ ਹੇਰਿ ਜੁ ਹੋਯਹੁ ਤਯਾਰ।
ਸਤਿਗੁਰ ਭਏ ਤੁਰਤ ਅਸਵਾਰ ॥੧੫॥
ਸੰਗ ਸੁਭਟ ਕਿ ਸੌ ਚਢਿ ਚਾਲੇ।
ਆਗੇ ਕਰਿ ਸਿਖ ਗਮਨੇ ਨਾਲੇ।
ਜਹਿਂ ਦੇਖ੍ਯੋ ਸੋ ਥਾਨ ਦਿਖਾਵਾ।
ਜਾਇ ਪ੍ਰਵੇਸ਼ੇ ਬਨ ਕੇ ਥਾਵਾ ॥੧੬॥
ਕਾਨਨ ਗਾਢੋ ਬਹੁਤ ਬਿਲੋਕਾ।
ਜਹਾਂ ਗਮਨ ਹਯ ਕੋ ਮਗ ਰੋਕਾ[1]।
ਤਿਹ ਸਿਖ ਨੇ ਸੋ ਥਾਨ ਬਤਾਯੋ।
ਕੇਹਰਿ ਤਹਾਂ ਨਦਰ ਨਹਿਂ ਆਯੋ ॥੧੭॥
ਗੁਰੁ ਲਾਗੇ ਤਹਿਂ ਕਰਨਿ ਅਖੇਰੇ।
ਸੂਕਰ ਸਸੇ ਮ੍ਰਿਗਾਨਿ ਘਨੇਰੇ।
ਸਭਿ ਸੋਂ ਕਹ੍ਯੋ 'ਖੋਜੀਯਹਿ ਸ਼ੇਰ।
ਇਤਿ ਉਤਿ ਫਿਰਿ ਕਰਿ ਲੀਜਹਿ ਹੇਰਿ ॥੧੮॥
ਆਮਿਖ ਖਾਇ ਤ੍ਰਿਪਤਿ ਹੁਇ ਪਰ੍ਯੋ।
ਨਹਿਂ ਗਮਨ੍ਯੋ ਕਿਤ ਉਦਰ ਜਿ ਭਰ੍ਯੋ।
ਸੁਪਤਿ ਹੋਹਿ ਕਿਸ ਝਾਰਿ ਮਝਾਰ।
ਕਰਹੁ ਤੁਫੰਗਨਿ ਕੋ ਕੜਕਾਰ' ॥੧੯॥
ਇਤਿ ਉਤਿ ਤੇ ਗਨ ਤੁਪਕ ਚਲਾਈ।
ਜਾਗ੍ਯੋ ਸ਼ੇਰ ਲੀਨਿ ਅੰਗੁਰਾਈ[1]।
ਮਹਾਂ ਕੇਹਰੀ[1] ਭੀਖਨ ਭਾਰਾ।
ਬਡੀ ਬੇਲ[1] ਲਾਂਗੁਲ[2] ਬਡ ਧਾਰਾ ॥੨੦॥
ਮੁਖ ਪਸਾਰ ਕਰਿ ਤਬਿ ਜੰਭਾਯੋ[1]।
ਗਰਜ੍ਯੋ ਭੂਰ ਸਭਿਨਿ ਸੁਨਿ ਪਾਯੋ।
ਬਿਖਮ ਸਥਾਨ ਝਾਰ ਕੇ ਤਰੇ।
ਤਹਾਂ ਬਿਲੋਕ੍ਯੋ ਭਟ ਸੁਧਿ ਕਰੇ ॥੨੧॥
ਸੁਨਿ ਗੁਰੁ ਬਲੀ ਤਹਾਂ ਚਲਿ ਗਏ।
ਕੇਹਰਿ ਭੀਖਨ ਦੇਖਤਿ ਭਏ।
ਬਿਖਮ ਥਾਨ ਸੋ ਖਰ੍ਯੋ ਨਿਹਾਰ੍ਯੋ।
ਹਯ ਤੇ ਉਤਰਨਿ ਰਿਦੈ ਬਿਚਾਰ੍ਯੋ ॥੨੨॥

[1]ਜਿੱਥੇ ਘੋੜੇ ਦੇ ਚੱਲਣ ਦਾ ਬੀ ਰਾਹ ਰੁਕਿਆ ਹੈ।

[1]ਆਕੜ।

[1]ਵੱਡਾ ਸ਼ੇਰ।

[1]ਵੱਡੀ ਪਿੱਠ ਭਾਵ ਲੰਮਾਈ ਬਹੁਤ। [2]ਪੂਛ।

[1]ਉਬਾਸੀ ਲਈ।

-ਨਹੀਂ ਤੁਫੰਗ ਸੰਗ ਇਸ ਮਾਰੈਂ।
ਖੜਗ ਸਿਪਰ ਗਹਿ ਸਮੁਖ ਸੰਘਾਰੈਂ।
ਨਹੀਂ ਤੁਰੰਗ ਚਲਾਵਨਿ ਥਾਨ।
ਕੰਟਕ ਜੁਤਿ ਤਰੁ ਖਰੇ ਮਹਾਨ- ॥੨੩॥
ਦੀਰਘ ਦਾੜ੍ਹੈਂ ਦਾਰੁਨ ਤੁੰਡ[1]।
[1]ਡਰਾਉਣਾ ਮੂੰਹ।
ਪਗ ਕੇ ਨਖ ਤੀਖੇ ਸੁ ਪ੍ਰਚੰਡ।
ਭੀਖਨ ਸਟਾ[1] ਉਠਾਏ ਟੌਰ[2]।
[1]ਅਯਾਲ = ਸ਼ੇਰ ਜਾਂ ਘੋੜੇ ਦੀ ਗਰਦਨ ਦੇ ਵਾਲ। [ਸੰਸ: ਸਟਾ]। [2]ਪੂਛ ਦੇ ਵਾਲਾਂ ਦਾ ਗੁੱਛਾ।
ਦੇਤਿ ਤ੍ਰਾਸ ਜਨੁ ਭੱਖਜਤਿ ਦੌਰਿ[1] ॥੨੪॥
[1]ਮਾਨੋਂ ਦੌੜਕੇ ਖਾਯਾ ਹੀ ਚਾਹੁੰਦਾ ਹੈ।
ਬਡੇ ਪਖਾਰਿ ਗਾਤ ਪਰ ਪਰੇ।
ਮਾਨਹੁੰ ਗਿਰ ਪਰ ਅਹਿ ਸਮ ਸਰੇ[1]।
[1]ਸ਼ੇਰ ਦੇ ਸਰੀਰ ਤੇ ਵੱਡੀਆਂ ਵੱਡੀਆਂ ਧਾਰੀਆਂ ਐਉਂ ਪਈਆਂ ਹਨ ਮਾਨੋ ਪਹਾੜ ਤੇ ਸੱਪ ਪਏ ਹਨ।
ਸ਼ੋਣਿਤ ਰੰਗੀ ਆਂਖ ਮਨੋ ਹੈਂ।
ਉਦਰ ਬਿਸਦ ਜਿਹ ਮ੍ਰਿਦੁਲ ਘਨੋ ਹੈ ॥੨੫॥
ਗੁਰੂ ਉਤਰਿ ਆਗੈ ਹੁਇ ਖਰੈ।
ਸਿਪਰ ਬਾਮ ਕਰ ਦਿਢਿ ਤਬਿ ਧਰੇ।
ਲਲਕਾਰਜੋ 'ਗੀਦੀ ਕਜੋਂ ਖਰਜੋ?'
ਕਹਿ ਇਮ ਪਾਇ ਰੋਪਿਬੋ ਕਰਜੋ ॥੨੬॥
ਸੁਨਤਿ ਨਿਕਟਿ ਪਿਖਿ ਬਡਿ ਭਭਕਾਰਜੋ।
ਖਰੇ ਜੁ ਭਟ ਹਯ ਗਨ[1] ਡਰ ਧਾਰਜੋ।
[1]ਸੂਰਮਿਆਂ ਦੇ ਘੋੜੇ ਜੋ ਖੜੇ ਸਨ ਸਾਰਿਆਂ ਨੇ।
ਭਾਜੇ ਆਪਿ ਆਪਿ ਕੋ ਗਏ।
ਮੂਤ੍ਰ, ਪੁਰੀਖਿ[1] ਤਜਤਿ ਕੋ ਭਏ ॥੨੭॥
[1]ਲਿੱਦ।
ਏਕਹਿ ਬਾਰਿ ਫਾਂਧਿ ਕਰਿ ਆਯੋ।
ਤੁੰਡ ਪ੍ਰਚੰਡ ਪਸਾਰਤਿ ਧਾਯੋ।
ਦੂਰਿ ਦੂਰ ਥਿਰ ਪਿਖਹਿਂ ਤਮਾਸ਼ਾ।
ਕੇਚਿਤ ਬਾਜਿ ਹੋਤਿ ਹੈਂ ਪਾਸਾ[1] ॥੨੮॥
[1]ਕਈਕੁ ਘੋੜਿਆਂ ਤੇ (ਸਵਾਰ) ਨੇੜੇ ਹੁੰਦੇ ਹਨ।
ਨਿਜ ਬਲ ਅਖਿਲ ਕਰੇ, ਮੁਖ ਬਾਏ[1]।
[1]ਸ਼ੇਰ) ਆਪਣਾ ਸਾਰਾ ਬਲ ਲਾ ਕੇ ਤੇ ਮੂੰਹ ਟੱਡ ਕੇ।
ਚਰਨ ਸਨਖ ਜੁਗ ਉਰਧ ਉਠਾਏ[1]।
[1]ਤਿੱਖੇ ਨਹੁੰਆਂ ਵਾਲੇ ਦੋਵੇਂ (ਅਗਲੇ) ਪੈਰ ਉੱਚੇ ਉਠਾ ਕੇ।
ਉਪਰਿ ਪਰਜੋ ਆਨਿ ਕਰਿ ਐਸੇ।
ਤਰੈ ਦਬਾਇ ਉਠਹਿਂ ਨਹਿਂ ਜੈਸੇ ॥੨੯॥
ਸਿਰ ਉਪਰਿ ਜਬਿ ਆਵਨਿ ਲਾਗਾ।
ਆਡ ਸਿਪਰ ਕੋ, ਰੋਕਸਿ ਆਗਾ[1]।
[1]ਢਾਲ ਦਾ ਆਸਰਾ ਕਰਕੇ ਅੱਗਾ ਰੋਕਿਆ।

ਰਹਜੋ ਓਜ ਕਰਿ, ਅੱਗ੍ਰ ਨ ਆਵਾ।
ਢਾਲ ਝੰਝੋਰਨਿ[1] ਬਦਨ ਚਲਾਵਾ ॥੩੦॥
[1]ਢਾਲ ਨੂੰ ਝੰਝੋੜਨ ਲਈ।
ਤਿਹ ਛਿਨ ਗੁਰੁ ਸ਼ਮਸ਼ੇਰ ਨਿਕਾਸੀ।
ਤੀਖਨ ਭੀਖਨ ਚਲਿ[1] ਚਪਲਾਸੀ[2]।
[1]ਚਮਕ। [2]ਬਿਜਲੀ ਵਰਗਾ।
ਰੁਪਜੋ ਪਾਇ ਦਿਢ ਥੰਭ ਸਮਾਨਾ।
ਨਹੀਂ ਥਾਨ ਤੇ ਚਲੇ ਸੁਜਾਨਾ ॥੩੧॥
ਕੋਪ ਗੁਰੂ ਕੋ ਮੁਖ ਪਰ ਛਾਯੋ।
ਭ੍ਰਿਕੁਟੀ ਨਚਤਿ ਲਾਲ ਹੁਇ ਆਯੋ।
ਫਰਕਤਿ ਅਧਰ ਅਰੁਨ ਦ੍ਰਿਗ ਭਏ।
ਸਿਪਰ ਧਕੇਲਾ ਪੂਰਬ ਦਏ ॥੩੨॥
ਜੁਗ ਪਗ ਮੁਖ ਢਾਲੇ ਪਰ ਤੀਨਿ[1]।
[1]ਦੋ ਪੈਰ ਤੇ ਮੂੰਹ ਢਾਲ ਪਰ ਤਿੰਨੇ ਹੀ ਸਨ।
ਹਟਿ ਪੀਛੇ ਤਨ ਊਚੋ ਕੀਨਿ[1]।
[1]ਜਦ ਧੱਕਾ ਦਿੱਤਾ) ਤਾਂ ਪਿੱਛੇ ਹਟਕੇ (ਸ਼ੇਰ ਨੇ) ਤਨ ਉੱਚਾ ਕੀਤਾ।
ਦਾਹਨ ਕਰ ਕੋ ਬਲ ਕਰਿ ਸਾਰਾ।
ਖੜਗ ਪੁਲਾਦੀ ਗੁਰੂ ਪ੍ਰਹਾਰਾ ॥੩੩॥
ਕਟ ਤੇ ਕਟਿ ਕਰਿ ਦੋ ਧਰ ਪਰਜੋ[1]।
[1]ਲੱਕ ਤੋਂ ਕੱਟਕੇ ਦੋ ਟੋਟੇ ਹੋ (ਡਿੱਗ) ਪਿਆ।
ਕਰਾਚੋਲ[1] ਧਰਨੀ ਮਹਿਂ ਬਰਜੋ।
[1]ਤਲਵਾਰ।
ਗੇਰਿ ਸ਼ੇਰ ਸ਼ਮਸ਼ੇਰ ਨਿਕਾਰੀ।
ਰਿਸ ਤੇ ਬਹੁ ਬਲ ਸੰਗ ਪ੍ਰਹਾਰੀ ॥੩੪॥
ਪਿਖਿ ਸਿੱਖਨਿ ਮਨ ਮਾਨਿ ਅਚੰਭਾ।
ਕਟਜੋ, ਬਿਟਪ ਜਿਮ ਕਾਟਿਯ ਰੰਭਾ[1]।
[1]ਜਿਵੇਂ ਕੇਲੇ ਦਾ ਬੂਟਾ ਕੱਟ ਦੇਈਦਾ ਹੈ।
ਗੁਰ ਕਰ ਤੇ ਮਰਿ ਸੁਰਗ ਪਧਾਰਾ।
ਹਯ ਪਰ ਆਪ ਭਏ ਅਸੁਵਾਰਾ ॥੩੫॥
ਅਪਰ ਅਖੇਰ ਹੇਰਿ ਬਨ ਕਰੇ।
ਸਿਮਰਤਿ ਕੌਲਾਂ ਲਖਿ ਕਰਿ ਮੁਰੇ।
ਮਨ ਮਹਿਂ ਜਿਸ ਕੇ ਇਕ ਲਿਵਲਾਗੀ।
ਬਡਭਾਗਨ ਅਤਿਸ਼ੈ ਅਨੁਰਾਗੀ ॥੩੬॥
ਪ੍ਰੇਰਤਿ ਹਯ ਹੇਰਤਿ ਬਨ ਆਏ।
ਪੁਰਿ ਮਝਾਰ ਪ੍ਰਵਿਸ਼ੇ ਸਹਿਸਾਏ।
ਕੌਲਾਂ ਕੇ ਮੰਦਰ ਕੇ ਗਏ।
ਉਤਰਤਿ ਅੰਤਰ ਕੋ ਗਮਨਏ ॥੩੭॥
ਦਿਵਸ ਜਾਮ ਬਾਕੀ ਜਬਿ ਰਹਜੋ।

ਤਬਿ ਕੌਲਾਂ ਗੁਰ ਦਰਸ਼ਨ ਲਹ੍ਯੋ।
ਬਦਨ ਪੀਤ ਜੁਗ ਪਲਕ ਮਿਲਾਏ।
ਗੁਰ ਮੂਰਤ ਉਰ ਧ੍ਯਾਨ ਬਸਾਏ ॥੩੮॥
ਮਨ ਲਯ ਲੀਨ ਗੁਰੁ ਮਹਿਂ ਹੋਵਾ।
ਨਿਕਟਿ ਖਰੇ ਕਹੁ ਨਾਂਹਿ ਨ ਜੋਵਾ।
ਦਾਸੀ ਮ੍ਰਿਦੁਲ ਉਚਾਰਤਿ ਬੋਲੀ।
ਪਕਰਿ ਹਲਾਇ ਸਮਾਧੀ ਡੋਲੀ ॥੩੯॥
ਖੁਲੇ ਬਿਲੋਚਨ ਦੋਨਹੁਂ ਐਸੇ।
ਕਮਲ ਪਾਂਖਰੀ ਬਿਕਸਤਿ ਜੈਸੇ।
ਪ੍ਰੀਤਮ ਖਰੇ ਸਮੀਪ ਨਿਹਾਰੇ।
ਬਾਰ ਬਾਰ ਹੋਵਤਿ ਬਲਿਹਾਰੇ ॥੪੦॥
ਨੀਠ ਨੀਠ ਉਠਿ ਕਰਿ ਪਦ ਗਹੇ।
ਹਟੀ ਨ ਕਿਮ ਹਟਾਇ ਗੁਰ ਰਹੇ।
ਨਿਕਟਿ ਬੈਠਿ ਕਰਿ ਧੀਰਜ ਦੀਨਿ।
ਆਤੁਰ ਹੇਰੀ ਪ੍ਰਿਯਾ ਪ੍ਰਬੀਨ ॥੪੧॥
'ਤੋਹਿ ਅਨੰਦ ਦੇਨਿ ਕੇ ਹੇਤੁ।
ਚਲਿ ਆਏ ਹਮ, ਹੋਹੁ ਸੁਚੇਤ।
ਚਤੁਰ ਘਟੀ ਜੀਵਨ ਤੁਵ ਰਹ੍ਯੋ।
ਪ੍ਰਾਨ ਨਿਦਾਨ ਸਮੋ[1] ਅਬਿ ਲਹ੍ਯੋ ॥੪੨॥

[1]ਪ੍ਰਾਣਾਂ ਦਾ ਅੰਤ ਸਮਾਂ।

ਦੇਹਿ ਅੰਤ ਲੌ ਬੈਠਹਿਂ ਤੀਰ।
ਨਹਿਂ ਉਠ ਜਾਂਹਿ ਕਿਤੇ ਧਰਿ ਧੀਰ।
ਦੇਹਨਿ ਕੋ ਸਨੇਹ ਬਿਧਿ[1] ਰਾਚਾ।

[1]ਬਿਧਾਤਾ ਨੇ।

ਨਹਿਂ ਇਹ ਥਿਰਹਿ, ਜਾਨਿ ਕਚ ਪਾਚਾ[1] ॥੪੩॥

[1]ਪਾਜ ਵਾਂਗੂੰ ਕੱਚਾ (ਅ) ਕੱਚਾ ਪੋਚਾ (ਜਿਵੇਂ ਹੁੰਦਾ ਹੈ), ਭਾਵ ਮਿਥਿਆ।

ਦ੍ਰਿਸ਼ਟਮਾਨ ਇਹ ਸਕਲ ਬਿਨਾਸ਼ੀ।
ਲਖਹੁ ਰੂਪ ਆਪਨਿ ਅਬਿਨਾਸ਼ੀ।
ਜਨਮਹਿ ਮਰਹਿ ਨ, ਜੋ ਨਿਤ ਨਯੋ।
ਜਿਹ ਸੱਤਾ ਕਰਿ ਜਗ ਦ੍ਰਿਸ਼ਟਯੋ ॥੪੪॥
ਜੋ ਮਿੱਥਯਾ ਕੋ ਦੇਖਿ ਲੁਭਾਵੈ।
ਅੰਤ ਕਾਲ ਬਿਛਰੇ ਦੁਖ ਪਾਵੈ।
ਸਚ ਕੋ ਲਗੈ ਸੁ ਬਿਛੁਰੇ ਨਾਂਹੀ।

ਜਿਸ ਕੋ ਆਵਨ ਜਾਨਿ ਨ ਕਾਹੀ[1] ॥੪੫॥ — [1]ਕਿਧਰੇ।
ਇਸਤ੍ਰੀ ਪੁਰਖ ਕਲੀਵ[1] ਨ ਹੋਈ। — [1]ਖੁਸਰਾ [ਸੰਸ: ਕਲੀਵ]
ਸਤਿ ਚੇਤਨ ਅਨੰਦ ਮਯ ਜੋਈ।
ਨਿਜ ਸਰੂਪ ਜਿਨ ਦੀਨਿ ਬਿਸਾਰੀ।
ਦੁਖਦ ਸਦਾ ਤਨ ਹੰਤਾ ਧਾਰੀ ॥੪੬॥
ਸੋ ਨਰ ਜਨਮ ਮਰਨ ਕੋ ਧਾਰੈਂ।
ਸਹਹਿੰ ਸੀਸ ਯਮ ਦੰਡ ਕਰਾਰੈ।
ਯਾਂ ਤੇ ਨਿਜ ਸਰੂਪ ਬ੍ਰਿਤਿ ਜੋਰਿ।
ਮਿੱਥਜਾ ਤਨ ਹੰਤਾ ਅਬਿ ਛੋਰਿ ॥੪੭॥
ਤਨ ਹੰਤਾ ਕੇ ਕਾਰਜ ਸਾਰੇ।
ਰਾਗ ਦ੍ਵੈਖ ਆਦਿਕ ਜੇ ਧਾਰੇ।
ਜਬਿ ਤਨ ਹੰਤਾ ਬਿਨਸਹਿ ਨੀਕੇ।
ਰਹੈ ਨ ਕੋ[1], ਹੁਇ ਸ਼੍ਰੇਯ ਸੁ ਜੀ ਕੇ ॥੪੮॥ — [1]ਰਾਗ ਦ੍ਵੈਖ ਆਦਿਕ) ਕੋਈ ਨਹੀਂ ਰਹਿੰਦਾ।
ਜਥਾ ਮੂਲ ਕੋ ਦੇਹਿ ਉਖਾਰੇ[1]। — [1]ਜਿਵੇਂ ਮੁੱਢ ਨੂੰ ਪੁੱਟ ਦੇਵੀਏ।
ਸੂਕਹਿ ਤਰੁ ਦਲ ਫੂਲ ਸ ਡਾਰੇ।
ਤਿਮ ਤਨ ਹੰਤਾ ਸੰਗ ਬਿਕਾਰਾ।
ਬਿਨਸਤਿ ਬਿਨਸਹਿੰ ਏਕੋ ਬਾਰਾ[1]' ॥੪੯॥ — [1]ਤਨ ਹੰਤਾ ਦੇ ਨਾਸ਼ ਹੋਣ ਤੇ ਇਕੋ ਵੇਰੀ (ਵਿਕਾਰ ਬੀ) ਨਾਸ਼ ਹੋ ਜਾਂਦੇ ਹਨ।
ਇਮ ਕਹਿ ਕ੍ਰਿਪਾ ਦ੍ਰਿਸ਼ਟਿ ਗੁਰ ਹੇਰੀ।
ਦੂਰ ਕਰੀ ਤਨ ਹੰਤਾ ਬੇਰੀ[1]। — [1]ਭਾਵ, ਹਉਮੈ ਦੀ ਬੇੜੀ।
ਉਰ ਮਹਿਂ ਬ੍ਰਿੱਤਿ ਟਿਕੀ ਸੁਖ ਪਾਵਾ।
ਤਤਛਿਨ ਨਿਜ ਸਰੂਪ ਦਰਸਾਵਾ ॥੫੦॥
ਗੁਰੂ ਕ੍ਰਿਪਾ ਤੇ ਭਾ ਬ੍ਰਹਮ ਗਜਾਨ।
ਲੇਸ਼ ਨ ਰਾਗ ਦ੍ਵੈਸ਼ ਮਦ ਮਾਨ।
ਲਗੀ ਬਿਚਾਰਨਿ -ਜਗ ਕਜਾ ਭਯੋ।
ਮਨ ਨੇ ਕਲਪ ਬ੍ਰਹਮ ਮਹਿਂ ਲਯੋ ॥੫੧॥
ਜਥਾ ਰਜੁ ਮਹਿਂ ਅਹਿ ਕੋ ਜਾਨਿ।
ਡਰਪਤਿ ਭਾਜਤਿ ਕੰਪਾ ਠਾਨਿ।
ਤਥਾ ਭ੍ਰਾਂਤਿ ਨੇ[1] ਲੋਕ ਭ੍ਰਮਾਏ। — [1]ਭਰਮ ਨੇ।
ਅਨਹੋਵਤਿ ਕਲਪਜੋ ਦੁਖ ਪਾਏ- ॥੫੨॥

ਇੱਤਜਾਦਿਕ ਉਰ ਭਯੋ ਬਿਚਾਰ।
ਠਹਿਰ ਗਈ ਬ੍ਰਿਤਿ ਬ੍ਰਹਮ ਮਝਾਰ।
ਲਗੀ ਸਮਾਧਿ ਗਜਾਨਿਯਨਿ ਵਾਰੀ[1]। [1]ਗਿਆਨੀਆਂ ਵਾਲੀ।
ਸਕਲ ਅਵਿੱਦਜਾ ਦੂਰ ਬਿਦਾਰੀ ॥੫੩॥*

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਕੇਹਿਰ ਹਤਨ ਕੌਲਾਂ ਪ੍ਰਤਿ ਉਪਦੇਸ਼' ਪ੍ਰਸੰਗ ਬਰਨਨੰ ਨਾਮ ਤ੍ਰੈਬਿੰਸਤੀ ਅੰਸੂ ॥੨੩॥

*ਨਿਰਾ ਗਿਆਨ ਸਮਝ ਯਾ ਬੁੱਧੀ ਦਾ ਵਿਸ਼ਾ ਹੈ। ਸਤਿਗੁਰ ਦੇ ਘਰ ਵਿਚ ਨਾਮ ਦਾ ਅੱਭਜਾਸ ਰਜ਼ਾ ਦੇ ਦਰਜੇ ਤੇ ਲੈ ਜਾਂਦਾ ਹੈ, ਤੇ ਪ੍ਰੇਮ ਰੰਗ ਨਾਲ ਜੀਵ ਦੀ ਜੀਵਤ ਕਣੀ ਵਾਹਿਗੁਰੂ ਮਿਲਾਪ ਵਿਚ ਜਾਂਦੀ ਹੈ। ਕੌਲਾਂ ਨਾਮ ਅੱਭਜਾਸਣ ਸੀ, ਉਸ ਨੂੰ ਸਤਿਗੁਰ ਦਾ ਧਜਾਨ ਸਿੱਧ ਸੀ, ਉਹ ਉੱਚੀ ਆਤਮਾ ਵਾਲੀ ਹੋ ਚੁਕੀ ਹੋਈ ਸੀ, ਸਤਿਗੁਰ ਜੀ ਨੇ ਇਸ ਵੇਲੇ ਪਰਮਾਪਦ ਦੀ ਦਾਤ ਬਖਸ਼ੀ ਤੇ ਪ੍ਰੀਤ ਨਾਲ ਪ੍ਰਾਪਤ ਹੋਣ ਵਾਲੀ ਮੁਕਤੀ ਤੇ ਸਾਈਂ ਜੀ ਨੂੰ ਮੇਲਣ ਵਾਲੀ ਸਦਗਤੀ ਬਖਸ਼ ਦਿੱਤੀ। ਫੋਕਾ ਵੇਦਾਂਤ ਕਦੇ ਸਦਗਤੀ ਨਹੀਂ ਕਰ ਸਕਿਆ। ਹਾਂ, ਬੁੱਧੀ ਨੂੰ ਗਜਾਨ ਦੇਕੇ ਅਕਲਈਆ ਬਣਾ ਦੇਂਦਾ ਹੈ। ਕੌਲਾਂ ਦੇ ਰਸਾਂ ਕਸਾਂ ਨੂੰ ਜਿੱਤ ਲੈਣ, ਧਜਾਨ ਸਿੱਧ ਹੋਣ ਤੇ ਨਾਮ ਪ੍ਰੇਮਣ ਹੋਣ ਦੇ ਜ਼ਿਕਰ ਪਿੱਛੇ ਆ ਚੁੱਕੇ ਹਨ ਤੇ ਪਿਛਲੇ ਅੰਸੂ ਦੇ ੪੫ ਤੇ ੪੬ ਅੰਕ ਵਿਚ ਗੁਰੂ ਜੀ ਵਰ ਦੇ ਆਏ ਹਨ ਕਿ ਭਵ ਸਾਗਰ ਤੋਂ ਤੂੰ ਉਧਰ ਗਈ ਫੇਰ ਜਨਮ ਮਰਨ ਤਣਨੂੰ ਨਹੀਂ ਹੋਣਾ, ਉੱਤਮ ਪਦ ਤਣਨੂੰ ਦੇ ਦਿੱਤਾ। ਫਿਰ ਦੇਖੋ ਕੌਲਾਂ ਨੇ ਕਣਸਾ ਗੁਰ ਘਰ ਦੀ ਮੁਕਤੀ ਦਾ ਆਦਰਸ਼ ਦਿਖਾਇਆ ਹੈ। (ਦੇਖੋ ਪਿਛਲਾ ਅੰਸੂ ਅੰਕ ੪੯) ਕਿ ਉਹ ਅੰਤ ਸਮੇਂ ਸਤਿਗੁਰ ਦੇ ਦਰਸ਼ਨ ਮੰਗਦੀ ਹੈ। ਉਹ ਪ੍ਰੇਮ ਨਾਲ ਪ੍ਰਾਪਤ ਵਾਹਿਗੁਰੂ ਮਿਲਾਪ ਨੂੰ ਮੁਕਤੀ ਸਮਝਦੀ ਹੈ, ਜਣਸੇ ਗੁਰਵਾਕ ਹਣ:-

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥

[ਗਉੜੀ ਮ: ੫]

ਨਾਮ ਅਭਜਾਸ ਨਾਲ ਹਉਮੈ ਕੱਟ ਜਾਇ, ਉਹ ਨਿਰਮਲਤਾ ਸਦਗਤੀ ਹੈ, ਉਹ ਗਜਾਨ ਹੈ।

੨੪. [ਕਉਲਾਂ ਪ੍ਰਲੋਕ ਗਮਨ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਜਿਮ ਮਦ ਉਤਰੇ ਹੋਤਿ ਸੁਧਿ[1] ਤਿਮ ਅੱਗਜਾਨ ਨਿਵਾਰਿ।
ਜਾਨਜੋ ਅਪਨਿ ਸਰੂਪ ਕੋ ਅਦਭੁਤ ਰਿਦੈ ਨਿਹਾਰਿ ॥੧॥

[1]ਜਿਵੇਂ ਨਸ਼ਾ ਉਤਰਿਆਂ ਹੋਸ਼ ਆਉਂਦੀ ਹੈ।

ਚੌਪਈ:

ਇਕ ਘਟਿਕਾ ਲਗਿ ਬਾਕ ਸੁਨਾਏ।
ਸਤਿਗੁਰ ਗਜਾਨ ਦਿਯੋ ਭ੍ਰਮ ਜਾਏ[†]?

[†]ਹੁਣ ਤਕ ਕੌਲਾਂ ਅੱਗਜਾਨ ਵਿਚ ਸੀ, ਇਹ ਖਿਆਲ ਕਰਨਾ ਦਰੁਸਤ ਨਹੀਂ। ਹੁਣ ਸਰੂਪ ਵਿਚ ਲੀਨ ਹੈ।

ਮੁੱਦ੍ਰਿਤ ਨੈਨ ਸਰੂਪ ਬਿਚਾਰਜੋ।
ਦ੍ਵੈ ਘਟਿਕਾ ਲਗਿ ਆਨੰਦ ਧਾਰਜੋ ॥੨॥
ਪੁਨ ਪ੍ਰੀਤਮ ਕੋ ਹੇਰਨਿ ਲਾਗੀ।
'ਧੰਨ ਧੰਨ ਗੁਰੁ! ਮੈਂ ਬਡਿਭਾਗੀ।
ਜਿਸ ਪਦ ਹੇਤ ਜਤੀ ਬ੍ਰਹਮਚਾਰੀ।
ਜੋਗੀ ਆਦਿ ਕਸ਼ਟ ਬਹੁ ਧਾਰੀ ॥੩॥
ਸੋ ਮੋ ਕਹੁ ਛਿਨ ਮਾਹਿਂ ਦਰਸਾਯਹੁ।
ਹੌਮੈਂ ਦੀਰਘ ਰੋਗ ਮਿਟਾਯਹੁ।
ਧੰਨ ਧੰਨ ਸਤਿਗੁਰ ਗਤਿ ਨਜਾਰੀ।
ਨਮੋ ਨਮੋ ਭਵ ਭੰਜਨਹਾਰੀ! ॥੪॥
ਗੂੜ[1] ਗੁਪਤ ਤਤਕਾਲ ਜਨਾਯਹੁ।
ਕੋਟ ਜਨਮ ਕੋ ਕਸ਼ਟ ਮਿਟਾਯਹੁ।
ਹੇ ਸਤਿਗੁਰ! ਮੈਂ ਭਈ ਸਨਾਥਾ[1]।'
ਇਮ ਕਹਿ ਧਰਜੋ ਚਰਨ ਪਰ ਮਾਥਾ ॥੫॥

[1]ਗੁੱਝਾ।

[1]ਨਿਹਾਲ।

ਸ਼੍ਰੀ ਹਰਿ ਗੋਬਿੰਦ ਪੁਨਹੁ ਬਖਾਨਾ।
'ਤਵ ਤਨ ਅੰਤ ਸਮਾਂ ਨਿਯਰਾਨਾ।
ਹੋਹੁ ਕੁਸ਼ਾਸਨ[1] ਪਰ ਥਿਰ ਅਬੈ[†]।

[1]ਦੱਭ ਦੇ ਆਸਨ ਤੇ।

[†]ਜਿਸ ਨੂੰ ਪਰਮਗਤੀ ਮਿਲ ਗਈ ਹੈ ਤੇ ਬ੍ਰਹਮ ਗਜਾਨ ਹੋ ਗਿਆ ਹੈ ਕੀਹ ਉਸ ਲਈ ਅਜੇ ਇਸ ਬ੍ਰਾਹਮਣੀ ਵਹਿਮ ਦੀ ਲੋੜ ਬਾਕੀ ਹੈ ਕਿ ਕੁਸ਼ਾ ਦੇ ਆਸਨ ਤੇ ਮਰੇ ਤੇ ਜੇ ਪਲੰਘ ਤੇ ਮਰ ਜਾਏ ਤਾਂ ਉਹ ਬ੍ਰਹਮ ਗਜਾਨ ਦੌੜ ਜਾਏਗਾ? ਇਹ ਬਾਤਾਂ ਭ੍ਰਮ ਮਾਤ੍ਰ ਹਨ, ਜਾਪਦਾ ਹੈ ਕਿ ਰਾਜ ਦਰਬਾਰ ਦੇ ਬ੍ਰਾਹਮਣ ਮੁਖੀਆਂ ਨੇ ਮਲੋਮੱਲੀ ਪੁਆਈਆਂ ਹਨ ਯਾ ਆਖੇਪਕ ਹਨ।

ਮਨਹਿ ਟਿਕਾਉ ਛੋਰ ਦਿਸ਼ਿ ਸਬੈ[1]' ॥੬॥

[1]ਸਭ ਪਾਸਿਆਂ ਤੋਂ ਮਨ ਨੂੰ ਹਟਾਕੇ।

ਤਤਛਿਨ ਦਾਸੀ ਕੁਸ਼ਾ[1] ਡਸਾਈ।
ਬਿਕੁਲਾਵਤਿ ਉਠਾਇ ਕਰਿ ਪਾਈ।
ਆਂਖ ਉਘਾਰਤਿ ਹੇਰਤਿ ਗੁਰੁ ਕੋ।
ਬਸਨਹਾਰਿ ਜੋ ਨਿਸ ਦਿਨ ਉਰ ਕੋ ॥੭॥

[1]ਦੱਭ।

ਬੋਲਨਿ ਸ਼ਕਤਿ ਰਹੀ ਪੁਨ ਨਾਂਹੀ।
ਚਖਨ ਪਲਕ[1] ਗੁਰਦਰਸ਼ਨਿ ਮਾਂਹੀ[†]।

[1]ਭਾਵ ਬਿਨਾ ਝਮਕੇ ਅੱਖਾਂ ਦੀ ਟੱਕ। [†]ਮਹਾਨ ਤੇ ਧੰਨਤਾਂ ਯੋਗ ਪਦ ਦਾ ਕਵੀ ਜੀ ਆਪ ਰੂਪਕ ਦੱਸ ਰਹੇ ਹਨ, ਜਿਸ ਵਿਚ ਜਾਣਨਾ ਮਾਤ੍ਰ ਮੁਖ ਨਹੀਂ ਪਰ ਪ੍ਰੇਮ ਨਾਲ ਜੁੜ ਜਾਣਾ ਮੁਖ ਹੈ।

ਹੇਰਤਿ ਹੇਰਤਿ[++] ਨਿਕਸੇ ਪ੍ਰਾਨਾ।
ਭਈ ਧੰਨ ਪਦ[++] ਪਾਇ ਮਹਾਨਾ ॥੮॥
ਮ੍ਰਿਤਕ ਭਈ ਗੁਰ ਦਾਸ ਹਕਾਰੇ।
ਤਿਸ ਕੀ ਦਾਸੀ ਸਾਥ ਉਚਾਰੇ।
'ਮ੍ਰਿਤਕ ਕ੍ਰਿਆ ਕੀਜਹਿ ਅਬਿ ਸਾਰੀ[†]।
ਲੇ ਗਮਨਹੁ ਸ਼ੁਭ ਬਾਗ ਮਝਾਰੀ' ॥੯॥

[†]ਮ੍ਰਿਤਕ ਕ੍ਰਿਆ ਕਰੋ ਤੋਂ ਮੁਰਾਦ ਆਪਣੇ ਤ੍ਰੀਕੇ ਦੀ ਹੈ, ਮੁਸਲਮਾਨੀ ਤ੍ਰੀਕੇ ਨੂੰ ਮ੍ਰਿਤਕ ਕ੍ਰਿਆ ਨਹੀਂ ਆਖਦੇ।

ਕਹੇ ਗੁਰੂ ਕੇ ਮਿਲਿ ਨਰ ਨਾਰਿ।
ਕਰੀ ਨੁਹਾਵਨਿ ਨਿਰਮਲ ਬਾਰ[1]।
ਬਹੁਤ ਮੋਲ ਕੋ ਪਾਇ ਦੁਸ਼ਾਲਾ।
ਗਾਇ ਰਬਾਬੀ ਸਬਦ ਬਿਸ਼ਾਲਾ ॥੧੦॥

[1]ਨਿਰਮਲ ਜਲ ਨਾਲ।

ਕਰਿ ਗਮਨੇ ਉਪਬਨ ਮਾਂਹੀ।
ਇਮ ਕੌਲਾਂ ਗਥ ਸਗਰੀ ਪ੍ਰਾਹੀ[1]।
{ਵਿਸ਼ੇਸ਼ ਟੂਕ}

[1]ਇਸ ਤਰ੍ਹਾਂ ਕੌਲਾਂ ਨੇ ਸਾਰੀ ਸ਼ੁਭਗਤੀ ਪਾ ਲਈ। [ਹਿੰਦੀ, ਗ੍ਰੱਥ = ਮਾਲ, ਪੂੰਜੀ, ਗਤੀ] (ਅ) ਇਉਂ ਕੌਲਾਂ ਦੀ ਸਾਰੀ ਗਾਥਾ (ਕਥਾ) ਆਖੀ ਹੈ।

ਸਤਿਗੁਰ ਬੈਠੇ ਲਾਇ ਦਿਵਾਨ।
ਆਵਤਿ ਭਏ ਲੋਕ ਸਭਿ ਜਾਨਿ ॥੧੧॥[⚐]

[⚐]ਸ੍ਰੀ ਕੌਲਾਂ ਜੀ ਦੇ ਪ੍ਰਸੰਗ ਦੀ ਪੁਰਾਣੀ ਖੋਜ ਕਰਦਿਆਂ ਪਹਿਲੀ ਸ਼ੈ ਮਹਿਮਾ ਪ੍ਰਕਾਸ਼ ਹੈ। ਸਾਡੇ ਪਾਸ ਜੋ ਪੋਥੀ ਹੈ ਸੋ ੧੮੫੭ ਬਿ: ਸੰਮਤ ਦੀ ਲਿਖੀ ਹੋਈ ਹੈ, ਅਰਥਾਤ ਸ੍ਰੀ ਗੁਰ ਪ੍ਰਤਾਪ ਸੂਰਜ ਤੋਂ ੪੩ ਵਰ੍ਹੇ ਪਹਿਲੋਂ ਦੀ ਲਿਖੀ ਹੋਈ; ਉਂਞ ਇਹ ਰਚਨਾਂ ੧੮੩੦-੩੩ ਦੇ ਲਗਪਗ ਦੀ ਹੈ। ਇਸ ਵਿਚ ਕੌਲਾਂ ਜੀ ਦਾ ਪ੍ਰਸੰਗ ਨਹੀਂ ਹੈ। ਵਾਰਤਕ ਮਹਿਮਾ ਪ੍ਰਕਾਸ਼ ੧੭੯੮ ਬਿ: ਦੀ ਰਚਨਾ ਹੈ, ਉਸ ਵਿਚ ਬੀ ਇਹ ਪ੍ਰਸੰਗ ਨਹੀਂ ਹੈ। ਗੁਰ ਬਿਲਾਸ ਛੇਵੀਂ ਪਾਤਸ਼ਾਹੀ ਵਿਚ ਪ੍ਰਸੰਗ ਰਤਾ ਰਤਾ ਫ਼ਰਕ ਨਾਲ ਹੈ, ਪਰ ਇਸ ਗੁਰ ਬਿਲਾਸ ਦੇ ਰਚਨ ਦਾ ਸਮਾਂ ਮਹਾਰਾਜਾ ਸ਼ੇਰ ਸਿੰਘ ਦਾ ਸਮਾਂ ਖਿਆਲ ਕੀਤਾ ਜਾ ਰਿਹਾ ਹੈ, ਇਹ ਸਮਾਂ ਸੂਰਜ ਪ੍ਰਕਾਸ਼ ਦੀ ਸਮਾਪਤੀ ਦੇ ਨਾਲ ਹੀ ਜਾ ਢੁੱਕਦਾ ਹੈ। ਪੰਜ ਸੌ ਸਾਖੀ ਦੀ ਪੋਥੀ ਬੜੀ ਖੋਜ ਕਰਨ ਤੇ ਬੀ ਸਾਨੂੰ ਅਜੇ ਤਕ ਨਹੀਂ ਮਿਲੀ। ਸਭ ਤੋਂ ਪੁਰਾਤਨ ਲੇਖਕ ਭਾਈ ਗੁਰਦਾਸ ਜੀ ਹਨ ਜੋ ਗੁਰੂ ਜੀ ਦੇ ਸਮੇਂ ਹੋਏ ਹਨ। ਕਵੀ ਸੰਤੋਖ ਸਿੰਘ ਜੀ ਨੇ ਉਹਨਾਂ ਦੀ ਇਕ ਪੌੜੀ (ਵਾਰ ੨੬ ਪਉੜੀ ੨੪) ਗੁਰੂ ਜੀ ਦੇ ਬੀਰ ਰਸੀ ਜੀਵਨ ਪਰ ਲੋਕਾਂ ਦੀਆਂ ਉਸ ਵੇਲੇ ਦੀਆਂ ਸ਼ੰਕਾਵਾਂ ਤੇ ਇਤਰਾਜ਼ਾਂ ਦੀ ਦਿਤੀ ਹੈ। ਉਸ ਪੌੜੀ ਵਿਚ ਕੋਈ ਹਰਫ ਯਾ ਪਦ ਇਸ਼ਾਰੇ ਮਾਤ੍ਰ ਐਸਾ

ਨਹੀਂ ਜਿਸ ਤੋਂ ਕੌਲਾਂ ਜੀ, ਯਾ ਉਹਨਾਂ ਕਰਕੇ ਕਿਸੇ ਉਲਾਂਭੇ ਦਾ ਇਸ਼ਾਰਾ ਹੋਵੇ ਯਾ ਸਪਸ਼ਟ ਉਲਾਂਭੇ ਦਾ ਵਰਣਨ ਹੋਵੇ। ਜੇ ਕੌਲਾਂ ਜੀ ਦੀ ਸਾਖੀ-ਜਿਵੇਂ ਇਥੇ ਦਿੱਤੀ ਹੈ-ਹੋਈ ਹੁੰਦੀ ਤਾਂ ਇਸ ਪਉੜੀ ਵਿਚ ਜ਼ਿਕਰ ਜ਼ਰੂਰ ਹੁੰਦਾ। ਬਾਹਰ ਦੇ ਲਿਖੇ ਫਾਰਸੀ ਲੇਖਕਾਂ ਦੀ ਸਾਰੀ ਖੋਜ ਦਾ ਅਵਸਰ ਇਸ ਵੇਲੇ ਅਸਾਂ ਪਾਸ ਨਹੀਂ, ਪਰ ਦਬਿਸਤਾਨਿ ਮਜ਼ਾਹਬ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੀ ਗਈ ਹੈ, ਕਿਉਂਕਿ ਲੇਖਕ ਇਕ ਥਾਵੇਂ ਲਿਖਦਾ ਹੈ ਕਿ 'ਮੈਂ ਗੁਰੂ ਹਰਿਗੋਬਿੰਦ ਜੀ ਦੇ ਜ਼ਬਾਨੀ ਇਹ ਗੱਲ ਸੁਣੀ ਹੈ।' ਇਹ ਲੇਖਕ ਕੌਲਾਂ ਜੀ ਦਾ ਜ਼ਿਕਰ ਨਹੀਂ ਕਰਦਾ; ਉਂਞ ਉਸ ਨੇ ਹੋਰ ਕਈ ਪ੍ਰਸੰਗ ਗੁਰੂ ਸਾਹਿਬਾਂ ਬਾਬਤ ਲਿਖੇ ਹਨ।

੧ ਭਾਈ ਸੰਤੋਖ ਸਿੰਘ ਜੀ ਨੇ ਜੋ ਕੁਝ ਲਿਖਿਆ ਹੈ, ਉਸੇ ਨੂੰ ਖੋਜ ਕੇ ਪੜ੍ਹਿਆ ਜਾਵੇ ਤਾਂ ਇਸ ਸਿਧਾਂਤ ਤੇ ਪਹੁੰਚੀਦਾ ਹੈ ਕਿ ਕੌਲਾਂ ਕੱਲਜਾਨ ਵਾਸਤੇ ਆਈ ਤੇ ਸਦਗਤੀ ਨੂੰ ਪ੍ਰਾਪਤ ਹੋਈ। ਯਥਾ:-(੧) ਕੌਲਾਂ ਜੀ ਦੇ ਸ਼ਰਨ ਆਉਣ ਦੀ ਦਰਖਾਸਤ ਵਾਲੇ ਪੱਤ੍ਰ ਦੇ ਜਵਾਬ ਵਿਚ ਗੁਰੂ ਜੀ ਨੇ ਲਿਖਿਆ ਹੈ:-

'ਜੇ ਜਹਾਜ ਚਢ ਗਏ ਹਮਾਰੇ। ਦੀਨ ਦੁਨੀ ਹਮ ਤਿਸ ਰਖਵਾਰੇ।
ਬਿਨਾ ਜਹਾਜ ਚਢੇ ਨਹਿੰ ਵਾਲੀ। ਬਡ ਪੁਰਸ਼ਨ ਕੀ ਹੈ ਅਸ ਚਾਲੀ।'

[ਰਾਸਿ ੫ ਅੰਸੂ ੧੯ ਅੰਕ ੨੮, ੨੯]

ਜਿਸ ਦੇ ਉੱਤਰ ਵਿਚ ਕੌਲਾਂ ਲਿਖਦੀ ਹੈ:-

'ਸੁਨੀਅਹਿ ਗੁਰੂ ਗਰੀਬ ਨਿਵਾਜੂ। ਮੈਂ ਤਨ ਮਨ ਤੇ ਚਢੀ ਜਹਾਜੂ।'

[ਰਾਸਿ ੫, ਅੰਸੂ ੧੯ ਅੰਕ ੩੨]

ਸਿੱਖੀ ਬੋਲ ਚਾਲ ਵਿਚ ਜਹਾਜ਼ ਚੜ੍ਹਨ ਦੇ ਅਰਥ ਹਨ ਸਿਖ ਧਰਮ ਨੂੰ ਧਾਰਨ ਕਰ ਲੈਣਾ। (੨) ਭਾਈ ਬੁੱਢਾ ਜੀ ਨੂੰ ਜਦ ਗੁਰੂ ਜੀ ਕੌਲਾਂ ਨੂੰ ਲਿਆਉਣੋਂ ਸੰਕੋਚ ਦੱਸਦੇ ਹਨ ਤਾਂ ਭਾਈ ਬੁੱਢਾ ਜੀ ਕਹਿੰਦੇ ਹਨ ਕਿ ਉਹ ਪਿਛਲੇ ਜਨਮ ਦੀ ਬੜੀ ਤਪੱਸ੍ਵਨੀ ਹੈ, ਉਸ ਨੇ ਬ੍ਰਤ ਧਾਰੇ ਤੇ ਘਾਲ ਕੀਤੀ ਹੈ, ਇਹ ਉਸ ਦੇ ਧਰਮ ਅਨੁਰਾਗਨਿ ਤੇ ਅਧਿਕਾਰੀ ਜੱਗਜਾਸੂ ਹੋਣ ਦਾ ਸਬੂਤ ਹੈ, ਯਥਾ:-

'ਚਿਰੰਕਾਲ ਕੀ ਤਪ ਕੋ ਤਾਪਤਿ। ਅਬਿ ਭੀ ਹ੍ਵੈ ਨ ਆਪ ਕੋ ਪ੍ਰਾਪਤ? ॥੧੬॥
ਕਿਸੂ ਦੋਸ਼ ਤੇ ਤਨ ਤੁਰਕਾਨੀ। ਤਊ ਘਾਲ ਤੇ ਉਚਿਤੈ ਜਾਨੀ।
ਚੰਦ੍ਰਾਇਣ ਆਦਿਕ ਬ੍ਰਤ ਧਰੇ। ਕਸ਼ਟ ਅਨਿਕ ਤਨ ਸਹਿਬੋ ਕਰੇ' ॥੧੭॥

[ਰਾਸ ੫ ਅੰਸੂ ੧੮]

(੩) ਫਿਰ ਕੌਲਾਂ ਆਪ ਆਪਣੇ ਪਿਤਾ ਦੀ ਝਿੜਕ ਦੇ ਜਵਾਬ ਵਿਚ ਕਹਿੰਦੀ ਹੈ:-

ਮੈਂ ਤੋ ਤਰੀ ਪਰੀ ਸ਼ਰਨਾਈ। ਨਿਕਸੀ ਨਰਕ ਸੁਰਗ ਮਹੁ ਆਈ।'

[ਰਾਸ ੫ ਅੰਸੂ ੨੪ ਅੰਕ ੧੫]

(੪) ਨਾਨਕ ਮਤੇ ਜਾਣ ਲਗਿਆਂ ਕੌਲਾਂ ਸਤਿਗੁਰਾਂ ਦੇ ਨਿੱਤ ਦਰਸ਼ਨ ਦੀ ਯਾਚਨਾ ਕਰਦੀ ਹੈ ਤਾਂ ਗੁਰੂ ਜੀ ਫੁਰਮਾਉਂਦੇ ਹਨ:-

'ਪਾਛਲ ਰਾਤ ਉਠਹੁ ਅਸ਼ਨਾਨਹੁ। ਜਪੁਜੀ ਮੁਖ ਤੇ ਪਾਠ ਬਖਾਨਹੁ।
ਭੋਗ ਪਾਇ ਜਬਿ ਸੀਸ ਨਿਵਾਵੈਂ। ਦਰਸ ਹਮਾਰੋ ਤਬਿ ਤੂੰ ਪਾਵੈਂ।'

[ਰਾਸਿ ੫ ਅੰਕ ੩੧, ਅੰਕ ੨੨]

ਜਿਸ ਦਿਨ ਕੌਲਾਂ ਵਿਆਕੁਲ ਹੋ ਇੰਨੀ ਅੰਤਰ ਮੁਖ ਹੋਈ ਕਿ ਸਮਾਧੀ ਲਗ ਗਈ ਉਸ ਦਿਨ ਗੁਰੂ ਜੀ ਉਸ ਦੀ ਅੰਤ੍ਰੀਵ ਖਿੱਚ ਨੂੰ ਸਹੀ ਕਰਕੇ ਉਸ ਵਲ ਟੁਰਦੇ ਹਨ। ਕਵੀ ਜੀ ਉਸ ਵੇਲੇ ਦੇ ਬਿਰਦ ਨੂੰ ਐਉਂ ਦੱਸਦੇ ਹਨ:-

'ਭਗਤ ਵਛਲ ਜੋ ਬਿਰਦ ਉਦਾਰਾ। ਉਰ ਗਾਢੋ ਕਰਿ ਅੰਗੀਕਾਰਾ।'

[ਰਾ: ੫ ਅੰਕ ੫੭ ਅੰਕ ੩੬]

(੬) ਜਦ ਕੌਲਾਂ ਨੂੰ ਆਪਣਾ ਨਾਮ ਕਾਇਮ ਰੱਖਣ ਦੀ ਮਾਇਆ ਫੁਰਦੀ ਹੈ ਤੇ ਪੁੱਤ੍ਰ ਦੀ ਲੋੜ ਭਾਸਦੀ ਹੈ, ਤਾਂ ਗੁਰੂ ਜੀ ਉਸ ਨੂੰ ਕੌਲਸਰ ਲਾਕੇ ਨਾਮ ਕਾਇਮ ਰਹਿਣੇ ਦੀ ਲੋੜ ਪੂਰੀ ਕਰ ਦੇਂਦੇ ਹਨ ਤੇ ਉਹ ਸੁਖੀ ਹੋ ਜਾਂਦੀ ਹੈ।

ਸਾਰਿਆਂ ਗੁਰੂ ਸਾਹਿਬਾਨ ਦਾ ਇਕ ਪ੍ਰਬਲ ਬਿਰਦ ਰਿਹਾ ਹੈ ਜਿੱਥੇ ਕਿ ਕਿਸੇ ਨੇ ਪ੍ਰੀਤਵਾਨ ਹੋਕੇ ਯਾ ਪ੍ਰੇਮਵਸ਼ ਹੋਕੇ ਆਪ ਨੂੰ ਯਾਦ ਕੀਤਾ ਹੈ ਓਥੇ ਹੀ ਅੱਪੜੇ ਹਨ, ਯਾ ਜੇ ਸ਼ਰਨ ਮੰਗੀ। ਹੈ ਤਾਂ ਦਿੱਤੀ ਹੈ। ਛੇਵੇਂ ਹੀ ਸਤਿਗੁਰਾਂ ਦਾ ਭਾਈ ਰੂਪੇ ਆਦਿਕਾਂ ਦੇ ਪਹੁੰਚਣਾ, ਡਰੋਲੀ ਸਾਈਂ ਦਾਸ ਨੂੰ ਬਹੁੜਨਾਂ, ਨਾਨਕ ਮਤੇ ਸਾਧੂ ਪਾਸ ਅੱਪੜਨਾ, ਕਸ਼ਮੀਰ ਮਾਈ ਭਾਗਭਰੀ ਦੀ ਖਿੱਚ ਤੇ ਜਾ ਪਹੁੰਚਣਾ, ਕਈ ਪ੍ਰਸੰਗ ਹਨ। ਮਾਈ ਭਾਗਭਰੀ ਦੇ ਪ੍ਰਸੰਗ ਉਤੇ ਕੋਈ ਕਿੰਤੂ ਨਹੀਂ ਕਰਦਾ, ਕਿਉਂਕਿ ਉਹ ਬ੍ਰਿੱਧਾ ਹੈ, ਪਰ ਕੌਲਾਂ ਦੇ ਪ੍ਰਸੰਗ ਤੇ ਇਸ ਕਰਕੇ ਕਿ ਉਹ ਯੁਬਾ ਅਵਸਥਾ ਵਿਚ ਹੈ। ਕਿੰਤੂ ਕਰਨਾ ਸਤਿਗੁਰਾਂ ਦੇ ਬਿਰਦ ਨੂੰ ਨਾ ਸਮਝ ਸਕਣਾ ਹੈ। ਉਹਨਾਂ ਦਾ ਬਿਰਦ ਹੈ ਇਨਸਾਨੀ ਦਿਲ ਦੀ ਪੀੜਾ ਨੂੰ ਹਰਨਾ, ਉੱਚੇ ਸੁਹਣੇ ਪਿਆਰ ਤੇ ਪਿਆਰ ਦੀ ਤੀਖਣਤਾ ਨੂੰ ਸੜ ਉੱਠਣ ਤੋਂ ਬਚਾ ਕੇ ਆਤਮ ਜੀਵਨ ਦੀ ਰੌ ਵਿਚ ਜਿਵਾਲ ਦੇਣਾ। ਇਸ ਬਿਰਦ ਦੇ ਪਾਲਣ ਵਿਚ ਉਹਨਾਂ ਜੁਵਾ ਕਿ ਬ੍ਰਿੱਧ, ਮਨੁੱਖ ਕਿ ਇਸਤ੍ਰੀ ਰਾਉ ਕਿ ਰੰਕ ਕਿਸੇ ਵਿਚ ਫਰਕ ਨਹੀਂ ਕਰਨਾ। ਇਸ ਬਿਰਦ ਦੀ ਹਰ ਹਾਲ ਵਿਚ ਪਾਲਣਾ ਕਰਨੀ ਉਨ੍ਹਾਂ ਦੀ ਨਿਰਭੈਤਾ ਤੇ ਭਗਤ ਵੱਛਲਤਾ ਦਾ ਕਮਾਲ ਦੱਸਦੀ ਹੈ, ਤੇ ਮਹਾਨ ਆਦਰ ਯੋਗ ਹੈ। ਉਨ੍ਹਾਂ ਦੇ ਐਸੇ ਪ੍ਰਸੰਗਾਂ ਪਰ ਤੰਗ ਤੇ ਮੁਰਦਾਰ ਦਿਲਾਂ ਨੂੰ ਹੀ ਕਿੰਤੂ ਫੁਰਦੇ ਹਨ।

ਫਿਰ ਸ੍ਰੀ ਗੁਰੂ ਹਰਿਗੋਵਿੰਦ ਜੀ ਦੇ ਸ਼ੁਭਾਚਰਣ ਬਾਬਤ ਕਵੀ ਜੀ ਲਿਖਦੇ ਹਨ:-

ਇਹ ਸੁੰਦਰਤਾ ਇਹ ਤਰੁਨਾਈ। ਇਹ ਕਦ, ਇਹ ਬਲ, ਇਹ ਚਤੁਰਾਈ।
ਸਭਕੋ ਪਾਇ ਕਿਯੋ ਮਨ ਬਸ ਮੈ। ਨਹਿਂ ਦੌਰਤਿ ਕਬਹੂੰ ਕਿਸ ਰਸ ਮੈ॥

[ਰਾ: ੫ ਅੰ: ੭-੩੩]

ਪੁਨਾ:- ਬਾਸਹਿਂ ਸਾਗਰ ਮਹਿਂ ਦਿਨ ਰੈਨ। ਪਟ ਪਾਲੋ ਬੀ ਆਲੋ ਹੈ ਨ।
ਕਾਜਰ ਕੋ ਕੋਠਾ ਬਡ ਕਾਰੋ। ਕਰਹਿਂ ਕਾਰ ਬਿਚ ਸੰਝ ਸਕਾਰੋ॥੬॥
ਤਉ ਸ਼ਯਾਮਤਾ ਛੂਈ ਨ ਲੇਸ਼। ਉੱਜਲ ਪੋਸ਼ਿਸ਼ ਰਹੇ ਹਮੇਸ਼।
ਜੇਤਿਕ ਮਹਾਂ ਅਜ਼ਮਤੀ ਨਰ ਹੈਂ। ਗੁਰਕੋ ਪਿਖਿ ਪਿਖਿ ਬਿਸਮਤਿ ਉਰ ਹੈਂ॥੭॥
ਪਰੇ ਜਗਤ ਬਿਵਹਾਰਨ ਐਸੇ। ਹਰਖ ਸ਼ੋਕ ਉਰ ਛੁਹਯੋ ਨ ਕੈਸੇ॥

[ਰਾ: ੫ ਅੰ: ੫੫]

ਫਿਰ ਕਾਜ਼ੀ ਦੇ ਸ਼ਾਹ ਪਾਸ ਜਾ ਪੁਕਾਰਨ ਤੇ ਵਜ਼ੀਰ ਖਾਂ ਪਾਤਸ਼ਾਹ ਨੂੰ ਕਉਲਾਂ ਦਾ ਹਾਲ ਸੁਣਾਉਂਦਾ ਹੋਇਆ ਦੱਸਦਾ ਹੈ ਕਿ ਗੁਰੂ ਦਾ ਘਰ ਨਿਮਾਣਿਆਂ ਦਾ ਮਾਣ ਹੈ ਤੇ ਉੱਥੇ ਅਨੇਕਾਂ ਹੀ ਨਰ, ਤ੍ਰੀਮਤਾਂ ਪਏ ਰਹਿੰਦੇ ਹਨ, ਜਿਨ੍ਹਾਂ ਨੂੰ ਗੁਰੂ ਜੀ ਦੇ ਅਤੁੱਟ ਲੰਗਰੋਂ ਭੋਜਨ ਤੇ ਬਸਤ੍ਰ ਆਦਿ ਮਿਲਦੇ ਰਹਿੰਦੇ ਹਨ:-

'ਹਜ਼ਰਤ ਸੁਨਹੁ ਕਹਾਂ ਕਿਸ ਕਹੀਅਹਿ। ਕਲਜੁਗ ਸਮਾਂ ਕਹਿਰ ਕੋ ਲਹੀਅਹਿ।
ਤਨੁਜਾ ਤਰੁਨ ਕੀਨਿ ਦੁਖਿਆਰੀ। ਕਰਜੋ ਨਿਕਾਹ ਨ, ਦਿਨ ਪ੍ਰਤਿ ਮਾਰੀ॥੮॥
ਹੁਇ ਲਚਾਰ ਨਿਕਸੀ ਗ੍ਰਿਹ ਛੋਰਿ। ਬਿਚਰਤਿ ਗਈ ਸੁਧਾਸਰ ਓਰਿ।
ਇਸਕੇ ਮਾਰਨ ਤੇ ਡਰਿ ਧਰਿ ਕੈ॥ ਬਸੀ ਤਹਾਂ, ਆਇ ਨ ਮੁਰ ਕਰਿ ਕੈ॥੯॥
ਸ੍ਰੀ ਗੁਰ ਕੋ ਘਰ ਸਦਾ ਕ੍ਰਿਪਾਲ। ਪਰੇ ਅਨੇਕ ਰਹਹਿਂ ਨਰ ਬਾਲ।
ਅੰਨ ਸਭਿਨਿ ਕੋ ਦੇਤੇ ਰਹੈਂ। ਅਸਨ ਬਸਨ ਬਸਹਿ ਜੁ ਤਹਿਂ, ਲਹੈ॥੧੦॥
ਤਿਨ ਪਰ ਕਰਤਿ ਪੁਕਾਰ ਅਜਾਨ। ਜਿਨਹੁ ਦੀਨਿ ਬਡ ਹਜ਼ਰਤ ਪ੍ਰਾਨ।
ਮੀਆਂ ਮੀਰ ਆਦਿ ਜੇ ਪੀਰ। ਜਿਨਤੇ ਅਦਬ ਕਰਹਿਂ ਮਿਲਿ ਤੀਰ॥੧੧॥

[ਰਾਸਿ ੫ ਅੰਸੂ ੨੫]

ਭਾਈ ਸੰਤੋਖ ਸਿੰਘ ਜੀ ਦੇ ਸਮੇਂ ਦੇ ਨੇੜੇ ਤੇੜੇ ਦੇ ਹੋਰ ਲੇਖਕ ਤੇ ਮਗਰਲੇ ਇਤਿਹਾਸਕਾਰਾਂ ਨੇ ਕੌਲਾਂ ਦੇ ਪ੍ਰਸੰਗ ਬਾਬਤ ਜੋ ਕੁਛ ਲਿਖਿਆ ਹੈ ਸੋ ਇਹ ਹੈ:-

(੧) ਸ੍ਰੀ ਗੁਰੂ ਸਿਧਾਂਤ ਪਾਰਿਜਾਤ ਗ੍ਰੰਥ ਪੰਡਤ ਹਰਿ ਸਿੰਘ ਜੀ ਕ੍ਰਿਤ ਦੇ ਯਾਰ੍ਹਵੇਂ ਵਿਸ਼੍ਰਾਮ ਵਿਖੇ ਇਉਂ ਲਿਖਿਆ ਹੈ:-

ਪ੍ਰੇਕ਼ਤਾਥ ਤਥਾ ਦਾਸੀ ਗਤੇਚਾਸਤੰ ਦਿਵਾਕਰੇ।
ਸ਼੍ਰਾਵਤੰਚ ਤਯਾ ਵ੍ਰਤੰ ਪ੍ਰਾਹ ਦੇਵਸ ਤਦੁਤਰਮ੍॥੯੩॥
ਭਾਵ:

ਸ਼੍ਰੀ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸ੍ਵਰੂਪ ਦਾ ਦਰਸ਼ਨ ਕਰਕੇ ਜਦ ਕਾਜ਼ੀ ਦੀ ਪੁੱਤ੍ਰੀ ਨੂੰ ਸ਼ਰਧਾ ਹੋ ਆਈ ਤਦ ਉਸ ਨੇ ਆਪਣੀ ਗੋਲੀ ਭੇਜੀ ਜੋ ਸੰਧ੍ਯਾ ਵੇਲੇ ਗੁਰੂ ਜੀ ਪਾਸ ਪੁੱਜੀ ਤੇ (ਕੌਲਾਂ ਵਲੋਂ ਸ਼ਰਧਾ ਭਾਵ ਦੀ ਗੱਲ ਸੁਣਾਈ)। ਉਸ ਦਾ ਹਾਲ ਸੁਣਕੇ (ਸਤਿਗੁਰੂ) ਦੇਵ ਜੀ ਨੇ ਉੱਤਰ ਦਿੱਤਾ ਕਿ ਜੇ ਉਹ ਆਵਨਾ ਚਾਹੁੰਦੀ ਹੈ ਤਾਂ ਉਸ ਨੂੰ ਜਾਕੇ ਕਹੋ ਕਿ:-

ਭੋਗ ਵਾਂਛਾ ਨਾ ਦੇਦ ਅਸਤਿ ਤਦਾ ਗਛੇਤ ਨ ਸੰਸ਼ਜ:
ਇੰਦ੍ਰ ਸ਼੍ਰੁਤਵਾ ਗਤਾ ਦਾਸੀ ਪੁਨ: ਸ਼ੀਘ੍ਰੰ ਸਮਾਗਤਾ ॥ ੯੪ ॥

ਭਾਵ:

ਜੇ ਉਸ ਨੂੰ (ਕਾਮ) ਭੋਗ ਦੀ ਇੱਛਾ ਨਹੀਂ ਤਾਂ (ਪਰਮਾਰਥੀ) ਸ਼ਰਧਾ ਸਮੇਤ ਆਵਨ ਵਿਚ ਕੋਈ ਰੋਕ ਨਹੀਂ। ਇਹ ਗੱਲ ਸੁਣਕੇ ਦਾਸੀ ਗਈ (ਤੇ ਉਸ ਨੇ ਉਸਨੂੰ ਜਾ ਗੱਲ ਸੁਣਾਈ ਤੇ ਇਹ ਉੱਤਰ ਲੈਕੇ) ਛੇਤੀ ਵਾਪਸ ਆਈ ਕਿ:-

ਪ੍ਰਾਹ ਦੇਵੰ ਨ ਭੋਗੇਛਾ ਦਰਸ਼ਨੇ ਛੈਵ ਵਰਤਤੇ।
ਪ੍ਰਭੋ ਤਸਜਾ: ਤ੍ਵਜਾ ਸਾਕੰ ਸਾ ਗਮਿਸ਼ਜਤਿ ਸਤਪੁਰਮ੍ ॥ ੯੫ ॥

ਭਾਵ:

(‘ਕੌਲਾਂ ਜੀ ਦੀ ਗੋਲੀ ਨੇ) ਕਿਹਾ, ਹੇ ਦੇਵ ਉਸਨੂੰ ਕਾਮਭੋਗ ਦੀ ਮਲੀਨ ਇੱਛਾ ਨਹੀਂ, ਉਸਨੂੰ ਆਪ ਜੀ ਦੇ ਦਰਸ਼ਨ ਦੀ ਹੀ ਕੇਵਲ ਇੱਛਾ ਹੈ। ਹੇ ਪ੍ਰਭੋ ਉਹ (ਕੌਲਾਂ ਜੀ) ਤੁਸਾਡੇ ਨਾਲ ਸ੍ਰੀ ਅੰਮ੍ਰਿਤਸਰ ਜੀ ਜਾਣਾ ਚਾਹੁੰਦੀ ਹੈ।

ਉਪ੍ਰੋਕਤਿ ਸ਼ਲੋਕਾਂ ਤੋਂ ਪਹਿਲੇ ਇਹ ਪ੍ਰਸੰਗ ਹੈ ਕਿ ਕੌਲਾਂ ਦੇਵ ਲੋਕ ਵਿਚ ਉਰਵਸ਼ੀ ਨਾਮ੍ਰ ਅਪੱਸਰਾਂ ਸੀ ਤੇ ਕਪਿਲਮੁਨੀ ਦੇ ਸ੍ਰਾਪ ਕਰਕੇ ਯਵਨਾਂ ਦੇ ਘਰ ਪੈਦਾ ਹੋਈ ਸੀ। ਇਸੇ ਪੋਥੀ ਵਿਚ ਕੌਲਾਂ ਜੀ ਦੇ ਅੰਤ ਕਾਲ ਵੇਲੇ ਕੌਲਾਂ ਦੇ ਮੁਖੋਂ ਇਹੋ ਕਥਨ ਦਿੱਤਾ ਹੈ, ਯਥਾ:-

ਕੌਲੋ ਵਾਚ:

ਅੰਤਕਾਲੇ ਮਯਾ ਦ੍ਰਸ਼੍ਰੰ ਸ਼੍ਰੀ ਮਤਾਂ ਪਦ ਪੁਸ਼ਕਰਮ।
ਅਤੋ ਜਾਨੇ ਕ੍ਰਿਪਾ ਸਿਧੋ ਮੁਨੇ: ਸ਼ਾਪੋ ਵਰਾਯਤੇ ॥ [੧੧ ਵਿਸ਼੍ਰਾਂਮ, ਸ਼ਲੋਕ ੧੮੩]

ਭਾਵ:

ਸ੍ਰੀ ਯੁਤ (ਸਤਿਗੁਰੂ ਜੀਉ !) ਮੈਂ ਅੰਤ ਵੇਲੇ ਆਪ ਜੀ ਦੇ ਚਰਨ ਕਵਲ ਦੇਖੇ ਹਨ, ਇਸ ਲਈ ਮੈਂ ਹੁਣ ਜਾਣ ਲੀਤਾ ਹੈ ਕਿ (ਕਪਿਲ ਮੁਨੀ ਦੇ) ਸ੍ਰਾਪ ਦਾ ਅੰਤ ਹੋ ਗਿਆ ਹੈ।

ਇਦੰਚੋਕਤਾ ਗਤਾ ਦੇਵੀ ਨਿਜੰ ਰੂਪੰ ਸਨਾਤਨਮ [੧੮੫ ਸ਼ਲੋਕ ਦਾ ਪੂਰਵਾਰਧ]

ਭਾਵ:

ਇਹ ਕਹਿਕੇ ਉਹ ਦੇਵੀ ਆਪਣੇ ਆਦਿ ਨਿਜ ਰੂਪ ਨੂੰ ਪ੍ਰਾਪਤ ਹੋ ਗਈ।

(੨) ਇਤਿਹਾਸ ਗੁਰੂ ਖਾਲਸਾ (ਹਿੰਦੀ) ਦੇ ਕਰਤਾ ਸਾਧੂ ਸ੍ਰੀ ਗੋਬਿੰਦ ਸਿੰਘ ਜੀ ਕਉਲਾਂ ਬਾਬਤ ਐਉਂ ਲਿਖਦੇ ਹਨ:-

“ਰੁਸਤਮ ਨਾਮਕ ਕਾਜ਼ੀ ਕੇ ਘਰ ਮੇਂ ਏਕ ਕੌਲਾਂ ਨਾਮਕ ਪੁੱਤ੍ਰੀ ਫਕੀਰ ਮੀਆਂ ਮੀਰ ਦੀ ਮੁਰੀਦ (ਸ਼ਿਸ਼) ਥੀ, ਵਹੁ ਅਤਿ ਸੁੰਦਰੀ ਹੋਨੇ ਪਰ ਭੀ ਬਹੁਤ ਹੀ ਸੁਸ਼ੀਲਾ ਤਥਾ ਲੱਜਾਵਤੀ ਥੀ, ਛੋਟੇਪਨ ਹੀ ਸੇ ਉਸਨੇ ਪਰਮੇਸ਼੍ਵਰ ਕੇ ਭਜਨ ਸਿਮਰਨ ਫਕੀਰੋਂ ਕੀ ਸੁਹਬਤ ਮੇਂ, ਅਪਨੇ ਮਨ ਕੋ ਪਰਵਿਰਤ ਕਰ ਰਖਾ ਥਾ, ਯੁਵਤੀ ਹੋ ਕਰ ਭੀ ਉਸ ਨੇ ਅਪਨਾ ਵਿਵਾਹ ਕਰਨੇ ਸੇ ਪਿਤਾ ਮਾਤਾ ਕੋ ਇਨਕਾਰ ਕੀਆ ਥਾ ਔਰ ਘਰ ਮੇਂ ਭੀ ਏਕ ਇਕਾਂਤ ਸਥਲ ਮੇਂ ਪ੍ਰਤਿ ਛਿਣ ਨਿਵਾਸ ਕਰਾ ਕਰਤੀ ਥੀ। ਜੱਬ ਕਭੀ ਬਾਹਰ ਜਾਤੀ ਤੋਂ ਅਪਣੇ ਗੁਰੂ ਮੀਆਂ ਮੀਰ ਫਕੀਰ ਕੇ ਦਰਸ਼ਨ ਹੀ ਕੋ ਜਾਤੀ ਅਨਯਥਾ ਘਰ ਸੇ ਬਾਹਰ ਪਾਉਂ ਭੀ ਨਾ ਨਿਕਾਲਤੀ ਥੀ। ਉਸ ਨੇ ਬਹੁਤ ਬਾਰ ਮੀਆਂ ਮੀਰ ਜੀ ਕੀ ਮਜਲਿਸ ਮੇਂ ਮੀਆਂ ਮੀਰ ਜੀ ਕੇ ਮੁਖ ਸੇ ਤਥਾ ਔਰ ਅੱਛੇ ਅੱਛੇ ਫਕੀਰੋਂ ਕੇ ਮੁਖ ਸੇ ਸ੍ਰੀ ਗੁਰੂ ਹਰਿ ਗੋਵਿੰਦ ਜੀ ਕੀ ਅਨੇਕ ਤਰ੍ਹਾਂ ਕੀ ਪ੍ਰਸ਼ੰਸ਼ਾ ਸੁਣੀ ਥੀ ਵੈਸੇ ਹੀ ਕਭੀ ਕਭੀ ਆਪਣੀ ਮਜਲਿਸ ਮੇਂ ਭੀ ਕਰਤੀ। ਇਸ ਕਾ ਪਿਤਾ ਕਾਜ਼ੀ ਤੋ ਪ੍ਰਥਮ ਹੀ ਇਸ ਕੇ ਵਿਵਾਹ ਨਾ ਕਰਵਾਨੇ ਸੇ ਤਥਾ ਇਸ ਕੇ ਫਕੀਰੋਂ ਕੀ ਸੰਗਤ ਮੇਂ ਰਹਿਨੇ ਸੇ ਇਸ ਪਰ ਪੂਰਨ ਰੂਪ ਸੇ ਅਪ੍ਰਸੰਨ ਥਾ। ਜਬ ਇਸ ਕੇ ਮੁਖ ਸੇ ਕਾਜ਼ੀ ਨੇ ਗੁਰੂ ਹਰਿਗੋਬਿੰਦ ਜੀ ਕੀ

ਸ਼ਲਾਘਾ ਸੁਨੀ ਤੋ ਕ੍ਰੁੱਧ ਹੋ ਕਰ ਕਹਿਨੇ ਲਗਾ ਕਿ 'ਏ ਕਾਫਰੇ! ਤੂੰ..... ਕੀ ਤਾਰੀਫ ਕਰਤੀ ਹੈ ਔਰ ਸ਼ਰਅ਼ ਮੁਹੰਮਦੀ ਕੋ ਨਹੀਂ ਮਾਨਤੀ ਹੈ ਕਿ ਜਿਸ ਮੇਂ ਹਿੰਦੂ ਕਾਫਰ ਕੀ ਤਾਰੀਫ (ਸ਼ਲਾਘਾ) ਕਰਨੇ ਵਾਲੇ ਕੋ ਹੁਕਮ ਕਤਲ ਹੈ।' ਕੌਲਾਂ ਨੇ ਜਵਾਬ ਦੀਆ ਕਿ 'ਬਾਪ ਜੀ! ਸ਼ਰਆ ਮੁਹੰਮਦੀ ਫਕੀਰੋਂ ਕੇ ਲੀਏ ਯਾ ਮੇਰੇ ਲੀਏ ਨਹੀਂ ਹੈ ਕਿੰਤੂ ਮੂਰਖੋਂ ਕੇ ਲੀਏ ਹੈ, ਜੋ ਸਿਵਾਏ ਸ਼ਰਅ਼ ਕੇ ਦੂਸਰਾ ਕੁਛ ਜਾਨਤੇ ਮਾਨਤੇ ਹੀ ਨਹੀਂ, ਔਰ ਫਕੀਰ ਤੋ ਖੁਦਾ ਕੇ ਬੰਦੇ ਹੈਂ, ਇਨ ਕੀ ਖੁਦਾ ਮਾਨਤਾ ਹੈ ਜੈਸਾ ਚਾਹੇਂ ਕਰੇਂ ਇਨ ਕੋ ਸ਼ਰਆ ਮੁਹੰਮਦੀ ਸੇ ਕਿਆ ਕਾਮ ਹੈ। 'ਇੱਤਜਾਦਿ ਪੁੱਤ੍ਰੀ ਕੇ ਜਵਾਬ ਸੁਨ ਕਰ ਕਾਜ਼ੀ ਸਾਹਿਬ ਕੇ ਹਿਰਦੇ ਮੇਂ, ਅਗਨ ਜਲ ਉਠੀ ਔਰ ਉਸੀ ਦਿਨ ਦੂਸਰੇ ਕਾਜ਼ੀਓਂ ਸੇ ਮਿਲ ਕਰ ਅਪਨੀ ਪੁੱਤ੍ਰੀ ਕੌਲਾਂ ਕੇ ਸ਼ਰਆ ਕੇ ਬਾਹਰ ਬਰਤਾਵ ਕਰਨੇ ਕੇ ਅਪਰਾਧ ਮੇਂ ਹੁਕਮ ਕਤਲ ਨਿਕਾਲਾ। ਕੌਲਾਂ ਕੀ ਮਾਤਾ ਨੇ ਇਸ ਵਾਰਤਾ ਕੋ ਸੁਨ ਕਰ ਕੌਲਾਂ ਕੋ ਤਥਾ ਪੀਰ ਮੀਆਂ ਮੀਰ ਕੋ ਭੀ ਇਸ ਵਾਰਤਾ ਸੇ ਪਰਿਚਿਤ ਕੀਆ, ਜਿਸ ਪਰ ਮੀਆਂ ਮੀਰ ਨੇ ਕੌਲਾਂ ਕੋ ਕਹਾ ਕਿ 'ਯਹਾਂ ਪਰ ਕੋਈ ਉਪਾਉ ਤੇਰੇ ਬਚਨੇ ਕਾ ਪ੍ਰਤੀਤ ਨਹੀਂ ਹੋਤਾ, ਵਜਰਥ ਮਨਸੂਰ ਕੀ ਤਰ੍ਹਾਂ ਇਨ ਜ਼ਾਲਿਮ ਲੋਗੋਂ ਕੇ ਹਾਥ ਸੇ ਕਤਲ ਕਰੀ ਜਾਏਗੀ, ਇਸ ਸੇ ਅਛਾ ਹੋਵੇ ਜੋ ਤੂੰ ਅਭੀ ਸ਼ਰਣ ਪਾਲਕ ਗੁਰੂ ਹਰਿਗੋਵਿੰਦ ਜੀ ਕੇ ਪਾਸ ਅੰਮ੍ਰਿਤਸਰ ਮੇਂ ਚਲੀ ਜਾਵੇਂ, ਇਸ ਕਾਲ ਮੇਂ ਸਿਵਾਇ ਉਨਕੇ ਤੇਰੀ ਜਾਨ ਕੋ ਬਚਾਨੇ ਵਾਲਾ ਔਰ ਦੂਸਰਾ ਨਹੀਂ ਹੈ।' ਕੌਲਾਂ ਨੇ ਅਪਨੇ ਗੁਰੂ ਕਾ ਕਹਾ ਉਚਿਤ ਸਮਝਾ ਉਸੀ ਵਕਤ ਬਾਂਧ ਬਨਾ ਕਰ ਇਕ ਅਪਨੇ ਗੁਰ ਭਾਈ ਕੋ ਸਾਥ ਲੇ ਕਰ ਸ਼ਹਿਰ ਅੰਮ੍ਰਿਤਸਰ ਕੋ ਰਵਾਨਾ ਹੁਈ। ਵਹਾਂ ਪਰ ਮੀਆਂ ਮੀਰ ਜੀ ਕੀ ਪਹਿਚਾਨ ਸੇ ਸ੍ਰੀ ਗੁਰੂ ਹਰਿਗੋਬਿੰਦ ਜੀ ਕੀ ਸ਼ਰਣ ਮੇਂ ਨਿਵਾਸ ਕਰਨੇ ਲਗੀ। ਕਾਜ਼ੀ ਸਾਹਿਬ ਨੇ ਭੀ ਪੀਛੇ ਸੇ ਸੁਨ ਲੀਆ, ਵੁਹ ਲੇਨੇ ਕੇ ਵਾਸਤੇ ਅੰਮ੍ਰਿਤਸਰ ਗਿਆ ਪ੍ਰੰਤੂ ਕਤਲ ਭੈ ਭੀਤ ਕੌਲਾਂ ਨੇ ਸਰਵਥਾ ਜਾਨਾ ਨਹੀਂ ਚਾਹਾ। ਸ਼੍ਰੀ ਗੁਰੂ ਜੀ ਨੇ ਉਸ ਕੇ ਨਿਵਾਸ ਕੇ ਲੀਏ ਏਕ ਪ੍ਰਿਥਕ ਮੰਦਿਰ ਬਨਵਾਇਆ। ਔਰ ਕਹਾ ਕਿ 'ਜੈਸੇ ਤੁਮਾਰੀ ਇੱਛਾ ਹੋ ਅਪਨਾ ਜੀਵਨ ਪੂਰਾ ਕਰੋ।' ਉਸ ਕੀ ਪ੍ਰਤੀਛਿਣ ਪਰਮੇਸ਼ੁਰ ਪਰਾਇਣਤਾ ਦੇਖ ਕਰ ਸ਼੍ਰੀ ਗੁਰੂ ਜੀ ਉਸ ਪਰ ਵਿਸ਼ੇਖ ਪ੍ਰੰਨ ਰਹਿਤੇ ਔਰ ਹਰ ਤਰ੍ਹਾਂ ਕੀ ਉਸ ਕੀ ਖਾਤਰੀ ਰਖਤੇ। ਕੁਛ ਸਮਯ ਐਸੇ ਹੀ ਬਯਤੀਤ ਹੂਆ ਤੋ ਏਕ ਦਿਨ ਕੌਲਾਂ ਨੇ ਅਪਨੇ ਸਭੀ ਆਭੂਖਣ ਤਥਾ ਕੁਛ ਨਕਦੀ ਜੋ ਕਿ ਉਸ ਕੀ ਮਾਤਾ ਨੇ ਉਸ ਕੋ ਦਿਯੇ ਥੇ ਇਕੱਤ੍ਰ ਕਰਕੇ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਕੇ ਆਗੇ ਰਖ ਦੀਆ ਔਰ ਹਾਥ ਜੋੜ ਕੇ ਕਹਾ ਕਿ 'ਦੀਨ ਬੰਧੋ ਇਸ ਮੇਰੇ ਪੈਸੇ ਕੋ ਕਿਸੀ ਐਸੇ ਧਰਮ ਕਾਰਯ ਮੇਂ ਲਗਾ ਦੀਜੀਏ ਜਿਸ ਮੇਂ ਕੁਛ ਕਾਲ ਮੇਰਾ ਨਾਮ ਇਸ ਸੰਸਾਰ ਪਰ ਰਹਿ ਜਾਏ।' ਸ਼੍ਰੀ ਗੁਰੂ ਜੀ ਨੇ ਉਸ ਧਨ ਸੇ ਉਸੀ ਕੇ ਨਾਮ ਕਾ ਏਕ ਤਾਲਾਬ ਖੁਦਾ ਦੀਆ ਜੋ ਕਿ ਅਬ ਤਕ ਮਹਾਂ ਪ੍ਰੱਖਜਾਤ ਧਰਮ ਪਵਿੱਤਰ ਅੰਮ੍ਰਿਤਸਰ ਸ਼ਹਿਰ ਮੇਂ ਕੌਲਸਰ ਕੇ ਨਾਮ ਸੇ ਪ੍ਰਸਿੱਧ ਹੈ।'

[ਪੰਨਾ ੨੬੭ ਤੋਂ ੨੬੯]

(੩) ਸਭ ਤੋਂ ਅਖੀਰਲੇ ਲੇਖਕ ਬਦੇਸ਼ੀ ਤੇ ਅਨਜ ਭਾਸ਼ਾ ਵਿਚ ਲਿਖਣ ਵਾਲੇ ਮਿ: ਐਮ. ਏ. ਮੈਕਾਲਫ ਹਨ, ਉਹਨਾਂ ਨੇ ਬੀ ਇਤਿਹਾਸ ਗੁਰੂ ਖਾਲਸਾ ਵਾਲੀ ਵਾਰਤਾ ਨੂੰ ਠੀਕ ਮੰਨਿਆ ਹੈ ਤੇ ਇਸੇ ਦਾ ਭਾਵ ਆਪਣੀ ਪੁਸਤਕ ਜਿਲਦ ਚਉਥੀ ਸਫਾ ੪੩ ਤੇ ੪੪ ਤੇ ਦਿਤਾ ਹੈ।

(੪) ਰਾਏ ਸਾਹਿਬ ਲਾਲਾ ਕਨ੍ਹਯਾ ਲਾਲ ਜੀ ਆਪਣੀ ਤਾਰੀਖੇ ਪੰਜਾਬ (ਉਰਦੂ) ਵਿਚ ਇਸ ਪ੍ਰਕਾਰ ਲਿਖਦੇ ਹਨ:-

'ਕੌਲਾਂ† ਨਾਮ ਕਾਜ਼ੀ ਕੀ ਲੜਕੀ ਗੁਰੂ ਜੀ ਕੇ ਜਮਾਲੇ ਬਾ ਕਮਾਲ ਪਰ ਸ਼ੇਫਤਾ ਹੋ ਗਈ ਔਰ ਗੁਰੂ ਜੀ ਕੇ ਸਾਥ ਅੰਮ੍ਰਿਤਸਰ ਆ ਗਈ, ਉਸ ਕੀ ਦਰਖਾਸਤ ਅਗਰਚਿਹ ਔਰ ਥੀ ਮਗਰ ਗੁਰੂ ਜੀ ਨੇ ਕਹਾ ਕਿ ਤੁਮ ਗੈਰ ਖ਼ਿਆਲ ਦਿਲ ਮੇਂ ਨਾ ਕਰੋ ਹਮਾਰੀ ਗੁਰਿਆਈ ਕੇ ਖਾਨਦਾਨ ਮੇਂ ਪਹਿਲੇ ਗੁਰੂ ਜੀ ਸੇ ਲੇਕਰ ਆਜ ਤਕ ਮੁਬਾਸ਼ਰਤ ਮਨ੍ਹਾ ਹੈ।'

†ਧੀ ਮੁਸਲਮਾਨ ਦੀ ਤੇ ਨਾਮ 'ਕੌਲਾਂ' ਇਸ ਪਰ ਬੀ ਕਈ ਸੋਚਵਾਨ ਹੈਰਾਨ ਹੁੰਦੇ ਹਨ। ਕੌਲਾਂ-ਕਮਲਾ-ਨਾਮ ਮਾਇਆ ਦਾ ਬੀ ਹੈ।

[ਸਫਾ ੩੦

(੫) ਭਾਈ ਗਿਆਨ ਸਿੰਘ ਜੀ ਤ੍ਵਾਰੀਖ ਖਾਲਸਾ ਵਿਚ ਐਉਂ ਲਿਖਦੇ ਹਨ:-

"ਕਾਜ਼ੀ ਦੀ ਬੇਟੀ ਕੌਲਾਂ ਭੀ ਅਜੇਹੀ ਪ੍ਰੇਮਣ ਹੋਈ ਕਿ ਉਹ ਰੋਜ਼ ਮੀਆਂਮੀਰ ਦੀ ਸੰਗਤ ਵਿਚ ਆਯਾ ਕਰੇ ਅਤੇ ਬਹੁਤ ਸਾਰੀ ਬਾਣੀ ਗੁਰੂ ਜੀ ਦੀ ਉਸ ਨੇ ਯਾਦ ਕਰ ਲਈ ਜਿਸ ਨੂੰ ਹਰ ਵੇਲੇ ਪੜ੍ਹਨ ਲਗੀ। ਕੌਲਾਂ ਦਾ ਬਾਪ ਕਾਜ਼ੀ ਜੋ ਗੁਰੂ ਜੀ ਨਾਲ ਘੋੜੇ ਦੀ ਕੀਮਤ ਲੈਣ ਬਦਲੇ ਲੜ ਪਿਆ ਹੋਯਾ ਸੀ ਤੇ ਦੂਸਰੀ ਜਵਾਨ ਲੜਕੀ ੨੦ ਬਰਸ ਦੀ ਨੂੰ ਮੀਆਂ ਮੀਰ ਤੇ ਗੁਰੂ ਸਾਹਿਬ ਦੀ ਮਜਲਸ ਵਿਚ ਜਾਂਦਿਆਂ ਦੇਖਕੇ ਵਧੇਰੇ ਖਿਝਿਆ, ਤੇ ਸਭ ਤੋਂ ਵਧਕੇ ਏਸ ਗੱਲੋਂ ਖਿਝਿਆ, ਅਰ ਕੌਲਾਂ ਨੂੰ ਆਖਣ ਲਗਾ ਜੋ ਤੂੰ..... ਦੀ ਬਾਣੀ ਨਾ ਪੜ੍ਹਿਆ ਕਰ; ਤਾਂ ਕੌਲਾਂ ਉਸ ਦੇ ਆਖੇ ਨਾ ਲਗੀ ਤੇ ਗੁਰੂ ਜੀ ਦੀ ਬਾਣੀ ਵਧੇਰੇ ਪੜ੍ਹਨ ਲਗੀ। ਓੜਕ ਕਾਜ਼ੀ ਨੇ ਕਿਹਾ ਕਿ ਤੂੰ ਸ਼ਰਾ ਮੁਹੰਮਦੀ ਦੇ ਅਨੁਸਾਰ ਕਤਲ ਕਰਨ ਦੇ ਲਾਇਕ ਹੋਵੇਂਗੀ, ਕਿਉਂਕਿ ਸ਼ਰਾ ਦਾ ਹੁਕਮ ਹੈ ਕਿ ਜੋ ਕੋਈ ਹਿੰਦੂ ਦੀ ਬਾਣੀ ਪੜ੍ਹਦਾ ਹੈ ਉਹ ਕਤਲ ਕਰਨ ਦੇ ਜੋਗ ਹੈ। ਕੁਝ ਚਿਰ ਤਾਂ ਕਾਜ਼ੀ ਨੇ ਬਹੁਤੇਰਾ ਸਮਝਾਇਆ, ਪਰ ਜਦ ਕੌਲਾਂ ਸੱਚਾ ਪਾਸਾ ਛੱਡਕੇ ਓਸ ਦੀਆਂ ਬਨਾਵਟੀ ਗੱਲਾਂ ਪਰ ਨਾ ਰੀਝੀ ਤਾਂ ਕਾਜ਼ੀ ਨੇ ਹੋਰਨਾਂ ਕਾਜ਼ੀਆਂ ਪਾਸੋਂ ਕੌਲਾਂ ਦੇ ਮਾਰਨ ਦਾ ਫਤਵਾ ਦਿਵਾ ਦਿੱਤਾ। ਇਹ ਖਬਰ ਸੁਣਕੇ ਕੌਲਾਂ ਦੀ ਮਾਂ ਨੇ ਧੀ ਦੀ ਜਾਨ ਬਚਾਉਣ ਲਈ ਕਾਜ਼ੀ ਤੋਂ ਚੋਰੀ ਉਸ ਨੂੰ ਮੀਆਂਮੀਰ ਪਾਸ ਭੇਜ ਦਿੱਤਾ। ਕੌਲਾਂ ਨੇ ਮੀਆਂ ਮੀਰ ਨੂੰ ਜਾਕੇ ਸਾਰਾ ਬ੍ਰਿਤੰਤ ਸੁਣਾਇਆ ਤਾਂ ਮੀਆਂ ਮੀਰ ਨੇ ਆਪਣੇ ਚੇਲੇ ਅਬਦੁਲਾ ਸ਼ਾਹ ਨੂੰ ਕੌਲਾਂ ਨਾਲ ਦੇਕਰ ਗੁਰੂ ਹਰਿ ਗੋਬਿੰਦ ਜੀ ਵਲ ਭੇਜ ਦਿੱਤਾ ਤੇ ਆਖ ਭੇਜਿਆ ਕਿ ਕੌਲਾਂ ਆਪ ਦੀ ਸ਼ਰਨ ਆਈ ਹੈ, ਏਸ ਦੀ ਜਾਨ ਬਚਾਉਣੀ ਤੁਹਾਡਾ ਤੇ ਸਾਡਾ ਧਰਮ ਹੈ।ਸੋ ਮੈਂ ਤਾਂ ਆਪਣੇ ਪਾਸ ਰੱਖ ਨਹੀਂ ਸਕਦਾ, ਕਿਉਂਕਿ ਕਾਜ਼ੀਆਂ ਦਾ ਫਤਵਾ ਲਗ ਚੁੱਕਾ ਹੈ ਤੇ ਮੇਰੇ ਕੋਲੋਂ ਬਾਦਸ਼ਾਹੀ ਆਦਮੀ ਏਸ ਨੂੰ ਲੈ ਜਾਣਗੇ, ਤੇ ਆਪ ਨਾਲ ਸ਼ਾਹ ਦਾ ਭੀ ਕੋਈ ਵੱਸ ਨਹੀਂ ਚੱਲੇਗਾ। ਤਾਂ ਤੇ ਸ਼ਰਨ ਆਈ ਦੀ ਲੱਜਾ ਰੱਖਕੇ ਇਸ ਦੀ ਜਾਨ ਬਚਾਓ। ਗੁਰੂ ਜੀ ਓਸ ਵੇਲੇ ਅੰਮ੍ਰਿਤਸਰ ਨੂੰ ਤਿਆਰ ਸੇ, ਏਸ ਲਈ ਕੌਲਾਂ ਬੀ ਅਬਦੁਲਾ ਸ਼ਾਹ ਦੇ ਸਮੇਤ ਅੰਮ੍ਰਿਤਸਰ ਹੀ ਆ ਗਈ ਤੇ ਕੌਲਾਂ ਨੇ ਗੁਰੂ ਜੀ ਅੱਗੇ ਘਿਘਿਆਇ ਕੇ ਬੇਨਤੀ ਕੀਤੀ ਕਿ ਗੁਰੂ ਦਾ ਘਰ ਨਿਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦਾ ਆਸਰਾ ਹੈ ਸੋ ਮੇਰੀ ਰੱਖਯਾ ਕਰੋ। ਕੌਲਾਂ ਦੇ ਦੀਨ ਬਚਨ ਤੇ ਮੀਆਂ ਮੀਰ ਦਾ ਸੁਨੇਹਾ ਸੁਣਕੇ ਤੇ ਕੌਲਾਂ ਨੂੰ ਕੇਵਲ ਸਤਿਸੰਗ ਦੀ ਪਿਆਰੀ ਤੇ ਗਿਆਨ ਦੀ ਗਾਹਕ ਦੇਖ ਕੇ ਗੁਰੂ ਜੀ ਨੇ ਲੰਗਰੋਂ (ਜਿੱਥੇ ਹੋਰ ਸੈਂਕੜੇ ਗ੍ਰੀਬ ਗੁਰਬਾ ਖਾਂਦੇ ਸੀ) ਰੋਟੀ ਕਪੜਾ ਮਿਲਣ ਦਾ ਹੁਕਮ ਦੇ ਦਿੱਤਾ, ਅਤੇ ਆਪਣੇ ਮਹਿਲਾਂ ਤੋਂ ਛੀ ਸੱਤ ਸੌ ਕਰਵ ਦੀ ਵਿੱਥ ਪਰ ਫੁਲਾਂ ਵਾਲੀ ਢਾਬ ਦੇ ਕਿਨਾਰੇ ਇਕ ਕੋਠਾ ਉਸ ਦੇ ਰਹਿਣ ਲਈ ਦਿੱਤਾ, ਅਤੇ ਧੀਰਜ ਦੇਕੇ ਆਖਿਆ ਹੁਣ ਤੈਨੂੰ ਕੋਈ ਫੜ ਕੇ ਨਹੀਂ ਲੈਜਾ ਸਕਦਾ, ਭਾਵੇਂ ਬਾਦਸ਼ਾਹ ਕਿਉਂ ਨਾ ਚੜ੍ਹ ਆਏ, ਤੂੰ ਨਿਸ਼ੰਗ ਬੇਫਿਕਰ ਹੋਕੇ ਭਜਨ ਕਰਿਆ ਕਰ। ਇਹ ਸੁਣ ਕੇ ਕੌਲਾਂ ਨੂੰ ਧੀਰਜ ਹੋ ਗਿਆ, ਤੇ ਓਥੇ ਬੈਠ ਕੇ ਭਜਨ ਕਰਨ ਲੱਗੀ।'

[ਹਿੱਸਾ ੧ ਨੰ: ੨ ਪੰਨਾ ੧੯੬ ਤੋਂ ੧੯੮

(੬) ਉਮਦਾਤੁੱਤ੍ਵਾਰੀਖ (ਫ਼ਾਰਸੀ) ਦਫਤਰਿ ਅੱਵਲ ਵਿਚ ਇਉਂ ਲਿਖਿਆ ਹੋਇਆ ਹੈ:-

"ਕਉਲਾਂ ਨਾਮੀ ਕਨੀਜ਼ ਕਿ ਕਾਜ਼ੀ ਕਿ ਅਜ਼ ਜ਼ੁਮਰਹਿ ਮੁੱਅ੍ਤਕ਼ਿਦਾਂ
ਈਂ ਜੁਨਾਬਿ ਆਲੀ ਬੂਦ, ਮੁਸ਼ਰਿਫ ਗਰਦੀਦ।" [ਪੰਨਾ ੨੭

ਅਰਥਾਤ:

ਕਾਜ਼ੀ ਦੀ ਕੌਲਾਂ ਨਾਮ ਦੀ ਕਨੀਜ਼ (ਦਾਸੀ) ਜੋ ਕਿ ਇਨ੍ਹਾਂ ਮਹਾਨ ਵਯਕਤੀ ਭਾਵ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਜੀ ਦੇ ਨਿਹਚਾ ਧਾਰਨ ਵਾਲਿਆਂ ਭਾਵ ਸਿੱਖਾਂ ਦੀ ਸੰਗਤ ਵਿਚੋਂ ਸੀ, ਗੁਰੂ ਜੀ ਦੇ (ਉਪਦੇਸ਼ ਨਾਲ) ਵਡਯਾਈ ਗਈ।

ਗੁਰੂ ਜੀ ਦੇ ਸਮੇਂ ਮਹਾਨ ਪੁਰਖ ਤੇ ਮਹਾਨ ਵਿਦਵਾਨ ਕਵੀ ਤੇ ਲੇਖਕ ਭਾਈ ਗੁਰਦਾਸ ਜੀ ਆਪਣੀ ਅੱਖੀਂ ਵੇਖਕੇ, ਸ੍ਰੀ ਗੁਰੂ ਹਰਿਗੋਵਿੰਦ ਜੀ ਬਾਬਤ ਇੰਵ ਲਿਖਦੇ ਹਨ:-

ਹਰਖਹੁੰ ਸੋਗਹੁੰ ਬਾਹਿਰਾ ਹਰਣ ਭਰਣ ਸਮਰੱਥ ਸਰੰਦਾ।
ਰਸ ਕਸ ਰੂਪ ਨ ਰੇਖ ਵਿੱਚ ਰਾਗ ਰੰਗ ਨਿਰਲੇਪ ਰਹੰਦਾ।
ਗੋਸ਼ਟ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦ ਗੋਵਿੰਦ ਗੁਰ 'ਹਰਿਗੋਵਿੰਦ' ਸਦਾ ਵਿਗਸੰਦਾ।
ਅਚਰਜ ਨੋਂ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।

ਗੁਰਮੁਖ ਮਾਰਗ ਚੱਲਣਾ ਖੰਡੇਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰ ਸਿੱਖ ਚਲੰਦਾ ॥ ੨੧ ॥
[ਭਾ: ਗੁ: ੨੪

ਸ਼ੋਕ ਠਾਨਿ ਬੈਠਹਿਂ ਗੁਰ ਤੀਰ।
ਆਯੋ ਪੈਂਦਖਾਨ ਬਰ ਬੀਰ।
'ਹਾਇ ! ਮਾਤ' ਕਹਿ ਊਚ ਪੁਕਾਰਾ।
ਦੇ ਧੀਰਜ ਸਤਿਗੁਰ ਨਿਰਵਾਰਾ ॥ ੧੨ ॥
ਸਭਿ ਹੀ ਸੁਭਟ, ਸਿੱਖ ਨਰ ਪੁਰਿ ਕੇ।
ਗਮਨੇ ਬੈਠਿ ਬੈਠਿ ਢਿਗ ਗੁਰਕੇ।
ਸੰਧਯਾ ਭਈ ਗਏ ਗੁਰੁ ਡੇਰੇ।
ਨਿਜ ਨਿਜ ਥਾਨ ਸਕਲ ਚਲਿ ਹੇਰੇ ॥ ੧੩ ॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਜਾਗੇ ਪ੍ਰਭੂ ਭੋਰ ਹੁਇ ਆਈ।
ਇਸ ਬਿਧਿ ਕੇਤਿਕ ਦਿਵਸ ਬਿਤਾਏ।
ਗੁਰੁ ਸੁਧਿ ਸੁਨਿ ਕਰਿ ਇਤ ਕੋ ਆਏ ॥ ੧੪ ॥
ਚਾਕਰ ਰਹਨਿ ਸੁਭਟ ਚਲਿ ਆਵੈਂ।
ਦੇਖਿ ਉਚਿਤ ਰਣ ਗੁਰੁ ਟਿਕਾਵੈਂ[1]। [1]ਰੱਖ ਲੈਂਦੇ ਹਨ।
ਭਯੋ ਸ਼ਾਹੁ ਕੇ ਸੰਗ ਬਖੇਰਾ।
ਲਰ ਕਰਿ ਲਸ਼ਕਰ ਹਤਯੋ ਘਨੇਰਾ ॥ ੧੫ ॥
ਭਯੋ ਬਿਦਤ ਜਸੁ ਜਹਿਂ ਕਹਿਂ ਸਾਰੇ।
-ਅਰਹਿ ਆਜ ਕੋ ਸ਼ਾਹੁ ਅਗਾਰੇ।
ਬਿਨਾ ਮਵਾਸ ਗਿਰਨ ਕੇ ਥਾਨ[1]। [1]ਪਹਾੜਾਂ ਦੇ ਆਕੀ ਟਿਕਾਣਿਆਂ ਤੋਂ ਬਿਨਾਂ।
ਅਟਕਹਿ ਕੌਨ, ਪ੍ਰਾਨ ਦੇ ਹਾਨ ॥ ੧੬ ॥
ਲਵਪੁਰਿ ਸੁਧਾ ਸਰੋਵਰ ਨੇਰੇ।
ਤਹਿਂ ਰਹਿ ਕਿਯੋ ਮਹਿਦ ਭਟ ਭੇਰੇ।
ਰਣ ਮਹਿਂ ਹੇਰਿ ਹੇਰਿ ਉਮਰਾਵਨਿ।
ਜੇ ਸਰਦਾਰ ਕਰੇ ਸਭਿ ਘਾਵਨਿ ॥ ੧੭ ॥
ਜਿਨ ਕੋ ਬਲ ਪਿਖਿ ਠਟਕਯੋ[1] ਸ਼ਾਹੂ। [1]ਠਠੰਬਰ ਗਿਆ।
ਬਹੁਰ ਨ ਕੀਨਿ ਲਰਨਿ ਉਤਸਾਹੂ।
ਇਸ ਬਿਧਿ ਕੋ ਜੋਧਾ ਇਸ ਕਾਲਾ।

ਨਹਿਂ ਮਹਿ ਮੰਡਲ ਮਹਿਂ ਬਲ ਵਾਲਾ ॥੧੮॥
ਸਕਲ ਦੇਸ਼ ਪਤਿਸ਼ਾਹੁ ਮਹਾਨਾ[1]।
ਤਿਸ ਕੋ ਤ੍ਰਾਸ ਨੈਕ ਨਹਿਂ ਮਾਨਾ।
ਹਤਿ ਲਸ਼ਕਰ ਕੋ ਧੂਰ ਮਿਲਾਯੋ।
ਨ੍ਰਿਭੈ ਬਾਸ ਦ੍ਰਾਬੇ ਅਬਿ ਆਯੋ- ॥੧੯॥
ਇਮ ਜਹਿਂ ਕਹਿਂ ਪ੍ਰਗਟਾਇ ਪ੍ਰਸੰਗ।
ਸੁਜਸੁ ਕਰਹਿਂ ਜੋਧਾ ਬਲ ਅੰਗ।
ਆਇਂ ਸੁਭਟ ਰਣ ਕੇ ਉਤਸਾਹੀ।
ਚਾਕਰ ਹੋਇ ਰਹਤਿ ਗੁਰ ਪਾਹੀ ॥੨੦॥
ਸ਼ਸਤ੍ਰਨਿ ਕੀ ਬਿੱਦਜਾ ਨਿਤ ਹੋਵੈ।
ਕਰਹਿਂ ਪਰਸਪਰ ਵਧਿ ਘਟਿ ਜੋਵੈਂ।
ਚਲਹਿ ਤੁਫੰਗ, ਕਿ ਤੋਮਰ ਗਹੈਂ।
ਤੁਰੰਗ ਧਵਾਇ ਦਿਖਾਵਤਿ ਅਹੈਂ ॥੨੧॥
ਬਸਹਿਂ ਪਠਾਨ ਗ੍ਰਾਮ ਜੇ ਨੇਰੇ।
ਹੱਥਜਾਰਨਿ ਕੋ ਗਹਤਿ ਘਨੇਰੇ।
ਸੋ ਸਭਿ ਸੁਨਹਿਂ 'ਗੁਰੂ ਕੇ ਪਾਸਿ।
ਪੈਂਦੇ ਖਾਨ ਬੀਰ ਬਲ ਰਾਸਿ' ॥੨੨॥
ਮਿਲਨਿ ਹੇਤ ਬਹੁਤੇ ਚਲਿ ਆਵੈਂ।
ਬੈਠਹਿਂ ਰਣ ਕੀ ਬਾਤ ਚਲਾਵੈਂ।
'ਕੌਨ ਕੌਨ ਗੁਰ ਕੋ ਭਟ ਅਰਜੋ।
ਮਾਰ ਗਜ਼ਬ ਕੀ ਲਸ਼ਕਰ ਮਰਜੋ[1]' ॥੨੩॥
ਤਿਨ ਮੈਂ ਪੈਂਦੇਖਾਨ ਬਖਾਨੈ।
'ਇਕ ਤੋ ਗੁਰੂ ਮਹਾਂਬਲ ਠਾਨੈਂ।
ਮੈਂ ਤਬਿ ਕੀਨਿਸਿ ਨਿਮਕ ਹਲਾਲ।
ਕਰਜੋ ਜੰਗ ਕੋ ਤਬਹਿ ਕਰਾਲ ॥੨੪॥
ਕਿਨਹੁਂ ਨ ਲੀਨਸਿ ਆਗਾ ਮੋਹਿ।
ਮਾਰੇ ਬ੍ਰਿੰਦ ਸ਼ੱਤ੍ਰ ਕਰਿ ਕ੍ਰੋਹ।
ਮੋ ਬਿਨ ਫਤੇ ਨ ਹੋਤਿ ਲਰਾਈ।
ਗਨ ਜੋਧਾਨਿ ਕੌਨ ਇਮ ਘਾਈ[1]? ॥੨੫॥

[1]ਜੋ) ਸਾਰੇ ਦੇਸ਼ ਦਾ ਵੱਡਾ ਪਾਤਸ਼ਾਹ ਹੈ।
[1]ਗਜ਼ਬ ਦੀ ਮਾਰ ਨਾਲ ਫੌਜ ਮਰੀ।
[1]ਇਉਂ ਕੌਣ ਮਾਰ ਸਕਦਾ ਸੀ।

ਜਿਸ ਕੇ ਇਕ ਇਕ ਖੜਗ ਪ੍ਰਹਾਰਾ।
ਸਹਤ ਤੁਰੰਗ ਜੁਦਾ ਕਰਿ ਡਾਰਾ।
ਕਿਸ ਕੋ ਦੀਨਿ ਧਕੇਲਾ ਮਾਰਜੋ।
ਕੋ ਹਯ ਪਗ ਗਹਿ ਉਲਟਾ ਡਾਰਜੋ ॥੨੬॥
ਕੋ ਤੀਰਨਿ ਕੇ ਸਾਥ ਪਰੋਏ।
ਭਾਗੇ ਰਿਪੁ, ਨਹਿਂ ਸਨਮੁਖ ਜੋਏ।
ਜੌ ਮੈਂ ਗੁਰ ਕੇ ਨਿਕਟ ਨ ਹੋਤਿ।
ਕਿਮ ਸੰਘਰ ਕੀ ਬਿਜੈ ਉਦੋਤਿ[1]? ॥੨੭॥
ਮੁਝ ਕੋ ਜਾਨਿ ਬਡੋ ਬਲਵਾਨ।
ਰਾਖਹਿਂ ਨਿਕਟ ਅਧਿਕ ਸਨਮਾਨ।
ਫਤੇ ਮੋਹਿ ਭੁਜਦੰਡਨਿ ਬਸੈ।
ਕੌਨ ਸਕਹਿ ਸਹਿ, ਦੇਖਤਿ ਨਸੈਂ' ॥੨੮॥
ਇੱਤਜਾਦਿਕ ਬੋਲਤਿ ਜਹਿਂ ਕਹਾਂ।
ਵਧਜੋ ਗਰਬ ਪੈਂਦੇ ਉਰ ਮਹਾਂ।
ਸਤਿਗੁਰ ਜਾਨਜੋ -ਭਾ ਮਤਿ ਹੀਨਾ।
ਜਰਹਿ ਬਡਾਈ ਨਹਿਂ, ਮਨ ਪੀਨਾ[1] ॥੨੯॥
ਨਹਿਂ ਗੰਭੀਰ ਧੀਰ, ਮਨ ਮਾਨੀ[1]।
ਹੁਇ ਫਲ ਬੁਰੋ, ਪਰਹਿ ਅਸ ਜਾਨੀ-।
ਨਾਮ ਮੀਰ ਛੋਟਾ ਇਕ ਗ੍ਰਾਮ।
ਜਹਾਂ ਪਠਾਨਨਿ ਕੇ ਗਨ ਧਾਮ ॥੩੦॥
ਤਹਿਂ ਤੇ ਆਈ ਤਬਹਿ ਸਗਾਈ।
ਕਰਿਵਾਈ ਗੁਰ ਆਇਸੁ ਪਾਈ।
ਸਤਿਗੁਰ ਦਰਬ ਦੀਨਿ ਬਹੁਤੇਰਾ।
ਕਰਜੋ ਨਿਕਾਹ ਤਬਹਿ ਬਿਨੁ ਦੇਰਾ ॥੩੧॥
ਦਾਰਾ ਸੰਗ ਮਿਲਜੋ ਸੁਖ ਪਾਏ।
ਬਸਹਿ ਨਿਸਾ ਤਿਸ ਗ੍ਰਾਮਹਿਂ ਜਾਏ।
ਇਕ ਦਿਨ ਗੁਰ ਸੋਂ ਕਹਿ ਕਰ ਜੋਰਿ।

[1] ਕਿਵੇਂ ਜੰਗ ਦੀ ਫਤੇ ਹੁੰਦੀ?

[1] ਮਨ ਦਾ ਮੋਟਾ।

[1] ਮਨ ਦਾ ਹੰਕਾਰੀ ਹੋ ਗਿਆ ਹੈ।

'ਘਰ ਨ ਬਨ੍ਯੋ ਮੇਰੋ ਕਿਸ ਠੌਰ ॥੩੨॥
ਭਯੋ ਬਜਾਹ ਅਰ ਚਹਿਯਤਿ ਸੋਇ।
ਬਿਨਾ ਨਿਕੇਤ ਨਹੀਂ ਸੁਖ ਹੋਇ।'
ਸ਼੍ਰੀ ਹਰਿ ਗੋਵਿੰਦ ਸਾਚ ਪਛਾਨਾ।
ਸੁਨਿ ਪੁਨ ਦੀਨਸਿ ਦਰਬ ਮਹਾਨਾ ॥੩੩॥
ਸਦਨ -ਮੀਰ ਛੋਟੇ- ਬਨਿਵਾਏ।
ਸੁੰਦਰ ਮੰਦਰ ਕਹਿ ਚਿਨਵਾਏ।
ਪੁਨ ਬੀਵੀ ਕੇ ਹੇਤ ਬਿਭੂਖਨ।
ਕਰਿਵਾਏ ਗਨ ਦੀਨਿ ਅਦੂਖਨ[1] ॥੩੪॥

[1]ਗੁਰੂ ਜੀ ਨੇ।

ਗ੍ਰੇਹਿ ਸਮਿੱਗ੍ਰੀ ਦਈ ਬਨਾਇ।
ਪੈਂਦੇਖਾਨ ਪਾਇ ਹਰਖਾਇ।
ਰਹਨਿ ਲਗ੍ਯੋ ਬੀਵੀ ਕੇ ਸਾਥ।
ਬਹੁ ਸੁਖ ਲਹੈ ਕ੍ਰਿਪਾ ਗੁਰੁ ਨਾਥ ॥੩੫॥
ਕਹ੍ਯੋ ਪ੍ਰਭੂ 'ਅਬਿ ਸਦਨ ਬਸੀਜੈ।
ਕਬਿ ਕਬਿ ਇਤਿ ਦਿਸ਼ ਆਵਨ ਕੀਜੈ।
ਜਬਿ ਹਮ ਚਾਹੈਂ ਲੇਹਿਂ ਬੁਲਾਇ।
ਨਾਂਹਿ ਤ ਰਹ ਗ੍ਰਿਹ ਅਨੰਦ ਉਪਾਇ' ॥੩੬॥
ਮਾਨਿ ਬਾਕ ਤੈਸੇ ਤਬਿ ਕਰੈ।
ਬਹੁ ਦਿਨ ਰਹੈ ਆਪਨੇ ਘਰੈ।
ਇਮ ਪੈਂਦਾ ਹੋਯਹੁ ਹੰਕਾਰੀ।
ਸਤਿਗੁਰ ਤਿਸ ਕੀ ਲੇਂ ਸੁਧਿ ਸਾਰੀ ॥੩੭॥
ਕਿਸੂ ਵਸਤੁ ਕੀ ਕਮੀ ਨ ਕੋਈ।
ਵਸਤੁ ਅਮੋਲਕ ਦੇਂ ਗੁਰੁ ਸੋਈ।
ਨਿਕਟਿ ਗ੍ਰਾਮ ਪੁਰਿ ਜੇਤਿਕ ਅਹੈਂ।
ਗੁਰੁ ਆਵਨਿ ਕੀ ਸੁਧਿ ਕੋ ਲਹੈਂ ॥੩੮॥
ਲੇ ਲੇ ਬਹੁ ਵਸਤੁਨਿ ਉਪਹਾਰੇ।
ਆਵਹਿਂ ਜਿਤਿ ਕਿਤ ਤੇ ਦਿਨ ਸਾਰੇ।
ਅਰਪਨਿ ਕਰਿ ਕਰਿ ਵਸਤੁਨਿ ਬ੍ਰਿੰਦ।
ਬੰਦਤਿ ਸੁੰਦਰ ਪਦ ਅਰੁਬਿੰਦ ॥੩੯॥

ਕਰਹਿ ਮੇਵਰੋ ਢਿਗ ਅਰਦਾਸ।
ਪੂਰਹਿੰ ਸਿੱਖਨ ਕੀ ਸਭਿ ਆਸ।
ਦਰਸ਼ਨ ਕਰੈਂ ਨਿਸਾ ਢਿਗ ਰਹੈਂ।
ਗਮਨਹਿੰ ਘਰ ਗਨ ਖੁਸ਼ੀਯਨਿ ਲਹੈਂ ॥੪੦॥
ਸਗਰੇ ਦਿਨ ਸਤਿਗੁਰ ਕੇ ਤੀਰ।
ਆਇੰ ਜਾਇੰ ਸਿਖ ਹੋਵਤਿ ਭੀਰ।
ਕੇਤਿਕ ਜੋਧਾ ਚਾਕਰ ਰਹੈਂ।
ਜੇ ਹੱਥਜਾਰਨਿ ਬਿੱਦਜਾ ਲਹੈਂ ॥੪੧॥
ਕਿਤਿਕ ਤੁਰੰਗ ਸਿੱਖਜ ਅਰਪੰਤੇ।
ਕੇਤਿਕ ਲੇਤਿ ਮੋਲ ਖਰਚੰਤੇ।
ਕਿਤਿਕ ਧਨੁਖ ਲੇ ਦਰਬ ਦਿਵਾਵੈਂ।
ਕੇਤਿਕ ਤਰਕਸ਼ ਢਿਗ ਬਨਿਵਾਵੈਂ ॥੪੨॥
ਖਰ ਤਤਾਰਚੇ ਲੋਹਾ ਖਰੇ[1]।
ਪੁਰਿ ਕਰਤਾਰ ਘਰਾਵਨਿ ਕਰੇ।
ਖਪਰੇ ਸੇਲੇ ਆਦਿ ਬਨਾਵੈਂ।
ਭਾਂਤਿ ਅਨੇਕਨਿ ਕੌਨ ਗਿਨਾਵੈਂ ॥੪੩॥
ਗੁਲਕਾਂ ਗਾਲਬ ਮਹਿਂ[1] ਢਲਵਾਇ।
ਕਰਿ ਕਰਿ ਤਜਾਰ ਰਖਹਿਂ ਸਮੁਦਾਇ।
ਬਹੁਤ ਬਰੂਦ ਅਨਾਵਨਿ ਕਰੈਂ।
ਆਛੀ ਰੀਤਿ ਸੰਭਾਰਤਿ ਧਰੈਂ ॥੪੪॥
ਨਮਸਕਾਰਨੀ[1] ਬਿਕਬੇ ਆਵੈਂ।
ਲੇਤਿ ਮੋਲ ਕੋ ਦਰਬ ਦਿਵਾਵੈਂ।
ਬੀਰਨਿ ਕੋ ਬਖਸ਼ਤਿ ਪਰਖੰਤੇ।
ਹਤਹਿਂ ਨਿਸ਼ਾਨੋ ਨਹੀਂ ਚੁਕੰਤੇ ॥੪੫॥
ਦਿਨ ਪ੍ਰਤਿ ਸ਼ਸਤ੍ਰਨਿ ਕੋ ਅਭਿਆਸ।
ਹੋਤਿ ਅਧਿਕ ਸਤਿਗੁਰੂ ਬਿਲਾਸ।
ਮਾਰਿ ਬਕਾਰਾ ਸਿਖ ਕਰੇ ਹੈਂ।
'ਹਤਹੁ ਤੁਰਕ ਲਵਪੁਰੀ ਲੁਟੈ ਹੈਂ ॥੪੬॥
ਲੇਹੁ ਮਲੇਛਨਿ ਤੇ ਅਬਿ ਰਾਜ।
ਮਹਾਂ ਦੁਸ਼ਟ ਇਨ ਵਧਜੋ ਸਮਾਜ।

[1]ਖਰੇ ਲੋਹੇ ਦੇ ਤਿੱਖੇ ਬਾਣ।
[1]ਸੰਚੇ ਵਿਚ।
[1]ਬੰਦੂਕਾਂ।

ਕਰਹੁ ਗੁਰੂ ! ਆਇਸੁ ਅਬਿ ਐਸੇ।
ਪਰਹਿ ਜੰਗ, ਹਤਿ ਸ਼ੱਤ੍ਰੂ ਜੈਸੇ' ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟ। ਰਾਸੇ 'ਕੌਲਾਂ ਪ੍ਰਲੋਕ ਪੈਂਦਾ ਬਜਾਹ' ਪ੍ਰਸੰਗ ਬਰਨਨੰ ਨਾਮ ਚਤੁਰ ਬਿਸੰਤੀ ਅੰਸੂ ॥੨੪॥

੨੫. [ਪਠਾਣ ਉਮਰਾਵ ਸਿੱਖ ਹੋਇਆ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਸਤਿਗੁਰ ਕਰਹਿਂ ਅਖੇਰ ਨਿਤ, ਚਢਹਿਂ ਸੁਭਟ ਸਮੁਦਾਇ।
ਹੱਥਜਾਰਨਿ ਵਿੱਦਜਾ ਕਰਹਿਂ, ਜੀਵ ਅਨਿਕ ਬਨ ਘਾਇ ॥੧॥

ਚੌਪਈ:

ਦੁਸ਼ਟ ਜੀਵ ਬਨ ਕੇ ਬਹੁ ਮਾਰੇ।
ਗੋ ਮਹਿਖਨਿ ਕੋ ਤ੍ਰਾਸ ਨਿਵਾਰੇ।
ਨ੍ਰਿਭੈ ਹੋਇ ਨਰ ਤ੍ਰਿਣਨ ਚੁਗਾਵੈਂ।
ਜਾਹਿਂ ਪ੍ਰਾਤਿ ਬਨ, ਸੰਧਜਾ ਲਜਾਵੈਂ ॥੨॥
ਚੋਰ ਜਾਰ ਕੋ ਤ੍ਰਾਸ ਉਪੰਨਾ[1]। — [1]ਸਤਿਗੁਰੂ ਜੀ ਦਾ) ਡਰ ਪੈਦਾ ਹੋਯਾ।
ਪੁਰਿ ਨਰ ਉਚਰਹਿਂ 'ਗੁਰ ਧੰਨ ਧੰਨਾ।'
ਸਤਿਜੁਗ ਭਾ ਗੁਰ ਰਾਜ ਮਝਾਰਾ।
ਤਜੀ ਖੁਦਾਈ ਨਰ ਡਰ ਧਾਰਾ ॥੩॥
ਸਕਲ ਦੇਸ਼ ਦੂਾਬੇ ਮਹਿਂ ਕੀਰਤਿ।
ਪੁਰਿ ਗ੍ਰਾਮਨਿ ਮਹਿਂ ਭੀ ਬਿਸਤੀਰਤਿ।
ਸੁਭਟ ਬ੍ਰਿੰਦ ਸਤਿਗੁਰ ਢਿਗ ਗਏ।
ਸ਼ਸਤ੍ਰਨਿ ਬਿੱਦਜਾ ਮਹਿਂ ਨਿਪੁਨਏ[1] ॥੪॥ — [1]ਚਤੁਰ ਹੋਏ।
ਇਕ ਦਿਨ ਸ਼੍ਰੀ ਸਤਿਗੁਰ ਭਗਵਾਨ।
ਲੇ ਨਿਜ ਸੰਗ ਸੁ ਪੈਂਦੇ ਖਾਨ।
ਉਪਬਨ ਮਹਿਂ ਗਮਨੇ ਗੁਨ ਖਾਨੀ।
ਦੇਖਤਿ ਸ਼ੋਭਾ ਬ੍ਰਿਛਨਿ ਮਹਾਨੀ ॥੫॥
ਮਨਹੁ ਨੀਲ ਘਟਿ[1] ਇਹ ਉਮਡਾਈ। — [1]ਨੀਲੀ ਘਟਾ।
ਕੈ ਨੀਲੀ ਮਣਿ ਗਿਰ ਸਮਦਾਈ[1]। — [1]ਯਾ (ਇਹ) ਸਾਰੇ ਨੀਲੀ ਮਣੀਆਂ ਪਹਾੜ ਹਨ।
ਅਰਣ ਬਰਣ ਕੇ[1] ਫਲ ਬਿਸਾਲਾ। — [1]ਲਾਲ ਰੰਗ ਦੇ।
ਕਤਹੁਂ ਪੀਤਿ[1] ਬਿਸਦ[2] ਕੀ ਮਾਲਾ ॥੬॥ — [1]ਪੀਲੇ। [2]ਚਿੱਟੇ।
ਅਨਿਕ ਰੰਗ ਕੀ ਧਾਤ[1] ਮਨੋ ਹੈ। — [1]ਮਾਨੋਂ ਨੀਲਾ ਪਰਬਤ ਅਨੇਕ ਰੰਗ ਦੀਆਂ ਧਾਤੂਆਂ ਸਣੇ ਹੈ।
ਨੀਲੋ ਪਰਬਤ ਇਨਹਿ ਸਨੋ ਹੈ[1]। — [1]ਮਾਨੋਂ ਨੀਲਾ ਪਰਬਤ ਅਨੇਕ ਰੰਗ ਦੀਆਂ ਧਾਤੂਆਂ ਸਣੇ ਹੈ।
ਸ਼ੇਰ ਸਮਾਨ ਧਸੇ ਗੁਰੁ ਜਾਈ।

ਪਰੀ ਰੈਨ ਜਨੁ ਨੈਨ ਦਿਸਾਈ[1] ॥੭॥
[1]ਨੇਤ੍ਰਾਂ ਨੂੰ ਮਾਨੋ ਰਾਤ ਪਈ ਦਿੱਸੀ।
ਉਡਗਨਿ ਪੁਸ਼ਪ[1] ਪ੍ਰਕਾਸ਼ਤਿ ਜਹਾਂ।
[1]ਫੁੱਲਾਂ ਰੂਪੀ ਤਾਰੇ।
ਸਤਿਗੁਰੁ ਚੰਦ ਪ੍ਰਕਾਸ਼ੇ ਤਹਾਂ।
ਮੰਦ ਮੰਦ ਬਿਚਰਤਿ ਹਿਤ ਸੈਲ।
ਦੱਖਣ ਦਿਸ਼ ਆਏ ਜਿਤ ਸੈਲ[1] ॥੮॥
[1]ਜਿੱਧਰ ਪਹਾੜ ਸਨ।
ਗਨ ਮੋਰਨਿ ਕੋ ਸ਼ੋਰ ਸੁਨੀਜੈ।
ਪੁਸ਼ਪਨਿ ਸੋਭਾ ਅਧਿਕ ਜਨੀਜੈ।
ਨਿੰਬੂ, ਨਾਰੰਗੀ ਰਸ ਭਰੇ।
ਜਾਮਨੁ[1], ਗਨ ਰਸਾਲ ਤਰੁ[2] ਖਰੇ ॥੯॥
[1]ਜਾਮਨੂੰ। [2]ਅੰਬਾਂ ਦੇ ਬ੍ਰਿੱਛ।
ਆਰੂ, ਆਮਰੂਦ, ਕਨਿ[1] ਲੀਨਿ।
[1]ਪੀਲੀ ਚੰਬੇਲੀ, ਪੀਲੀ ਕਨੇਰ ‘[ਸੰਸ:-ਕਰ੍ਣਿਕਾਰ]
ਲਾਗੇ ਦਲ ਫਲ ਝੁਕਿਬੋ ਕੀਨਿ।
ਦਾਰਮ[1], ਰਾਇਬੇਲ, ਚੰਬੇਲੀ।
[1]ਅਨਾਰ।
ਖਿਲੀ ਸੇਵਤੀ ਸ਼ੋਰਭ ਝੇਲੀ[1] ॥੧੦॥
[1]ਸੁਗੰਧੀ ਦੇ ਰਹੀ ਹੈ।
ਸੁੰਦਰ ਸਥਲ ਫਰਸ਼ ਕਰਿਵਾਇਸ।
ਬੈਠੇ ਸਤਿਗੁਰੁ ਅਨੰਦ ਉਪਾਇਸਿ।
ਗਨ ਸੁਭਟਨਿ ਕੋ ਲਗੵੋ ਦਿਵਾਨ।
ਬੈਠੵੋ ਨਿਕਟਿ ਸੁ ਪੈਂਦੇ ਖਾਨ ॥੧੧॥
ਚੌਪਰ ਹਿਤ ਖੇਲਨਿ ਮੰਗਵਾਯੋ।
ਸਨਮੁਖ ਅਪਨੇ ਖਾਨ ਬਿਠਾਯੋ।
ਧਰਿ ਧਰਿ ਦਾਵ ਪਰਚਬੋ ਕਰੈਂ।
ਡਲ ਡਾਲਹਿਂ ਨਰਦਨਿ ਕੋ ਚਰੈਂ[1] ॥੧੨॥
[1]ਡਲਾਂ ਨੂੰ ਸੁੱਟ ਕੇ ਨਰਦਾਂ ਚਲਾਉਂਦੇ ਹਨ।
ਕਿਤਿਕ ਕਾਲ ਅਸ਼ਟਾਪਦ[1] ਖੇਲਾ।
[1]ਚੌਂਪੜ।
ਜੀਤਹਿਂ ਗੁਰੁ ਡਾਲਨਿ ਕੋ ਮੇਲਾ।
ਇਕ ਉਮਰਾਵ ਤਬਹਿ ਚਲਿ ਆਯੋ।
ਮਿਲਨਿ ਹੇਤੁ ਕੋ ਮਨ ਲਲਚਾਯੋ ॥੧੩॥
ਹਿਤ ਮੁਹਿੰਮ[1] ਕਿਤ ਸ਼ਾਹੁ ਪਠਾਵਾ।
[1]ਜੰਗ।
ਬਹੁ ਲਸ਼ਕਰ ਤਿਹ ਸਾਥ ਪਠਾਵਾ।
ਕਿਸੀ ਗਿਰੇਸ਼ੁਰ[1] ਪਰ ਚਢਿ ਗਯੋ।
[1]ਪਹਾੜੀ ਰਾਜੇ।
ਤਹਾਂ ਜਾਇ ਰਣ ਠਾਨਤਿ ਭਯੋ ॥੧੪॥
ਪਰਬਤੇਸ਼[੧੯] ਤਬਿ ਕੀਨਿ ਲਰਾਈ।
ਖੜਗ ਤੁਫੰਗਨਿ ਮਾਰ ਮਚਾਈ।
ਬ੍ਰਿੰਦ ਤੁਰਕ ਸੰਘਾਰ ਭਗਾਏ।

ਠਹਿਰ੍ਯੋ ਗਯੋ ਨ ਤ੍ਰਾਸ ਉਪਾਏ ॥੧੫॥
ਭਾਗੇ ਮਾਰਿ ਖਾਇ ਚਲਿ ਆਏ।
ਸ਼ਾਹਜਹਾਂ ਢਿਗ ਰੋਇ ਸੁਨਾਏ।
ਕੋਪ੍ਯੋ ਸ਼ਾਹੁ ਸੁਨਤਿ ਰਣ ਹਾਰਾ।
ਬਾਰਿ ਬਾਰਿ ਉਮਰਾਵ ਧਿਕਾਰਾ ॥੧੬॥
'ਬਡੋ ਨਿਲਾਜ ਲਾਜ ਨਹਿਂ ਆਵੈ।
ਅਬਿ ਮਮ ਸਨਮੁਖ ਖਰੋ ਦਿਸਾਵੈ।
ਦੂਰਿ ਹੋਹੁ ਗੀਦੀ ਰੁ ਗਵਾਰੇ।
ਥਿਰਹੁ ਨ ਮੇਰੇ ਨੇਤ੍ਰ ਅਗਾਰੇ' ॥੧੭॥
ਲਖਿ ਕਾਇਰ ਕੋ ਦਿਯੋ ਨਿਕਾਸਿ।
ਰਹਨਿ ਨ ਦਿਯੋ ਆਪਨੇ ਪਾਸ।
ਸੋ ਦੁਖ ਪਾਇ ਨਿਕਸਿ ਇਤਿ ਆਯੋ।
-ਗੁਰ ਕੋ ਦੇਖੌਂ- ਜਿਯ ਲਲਚਾਯੋ ॥੧੮॥
ਗਰ ਸ਼ਮਸ਼ੇਰ ਸਿਪਰ ਕੋ ਧਰੇ।
ਆਯੋ ਨਿਕਟਿ ਗਰਬ ਉਸ ਭਰੇ।
ਗਰਬ ਪ੍ਰਹਾਰੀ ਗੁਰੁ ਨੇ ਜਾਨਾ।
-ਇਹ ਕਾਇਰ ਅਰੁ ਮਨ ਗਰਬਾਨਾ- ॥੧੯॥
ਜਾਇ ਨਿਕਟਿ ਗੁਰ ਕੇਰਿ ਖਰੋਵਾ।
ਨਹਿਂ ਪ੍ਰਭੁ ਨੇ ਤਿਸ ਕੀ ਦਿਸ਼ਿ ਜੋਵਾ।
ਅਸ਼ਟਾਪਦ[1] ਖੇਲਨਿ ਮਹਿਂ ਧਜਾਨੇ। [1]ਚੌਂਪੜ।
ਡਲ ਡਾਲਤਿ ਅਰੁ ਨਰਦ ਪਯਾਨੇ[1] ॥੨੦॥ [1]ਨਰਦਾਂ ਚਲਾਉਂਦੇ ਜਾਣ।
ਖਰ੍ਯੋ ਰਹ੍ਯੋ ਚਿਤ ਚਹਤਿ ਵਿਸ਼ੇਖੇ।
-ਜਬਿ ਸਤਿਗੁਰੁ ਮੇਰੀ ਦਿਸ਼ਿ ਦੇਖੇਂ।
ਕਰੌਂ ਸਲਾਮ ਬੈਠਿ ਹੌਂ ਫੇਰੇ-।
ਇਮ ਚਿਤਵਤਿ ਚਿਤ ਬਿਤਿ ਬਹੁ ਬੇਰੇ[1] ॥੨੧॥ [1]ਬਹੁਤ ਦੇਰ ਬੀਤ ਗਈ।
ਖਰੇ ਪਠਾਨ ਕ੍ਰੋਧ ਬਡ ਜਾਗਾ।
ਚਿਤ ਮਹਿਂ ਪੁਨ ਚਿਤਵਨਿ ਇਮ ਲਾਗਾ।
-ਇਕ ਸ਼ਮਸ਼ੇਰ ਪ੍ਰਹਾਰੌਂ ਐਸੇ।
ਧਰ ਤੇ ਸਿਰ ਉਤਰਹਿ ਇਸ ਜੈਸੇ

॥੨੨॥
ਆਦਰ ਅਪਰ ਕਰਨਿ ਤੌ ਰਹ੍ਯੋ।
ਨੇਤ੍ਰ ਉਠਾਇ ਨ ਮਮ ਦਿਸ਼ਿ ਲਹ੍ਯੋ-।
ਚਿਤਵ੍ਯੋ ਜਬਿ ਸ਼ਮਸ਼ੇਰ ਪ੍ਰਹਾਰਨਿ।
ਕਰ੍ਯੋ ਖਾਨ ਦਿਸ਼ਿ ਗੁਰੂ ਨਿਹਾਰਨਿ
॥੨੩॥
ਕਹ੍ਯੋ ਤਾਹਿ 'ਨਿਜ ਸੁਭਟ ਕਹਾਵਹੁ[1]!
ਜਹਾਂ ਪਰਹਿ ਰਣ ਤਹਾਂ ਪਲਾਵਹੁ[1]!
ਜਹਾਂ ਖੜਗ ਕੋ ਜੰਗ ਮਚਾਵਨਿ।
ਤਹਾਂ ਕਰਹੁ ਨਿਜ ਪੀਠ ਦਿਖਾਵਨਿ!
॥੨੪॥
ਜਹਾਂ ਸ਼ੱਤ੍ਰੁ ਕੇ ਮਾਰਨਿ ਬਨੈ।
ਤਿਸ ਥਲ ਹੋਤਿ ਤ੍ਰਾਸ ਕੇ ਸਨੈ!
ਉਚਿਤ ਨਿਵਨਿ ਜਹਿਂ ਫਕਰ ਅਗਾਰੀ।
ਤਹਿਂ ਚਾਹਤਿ ਸ਼ਮਸ਼ੇਰ ਪ੍ਰਹਾਰੀ! ॥੨੫॥
ਸ਼ੱਤ੍ਰੁ ਸੰਘਾਰਤਿ ਰਿਸਿ ਕਰਿ ਤੋਹੀ।
ਫਕਰ ਬਿਨਾਸਹਿ ਕੁਟੰਬ ਜੁ ਹੋਹੀ।
ਰਿਪੁ ਇਸ ਲੋਕਹਿ ਸੁਖਨਿ ਬਿਨਾਸੈ।
ਫਕਰ ਦੁਹੂੰ ਲੋਕਨਿ ਸੁਖ ਗ੍ਰਾਸੈ[1] ॥੨੬॥
ਜਹਾਂ ਥਾਨ ਹੰਕਾਰ ਕਰਨਿ ਕੋ।
ਤਹਿਂ ਤੇ ਕੀਨਿਸਿ ਰਿਦਾ ਡਰਨਿ ਕੋ।
ਨਿਰਹੰਕਾਰ ਹੋਨਿ ਥੋ ਜਹਾਂ।
ਫਕਰਨਿ ਆਗੈ ਗਰਬਤਿ ਮਹਾਂ ॥੨੭॥
ਗਹੀ ਹਾਥ ਮਹਿਂ ਰਹਿ ਤਰਵਾਰ।
ਫਕਰ ਪ੍ਰਾਨ ਕੋ ਦੇਹਿਂ ਨਿਕਾਰ।
ਗੁਰ ਘਰ ਮਹਿਂ ਮਾਨੀ ਕੋ ਥਾਂਵ ਨ[1]।
ਨਿਰਮਾਨੀ ਨਿਤ ਗੁਰੁ ਮਨ ਭਾਵਨਿ'
॥੨੮॥
ਸੁਨਤਿ ਖਾਨ ਮਨ ਮਹਿਂ ਬਿਸਮਾਯੋ।
-ਚਿਤ ਮਹਿਂ ਚਿਤਵਤਿ ਗੁਰੁ ਲਖਿ ਪਾਯੋ[1]-।

[1]ਆਪਣੇ ਆਪ ਨੂੰ ਸੂਰਮਾ ਕਹਾਂਵਦੇ ਹੋ।
[1]ਓਥੇ ਤਾਂ ਦੌੜ ਜਾਂਦੇ ਹੋ।
[1]ਫੱਕਰ ਦੋਹਾਂ ਲੋਕਾਂ ਦਾ ਸੁਖ ਗ੍ਰਾਸ ਲੈਂਦੇ ਭਾਵ ਨਾਸ਼ ਕਰ ਦੇਂਦੇ ਹਨ।
[1]ਹੰਕਾਰੀ ਨੂੰ ਥਾਂ ਨਹੀਂ।
[1]ਜੋ ਮੈਂ) ਚਿਤ ਵਿਚ ਚਿਤਵਦਾ ਸਾਂ (ਉਹ) ਗੁਰੂ ਜੀ ਨੇ ਜਾਣ ਲਿਆ ਹੈ।

ਭਯੋ ਦੀਨ ਉਰ, ਜੋਰੇ ਹਾਥ।
ਪਰਯੋ ਅਗਾਰੀ ਟੇਕਯੋ ਮਾਥ ॥੨੯॥
'ਕਰਾਮਾਤ ਸਾਹਿਬ ਤੁਮ ਭਾਰੇ।
ਸਕਯੋ ਨ ਜਾਨਿ ਰਿਦੇ ਰਿਸ ਧਾਰੇ।
ਛਿਮਹੁ ਪ੍ਰਭੂ! ਤੁਮ ਹੋ ਬਲਦਾਯਕ।
ਮੀਰੀ ਅਰੁ ਪੀਰੀ ਕੇ ਲਾਯਕ ॥੩੦॥
ਮਮ ਅਪਰਾਧ ਛਿਮਾ ਕੋ ਧਰੀਅਹਿ।
ਸੇਵਕ ਨਿਜ ਪਗ ਪੰਕਜ ਕਰੀਅਹਿ।
ਤਜਹੁ ਅਪਰ ਸਤਿਗੁਰੂ! ਸਭਿ ਗਿਨਤੀ।
ਕਰਹੁ ਨਿਹਾਰਨਿ, ਜੋ ਮਮ ਬਿਨਤੀ ॥੩੧॥
ਭੂਲਤਿ ਸਦਾ ਦਾਸ ਗਨ ਆਏ।
ਪੀਰ ਛਿਮਾਂ ਹੀ ਕਰਤਿ ਰਹਾਏ।'
ਦੇਖਿ ਦੀਨ ਗੁਰੁ ਭਏ ਕ੍ਰਿਪਾਲਾ।
ਬੈਠਾਰਯੋ ਸਮੀਪ ਤਿਸ ਕਾਲਾ ॥੩੨॥
ਨਿਜ ਸਿਖ ਕਰਿ ਕੈ ਸਿੱਖਜਾ ਦਈ।
'ਫਕਰਨਿ ਆਗੈ ਨਮਤਾ ਲਈ[1]।
ਸੰਤਨਿ ਢਿਗ ਗਮਨਹੁ ਤਜਿ ਮਾਨ।
ਸੇਵਾ ਕਰਹੁ ਹੋਹਿਂ ਸੁਖਵਾਨ ॥੩੩॥
ਨਿਤ ਸਤਿਗੁਰੁ ਕੋ ਸਿਮਰਨਿ ਕਰੋ।
ਗਰਭ ਜੋਨਿ ਮਹਿਂ ਬਹੁਰਿ ਨ ਪਰੋ।'
ਭਯੋ ਸਿੱਖ ਗੁਰੁ ਕੋ ਤਬਿ ਖਾਨ।
ਬਾਜ਼ੀ ਜੀਤਿ ਉਠੇ ਭਗਵਾਨ ॥੩੪॥
ਚਲਿ ਕਰਿ ਨਿਜ ਡੇਰੇ ਕਹੁ ਆਏ।
ਖਾਨ ਪਾਨ ਤਿਸ ਖਾਨ ਦਿਵਾਏ।
ਦਿਨ ਦੋਇਕ ਗੁਰੁ ਕੇ ਢਿਗ ਰਹਯੋ।
ਭਾਉ ਬਿਸਾਲ ਰਿਦੇ ਮਹਿਂ ਲਹਯੋ ॥੩੫॥
ਉਸਤਤਿ ਕਰਤਿ ਰਹਤਿ ਨਿਸ ਦਿਨ ਮੈਂ।
ਗੁਰ ਕੇ ਗੁਨ ਗਨ ਚਿਤਵਹਿ ਮਨ ਮੈਂ।
ਬੈਠਯੋ ਨਿਕਟਿ ਬਿਲੋਕਿ ਕ੍ਰਿਪਾਲਾ।
ਬਿਰਦ ਸੰਭਾਰਿ ਕਹਯੋ ਤਿਸ ਕਾਲਾ ॥੩੬॥

[1]ਨਿੰਮ੍ਰਤਾ ਲਈ (ਹੱਥੀਂ) ਭਾਵ ਨਿੰਮ੍ਰਤਾ ਧਾਰੀ ਰੱਖੀਂ।

'ਜਾਹੁ ਖਾਨ! ਅਬਿ ਸਦਨ ਮਝਾਰੀ।
ਬਨਹਿਂ ਪ੍ਰਥਮ ਸਮ ਮਨਸਬ ਭਾਰੀ।
ਸ਼੍ਰੀ ਗੁਰ ਨਾਨਕ ਬਖਸ਼ਜੋ ਤੋਹਿ।
ਸਕਲ ਸਮਾਜ ਤਥਾ ਪੁਨ ਹੋਹਿ' ॥੩੭॥
ਸੁਨਿ ਬਰ ਗੁਰੁ ਕੋ ਹਰਖਜੋ ਖਾਨ।
ਬਾਰਿ ਬਾਰਿ ਪਦ ਬੰਦਨ ਠਾਨਿ।
ਮਾਨਜੋ ਬਚਨ ਭਾਉ ਕੋ ਧਾਰਾ।
ਲੇ ਆਇਸੁ ਕੋ ਸਦਨ ਸਿਧਾਰਾ ॥੩੮॥
ਚਾਰਿਕ ਦਿਨ ਘਰ ਬੈਠਜੋ ਰਹਜੋ।
ਸ਼ਾਹੁ[1] ਸਭਾ ਮਹਿ ਐਸੇ ਕਹਜੋ।
'ਸੋ ਉਮਰਾਵ ਹੁਤੋ ਬਹੁ ਦਿਨ ਕੋ।
ਕਹਾਂ ਭਯੋ ਜੇ ਤਜਾਗਜੋ ਰਨ ਕੋ ॥੩੯॥
ਕਈ ਬਾਰਿ ਆਗੈ ਇਹ ਲਰਜੋ।
ਕਾਰਜ ਸ਼ਾਹੁ ਸਦਨ ਕੋ ਕਰਜੋ।'
ਪਠਜੋ ਦੂਤ ਤਿਹ ਨਿਕਟਿ ਹਕਾਰਾ।
ਪੂਰਬ ਤੇ ਬਿਸਾਲ ਸਤਿਕਾਰਾ ॥੪੦॥
-ਭਯੋ ਅਨਾਦਰ ਇਸ ਕੋ- ਜਾਨਾ।
ਮਨਸਬ ਬਖਸ਼ਜੋ ਤਬਹਿ ਮਹਾਨਾ।
ਗੁਰ ਕਰੁਨਾ ਤੇ ਮ੍ਰਿਗ ਭਾ ਸ਼ੇਰ[1]।
ਸਿਮਰਨਿ ਕਰਤਾ ਸੰਝ ਸੁਬੇਰ ॥੪੧॥
ਇਮ ਸ਼੍ਰੀ ਹਰਿਗੋਵਿੰਦ ਪੁਰਿ ਬਾਸੇ।
ਮਨ ਭਾਵਤਿ ਬਹੁ ਕਰੇ ਬਿਲਾਸੇ।
ਕਬਿ ਉਪਬਨ ਮਹਿਂ ਦਿਵਸ ਗੁਜ਼ਾਰੈਂ।
ਕਬਿ ਬਨ ਬ੍ਰਿੱਤਿ ਅਖੇਰ ਸਿਧਾਰੈਂ ॥੪੨॥
ਦਿਨ ਸਾਵਣ ਕੇ ਬਰਖਾ ਹੋਤਿ।
ਬਰਣ ਬਰਣ ਕੇ ਜਲਦ ਉਦੋਤਿ[1]।
ਘੋਖਤਿ ਘਨ ਗਨ ਇਤ ਉਤ ਧਾਵੈਂ।
ਧਰਾ ਸਜਲ ਕਰਿ ਅਨੰਦ ਉਪਾਵੈਂ ॥੪੩॥
ਹਰਿਆਵਲ ਅਵਿਨੀ ਪਰ ਹੋਈ।
ਇੰਦੁਬਧੂ[1] ਬਿਚਰਤਿ ਬਿਚ ਜੋਈ।

[1]ਸ਼ਾਹ ਨੇ।

[1]ਹਰਨ ਤੋਂ ਸ਼ੇਰ ਹੋ ਗਿਆ।

[1]ਰੰਗ ਰੰਗ ਦੇ ਬੱਦਲ ਪ੍ਰਗਟ ਹੁੰਦੇ ਹਨ।

[1]ਚੀਚ ਵਹੁਟੀਆਂ।

ਮਨਹੁ ਸਬਿੰਦੂ ਨੀਲ ਉਢੋਨੀ।
ਊਪਰ ਪਹਿਰੀ ਸੁੰਦਰ ਛੋਨੀ[1] ॥੪੪॥

[1]ਮਾਨੋਂ (ਲਾਲ) ਬਿੰਦੀਆਂ ਵਾਲੀ ਨੀਲੀ ਚਾਦਰ ਸੁੰਦਰ ਪ੍ਰਿਥਵੀ ਨੇ ਉਪਰ ਪਹਿਨੀ ਹੈ।

ਬਹਜੋ ਪ੍ਰਵਾਹ ਨਦੀ ਬਹੁ ਨਾਰੇ[1]।

[1]ਨਾਲਿਆਂ ਦਾ।

ਜਿਤ ਕਿਤ ਬਰਖਹਿਂ ਜਲਧਰ ਧਾਰੇ[1]।

[1]ਬੱਦਲ ਦੀਆਂ ਧਾਰਾਂ।

ਸਤਿਗੁਰੁ ਪੁਰਿ ਕਰਤਾਰ ਬਿਰਾਜੇ।
ਜਿਨ ਕੇ ਨਾਮ ਜਪੇ ਅਘ ਭਾਜੇ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੋ 'ਖਾਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

੨੬. [ਕਰਤਾਰ ਪੁਰੋਂ ਕੂਚ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਬਾਰ ਬਾਰ ਬਰ ਬਾਰ ਕੋ, ਬਾਰਦ ਬਰਸਤਿ ਬ੍ਰਿੰਦ[1]।
ਪਿਖਤਿ ਬਹਾਰ ਉਦਾਰ ਕੋ, ਨਿਤ ਸ਼੍ਰੀ[†] ਹਰਿਗੋਬਿੰਦ ॥੧॥

[1]ਵਾਰ ਵਾਰ ਬਹੁਤੇ ਬੱਦਲ ਸ੍ਰੇਸ਼ਟ ਜਲ ਵਰਸਾਉਂਦੇ ਹਨ।

[†]ਪਾ:-ਸੁ ਨਿਤ ਹੀ ਸ਼੍ਰੀ ਗੁਰ।

ਚੌਪਈ:

ਬਰ ਤਰੁਵਰੁ ਸਰੁਵਰੁ ਪਰ ਖਰੇ[1]।
ਨਿਰਮਲ ਜਲ ਨਵੀਨ ਸੋਂ ਭਰੇ।
ਧਰਾ ਤਰਾਵਤਿ ਜਹਿਂ ਕਹਿਂ ਪਿਖਿਯਤਿ।
ਹਰਿਆਵਲ ਮੁਦ ਦਾਯਕ ਦਿਖਿਯਤਿ ॥੨॥

[1]ਸੁਹਣੇ ਬ੍ਰਿੱਛ ਸਰੋਵਰ ਪਰ ਖੜੇ ਹਨ (ਜੋ)....।

ਕੁਹਕਤਿ ਕੋਕਿਲਕਾ ਉਪਬਨ ਮੈਂ[1]।
ਤੜਿਤਾ[1] ਦਮਕਤਿ ਬਹੁ ਬਿਧਿ ਘਨ ਮੈਂ।
ਮਧੁਰ ਮਧੁਰ ਉਪਜਤਿ ਘਨਘੋਰ।
ਠੌਰ ਠੌਰ ਮੋਰਨਿ ਕੇ ਸ਼ੋਰ ॥੩॥

[1]ਕੋਇਲਾਂ ਬਾਗਾਂ ਵਿਚ ਕੂਕਦੀਆਂ ਹਨ।

[1]ਬਿਜਲੀ।

ਇਕ ਦਿਨ ਸਤਿਗੁਰ ਸਭਾ ਸੁਹਾਏ।
ਸਿੱਖ ਮਸੰਦ ਸੁਭਟ ਸਮੁਦਾਏ।
ਜਥਾ ਸੁਰਨਿ ਮਹਿਂ ਇੰਦ੍ਰ ਬਿਰਾਜੈ।
ਦੁਤਿ ਕੋ ਦੇਖਿ ਸੁਧਰਮਾ[1] ਲਾਜੈ ॥੪॥

[1]ਦੇਵ ਸਭਾ।

ਗੁਰੂ ਬਦਨ ਕੋ ਸਕਲ ਬਿਲੋਕੈਂ।
ਚਲਨਿ ਅਪਰ ਦਿਸ਼ਿ ਤੇ ਦ੍ਰਿਗ ਰੋਕੈਂ।
ਮੁਸਕਾਵਤਿ ਸਭਿ ਕੀ ਦਿਸ਼ਿ ਹੇਰੈਂ।
ਕ੍ਰਿਪਾ ਕਟਾਖਨਿ ਤੇ ਨਿਤ ਪ੍ਰੇਰੈਂ[1] ॥੫॥

[1]ਪਿਆਰ ਕਰਦੇ ਹਨ।

ਚੰਦ ਬਦਨ ਤੇ ਸੁਧਾ ਸਮਾਨੀ।
ਕਬਿ ਕਬਿ ਕਰਤਿ ਉਚਾਰਨਿ ਬਾਨੀ।
ਕਹਤਿ ਭਏ 'ਪਾਵਸ[1] ਰੁਤਿ ਨੀਕੀ।
ਅਬਿ ਸਰਿਤਾ ਤਟ ਹੁਇ ਰਮਨੀਕੀ[1] ॥੬॥

[1]ਬਰਸਾਤ।

[1]ਸੁਹਾਵਣੀ।

ਬਹੈ ਪ੍ਰਵਾਹ ਬੇਗ ਕੇ ਸੰਗ।
ਬ੍ਰਿੰਦ ਉਠੰਤਿ ਉਤੰਗ ਤਰੰਗ।

ਤਟ ਉਚੇ ਕਰਦਮ ਨਹਿਂ ਜੋਇ।
ਤਹਾਂ ਅਖੇਰਬ੍ਰਿਤੀ ਭੀ ਹੋਇ ॥੭॥
ਪਰਖਹੁ ਥਾਨ ਪ੍ਰਥਮ ਜਿਨਿ ਪਿਖੈ[1]।
ਚਢਹਿਂ ਅਖੇਰ ਬ੍ਰਿਤੀ ਜਿਸ ਬਿਖੈ।
ਨਦੀ ਬਿਪਾਸਾ ਕੋ ਅਸ ਤੀਰ।
ਬਸਹਿਂ ਕਿਤਿਕ ਦਿਨ ਲੇ ਭਟ ਭੀਰ'
॥੮॥
ਤਬਿ ਇਕ ਸਿਖ ਬੋਲਜੇ ਕਰ ਬੰਦਿ।
'ਮਹਾਰਾਜ! ਜਿਮ ਚਹਹੁ ਅਨੰਦ।
ਤੀਰ ਬਿਪਾਸਾ ਕੇ ਸਭਿ ਗ੍ਰਾਮੂ।
ਤਹਾਂ ਦਾਸ ਰਾਵਰਿ ਕੇ ਧਾਮੂ ॥੯॥
ਬਾਘੇ ਨਾਮ ਕਹੈਂ ਤਿਸ ਥਾਨਾ।
ਉਚਿਤ ਆਪ ਕੇ ਜਥਾ ਬਖਾਨਾ।
ਕਰਦਮ ਅਲਪ ਹੋਤਿ ਥਲ ਉਚਾ।
ਕਰੋ ਅਖੇਰ ਬ੍ਰਿੱਤ, ਹੈ ਮੂਚਾ[1] ॥੧੦॥
ਬਹੈ ਸਮੀਪ ਪ੍ਰਵਾਹ ਬਿਪਾਸਾ।
ਕਰਹੁ ਬਿਲੋਕਨਿ ਬੈਸਿ ਤਮਾਸ਼ਾ।
ਬਿਬਿਧਿ ਬਿਧਿਨ ਕੇ ਬਹੁਤ ਬਿਨੋਦ।
ਬਿਲਸਹੁ ਰਾਵਰ, ਪਿਖਹੁ ਪਯੋਦ[1]
॥੧੧॥
ਕ੍ਰਿਪਾ ਕਰਹੁ ਸੋ ਥਾਨ ਤੁਮਾਰਾ।
ਦਾਸਨਿ ਦਿਹੁ ਦਰਸ਼ਨ ਨਿਸਤਾਰਾ[1]।'
ਸਿਖ ਕੋ ਬਾਕ ਸਕਲ[1] ਸੁਨਿ ਲਯੋ।
ਮੋਨ ਰਹੇ, ਨਹਿਂ ਉੱਤਰ ਦਯੋ ॥੧੨॥
ਅਪਰ ਸਿੱਖ ਨੇ ਬਹੁਰ ਬਖਾਨਾ।
'ਏਕ ਸਥਾਨ ਭਲੋ ਮੈਂ ਜਾਨਾ।
ਮਹਾਂਰਾਜ! ਚਾਹਤਿ ਚਿਤ ਜੈਸੇ।
ਸਕਲ ਰੀਤਿ ਕਹਿ[1] ਸੁੰਦਰ ਤੈਸੇ ॥੧੩॥
ਉਚੋ ਬਹੁ ਨਿਤ ਪੰਕ[1] ਬਿਹੀਨਾ।
ਤਰੈ ਬਿਪਾਸਾ ਨੀਰ ਨਵੀਨਾ।
ਬਸਹਿਂ ਲੋਕ ਥੋਰੇ ਕਰਿ ਮੇਲਾ[1]।

[1]ਜੇ ਕਿਸੇ ਨੇ (ਐਸਾ ਥਾਂ) ਪਹਿਲਾਂ ਦੇਖਿਆ ਹੋਵੇ (ਤਾਂ ਉਹ ਥਾਂ) ਪਰਖ ਲਓ।

[1]ਥਾਂ) ਉੱਚਾ ਹੈ।

[1]ਬੱਦਲ।

[1]ਮੁਕਤੀ (ਦਾਤਾ) ਦਰਸ਼ਨ।

[1]ਸਿੱਖ ਦੀ ਸਾਰੀ ਗੱਲ।

[1]ਸਭ ਤਰ੍ਹਾਂ ਨਾਲ।

[1]ਚਿੱਕੜ।

[1]ਮਿਲ ਕਰਕੇ।

ਗ੍ਰਾਮ ਨਾਮ ਤਿਸ ਕਹਤਿ ਰੁਹੇਲਾ ॥੧੪॥
ਕਰਹੁ ਅਖੇਰ ਬ੍ਰਿਤ ਮਨ ਬਾਈ।
ਬੈਠੇ ਪਿਖਹੁ ਨਦੀ ਜਲ ਜਾਈ।
ਤਿਹ ਸਮ ਕਰਦਮ ਹੀਨ ਸਥਾਨ।
ਤੀਰ ਬਿਪਾਸਾ ਰੁਚਿਰ ਨ ਆਨ ॥੧੫॥
ਉਚਿਤ ਆਪ ਕੇ ਕਰਹੁ ਬਿਨੋਦ।
ਅਵਿਲੋਕਹੁ ਬਰਖੰਤਿ ਪਯੋਦ।'
ਅਪਰ ਸਿੱਖ ਸੁਨਿ ਕਰਿ ਤਬਿ ਕਹ੍ਯੋ।
'ਨਿਸ਼ਚੈ ਸੁਭ ਸਥਾਨ ਸੋ ਲਹ੍ਯੋ' ॥੧੬॥
ਸ਼੍ਰੀ ਹਰਿਗੋਵਿੰਦ ਸੁਨਿ ਸਭਿ ਜਾਨਾ।
ਗਮਨ ਤਹਾਂ ਕੋ ਮਨ ਮਹਿਂ ਭਾਨਾ[1]।
ਸ਼੍ਰੀ ਗੁਰਦਿੱਤਾ ਨਿਕਟਿ ਨਿਹਾਰਾ।
ਪਰਮ ਪ੍ਰੇਮ ਤੇ ਬਾਕ ਉਚਾਰਾ ॥੧੭॥
'ਗੋਇੰਦਵਾਲ ਆਪ ਚਲਿ ਜਾਵਹੁ।
ਮਿਲਹੁ ਕੁਟੰਬ ਮੋਦ ਮਨ ਪਾਵਹੁ।
ਨਿਜ ਮਾਤਾ ਅਰੁ ਭ੍ਰਾਤਨਿ ਸੰਗ।
ਸੋ ਤੁਵ ਹੇਰਨਿ ਚਾਹਤਿ ਅੰਗ ॥੧੮॥
ਫਿਰਨਿ ਵਹਿਰ ਬਰਖਾ ਰੁਤਿ ਮਾਂਹੀ।
ਬਿਖਮ ਅਹੈ ਸਭਿ ਬਿਧਿ, ਸੁਖ ਨਾਂਹੀ।
ਅਰੁ ਤੁਰਕਨਿ ਸੋਂ ਵਧ੍ਯੋ ਬਿਖੇਰਾ।
ਆਇ ਪਰਹਿ ਕਿਤ ਜੰਗ ਘਨੇਰਾ
॥੧੯॥
ਅਲਪ ਬੈਸ ਯਾਂ ਤੇ ਸੁਖ ਲੀਜੈ।
ਗੋਇੰਦਵਾਲ ਬਾਸ ਕੋ ਕੀਜੈ।'
ਪਿਤ ਆਇਸੁ ਕੋ ਸਿਰ ਪਰ ਧਰਿ ਕੈ।
ਹਾਥ ਬੰਦਿ ਬੰਦਨ ਪਦ ਕਰਿ ਕੈ ॥੨੦॥
ਹਯ ਤਯਾਰ ਪਰ ਭਯੋ ਅਰੂਢ।
ਸਮੁਝਿ ਗੁਰੂ ਕੋ ਆਸ਼ੈ ਗੂਢ।
ਸੰਗਿ ਸਊਰ ਇਕਾਦਸ਼ ਕਰੇ।
ਪਹੁੰਚਨਿ ਹਿਤ ਤੂਰਨ ਮਗ ਪਰੇ ॥੨੧॥
ਗੋਇੰਦਵਾਲ ਪ੍ਰਵੇਸ਼ੇ ਜਾਈ।
ਗੁਰ ਦਿਸ਼ਿ ਕੀ ਸੁਧਿ ਸਕਲ ਸੁਨਾਈ।

[1]ਭਾ ਗਿਆ।

ਭ੍ਰਾਤਨਿ ਸਾਥ ਖੇਲਿਬੋ ਕਰੇ।
ਮਨ ਭਾਵਤਿ ਸੁਖ ਕੋ ਨਿਤ ਧਰੇ ॥੨੨॥
ਸ਼੍ਰੀ ਹਰਿਗੋਵਿੰਦ ਭੇ ਤਬਿ ਤਯਾਰ।
ਹੇਰਨਿ ਤੀਰ ਬਿਪਾਸਾ ਬਾਰਿ।
ਬਜਵਾਇਸਿ ਤਬਿ ਕੂਚ ਨਗਾਰਾ।
ਭਯੋ ਸਨੱਧਬੱਧ ਦਲ ਸਾਰਾ ॥੨੩॥
ਕਿਤਿਕਨਿ ਛੋਰੇ ਤੁਪਕ ਤੜਾਕੇ।
ਸੁਨੇ ਦੂਰ ਲਗਿ ਸ਼ਬਦ ਸੁ ਜਾਂ ਕੇ।
ਤਿਸ ਛਿਨ ਗੁਰੁ ਢਿਗ ਪੈਂਦੇ ਖਾਨ।
ਆਯੋ ਨਿਜ ਘਰ ਤੇ ਸੁਧਿ ਜਾਨ ॥੨੪॥
ਤਿਸ ਕੋ ਦੇਖਤਿ ਪ੍ਰਭੂ ਬਿਚਾਰਾ।
-ਇਸ ਮੂਰਖ ਕੇ ਉਰ ਹੰਕਾਰਾ।
'ਮਮ ਭੁਜ ਅਲੰਬ ਬਿਜੈ ਗੁਰ ਲੇਤਿ।
ਸ਼ੱਤ੍ਰੁਨਿ ਬ੍ਰਿੰਦ ਹਤੌਂ ਰਣ ਖੇਤ' ॥੨੫॥
ਅਬਿ ਤਹਿਂ ਜੰਗ ਪਰਹਿਗੋ ਭਾਰੀ।
ਜੇ ਕਰਿ ਹੁਇ ਹੈ ਸੰਗ ਹਮਾਰੀ।
ਬਹੁਤ ਗਰਬ ਕੋ ਧਰਿ ਹੈ ਫੇਰੇ।
'ਗੁਰੁ ਕੀ ਜੀਤਿ ਭਈ ਬਲ ਮੇਰੇ'
॥੨੬॥
ਯਾਂ ਤੇ ਇਸ ਬਿਨ ਅਬਿ ਕੇ ਲਰੀਯਹਿ।
ਬਿਜੈ ਲੇਹਿਂ ਗਨ ਤੁਰਕਨਿ ਹਰੀਯਹਿ-।
ਇਮ ਬਿਚਾਰਿ ਗੁਰ ਬਾਕ ਬਖਾਨਾ।
'ਪੈਂਦੇ ਖਾਨ! ਰਹਹੁ ਘਰ ਥਾਨਾ ॥੨੭॥
ਅਬਿ ਹੂੰ ਤੇਰੋ ਭਯੋ ਨਿਕਾਹ।
ਬਸਹੁ ਆਪ ਬੀਵੀ ਕੇ ਪਾਹ।
ਹਮ ਹੇਰਹਿਂ ਹਰਿ[1] ਤੀਰ ਬਿਪਾਸਾ।
ਬਰਖਤਿ ਬਦਰਾ[1] ਅਧਿਕ ਚੁਮਾਸਾ
॥੨੮॥
ਕੇਤਿਕ ਦਿਨ ਹਮ ਤਹਾਂ ਬਿਤਾਵੈਂ[1]।
ਬਿਨ ਕਰਦਮ ਸੋਂ ਥਾਨ ਬਤਾਵੈਂ।
ਪਰੇ ਕਾਰ ਤੌ ਲੇਹਿ ਬੁਲਾਈ।
ਤਬਿ ਲੌ ਸਦਨ ਬਸਹੁ ਸੁਖ ਪਾਈ'

[1]ਜਲ।
[1]ਬੱਦਲ।
[1]ਦੱਸਦੇ ਹਨ।

॥੨੯॥
ਹਾਥ ਜੋਰਿ ਕਹਿ ਪੈਂਦੇ ਖਾਨ।
'ਮੈਂ ਕਿਮ ਬਸਹੁਂ ਅਪਨ ਘਰ ਥਾਨ।
ਸ਼ਾਹੁਜਹਾਂ ਕੇ ਸੰਗ ਬਿਗਾਰ।
ਭਯੋ ਅਧਿਕ ਲਸ਼ਕਰ ਕੋ ਮਾਰਿ ॥੩੦॥
ਔਚਕ ਪਰਹਿ ਜਿ ਆਨਿ ਲਰਾਈ।
ਪਠਹਿ ਸ਼ਾਹੁ ਸੈਨਾਂ ਸਮੁਦਾਈ।
ਪਹੁੰਚਜੋ ਜਾਇ ਨ ਮੋ ਤੇ ਤਬੈ।
ਕਿਮ ਸਤਿਗੁਰ ਤਜਿ ਗਮਨਹੁਂ ਅਬੈ?
॥੩੧॥
ਜੇ ਮੈਂ ਕਾਜ ਨ ਆਇ ਤੁਮਾਰੇ।
ਸਕਲ ਜਗਤ ਹੀ ਦੇਖਿ ਧਿਕਾਰੇ।
ਦੀਰਘ ਮੁਰਸ਼ਿਦ[1], ਪਿਤਾ, ਖ਼ੁਦਾਇ!
ਤੁਮ ਹੀ ਹੋ ਮੇਰੇ ਸੁਖਦਾਇ ॥੩੨॥
ਮੋ ਕਹੁ ਉਚਿਤ ਨ ਛੋਰੋਂ ਸਾਥ।
ਰਣ ਕੇ ਸਮਾਂ ਲਖਹੁ ਗੁਰਨਾਥ!'
ਪੁਨ ਸੁਨਿ ਕਰਿ ਤਿਹ ਕਹਜੋ ਕ੍ਰਿਪਾਲ।
ਜਥੋਂ ਤੂੰ ਕਹੈਂ ਅਹੈ ਸੋ ਢਾਲਿ ॥੩੩॥
ਤਉ ਪ੍ਰਸੰਨ ਹੋਇ ਹਮ ਕਹਜੋ।
ਬਸਨ ਸਮਾਂ ਤੁਵ ਘਰ ਕੋ ਲਹਜੋ।
ਰਹੋ ਚੁਮਾਸਾ ਬਨਿਤਾ ਤੀਰ।
ਪੁਨ ਹਮ ਸੋਂ ਮਿਲੀਅਹਿ ਬਡਿ ਬੀਰ
॥੩੪॥
ਕਜੋਂ ਸੰਕਤਿ ਚਿਤ, ਬਸਹੁ ਅਵਾਸ।
ਅਹੈਂ ਸਦਾ ਤੂ ਹਮਰੇ ਪਾਸ।
ਮਾਨਿ ਬਾਕ ਨਹਿਂ ਫੇਰ ਕਰੀਜੈ।
ਕਰਹਿਂ ਹਕਾਰਨਿ ਆਨਿ ਮਿਲੀਜੈ'
॥੩੫॥
ਹਾਥ ਜੋਰਿ, ਪੁਨ ਬੋਲਜੋ ਨਾਹਨ।
ਤਉ ਸੁ ਬਿਛੁਰਨਿ ਕੀ ਚਿਤ ਚਾਹ ਨ।
ਸਿਰ ਪਰ ਆਇਸੁ ਗੁਰ ਕੀ ਧਾਰੀ।
ਰਹਜੋ ਜਬਹਿ, ਪ੍ਰਭੁ ਸੀਖ ਉਚਾਰੀ

[1]ਵੱਡੇ ਗੁਰੂ।

॥੩੬॥
'ਹੋਹੁ ਨ ਪਰ ਤ੍ਰਿਯ ਸੋਂ ਬਿਭਚਾਰੀ।
ਰਿਦੇ ਪ੍ਰੀਤ ਧਾਰਹੁ ਨਿਜ ਨਾਰੀ।
ਦਯਾ ਧਰਹੁ ਦਿਹੁ ਦੀਨਨਿ[1] ਦਾਨ। [1]ਦੀਨਾਂ ਨੂੰ।
ਕਿਹ ਕੋ ਦੁਖ ਨਹਿਂ ਦੇਹੁ ਸੁਜਾਨ!
॥੩੭॥
ਪਰ ਤ੍ਰਿਯ ਕੋ ਸਨਮੁਖ ਨ ਲਿਆਵਹੁ।
ਸ਼ੱਤ੍ਰਨ ਸੋਂ ਨਹਿਂ ਪੀਠ ਦਿਖਾਵਹੁ।
ਨਿਤ ਖ਼ੁਦਾਇ ਸਿਮਰਹੁ ਸੁਖ ਪਾਵਹੁ।
ਪ੍ਰਭੁ ਭਾਣਾ ਪਿਖਿ ਅਨੰਦ ਉਪਾਵਹੁ'
॥੩੮॥
ਕਰਿ ਪਦ ਬੰਦਨ ਬੋਲਜੋ ਪੈਂਦਾ।
'ਨਹਿਂ ਮੈ ਤ੍ਰਾਸ ਧਰਹੁਂ ਰਿਪੁ ਕੈਂ ਦਾ[1]। [1]ਕਿਸੇ ਵੈਰੀ ਦਾ।
ਰਾਵਰਿ ਕੇ ਪ੍ਰਤਾਪ ਕਰਿ ਮੋਹੀ।
ਸਰਬ ਭਾਂਤਿ ਕੋ ਆਨੰਦ ਹੋਹੀ' ॥੩੯॥
ਗਯੋ ਆਪਨੇ ਸਦਨ ਮਝਾਰਾ।
ਬਿਬਿਧਿ ਬਿਲਾਸ ਕਰੇ ਮਿਲਿ ਦਾਰਾ।
ਸ੍ਰੀ ਹਰਿਗੋਵਿੰਦ ਚਢੇ ਤੁਰੰਗ।
ਦੁੰਦਭਿ ਬਜਜੋ ਅਧਿਕ ਧੁਨਿ ਸੰਗ
॥੪੦॥
ਮਨਹੁਂ ਬਿਦਤਿ ਹੀ ਬਿਜੈ ਬਤਾਵੈ।
ਹਨੇ ਚੋਬ ਇਮ ਸ਼ਬਦ ਉਠਾਵੈ।
ਸੁਭਟ ਅਰੂਢ ਹਯਨਿ ਪਰ ਭਏ।
ਕਸੀ ਤੁਫੰਗ ਤਜਾਰ ਕਰਿ ਲਏ ॥੪੧॥
ਸਤਿਗੁਰੁ ਪ੍ਰੇਰਤਿ ਚਲਜੋ ਤੁਰੰਗ।
ਜਨੁ ਗਮਨਤਿ ਉਠਿ ਗੰਗ ਤਰੰਗ।
ਸਾਵਣ ਦੁਤੀ ਦਿਵਸ ਸੁਰ ਗੁਰੂ[1]। [1]ਵੀਰਵਾਰ।
ਏਕ ਮਾਸ ਬਸਿ ਗਮਨੇ ਗੁਰੂ ॥੪੨॥
ਸ੍ਰੀ ਕਰਤਾਰ ਪੁਰਾ ਤਜਿ ਚਾਲੇ।
ਤੁਰਕ ਬਿਨਾਸਨ ਚਹਿਤਿ ਬਿਸਾਲੇ।
ਆਗੇ ਮਿਲੇ ਸ਼ਗੁਨ ਸ਼ੁਭ ਹੋਤਿ।
ਰਿਪੁ ਨਾਸ਼ਨਿ ਗੁਰ ਬਿਜੈ ਉਦੋਤਿ[1] [1]ਜੋ ਸ਼ਗੁਨ) ਵੈਰੀਆਂ ਨੂੰ ਨਾਸ਼ ਕਰਨ ਵਾਲੇ ਗੁਰੂ ਜੀ ਦੀ

॥੪੩॥
ਮਿਲੀ ਜੋਖਤਾ[1] ਬਾਲਕ ਗੋਦ।
ਹੁਤੀ ਸੁਹਾਗਨ ਸਹਤ ਪ੍ਰਮੋਦ।
ਸੁਰਭੀ ਬਤਸ ਚੁੰਘਾਵਤਿ[1] ਠਾਂਢੀ।
ਚਾਟਤਿ ਰਿਦੇ ਪ੍ਰੀਤਿ ਬਹੁ ਬਾਢੀ ॥੪੪॥
ਸੁੰਦਰ ਗੌਨ ਪੌਨ ਤਬਿ ਕੀਨਿ[1]।
ਮ੍ਰਿਗਨ ਸੁ ਮਾਲ ਦਾਹਿਨੇ ਲੀਨਿ[1]।
ਮ੍ਰਿਦੁਲ ਸ਼ਬਦ ਕੋ ਕਰਹਿਂ ਬਿਹੰਗ।
ਜੇ ਸ਼ੁਭਿ ਹੋਤਿ ਭਏ ਸੁਖ ਅੰਗ ॥੪੫॥
ਦੁੰਦਭਿ ਬਾਜਤਿ ਮਾਰਗ ਚਾਲੇ।
ਮਿਲਹਿਂ ਗ੍ਰਾਮ ਕੇ ਮਾਨਵ ਜਾਲੇ।
ਅਰਪਹਿਂ ਭੇਟ ਧਾਇ ਕਰਿ ਆਗੇ।
ਪਦ ਅਰਬਿੰਦ ਛੁਵੈਂ ਬਡਭਾਗੇ ॥੪੬॥
ਹੇਰਿ ਹੇਰਿ ਸੁਧਿ ਸਭਿਨਿ ਸੁਨਾਵੈਂ।
ਬਡੋ ਲਾਭ ਲਖਿ ਦੌਰਤਿ ਆਵੈਂ।
ਖੁਸ਼ੀ ਕਰਤਿ ਗਮਨੰਤਿ ਕ੍ਰਿਪਾਲਾ।
ਉਲੰਘੇ ਇਸ ਬਿਧਿ ਪੰਥ ਬਿਸਾਲਾ ॥੪੭॥

ਬਿਜੈ ਦੇ ਸੂਚਕ ਹਨ।
[1]ਇਸਤ੍ਰੀ।
[1]ਗਊ ਵੱਛਾ ਚੁਘਾਉਂਦੀ।
[1]ਤਦੋਂ ਸੁਹਾਵਣੀ ਵਾਉ ਚਲ ਪਈ।
[1]ਹਰਨਾਂ ਦੀ ਕਤਾਰ ਨੇ ਸੱਜਾ ਪਾਸਾ ਲਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ 'ਸ਼੍ਰੀ ਸਤਿਗੁਰ ਪ੍ਰਸਥਾਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿਸੰਤੀ ਅੰਸੂ ॥੨੬॥

੨੭. [ਘੇਰੜ (ਭਗਵਾਨ ਦਾਸ)]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਨਦੀ ਬਿਪਾਸਾ ਤੀਰ ਪਰ, ਥਿਰੈਂ ਗ਼ਰੀਬ ਨਿਵਾਜ।
ਚਲਤਿ ਪ੍ਰਵਾਹ ਸਬੇਗ ਜਲ, ਖਰੇ ਦੇਖਿਬੇ ਕਾਜ ॥੧॥

ਚੌਪਈ:

ਦੇਸ਼ ਜੁ ਦੂਾਬੇ ਕੋ ਤਟ ਨੀਵਾ[1]।
ਮੱਦ੍ਰ ਦੇਸ ਤਟ ਊਚੋ ਥੀਵਾ[1]।
ਕਰਤਿ ਬਿਭਾਗ[1] ਪ੍ਰਵਾਹ ਚਲੰਤਾ।
ਦੁਹਿ ਦਿਸ਼ਿ ਤਟ ਦ੍ਵੈ ਦੇਸ਼ ਕਰੰਤਾ[1] ॥੨॥
ਤੀਰ ਪਾਰ ਕੋ ਊਚੇ ਹੇਰੇ[1]।
ਕੇਵਟ[1] ਆਵਾ ਤਰ ਤਿਸ ਬੇਰੇ।
ਨੌਕਾ ਗਨ ਕੋ ਤੁਰਨ ਲਜਾਏ।
ਹਾਥ ਬੰਦਿ ਬਹੁ ਬਿਨੈ ਅਲਾਏ ॥੩॥
ਚਢਿ ਤਰਨੀ ਪਰ ਪਾਰਿ ਪਰੇ ਹੈਂ।
ਤਟ ਊਚੇ ਪਰ ਜਾਇ ਖਰੇ ਹੈਂ।
ਅਪਰ ਸੁਭਟ ਜੇ ਹੈਂ ਸਮੁਦਾਇ।
ਕਰੇ ਪਾਰ ਸਭਿ ਤਰੀ ਚਢਾਇ ॥੪॥
ਹਯ ਆਰੋਹ ਗੁਰੂ ਤਹਿਂ ਫਿਰੇ।
ਚਹੁੰ ਦਿਸ਼ਿ ਤੇ ਥਲ ਦੇਖਨਿ ਕਰੇ।
ਸਲਿਤਾ ਤਟ ਪਰ ਊਚੋ ਥੇਹ।
ਬੈਠੇ ਬਹੁ ਬਹਾਰ ਕੋ ਦੇਹਿ[1] ॥੫॥
ਇਕ ਦਿਸ਼ਿ ਬਸਹਿਂ ਲੋਕ ਕੁਛ ਥੋਰੇ।
ਅਪਰ ਥੇਹ ਸੂੰਨੋ ਤ੍ਰੈ ਓਰੇ।
ਪੁਰਿ ਕੇ ਬਸਨਿ ਉਚਿਤ ਲਖਿ ਥਾਨਾ।
ਰਿਦੇ ਮਨੋਰਥ ਏਵ ਉਠਾਨਾ ॥੬॥
ਡੇਰਾ ਤਿਸੀ ਥੇਹ ਪਰ ਕੀਨੋ।
ਪਿਖਤਿ ਬਿਪਾਸਾ ਜਲ ਸ਼ੁਭ ਚੀਨੋ।
ਉਤਰਜੋ ਦਲ ਸਭਿ ਗੁਰ ਕੋ ਆਇ।

[1]ਦਵਾਬੇ ਦੇਸ਼ ਦੇ ਪਾਸੇ ਦਾ ਕੰਢਾ ਨੀਵਾਂ (ਦਿੱਸ ਰਿਹਾ) ਸੀ।

[1]ਤੇ ਮੱਦਰ ਦੇਸ਼ ਦੇ ਪਾਸੇ ਦਾ ਕੰਢਾ ਉੱਚਾ ਸੀ, ਭਾਵ ਬਾਰੀ ਦੁਆਬੇ ਦਾ ਪਾਸਾ ਹੈ।

[1]ਦੋ ਹਿੱਸੇ।

[1](ਦਰਯਾ) ਦੋਹਾਂ ਪਾਸਿਆਂ ਦੇ ਦੋ ਕੰਢਿਆਂ ਨੂੰ ਦੋ ਦੇਸ਼ ਬਣਾ ਰਿਹਾ ਹੈ।

[1]ਪਾਰਲਾ ਕੰਢਾ ਉੱਚਾ ਦੇਖਕੇ।

[1]ਮਲਾਹ।

[1]ਅਨੰਦ ਦੇਂਦਾ ਹੈ।

ਜਹਿਂ ਕਹਿਂ ਤੰਬੂ ਦਿਏ ਲਗਾਇ ॥੭॥
ਸੁਧਿ ਪਾਈ ਨਰ ਜੇ ਸਭਿ ਗ੍ਰਾਮੂ।
ਆਇ ਦਰਸ ਕੀਨਸਿ ਅਭਿਰਾਮੂ।
ਦੇਖਿ ਦੇਖਿ ਗਮਨੇ ਨਿਜ ਧਾਮੂ।
ਤਹਾਂ ਬਸਤਿ ਇਕ ਘੇਰੜ ਨਾਮੂ ॥੮॥
ਥੇਹੁ ਮਾਲਕੀ ਧਾਰਤਿ ਸੋਊ[†]।

[†]ਇਤਿਹਾਸ ਗੁ: ਖਾ: ਨੇ ਇਹ ਚੰਦੂ ਦੀ ਮਾਲਕੀ ਪਾਤਸ਼ਾਹ ਵਲੋਂ ਜ਼ਬਤ ਹੋਕੇ ਸਤਿਗੁਰਾਂ ਨੂੰ ਸਮਰਪਨ ਹੋਈ ਲਿਖੀ ਹੈ, ਘੇਰੜ ਇਲਾਕੇ ਦਾ ਮਾਲਗੁਜ਼ਾਰ ਸੀ।

ਤਿਸੀ ਕੀ ਆਗਜਾ ਮਹਿਂ ਸਭਿ ਕੋਊ।
ਸੁਨੀ ਕਾਨ ਮਹਿਂ ਸੁਧਿ ਗੁਰ ਆਏ।
ਊਚੇ ਥਲ ਡੇਰੇ ਸਭਿ ਪਾਏ ॥੯॥
ਸੰਸੈ ਭਯੋ ਬਿਸਾਲ ਰਿਦੇ ਤਿਹ।
-ਬਲਿ ਕੀ ਬਾਤ ਕਰਤਿ ਅਤਿਸ਼ੈ ਇਹ[1]।

[1]ਜ਼ੋਰਾਵਰੀ ਦੀ ਗਲ ਕਰਦੇ ਹਨ ਏਹ ਭਾਵ ਗੁਰੂ ਜੀ।

ਸ਼ਾਹ ਜਹਾਂ ਤੇ ਤ੍ਰਾਸ ਨ ਧਾਰਾ।
ਲਰ ਕਰਿ ਲਸ਼ਕਰ ਰਣ ਮਹਿਂ ਮਾਰਾ ॥੧੦॥
ਇਹਾਂ ਨ ਕਰੈ ਕਛੁਕ ਉਤਪਾਤਾ।
ਆਯੋ ਕੌਨ ਕਾਜ ਕਜਾ ਜਾਤਾ[1][†]-।

[1]ਕੀ ਜਾਣੀਏ। [†]ਪਾ:-ਕਹਿ ਜਾਤਾ।

ਏਵ ਬਿਚਾਰਤਿ ਮੂਰਖ ਆਵਾ।
ਜਿਸ ਕੋ ਕਾਲ ਹੋਨਿ ਨਿਯਰਾਵਾ ॥੧੧॥
ਆਗੈ ਗੁਰ ਢਿਗ ਲਗਯੋ ਦਿਵਾਨ।
ਬੈਠੇ ਸੁਭਟ ਥਿਰੇ ਸਵਧਾਨ।
ਘੇਰੜ ਉਰ ਗਰਬਤਿ ਚਲਿ ਆਯੋ।
ਜਰਯੋ ਹੇਰਿ ਮੂਰਖ ਦੁਖ ਪਾਯੋ ॥੧੨॥
ਆਛੀ ਰੀਤਿ ਨ ਬੰਦਨ ਕੀਨੀ।
ਨਹੀਂ ਉਪਾਇਨ ਆਗੇ ਦੀਨੀ।
ਬੂਝਨ ਲਗਯੋ ਸੁ 'ਕਾਰਜ ਕੌਨ?
ਨਿਕਸੇ ਬਰਖਾ ਮਹਿਂ ਤਜਿ ਭੌਨ' ॥੧੩॥
ਗੁਰੂ ਕਹਯੋ 'ਥਲ ਊਚ ਨਿਹਾਰਾ।
ਤਰੇ ਪ੍ਰਵਾਹ ਨਦੀ ਜਲ ਭਾਰਾ।
ਕੇਤਿਕ ਦਿਨ ਠਹਿਰਹਿਂ ਇਸ ਥਾਨ।
ਖੇਲਹਿਂ ਬ੍ਰਿਤੀ ਅਖੇਰ ਮਹਾਨ ॥੧੪॥
ਬਿਨ ਕਰਦਮ ਅਵਿਨੀ ਤਲ ਜਾਨਾ।

ਇਸ ਕਾਰਨ ਹਮ ਆਵਨ ਠਾਨਾ।'
ਸੁਨਿ ਖੁਨਸਜੋ ਮਨ ਬੱਕ੍ਰ ਬਖਾਨੇ[1]। — [1]ਮਨ ਦੇ ਟਢੇ ਨੇ ਕਹਿਆ। (ਅ) ਮਨ ਵਿਚ ਗੁੱਸੇ ਹੋਇਆ ਤੇ ਟੇਢਾ ਬੋਲਿਆ।
'ਭਲੇ ਅਖੇਰ ਬ੍ਰਿੱਤਿ ਕੋ ਠਾਨੇ ॥੧੫॥
ਹਿਤ ਸ਼ਿਕਾਰ ਕੇ ਲੀਨਸਿ ਬਾਜ[1]। — [1]ਪਾਤਸ਼ਾਹੀ) ਬਾਜ਼।
ਕਿਤਿਕ ਬਿਗਾਰੇ ਅਪਨੇ ਕਾਜ।
ਸ਼ਾਹੁ ਸੰਗ ਬਾਂਧਜੋ ਬਡ ਬੈਰ।
ਬਹੁਰਿ ਕਹਾਂ ਬਾਂਛਤਿ ਹੈ ਖੈਰ ॥੧੬॥
ਸਦਨ ਉਜਾਰ ਸੁਧਾਸਰ ਆਏ।
ਅਜਹੁ ਨ ਤਜਾਗੇ ਸਹਜਿ ਸੁਭਾਏ[1]। — [1]ਆਪਣਾ ਮੁੱਢਲਾ ਸੁਭਾਉ।
ਠੋਕਰ ਲਾਗਹਿ ਸਮੁਝਹਿਂ ਸਜਾਨੇਂ।
ਹਾਨ ਲਾਭ ਕੋ ਸਕਲ ਪਛਾਨੇਂ ॥੧੭॥
ਬਡੇ ਗੁਰੂ ਜਬਿ ਭਏ ਅਗਾਰੀ।
ਸੰਤ ਸਰੂਪ ਪਰਮ ਉਪਕਾਰੀ।
ਸ਼ਾਹੁ ਆਦਿ ਖਿਲਕਤ ਸਭਿ ਆਵੈਂ।
ਨਿਤਪ੍ਰਤਿ ਜਿਨ ਕੋ ਸੀਸ ਝੁਕਾਵੈਂ ॥੧੮॥
ਤੁਮ ਨੇ ਰੀਤਿ ਨਵੀਨ ਚਲਾਈ।
ਸ਼ਸਤ੍ਰ ਬੰਧਿ ਕਰਿ ਧੂਮ[1] ਉਠਾਈ। — [1]ਰੌਲਾ।
ਨੀਕੀ ਬਾਤ ਨਹੀਂ ਉਤਪਾਤਿ[1]। — [1]ਉਪੱਦ੍ਰਵ (ਉਠੌਣ) ਦੀ।
ਕਰਤਿ ਫਿਰਤਿ ਲੋਕਨਿ ਕੋ ਘਾਤ' ॥੧੯॥
ਗੁਰੂ ਕਹਜੋ 'ਹਮ ਅਪਨਿ ਬਿਗਾਰਾ।
ਤੈਂ ਕਜੋਂ ਉਰ ਮਹਿਂ ਸੰਕਟ ਧਾਰਾ।
ਬਿਗਰੇ ਕਾਰਜ ਹਮ ਦੁਖ ਹੋਇ।
ਪਰਜੋ ਤੋਹਿ ਸਮ ਕੇ ਸਿਰ ਸੋਇ[1]? ॥੨੦॥ — [1]ਤੇਰੇ ਵਰਗੇ ਦੇ ਸਿਰ ਕੀ ਉਹ ਕਸ਼ਟ ਪੈ ਗਿਆ ਹੈ?
ਜੇ ਜੇ ਨਿੰਦਕ ਅਹੈਂ ਹਮਾਰੇ।
ਦਿਨ ਪ੍ਰਤਿ ਦੁਖ ਬਿਸਾਲ ਤਨ ਧਾਰੇ।
ਗੁਰੁ ਘਰ ਕੋ ਨਿਤ ਸੁਧਰਹਿ ਕਾਜ।
ਤੁਰਕਨਿ ਛੀਨ ਲੇਹਿਂਗੇ ਰਾਜ' ॥੨੧॥
ਗੁਰ ਕੋ ਤੌਰ ਹੇਰਿ ਬਿਧਿ ਔਰਿ।

ਉਠਿ ਗਮਨਜੋ ਪਹੁੰਚਜੋ ਨਿਜ ਠੌਰਿ।
ਖਾਨ ਪਾਨ ਸਤਿਗੁਰ ਕਰਿਵਾਏ।
ਸੁਭਟਨਿ ਸਹਤ ਅਚੇ ਮਨ ਭਾਏ ॥੨੨॥
ਬਿਧੀਚੰਦ ਸੋਂ ਬੂਝਨਿ ਕਰਜੋ।
'ਹਮ ਨੀਕੋ ਇਹ ਥਾਨ ਨਿਹਰਜੋ।
ਤੀਰ ਬਿਪਾਸਾ ਨਗਰ ਬਸਾਵੈਂ।
ਸਦਾ ਚੁਮਾਸਾ ਇਹਾਂ ਬਿਤਾਵੈਂ ॥੨੩॥
ਹਾਥ ਜੋਰਿ ਤਿਹ ਸੁਨਤਿ ਬਖਾਨਾ।
'ਸ਼੍ਰੀ ਜਗ ਗੁਰ ! ਤੁਮਰੇ ਸਭਿ ਥਾਨਾ।
ਹੁਇ ਪ੍ਰਸੰਨਤਾ ਰਾਵਰ ਕੇਰੀ।
ਪਰਾਲਬਧ ਤਹਿਂ ਨਰਨ ਘਨੇਰੀ' ॥੨੪॥
ਸ਼੍ਰੀ ਮੁਖ ਕਹਜੋ 'ਦੇਰ ਨਹਿਂ ਕਾਈ।
ਹੋਤਿ ਪ੍ਰਾਤਿ ਦਿਹੁ ਟੱਕ ਲਗਾਈ।
ਬਹੁ ਨਰ ਕਰਹਿਂ ਸ਼ੀਘ੍ਰ ਹੁਇ ਜਾਇ।
ਪ੍ਰਿਥਮ ਕੋਟ[1] ਕੋ ਦਿਹ ਚਿਨਵਾਇ' ॥੨੫॥

[1]ਚਾਰ ਦੀਵਾਰੀ, ਫਸੀਲ। (ਅ) ਕਿਲਾ।

ਇਮ ਮਸਲਤ ਕਰਿ ਨਿਸ ਮਹਿਂ ਸੋਏ।
ਜਾਗਤਿ ਭਏ ਸਮੋ ਨਿਜ ਜੋਏ।
ਸੌਚ ਸ਼ਨਾਨ ਧਜਾਨ ਪਠਿ ਬਾਨੀ।
ਦਿਨਕਰ ਉਦਜੋ ਤਿਮਰ ਗਨ ਹਾਨੀ ॥੨੬॥
ਕਿਤਕਿ ਪ੍ਰਸਾਦਿ ਮੰਗਾਯਹੁ ਪਾਸ।
ਖਰੇ ਹੋਇ ਠਾਨੀ ਅਰਦਾਸਿ।
'ਸ਼੍ਰੀ ਨਾਨਕ, ਸ਼੍ਰੀ ਅੰਗਦ ਗੁਰੁ।
ਸ਼੍ਰੀ ਗੁਰ ਅਮਰ ਕਾਮਨਾ ਪੁਰੁ ॥੨੭॥
ਸ਼੍ਰੀ ਗੁਰ ਰਾਮਦਾਸ ਸੁਖਰਾਸ।
ਸ਼੍ਰੀ ਅਰਜਨ ਸਿਖ ਪੁਰਵਤਿ ਆਸ।
ਸ਼੍ਰੀ ਹਰਿ ਗੋਵਿੰਦ ਜੀ ਇਸ ਥਾਂਨਾ।
ਚਹਤਿ ਬਸਾਯਹੁ ਨਗਰ ਮਹਾਨਾ ॥੨੮॥
ਅੰਗ ਸੰਗਿ ਨਿਤ ਬਨਹੁ ਸਹਾਇਕ।
ਸਰਬ ਕਲਾ ਸਮਰਥ ਸੁਖਦਾਇਕ।
ਕ੍ਰਿਪਾ ਆਪ ਕੀ ਕਾਰਜ ਸਾਰੇ।

ਦਾਸਨ ਪਾਸ ਸਦਾ ਰਖਵਾਰੇ' ॥੨੯॥
ਇਸ ਕਹਿ ਸਭਿਹਿਨਿ ਸੀਸ ਨਿਵਾਯੋ।
ਫੇਰ ਪ੍ਰਸਾਦਿ ਤਹਾਂ ਬਰਤਾਯੋ।
ਦੁੰਦਭਿ ਚੋਬ ਓਜ ਤੇ ਹਨੀ।
ਬਿਜੈ ਸਨੀ[1] ਉਪਜੀ ਧੁਨਿ ਘਨੀ ॥੩੦॥ [1]ਫਤੇ ਵਾਲੀ।
ਟੱਕ ਆਪ ਸ੍ਰੀ ਗੁਰੂ ਲਗਾਯੋ।
'ਨਗਰ ਕੋਟ ਕੀਜਹਿ' ਫੁਰਮਾਯੋ।
ਬ੍ਰਿੰਦ ਮਿਹਨਤੀ ਦਏ ਲਗਾਈ।
ਅਧਿਕ ਸ਼ੀਘ੍ਰ ਕਰਿ ਗੁਰਨਿ ਦਿਖਾਈ ॥੩੧॥
ਭਏ ਪ੍ਰਸੰਨ ਹੇਰਿ ਕਰਿ ਸਰਬ।
ਬਖਸ਼ਜੋ ਤਾਤਕਾਲ ਗਨ ਦਰਬ।
ਬਹੁ ਗ੍ਰਾਮਨ ਕੇ ਨਰ ਬੁਲਵਾਏ।
ਦਈ ਦਿਹਾਰੀ ਕਾਰ ਲਗਾਏ ॥੩੨॥
ਸੁਧਿ ਸੁਨਿ ਘੇਰੜ ਖੱਤ੍ਰੀ ਮੰਦ।
ਚਿਤ ਮਹਿਂ ਚਿੰਤਾ ਵਧੀ ਬਿਲੰਦ।
-ਭੂਮ ਦਬਾਇ ਲੀਨ ਸਭਿ ਮੇਰੀ।
ਸੀਨੇ ਜ਼ੋਰੀ[1] ਕਰਤਿ ਘਨੇਰੀ ॥੩੩॥ [1]ਜ਼ਬਰਦਸਤੀ।
ਕਜਾ ਇਸ ਨੇ ਮਨ ਮਹਿਂ ਅਬਿ ਠਾਨੀ।
ਕਿਸ ਕੀ ਸ਼ੰਕਾ ਤਨਕ ਨ ਮਾਨੀ-।
ਨਰ ਇਕਠੇ ਕਰਿ ਬੂਝਨਿ ਲਾਗਾ।
'ਇਹ ਕਿਸ ਰਾਹ ਸੁ ਰੋਕਹਿ ਜਾਗਾ[1]? ॥੩੪॥ [1]ਕਿਸ ਤਰ੍ਹਾਂ ਜਗਾ ਰੋਕਦਾ ਹੈ।
ਹਮਹਿਂ ਕਿ ਤੁਮਹਿਂ ਬੂਝਿ ਨਹਿਂ ਲੀਨਿ।
ਕਿਸ ਕੋ ਕਿਸ ਬਿਧਿ ਕੁਛ ਨਹਿਂ ਦੀਨ।'
ਸੁਨਿ ਕੈ ਲੋਕਨਿ ਬਾਕ ਬਖਾਨੋ।
'ਇਹ ਗੁਰੁ ਜਾਨੈ, ਕੈ ਤੁਮ ਜਾਨੋ ॥੩੫॥
ਕੋਟ ਹੋਇ ਅੰਤਰ ਘਰ ਬਾਸਹਿਂ।
ਨਹਿਂ ਹੋਵਹਿ ਤੌਂ ਕਰਹਿਂ ਨ ਆਸਹਿ[1]। [1]ਲੋਕਾਂ ਕਿਹਾ ਜੇ) ਫਸੀਲ ਬਣ ਗਈ ਅੰਦਰ ਘਰ (ਸਾਡੇ) ਪਏ ਵੱਸਣਗੇ ਜੇ ਨਾ ਬਣੀ ਤਾਂ ਅਸੀਂ ਆਸਾ ਨਹੀਂ ਕਰਦੇ (ਕਿ ਬਣੇ) ਭਾਵ ਸਾਡੀ ਹਾਨ ਲਾਭ ਕੋਈ ਨਹੀਂ।
ਗੁਰ ਬਲਵਾਨ ਨ ਮਾਨਹਿ ਕਾਨ।
ਅਰਹਿ ਕੌਨ, ਦੇਂ ਪ੍ਰਾਨਨ ਹਾਨਿ ॥੩੬॥

ਸਪਤ ਹਜ਼ਾਰ ਮਾਰਿ ਅਬਿ ਆਵਾ।
ਫਿਰਹਿ ਸ਼ੇਰ ਸਮ ਤ੍ਰਾਸ ਨ ਪਾਵਾ।'
ਸਭਿਹਿਨਿ ਕਰਤਿ ਅਨਾਦਰ ਬੋਲਾ।
'ਮੈਂ ਕਰਿ ਹੌਂ ਆਛੇ ਇਸ ਹੌਲਾ ॥੩੭॥
ਕਿਮ ਪਰਿ ਪਾਇ ਸਕਹਿ ਇਸ ਥਾਨ।
ਚਾਹਤਿ ਹੈ ਕਿ ਨਹੀਂ ਨਿਜ ਪ੍ਰਾਨ।
ਅਬਿ ਦੇਖਹੁ ਮੈਂ ਡਰ ਉਪਜਾਵੌਂ।
ਨਾਂਹਿ ਤ ਸੈਨ ਸ਼ਾਹ ਤੇ ਲਜਾਵੌਂ' ॥੩੮॥
ਉਰ ਹੰਕਾਰੀ ਬਕਹਿ ਕੁਬੈਨਾ।
ਸਤਿਗੁਰ ਦਿਸ਼ਿ ਤੇ ਡਰ ਉਰ ਹੈ ਨਾ।
ਸੇਤ ਬਾਰ[1] ਸਿਰ ਮੁਖ ਪਰ ਤਾਂਹੀ। [1]ਚਿੱਟੇ ਵਾਲ।
ਤਊ ਓਜ ਬਹੁ ਤਨ ਕੇ ਮਾਂਹੀ ॥੩੯॥
ਮੋਟਾ ਪੇਟ ਓਠ ਭੀ ਮੋਟੇ।
ਤੁੰਡ ਬਡੋ ਕੁਛ ਲੋਚਨ ਛੋਟੇ।
ਧੋਤੀ ਕਰਤਿ ਰਹਤਿ ਜੋ ਢੀਲੀ।
ਗ੍ਰੀਵਾ ਛੋਟੀ ਜਨੁ ਧਰ ਲੀਲੀ[1] ॥੪੦॥ [1]ਮਾਨੋ ਧੜ ਨੇ ਨਿਗਲੀ ਹੈ।
ਢੀਲੀ ਜਾਮੇ ਕੀ ਬਹੁ ਤਨੀਯਾਂ।
ਝਗਰਨਿ ਕੋ ਪ੍ਰਬੀਨ ਜਨੁ ਬਨੀਆਂ[1]। [1]ਝਗੜੇ ਲਈ ਚਲਾਕ ਬਣੀਏਂ ਵਾਂਙੂ ਹੈ।
ਪੋਲੀ ਬਡੀ ਪਾਗ ਸਿਰ ਧਾਰੈ।
ਕਰ ਸੋਟੀ ਧਰਿ ਧਰਿ[1] ਪਗ ਡਾਰੈ ॥੪੧॥ [1]ਰੱਖ ਰੱਖ ਕੇ।
ਉਰ ਹੰਕਾਰੀ ਘਰ ਕੀ ਠੌਰ[1]। [1]ਭਾਵ ਆਪਣੇ ਘਰ ਵਿਚ।
ਅਪਨੇ ਸਮ ਨਹਿਂ ਜਾਨਹਿਂ ਔਰ।
ਅਪਨੀ ਜਾਤਿ ਗੁਰੂ ਕੀ ਜਾਨੈ।
ਕਰੈ ਸ਼ਰੀਕਪਨੋ, ਹਿਤ ਹਾਨੈ[1] ॥੪੨॥ [1]ਆਪਣਾ) ਭਲਾ ਨਾਸ਼ ਕਰਦਾ ਹੈ।
-ਜਰੀ ਨ ਜਾਇ ਕ੍ਰਿੱਤ ਇਹ ਗੁਰ ਕੀ।
ਬਿਸਰਤਿ ਨਾਂਹਿਨ ਚਿੰਤਾ ਉਰ ਕੀ।
ਕਹੌਂ ਜਾਇ ਮੈਂ ਜੇ ਹਟਿ ਰਹੈ।
ਨਾਂਹਿ ਤ ਬਹੁ ਸੰਕਟ ਕੋ ਸਹੈ- ॥੪੩॥
ਇਮ ਚਿਤ ਠਾਨਿ ਗੁਰੂ ਢਿਗ ਚਲ੍ਯੋ।
ਅਗਨਿ ਈਰਖਾ ਤੇ ਮਨ ਜਲ੍ਯੋ।
ਕ੍ਰੋਧ ਅਹੂਤੀ ਪਰਤਿ ਪ੍ਰਚੰਡ।
ਗੁਰ ਯਸ਼ ਸੁਨਤਿ ਹਤਿਯ ਜਨੁ ਦੰਡ[1] [1]ਮਾਨੋ (ਅੱਗ ਵਿਚ) ਡੰਡਾ ਵੱਜਦਾ ਹੈ।

॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸ਼੍ਰੀ ਗੁਰ ਨਗਰ ਬਨਾਵਨ' ਪ੍ਰਸੰਗ ਬਰਨਨੰ ਨਾਮ ਸਖਤਬਿੰਸਤੀ ਅੰਸੂ ॥੨੭॥

੨੮. [ਘੇਰੜ ਬਕਬਾਦ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਮਤਿ ਮੋਟੀ ਬਡ ਦੁਸ਼ਟ ਕੀ, ਚਲਿ ਆਯਹੁ ਗੁਰ ਪਾਸ।
ਰਿਦੇ ਰੋਸ ਖੱਦਜੋਤ[1] ਜਿਮ, ਸਮਤਾ ਚਹਿ ਸਪਤਾਸ[2] ॥੧॥

ਚੌਪਈ:

ਬੈਠਜੋ ਨਿਕਟਿ, ਨ ਬੰਦਨ ਠਾਨੀ।
ਸਮ ਗਵਾਰ ਬੋਲਜੋ ਮੁਖ ਬਾਨੀ।
'ਕਹੁ ਭਾਈ ਅਰਜਨ ਕੇ ਨੰਦ!
ਕਜਾ ਕੀਨਸਿ ਉਤਪਾਤ ਬਿਲੰਦ? ॥੨॥
ਇਸ ਭੂਮੀ ਕੋ ਮਾਲਿਕ ਕੋਈ।
ਹੈ ਕਿ ਨਹੀ? ਜਾਨਹਿ ਕਹੁ ਸੋਈ।
ਕਿਸ ਕੋ ਤੈਂ ਬੂਝਨਿ ਕਰ ਲੀਨਿ।
ਖਰਚਜੋ ਕਹਾਂ? ਮੋਲ ਕਿਸ ਦੀਨਿ?' ॥੩॥
ਸ਼੍ਰੀ ਮੁਖ ਤੇ ਹਸਿ ਕਰਿ ਫੁਰਮਾਯੋ।
'ਦੁਸ਼ਟਨਿ ਸਿਰ ਉਤਪਾਤ ਉਠਾਯੋ।
ਕਰਤਾ ਪੁਰਖ ਭੂਮਿ ਕੋ ਮਾਲਿਕ।
ਅਪਰ ਕਿਸੂ ਕੇ ਕਜਾ ਹੈ ਤਾਲਿਕ? ॥੪॥
ਸੋ ਪਰਮੇਸ਼ੁਰ ਬੂਝਨਿ ਕਰਜੋ।
ਪੁਰਿ ਕੋ ਰਚਨਿ ਮਨੋਰਥ ਧਰਜੋ।
ਹਰਿ ਚਰਨਨਿ ਰੁਚਿ ਮਹਿਂ ਚਿਤ ਪਰਚਜੋ।
ਸਭਿ ਹਿਤ ਇਹੀ ਮੋਲ ਹਮ ਖਰਚਜੋ ॥੫॥
ਅਪਰ ਬੂਝਨੋ ਹਮ ਨਹਿਂ ਕੀਨੋ।
ਮਹਾਰਾਜ ਰਾਜਾ ਪ੍ਰਭੁ ਚੀਨੋ[1]।'
ਸੁਨਿ ਘੇਰੜ ਬੋਲਜੋ ਮਤਿ ਕਾਚਾ।
'ਨਿਸ਼ਚੈ ਬਨਜੋ ਭਗਤਿ ਤੂੰ ਸਾਚਾ ॥੬॥
ਖੜਗ ਕਮਾਨ ਸ਼ਸਤ੍ਰ ਸਭਿ ਧਾਰੈਂ।

[1]ਟਿਟਾਣਾ। [2]ਸੂਰਜ ਦੀ।

[1]ਜਾਣਿਆਂ ਹੈ।

ਨਿਤ ਉਠਿ ਗਨ ਜੀਵਨਿ ਕੋ ਮਾਰੈਂ।
ਕਈ ਹਜ਼ਾਰ ਸੈਨ ਜੋ ਆਈ।
ਤੀਨ ਪਹਿਰ ਮਹਿਂ ਧੂੜਿ ਮਿਲਾਈ ॥੭॥
ਦਯਾ ਹੀਨ ਹੁਇ ਲਸ਼ਕਰ ਮਾਰਾ।
ਅਸ ਤੂੰ ਭਗਤ ਜਗਤਿ ਨਿਰਧਾਰਾ।
ਸ਼ਾਹਜਹਾਂ ਕੋ ਜਾਨਤਿ ਨਾਂਹੀ।
ਲਿਯੋ ਘੇਰ ਅੰਮ੍ਰਿਤਸਰ ਮਾਂਹੀ ॥੮॥
ਨੀਠਿ ਨੀਠ ਬਚਿ ਕੈ ਚਲਿ ਆਯੋ।
ਇਤਿ ਆਵਤਿ ਉਤਪਾਤ ਉਠਾਯੋ।'
ਇਮ ਕਹਿ ਉਠਤਿ ਭਯੋ ਘਰ ਚਾਲਾ।
ਬੋਲਤਿ ਬਚਨ ਅਨੁਚਿਤ ਬਿਸਾਲਾ ॥੯॥
'ਭਲਾ ਭਯੋ ਗੁਰ ਹਿੰਦੁਨਿ ਕੇਰਾ।
ਕਰਨਿ ਕੁਕਰਮਨਿ ਮਹਿਂ ਮਨ ਪ੍ਰੇਰਾ।
ਪ੍ਰਾਨੀ ਘਾਤ ਚਹਤਿ ਦਿਨ ਰਾਤਿ।
ਲਰਿਬੇ ਹੇਤੁ ਕਰਨਿ ਉਤਪਾਤ ॥੧੦॥
ਲੇਨਿ ਦੇਨਿ ਇਤ ਨਾਹਨਿ ਤੇਰੋ।
ਪਿਤਾ ਪਿਤਾਮਾ ਕੋ ਨਹਿਂ ਝੇਰੋ।
ਔਚਕ ਆਨਿ ਪਰਜੋ ਕਰਿ ਡੇਰਾ।
ਲਗਜੋ ਬਨਾਵਨਿ ਕੋਟ ਚੁਫੇਰਾ ॥੧੧॥
ਨਾਂਹਿ ਤ ਜੇ ਚਾਹਤਿ ਨਿਜ ਭਲਾ।
ਹੋਤਿ ਪ੍ਰਭਾਤਿ ਜਾਹੁ ਤੂੰ ਚਲਾ।
ਕੋ ਜਾਨਹਿ ਕੋ ਨਾਂਹਨਿ ਜਾਨਹਿ।
ਉਦੈ ਭਾਨੁ ਤੇ ਪ੍ਰਥਮ ਪਯਾਨਹਿ[1] ॥੧੨॥ [1]ਚਲਾ ਜਾਹੁ।
ਇਹਾਂ ਨ ਬਸਨੋ ਪਾਵਹਿ ਕੋਈ।
ਸਰਬ ਢਹਾਵੋਂ ਚਿਨਤੇ ਜੋਈ।'
ਇਮ ਬੋਲਤਿ ਕਰਤੋ ਬਕਬਾਦ।
ਧਾਮ ਗਯੋ ਗੁਰ ਕਹਿ ਅਪਵਾਦ ॥੧੩॥
ਕਹੀ ਕਠੋਰ ਅਨੁਚਿਤੀ ਬਾਨੀ।
ਛਿਮਾ ਨਿਧਾਨ ਛਿਮਾ ਮਨ ਠਾਨੀ।
ਬਿਧੀ ਚੰਦ ਰਿਸ ਬਚਨ ਉਚਾਰਾ।
'ਇਹ ਗੁਰੁ ਦ੍ਰੋਹੀ ਚਹਿਯਤਿ ਮਾਰਾ
॥੧੪॥

ਨਹੀਂ ਅਦਾਇਬ ਸਾਹਿਬ ਕੇਰਾ।
ਬੋਲਤਿ ਗਮਨਜੋ ਨਿਠੁਰ ਬਡੇਰਾ।'
ਸੁਨਿ ਸ਼੍ਰੀ ਗੁਰ ਮੁਸਕਾਇ ਬਖਾਨਾ।
'ਦੇਹੁ ਬਲੀ ਪੁਰਿ ਮਹਿਖ ਸਮਾਨਾ ॥੧੫॥
ਇਸ ਕੇ ਹਤੇ ਨੀਵ[1] ਥਿਰ ਹੋਇ।
ਸਗਰੇ ਸ਼ਗੁਨ ਜਨਾਵਤਿ ਜੋਇ।'
'ਮਹਾਂਰਾਜ! ਆਇਸੁ ਅਬਿ ਦੀਜੈ।
ਜਾਇ ਸਦਨ ਹਮ ਤਾਂਹਿ ਗਹੀਜੈਂ ॥੧੬॥
ਆਨਹਿਂ ਰਾਵਰਿ ਕੇ ਅਬਿ ਪਾਸ।
ਚੰਦ ਕੇ ਸਮ ਕਰਹਿਂ ਬਿਨਾਸ਼।
ਪਨਹੀ ਕੇ ਮਾਰੇ ਮਰਿ ਜਾਇ।
ਗੁਰੁ ਨਿੰਦਕ ਤਬਿ ਹੀ ਫਲ ਪਾਇ' ॥੧੭॥
ਸ਼੍ਰੀ ਹਰਿਗੋਵਿੰਦ ਬਾਕ ਬਖਾਨੇ।
'ਗੁਰ ਦ੍ਰੋਹੀ ਜੇਤਿਕ ਜਗ ਜਾਨੇ।
ਭੂਤ ਭਵਿੱਖਤ ਜੇ ਅਬਿ ਅਹੈਂ।
[1]ਕਸੋਂ ਨ ਕਹੋ ਅਘ ਕੋ ਫਲ ਲਹੈਂ ॥੧੮॥
ਲੋਕ ਬਿਖੈ ਜਰ ਉਖਰਹਿ ਸਾਰੀ।
ਮਰਹਿ ਪਾਇ ਦੁਖ ਨਰਕ ਮਝਾਰੀ।
ਕੋਇ ਨ ਵਾਲੀ ਬਨਹਿ ਸਹਾਇ।
ਭੋਗਹਿ ਸੰਕਟ ਬਹੁ ਬਿਲਲਾਇ ॥੧੯॥
ਇਹ ਘੇਰੜ ਅਬਿ ਅਬਿਗਤਿ ਪਾਵੈ।
ਸਮ ਚੰਦੂ ਕੇ ਨਰਕ ਸਿਧਾਵੈ।
ਬਚਤਿ ਨਹੀਂ ਦੀਖਤਿ ਮਰਿ ਰਹੈ।
ਆਜ ਕਾਲ ਮਹਿਂ ਮ੍ਰਿਤੁ ਕੋ ਲਹੈ' ॥੨੦॥
ਇਮ ਕਹਿ ਮੌਨ ਕਰੀ ਜਗਨਾਥ।
ਬਨਹਿ ਕੋਟ ਬਡ ਤੁਰਨ ਸਾਥ।
ਮਾਨਵ ਲਗੇ ਕਾਰ ਸਮੁਦਾਇ।
ਖਰੇ ਸਿੱਖ ਕਹਿ ਕਹਿ ਬਨਵਾਇਂ ॥੨੧॥

[1]ਨੀਂਹ।

[1]ਕੁਛ ਨਾ ਕਰੋ (ਆਪੇ) ਪਾਪਾਂ ਦਾ ਫਲ ਲੈਣਗੇ। (ਅ) ਕਹੋ, ਕਿਉਂ ਨਹੀਂ?

ਸੁਨਿ ਮਿਹਨਤਿ ਨਰ[1] ਆਵਤਿ ਧਾਈ।
ਬਿਧੀਚੰਦ ਕਹਿ ਸਭਿਨਿ ਲਗਾਈ।
ਤਿਸ ਦਿਨ ਕੇਤਿਕ ਹੋਯਸਿ ਤਯਾਰ।
ਸੰਧਯਾ ਲਗਿ ਭਈ ਸ਼ੀਘ੍ਰ ਸੁ ਕਾਰਿ ॥੨੨॥
ਪਰੀ ਨਿਸਾ ਤੇ ਸਭਿ ਪਰਿ ਸੋਏ।
ਜਾਗੇ ਬਹੁਰ ਪ੍ਰਾਤਿ ਕੇ ਜੋਏ।
ਹੋਨਿ ਲਗਯੋ ਤੈਸੇ ਤਬਿ ਕਾਜ।
ਹੇਰਯੋ ਫਿਰ ਕਰਿ ਗੁਰ ਮਹਾਰਾਜ ॥੨੩॥
ਸ਼੍ਰੀ ਮੁਖ ਤੇ ਸਭਿ ਕੋ ਫੁਰਮਾਯੋ।
'ਕਰਯੋ ਤਯਾਰ ਜਨੁ ਬਨਯੋ ਬਨਾਯੋ।
ਦਿਯੋਂ ਦਰਬ ਦੁਗਨੀ ਸੁ ਮਜ਼ੂਰੀ।'
ਲੇ ਸਭਿ ਕਰਤਿ ਪ੍ਰੇਮ ਤੇ ਰੂਰੀ ॥੨੪॥
ਸਤਿਗੁਰ ਬੈਠੇ ਲਾਇ ਦਿਵਾਨ।
ਨਿਕਟਿ ਸੁਭਟ ਗਨ ਜੇ ਸਵਧਾਨ।
ਜਾਮ ਦਿਵਸ ਜਬਿ ਚਢਿ ਕਰਿ ਆਯੋ।
ਘੇਰੜ ਦੇਖਯੋ ਲੀਨਿ ਬਨਾਯੋ ॥੨੫॥
ਅਧਿਕ ਕ੍ਰੋਧ ਤੇ ਪੂਰਨ ਹੋਯੋ।
ਗੁਰ ਇਰਖਾ ਦੁਖ ਰਿਦਾ ਪਰੋਯੋ।
ਮਹਾਂ ਪ੍ਰਤਾਪ ਦੀਪ ਸਮ ਜਾਨਾਂ।
ਪਰਿਬੇ ਚਹੈ ਪਤੰਗ ਸਮਾਨਾ ॥੨੬॥
ਸ਼ਾਹੁ ਜਹਾਂ ਬਲ ਤੇ ਗਰਬੰਤਾ।
ਕਾਲ ਨਿਕਟਿ ਭਾ ਨਹੀਂ ਲਖੰਤਾ।
ਆਯਹੁ ਚਲਿ ਕਰਿ ਸ਼੍ਰੀ ਗੁਰ ਓਰੀ।
ਥੂਲ ਪਾਗ ਸਿਰ, ਹਾਥ ਸਟੋਰੀ[1] ॥੨੭॥
ਮਹਾਂ ਮੂਢ ਕੁੜਿਯਾਰ ਕੁਪੱਤਾ।
ਚਹਤਿ ਨਿਕਟ ਜੈਬੇ ਚਵਗੱਤਾ।
-ਇਸ ਕੋ ਆਜਿ ਡਰਾਉਂ ਬਿਸਾਲਾ।
ਜੇ ਸੁਨਿ ਕਰਿ ਜਾਵਹਿ ਕਰਿ ਟਾਲਾ ॥੨੮॥
ਨਾਂਹਿ ਤ ਲਸ਼ਕਰ ਕੋ ਲੇ ਆਊਂ।
ਪਰ ਧਰ[1] ਰੋਕਨਿ ਫਲ ਦਿਖਰਾਊਂ।

[1]ਮਜ਼ੂਰ ਲੋਕ।

[1]ਸਿਰ ਤੇ ਵੱਡੀ ਸਾਰੀ ਪੱਗ ਤੇ ਹੱਥ ਵਿਚ ਸੋਟੀ।

[1]ਪਰਾਈ ਧਰਤੀ।

ਗਹ੍ਯੋ ਜਾਇ ਕ ਮਾਰ੍ਯੋ ਜਾਈ।
ਆਗੈ ਰਹ੍ਯੋ ਸ਼ਾਹੁ ਰਿਸ ਪਾਈ- ॥੨੯॥
ਇਮ ਚਿਤ ਮਹਿਂ ਚਿਤਵਤਿ ਚਲਿ ਆਯੋ।
ਜਹਾਂ ਬੈਠਿ ਗੁਰਦੇਵ ਸੁਹਾਯੋ।
ਬੋਲ੍ਯੋ ਮੂਰਖ ਨਮੋ ਨ ਕੀਨੀ।
ਜਾਤਿ ਮਾਨ ਰਿਸ ਮਹਿਂ ਮਤਿ ਭੀਨੀ ॥੩੦॥
'ਨਹੀਂ ਟਰ੍ਯੋ ਕਰਿਬੇ ਉਤਪਾਤਿ?
ਸਮੁਝ੍ਯੋ ਭਲੀ ਨ ਅਪਨੀ ਬਾਤਿ।
ਕਰਨਿ ਬੁਰਾ ਨਿਜ ਕੋ ਕਿਮ ਚਾਹਤਿ?
ਸਰਪ ਸ਼ੇਰ ਕੋ ਗਹਨਿ ਉਮਾਹਤਿ ॥੩੧॥
ਕ੍ਯੋਂ ਚਾਹਤਿ ਨਿਜ ਪ੍ਰਾਨਨਿ ਹਾਨਾ?
ਮਮ ਜੀਵਤਿ ਕਿਮ ਬਸਹਿ ਸਥਾਨਾ।
ਸ਼ਾਹ ਜਹਾਂ ਕੋ ਸਮੁਝਤਿ ਨਾਂਹੀ?
ਨਾਹਕ ਮਰਹਿ ਕੈਦ ਕੇ ਮਾਂਹੀ' ॥੩੨॥
ਸ਼੍ਰੀ ਹਰਿਗੋਵਿੰਦ ਸੁਨਤਿ ਬਖਾਨਾ।
'ਮਰ੍ਯੋ ਚਹਿਤਿ ਕ੍ਯੋਂ? ਮੂਢ ਮਹਾਨਾ!
ਸ਼ਾਹ ਜਹਾਂ ਰਹਿ ਹੈ ਕਿਸ ਥਾਈਂ।
ਮਾਰ੍ਯੋ ਮਰਹਿਂ, ਕੂਰ[1]! ਬਿਨੁ ਆਈ ॥੩੩॥ [1]ਹੇ ਕੂੜੇ।
ਪ੍ਰਾਨ ਉਬਾਰ, ਦ੍ਰਿਸ਼ਟਿ ਤੇ ਟਰੋ[1]। [1]ਪਰੇ ਹੋ ਜਾ।
ਨਹਿਂ ਆਵਨਿ ਇਤਿ ਕੋ ਕਬਿ ਕਰੋ।
ਸ਼ਾਹੁ ਭਰੋਸੇ ਮਹਿਂ ਮਰਿ ਜੈ ਹੈਂ।
ਹਮ ਨਹਿਂ ਡਰਹਿਂ ਤੁਰਕ ਬਧ ਕੈ ਹੈਂ[1]' ॥੩੪॥ [1]ਤੁਰਕਾਂ ਦਾ ਨਾਸ਼ ਕਰਾਂਗੇ।
ਸੁਨਿ ਘੇਰੜ ਕਰਿ ਕ੍ਰੋਧ ਬਖਾਨਤਿ।
'ਅਜਹੁਂ ਨ ਸ਼ਾਹੁ ਜਹਾਂ ਕੋ ਜਾਨਤਿ।
ਜਿਸ ਤੇ ਆਧੀ ਰਾਤਿ ਪਲਾਯੋ।
ਸਗਰੋ ਬਜਾਹ ਸਮਾਜ ਲੁਟਾਯੋ ॥੩੫॥
ਨੀਠਿ ਨੀਠਿ ਕ੍ਯੋਂ ਹੂੰ ਬਚਿ ਰਹ੍ਯੋ।
ਅੰਧਕਾਰੀ ਮਹਿਂ ਕਿਨਹੁਂ ਨ ਲਹ੍ਯੋ।
ਸੁਧਾ ਸਰੋਵਰ ਸਦਨ ਛਿਨਾਏ।

ਕੇਤਿਕ ਸਿਖ ਬਪੁਰੇ ਮਰਿਵਾਏ ॥੩੬॥
ਅਜਹੁੰ ਨ ਸਮੁਝਤਿ ਭਾ ਅਸ ਹਾਲ।
ਕਰਤਿ ਫਿਰਤਿ ਉਤਪਾਤਿ ਬਿਸਾਲ।
ਅਬਿ ਕੈ ਸ਼ਾਹੁ ਨ ਛੋਰੈ ਤੋਹੀ।
ਪਹੁੰਚਨਿ ਦੇਹੁ ਨਿਕਟਿ ਅਬਿ ਮੋਹੀ’ ॥੩੭॥
ਸੁਨਿ ਸਤਿਗੁਰ ਬਹੁਰੋ ਸਮੁਝਾਵੈਂ।
‘ਹਮ ਤੋ ਸਮੁਝ ਰਹੇ ਜਿਮ ਭਾਵੈ।
ਸ਼ਾਹਜਹਾਂ ਸੰਗ ਮੇਰੋ ਝਗਰਾ।
ਸ਼ਾਹੁ ਲਖਹਿ ਕੈ ਸੋ ਹਮ ਸਗਰਾ[1] ॥੩੮॥

[1]ਸਾਰਾ ਸੋ (ਝਗੜਾ)।

ਤੂੰ ਕਿਮ ਕਲਪਤਿ? ਮੂਢ ਗਵਾਰ!
ਇਨ ਬਾਤਿਨਿ ਕੀ ਕਜਾ ਤੁਝ ਸਾਰ?
ਛਿਮਾ ਧਰੀ ਅਬਿ ਲੌਂ ਤੁਵ ਊਪਰ।
ਨਾਂਹਿ ਤ ਮਰਹਿਂ, ਪਰਹਿਂ ਖਲ! ਭੂ ਪਰ[1] ॥੩੯॥

[1]ਧਰਤੀ ਤੇ।

ਮੁਖ ਕੋ ਰੋਕ, ਨ ਬੋਲ ਕਠੋਰਾ।
ਨਤੁ ਆਈ ਅਪਦਾ ਅਬਿ ਘੋਰਾ।
ਕੋਇ ਨ ਹੋਇ ਹਿਮਾਇਤ[1] ਤੇਰੀ।
ਮਰ ਜੈ ਹੈਂ ਮੂਰਖ ਬਿਨ ਡੇਰੀ ॥੪੦॥

[1]ਮੱਦਦ।

ਜੇ ਪੀਛੇ ਬਡ ਹੋਇ ਲਰਾਈ।
ਤੋਹਿ ਕਹਾਂ, ਨਹਿਂ ਪ੍ਰਾਨਨਿ ਪਾਈ[1]।

[1]ਤੈਨੂੰ (ਫਿਰ) ਕੀ, ਤੂੰ ਤੇ (ਫਿਰ) ਜੀਓ ਸਕਣਾ ਹੀ ਨਹੀਂ।

ਪਰੀ ਰਹਹਿ ਭੂਮੀ ਸਭਿ ਇਹਾਂ।
ਗਏ ਤਜਾਗ ਸੇ ਗਿਨੀਅਹਿ ਕਹਾਂ ॥੪੧॥
ਤੁਵ ਛਿਤਿ ਤੁਵ ਢਿਗ ਰਹੈ ਸਦਾਮੂ[1]।
ਕਰਹਿਂ ਕਿਤਿਕ ਦਿਨ ਹਮ ਬਿਸਰਾਮੂ।
ਰਾਖਿ ਮਾਲਕੀ ਆਪਨਿ ਸਦਾ।
ਹੁਇ ਆਗਵਨ ਹਮਾਰੋ ਕਦਾ† ॥੪੨॥

[1]ਹਮੇਸ਼ ਹੀ।

†ਕਵੀ ਜੀ ਦੱਸ ਰਹੇ ਹਨ ਕਿ ਗੁਰੂ ਜੀ ਦਾ ਸੰਕਲਪ ਕਬਜ਼ਾ ਕਰਨ ਦਾ ਨਹੀਂ ਸੀ ਤੇ ਬਣਾਕੇ ਮਾਲਕ ਉਸੇ ਨੂੰ ਰਹਿਣ ਦੇਣ ਦਾ ਸੀ। ਇਕ ਲੇਖਕ ਜੀ ਲਿਖਦੇ ਹਨ ਕਿ ਮਾਲਕੀ ਹੀ ਗੁਰੂ ਜੀ ਦੀ ਸੀ। ਦੇਖੋ ਸਫਾ ੨੯੦੨, ਟੂਕ।

ਜੌਂ ਨਿਜ ਭਲਾ ਚਹੈਂ, ਕਰਿ ਟਾਰਾ।
ਬੈਠਿ ਜਾਹ ਨਿਜ ਸਦਨ ਮਝਾਰਾ।

ਕਬਿ ਲੌ ਛਿਮਾ ਧਰਹਿਂ ਹਮ ਐਸੇ।
ਚੰਦਨ ਸੀਤਲ ਹੋਵਤਿ ਜੈਸੇ ॥੪੩॥
ਜੇ ਕਰਿ ਤਿਸਹਿ ਘਸਾਇਂ ਘਨੇਰੇ।
ਉਪਜਹਿ ਅਗਨੀ ਵਧਹਿ ਬਧੇਰੇ।
ਦਾਰੁਨ ਕੇਹਰਿ ਕੋ ਕਿਮ ਛੇਰੈ।
ਹਤਨਿ ਹਾਰ ਗਜਰਾਜ ਬਡੇਰੈ[1] ॥੪੪॥
ਕਸ਼ਾ ਤੂੰ ਅਹੈਂ ਕੁਰੰਗ ਮਨਿੰਦ।
ਗਰਜਨਿ ਸੁਨਤਿ ਪਲਾਵਹਿਂ ਬ੍ਰਿੰਦ[1]।
ਗਿਰਹਿਂ ਗਰਤ ਕਯੋਂ ਜਾਨਿ ਅਗਾਰੀ[1]?
ਜਹਿਂ ਤੇ ਕੋਇ ਨ ਸਕੈ ਉਬਾਰੀ ॥੪੫॥
ਆਵਿਨੀ ਪਰੀ ਰਹੈ ਸਭਿ ਇਹਾਂ।
ਤੂੰ ਖੋਜਯੋ ਭੀ ਪਾਇਂ ਨ ਕਹਾਂ।
ਜਿਸ ਕੋ ਬਲ ਰਾਖਹਿਂ ਮਤਿ ਮੰਦੇ!
ਸੋ ਇਸ ਥਲ ਤੇ ਦੂਰ ਬਿਲੰਦੇ ॥੪੬॥
ਜੇਕਰਿ ਸੋ ਭੀ ਆਨਿ ਬਚਾਵੈ।
ਤੋਹਿ ਸੰਗ ਹਮ ਤਿਸ ਕੋ ਘਾਵੈਂ।
ਕਿਤ ਭੂਲਯੋ ਬੋਲਤਿ ਕੂੜਜਾਰੇ!
ਗਮਨਹੁ ਘਰ ਲਿਹੁ ਪ੍ਰਾਨ ਉਬਾਰੇ' ॥੪੭॥
ਇਮ ਸਤਿਗੁਰ ਸਮੁਝਾਵਤਿ ਸਜਾਨੇ।
ਛਿਮਾ ਧਰੀ -ਹੋਇ ਨ ਕਿਮ ਹਾਨੇ-।
ਤਊ ਮੂਢ ਕੀ ਮ੍ਰਿਤੁ ਨਿਯਰਾਈ।
ਨਹਿਂ ਸਮੁਝਯੋ ਮਤਿ ਦੈਵ ਭੁਲਾਈ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਘੇਰੜ ਕੋ ਬਕਬਾਦ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

[1]ਜੋ (ਸ਼ੇਰ) ਵੱਡੇ ਹਾਥੀਆਂ ਨੂੰ ਮਾਰਨ ਵਾਲਾ ਹੈ।

[1]ਤੂੰ ਹਰਨ ਸਮ ਹੈਂ (ਉਸ ਸ਼ੇਰ ਦੀ ਤਾਂ) ਗਰਜ ਸੁਣਕੇ ਸਾਰੇ ਹੀ ਦੌੜ ਜਾਂਦੇ ਹਨ।

[1]ਅੱਗੇ ਟੋਆ ਵੇਖਕੇ ਕਿਉਂ (ਉਸ ਵਿਚ) ਡਿੱਗਦਾ ਹੈਂ?

੨੯. [ਘੇਰੜ ਮ੍ਰਿਤੂ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਸੁਨਿ ਗੁਰ ਕੇ ਬਚ ਰਿਸ ਭਰੇ, ਓਜ ਪ੍ਰਤਾਪ ਸਮੇਤ।
ਨਹਿਂ ਸਮੁਝ

ਜੋ ਨਿੰਦਕ ਮਹਾਂ, ਪ੍ਰਭੁ ਕੋ ਲਖ੍ਯੋ ਨ ਭੇਤਿ ॥੧॥

ਚੌਪਈ:

ਬੋਲ੍ਯੋ ਬਹੁ ਕਠੋਰ ਅਭਿਮਾਨੀ।
'ਮੈਂ ਨ ਡਰੋਂ ਸੁਨਿ ਕੈ ਤੁਵ ਬਾਨੀ।
ਕਰੌਂ ਤਿਦਾਰਕ[1] ਤੋ ਸੰਗ ਐਸੇ।
ਸਿਮਰਹਿਂ[1] ਸਕਲ ਆਰਬਲ ਜੈਸੇ ॥੨॥
ਪਿਤ ਅਰਜਨ ਕੋ ਜਸ ਭਾ ਹਾਲ।
ਕ੍ਯੋਂ ਨਹਿਂ ਸਿਮਰਤਿ ਮਹਾਂ ਕਰਾਲ।
ਮਰ੍ਯੋ ਕੈਦ ਮਹਿਂ ਹਠਿ ਨਹਿਂ ਹਾਰ੍ਯੋ।
ਤਿਸੀ ਰੀਤਿ ਅਬਿ ਪੁੱਤ੍ਰ ਬਿਚਾਰ੍ਯੋ ॥੩॥
-ਗੁਰੂ ਗੁਰੂ- ਜਗ ਕਰਤੇ ਫਿਰੈਂ।
ਨਰ ਬ੍ਰਿੰਦਨਿ ਕੋ ਬੰਚਨ ਕਰੈਂ।
ਧਨ ਬਹੁ ਆਇ ਜਰ੍ਯੋ ਨਹਿਂ ਜਾਈ।
ਜਹਿਂ ਕਹਿਂ ਚਲਿ ਉਤਪਾਤ ਉਠਾਈ ॥੪॥
ਦਿਯੋ ਦੇਸ਼ ਤੇ ਵਹਿਰ ਨਿਕਾਰੇ।
ਅਜਹੁੰ ਨ ਸਮੁਝਿ ਤ੍ਰਾਸ ਨਹਿਂ ਧਾਰੇ।
ਕਹਾਂ ਭਯੋ ਸ਼੍ਰੀ ਨਾਨਕ ਜੋਈ।
ਸ਼੍ਰੀ ਅੰਗਦ ਸ਼੍ਰੀ ਅਮਰ ਜਿ ਹੋਈ ॥੫॥
ਰਾਮਦਾਸ ਅਰਜਨ ਕਜਾ ਭਯੋ।
ਜਗ ਤੇ ਬੰਚਨ ਕਰਿ ਧਨ ਲਯੋ।
ਅਜ਼ਮਤਿਵੰਤਿ ਕਹਾਵਤਿ ਕੂਰੇ।
ਕਹਿ ਕਹਿ ਬਨਿ ਬੈਠੇ ਗੁਰ ਪੂਰੇ ॥੬॥
ਚਲ੍ਯੋ ਜਾਹੁ ਜੇ ਭਲੋ ਚਹੰਤਾ।
ਕ੍ਯੋਂ ਹੁਇ ਹੌਰੇ ਬਨ੍ਯੋ ਮਹੰਤਾ[1]।'
ਇਮ ਕਹਿ ਗਾਰਿ ਨਿਕਾਰਨਿ ਲਾਗਾ।

[1]ਭਾਵ ਮੱਕੂ ਬੰਨ੍ਹਾਂਗਾ।

[1]ਯਾਦ ਰਖੇਂਗਾ।

[1]ਪੂਜ ਬਣਿਆਂ ਹੋਯਾ ਹੈਂ ਕਿਉਂ ਹੌਲਾ ਹੋਯਾ (ਚਾਹੁੰਦਾ) ਹੈਂ।

ਸੁਨਤਿ ਕੋਪ ਗੁਰ ਕੋ ਉਰ ਜਾਗਾ ॥੭॥
ਇਕ ਤੌਂ ਸ਼੍ਰੀ ਨਾਨਕ ਤੇ ਆਦਿ।
ਬੇਮਿਰਜਾਦਾ[1] ਕਹ੍ਯੋ ਅਪਵਾਦਿ। [1]ਅਯੋਗ।
ਦੁਤੀਏ ਸਨਮੁਖ ਗਾਰਿ ਨਿਕਾਰੀ।
ਯਾਂ ਤੇ ਗੁਰੁ ਉਰ ਮਹਿਂ ਰਿਸ ਭਾਰੀ ॥੮॥
ਕਹ੍ਯੋ ਹੁਕਮ ਸਿੱਖਨਿ ਕੋ 'ਧਰੋ[1]। [1]ਫੜ ਲਓ।
ਅਧਿਕ ਮਾਰਿ ਜੂਤਨ ਕੀ ਕਰੋ।
ਦੇਖਹੁ ਇਸ ਕੀ ਸ਼ਾਹੁ ਸਹਾਇ।
ਮਾਰਿ ਮਾਰਿ ਦਿਹੁ ਅਕਲ ਗਵਾਇ ॥੯॥
ਜਿਸ ਮੁਖ ਤੇ ਗੁਰੁ ਨਿੰਦਾ ਕਹੈ।
ਤਿਸ ਪਰ ਹਤਹੁ ਤੁਰਤ ਫਲ ਲਹੈ।'
ਸੁਨਤਿ ਹੁਕਮ ਕੋ ਕੋਪ ਬਿਸਾਲੇ।
ਉਠਿ ਪਕਰ੍ਯੋ ਸਿੱਖਨਿ ਬਲ ਵਾਲੇ ॥੧੦॥
ਤਊ ਗਵਾਰ ਗਾਰਿ ਕੋ ਦੇਤਿ।
ਅਪਨੇ ਪਰ ਅਪਦਾ ਕੋ ਲੇਤਿ।
ਲਾਗੇ ਜੂਤ ਬਜਨਿ ਸਿਰ ਭਾਰੇ।
ਕਿਨਹੂੰ ਡਾਰੀ ਪਾਗ ਉਤਾਰੇ ॥੧੧॥
ਪਨਹੀ ਹਤਹਿਂ ਵਾਰ ਨਹਿਂ ਪਾਵੈਂ।
ਰੋਡੇ ਸਿਰ ਪਰ ਸ਼ਬਦ ਉਠਾਵੈਂ।
'ਹਾਇ ਹਾਇ' ਬਹੁ ਮੂਢ ਉਚਾਰਤਿ।
ਤਊ ਗੁਰੂ ਕੋ ਗਾਰਿ ਨਿਕਾਰਤਿ ॥੧੨॥
ਤਜੋਂ ਤਜੋਂ ਮੁਖ ਪਰ ਪਨਹੀ ਮਾਰੈਂ।
ਭਯੋ ਮਹਾਂ ਦੁਖ ਊਚ ਪੁਕਾਰੈ।
ਸੁਨਿ ਸੁਨਿ ਨਰ ਆਏ ਸਮੁਦਾਇ।
ਰਾਖੇ ਦੂਰ ਭਟਨਿ ਅਟਕਾਇ ॥੧੩॥
ਗ੍ਰਾਮਨਿ ਕੇ ਨਰ ਬ੍ਰਿੰਦ ਬਿਲੋਕੈਂ।
ਨਿਕਟਿ ਨ ਹੋਨਿ ਦੇਤਿ ਭਟ ਰੋਕੈਂ।
ਐਸੀ ਪਰੀ ਮਾਰ ਇਕ ਬਾਰਾ।
ਕਰਿ ਮੂਰਛ ਧਰਨੀ ਪਰ ਡਾਰਾ ॥੧੪॥
ਬਹੁਰ ਉਠ੍ਯੋ ਨਹਿਂ ਸਮੁਝ੍ਯੋ ਮੰਦ।

ਸਿਰ ਨਾਂਗੋ ਦੇ ਗਾਰਿ ਬਿਲੰਦ।
'ਰਹੁ ਬੈਠਾ ਪਲਟਾ ਅਬਿ ਲੇਵੌਂ।
ਜਿਮ ਮਾਰਯੋ ਤੈਸੇ ਫਲ ਦੇਵੌਂ' ॥੧੫॥
ਸੁਨਤਿ ਗਾਰ ਅਰੁ ਗੁਰ ਕੀ ਨਿੰਦਾ।
ਜਾਨਿ ਪੁਕਾਰੂ ਕਰਿ ਚਿਤ ਚਿੰਦਾ[1]।

[1]ਚਿੱਤ ਵਿਚ ਸੋਚਕੇ ਜਾਣਿਆਂ (ਜੋ ਇਹ) ਪੁਕਾਰੂ ਹੋਵੇਗਾ।

ਤਬਿ ਸਤਿਗੁਰ ਨੇ ਹੁਕਮ ਬਖਾਨਾ।
'ਇਹ ਮਹਿਖਾਸੁਰ[1] ਹਮ ਨੇ ਜਾਨਾ ॥੧੬॥

[1]ਦੈਂਤ ਦਾ ਨਾਮ।

ਮਾਰਹੁ ਪੁਰਿ ਕੀ ਭੇਟ ਚਢਾਵਹੁ।
ਦੇਵੀ ਰੂਪ ਬਿਪਾਸਾ ਪਾਵਹੁ।
ਸਗਰੇ ਸਿਖ ਸੁਰ ਬ੍ਰਿੰਦ ਸਮਾਨਾ।
ਇਸ ਮਾਰੇ ਹੋਵੈਂ ਸੁਖ ਨਾਨਾ ॥੧੭॥
ਨਹੀਂ ਪੁਕਾਰੂ ਇਸੇ ਪਠਾਵਹੁ।
ਜਮ ਕੇ ਸਦਨ ਤੁਰਤ ਪਹੁੰਚਾਵਹੁ।
ਸੁਨਿ ਰਜਾਇ ਗੁਰ ਕੀ ਸਿਖ ਧਾਏ।
ਲਾਤ ਮੁਸ਼ਟ ਕੇ ਘਾਵ ਲਗਾਏ ॥੧੮॥
ਐਸੀ ਪਰੀ ਮਾਰ ਤਿਸ ਬਾਰਾ।
ਤਤਛਿਨ ਹਾਨਯੋ ਪ੍ਰਾਨ ਬਿਦਾਰਾ।
ਲਗੇ ਮੁਸ਼ਟ ਸਿਰ ਮਹਿਂ ਬਲਵੰਤੇ।
ਪਰਤਿ ਜੂਤ ਭਾ ਤਨ ਕੋ ਅੰਤੇ ॥੧੯॥
ਪਕਰੀ ਟਾਂਗ ਘਸੀਟਯੋ ਫੇਰ।
ਦੀਨਿ ਬਿਪਾਸਾ ਕੇ ਬਿਚ ਗੇਰਿ।
ਬਹਯੋ ਗਯੋ ਕਿਤ ਨਦਰ ਨ ਆਯੋ।
ਨਾਹਕ ਮੂਰਖ ਪ੍ਰਾਨ ਗਵਾਯੋ ॥੨੦॥
ਰਤਨ ਚੰਦ ਘੇਰੜ ਕੋ ਨੰਦਨ[1]।

[1]ਪੁੱਤ੍ਰ।

ਜਬਿ ਦੇਖਯੋ ਨਿਜ ਪਿਤਾ ਨਿਕੰਦਨ।
ਧਰਯੋ ਤ੍ਰਾਸ ਬੜਵਾ ਚਢਿ ਚਾਲਾ।
ਦੂਰਿ ਜਾਇ ਰੁਦਨੰਤਿ ਬਿਸਾਲਾ ॥੨੧॥
'ਹਾਇ ਪਿਤਾ! ਤੂੰ ਕਯੋਂ ਨ ਪਲਾਵਾ[1]।

[1]ਤੂੰ ਨੱਠ ਕਿਉਂ ਨਾ ਗਿਓਂ।

ਨਾਹਕ ਅਰਯੋ, ਪ੍ਰਾਨ ਬਿਨਸਾਵਾ।'
ਅਪਰ ਗ੍ਰਾਮ ਮਹਿਂ ਬੈਠਿ ਬਿਚਾਰੇ[1]।

[1]ਹੋਰ ਕਿਸੇ ਪਿੰਡ ਵਿਚ ਬੈਠਕੇ ਵਿਚਾਰਿਆ (ਰਤਨ ਚੰਦ ਨੇ)।

ਨਿਜ ਨਰ ਸਗਰੇ ਨਿਕਟਿ ਹਕਾਰੇ
॥੨੨॥
ਇਤਿ ਘੇਰੜ ਜਬਿ ਸਰਿਤਾ ਡਾਰਯੋ।

ਘੇਰੜ ਦੀ ਮੌਤ ਤੇ ਜੁੱਧ ਦੇ ਕਾਰਣਾਂ ਦਾ ਮੁਫੱਸਲ ਪਤਾ ਗੁਰ ਪ੍ਰਤਾਪ ਸੂਰਜ ਵਿਚ ਨਹੀਂ ਆਇਆ। ਇਤਿਹਾਸ ਗੁਰੂ ਖਾਲਸਾ ਵਿਚ ਇਉਂ ਲਿਖਿਆ ਹੈ:-

"ਵਹਾਂ ਸੇ ਚਲ ਕਰ ਸ਼ਹਿਰ ਹਰਿਗੋਵਿੰਦ ਪੁਰ ਮੇਂ ਜੋ ਕਿ ਸ਼ਹਿਰ ਬਟਾਲਾ ਪ੍ਰਾਂਤ ਮੇਂ ਵਿਦਯਮਾਨ ਹੈ, ਜਾਇ ਵਿਰਾਜੇ। ਯੇਹ ਸ਼ਹਿਰ ਪ੍ਰਥਮ ਚੰਦੂ ਲਾਲ ਦੀਵਨ ਕੇ ਅਧਿਕਾਰ ਮੇਂ ਥਾ। ਜਬ ਬਾਦਸ਼ਾਹ ਨੇ ਉਸ ਕੀ ਸਾਰੀ ਜਾਇਦਾਦ (ਸੰਪਤਿ) ਜਪਤ ਕਰਨੇ ਕਾ ਹੁਕਮ ਦਿਯਾ ਥਾ, ਉਸੀ ਸਮਯ ਯੇਹ ਸ਼ਹਿਰ ਭੀ ਵੈਰਾਨ ਕਰ ਦੀਆ ਗਿਆ ਥਾ। ਉਸ ਕੇ ਪੀਛੇ ਫਿਰ ਸ਼੍ਰੀ ਗੁਰੂ ਹਰਿਗੋਵਿੰਦ ਜੀ ਨੇ ਬਾਦਸ਼ਾਹੀ ਸਨਦ ਲੇ ਕਰ ਇਸ ਕੋ ਕਾਰਤਿਕ ਮਾਸ ਸੰਵਤ ੧੬੭੫ ਵਿੱਕ੍ਰਮੀ ਮੇਂ ਅਪਨੇ ਨਾਮ ਸੇ ਨੂਤਨ ਬਸਾਇਆ ਥਾ। ਵਹਾਂ ਪਹੁੰਚ ਕਰ ਸ਼੍ਰੀ ਗੁਰੂ ਜੀ ਨੇ ਉਸ ਸ਼ਹਿਰ ਕੀ ਆਬਾਦੀ ਕੀ ਉਨਤੀ ਕਰਨੀ ਚਾਹੀ, ਪਰੰਤੂ ਘੇਰੜ ਗੋਤ੍ਰ ਕਾ ਭਗਵਾਨ ਨਾਮਕ ਖੱਤ੍ਰਿਯ ਜੋ ਕਿ, ਦੀਵਾਨ ਚੰਦੂ ਕਾ ਨਾਤੇਦਾਰ ਤਥਾ ਉਸ ਪ੍ਰਾਂਤ ਕਾ ਮਾਲ ਗੁਜ਼ਾਰ ਥਾ, ਬਾਦਸ਼ਾਹ ਕੋ ਇਨਕਾ ਵਿਰੋਧੀ ਦੇਖ ਕਰ ਉਸਨੇ ਇਨ ਕੋ ਉਸ ਗਰਾਮ ਸੇ ਬੇਦਾਵੇ ਕਰਨੇ ਕਾ ਇਰਾਦਾ ਕਿਆ, ਅਰਥਾਤ ਉਸ ਨੇ ਵੋਹ ਗਰਾਮ ਇਨ ਸੇ ਛੀਨ ਲੇਨਾ ਚਾਹਾ। ਇਸੀ ਲਿਯੇ ਇਨ ਕੇ ਆਬਾਦੀ ਕੀ ਉਨਤੀ ਕਰਨੇ ਮੇਂ ਵਿਰੋਧ ਕਰਨੇ ਲਗਾ, ਅਪਨੇ ਬਹੁਤ ਸੇ ਨੌਕਰ ਚਾਕਰ ਬਟੋਰ ਕਰ ਸ਼੍ਰੀ ਗੁਰੂ ਹਰਿਗੋਵਿੰਦ ਜੀ ਕੇ ਸਾਮ੍ਹਨੇ ਲੜਨੇ ਕੋ ਭੀ ਤਿਆਰ ਹੁਆ। ਸ਼੍ਰੀ ਗੁਰੂ ਜੀ ਨੇ ਬਹੁਤ ਵਾਰਣ ਭੀ ਕਿਆ ਪਰੰਤੂ ਉਸ ਨੇ ਉਨਮਤ ਚਿਤ ਹੋ ਕਰ ਏਕ ਭੀ ਨਾ ਸੁਨੀ। ਅੰਤ ਮੇਂ ਖੂਬ ਲੜਾਈ ਹੁਈ ਔਰ ਵਹੀ ਭਗਵਾਨਾ ਅਪਨੇ ਸਭੀ ਸਹਿਕਾਰਿਓਂ ਕੇ ਸਾਥ ਮਾਰਾ ਗਿਆ।

ਸ਼੍ਰੀ ਗੁਰੂ ਜੀ ਨੇ ਉਸ ਕੇ ਮਕਾਨੋਂ ਕੋ ਗਿਰਵਾ ਦਿਯਾ ਔਰ ਉਸੀ ਭੂਮਿ ਮੇਂ ਅਪਨੇ ਬਹਾਦੁਰ ਪੈਂਦੇ ਖਾਨ ਕੇ ਕਹਿਨੇ ਸੇ ਏਕ ਮਸਜਿਦ ਭੀ ਬਨਵਾ ਦਈ, ਉਸੀ ਕੇ ਪਾਸ ਏਕ ਸਰਾਏ ਧਰਮਸਾਲਾ ਤੈਯਾਰ ਕਰਵਾ ਦਈ। ਔਰ ਵਹਾਂ ਪਰ ਏਕ ਸਦਾ ਵਰਤ ਲੰਗਰ ਭੀ ਗ਼ਰੀਬ ਲੋਗੋਂ ਕੇ ਵਾਸਤੇ ਜਾਰੀ ਕਰਵਾਯਾ।"

ਇਸੀ ਤਰ੍ਹਾਂ ਸ: ਖਜ਼ਾਨ ਸਿੰਘ ਨੇ ਲਿਖਿਆ ਹੈ ਕਿ "ਗੁਰੂ ਜੀ ਹਰਿਗੋਬਿੰਦ ਪੁਰੇ ਬਹੁਤ ਚਿਰ ਨ ਗਏ ਤਾਂ ਭਗਵਾਨਾ ਨਾਮੇ ਚੰਦੂ ਦੇ ਇਕ ਨਾਤੇਦਾਰ ਨੇ ਇਸ ਪਰ ਕਬਜ਼ਾ ਕਰ ਲਿਆ ਸੀ। ਸੰਮਤ ੧੬੮੬ ਵਿਚ ਜਦ ਗੁਰੂ ਜੀ ਓਥੇ ਗਏ ਤਾਂ ਉਸ ਨੇ ਕਬਜ਼ਾ ਨਾ ਛਡਿਆ, ਕਿਉਂਕਿ ਉਸ ਜਾਣਿਆਂ ਕਿ ਪਾਤਸ਼ਾਹ ਇਨ੍ਹਾਂ ਨਾਲ ਖਫੇ ਹੈ, ਇਸ ਕਰਕੇ ਮੇਰੀ ਚਾਲ ਚਲ ਜਾਏਗੀ। ਉਸ ਨੇ ਰੋਕ ਪਾਈ ਤੇ ਲੜਾਈ ਮਚਾਈ, ਜਿਸ ਵਿਚ ਉਹ ਮਾਰਿਆ ਗਿਆ; ਤਦ ਉਸ ਦਾ ਪੁੱਤ੍ਰ ਰਤਨ ਚੰਦ ਜਾਲੰਧਰ ਫਰਯਾਦੀ ਗਿਆ।"

ਤਵਾ: ਖਾ: ਨੇ ਬੀ ਹਰਿਗੋਬਿੰਦ ਪੁਰ ਇਸ ਗੱਲ ਤੋਂ ਪਹਿਲੇ ਦਾ ਬਸਾਇਆ ਹੋਇਆ ਦੱਸਿਆ ਹੈ। ਯਥਾ- 'ਤਾਂ ਹਰਿਗੋਬਿੰਦ ਪੁਰ ਜੋ ਬਯਾਸ ਦੇ ਬਹੁਤ ਉਚੇ ਕਿਨਾਰੇ ਤੇ ਰੇਤਲੀ ਜ਼ਿਮੀਂ ਵਿਚ ਸੀ, ਗੁਰੁ ਸਾਹਿਬ.... ਉਥੇ ਜਾ ਰਹੇ।' ਫਿਰ ਇਸ ਪਿੰਡ ਦੀ ਪਾਤਸ਼ਾਹ ਵਲੋਂ ਗੁਰੂ ਜੀ ਨੂੰ ਸਨਦ ਮਿਲਨੀ ਬੀ ਇਨ੍ਹਾਂ ਨੇ ਮੰਨੀ ਹੈ।

ਉਮਦਾਤੁੱਤਵਾਰੀਖ ਵਾਲੇ ਨੇ ਹਰਿਗੋਬਿੰਦ ਪੁਰੇ ਗੁਰੂ ਜੀ ਦਾ ਜਨਮ ਅਸਥਾਨ ਦੱਸਿਆ ਹੈ ਤੇ ਉਨ੍ਹਾਂ ਦੀ ਅਵਤਾਰ ਭੂਮੀ ਤੋਂ ਹੀ ਹਰਿ ਗੋਬਿੰਦ ਪੁਰ ਪਿਆ ਦੱਸਿਆ ਹੈ। ਭਾਵੇਂ ਇਸ ਨੂੰ ਜਨਮ ਭੂਮੀ ਮੰਨਣਾ ਭੁੱਲ ਹੈ ਪਰ ਇਸ ਤੋਂ ਇਸ ਦੇ ਪਹਿਲੇ ਵਸਾਏ ਹੋਣ ਦੀ ਸੰਭਾਵਨਾ ਸਹੀ ਹੁੰਦੀ ਹੈ। ਬਾਕੀ ਜੁੱਧ ਜੰਗ ਦਾ ਹੋਣਾ ਸਪਸ਼ਟ ਹੈ। ਗੁਰੂ ਜੀ ਉਸ ਨੂੰ ਵਧਾਉਣਾ ਵਸਾਉਣਾ ਚਾਹੁੰਦੇ ਸਨ, ਅਚਰਜ ਨਹੀਂ ਕਿ ਆਪਣੇ ਜੁੱਧ ਜੰਗਾਂ ਦੇ ਲਈ ਰਿਹੈਸ਼ੀ ਟਿਕਾਣਾ ਕੋਟ ਆਦਿ ਰਚਣੇ ਚਾਂਹੁੰਦੇ ਸਨ, ਕਿਉਂਕਿ ਅੰਮ੍ਰਿਤਸਰ ਨੂੰ ਜੰਗ ਭੂਮੀ ਬਣਾਉਣਾ ਆਪ ਦਾ ਸੰਕਲਪ ਨਹੀਂ ਸੀ।

ਘੇਰੜ ਮਾਲਗੁਜ਼ਾਰ ਤਾਂ ਅਮੀਰ ਸੀ, ਲੋਕਾਂ ਤੇ ਜ਼ੁਲਮ ਕਰਦਾ ਸੀ, ਤੇ ਸਤਿਗੁਰਾਂ ਤੋਂ ਜ਼ਬਰਦਸਤੀ ਜ਼ਿਮੀਂ ਖੋਹੀ ਚਾਹੁੰਦਾ ਸੀ ਜੋ ਕਿ ਉਨ੍ਹਾਂ ਦੀ ਸੀ, ਤੇ ਵਾਹਰ ਲੈਕੇ ਮਾਰਨ ਆ ਪਿਆ ਤੇ ਇਉਂ ਮਾਰਿਆ ਗਿਆ ਸਹੀ ਹੁੰਦਾ ਹੈ। ਇਸ ਦਾ 'ਇਕੱਲਿਆਂ ਆਉਣਾ, ਗੁਰੂ ਜੀ ਦੇ ਹੁਕਮ ਨਾਲ ਮਾਰੇ ਜਾਣਾ' ਹੋਰ ਕਿਸੇ ਲੇਖਕ ਨੇ ਨਹੀਂ ਲਿਖਿਆ।

ਸਭਿਨਿ ਅਨੰਦ ਬਿਲੰਦੈ ਧਾਰਜੋ।
'ਬਿਜੈ ਸਦਾ ਗੁਰ ਕੀ ਅਰਿ ਮਰੈਂ।'
ਊਚਿ ਧੁਨੀ ਇਮ ਉਚਰਨਿ ਕਰੈਂ ॥੨੩॥
ਗੁਰ ਕੇ ਸਭਟ ਸਦਾ ਸਵਧਾਨੇ।
ਗੁਰ ਜੈਕਾਰਾ ਸ਼ਬਦ ਬਖਾਨੇ।
ਕੋਟ ਚੁਗਿਰਦੇ ਕੋ ਬਡ ਹੋਤਿ।
ਗਨ ਮਾਨਵ ਲਗਿ ਕੀਨਿ ਉਦੋਤਿ ॥੨੪॥
ਘੇਰੜ ਮਰਜੋ ਸਕਲ ਤਬਿ ਜਾਨਾ।
ਭਯੋ ਤ੍ਰਾਸ ਗੁਰੁ ਤੇ ਸਭਿ ਥਾਨਾ।
ਨਿੰਦਾ ਕੋ ਨਹਿਂ ਕਰਤਿ ਉਚਾਰਨ।
ਡਰਹਿਂ ਗ੍ਰਾਮ ਗਨ ਕਰਹਿਂ ਨ ਮਾਰਨਿ ॥੨੫॥
ਜ਼ਿਮੀਦਾਰ ਜਹਿਂ ਕਹਿਂ ਕੇ ਆਇ।
ਆਨਿ ਅਕੋਰਨਿ ਕੋ ਅਰਿਪਾਇਂ।
ਦਧਿ ਅਰੁ ਦੁਗਧ ਕਿਤਿਕ ਕੇ ਆਵੈਂ।
ਧਰ ਆਗੈ ਸਭਿ ਸੀਸ ਨਿਵਾਵੈਂ ॥੨੬॥
ਪੀਰੀ ਮੀਰੀ ਤੇਗ ਸੁ ਧਾਰੀ।
ਬਿਦਤਿ ਭਈ ਅਬਿ ਜਗਤਿ ਮਝਾਰੀ।
ਜੋ ਜੋ ਦੁਸ਼ਟ ਬਿਅਦਬੀ ਕਰੈ।
ਸੋ ਸੋ ਤਤਛਿਨ ਫਲ ਦੁਖ ਭਰੈ ॥੨੭॥
ਵਧਜੋ ਤੇਜ ਸਭਿ ਬਿਖੈ ਬਿਸਾਲਾ।
ਬਸਹਿ ਨੰਮ੍ਰਤਾ ਦੰਡ ਕਰਾਲਾ[1]।

[1]ਇਹ ਇਕ ਨੀਤੀ ਬਚਨ ਹੈ ਕਿ ਕਰੜੇ ਦੰਡ ਵਿਚ ਨਿੰਮ੍ਰਤਾ ਵਸਦੀ ਹੈ, ਭਾਵ ਇਹ ਕਿ ਕਰਾਰੇ ਹੱਥਾਂ ਅੱਗੇ ਲੋਕੀਂ ਨੀਉਂਦੇ ਹਨ। ਅਗਲੀਆਂ ਤੁਕਾਂ ਵਿਚ ਇਸ ਦੇ ਉਦਾਹਰਨ ਹਨ।

ਜਿਮਿ ਦਧਿ ਮਥਿਯਤਿ ਇਤ ਉਤ ਬਲ ਤੇ।
ਤਬਿ ਸੁੰਦਰ ਨਵਨੀਤ[1] ਨਿਕਲਤੇ ॥੨੮॥

[1]ਮੱਖਣ।

ਜਿਮ ਬਲ ਤੇ ਤਰ ਲਾਠ[1] ਦਬਾਵਹਿ।

[1]ਲਠ।

ਕੋਲੂ ਊਖ ਸੁਰਸ[1] ਨਿਕਸਾਵਹਿ।

[1]ਵੇਲਣੇ ਤੋਂ ਗੰਨੇ ਦਾ ਰਸ।

ਤਥਾ ਜਗਤ ਕੀ ਰੀਤਿ ਸੁ ਲਾਗੇ।

ਪਿਖਿਹਿਂ ਦੰਡ ਕਰ ਨੰਮ੍ਰਹਿਂ ਆਗੇ[1] ॥੨੯॥

[1]ਹੱਥ ਵਿਚ ਡੰਡਾ ਵੇਖਕੇ ਅੱਗੋਂ ਨਿਉਂਦੇ ਹਨ, ਉਸ ਦੀ ਪੁਸ਼ਟੀ ਹੈ ਜੋ ਪਿਛਲੇ ਅੰਕ ਵਿਚ ਕਹਿ ਆਏ ਹਨ।

ਰਹੈ ਭੀਰ ਸਤਿਗੁਰ ਕੇ ਤੀਰ।
ਪ੍ਰਜਾ ਲੋਕ ਗਨ ਬੰਕੇ ਬੀਰ।
ਬ੍ਰਿੰਦ ਮਜੂਰ ਲਗੇ ਹਿਤ ਕਾਰ।
ਕਰਤਿ ਕਰਾਵਤਿ ਬਿਬਿਧਿ ਪ੍ਰਕਾਰ ॥੩੦॥
ਬਨਤਿ ਕੋਟ ਚੌਗਿਰਦਾ ਪੁਰਿ ਕੋ।
ਨਰ ਗਨ ਕਹੈਂ 'ਨਾਮ ਹੁਇ ਗੁਰ ਕੋ।'
ਕਰਤਿ ਸ਼ੀਘ੍ਰਤਾ ਕਿਤਿਕ ਉਸਾਰਾ।
ਪਹੁੰਚਤਿ ਬ੍ਰਿੰਦ ਈਂਟ ਅਰੁ ਗਾਰਾ ॥੩੧॥
ਦੋਇ ਸਮੈਂ ਫਿਰਿ ਕਰਿ ਗੁਰ ਹੇਰਤਿ।
'ਕੀਜਹਿ ਤਯਾਰ ਸ਼ੀਘ੍ਰ' ਕਹਿ ਪ੍ਰੇਰਤਿ।
ਉਤ ਘੇਰੜ ਕੀ ਸੁਨਹੁ ਕਹਾਨੀ।
ਰਤਨ ਚੰਦ ਤਿਹ ਸੁਤ ਜਿਮ ਠਾਨੀ ॥੩੨॥
ਸਭਿ ਕੁਟੰਬ ਮਿਲਿ ਬਹੁ ਰੁਦਨਾਏ।
ਦੇ ਧੀਰਜ ਤਿਹ ਬਾਕ ਅਲਾਏ।
'ਮੈਂ ਪਿਤ ਕੋ ਪਲਟਾ ਅਬਿ ਲੈ ਹੌਂ।
ਨਾਂਹਿ ਤ ਨੀਰ ਡੂਬਿ ਮਰਿ ਜੈਹੌਂ ॥੩੩॥
ਕੈ ਗੁਰ ਕੀ ਇਮ ਲੋਥ ਰੁਲੈ ਹੌਂ।
ਕੈ ਜ਼ੰਜੀਰ ਪਾਇ ਗਿਰਵੈਹੌਂ[1]।

[1]ਸੁਟਾਵਾਂਗਾ (ਨਦੀ ਵਿਚ)

ਜਿਮ ਮਮ ਪਿਤਾ ਨਦੀ ਮਹਿਂ ਡਾਰਾ।
ਤਿਮ ਗੁਰੁ ਕੀ ਗਤਿ ਹੁਇ ਇਸ ਬਾਰਾ ॥੩੪॥
ਨਗਰ ਜਲੰਧਰ ਸੂਬਾ ਭਾਰਾ।
ਤਿਹ ਸੰਗ ਮੇਰੋ ਹੈ ਬਹੁ ਪਯਾਰਾ।
ਅਪਰ ਬਾਤ ਆਛੀ ਇਕ ਅਹੈ।
ਚੰਦੂ ਕੋ ਨੰਦਨ ਤਹਿਂ ਰਹੈ ॥੩੫॥
ਤਿਸ ਕੋ ਭੀ ਪਿਤ[1] ਗੁਰੁ ਨੇ ਮਾਰਾ।

[1]ਭਾਵ ਚੰਦੂ ਨੂੰ।

ਗਹਿ ਰਾਖਯੋ ਚਿਰਕਾਲ ਚੰਡਾਰਾ[1]।

[1]ਚੰਡਾਲਾਂ ਨੇ (ਚੰਦੂ ਨੂੰ)।

ਦੋਨਹੁੰ ਮਿਲਿ ਹਮ ਮਸਲਤ ਕਰੈਂ।
ਜਯੋਂ ਕਯੋਂ ਕਰਿ ਗੁਰੁ ਗਹਿ ਕਰਿ ਧਰੈਂ[1] ॥੩੬॥
ਰਹਹੁ ਦੂਰਿ ਸਭਿ ਨਿਕਟਿ ਨ ਜਾਵਹੁ।
ਕਹੇ ਸੁਨੇ, ਨਹਿਂ ਕਿਸ ਪਤਿਆਵਹੁ[1]।'
ਇਮ ਕਹਿ ਨਰ ਗਨ ਸੰਗੀ ਕੀਨੇ।
ਚਲਯੋ ਪੰਥ ਮਹਿਂ ਬਿਲਮ ਬਿਹੀਨੇ ॥੩੭॥
ਮਹਾਂ ਦੁਖਿਤਿ ਪਿਤ ਸ੍ਰਿਮਰਤਿ ਗਯੋ।
ਜਾਇ ਪ੍ਰਵੈਸ਼ ਜਲੰਧਰ ਭਯੋ।
ਕਰਮਚੰਦ ਚੰਦੂ ਕੋ ਨੰਦਨ।
ਤਿਸ ਕੋ ਮਿਲਯੋ ਪ੍ਰਥਮ ਕਰਿ ਬੰਦਨ ॥੩੮॥
ਬੈਠਿ ਸਮੀਪ ਰੁਦਨ ਕੋ ਠਾਨਾ।
ਬੂਝਯੋ ਤਿਨਹੁੰ ਪ੍ਰਸੰਗ ਬਖਾਨਾ।
'ਸੁਨਹੁ ਭ੍ਰਾਤ ! ਜਿਮ ਤੁਝ ਸੰਗ ਕੀਨਿ।
ਤਿਮ ਗੁਰ ਨੇ ਮੁਝ ਕੋ ਦੁਖ ਦੀਨਿ ॥੩੯॥
ਪਿਤਾ ਮੋਹਿ ਸੂਧਾ ਚਿਤ ਸਾਧੂ।
ਨਹੀਂ ਕਰਯੋ ਤਿਸ ਕੇ ਅਪਰਾਧੂ।
ਗਹਿ ਲੀਨਿਸਿ ਅਬਿਗਤਿ[1] ਕਰਿ ਮਾਰਾ।
ਖੈਂਚਿ ਬਿਪਾਸਾ ਸਰਿਤਾ ਡਾਰਾ ॥੪੦॥
ਕਰਿ ਮੈਂ ਤ੍ਰਾਸ ਬਿਸਾਲ ਪਲਾਯੋ।
ਤਕਯੋ[1] ਤਹਾਂ ਤੇ ਤੁਵ ਢਿਗ ਆਯੋ।
ਹਮ ਦੋਨਹੁੰ ਕੇ ਪਿਤ ਕੋ ਮਾਰਾ।
ਨਹਿਂ ਪਲਟਾ ਹਮ ਲੀਨਿ ਸੰਭਾਰਾ ॥੪੧॥
ਧਿਕ ਧਿਕ ਜਗਤ ਕਹੈ ਹਮ ਹੀ ਕੋ।
ਖਾਨ ਪਾਨ ਹਮਰੋ ਨਹਿਂ ਨੀਕੋ।
ਪਿਤ ਕੋ ਮਾਰਨਿਹਾਰ ਉਦਾਰਾ।
ਜਬਿ ਲੌ ਛਲ ਬਲ ਕਰ ਨਹਿਂ ਮਾਰਾ ॥੪੨॥
ਜਹਾਂਗੀਰ ਤੌ ਰਖਹਿ ਅਦਾਇਬ[1]।

[1]ਫੜ ਲਵਾਂਗੇ।
[1]ਭਰੋਸਾ ਨਾ ਕਰੋ।
[1]ਬੁਰੀ ਮੌਤੇ।
[1]ਤੇਰਾ ਆਸਰਾ) ਤੱਕ ਕੇ।
[1]ਜਹਾਂਗੀਰ ਤਾਂ ਰੱਖਦਾ ਸੀ ਅਦਬ।

ਹਾਥ ਜੋਰਿ ਭਾਖਤਿ -ਗੁਰੂ ਸਾਹਿਬ-।
ਸੋ ਤੌਂ ਮਰਜੋ, ਰਹਜੋ ਨਹਿਂ ਅਬੈ।
ਸ਼ਾਹਜਹਾਂ ਸੋਂ ਮਿਲਤਿ ਨ ਕਬੈ ॥੪੩॥
ਜੁਤਿ ਉਮਰਾਵ ਸੁ ਲਸ਼ਕਰ ਮਾਰਾ।
ਛੀਨਿ ਬਾਜ ਇਤਿ ਭਾਜਿ ਸੰਭਾਰਾ।
ਸੋ ਸ਼ੱਤ੍ਰੂ ਇਹ ਮਹਿਦ ਮਹਾਨਾ।
ਉੱਦਮ ਧਰਹੁ ਕਰਹਿਂ ਗੁਰੁ ਹਾਨਾ' ॥੪੪॥
ਕਰਮ ਚੰਦ ਬੋਲਜੋ 'ਕਿਸ ਰੀਤਿ?
ਗਹਹਿਂ ਕਿ ਮਾਰਹਿਂ ਗੁਰ ਕੋ ਜੀਤ।
ਦਲ ਜਿਹ ਸੰਗ, ਆਪ ਬਡ ਜੋਧਾ।
ਜਾਨਜੋ ਸ਼ਾਹੁ ਜਹਾਂ ਤਜਿ ਕ੍ਰੋਧਾ ॥੪੫॥
ਕਿਸ ਮਸਲਤ ਕਰਿ ਬਲ ਤੇ ਘਾਲਹਿਂ[1]।
ਕੈ ਕਰਿਬੋ ਕੁਛ ਕਪਟ ਕਰਾਲਹਿ[1]।
ਸੋ ਬਤਾਉ ਜਿਮ ਬਸਿ ਮਹਿਂ ਆਵਹਿ।
ਨਾਂਹਿ ਤ ਸ਼ਸਤ੍ਰ ਸਾਥ ਬਿਨਸਾਵਹਿ ॥੪੬॥
ਸਭਿ ਪੀਰਨਿ ਕੋ ਤਬਹਿ ਮਨਾਵੌਂ।
ਬਹੁਤ ਸ਼ੀਰਨੀ ਤਬਿ ਬਰਤਾਵੌਂ।
ਸਿਰ ਪਰ ਪਾਗ ਬਾਂਧਿ ਹੌਂ ਤਬੈ।
ਹਤਹਿਂ ਕਿ ਪਕਰਹਿਂ ਗੁਰੁ ਕੋ ਜਬੈ ॥੪੭॥
ਤਬਿ ਹੀ ਜੀਵਨ ਹੁਇ ਸੁਖ ਭਰਜੋ।
ਨਾਂਹਿ ਤ ਸਮੈਂ ਬਿਤਾਵੌਂ ਮਰਜੋ।
ਇਸ ਤੇ ਅਪਰ ਨ ਮੋ ਕਹੁ ਆਛੇ।
ਪੂਰੀ ਕਰਹਿਂ ਪੀਰ ਮਨ ਬਾਂਛੇ[1] ॥੪੮॥
ਧਨ ਖਰਚਨਿ ਮੈਂ ਸ਼ਾਮਲ ਤੇਰੇ।
ਕਰਿ ਹੌਂ ਜਿਤਿਕ ਸ਼ਕਤਿ ਹੈ ਮੇਰੇ।
ਜੇ ਕਾਰਜ ਹੁਇ ਸ਼ਾਹੁ ਨਜੀਕਾ।
ਸੋ ਮੈਂ ਕਰੌਂ ਲਾਇ ਬਲ ਨੀਕਾ ॥੪੯॥
ਮੁਝ ਤੁਝ ਕੋ ਸਮ[1] ਕਾਰਜ ਅਹੈ।
ਪਿਤ ਕੋ ਪਲਟਾ ਦੋਨਹੁ ਲਹੈਂ।

[1]ਮਾਰੀਏ।
[1]ਯਾ ਕੋਈ ਭਿਆਨਕ ਕਪਟ ਕਰੀਏ।
[1]ਪੀਰ (ਮੇਰੀ) ਮਨ ਦੀ ਇੱਛਾ ਪੂਰੀ ਕਰਨ।
[1]ਇਕੋ ਜਿਹਾ।

ਹੁਤੋ ਅਗਨਿ ਕੇ ਸਮ ਤਿਹ ਜਾਰਨਿ[1]। [1]ਤਿਸ ਦਾ ਸਾੜਨਾ।
ਨਹਿਂ ਏਕਲ ਤੇ ਹੋਯਉ ਜਾਰਨਿ[1] ॥੫੦॥ [1]ਮੈਥੋਂ) ਕੱਲੇ ਤੋਂ ਉਸ ਦਾ ਬਾਲਣਾ ਨਹੀਂ ਹੋ ਸਕਿਆ [ਹਿਂ: ਉਜਾਲਨਾ]

ਮਿਲਜੋ ਪੌਨ ਸਮ ਤੂੰ ਅਬਿ ਆਇ।
ਜਜੋਂ ਕਜੋਂ ਕਰਿ ਲੇਂ ਬਾਤ ਬਨਾਇ।
ਮਨਹੁ ਉਡੀਕਤਿ ਕੋ ਚਲਿ ਆਯੋ।
ਕਰਿ ਉੱਦਜੋਗ[1] ਹੋਹਿ ਮਨ ਭਾਯੋ' ॥੫੧॥ [1]ਉੱਦਮ।

ਕਰਮਚੰਦ ਇਮ ਧੀਰਜ ਦੀਨਿ।
ਅਪਨੇ ਘਰਿ ਮਹਿਂ ਆਦਰ ਕੀਨਿ।
ਖਾਨ ਪਾਨ ਕੀ ਲੇ ਸਭਿ ਸਾਰ।
ਮਿਲੇ ਦੁਖੀ ਦੋਨਹੁ ਕੁਰਿਆਰ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਘੇਰੜ ਅਰ ਚੰਦੂ ਨੰਦਨ' ਪ੍ਰਸੰਗ ਬਰਨਨੰ ਨਾਮ ਏਕੋਨਿ ਤ੍ਰਿੰਸਤੀ ਅੰਸੂ ॥੨੯॥

੩੦. [ਰਤਨ ਚੰਦ ਤੇ ਕਰਮ ਚੰਦ ਨੇ ਸੂਬਾ ਚੜ੍ਹਾ ਲਿਆਂਦਾ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਰਹਯੋ ਨਿਸਾ ਮਹਿਂ ਮਿਲਿ ਦੁਖੀ, ਗੁਰ ਨਿੰਦਕ ਕੁੜਿਆਰ।
ਕਰਮ ਚੰਦ ਸੋਂ ਤਬਿ ਕਹਯੋ, ਰਤਨ ਚੰਦ ਦੁਖਧਾਰਿ ॥੧॥

ਚੌਪਈ:

'ਸੁਨਹੁ ਪ੍ਰਸੰਗ ਪਿਤਾ ਜਿਮ ਮਾਰਾ।
ਹਮ ਬੈਠੇ ਸਭਿ ਸਦਨ ਮਝਾਰਾ।
ਆਇ ਅਚਾਨਕ ਗੁਰੁ ਤਿਸ ਗ੍ਰਾਮੂ।
ਉਤਰਯੋ ਠਾਨਿ ਜਾਨਿ ਅਭਿਰਾਮੂ ॥੨॥
ਦਿਵਸ ਆਗਲੇ ਕੋਟ ਉਸਾਰਾ।
-ਨਗਰ ਬਸਾਵੌਂ ਮੈਂ ਨਿਰਧਾਰਾ-।
ਸੁਨਿ ਮਮ ਪਿਤਾ ਗਯੋ ਤਿਹ ਕਹਯੋ।
-ਮਾਲਿਕ ਭੂਮਿ ਕੌਨ ਤੈਂ ਲਹਯੋ? ॥੩॥
ਬੂਝਯੋ ਹੈ ਕਿ ਨਹੀਂ, ਕਿਤ ਕੋਊ?
ਹਾਕਮ ਪ੍ਰਜਾ ਨ ਰਾਜੀ ਦੋਊ।
ਸ਼ਾਹ ਜਹਾਂ ਸਭਿ ਮੁਲਖਨਿ ਮਾਲਿਕ।
ਲੇਨਿ ਦੇਨਿ ਸਭਿ ਤਿਸ ਕੇ ਤਾਲਿਕ- ॥੪॥
ਏਕ ਨਹੀਂ ਮਮ ਪਿਤ ਕੀ ਮਾਨੀ।
ਸ਼ਾਹੁ ਨਾਮ ਤੇ ਗਾਰਿ ਬਖਾਨੀ।
ਪਕਰਿ ਮਾਰਿ ਸਰਿਤਾ ਮੈਂ ਗੇਰਾ।
ਤ੍ਰਾਸ ਨਹੀਂ ਮਾਨਤਿ ਕਿਸ ਕੇਰਾ ॥੫॥
ਅਬਿ ਤਹਿਂ ਪਰਯੋ ਕੋਟ ਚਿਨਵਾਵੈ।
ਅਪਨਿ ਨਾਮ ਪਰ ਨਗਰ ਬਸਾਵੈ।
ਅਬਿ ਸੁਨਿ ਮਾਰਨਿ ਕੇਰ ਉਪਾਊ।
ਜੈਸੇ ਮੈਂ ਆਯੋ ਤਕ ਦਾਊ ॥੬॥
ਇਕ ਤੌ ਤੇਰੋ ਹੋਹਿ ਸਹਾਰਾ।
ਇਹਾਂ ਜੁ ਸੂਬਾ ਸੈਨ ਉਦਾਰਾ[1]।
ਇਸ ਕੇ ਸਾਥ ਮੋਹਿ ਮਿੱਤ੍ਰਾਈ।
ਅਬਿਲੌਂ ਕਾਜ ਨ ਕੁਛ ਬਨਿ ਆਈ ॥੭॥

[1] ਬਹੁਤੀ ਸੈਨਾਂ ਵਾਲਾ।

ਚਲਹਿਂ ਪ੍ਰਾਤਿ ਕੋ ਇਸ ਕੇ ਪਾਸ।
ਸਗਰੀ ਬਾਤ ਸੁਨਾਵਹਿਂ ਤਾਸਿ।
ਸੈਨਾਂ ਸਹਤ ਚਲਹਿ ਜੇ ਆਪ।
ਤੇ ਗਹਿ ਲੇਹਿਂ ਹਰਹਿਂ ਗੁਰੁ ਦਾਪ[1] ॥੮॥

[1]ਗੁਰੂ ਦਾ ਹੰਕਾਰ ਦੂਰ ਕਰਾਂਗੇ। (ਅ) ਗੁਰੂ ਨੂੰ ਹੰਕਾਰ ਨਾਲ।

ਹਮ ਤੁਮ ਦੋਨਹੁ ਕਰਹਿਂ ਪੁਕਾਰੂ।
ਗੁਰ ਅਪਰਾਧ ਹੋਹਿ ਨਿਰਧਾਰੂ[1]।'

[1]ਗੁਰੂ ਜੀ ਦਾ ਅਪਰਾਧ ਨਿਰਨੇ ਹੋ ਜਾਏਗਾ।

ਕਰਮ ਚੰਦ ਸੁਨਿ ਅਨੰਦ ਵਧਾਯੋ।
'ਹਮ ਤੁਮ ਦੋਨਹੁਂ ਜਬਹਿ ਸੁਨਾਯੋ ॥੯॥
ਚਢਹਿ ਤੁਰਤ ਕੁਛ ਲਗਹਿ ਨ ਦੇਰਿ।
ਲਸ਼ਕਰ ਜਿਸ ਕੇ ਨਿਕਟਿ ਬਡੇਰਿ।
ਸਕਲ ਦੇਸ਼ ਇਸ ਨਜਾਉਂ ਚੁਕਾਵੈ।
ਜਬਰੀ ਕਰਹਿ ਸੁ ਬਰਜਿ ਹਟਾਵੈ ॥੧੦॥
ਇਸ ਤੇ ਪਰੈ ਅਪਰ ਕਜਾ ਹੋਇ।
ਇਮ ਸੁਨਿ ਕੈ ਕੋਪਹਿ ਸਭਿ ਕੋਇ।
-ਭੂਮਿ ਪਰਾਈ ਛੀਨਿ ਸੁ ਮਾਰਾ।
ਨਾਂਹਿ ਚਢਹੁ ਹੁਇ ਦੇਸ਼ ਉਜਾਰਾ ॥੧੧॥
ਗਢ[1] ਪਾਵਹਿ ਗੁਰ ਆਕੀ ਹੋਇ।

[1]ਕਿਲ੍ਹਾ।

ਗ੍ਰਾਮ ਨਿਕਟਿ ਕੋ ਰੋਕਹਿ ਸੋਇ-।'
ਇਮ ਕਹਿ ਸੁਨਿ ਆਪਸ ਮਹਿਂ ਸੋਏ।
ਜਾਗੇ ਬਹੁਰ ਪ੍ਰਾਤਿ ਕੋ ਜੋਏ ॥੧੨॥
ਬੈਠਜੋ ਸੂਬਾ ਅਬਦੁਲਖਾਨ।
ਲਗੀ ਕਚਹਿਰੀ ਨਿਕਟਿ ਮਹਾਨ।
ਸਿਰ ਨਾਂਗੋ ਕਰਿ ਜਾਇ ਪੁਕਾਰਾ।
'ਕਰਜੋ ਕਹਿਰ, ਮੇਰੋ ਪਿਤ ਮਾਰਾ ॥੧੩॥
ਗੁਰ ਨੇ ਛੀਨਿ ਲੀਨਿ ਸਭਿ ਧਰਨੀ।
ਬਿਨਾਂ ਤ੍ਰਾਸ ਕੀਨਸਿ ਅਸ ਕਰਨੀ।
ਕੋਟ ਉਸਾਰਤਿ ਤਹਿਂ ਬਡ ਗਾਢੋ।
ਹੋਹਿ ਮਵਾਸਿ ਗਰਬ ਉਰ ਬਾਢੋ' ॥੧੪॥
ਅਬਦੁਲ ਖਾਂ ਸੁਨਿ ਪਾਸ ਹਕਾਰਾ।
'ਕਹੁ ਨਿਰਨੈ ਕਰਿ ਕਜੋਂ ਕਰਿ ਮਾਰਾ?

ਲੇਨਿ ਦੇਨਿ ਕਜਾ ਪਿਖਿ ਅਪਰਾਧਾ।
ਕਯੋਂ ਗਹਿ ਮਾਰਯੋ ਦੇ ਕਰਿ ਬਾਧਾ?'
॥੧੫॥
ਕਰਮ ਚੰਦ ਪੁਨ ਸਕਲ ਸੁਨਾਈ।
'ਸੋ ਨਹਿਂ ਡਰਤਿ ਕਰਹਿ ਮਨ ਭਾਈ।
ਜੇਠ ਬਿਖੈ ਏਤੋ ਉਤਪਾਤ।
ਜਿਸ ਤੇ ਭਯੋ ਨਰਨਿ ਗਨ ਘਾਤ ॥੧੬॥
ਲੇ ਕਰਿ ਬਾਜ਼ ਸ਼ਾਹੁ ਕੋ ਆਵਾ।
ਸਦਨ ਸੁਧਾਸਰ ਤੇ ਨਿਕਸਾਵਾ।
ਗ੍ਰਾਮ ਰੁਹੇਲਾ ਤਹਿਂ ਸਭਿ ਧਰਨੀ।
ਹੁਤੀ ਇਨਹੁਂ ਕੀ ਦੇਸ਼ਨਿ ਬਰਨੀ[1]
॥੧੭॥
ਛੀਨਿ ਲੀਨਿ, ਗੜ੍ਹ ਕਰਹਿਂ ਉਸਾਰਨ।
ਘੇਰੜ ਗਯੋ ਬਰਜਿਬੇ ਕਾਰਨ।
ਪਕਰਿ ਮਾਰ ਸਰਿਤਾ ਮਹਿਂ ਡਾਰਾ।
ਸ਼ਾਹੁ ਜਹਾਂ ਕੋ ਤ੍ਰਾਸ ਨ ਧਾਰਾ ॥੧੮॥
ਅਬਿ ਤੁਮਰੋ ਕੁਛ ਡਰ ਨਹਿਂ ਧਰਯੋ।
ਮਾਰ ਦੀਨਿ ਮਨ ਭਾਵਤਿ ਕਰਯੋ।
ਤੁਮ ਸੋਂ ਬਿਗਰਹਿਗੋ ਇਕ ਦਯੋਸ।
ਤਬਿ ਤੁਮਰੋ ਬਸ ਚਲੈ ਨ ਰੋਸ ॥੧੯॥
ਅਬਿ ਪਕਰਹੁ ਕੈ ਕਰਹੁ ਸੰਘਾਰਨਿ।
ਅਹੈ ਸੁਖੈਨ, ਨ ਲਰਿਬੇ ਕਾਰਨਿ[1]।
ਬਹੁਰ ਜਮਾਂ ਕਰਿ ਲੇਹਿ ਲਰਾਈ।
ਗਢ ਪਾਏ ਕਰਿ ਹੈ ਤਕਰਾਈ ॥੨੦॥
ਜੇ ਨਹਿਂ ਚਢਹੁ, ਬਾਤਿ ਦਿਹੁ ਟਾਰਿ।
ਇਸ ਮਹਿਂ ਔਗਨਿ ਅਧਿਕ ਪ੍ਰਕਾਰ।
ਅਲਪ ਸੰਗ ਦਲ, ਪੁਨ ਹੁਇ ਭਾਰੋ।
ਅਪਰ ਸਮਾਜ ਸੰਚਿ ਲੇ ਸਾਰੋ ॥੨੧॥
ਆਗੇ ਮਾਰਯੋ ਮੁਗ਼ਲਸਖਾਨ।
ਔਚਕ ਚਲਹੁ ਗਹਹੁ ਜੁਤਿ ਪ੍ਰਾਨ[1]।
ਲਰਹਿ ਅਗਾਰੀ ਤੌ ਦਿਹੁ ਮਾਰ।

[1]ਦੇਸ਼ ਦੇ ਲੋਕਾਂ ਵਿਚ ਕਹੀ ਜਾਂਦੀ ਹੈ।

[1]ਲੜਾਈ ਦੇ ਕਾਰਨ (= ਸਮਾਨ ਗੁਰੂ ਜੀ ਪਾਸ) ਕੋਈ ਨਹੀਂ ਹਨ।

[1]ਭਾਵ ਜੀਉਂਦਾ।

ਹਜ਼ਰਤਿ ਹੋਇ ਪ੍ਰਸੰਨ ਉਦਾਰ ॥੨੨॥
ਛੀਨਹੁ ਬਾਜ਼ ਆਪ ਲੇ ਚਲੋ।
ਪਾਤਸ਼ਾਹੁ ਸੋਂ ਹਰਖਤਿ ਮਿਲੋ।
ਬਖਸ਼ੈ ਮਨਸਬ ਬਹੁਰ ਸਵਾਇ।
ਬਾਜ਼ ਅਮੋਲਕ ਜਬਿ ਲਿਹੁ ਪਾਇ ॥੨੩॥
ਤੋ ਢਿਗ ਲਸ਼ਕਰ ਹੈ ਅਬਿ ਭਾਰਾ।
ਲੇਹੁ ਫਤੇ ਮੈਦਾਨ ਮਝਾਰਾ।
ਹਰਿਗੋਵਿੰਦ ਕੋ ਜੇ ਗਹਿ ਲੈ ਹੈਂ।
ਬਡੋ ਮਰਾਤਬ ਹਜ਼ਰਤ ਦੈ ਹੈ ॥੨੪॥
ਦੁਸ਼ਮਨ ਸ਼ਾਹ ਜਹਾਂ ਕੋ ਭਾਰੋ।
ਸੁਧਰਹਿਂ ਸਭਿ ਕਾਰਜ, ਜਬਿ ਮਾਰੋ।'
ਅਬਿਦੁਲ ਖਾਨ ਕਾਨਿ ਸਭਿ ਸੁਨਿ ਕੈ।
ਹਾਨ ਲਾਭ ਨੀਕੇ ਮਨ ਗੁਨਿ ਕੈ ॥੨੫॥
ਨਿਸ਼ਚੈ ਕੀਨਿ -ਗਰੂ ਕੋ ਗਹੌਂ।
ਹਜ਼ਰਤ ਕੀ ਪ੍ਰਸੰਨਤਾ ਲਹੌਂ।
ਅਰ ਮਮ ਸਖਾ ਕਾਜ ਇਹ ਆਯੋ।
ਕਰੌਂ ਭਲੇ ਚਲਿ ਕੈ ਮਨ ਭਾਯੋ ॥੨੬॥
ਲੇ ਕਰਿ ਬਾਜ਼ ਮਿਲੌਂ ਅਬਿ ਸ਼ਾਹੂ।
ਪਾਵੌਂ ਬਡ ਮਨਸਬ ਤਿਸ ਪਾਹੂ।
ਔਚਕ ਫਤੇ ਮੋਹਿ ਕਹੁ ਪਾਈ।
ਕਯੋਂ ਨ ਲੇਉਂ ਮੈਂ ਅਲਪ ਲਰਾਈ- ॥੨੭॥
ਨਿਜ ਸਮੀਪ ਕੇ ਬੂਝਨ ਕਰੇ।
ਸਭਿਨਿ ਕਹਯੋ 'ਅਬਿ ਕਯਾ ਗੁਰੁ ਲਰੇ?
ਹੁਤੇ ਸਿੱਖ ਬਪੁਰੇ ਕੁਝ ਸੰਗਿ।
ਹਤੇ ਗਏ ਸੋ ਕੀਨਸਿ ਜੰਗ ॥੨੮॥
ਦਈ ਖੁਦਾਇ ਤੋਹਿ ਬਡਿਆਈ।
ਅਬਿ ਔਚਕ ਬਿਧਿ ਆਨਿ ਬਨਾਈ।
ਦੁਸ਼ਮਨ ਹਜ਼ਰਤਿ ਕੋ ਅਤਿ ਅਹੈ।
ਕਰਹਿ ਸੰਘਾਰਨਿ ਕੈ ਤਿਸ ਗਹੈਂ ॥੨੯॥
ਕਯੋਂ ਨ ਪ੍ਰਸੰਨ ਸ਼ਾਹੁ ਤਬਿ ਹੋਇ।

ਤੁਝ ਕੋ ਹੈ ਸੁਖੇਨ ਅਬਿ ਸੋਇ।
ਕਜਾ ਬੂਝਹੁ, ਚਢੀਅਹਿ ਅਬਿ ਤੂਰਨ।
ਲੇਹੁ ਬਿਜੈ ਹੁਹਿ ਕਾਜ ਸੰਪੂਰਨ' ॥੩੦॥
ਸੁਨਿ ਮਸਲਤਿ ਕੋ ਨਿਜ ਸਾਥੀਨਿ।
ਹਰਖਜੋ ਗਰਬਤਿ ਆਗਜਾ ਦੀਨਿ।
'ਚਢਨਿ ਹੇਤੁ ਦੁੰਦਭਿ ਬਜਵਾਯੋ।
ਗੁਲਕਾਂ ਬਹੁ ਬਰੂਦ ਬਰਤਾਯੋ ॥੩੧॥
ਜੋ ਜਿਸ ਚਹੀਅਹਿ ਸੋ ਸਭਿ ਦੀਜਹਿ।
ਸੈਨਾ ਸਰਬ ਤਜਾਰ ਕਰਿ ਲੀਜਹਿ।'
ਇਤ ਉਤ ਮਾਨਵ ਸ਼ੀਘ੍ਰ ਪਲਾਏ।
ਹਿਤ ਤਜਾਰੀ ਦੁੰਦਭਿ ਬਜਵਾਏ ॥੩੨॥
ਸੈਨਾਪਤਿ ਸਭਿ ਨਿਕਟਿ ਹਕਾਰੇ।
ਸਨਮਾਨਤਿ ਮ੍ਰਿਦੁ ਬਾਕ ਉਚਾਰੇ।
ਸ਼ਸਤ੍ਰ ਬਸਤ੍ਰ ਬਖਸ਼ੇ ਸਮੁਦਾਇ।
'ਚਢਹੁ ਸਕਲ ਹੀ ਬਿਲਮ ਭੁਲਾਇ' ॥੩੩॥
ਤਰਕਸ਼, ਤੋਮਰ, ਧਨੁਖ ਸੰਭਾਰੇ।
ਤੁਪਕ, ਤਮਾਂਚੇ ਗਜ਼ਬ ਗੁਜਾਰੇ[1]।
ਗੁਲਕਾਂ ਗਨ, ਬਰੂਦ ਮਨ ਭਾਈ।
ਲੇ ਲੇ ਸੁਭਟ ਤਜਾਰ ਸਮੁਦਾਈ ॥੩੪॥
ਭਾਂਤਿ ਭਾਂਤਿ ਕੇ ਖੜਗ ਬਿਲੰਦੇ।
ਮੁਸ਼ਟਨਿ ਲਿਪ ਚਾਮੀਕਰ ਬ੍ਰਿੰਦੇ[1]।
ਬਹੁਤ ਮੋਲ ਕੀ ਸਿਪਰ ਸੰਭਾਰੀ।
ਭਯੋ ਸਨੱਧਬੱਧ ਦਲ ਭਾਰੀ ॥੩੫॥
ਅਬੁਦੁਲਖਾਨ ਅਧਿਕ ਉਤਸਾਹੂ।
ਪਿਖਿ ਸੈਨਾ ਉਰ ਜੰਗ ਉਮਾਹੂ।
-ਦਲ ਜੁਤਿ ਕਜਾ ਗੁਰ ਹਮਰੇ ਆਗੇ।
ਗਹੈਂ ਕਿ ਮਾਰਹਿਂ ਜੇ ਨਹਿਂ ਭਾਗੇ- ॥੩੬॥
ਨਿਕਸਜੋ ਵਹਿਰ ਬੰਬ ਬਜਵਾਈ।
ਚਢੀ ਬਾਹਿਨੀ ਹੁਇ ਸਮੁਦਾਈ।
ਜਥਾ ਘਟਾ ਪ੍ਰੇਰੀ ਬਡ ਪੌਨ।

[1]ਗਜ਼ਬ ਕਰਨ ਵਾਲੇ।

[1]ਜਿਨ੍ਹਾਂ ਦੀਆਂ ਮੁੱਠਾ ਨੂੰ ਸੋਨਾ ਲਗਾ ਸੀ।

ਬਾਦਿਤ ਬਜਤਿ ਗਰਜਨਾ ਤੌਨ[1] ॥੩੭॥
ਚਮਕਹਿਂ ਸ਼ੱਤ੍ਰੂ ਚੰਚਲਾ[1] ਮਾਨੋ।
ਗੁਲਕਾਂ ਓਰੇ ਭਰੇ ਮਹਾਨੋ।
ਸਿੱਖਨਿ ਕੋ ਦਲ ਪਾਕਜੋ ਖੇਤ।
ਚਲੇ ਤਹਾਂ ਬਰਸਨ ਕੇ ਹੇਤੁ ॥੩੮॥
ਗੁਰ ਕੇ ਬਾਨ ਬਿਪਰਜੈ ਵਾਯੂ[1]।
ਜੋ ਸਨਮੁਖ ਚਲਿ, ਦੇਹਿ ਉਡਾਯੂ।
ਚਲਜੋ ਬੇਗ ਕਰਿ ਲਸ਼ਕਰ ਭਾਰੋ।
ਉਤਸਾਹਤਿ ਬੋਲਤਿ 'ਗੁਰ ਮਾਰੋ'
॥੩੯॥
ਭਏ ਸਗੁਨ ਮੰਦੇ ਅਵਿਲੋਕ।
ਸਜਾਨੇ ਦਿਲ ਮਹਿਂ ਧਾਰਤਿ ਸ਼ੋਕ।
ਸਮੁਖ ਬਾਯੁ[1], ਮ੍ਰਿਗ ਮਾਲ ਕੁਫੇਰੀ[2]।
ਹਯ ਰੋਦਤਿ ਦ੍ਰਿਗ ਅੱਸ਼੍ਰੂ ਗੇਰੀ ॥੪੦॥
ਸਿਰ ਪਰ ਬਾਯਸ, ਗੀਧ ਭ੍ਰਮਾਵੈਂ[1]।
ਸ਼ਿਵਾ ਅਸ਼ਿਵਾ[1] ਪੁਕਾਰਤਿ ਆਵੈਂ।
ਗਿਰਹਿਂ ਅਚਾਨਕ ਚਾਲਤਿ ਘੋਰੇ।
ਮਨ ਸੂਰਨਿ ਕੇ ਮਲਿਨ ਅਥੋਰੇ[1] ॥੪੧॥
ਮਿਲਜੋ ਕਾਠ ਕੋ ਭਾਰ ਅਗਾਰੀ।
ਖਰ ਬੋਲਜੇ, ਮ੍ਰਿਤੁ ਸੂਚਤਿ ਭਾਰੀ[1]।
ਦੁੰਦਭਿ ਨਾਦਤਿ ਅਲਪ ਮਲੀਨਾ।
ਜਾਤਿ ਲਿਯੇ ਮਿਰਤਕ ਸਭਿ ਚੀਨਾ
॥੪੨॥
ਰਤਨ ਚੰਦ ਢਿਗ ਅਬਦੁਲ ਖਾਨ।
ਕਰਮ ਚੰਦ ਚੰਦੂ ਸੁਤ ਜਾਨ।
ਬੂਝਤਿ 'ਕਿਤਿਕ ਕੋਟ ਕਰਿ ਲੀਨਿ?
ਸੰਗ ਕਿਤਿਕ ਦਲ ਦੇਖਨਿ ਕੀਨਿ?'
॥੪੩॥
ਕਹਨਿ ਲਗਜੋ 'ਕਜਾ ਤੁਮਰੇ ਆਗੇ?
ਮੈਂ ਜਾਨੀ ਮਨ, ਪਿਖਿ ਗੁਰੁ ਭਾਗੇ।
ਆਟੇ ਬਿਖੈ ਲੋਨ ਅਨੁਮਾਨਾ।
ਮਿਹਰ ਖੁਦਾਇ ਆਪ ਪਰ ਜਾਨਾ'

[1]ਤਿਵੇਂ ਤਿੰਨ੍ਹਾਂ ਵਾਜਿਆਂ ਦੇ ਵੱਜਣ ਦੀ ਗਰਜ ਹੈ।
[1]ਬਿਜਲੀ।
[1]ਉਲਟੀ ਹਵਾ।
[1]ਸਾਹਮਣੀ ਵਾਉ। [2]ਤੇ ਹਰਨਾਂ ਦੀ ਡਾਰ ਉਲਟੇ ਪਾਸਿਓਂ।
[1]ਘੁੰਮਦੇ ਹਨ।
[1]ਗਿਦੜੀਆਂ ਅਮੰਗਲ ਰੂਪ।
[1]ਬਹੁਤੇ ਮਲਿਨ ਹੋਏ ਹੋਏ ਹਨ।
[1]ਗਧਾ ਬੋਲਿਆ ਜੇ ਭਾਰੀ ਮੌਤ ਜਣਾਂਵਦਾ ਹੈ।

॥ ੪੪ ॥
ਚਲ੍ਯੋ ਬੇਗ ਤੇ ਲਸ਼ਕਰ ਭਾਰਾ।
ਜ੍ਯੋਂ ਸਲਿਤਾਪਤਿ ਤਜ੍ਯੋ ਕਿਨਾਰਾ[1]।
ਉਛਰ੍ਯੋ ਬਡ ਤਰੰਗ ਜੁਤਿ ਜਾਵੈ।
ਇਸ ਪ੍ਰਕਾਰ ਸੋ ਨਦਰੀ ਆਵੈ ॥ ੪੫ ॥
ਜਰਾਸਿੰਧੁ ਜਨੁ ਮੀਤ[1] ਬੁਲਾਯੋ।
ਕਾਲ ਜਮਨ ਦਲ ਬਡ ਜੁਤਿ ਧਾਯੋ।
ਹਰਿਗੁਵਿੰਦ[1] ਪਰ ਲਰਨਿ ਸਿਧਾਵਾ।
ਹਰਿ ਗੁਵਿੰਦ[1] ਪਰ ਤਿਮ ਇਹ ਆਵਾ ॥ ੪੬ ॥
ਚਲੇ ਬੀਰ ਦਸ ਪੰਚ ਹਜ਼ਾਰ[1]।
ਪੁਸ਼ਟ ਤੁਰੰਗਨਿ ਪਰ ਅਸੁਵਾਰ।
ਲਿਏ ਸਹੰਸ੍ਰ ਚਤੁਰ ਦਸ਼ ਜੋਧਾ।
ਖਰ[1] ਜਨੁ ਚਢ੍ਯੋ ਰਾਮ ਪਰਿ ਕ੍ਰੋਧਾ ॥ ੪੭ ॥
ਮਦਰਾ ਪਾਨ ਮਲੇਛ ਕਰੰਤੇ।
ਕਹਿ ਕਹਿ ਅਬਦੁਲ ਖਾਨ ਸੁਨੰਤੇ।
'ਕਹਾਂ ਗੁਰੂ ਅਬਿ ਦੇਹੁ ਬਤਾਇ।
ਗਹੈਂ ਤੁਰਤ ਕਜਾ ਜੰਗ ਮਚਾਇ ॥ ੪੮ ॥
ਕੋ ਅਬਿ ਅਟਕਹਿ ਲਰਹਿ ਅਗਾਰੀ।
ਛਿਨ ਮਹਿਂ ਸ਼ੱਤ੍ਰੁਨਿ ਦੇਹਿਂ ਸੰਘਾਰੀ।
ਹਮਰੀ ਸੈਨਾ ਬਡ ਸਵਧਾਨ।
ਕੌਨ ਅਰਹਿ ਆਗੇ ਇਨ ਆਨਿ' ॥ ੪੯ ॥
ਜਥਾ ਸਗਰ[1] ਕੇ ਸੁਤ ਹੰਕਾਰੇ।
ਗਿਨਹਿਂ ਨ ਕਾਹੂੰ ਅਵਨਿ ਮਝਾਰੇ।
ਪਲਕ ਉਘਾਰਨਿ[1] ਤੇ ਜਰਿ ਗਏ।
ਤਥਾ ਮੂਢ ਚਾਹਤਿ ਰਿਸਿ ਭਏ[1] ॥ ੫੦ ॥
ਕਰਤੇ ਮਾਰ ਬਕਾਰਾ ਚਾਲੇ।
ਪੀ ਸ਼ਰਾਬ ਕੇਤਿਕ ਮਤਵਾਲੇ।

[1]ਜਿਵੇਂ ਸਮੁੰਦਰ ਕਿਨਾਰੇ ਛੱਡਕੇ ਵਹਿ ਟੁਰੇ।

[1]ਜਰਾਸਿੰਧੁ ਨੇ ਮਾਨੋ (ਆਪਣੇ) ਮਿੱਤ੍ਰ (ਕਾਲ ਯਮਨ) ਨੂੰ।

[1]ਸ਼੍ਰੀ ਕ੍ਰਿਸ਼ਨ ਜੀ ਤੇ।

[1]ਸ਼੍ਰੀ ਗੁਰੂ ਹਰਿਗੋਬਿੰਦ ਜੀ ਤੇ।

[1]ਪੰਦਰਾਂ ਹਜ਼ਾਰ।

[1]ਇਕ ਰਾਖਸ਼ ਦਾ ਨਾਮ ਜੋ ਰਾਵਨ ਦਾ ਭਰਾ ਸੀ ਤੇ ਪੰਚ ਬਟੀ ਦੇ ਟਿਕਾਣੇ ਰਾਮ ਜੀ ਨੇ ਮਾਰਿਆ ਸੀ।

[1]ਇਕ ਰਾਜੇ ਦਾ ਨਾਮ ਜਿਸ ਦੇ ਸੱਠ ਹਜ਼ਾਰ ਪੁੱਤ੍ਰ ਸਨ, ਜੋ ਹੰਕਾਰ ਵਿਚ ਕਪਲ ਮੁਨੀ ਦਾ ਅਪਮਾਨ ਕਰਕੇ ਉਸ ਦੇ ਸ੍ਰਾਪ ਨਾਲ ਭਸਮ ਹੋ ਗਏ।

[1]ਕਪਲ ਮੁਨੀ ਦੀ) ਦ੍ਰਿਸ਼ਟੀ ਨਾਲ, ਭਾਵ ਸ੍ਰਾਪ ਨਾਲ।

[1]ਮਾਨੋਂ) ਤਿਵੇਂ ਚਾਹ ਰਹੇ ਹਨ।

ਹਯਨਿ ਬਾਗ ਕਰ ਗਹੈਂ ਕੁਦਾਵੈਂ।
ਤੁਪਕ ਸੰਭਾਰਤਿ ਕਿਤਿਕ ਧਵਾਵੈਂ ॥੫੧॥
ਪਟਹਿ ਭੇਰਿ[1] ਰਣਸਿੰਙੇ ਬਜੇ।
ਬਸਤ੍ਰ ਸ਼ਸਤ੍ਰ ਜੁਤਿ ਜੋਧਾ ਸਜੇ।
ਧੁਨਿ ਉਚੀ ਤੇ ਬਾਜਤਿ ਢੋਲ।
ਭਟ ਮੁਦ ਧਰਤਿ ਪੁਕਾਰਤਿ ਬੋਲ ॥੫੨॥
ਚਲ੍ਯੋ ਪੰਥ ਲਸ਼ਕਰ ਤਬਿ ਐਸੇ।
ਗਿਰ ਪਰ ਬਰਖੇ ਤੇ ਹੜ੍ਹ ਜੈਸੇ।
ਦੁਹਰੀ ਚੋਬ ਦੁੰਦਭਿਨਿ ਪਰੀ।
ਦੂਰਿ ਦੂਰਿ ਲਗਿ ਧੁਨਿ ਸੁਨਿ ਪਰੀ ॥੫੩॥
ਪਹੁੰਚੇ ਆਨਿ ਰੁਹੇਲੇ ਤੀਰ।
ਕਲਮਲਾਤਿ[1] ਇਕਠੀ ਭਟ ਭੀਰ।
ਸਭਿ ਮਹਿਂ ਸੂਬਾ ਅਬਦੁਲ ਖਾਨ।
ਪਿਖਿ ਲਸ਼ਕਰ ਉਰ ਧਰਿ ਕਰਿ ਮਾਨ ॥੫੪॥
ਦਯੋ ਹੁਕਮ ਮੰਗਵਾਇਸਿ ਤਰਨੀ[1]।
ਪਾਰ ਸੈਨ ਸਭਿ ਤੂਰਨ ਕਰਨੀ।
ਤਤਛਿਨ ਕੇਵਟ ਹੁਇ ਸਮੁਦਾਯਾ।
ਲਸ਼ਕਰ ਕਰ੍ਯੋ ਪਾਰ, ਧਨ ਪਾਯਾ ॥੫੫॥

[1]ਭੇਰੀਆਂ।

[1]ਕੁਰਬਲ ਕੁਰਬਲ ਕਰਦੀ।

[1]ਬੇੜੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਰਾਸੇ 'ਅਬਦੁਲ ਖਾਨ ਸੂਬਾ ਅਰੂਢਨ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

੩੧. [ਜੰਗ ਦੀ ਤਿਆਰੀ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਕੋਸ ਰੁਹੇਲਾ ਜਬਿ ਰਹ੍ਯੋ ਠਾਂਢੇ
ਅਬਦੁਲਖਾਨ।
ਕਰੀ ਸੰਭਾਰਨਿ ਸੈਨ ਕੀ ਸੈਨਾਪਤਿ
ਬਲਵਾਨ ॥੧॥

ਚੌਪਈ:

ਲਰਨਿ ਜੰਗ ਕੋ ਬਜੋਂਤ ਬਿਚਾਰਾ।
ਪ੍ਰਿਥਕ ਪ੍ਰਿਥਕ ਦਲ ਭਾਗ ਸੁਧਾਰਾ[1]। [1]ਦਲ ਦੇ ਹਿਸੇ ਕੀਤੇ ਸੁਵਾਰ ਕੇ।
ਜਥੇਦਾਰ ਇਕ ਬੈਰਮ ਖਾਨ।
ਸ਼ਸਤ੍ਰ ਧਰਨਿ ਮਹਿਂ ਸੁਭਟ ਮਹਾਨ ॥੨॥
ਬਿੱਦਯਾ ਖੜਗ ਪ੍ਰਹਾਰਨਿ ਕੇਰੀ।
ਪਟੇ ਬਾਜ਼ ਕੀ ਰੀਤਿ ਬਡੇਰੀ।
ਏਕ ਹਜ਼ਾਰ ਸੰਗ ਦਲ ਕੀਨਾ।
ਹੱਥਿਯਾਰਨਿ ਮਹਿਂ ਜੋ ਬਲ ਪੀਨਾ ॥੩॥
ਦੁਤਿਯ ਮੁਹੰਮਦ ਖਾਨ ਸੁਜਾਨਾ।
ਬਿੱਦਯਾ ਬਾਨਨਿ ਬਿਖੈ ਮਹਾਨਾ।
ਚਾਂਪ ਕਠੋਰ ਐਂਚਿ ਜੋ ਮਾਰਤਿ।
ਬਹੁ ਸ਼ੱਤ੍ਰ ਆਗੇ ਜਿਸ ਹਾਰਤਿ ॥੪॥
ਜੀਤੇ ਆਗੈ ਜੰਗ ਬਿਸਾਲਾ।
ਬਲੀ ਅਧਿਕ ਅਰੁ ਪਿਖਹਿ ਕਰਾਲਾ।
ਏਕ ਹਜ਼ਾਰ ਸੁਭਟ ਦਲ ਦੈ ਕੈ।
ਸਾਵਧਾਨ ਹਿਤ ਲਰਿਬੇ ਕੈ ਕੈ ॥੫॥
ਤ੍ਰਿਤਿਯ ਖਾਨ ਬਲਵੰਡ ਪ੍ਰਚੰਡ[1]। [1]ਬੜਾ ਬਲਵਾਨ।
ਪਰਹਿ ਜੁਧ ਤਬਿ ਕਰਹਿ ਘਮੰਡ[1]। [1]ਘਮਸਾਨ ਕਰਦਾ ਹੈ।
ਕਰਿ ਮਹਿਂ ਤੋਮਰ ਬੰਬ ਲਿਆਲੇ।
ਏਕ ਹਜ਼ਾਰ ਕਰ੍ਯੋ ਜਿਸ ਨਾਲੇ ॥੬॥
ਚੌਥੋ ਅਲੀਬਖਸ਼ ਬਡਿ ਬੀਰ।
ਤੁਪਕ ਚਲਾਵਹਿ ਜੋ ਧਰਿ ਧੀਰ।
ਨਫਰ[1] ਤਜਾਰਿ ਕਰਿ ਕਰਿ ਜਿਸ ਦੇਤਿ। [1]ਨੌਕਰ।
ਛੋਰਤਿ ਜਿਤਿਕ ਸ਼ੱਤ੍ਰ ਹਤਿ ਲੇਤਿ ॥੭॥

ਚਲੀ ਤੁਪਕ ਜਿਸ ਛੂਛ ਨ ਜਾਇ।
ਬਿਦਤਿ ਲਖਹਿਂ ਜੋਧਾ ਸਮੁਦਾਇ।
ਸੁਭਟ ਇਮਾਮ ਬਖਸ਼ ਗਿਨਿ ਪੰਚ।
ਆਯੁਧ ਬਿੱਦਜਾ ਜਿਨ ਬਹੁ ਸੰਚਿ[1] ॥ ੮ ॥ [1]ਧਾਰੀ ਹੈ।
ਹਯ ਅਰੂਢਿਬੇ ਵਿੱਦਜਾ ਮਹਾਂ।
ਰਣ ਮਹਿਂ ਫੇਰਤਿ ਇਤਿ ਉਤਿ ਚਹਾ।
ਪੰਚ ਹਜ਼ਾਰ ਪੰਚਿ ਕੇ ਸੰਗ।
ਕਰਿ ਸੁਚੇਤ ਦੀਨੇ ਹਿਤ ਜੰਗ ॥ ੯ ॥
ਅਬਿਦੁਲ ਖਾਂ ਕੇ ਨੰਦਨ ਦੋਇ।
ਆਯੁਧ ਬਿੱਦਜਾ ਜਾਨਹਿਂ ਜੋਇ।
ਨਬੀ ਬਖਸ਼ ਜੇਠਾ ਸੁਤ ਅਹੈ।
ਦੁਤਿਯ ਕਰੀਮ ਬਖਸ਼ ਲਘੁ ਕਹੈਂ ॥ ੧੦ ॥
ਅਲੰਕਾਰ ਜਿਨ ਚਾਮੀਕਰ ਕੇ।
ਜਬਰ ਜਵਾਹਰ ਜ਼ੇਵਰ ਜ਼ਰ ਕੇ।
ਜਿਨ ਕੇ ਤਰੈ ਤੁਰੰਗ ਬਹੁ ਮੋਲੇ।
ਨਟ ਜਿਮ ਫਾਂਦਤਿ ਇਤ ਉਤਿ ਡੋਲੇ ॥ ੧੧ ॥
ਦੋਇ ਸੰਹਸ੍ਰ ਏਕ ਸੰਗ ਕਰਿ ਕੈ।
'ਹਤਹੁ ਰਿਪੁਨਿ ਕੋ ਓਜ ਸੰਭਰਿ ਕੈ।'
ਜੁਗਮ ਹਜ਼ਾਰ ਦੁਤਿਯ ਸੰਗਿ ਦੀਨੇ।
ਸਾਵਧਾਨ ਹ੍ਵੈ ਕੈ ਰਿਸ ਭੀਨੇ ॥ ੧੨ ॥
ਖਸ਼ਟ ਸਹੰਸ੍ਰ ਆਪਨੇ ਸੰਗ।
ਅਬਦੁਲ ਖਾਨ ਰਖੇ ਹਿਤ ਜੰਗ।
ਇਮ ਸੁਭਟਨਿ ਕੋ ਕਰਜੋ ਬਿਭਾਗ[1]। [1]ਵੰਡ।
ਹਿਤ ਸੰਗ੍ਰਾਮ ਧਾਰਿ ਅਨੁਰਾਗ ॥ ੧੩ ॥
ਇਤ ਸਤਿਗੁਰੁ ਕੇ ਢਿਗ ਸੁਧਿ ਆਈ।
'ਕਜਾ ਬੈਠੇ ਸੋਝੀ ਨਹਿਂ ਕਾਈ।
ਦਸ ਅਰੁ ਪੰਚ ਸਹੱਸ੍ਰੈ ਜੋਧਾ।
ਚਢਿ ਆਯੋ ਤੁਮ ਪਰ ਕਰਿ ਕ੍ਰੋਧਾ ॥ ੧੪ ॥
ਟੋਲ ਅਸ਼ਟ ਬਾਂਧੇ ਸਮੁਦਾਈ।
ਚਢਿ ਆਏ, ਅਬਿ ਪਰਹਿ ਲਰਾਈ।
ਹੂਜਹੁ ਤਯਾਰਿ ਸ਼ਸਤ੍ਰ ਸੰਭਾਰੋ।

ਜ਼ੀਨ ਤੁਰੰਗਨਿ ਤੂਰਨ ਡਾਰੋ' ॥੧੫॥
ਸੁਨਿ ਸਤਿਗੁਰੁ ਤਬਿ ਬਾਕ ਉਚਾਰੇ।
'ਹਨਹੁ ਸ਼ੀਘ੍ਰ ਹੀ ਚੋਬ ਨਗਾਰੇ।
ਸੱਜੀ ਸੁਭਟ ਸਕਲ ਹੁਇ ਜਾਓ[1]।
ਗਹਿ ਗਹਿ ਸ਼ਸਤ੍ਰ ਮੋਹਿ ਢਿਗ ਆਓ'
॥੧੬॥
ਸੁਨਿ ਗੁਰੁ ਹੁਕਮ ਜੰਗ ਕੋ ਜਾਨਾ।
ਸੁਭਟ ਸ਼ਸਤ੍ਰ ਗਹਿ ਭੇ ਸਵਧਾਨਾ।
ਜੱਟੂ ਗਹਿ ਤੁਫੰਗ ਤਬਿ ਆਯੋ।
ਪਿਖਿ ਸ਼੍ਰੀ ਹਰਿਗੋਵਿੰਦ ਅਲਾਯੋ ॥੧੭॥
'ਲੇਹੁ ਸੰਗਿ ਜੁਗ ਸ਼ਤ[1] ਅਸੁਵਾਰ।
ਖਰੇ ਅਗਾਰੀ ਹੋਹੁ ਸੰਭਾਰੁ।
ਰਾਖਹੁ ਤੁਪਕ ਤਜਾਰਿ ਕਰਿ ਸਾਰੀ।
ਪਰੈ ਨੇਰ ਦਿਹੁ ਇਕਿ ਵਿਰਿ ਮਾਰੀ'
॥੧੮॥
ਪੁਨ ਕੱਲਜਾਨੇ ਕੀ ਦਿਸ਼ਿ ਹੇਰਾ।
ਸੌ ਅਸੁਵਾਰ ਦੀਨਿ ਤਿਸ ਬੇਰਾ।
'ਤਾਤਕਾਲ ਤੋਰੇ ਸੁ ਲਗਾਵਹੁ।
ਹਤਹੁ ਤੁਫੰਗੈ, ਆਪ ਬਚਾਵਹੁ' ॥੧੯॥
ਪੁਨ ਨਾਨੋ ਇਕ ਆਯੁਧ ਧਾਰੀ।
ਸ਼ੱਤ੍ਰੂ ਪ੍ਰਹਾਰਨਿ ਮਹਿਂ ਬਲਿ ਭਾਰੀ।
ਤਿਸ ਕੇ ਸੰਗ ਤੀਨ ਸੈ ਕੀਨੇ।
'ਹਤਹੁ ਮਲੇਛਨਿ ਕੋ ਬਲ ਪੀਨੇ'
॥੨੦॥
ਬਹੁਰ ਪਿਰਾਗਾ ਚਲਿ ਕਰਿ ਆਯੋ।
ਕ੍ਰਿਪਾ ਦ੍ਰਿਸ਼ਟਿ ਤੇ ਗੁਰੁ ਦਰਸਾਯੋ।
ਕਰੇ ਪੰਚ ਸੈ ਸੂਰਾ ਸੰਗ।
ਕਹਜੋ ਕਿ 'ਰੋਕਹੁ ਆਗਾ ਜੰਗ' ॥੨੧॥
ਸਨਮੁਖ ਮਥਰਾ ਦੇਖਨਿ ਕਰਜੋ।
ਮਹਾਂ ਬੀਰ ਬਡਿ ਆਯੁਧ ਧਰਜੋ।
ਤਾਂ ਕੇ ਸੰਗ ਚਾਰ ਸੈ ਘੋਰਾ।
ਕਹਜੋ 'ਹਤਹੁ ਤੁਰਕਨਿ, ਦਿਹੁ ਮੋਰਾ'

[1]ਸਾਰੇ ਸੂਰਮੇਂ ਸਜਕੇ ਤਿਆਰ ਹੋ ਜਾਵੋ।

[1]ਦੋ ਸੌ।

॥੨੨॥
ਗੁਰੂ ਨਿਕਟ ਪੁਨ ਜਗਨਾ ਖਰਯੋ।
ਕ੍ਰਿਪਾ ਧਾਰਿ ਤਿਸ ਓਰ ਨਿਹਰਯੋ।
ਤਿਸ ਕੇ ਸੰਗ ਸੁਭਟ ਸੌ ਕਰੇ।
'ਹਤਹੁ ਤੁਫੰਗ ਸ਼ੱਤ੍ਰੂ ਅਰਿ ਪਰੇ' ॥੨੩॥
ਪਰਸਰਾਮ ਸ਼ਕਤੂ ਦੁਇ ਆਏ।
ਤਰਕਸ਼ ਧਨੁਖ ਸਰੀਰ ਸਜਾਏ।
ਜਿਨ ਕੇ ਬਾਨ ਗਿਨੇ ਭਟ ਮਾਂਹੀ[1]।
'ਹਤਹਿਂ ਸ਼ੱਤ੍ਰੂ ਸੋ ਬਾਚਤਿ ਨਾਂਹੀ' ॥੨੪॥
ਪਰਸਰਾਮ ਸੰਗ ਦੋ ਸੈ ਦੀਨੋ।
ਸ਼ਕਤੂ ਕੋ ਗੁਰੁ ਨਿਜ ਸੰਗ ਲੀਨੋ।
ਮੋਲਕ, ਜਾਤੀ ਮਲਕ, ਅਨੰਦਾ।
ਬਿਧੀਆ ਆਦਿਕ ਬੀਰ ਬਿਲੰਦਾ ॥੨੫॥
ਇਹ ਸਭਿ ਰਾਖੇ ਅਪਨੇ ਸੰਗ।
ਕਰਿਬੇ ਹੇਤੁ ਰਿਪੁਨਿ ਸੋਂ ਜੰਗ।
ਟੋਲ ਅਸ਼ਟ ਜਿਮ ਤੁਰਕ ਬਨਾਏ।
ਸੁਨਿ ਕਰਿ ਅਪਨੇ ਤਥਾ ਚਢਾਏ ॥੨੬॥
ਇਤਿ ਸਤਿਗੁਰੁ ਨਿਜ ਕੀਨਸਿ ਤਜਾਰੀ।
ਜ਼ਾਫਤ[1] ਤੁਰਕਨਿ ਦੇਨਿ ਅਗਾਰੀ।
ਸਿਪਰਨਿ ਕੇ ਬਡ ਹੋਹਿਂ ਰਕੇਬ[1]।
ਤੀਰਨਿ ਖਪਰੇ ਮਨਹੁਂ ਜਲੇਬ[1] ॥੨੭॥
ਤਰਵਾਰਨ ਘੇਵਰ ਸਮ ਜਾਨਿ।
ਤੋਮਰ ਕੇ ਫੁਲ ਬਰਫੀ ਮਾਨਿ।
ਅਨਗਨ ਗੁਲਕਾਂ ਸ਼ੱਕਰਪਾਰੇ।
ਜੋਧਾ ਬ੍ਰਿੰਦ ਪਰੋਸਨ ਹਾਰੇ ॥੨੮॥
ਤਬਿ ਭੇਜਯੋ ਨਰ ਅਬਦੁਲਖਾਨ।
'ਗੁਰੂ ! ਪਲਾਵਹੁ ਤਜਿ ਕਰਿ ਥਾਨ।
ਸਭਿ ਅਪਰਾਧ ਮਿਟਹਿ, ਚਲਿ ਜਾਓ।
ਭਲੋ ਨ ਨਿਤ ਉਤਪਾਤ ਉਠਾਓ'

[1]ਸੂਰਮਿਆਂ ਵਿਚ ਜਿਨ੍ਹਾਂ ਦੇ ਬਾਣ (ਐਉਂ) ਗਿਣੇ ਭਾਵ ਸਲਾਹੇ ਜਾਂਦੇ ਹਨ ਕਿ.....।

[1]ਭੋਜਨ [ਅ਼: ਜ਼ਿਆਫ਼ਤ = ਮਹਿਮਾਨੀ ਖਾਣਾ]

[1]ਥਾਲ।

[1]ਤੀਰਾਂ ਦੇ ਖਪਰਿਆਂ ਦੇ ਮਾਨੋ ਜਲੇਬ।

॥੨੯॥
ਆਯਹੁ ਦੂਤ ਗੁਰੂ ਕੇ ਤੀਰ।
ਦੇਖਤਿ ਭਯੋ ਤਜਾਰ ਭਟ ਭੀਰ।
ਖਰੇ ਹੋਇ ਕਰਿ ਬੰਦਨ ਕੀਨਿ।
'ਅਬਦੁਲਖਾਨ ਸੰਦੇਸਾ ਦੀਨਿ ॥੩੦॥
-ਨਾਹਕ ਤੁਮ ਘੇਰੜ ਕੋ ਮਾਰਾ।
ਭੂਮਿ ਛੀਨਿ ਕਰਿ ਕੋਟ ਉਸਾਰਾ।
ਕਿਹ ਸੋਂ ਬੂਝਿ ਕੀਨਿ ਇਹ ਕਾਜ?
ਲੀਨਸਿ ਪ੍ਰਥਮ ਸ਼ਾਹੁ ਕੋ ਬਾਜ ॥੩੧॥
ਗਾਦੀ ਫਕਰਨਿ ਕੇਰ ਤੁਹਾਰੀ।
ਕਯੋਂ ਰਾਜਨਿ ਸਮ ਰੀਤਿ ਧਾਰੀ?
ਤ੍ਰਾਸ ਨ ਧਰੋ ਕਿਸੀ ਕੋ ਮਨ ਮੈਂ।
ਸਨਮੁਖ ਹੋਤਿ ਸ਼ਾਹੁ ਸੋਂ ਰਨ ਮੈਂ ॥੩੨॥
ਛਿਮੈ ਸਕਲ ਅਪਰਾਧ ਤੁਮਾਰੇ।
ਤਜਹੁ ਗ੍ਰਾਮ ਕੋ ਜਾਹੁ ਪਧਾਰੇ।
ਨਾਂਹਿ ਤ ਮੈਂ ਆਯਹੁ ਦਲ ਜੋਰਿ।
ਸੁਨਿ ਅਪਰਾਧ ਆਪ ਕੀ ਓਰ ॥੩੩॥
ਪਲਟਾ ਪੂਰਬ ਕੋ ਸਭਿ ਲੈ ਹੌਂ।
ਛੀਨ ਬਾਜ ਹਜ਼ਰਤ ਕੋ ਦੈ ਹੌਂ।
ਤੁਮ ਕੋ ਗਹਿ ਲੈ ਚਲਿ ਹੌਂ ਜੀਵਤਿ।
ਕੌਨ ਬਡਾਈ ਮੈਂ ਥਿਰ ਥੀਵਤਿ[1] ॥੩੪॥

[1]ਕਿਸ ਵਡਿਆਈ ਵਿਚ ਟਿਕਿਆ ਬੈਠਾ ਹੈਂ, ਭਾਵ ਮਾਣ ਨਾਂ ਕਰੋ ਵਡਿਆਈ ਨਹੀਂ ਰਹਿਣੀ।

ਦਸ ਅਰ ਪੰਚ ਹਜ਼ਾਰ ਸੁ ਜੋਧਾ।
ਆਵਤਿ ਉਮਡਯੋ ਦਲ ਕਰਿ ਕ੍ਰੋਧਾ।
ਮਾਰੇ ਜਾਹੁ ਕਿਧੋਂ ਗਹਿ ਲੈ ਹੈਂ।
ਪੁਨ ਉਪਾਉ ਛੂਟਨਿ ਨਹਿਂ ਪੈਹੈਂ-'
॥੩੫॥
ਸੁਨਿ ਸ੍ਰੀ ਹਰਿਗੋਵਿੰਦ ਰਿਸਾਏ।
ਸੰਗ ਦੂਤ ਕੇ ਬਾਕ ਅਲਾਏ।
'ਭਾਜਹਿਂ ਗੀਦੀ ਹੋਹਿਂ ਗਵਾਰ।
ਹਮ ਜੀਤਹਿਂਗੇ ਜੰਗ ਜੁਝਾਰ ॥੩੬॥
ਸ਼ਾਹੁ ਜਹਾਂ ਤੁਮਰੋ ਹੈ ਸ਼ਾਹੂ।

ਹਮਰੋ ਕਰਤਾ ਪੁਰਖ ਅਲਾਹੂ।
ਗਹਜੋ ਜਾਇ ਕੋ ਮਾਰਜੋ ਜਾਇ[1]।
ਜਾਨਜੋ ਜਾਇ ਬਿਲਮ ਨਹਿਂ ਕਾਇ ॥੩੭॥
ਮੀਰੀ ਅਰੁ ਪੀਰੀ ਜਗ ਦੋਇ।
ਗਾਦੀ ਤਖਤ ਲਿਏ ਹਮ ਸੋਇ।
ਜੰਗ ਸੰਗ ਸਦ ਕਾਮ ਹਮਾਰਾ।
ਮਾਰਹਿਂ ਸ਼ੱਤ੍ਰਨਿ ਬਧਜੋ ਅਖਾਰਾ ॥੩੮॥
ਜਿਸ ਮਗ ਭੇਜਜੋ ਮੁਗਲਸਖਾਨ।
ਤਹਿਂ ਕੋ ਤੁਮ ਅਬਿ ਚਹਿਸਿ ਪਯਾਨ।
ਸ਼ੱਤ੍ਰੂ ਬਧਨ ਕੋ ਨਹਿਂ ਅਪਰਾਧੂ।
ਹੋਤਿ ਦੋਸ਼ ਜਹਿਂ ਦੁਖ ਲਹਿ ਸਾਧੂ ॥੩੯॥
ਤੁਮਰੇ ਹਤਨਿ ਹੇਤੁ ਉਤਪਾਤ।
ਹੋਤਿ ਆਪ ਹੀ ਨਹਿਂ ਮਿਟ ਜਾਤਿ[1]।
ਬਹੁ ਘੇਰੜ ਕੋ ਹਮ ਸਮੁਝਾਵਾ।
ਪ੍ਰੇਰਜੋ ਕਾਲ ਨਹੀਂ ਮਨ ਲਜਾਵਾ ॥੪੦॥
ਹਮ ਨੇ ਕੌਨ ਦੁਰਗ ਅਬਿ ਪਾਯੋ।
ਚਾਰਿ ਦਿਵਸ ਬਿਸਰਾਮ ਬਨਾਯੋ।
ਚਢਿ ਕਰਿ ਆਏ ਸਜਾਨ ਨ ਕਰੀ[1]।
ਤਉ ਛਿਮਾ ਹਮ ਤੁਮ ਪਰ ਧਰੀ ॥੪੧॥
ਚਲੇ ਜਾਹੁ ਜੇ ਚਹਹੁ ਜਿਠਾਈ[1]।
ਨਾਂਹਿ ਤ ਲਖਹੁ ਮ੍ਰਿਤੂ ਨਿਯਰਾਈ[1]-।
ਕਹਹੁ ਦੂਤਿ! ਇਮ ਅਬਦੁਲਖਾਨ।
-ਜੇ ਮਿਲਿਬੋ ਚਹਿ ਮੁਗਲਸਖਾਨ[1] ॥੪੨॥
ਤੌਂ ਚਲਿ ਆਉ ਨ ਰੋਕਹਿ ਕੋਈ।
ਜੇ ਹਟਿ ਜਾਹੁ ਤ ਜੀਵਨ ਹੋਈ।
ਦੋ ਮਹਿਂ ਇਕ ਨਿਰਨੈ ਕਰਿ ਲੀਜੈ।
ਲਰਹਿ ਮ੍ਰਿਤਕ ਹੁਇ, ਹਟਿਬੇ ਜੀਜੈ-' ॥੪੩॥
ਸੁਨਿ ਸਿਰ ਧੁਨ ਗਮਨਜੋ ਤਬਿ ਦੂਤਿ।

[1]ਕੌਣ ਫੜਿਆ ਜਾਂਦਾ (ਤੇ ਕੌਣ) ਮਾਰਿਆ ਜਾਂਦਾ ਹੈ।

[1]ਆਪਣੇ ਆਪ ਹੀ ਰੋ ਰਹੇ ਹਨ ਮਿਟ ਨਹੀਂ ਸਕਦੇ।

[1]ਤੁਸੀਂ ਝੱਟ) ਚੜ੍ਹ ਆਏ ਹੋ (ਕੁਝ) ਪਛਾਣ ਨਾਂ ਕੀਤੀ। ਭਾਵ ਚੜ੍ਹਾਈ ਤੋਂ ਪਹਿਲਾਂ ਤਹਕੀਕਾਤ ਨਾ ਕੀਤੀ ਅਸਲੀਅਤ ਦੀ।

[1]ਵਡਿਆਈ।

[1]ਮੌਤ ਨੇੜੇ ਆਈ ਹੈ।

[1]ਭਾਵ ਜੇ ਮਰਨਾ ਚਾਹੁੰਦੇ ਹੋ।

ਦੇਖ੍ਯੋ ਗੁਰ ਢਿਗ ਜਥਾ ਕਸੂਤ[1]। — [1]ਜਿਸ ਤਰ੍ਹਾਂ ਦੀ ਪ੍ਰਤਿਕੂਲ ਦਸ਼ਾ।
ਅਬਦੁਲਖਾਨ ਜਾਇ ਸਮੁਝਾਯੋ।
ਕਹ੍ਯੋ ਨ੍ਰਿਭੈ ਜਿਮ[1], ਤਥਾ ਅਲਾਯੋ ॥੪੪॥ — [1]ਜਿਵੇਂ (ਗੁਰੂ ਜੀ ਨੇ) ਨਿਰਭੈ ਕਿਹਾ ਸੀ।
'ਸੁਪਨੇ ਭੀ ਜਿਮ ਡਰਤਿ ਨ ਸ਼ੇਰ।
ਤਿਮ ਹੇਰ੍ਯੋ ਗੁਰ ਬਡੋ ਦਲੇਰ।
ਸ਼ਾਹੁ ਆਦਿ ਸੂਬੇ ਉਮਰਾਏ।
ਤਨਕ ਤ੍ਰਾਸ ਕਿਸ ਤੇ ਨਹਿਂ ਪਾਏ ॥੪੫॥
ਤਯਾਰ ਲਰਨ ਰਨ ਕੋ ਬਨਿ ਰਹ੍ਯੋ।
ਡਰਤਿ ਨ, ਟਰਤਿ ਨ, ਸਭਿ ਬਿਧਿ ਕਹ੍ਯੋ।'
ਸੁਨਿ ਕਰਿ ਕੋਪ੍ਯੋ ਅਬਦੁਲਖਾਨ।
ਜੰਗ ਕਰਨਿ ਕੋ ਭਾ ਸਵਧਾਨ ॥੪੬॥
ਚਲ੍ਯੋ ਸਮੁਖ ਧੌਂਸੇ ਧੁੰਕਾਰੇ।
ਬਾਦਤਿ ਅਪਰ ਬਜੇ ਧੁਨਿ ਭਾਰੇ।
ਸ਼ਲਖ ਤੁਫੰਗਨਿ ਸਮੁਖ ਚਲਾਈ।
ਉਠ੍ਯੋ ਧੂਮ ਰਜ ਜੁਤਿ ਸਮੁਦਾਈ ॥੪੭॥
ਸੈਨਾ ਕਿਧੌਂ ਘਟਾ ਚਢਿ ਆਈ।
ਧੁਖਹਿਂ ਪਲੀਤੇ ਛਟਾ ਸੁਹਾਈ।
ਕਰਕਤਿ ਗਾਜ ਗਿਰਤਿ ਬਹੁ ਬਾਰੀ[1]। — [1]ਕੜਕੜ ਦੀ ਅਵਾਜ਼ ਉਠਦੀ ਹੈ ਜਿਵੇਂ) ਬਿਜਲੀ ਕੜਕਦੀ ਹੈ, (ਗੋਲੀਆਂ) ਬਹੁਤ ਡਿਗਦੀਆਂ ਹਨ (ਜਿਵੇਂ) ਮੀਂਹ ਪੈਂਦਾ ਹੈ। [ਬਾਰੀ = ਪਾਣੀ, ਮੀਂਹ]
ਕਾਤੁਰ ਸਰਪ ਸੁਕਚਿ ਡਰ ਭਾਰੀ[1] ॥੪੮॥ — [1]ਸਰਪਾਂ ਰੂਪ ਕਾਇਰ ਬਹੁਤੇ ਡਰ ਨਾਲ ਸੰਕੁਚਦੇ ਹਨ।
ਮੋਰ ਸੂਰਮਾ ਸੁਨਿ ਹਰਿਖਾਏ।
ਗੁਲਕਾਂ ਜਨੁ ਕਰਕਾ[1] ਬਰਖਾਏ। — [1]ਗੜੇ।
ਸ਼੍ਰੀ ਗੁਰੁ ਤੀਰ ਸਮੀਰ ਬਹੇ ਬਿਨੁ[1]। — [1]ਸ਼੍ਰੀ ਗੁਰੂ ਜੀ ਦੇ ਬਾਣ ਰੂਪ ਪੌਣ ਚੱਲੇ ਬਿਨਾਂ।
ਤਿਸੀ ਰੀਤਿ ਦੀਖਤਿ ਹੈ ਬਨਿ ਠਨਿ[1] ॥੪੯॥ — [1]ਬਣਾਉ ਤਣਾਉ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਅਬੁਦੁਲ ਖਾਨ ਆਗਵਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

੩੨. [ਯੁੱਧ। ਜੱਟੂ, ਮੁਹੰਮਦ ਖਾਨ ਬੱਧ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਸ੍ਰੀ ਗੁਰ ਹਰਿਗੋਵਿੰਦ ਜੀ, ਮਹਾਂ ਧੀਰ ਬਲਬੀਰ।
ਭਏ ਅਰੂਢਨਿ ਤੁਰੰਗ ਪਰ, ਲਸ਼ਕਰ ਪਿਖ੍ਯੋ ਅਭੀਰ[1] ॥੧॥

[1]ਬਹਾਦੁਰ (ਗੁਰੂ ਜੀ ਨੇ)। (ਅ) (ਆਪਣੇ) ਲਸ਼ਕਰ ਨੂੰ ਦਲੇਰ ਡਿੱਠਾ।

ਚੌਪਈ:

ਟੋਲ ਅਸ਼ਟ ਜਿਨ ਬੰਧਨ ਕਰੇ।
ਕੁਛ ਬਾਵੈਂ ਕੁਛ ਦਾਏਂ ਧਰੇ।
ਆਗੈ ਅਰੁ ਪਾਛੈ ਨਿਜ ਕੀਨਿ।
ਆਪ ਬੀਚ ਆਵਤਿ ਬਲ ਪੀਨ ॥੨॥
ਤਿਮ ਟੋਲਨਿ ਕੇ ਆਗੇ ਟੋਲਿ।
ਕਰੇ ਆਪਨੇ ਸਤਿਗੁਰੁ ਬੋਲਿ।
'ਡੇਰਾ ਤਜੀਅਹਿ ਕਰਹੁ ਪਿਛਾਰੀ।
ਸ਼ਲਖ ਪ੍ਰਹਾਰੁ ਹੋਹੁ ਅਗਾਰੀ ॥੩॥
ਨਿਜ ਨਿਜ ਟੋਲਿ ਬਿਖੈ ਥਿਰਿ ਰਹੀਯਹਿ।
ਵਧਿ ਬਹੁ ਆਗੈ ਹਤਨਿ ਨ ਕਹੀਯਹਿ।'
ਸੈਨਾਂਪਤਿ ਸਭਿ ਕੋ ਸਮੁਝਾਏ।
ਆਗੈ ਚਲੇ ਸੂਰ ਉਮਡਾਏ ॥੪॥
ਸ਼੍ਰੀ ਗੁਰੁ ਸਭਿ ਕੇ ਬੀਚਿ ਬਿਰਾਜੈਂ।
ਮਨਹੁ ਸੁਰਨਿ ਮਹਿਂ ਸੁਰਪਤਿ ਛਾਜੈ।
ਕੈ ਜਾਦਵ ਮਹਿਂ ਹਰਿਗੋਵਿੰਦ[1]।
ਤਿਮ ਸਿੱਖਨਿ ਮਹਿਂ ਹਰਿ ਗੋਵਿੰਦ ॥੫॥

[1]ਸ਼੍ਰੀ ਕ੍ਰਿਸ਼ਨ ਜੀ।

ਧਨੁਖ ਕਠੋਰ ਹਾਥ ਮਹਿਂ ਧਾਰਾ।
ਕੋ ਨਹਿਂ ਐਂਚ ਸਕਹਿ ਬਲਿ ਭਾਰਾ।
ਤੀਛਨ ਭੀਛਨ ਈਛਨ ਦੇਖਿ।
ਖਪਰੇ ਤਰਕਸ਼ ਭਰ੍ਯੋ ਅਸ਼ੇਖ[1] ॥੬॥

[1]ਤ੍ਰਿੱਖੇ ਤੇ ਭਯਾਨਕ (ਖਪਰੇ ਤੀਰ) ਅੱਖਾਂ ਨਾਲ ਦੇਖ ਦੇਖ ਕੇ ਸਾਰਾ ਤਰਕਸ਼ ਭਰ ਲਿਆ [ਸੰਸ: ਤੀਕਸ਼ਣ = ਤ੍ਰਿੱਖੇ। ਭੀਸ਼ਣ = ਭਯਾਨਕ। ਈਕਸ਼ਨ = ਅੱਖ]

ਅਪਰ ਨਿਖੰਗ[1] ਸੰਗ ਉਚਵਾਏ।
ਜਬਿ ਚਹੀਅਹਿ ਲੇਂ ਤੁਰਤ ਚਲਾਏ।
ਸ਼੍ਰੀ ਕਰਤਾਰਪੁਰੈ ਕਰਿਵਾਏ।

[1]ਹੋਰ ਭੱਥੇ।

ਸਿੱਖਜ਼ਾ ਕੋ ਦੈ ਦੈ ਘਰਿਵਾਏ ॥੭॥
ਸਿਪਰ ਬਿਸਾਲ ਧਰੀ ਭੁਜਮੂਲ[1]।
[1]ਮੋਢੇ (ਉੱਤੇ)।
ਸਵਾ ਪਾਂਚ ਸਿਰ ਕੇ[1] ਜਿਸ ਫੂਲ।
[1]ਸਵਾ ਪੰਜ ਸੇਰ ਦੇ।
ਖੜਗ ਖੇਤ ਕਰ ਬਾਮੇ ਧਰਨੀ[1]।
[1]ਤਲਵਾਰ ਦਾ ਜੁੱਧ ਕਰਨ (ਵੇਲੇ ਜੋ ਢਾਲ ਕਿ ਖੱਬੇ ਹੱਥ ਧਾਰਨ ਕਰੀਦੀ ਹੈ ਤੇ ਪੈਰਾਂ ਨਾਲ ਉਛਲਕੇ ਜਿਸ ਉਤੇ ਸ਼ੱਤ੍ਰੂ (ਦਾ ਵਾਰ) ਸਹਾਰੀਦਾ ਹੈ।
ਪਦ ਸੋਂ ਫਾਂਦਨਿ ਰਿਪੁ ਤੇ ਜਰਨੀ ॥੮॥
ਚੰਦ੍ਰਹਾਸ ਚੌਰਾ ਖਰ ਧਾਰਾ[1]।
[1]ਤਲਵਾਰ ਯਾ) ਖੰਡਾ ਚੌੜਾ ਤਿੱਖੀ ਧਾਰ ਵਾਲਾ।
ਦੀਰਘ ਹੁਤੋ ਦਿਪਤਿ ਗਰ ਧਾਰਾ।
ਏਕ ਹਾਥ ਮਹਿਂ ਬਾਗ ਉਠਾਏ[1]।
[1]ਘੋੜੇ ਦੀ ਵਾਗ।
ਦੁਸ਼ਮਨ ਦਲ ਦਿਸ਼ਿ ਦ੍ਰਿਸ਼ਟਿ ਚਲਾਏ ॥੯॥
ਜੱਟੂ ਗਯੋ ਸੈਨ ਲੈ ਸੰਗਿ।
ਤੁਪਕ ਪ੍ਰਾਹਰਤਿ ਛੇਰਯੋ ਜੰਗ।
ਠਹਾ ਠਹੀ ਬੰਦੂਕਨਿ ਹੋਈ।
ਫੇਰਤਿ ਹਯ ਬਡ ਜੋਧਾ ਜੋਈ ॥੧੦॥
ਨਿਕਸਿ ਗੋਲ[1] ਤੇ ਲਰਤਿ ਅਗਾਰੀ।
[1]ਜੱਥਾ, ਤੁੰਮਲ।
ਤੁਰੰਗ ਧਵਾਇ ਤੁਫੰਗ ਪ੍ਰਹਾਰੀ।
ਜੱਟੂ ਕਰਯੋ ਨੇਰ ਜਿਸ ਕਾਲਾ।
ਲਾਗਤਿ ਗੁਲਕਾਂ ਰਿਦੇ ਕਰਾਲਾ ॥੧੧॥

ਪਾਧੜੀ ਛੰਦ:

ਬਹੁ ਵਧਯੋ ਅਧਿਕ ਜੱਟੂ ਸੁ ਬੀਰ।
ਤਿਹ ਦੇਖਿ ਮੁਹੰਮਦ ਖਾਨ ਧੀਰ।
ਲੇ ਸੰਗ ਸਹੱਸ੍ਰ ਅੱਗ੍ਰ ਚਾਲਿ।
ਤਜਾਗੰਤਿ[1] ਤੁਪਕ ਨਾਦਤਿ ਕਰਾਲ ॥੧੨॥
[1]ਚਲਾਉਂਦੇ ਹਨ।
ਲਗਿ ਗਿਰਤਿ ਸੁਭਟ ਘਾਇਲ ਘੁਮੰਤਿ।
ਕਰਿ ਮਾਰ ਮਾਰ ਊਪਰ ਪਰੰਤਿ।
ਕੁਛ ਢਰਯੋ ਭਾਨੁ ਤਬਿ ਦਯੋਸ ਮੱਧ[1]।
[1]ਦੁਪਹਿਰ ਤੋਂ (ਪਿੱਛੋਂ) ਤਦੋਂ ਕੁਝ ਸੂਰਜ ਢਲ ਗਿਆ।
ਭਿਰ ਪਰੇ ਸੂਰ ਚਹਿਂ ਜੀਤ ਜੁੱਧ ॥੧੩॥
ਕੜਕੰਤਿ ਦੀਹ ਛੁਟਕੰਤਿ ਜ੍ਵਾਲ[1]।
[1]ਭਾਵ ਬੰਦੂਕ।
ਕਸਿਯੰਤਿ[1] ਬਹੁਰ ਬਾਰੂਦ ਡਾਲਿ।
[1]ਡਰਦੇ ਹਨ।
ਛਣਕੰਤਿ ਲਗਤਿ ਗਜ ਫੇਰਿ ਫੇਰਿ।

ਗੁਲਕਾਂਨਿ ਠੋਕਿ ਰਿਪੁ ਹੇਰਿ ਹੇਰਿ
॥੧੪॥
ਧਰਿਯੰਤਿ ਸ਼ਿਸਤ[1] ਤੋਰਾ ਸੁ ਜੋਰਿ।
ਧੁਖਿਯੰਤਿ ਪਲੀਤਾ ਠੌਰਿ ਠੌਰਿ।
ਬਹੁ ਸ਼ਬਦ ਤੜਾ ਭੜ ਹੋਨਿ ਲਾਗਿ।
ਛੁਟਿ ਗੁਲਕਾਂ ਜ੍ਵਾਲਾ ਜਾਗਿ ਜਾਗਿ
॥੧੫॥
ਬਡਿ ਉਠ੍ਯੋ ਧੂਮ ਲਿਯ ਗਗਨ ਛਾਇ।
ਰਜ ਚਢੀ ਉਰਧ[1], ਰਵਿ ਨਹਿਂ ਦਿਖਾਇ।
ਭਟ ਭਿਰੇ ਭੇਰਿ ਲਲਕਾਰ ਬੋਲਿ।
ਇਤ ਉਤ ਧਵਾਇ ਪਰਿ ਗਿਰਤਿ ਡੋਲਿ
॥੧੬॥
ਮਿਲਿ ਗਏ ਸੂਰ ਇਮ ਆਪ ਮਾਂਹਿ।
ਦ੍ਵੈ ਨਦੀ ਬਹਤਿ ਇਕ ਥਾਨ ਜਾਂਹਿ।
ਤੁਰਕਾਨ ਸੋਨ ਉਮਡੀ ਬਿਸਾਲ।
ਗੁਲਕਾਂਨ ਮਾਰਿ ਗੇਰੇ ਉਤਾਲ ॥੧੭॥
ਜੱਟੂ ਪ੍ਰਚੰਡ ਕੋ ਘੇਰਿ ਲੀਨਿ।
ਤੁਰੰਗਨਿ ਧਵਾਇ ਆਗੇ ਸੁ ਕੀਨਿ।
ਵਧਿ ਗਏ ਬਹੁਤ ਕਰਿ ਮਾਰਿ ਮਾਰਿ।
ਹੁਇ ਨਿਕਟਿ ਜਾਇ ਤੁਪਕਨਿ ਪ੍ਰਹਾਰ
॥੧੮॥
ਤਬਿ ਕਹ੍ਯੋ ਮੁਹੰਮਦਖਾਨ ਦੇਖਿ।
'ਇਨ ਲੇਹੁ ਪ੍ਰਿਥਕ ਕਰਿ ਜੇ ਅਸ਼ੇਖ਼।
ਭਟ ਅੱਗ੍ਰ ਰੋਕ ਬਹੁ ਸਾਵਧਾਨ।
ਇਕ ਬਾਰ ਪਰਹੁ ਸਭਿ ਕਰਹੁ ਹਾਨਿ'
॥੧੯॥
ਸੁਨਿ ਸੈਨਪਤੀ ਕੇ ਬਾਕ ਬੀਰ।
ਫਿਰਿ ਗਏ ਅੱਗ੍ਰ ਲਿਯ ਘੇਰ ਧੀਰ।
ਜੱਟੂ ਨ ਤ੍ਰਾਸ ਚਿਤ ਤਨਕ ਕੀਨਿ।
ਲਲਕਾਰ ਸੁਭਟ ਗਨ ਧੀਰ ਦੀਨਿ
॥੨੦॥
ਇਕ ਬਾਰ ਮਾਰਿ ਗੁਲਕਾਂ ਗਿਰਾਇ।

[1]ਸੇਧ ਬੰਨ੍ਹਦੇ ਹਨ।

[1]ਉੱਪਰ ਨੂੰ।

ਭਟ ਪਰੇ ਉਥਲ ਲਗਿ ਮਰਤਿ ਘਾਇ।
ਕਿਸਹੁੰਨਿ ਸੀਸ ਫੂਟਯੋ ਮਰੰਤਿ।
ਕਿਸ ਕੇਰਿ ਬਦਨ ਗੁਲਕਾ ਫੁਰੰਤਿ[1] ॥੨੧॥
ਕਿਸ ਰਿਦਾ ਬਿਦੀਰਨਿ[1] ਪਰਤਿ ਭੂਮ।
ਕਿਸਿ ਉਦਰ ਲਗੀ ਘਾਇਲ ਸੁ ਘੂਮਿ।
ਕਿਸ ਬਾਂਹ ਟੂਟਿ, ਕਿਸ ਟਾਂਗ ਟੂਟਿ।
ਬਹੁ ਤੁਪਕ ਛੋਰਿ ਦਲ ਅਧਿਕ ਜੁਟਿ ॥੨੨॥
ਬਹੁ ਗਿਰੇ ਸਿੱਖਜ ਤੁਰਕਾਂਨ ਸੰਗਿ।
ਕਿਤ ਮਰੇ ਪਰੇ ਦੀਰਘ ਤੁਰੰਗ।
ਕਿਤਹੂੰ ਭਜੰਤਿ ਛੂਛੇ ਪਲਾਂਣ[1]।
ਕਿਤ ਘਾਇ ਸਹਤ ਦਰੜੇ ਕਿਕਾਂਣ[1] ॥੨੩॥
ਜੱਟੂ ਸੁ ਘਿਰਤਿ ਬਡ ਕੀਨ ਜੁੱਧ।
ਗਨ ਤੁਰਕ ਮਾਰਿ ਮਾਰਤਿ ਸੁ ਕ੍ਰੁੱਧ।
ਪਿਖਿ ਜਥੇਦਾਰ ਕੱਲਜਾਨ ਨਾਮ।
ਸੋ ਭਯੋ ਅੱਗ੍ਰ ਬਡਿ ਜੰਗ ਧਾਮ ॥੨੪॥
ਤੁਪਕੰ ਤੜਾਕ ਬਹੁ ਛੋਰਿ ਛੋਰਿ।
ਹਤਿ ਕਰੇ ਤੁਰਕ ਤਨ ਫੋਰਿ ਫੋਰਿ।
ਜੋ ਹੁਤੇ ਅੱਗ੍ਰ ਕੁਛ ਮਾਰਿ ਦੀਨਿ।
ਕੁਛ ਚਲੇ ਭਾਜਿ ਉਰ ਤ੍ਰਾਸ ਲੀਨਿ ॥੨੫॥
ਕਰਿ ਹਲਾਹੂਲ ਰੋਕੇ ਪ੍ਰਚੰਡ।
ਫਿਰ ਹਟੈਂ ਬੀਰ ਫੋਰੰਤਿ ਤੁੰਡ[1]।
ਤੁਰਕਾਨ ਸੈਨ ਸਭਿ ਮੋਰਿ ਦੀਨਿ।
ਰਿਸਿ ਪਰੇ ਸੁਭਟ ਰਣ ਅਧਿਕ ਕੀਨਿ ॥੨੬॥

ਸ੍ਵੈਯਾ:
ਬੈਰਮ ਖਾਂ ਮਨ ਕੋਪ ਭਯੋ,
'ਲਘੁ ਬਾਹਿਨੀ ਤੇ[1] ਕਿਮ ਤ੍ਰਾਸ ਕੋ ਧਾਰੇ?
ਜੰਗ ਨਿਸੰਗ ਕਰੋ ਹਟਿ ਕੈ

[1]ਗੋਲੀ ਫੋੜਦੀ ਹੈ।
[1]ਵਿੰਨ੍ਹਿਆਂ ਜਾਕੇ।
[1]ਸੱਖਣੀਆਂ ਕਾਠੀਆਂ ਵਾਲੇ।
[1]ਘੋੜਿਆਂ ਨੇ।
[1]ਮੁਖ।
[1]ਥੋੜੀ ਫੌਜ (ਕੋਲੋਂ)।

ਇਕ ਬਾਰ ਤੁਫੰਗਨਿ ਛੋਰਹੁ ਸਾਰੇ।'
ਦੌਰ ਪਰੇ ਗੁਰੁ ਸੈਨ ਕੇ ਊਪਰ
ਯੌਂ ਗੁਲਕਾਂ ਬਰਖੀ ਤਿਸ ਬਾਰੇ।
ਚੇਤ ਮੈਂ ਬਾਰਦ ਘੋਰ ਕੈ ਧਾਇਹੁ[1] — [1]ਬੱਦਲ ਗਰਜਕੇ ਧਾ ਕੇ ਆਏ।
ਬੇਗ ਕਰੇ ਕਰਕਾ ਗਨ ਡਾਰੇ ॥੨੭॥
ਬੈਰਮ ਖਾਨ ਪਰਜੋ ਜਬਿ ਆਇ ਕੈ
ਸ੍ਰੀ ਗੁਰੁ ਕੇ ਭਟ ਕ੍ਰੋਧਤਿ ਭਾਰੇ।
ਨੇਰ ਕਰਜੋ ਗਹਿ ਤੋਮਰ ਤੀਰਨਿ
ਮਾਰਤਿ ਬੋਲਨਿ ਕੇ ਲਲਕਾਰੇ[1]। — [1]ਬੋਲਕੇ ਲਲਕਾਰੇ ਮਾਰਦੇ ਹਨ।
ਜੋ ਤੁਰਕਾਨਿ ਕੀ ਸੈਨ ਵਧੀ
ਬਧ ਕੀਨਿ ਸਭੀ ਹਯ ਤੇ ਧਰ ਡਾਰੇ[1]। — [1]ਧਰਤੀ ਤੇ ਸੁੱਟ ਲਏ।
ਯੌਂ ਉਥਲੇ ਰਣਬੀਰ ਗਿਰੇ
ਜਿਮ ਗਾਜ ਤੇ[1] ਦੀਹ ਸਮੂਹ ਮੁਨਾਰੇ ॥੨੮॥ — [1]ਜਿਵੇਂ ਬਿਜਲੀ ਨਾਲ।
ਟੂਟਿ ਕੈ ਜੁਟਿ ਤੁਫੰਗਨਿ ਛੂਟਤਿ
ਫੇਰ ਅਰੇ ਕਰਵਾਰ ਨਿਕਾਰੇ[1]। — [1]ਘੋੜਿਆਂ ਤੋਂ ਹੇਠਾਂ ਡਿਗ ਪੈਣ ਕਰਕੇ ਵੈਰੀ ਦੇ) ਜੱਟ ਟੁੱਟ ਗਏ ਤੇ ਬੰਦੂਕਾਂ ਛੁੱਟ ਗਈਆਂ ਫੇਰ ਤਲਵਾਰਾਂ ਧੂਹਕੇ ਅੜ ਖਲੋਤੇ।
ਬ੍ਰਿੰਦ ਮਨੋ ਚਪਲਾ[1] ਚਮਕੈਂ — [1]ਬਿਜਲੀਆਂ।
ਲਿਪ ਸ਼੍ਰੋਣਤ[1] ਸੋਂ ਰੰਗ ਲਾਲ ਉਘਾਰੇ। — [1]ਲਹੂ।
ਮੋਢਨਿ ਤੇ ਕਟਿ ਬਾਹੁਨਿ ਕੋ
ਤਜਿ ਬਾਹਨਿ ਭੂਮਿ ਧਰੇਤਿ ਜੁਝਾਰੇ[1]। — [1]ਮੋਢਿਆਂ ਤੋਂ ਬਾਹਾਂ ਕਟੀਆਂ ਜਾਕੇ (ਤਲਵਾਰ ਦਾ) ਵਾਹੁਣਾ ਛੁਟਦਾ ਜਾਕੇ ਸੂਰਮੇਂ ਪ੍ਰਿਥਵੀ ਤੇ (ਡਿੱਗ) ਰਹੇ ਹਨ।
ਗ੍ਰੀਵ ਕਟੀ ਕਿਸ, ਜਾਂਘ ਕਟੀ ਕਿਸ,
ਛਾਤੀ ਫਟੀ ਗਿਰ 'ਹਾਇ' ਉਚਾਰੇਂ ॥੨੯॥
ਲੋਥ ਪੈ ਲੋਥ ਗਈ ਗਿਰ ਕੈ ਬਹੁ
ਸ਼੍ਰੋਣਤ ਕੇ ਛੁਟਿ ਚਾਲ ਪਨਾਰੇ[1]। — [1]ਪਰਨਾਲੇ।
ਬੋਲਤਿ ਘਾਵ ਭਕਾਭਕ, ਬ੍ਰਿੰਦ
ਗਿਰੇ ਹੁਇ ਘਾਇਲ, ਜਾਤਿ ਪੁਕਾਰੇ।
ਹਾਥਨਿ ਮੈਂ ਤਰਵਾਰ ਗਹੀ
ਨਿਕਸੇ ਤਨ ਪ੍ਰਾਨ, ਪੈ ਨਾਹਨਿ ਡਾਰੇ[1]। — [1]ਪਰ (ਹੱਥੋਂ ਤਲਵਾਰਾਂ) ਨਹੀਂ ਸੁੱਟੀਆਂ।

ਬਾਯਸ, ਗੀਧ, ਗੁਮਾਯ[1] ਮਹਾਂ,

[1]ਗਿਦੜ।

ਬਡਿ ਕੰਕ[1] ਅਘਾਤਿ ਹੈਂ ਮਾਸ ਅਹਾਰੇ ॥੩੦॥

[1]ਚਿਟੀਆਂ ਚੀਲਾਂ, ਗਿਰਝਾਂ ਦੀ ਕਿਸਮ।

ਦੋਹਰਾ:

ਇਤ ਗੁਰੂ ਕੋ ਬਡਿ ਸੂਰਮਾ, ਜੱਟੂ ਅਰਜੋ ਹੰਕਾਰ।
ਖਾਂਨ ਮੁਹੰਮਦ ਤੁਰਕ ਕੌਂ, ਦੋਨਹੁ ਭਿਰੇ ਜੁਝਾਰ ॥੩੧॥

ਨਰਾਜ ਛੰਦ:

ਤਬੈ ਸੁ ਕੋਪ ਸਿੱਖ ਹ੍ਵੈ, ਕਰੇ ਕ੍ਰਿਪਾਨ ਨੰਗਿਯਾਂ।
ਪ੍ਰਹਾਰ ਬਾਰ ਬਾਰ ਹੀ, ਸੁਰੰਗ ਰੰਗ ਚੰਗਿਯਾਂ।
ਕੜਾਕੜੀ ਮਚਾਇ ਕੈ, ਨਚਾਇ ਕਾਲ ਜੀਹ ਸੀ[1]।

[1]ਕਾਲ ਦੀ ਜੀਭ ਵਰਗੀ (ਤਲਵਾਰ ਨੂੰ)।

ਉਭਾਰ ਮਾਰਿ ਮਾਰਿ ਕੈ, ਪੁਕਾਰ ਗਾਜ ਸੀਹ ਸੀ[1] ॥੩੨॥

[1]ਤਲਵਾਰ) ਉਭਾਰ ਕੇ 'ਮਾਰੋ ਮਾਰ' ਦੀ ਪੁਕਾਰ (ਐਉਂ ਪਾਉਂਦੇ ਹਨ ਕਿ) ਮਾਨੋਂ ਸ਼ੇਰ ਗੱਜਦਾ ਹੈ। [ਗਾਜ ਸ਼ੀਂਹ ਸੀ] (ਅ) ਬਿਜਲੀ ਵਾਂਙੂ ਹਸਦੀ (= ਚਮਕਦੀ) ਤਲਵਾਰ ਉਭਾਰ ਕੇ 'ਮਾਰੋ ਮਾਰ' ਪੁਕਾਰਦੇ ਹਨ।

ਸਧੀਰ ਬੀਰ ਬੀਰ ਕੈ, ਸਰੀਰ ਕਾਟਿ ਡਾਰਿਤੇ।
ਅਭੀਰ ਪੀਰ ਨਾ ਗਿਨੈ[1], ਸਮੂਹ ਸ਼ੱਤ੍ਰੁ ਮਾਰਤੇ।

[1]ਸੂਰਮੇਂ ਪੀੜਾ ਨਹੀਂ ਗਿਣਦੇ।

ਘਮੰਡ[1] ਜੰਗ ਕੋ ਪਰਜੋ, ਪ੍ਰਚੰਡ[1][1] ਸੂਰਮਾਨਿ ਤੇ[2]।

[1]ਪ੍ਰਚੰਡ ਘਮਸਾਨ। [2]ਸੂਰਮਿਆਂ ਤੋਂ।

ਗਿਰੰਤਿ ਖੰਡ ਖੰਡ ਹ੍ਵੈ, ਨ ਪੰਡ ਤੁੰਡ ਠਾਨਿਤੇ[1] ॥੩੩॥

[1]ਪੀਲਾ ਮੂੰਹ ਨਹੀਂ ਕਰਦੇ।

ਪਾਧੜੀ ਛੰਦ:

ਤਬਿ ਅਰਜੋ ਮੁਹੰਮਦਖਾਨ ਆਨਿ।
ਜੱਟੂ ਸੁ ਬੀਰ ਜਹਿਂ ਜੁੱਧ ਠਾਨਿ।
ਬਰਖੰਤਿ ਬਹੁਤ ਗੁਲਕਾਂ ਲਗੰਤਿ।
ਪਟ ਭਰੇ ਸ਼੍ਰੋਣ ਸੂਰਾ ਪਗੰਤਿ[1] ॥੩੪॥

[1]ਰੰਗੇ ਹਨ।

ਰਿਸਿ ਭਰਜੋ ਮੁਹੰਮਦਖਾਨਿ ਭਾਖਿ।

‘ਨਹਿਂ ਭਾਗਿ, ਖਰੋ ਰਹੁ ਜੀਤ ਕਾਂਖਿ[1] !
[1]ਹੇ ਜਿੱਤ ਦੀ ਇੱਛਾ ਵਾਲਿਆ।
ਮਮ ਹਾਥ ਕੇਰ ਇਕ ਤੀਰ ਦੇਖਿ।
ਨਹਿਂ ਜਿਯਤਿ ਜਾਨਿ ਦੈ ਹੌਂ ਵਿਸ਼ੇਖ’ ॥੩੫॥
ਸੁਨਿ ਜਟੂ ਬਾਕ ਤਿਸ ਨਹਿਂ ਸਹਾਰ।
ਲਲਕਾਰ ਪਰਜੋ ਇਕ ਬਿਰ ਪੁਕਾਰ।
ਕਰਿ ਤਜਾਰ ਤੁਪਕ ਤਿਹ ਤਾਕ ਲੱਛ[1]।
[1]ਨਿਸ਼ਾਨਾਂ।
ਗੁਲਕਾਂ ਚਲੀ ਨਿਜ ਦੇਹਿ ਰੱਛ[1] ॥੩੬॥
[1]ਉਸ (ਜੱਟੂ ਨੇ) ਆਪਣੀ ਦੇਹ ਦਾ ਬਚਾਉ ਕਰਕੇ ਗੋਲੀ ਚਲਾਈ।
ਤਤਕਾਲ ਤੁਰੰਗਮ ਮਾਰਿ ਲੀਨਿ।
ਸਰ ਚਾਂਪ ਤੇ ਸੁ ਚਲਿਬੋ ਨ ਦੀਨਿ[1]।
[1]ਮੁਹੰਮਦ ਖਾਨ ਦਾ) ਤੀਰ ਧਨੁਖ ਤੋਂ ਚੱਲਣ ਹੀ ਨਹੀਂ ਦਿੱਤਾ।
ਧਰ[1] ਖਰੋ ਭਯੋ ਨਿਜ ਕੋ ਸੰਭਾਰਿ।
[1]ਧਰਤੀ ਤੇ।
ਧਨੁ ਖੈਂਚਿ ਬਾਨ ਭਰਿ ਕਰਿ ਪ੍ਰਹਾਰ ॥੩੭॥
ਛੁਟਿ ਗਯੋ ਸਰਪ ਸਮ ਜਾਇ ਲਾਗ।
ਜੱਟੂ ਭੁਜਾਨ ਕੇ ਬੀਚਿ ਖਾਗ[1]।
[1]ਚੁਭ ਗਿਆ। [ਹਿੰਦੀ: ਖਾਗਨਾ, ਚੁਭਣਾ, ਗੱਢ ਜਾਣਾ]
ਬਿਧ ਗਯੋ ਪਾਰਿ[1], ਗੁਰੁ ਰਾਖਿ ਲੀਨਿ।
[1]ਵਿੰਨ੍ਹ ਕੇ ਪਾਰ ਹੋ ਗਿਆ।
ਪੁਨ ਅਪਰ ਤੀਰ ਮਾਰਜੋ ਪ੍ਰਬੀਨ ॥੩੮॥
ਤਿਹ ਸੰਗ ਤੁਰੰਗਮ ਦੀਨਿ ਗੇਰਿ।
ਜੱਟੂ ਸੁ ਤਜਾਰਿ ਭਾ ਠਾਂਢਿ ਫੇਰ।
ਕਰਿ ਤੁਪਕ ਤਜਾਰ ਤਾਕੀ ਸੁ ਬੀਰ।
ਧਨੁ ਖੈਂਚਿ ਮੁਹੰਮਦ ਤਾਕ ਤੀਰ ॥੩੯॥
ਛੁਟਿ ਪਰੇ ਦੁਹਨਿ ਤੇ ਏਕ ਬਾਰ।
ਇਤਿ ਗੁਲਕਾਂ ਉਤ ਤੇ ਸਰ[1] ਪ੍ਰਹਾਰ।
[1]ਤੀਰ।
ਦੋਨਹੁਂ ਸੁ ਬੀਰ ਕੇ ਵਾਰ ਦੋਇ।
ਲਗਿ ਦੁਹਨਿ ਅੰਗਿ ਉਰ ਬਿਧਤਿ ਸੋਇ ॥੪੦॥
ਜੱਟੂ ਕਿ ਰਿਦੇ ਲਗਿ ਤੀਰ ਪਾਰਿ।
ਗਿਰ ਪਰਜੋ ਭੂਮਿ ਖੈ ਕੈ ਭਵਾਰਿ[1]।
[1]ਭਵਾਲੀ ਖਾਕੇ।
ਉਤ ਲਗੀ ਜਾਇ ਗੁਲਕਾਂ ਪ੍ਰਚੰਡ।
ਫਟਿ ਗਯੋ ਤੁੰਡ ਭਟ ਪਿਖਤਿ ਝੁੰਡ ॥੪੧॥

ਦੋਨਹੁਂ ਸੁ ਬੀਰ ਜੂਝੇ ਜੁਝਾਰ।
ਦਲ ਦੁਹਨਿ ਦਿਸ਼ਨਿ ਤੇ ਭਟ ਨਿਹਾਰਿ।
ਅਰਿਰਾਇ ਪਰੇ ਊਪਰ ਸੁ ਧਾਇ।
ਇਕ ਬਾਰ ਖੈਂਚਿ ਕਰਵਾਰ, ਘਾਇ[1] [1]ਜ਼ਖ਼ਮੀ ਕੀਤੇ।
॥੪੨॥
ਲਰਿ ਮਰਤਿ ਤੁਰਤਿ ਨਹਿਂ ਅਟਕ ਹੋਤਿ।
ਤਰਵਾਰ ਕਿ ਤੋਮਰ ਗਹਿ ਉਦੋਤਿ।
ਵਾਰਨਿ ਪ੍ਰਹਾਰ ਨਹਿਂ ਦੇਰਿ ਲਾਇ।
ਰਿਸ ਭਰੇ ਅਰੇ ਹੀ ਕਟਤਿ ਥਾਇਂ
॥੪੩॥
ਦਲ ਮਰਯੋ ਕਿਤਿਕ ਲੋਥਨ ਬਿਥਾਰਿ।
ਪਰਿ ਰਹੇ ਬੀਰ ਬੰਕੇ ਜੁਝਾਰ।
ਇਕ ਬਾਰਿ ਮਾਰਿ ਸਿੱਖਨਿ ਸੁ ਕੀਨਿ।
ਨਹਿਂ ਤੁਰਕ ਅਰੇ ਬਡ ਤ੍ਰਾਸ ਲੀਨਿ
॥੪੪॥
ਗੁਰੁ ਬੀਰ ਏਕ, ਦਸ ਸ਼ੱਤ੍ਰੁ ਸੰਗਿ।
ਠਹਿਰੈਂ ਨ ਅੱਗ੍ਰ ਭਾ ਭੀਮ ਜੰਗ।
ਬਹੁ ਕਰੀ ਮਾਰ ਕੱਲਜਾਨ ਬੀਰ।
ਤੋਮਰ ਤੁਫੰਗ ਤਰਵਾਰ ਤੀਰ ॥੪੫॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਜੱਟੂ ਅਰੁ ਮੁਹੰਮਦ ਖਾਨ ਬੱਧ' ਪ੍ਰਸੰਗ ਬਰਨਨੰ ਨਾਮ ਦ੍ਵੈਤ੍ਰਿੰਸਤੀ ਅੰਸੂ ॥੩੨॥

੩੩. [ਬੈਰਮਖਾਨ, ਮਥੁਰਾ ਬੱਧ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:

ਤੁਰਕ ਤ੍ਰਾਸ ਧਰਿ ਜਬਿ ਭਜੇ, ਦੇਖੇ ਅਬਦੁਲਖਾਨ।
ਬਡੋ ਕ੍ਰੋਧ ਕਰਿ ਤਪ ਗਯੋ, ਬੋਲ੍ਯੋ ਦੁਸ਼ਟ ਮਹਾਨ ॥੧॥

ਸ੍ਵੈਯਾ:

ਬੈਰਮਖਾਨ ਕੋ ਤੀਰ ਬੁਲਾਇ ਕੈ
ਕੋਪ ਕੋ ਧਾਰਿ ਕਹ੍ਯੋ ਸਮੁਦਾਈ[1]। [1]ਸਾਰੀ ਵਾਰਤਾ।
'ਕ੍ਯੋਂ ਨ ਥਿਰੋ ਸੰਗ੍ਰਾਮ ਪਰ੍ਯੋ
ਅਬਿ ਭਾਜਿ ਕੈ ਜਾਹੁਗੇ ਕੌਨ ਸੇ ਥਾਈਂ?
ਕ੍ਯਾ ਤੁਮ ਲਾਜ ਪੈ ਗਾਜ ਪਰੀ[1], [1]ਕੀ ਤੇਰੀ ਲੱਜਾ ਤੇ ਬਿਜਲੀ ਪੈ ਗਈ ਹੈ?
ਬਹੁ ਬੋਲਤਿ ਥੇ ਮਿਲਿ ਕੈ ਅਗੁਵਾਈ[1]। [1]ਅੱਗੇ ਤਾਂ ਤੁਸੀਂ ਮਿਲਕੇ ਵਧ ਵਧ ਕੇ ਬੋਲਦੇ ਸੀ।
-ਕੌਨ ਅਰੈ ਹਮ ਸੰਗਿ ਮਹਾਂ ਭਟ-,
ਥੋਰੇ ਈ ਸਿੱਖਨਿ ਦੀਨੋ ਪਲਾਈ[1] ॥੨॥ [1]ਥੋੜੇ ਸਿੱਖਾਂ ਨੇ ਹੀ (ਤੁਹਾਨੂੰ) ਨਠਾ ਦਿੱਤਾ।
ਤੂਰਨ ਤੂੰ ਰਨ ਕੋ ਕਰਿ ਜਾਹੁ
ਸਭੈ ਭਟ ਰੋਕਹੁ ਦੈ ਲਲਕਾਰਾ।'
ਬੈਰਮਖਾਨ ਸੁਨੇ ਬਚ ਬਾਨ ਸੇ,
ਕ੍ਰੋਧ ਭਯੋ ਨਹਿਂ ਜਾਇ ਸਹਾਰਾ।
ਲੈ ਦਲ ਕੋ ਉਮਡ੍ਯੋ ਇਕ ਵਾਰ ਹੀ,
ਪੀਸਤਿ ਦਾਂਤਨਿ ਕੋ ਬਲ ਧਾਰਾ।
ਆਇ ਪਰ੍ਯੋ ਗਨ ਸਿੱਖਨਿ ਪੈ
ਥਿਰ ਹੋਤਿ ਭਏ ਬਡ ਬੀਰ ਜੁਝਾਰਾ[1] ॥੩॥ [1]ਜੰਗਜੂ ਸੂਰਮੇ।
ਮਾਰ ਤੁਫੰਗਨਿ ਮਾਚੀ ਘਨੀ,
ਨ ਅਰੇ ਸਿਖ, ਬੈਰਮ ਖਾਨ ਭਜਾਏ।
ਤੋਮਰ ਤੀਰਨਿ ਸੋਂ ਗੁਲਕਾਨਿ
ਕਰੀ ਬਰਖਾ ਇਕਸਾਰ ਧਵਾਏ[1]। [1]ਸੂਰਮਿਆਂ ਨੂੰ ਭਜਾ ਦਿੱਤਾ।
ਦੋਨਹੁਂ ਕੀ ਦਿਸ਼ਿ ਤੇ ਮਰਿ ਕੈ
ਭਟ ਹੂਰ ਬਿਮਾਨ ਚਢੇ ਮੁਦ ਪਾਏ।
ਦੇਹਿ ਤਜੀ ਸਭਿ ਪਾਪਨਿ ਕੇ

ਜੁਤਿ ਪੁੰਨ ਸਰੀਰ ਕੋ ਧਾਰਿ ਸਿਧਾਏ[1] ॥੪॥

[1]ਪਾਪਾਂ ਵਾਲੀ ਦੇਹ ਤਜਾਗਕੇ ਪੁੰਨੀ ਸਰੀਰ ਧਾਰਕੇ ਗਏ (ਭਾਵ ਦੇਵਤਾ ਰੂਪ ਹੋਕੇ)।

ਸ਼੍ਰੀ ਹਰਿਗੋਵਿੰਦ ਬੀਰ ਬਹਾਦੁਰ
ਆਦਰ ਤੇ ਮਥੁਰਾ[1] ਢਿਗ ਹੇਰਾ।
'ਜਾਹੁ ਬਲੀ! ਇਹ ਖਾਂਨ ਜੁ ਆਵਤਿ
ਮਾਰਤਿ ਹੈ ਉਰ ਕ੍ਰੋਧ ਘਨੇਰਾ।
ਰੋਕਹੁ ਅੱਗ੍ਰ, ਹਤੋ ਕਰਿ ਜੰਗ,
ਕਹਾਵਤਿ ਹੈ ਇਹ ਬੀਰ ਬਡੇਰਾ।
ਮਾਰੇ ਘਨੇ ਭਟ, ਨਾ ਅਟਕਜੋ ਕਿਤ,
ਕਾਟਤਿ ਹਾਥ ਗਹੀ ਸ਼ਮਸ਼ੇਰਾ[1]' ॥੫॥

[1]ਸੂਰਮੇ ਦਾ ਨਾਮ।

[1]ਹੱਥ ਵਿਚ ਤਲਵਾਰ ਫੜਕੇ ਕੱਟੀ ਜਾਂਦਾ ਹੈ।

ਸਾਦਰ ਸ਼੍ਰੀ ਗੁਰ ਤੇ ਸੁਨਿ ਕੈ
ਮਥੁਰਾ ਮਨ ਆਨੰਦ ਕੋ ਉਪਜਾਏ।
'ਆਪ ਸਹਾਇ ਕਰੋ ਪ੍ਰਭੁ ਪੂਰਨ!
ਮਾਰਤਿ ਹੌਂ ਇਸ ਕੌ ਉਥਲਾਏ।
ਕਜਾ ਇਹ ਗੀਦੀ ਗਵਾਰ ਅਹੈ
ਗਨ ਕਾਲ ਕੇ ਪ੍ਰੇਰੇ ਚਲੇ ਇਤ ਆਏ।
ਰਾਵਰ ਕੇ ਬਲ ਦੀਹ ਪ੍ਰਤਾਪ ਤੇ
ਸ਼ਾਹਜਹਾਂ ਕੋ ਗਹੈਂ ਹਮ ਜਾਏ' ॥੬॥
ਯੌਂ ਕਹਿ ਕੈ ਗਰੁ ਆਇਸੁ ਲੇ,
ਕਰਿ ਬੰਦਨ ਕੋ, ਹਯ ਤੇਜ ਕਰਜੋ।
ਚਾਰ ਸੈ ਸੂਰ ਚਲੇ ਜਿਹ ਸੰਗ
ਸੁ ਮਾਰਿ ਹੀ ਮਾਰ ਕੋ ਸ਼ੇਰ ਪਰਜੋ।
ਦੀਹ ਦਮਾਮਨਿ ਚੋਬ ਲਗੇ
ਸੁਨਿ ਬੀਰਨਿ ਕੈ ਉਰ ਮੋਦ ਭਰਜੋ।
ਤੇਜ਼ ਤੁਰੰਗ ਸੰਭਾਰਿ ਤੁਫੰਗਨਿ
ਜੰਗ ਰਚਜੋ ਉਤਸਾਹੁ ਧਰਜੋ ॥੭॥
ਬੈਰਮਖਾਨ ਹੁਤੋ ਜਿਸ ਥਾਂਨ
ਕਰੈ ਭਟ ਹਾਨ, ਗਯੋ ਤਹਿਂ ਧਾਏ।
ਯੌਂ ਲਲਕਾਰਿ ਪਰਜੋ ਤੁਰਕਾਨ ਮੈਂ,
ਸ਼ੇਰ ਪਰੈ ਮ੍ਰਿਗ ਬ੍ਰਿੰਦ ਮੈਂ ਜਾਏ।
ਮਾਰਿ ਕਰੀ ਬਰਖਾ ਗੁਲਕਾਨਿ ਕੀ
ਜਯੋਂ ਘਨ ਉਨਵ[1] ਕੈ ਬਰਖਾਏ।

[1]ਓਰੜਕੇ।

ਸੂਰ ਦੜਾਦੜ ਭੂਮਿ ਪਰੈਂ
ਬਨ ਮੈਂ ਤੁਰ ਖਾਤੀ[1] ਜਯੋਂ ਕਾਟ ਗਿਰਾਏ ॥੮॥ — [1]ਤਰਖਾਨ।

ਲੋਹ ਮਚ੍ਯੋ ਦੁਹੂੰ ਓਰਨਿ ਤੇ
ਜਨੁ ਓਰਨਿ ਤੇ ਕ੍ਰਿਸ਼ਿ ਪਾਕ[1] ਗਿਰੀ। — [1]ਪੱਕੀ ਖੇਤੀ।
'ਹਾਇ' ਉਚਾਰਤਿ ਘਾਇਲ ਆਰਤ[1], — [1]ਦੁਖੀ ਜ਼ਖਮੀ 'ਹਾਇ ਹਾਇ' ਕਹਿੰਦੇ ਹਨ।
ਬੀਰ ਬੰਗਾਰਤਿ ਧੀਰ ਧਰੀ।
ਆਪਸ ਮੈਂ ਉਰਝੇ ਇਕ ਬਾਰ ਹੀ
ਮਾਰਿ ਕ੍ਰਿਪਾਨਨਿ ਦੀਹ ਕਰੀ।
ਸ਼੍ਰੋਣਤਿ ਭੂਮਿ ਰੰਗੀਨ ਭਈ
ਗਨ ਲੋਥਨਿ ਪੈ ਗਨ ਲੋਥ ਪਰੀ ॥੯॥

ਬੀਰ ਟਿਕੇ ਨ ਕਟੇ ਰਨ ਖੇਤ ਮੈਂ,
ਓਜ ਤੇ ਨਾਂਹਿ ਮਿਟੇ ਲਰਿ ਕੈ।
ਹੋਤਿ ਭਏ ਪਟ ਲਾਲ ਸਮੂਹਨਿ
ਚਾਚਰ[1] ਖੇਲਤਿ ਜਯੋਂ ਫਿਰਿ ਕੈ। — [1]ਹੋਲੀ [ਸੰਸ: ਚਰਚਰੀ = ਹੋਲੀ ਦਾ ਗੀਤ, ਤਮਾਸ਼ਾ, ਹੋਲਾ ਆਦਿ]
ਕਾਸ਼ਟ ਪ੍ਰਿਸ਼ਟਨਿ ਕੋ[1] ਬਡ ਨਾਦ — [1]ਬੰਦੂਕਾਂ ਦਾ।
ਭਯੋ ਤਿਸ ਕਾਲ ਰਹੇ ਅਰਿ ਕੈ।
ਕੋ ਨ ਮਿਟ੍ਯੋ ਦੁਹੂੰ ਓਰਨਿ ਤੇ
ਚਪਿ[1] ਆਪਸ ਬੀਚਿ ਗਿਰੇ ਮਰਿ ਕੈ ॥੧੦॥ — [1]ਖਿਝਕੇ।

ਮਾਰ ਮਚੀ, ਕਹਿਂ 'ਮਾਰਿ ਹੀ ਮਾਰਿ'
ਸੁ ਮਾਰ ਕਰੇ ਹਥਿਯਾਰਨਿ ਸੰਗਾ।
ਭੀਮ ਗਯੋ ਰਣ ਖੇਤ ਮਹਾਂ
ਪਿਖਿ ਕਾਇਰ ਕੇ ਉਰ ਹੋਤਿ ਅਤੰਗਾ[1]। — [1]ਡਰ।
ਸੂਰਨਿ ਕੇ ਮੁਖ ਲਾਲੀ ਚਢੀ
ਰਿਪੁ ਮਾਰਤਿ ਹੈਂ ਬਿਚ ਜੰਗ ਨਿਸੰਗਾ।
ਸੀਸ ਕਟੇ ਗਨ, ਬਾਹੁ[1] ਕਟੇ ਗਨ, — [1]ਬਾਹਾਂ।
ਬਾਹ[1] ਕਟੇ ਗਿਰ ਗੇ ਬਿਨ ਅੰਗਾ ॥੧੧॥ — [1]ਘੋੜੇ [ਸੰਸ: ਵਾਹ] (ਅ) ਟੰਗਾਂ। [ਸੰਸ: ਵਰ੍ = ਲਈ ਫਿਰਨਾ]

ਰੋਕੀ ਅਗਾਰੀ ਜਬੈ ਮਥਰਾ
ਤਬਿ ਬੈਰਮਖਾਨ ਤੁਫੰਗ ਚਲਾਏ।
'ਮਾਰਹੁ ਰੇ ਕਿਮ ਠਾਂਢਿ ਰਹੇ,

ਭਟ ਥੋਰੇ ਅਹੈਂ ਕਿਸ ਨੇ ਅਟਕਾਏ?'
ਲੇ ਕਰਿ ਸੰਗ ਸਹੱਸ੍ਰ ਸੂਰਮੇ
ਆਇ ਪਰਯੋ ਹਥਿਆਰ ਉਠਾਏ।
ਮਾਰਿ ਤੁਫੰਗਨਿ ਐਸੀ ਕਰੀ
ਦਿਸ਼ਿ ਦੋਇਨ ਕੇ ਹਯ ਤੇ ਉਥਲਾਏ
॥੧੨॥
ਕੇਤਿਨ ਕੇਰਿ ਤੁਰੰਗ ਹਤੇ ਰਣਿ[1],
ਕੇਤਿਕ ਬੀਰ ਮਰੇ ਹਯ ਛੋਰੇ।
ਕੇਤਿਨਿ ਕੀ ਭੁਜ ਕਾਟਿ ਦਈ
ਅਰਿ ਕੇਤਿਨਿ ਕੇ ਗੁਲਕਾਂ[1] ਉਰ ਫੋਰੇ।
ਕੇਤਿਨਿ ਕੀ ਕਟਿ ਗ੍ਰੀਵ ਗਈ ਸੁ
ਕਬੰਧ[1] ਉਠੇ ਪਿਖਿ ਦਾਰੁਨ ਦੌਰੇ।
ਕੇਤਿਨਿ ਕੀ ਕਟਿ ਜੰਘ ਗਈ
ਲੰਗਰੇ ਸੁ ਖਰੇ ਮੁਖ ਸ਼ੱਤ੍ਰਨਿ ਓਰੇ ॥੧੩॥
ਰੋਸ ਭਰਯੋ ਮਥੁਰਾ ਹਯ ਫੇਰਤਿ
ਮਾਰਿ ਤੁਫੰਗਨਿ ਸ਼ੱਤ੍ਰ ਹਟਾਵੈ।
ਦੁੰਦਭਿ ਦੀਹ ਬਜੈਂ ਦੁਹੁ ਓਰਨਿ
ਤੀਰਨਿ ਤੋਮਰ ਤਾਕ ਚਲਾਵੈਂ।
'ਮਾਰਹੁ ਮਾਰਿ' ਪੁਕਾਰਤਿ ਹੈਂ
ਮੁਖ ਸ਼੍ਰੋਣ ਭਰੇ ਅਸਿ ਕੋ[1] ਚਮਕਾਵੈਂ।
ਟੂਟ ਪਰੇ ਭਟ ਜੂਟ ਗਏ,
ਅਟਕੇ ਨ ਮਿਟੈਂ, ਲਟਕੇ ਝਟਕਾਵੈਂ[1]
॥੧੪॥

ਯੌਂ ਜਬਿ ਮਾਰਿ ਮਚੀ ਦੁਹੂੰ ਓਰ ਤੇ,
ਬੀਰ ਗਿਰੇ ਮਰਿ ਕੈ ਸਮੁਦਾਈ।
ਬੈਰਮਖਾਨ ਅਰਯੋ ਤਬਿ ਆਪ ਹੀ
ਬੀਰ ਕਿਤੇਕ ਹੈਂ ਸੰਗ ਸਹਾਈ।
ਖੈਂਚਿ ਲਈ ਕਰਵਾਰਨਿ ਮਜਾਨ ਤੇ
ਮਾਰਤਿ ਬੇਗ ਅਰੈ[1] ਅਗੁਵਾਈ।
ਆਵਤਿ ਗੇਰਤਿ ਸੂਰਨਿ ਕੋਂ

[1]ਜੰਗ ਵਿਚ।

[1]ਗੋਲੀਆਂ ਨੇ।

[1]ਧੜ।

[1]ਤਲਵਾਰਾਂ ਨੂੰ।

[1]ਟੁੱਟ ਕੇ ਪਏ ਸੂਰਮੇ (ਤੇ ਆਪੋ ਵਿਚ) ਜੁੱਟ ਗਏ, (ਆਪੋ ਵਿਚ) ਅੜੇ ਹੋਏ ਪਿੱਛੇ ਨਹੀਂ ਹੁੰਦੇ, (ਆਪ) ਨਾਸ਼ ਹੁੰਦੇ ਹਨ ਤੇ ਵੈਰੀ ਨੂੰ ਝਟਕਾ ਸੁੱਟਦੇ ਹਨ। (ਅ) (ਤਲਵਾਰ) ਟੁੱਟ ਪਈ ਤੇ ਸੂਰਮੇ ਜੁੱਟ ਗਏ (ਹਥੋ ਹਥੀ ਤੇ) ਪਰਸਪਰ ਅੜੇ ਹਟਦੇ ਨਹੀਂ, ਚੰਬੜੇ ਹੋਏ ਝਟਕੇ ਮਾਰਦੇ ਹਨ।

[1]ਜੋ) ਅੜੇ।

ਠਹਿਰੈ ਨਹਿਂ ਕੋ, ਅਸ ਮਾਰ ਮਚਾਈ
॥੧੫॥

ਹੰਸਕ ਛੰਦ:

ਬੈਰਮਖਾਨਾ। ਕੀਨਿ ਮਦਾਨਾ।
ਖੈਂਚਿ ਕ੍ਰਿਪਾਨਾ। ਬੀਰਨਿ ਹਾਨਾ ॥੧੬॥
ਕੋ ਨ ਅਰੰਤਾ। ਮਾਰਿ ਗਿਰੰਤਾ।
ਰੌਰ ਮਚੰਤਾ। ਜੋ ਬਲਿਵੰਤਾ ॥੧੭॥
ਘੋਰ ਨਚਾਵੈ। ਵਾਰ ਚਲਾਵੈ।
ਘਾਇਨਿ ਘਾਵੈ[1]। ਹੈ ਉਥਲਾਵੈ ॥੧੮॥ [1]ਜ਼ਖਮਾਂ ਤੇ ਜ਼ਖਮ ਲਾਉਂਦਾ ਹੈ।
ਜਾਨਤਿ ਬਿੱਦਜਾ। ਸ੍ਰੀ ਅਸਿ ਛਿੱਦਜਾ[1]। [1]ਜਾਣਦਾ ਹੈ ਵਿੱਦਜਾ ਤਲਵਾਰ ਨਾਲ ਕੱਟਣ ਦੀ (ਤਕੋ ਇਸੇ ਰਾਸ ਦੀ ਅੰਸੂ ੩੧ ਅੰਕ ੩)।
ਨਾ ਅਟਕੰਤਾ। ਸਿੱਖਨਿ ਹੰਤਾ ॥੧੯॥
ਸੂਰ[1] ਜੁ ਔਰੇ। ਆਵਤਿ ਦੌਰੇ। [1]ਸੂਰਮੇਂ।
ਤੋਮਰ ਤੀਰੰ। ਬੇਧਿ[1] ਸਰੀਰੰ ॥੨੦॥ [1]ਵਿੰਨ੍ਹਦੇ ਹਨ।
ਸਿੱਖਨਿ ਹੇਰਾ। ਬੀਰ ਬਡੇਰਾ।
ਮਾਰਤਿ ਖੱਗੰ। ਧਾਵਤਿ ਅੱਗੰ ॥੨੧॥
ਦੀਹ ਹੰਕਾਰੀ[1]। ਆਇ ਅਗਾਰੀ। [1]ਬੜੇ ਹੰਕਾਰ ਵਾਲਾ ਹੈ।
ਸੈਨ ਸੰਘਾਰੀ। ਹੈ ਬਲਿਭਾਰੀ ॥੨੨ ॥

ਹਰਿਬੋਲਮਨਾ ਛੰਦ:

ਪਿਖਿ ਕੈ ਮਥਰਾ। ਰਣ ਭਾ ਸੁਥਰਾ[1]। [1]ਚੰਗਾ।
ਭਟ ਕਾਟਿ ਗਿਰੇ। ਗਨ ਦੇਹਿ[1] ਪਰੇ [1]ਸਰੀਰ।
॥੨੩॥
ਜਹਿਂ ਖਾਨ ਖਰੋ। ਤਹਿਂ ਆਨਿ ਅਰੋ।
ਭਟ ਬ੍ਰਿੰਦ ਲਿਏ। ਤਹਿਂ ਠਾਂਢ ਕਿਏ
॥੨੪॥
ਅਗਨੀ ਉਗਲਾ। ਗੁਲਕਾਨਿ ਡਲਾ[1]। [1]ਅਗਨੀ ਉਗਲਾ (= ਬੰਦੂਕਾਂ) ਵਿਚ ਗੋਲੀਆਂ ਪਾਈਆਂ।
ਕਸਿ ਛੋਰਿ ਦਈ[1]। ਬਹੁ ਮਾਰਿ ਕਈ [1]ਸ਼ਿਸਤਾਂ ਬੰਨ੍ਹਕੇ ਚਲਾਈਆਂ।
॥੨੫॥
ਭਟ ਭੂਮਿ ਗਿਰੇ। ਹਯ ਛੂਛ ਫਿਰੇ।
ਤੁਰਕਾਨਿ ਹਨੇ। ਤਜਿ ਪ੍ਰਾਨ ਘਨੇ
॥੨੬॥
ਦਿਸਿ ਦ੍ਵੈ ਰਿਸ ਕੈ। ਤੁਪਕਾਂ ਕਸਿ ਕੈ।
ਸਮੁਦਾਇ ਛਟੈਂ। ਮੁਖ ਸੂਰ[1] ਜੁਟੈਂ [1]ਸੂਰਮਿਆਂ ਦੇ ਮੂੰਹ।

॥੨੭॥
ਨਹਿਂ ਪਾਛਿ ਹਟੇ। ਤਿਸ ਥਾਨ ਲਿਟੇ।
ਸਿਰ ਫਟਿ ਗਏ। ਗੁਲਕਾਨਿ ਹਏ
॥੨੮॥
ਸ੍ਵੈਯਾ:
ਸ਼ੀਘ੍ਰ ਚਲਾਇ ਕੁਦਾਇ ਤੁਰੰਗ ਕੋ
ਰੋਸ ਭਰ੍ਯੋ ਮਥੁਰਾ ਮਨ ਮੈਂ।
ਬੈਰਮਖਾਨ ਕੇ ਨੇਰ ਢੁਕ੍ਯੋ
ਪਿਖਿ ਆਵਤਿ ਦੀਹ ਵਧ੍ਯੋ ਰਨ ਮੈਂ।
ਊਚਿ ਪੁਕਾਰ ਕਹ੍ਯੋ ਲਲਕਾਰ
'ਹਨੇ ਭਟ ਤੈਂ ਪ੍ਰਵਿਸ਼੍ਯੋ ਗਨ ਮੈਂ।
ਸੂਰ ਮਿਲ੍ਯੋ ਨਹਿਂ ਕੋ ਅਬਿ ਲੌਂ,
ਥਿਰਤਾ ਕਰਿ ਬੀਰ! ਅਯੋਧਨ ਮੈਂ[1]
॥੨੯॥

[1]ਜੁੱਧ ਵਿਚ, ਜੰਗ ਭੂਮੀ ਵਿਚ [ਸੰਸ: ਆਯੋਧਨ] (ਅ) ਮੈਂ ਉਹ (ਸੂਰਮਾ) ਹਾਂ ਜਿਸ ਨਾਲ ਜੁੱਧ ਨਹੀਂ ਹੋ ਸਕਦਾ। [ਸੰਸ: ਅਯੋਧ੍ਯ]

ਸਾਮੁਹੇ ਮੋਹਿ ਖਰੋ ਅਬਿ ਹੋਹੁ,
ਟਰੋ ਨਹਿਂ, ਤੋਹਿ ਦਿਖਾਵਹੁ ਹਾਥਾ।'
ਯੌਂ ਸੁਨਿ ਬੈਰਮਖਾਨ ਹਸ੍ਯੋ
'ਤੁਮ ਜਾਨਤਿ ਕ੍ਯਾ ਹਥਿਆਰਨਿ ਗਾਥਾ?
ਮੈਂ ਜਬਿ ਲੌਂ ਨ ਕੁਪ੍ਯੋ ਤੁਮ ਪੈ
ਤਬਿ ਲੌਂ ਤੁਰਕਾਨਿ ਹਨਹੁ ਬਲਿ ਸਾਥਾ।
ਦੇਖਹੁ ਮਾਰਤਿ ਹੌਂ ਸਭਿ ਕੋ
ਕਰਿ ਹੌਂ ਬਹੁ ਰੁੰਡ[1] ਕਟੌਂ ਗਨ ਮਾਥਾ[2]'
॥੩੦॥

[1]ਧੜ। [2]ਸਿਰ।

ਬੋਲਤਿ ਬੈਰਮਖਾਨ 'ਖਰੋ',
ਤਬਿ ਜੋਰਿ ਤੁਫੰਗ ਕੋ ਘੋਰ ਪ੍ਰਹਾਰੀ।
ਯੌਂ ਕੜਕੀ ਜਨੁ ਗਾਜ ਪਰੀ,
ਲਖਿ ਖਾਨਿ ਤੁਰੰਗ ਕੁਦਾਇ ਅਗਾਰੀ[1]।

[1]ਬੈਰਮਖਾਨ ਨੇ ਲਖ ਲਿਆ ਤੇ ਘੋੜਾ ਅੱਗੇ ਨੂੰ ਕੁਦਾ ਲਿਆ।

ਆਪ ਗਯੋ ਬਚਿ ਬਾਹਨਿ ਕੇ ਲਗਿ[1]
ਟੂਟ ਗਈ ਤਿਹ ਟਾਂਗ ਪਿਛਾਰੀ।
ਤੂਰਨ ਹੀ ਅਵਿਨੀ ਗਿਰ ਗਾ,
ਪਦ ਤੀਨ ਤੇ ਨਾਂਹਿਨਿ ਚਾਲਿ ਅਗਾਰੀ

[1]ਭਾਵ ਘੋੜੇ ਨੂੰ ਲੱਗੀ।

॥ ੩੧ ॥
ਬੈਰਮਖਾਨ ਖਰੋ ਧਰਨੀ ਪਰ
ਢਾਲ ਕ੍ਰਿਪਾਨ ਕੋ ਹਾਥ ਸੰਭਾਰੇ।
ਹ੍ਵੈ ਹੁਸ਼ਿਆਰ ਪ੍ਰਾਹਰਨਿ ਲਾਗਿ
ਕਟੈ ਗਨ ਅੰਗ ਧਰਾ ਪਰ ਡਾਰੇ।
ਘੋਰਨਿ ਕੈ ਅਰੁ ਸੂਰਨਿ ਕੈ
ਅਸਿ ਮਾਰਤਿ, ਆਪ ਬਚਾਵਨਿ ਧਾਰੇ।
ਕੇਤੇ ਗਿਰੇ ਭਟ ਨਾਂਹਿ ਸੰਭਾਰਤਿ
ਕੇਤਿਕ ਆਇ ਪਰੈਂ ਲਲਕਾਰੇ ॥ ੩੨ ॥
ਸ਼੍ਰੀ ਗੁਰੁ ਕੇ ਭਟ ਮਾਰਨਿ ਕੇ
ਹਿਤ ਬੈਰਮਖਾਨ ਕੋ ਘੇਰਿ ਲਯੋ।
ਖਾਇ ਪ੍ਰਹਾਰ ਨਹੀਂ ਕਿਸਿ ਤੇ,
ਕਰਿ ਬ੍ਰਿੰਦ ਉਪਾਇ ਨ ਘਾਇ ਘਯੋ[1]।

[1]ਸਾਰੇ ਹੀ ਯਤਨ ਕਰ ਰਹੇ (ਪਰ ਉਸ) ਨੇ ਜ਼ਖਮ ਨਾ ਖਾਧਾ।(ਅ) ਭਾਵ ਦਾਉ ਘਾਉ ਨੂੰ ਬਚਾ ਜਾਂਦਾ ਹੈ।

ਚੰਚਲਤਾ ਧਰਿ ਨਾਚਤਿ ਹੈ ਜਨੁ
ਢਾਲ ਤੇ ਵਾਰ ਕੋ ਰੋਕ ਦਿਯੋ।
ਤੇਗ ਤੇ ਮਾਰਤਿ ਆਪਿ ਬਚਾਇ ਕੈ
ਸੂਰ ਹਿਰਾਨ ਭਏ ਨ ਹਯੋ[1] ॥ ੩੩ ॥

[1]ਮਾਰਿਆ ਨਹੀਂ ਗਿਆ।

ਯੌਂ ਪਿਖਿ ਕੈ ਮਥੁਰਾ ਰਿਸਿ ਕੈ
ਹਯ ਤੇ ਉਤਰਜੋ ਤਤਕਾਲ ਤਹਾਂ।
ਦਾਵ ਤਕਜੋ, ਕਰਵਾਰ ਨ ਖਾਇ,
ਇਤੈ ਉਤ ਧਾਇ ਬਚਾਇ ਮਹਾਂ।
ਤੂਰਨਤਾ ਧਰਿ ਕੈ ਤਬਿ ਔਚਕ
ਜੋਰ ਕਰਜੋ ਹਤਿ ਵਾਰ ਜਹਾਂ[1]।

[1]ਬਲ ਨਾਲ ਵਾਰ ਮਾਰ ਰਿਹਾ ਸੀ ਜਿੱਥੇ।

ਦੌਨ ਭੁਜਾਨ ਕੇ ਬੀਚ ਗਹਜੋ,
ਛੁਟਿ ਜਾਨ ਚਹਜੋ, ਛੁਟਿਬੋ ਨ ਲਹਾ
॥ ੩੪ ॥
ਬਾਹਿਨ ਕੇ ਬਲ ਕੋ ਕਰਿ ਕੈ
ਉਲਟਾਇ ਕੈ ਬੈਰਮ ਖਾਂਨ ਗਿਰਾਯੋ।
ਛੀਨ ਕ੍ਰਿਪਾਨ ਹਨੀ ਤਿਸ ਗ੍ਰੀਵ
ਕਟਜੋ ਧਰ ਤੇ ਸਿਰ ਦੂਰ ਬਗਾਯੋ।
ਦੇਖਤਿ ਹੀ ਮਥੁਰਾ ਬਲ ਕੋ[1]

[1]ਮਥਰਾ ਦੇ ਬਲ ਨੂੰ।

ਗੁਰੁ ਕੋ ਦਲ ਦੀਰਘ ਹੀ ਹਰਖਾਯੋ।
ਖਾਨ ਕੀ ਸੈਨ ਰਿਸੀ ਅਤਿਸ਼ੈ
ਜਿਨ ਕੋ ਸਿਰਦਾਰ ਧਰਾ ਉਥਲਾਯੋ
॥੩੫॥
ਆਨਿ ਪਰੇ ਮਥਰਾ ਸਿਰ† ਊਪਰ — †ਪਾ:-ਸਿੱਖ।
ਤੋਮਰ ਤੀਰ ਹਨੈ ਤਰਵਾਰੈਂ।
ਘੇਰਿ ਲਿਯੋ ਬਡ ਬੀਰ ਬਹਾਦੁਰ
ਰਾਤਿ ਕੋ ਚੰਦ ਜਥਾ ਪਰਵਾਰੈਂ।
ਹ੍ਵੈ ਪੁਰਜ਼ੇ ਪੁਰਜ਼ੇ ਗਿਰ ਗਾ ਤਬਿ
ਆਪਿ ਮਰ੍ਯੋ ਬਹੁ ਸ਼ੱਤ੍ਰੁਨਿ ਮਾਰੈ।
ਦੇਖਿ ਗੁਰੂ ਬਿਕਸੇ ਪੁਰਸ਼ਾਰਥ[1], — [1]ਬਲ।
'ਧੰਨ' ਸਭੈ ਸਿੱਖ ਤਾਂਹਿ ਉਚਾਰੈਂ ॥੩੬॥
ਆਪਸ ਮੈਂ ਮਿਲਿ ਸੈਨ ਗਈ
ਤਜਿ ਹਾਥ ਤੁਫੰਗਨਿ ਕੋ ਲਲਕਾਰੇ।
ਤੋਮਰ ਕੀ ਬਡ ਮਾਰ ਮਚੀ,
ਤਲਵਾਰ ਨਚੀ, ਚਲਿ[1] ਲੋਹੂ ਪਨਾਰੇ। — [1]ਚੱਲ ਪਏ।
ਫੇਰਿ ਕਟਾਰਨਿ ਜੁਟਿ ਗਏ
ਜਨੁ ਹੇਰੁ ਬਰੰਗਨਿ ਪ੍ਰਾਨ ਦੇ ਵਾਰੇ[1]। — [1]ਮਾਨੋ ਅਪੱਸ਼ਰਾਂ ਨੂੰ ਦੇਖਕੇ ਪ੍ਰਾਨ ਵਾਰ ਰਹੇ ਹਨ।
ਮਾਰਿ ਮਰੇ ਧਰ[1] ਬੀਚ ਪਰੇ, — [1]ਧਰਤੀ।
ਧਰ[1] ਸੀਸ ਕਟੇ ਨ ਹਟੇ ਪਿਛਵਾਰੇ — [1]ਧੜ।
॥੩੭॥
ਦੋਹਰਾ:
ਇਮ ਮਾਚ੍ਯੋ ਘਮਸਾਨ ਤਬਿ ਮਰੇ ਹਜ਼ਾਰਹੁਂ
ਬੀਰ।
ਪਿਖਿ ਭਾਜੇ ਕਾਇਰ ਤਬੈ, ਸੂਰ ਰਹੇ ਧਰਿ
ਧੀਰ ॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਬੈਰਮਖਾਨ ਅਰ ਮਥਰਾ ਸਿੱਖ ਬੱਧ' ਪ੍ਰਸੰਗ ਬਰਨਨੰ ਨਾਮ ਤ੍ਰੈਤ੍ਰਿੰਸਤੀ ਅੰਸੂ ॥੩੩॥

੩੪. [ਬਲਵੰਡ ਖਾਂ ਤੇ ਕਲਜਾਣਾ ਬੱਧ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਬਜੇ ਜੁਝਾਊ[1] ਦੁਹ ਦਿਸ਼ਿਨਿ,
ਉਮਡਿ ਚਲੀ ਬਡ ਸੈਨ।
ਕੱਲਜਾਣਾ ਤਬਿ ਕੋਪ ਕੈ,
ਤੁਰਕਨਿ ਕੋ ਪਿਖਿ ਨੈਨ ॥੧॥

[1]ਮਾਰੂ ਵਾਜੇ।

ਭੁਯੰਗ ਛੰਦ:

ਜਹਾਂ ਭੇੜ ਗਾੜ੍ਹੋ, ਕਰਾਚੋਲ[1] ਚਾਲੈਂ।

[1]ਤਲਵਾਰਾਂ।

ਪਰਜੋ ਧਾਇ ਸੂਰਾ ਅਨੀ ਬ੍ਰਿੰਦ ਹਾਲੈਂ[1]।

[1]ਸਾਰੀ ਫੌਜ ਹਿਲਾ ਦਿੱਤੀ।

ਤੁਫੰਗਾਨਿ ਮੈਂ ਦੋਇ ਡਾਲੰਤਿ ਗੋਰੀ।
ਕਰਜੋ ਢੋਇ ਢੂਕੇ ਇਕੰਬਾਰ ਛੋਰੀ ॥੨॥
ਪਲੀਤੇ ਧੁਖੇ ਬ੍ਰਿੰਦ ਜ੍ਵਾਲਾ ਉਗਾਲੀ[1]।

[1]ਸਮੂਹ ਬੰਦੂਕਾਂ ਦੇ ਪਲੀਤੇ ਧੁਖੇ [ਜ੍ਵਾਲਾ ਉਗਲਾ = ਬੰਦੂਕ]

ਉਠੈ ਨਾਦ ਊਚੇ ਦੁਊ ਓਰ ਚਾਲੀ।
ਬਹੀ ਸ਼ੂੰਕ ਗੋਰੀ ਸੜਾਕੇ ਲਗੰਤੀ।
ਕਿਸੂ ਤੁੰਡ ਕੈ ਮੁੰਡ ਖੰਡੈ ਧਸੰਤੀ[1] ॥੩॥

[1]ਕਿਸੇ ਦਾ ਮੁੱਖ ਯਾ ਸਿਰ ਤੋੜਦੀ ਹੋਈ ਧਸ ਜਾਂਦੀ ਹੈ।

ਕਸੈਂ ਫੇਰ ਬਾਰੂਦ ਡਾਲੈਂ ਸ਼ਿਤਾਬੀ।
ਲਗੈਂ ਸੂਰ ਘੂਮੈਂ ਗਿਰੈਂ ਜਯੋਂ ਸ਼ਰਾਬੀ।
ਛਣੰਕਾਰ ਹੋਵੈ ਗਜੰ ਕੇਰ ਠੋਕੇ[1]।

[1]ਗਜਾਂ ਦੇ (ਬੰਦੂਕਾਂ ਵਿਚ) ਠੋਕਿਆਂ.....।

ਕੜਾਕਾੜ ਛੋਰੈਂ ਸਭੈ ਸ਼ੱਤ੍ਰੁ ਰੋਕੇ ॥੪॥
ਜਹਾਂ ਖਾਨ ਕੇ ਚੁੰਗ ਬਾਂਧੇ[1] ਲਰੰਤੇ।

[1]ਟੋਲੀਆਂ ਬੰਨ੍ਹਕੇ।

ਕਰੀ ਮਾਰ ਭਾਰੀ ਗਿਰੰਤੇ ਮਰੰਤੇ।
ਪਰੇ ਜਾਇ ਜੋਧਾ ਗੁਰੂ ਸਿੱਖ ਬੰਕੇ।
ਕਰੈਂ ਸ਼ੀਘ੍ਰਤਾ ਭੂਰ ਨਾਂਹੀ ਅਤੰਕੇ[1] ॥੫॥

[1]ਡਰਦੇ ਨਹੀਂ।

ਧਰੈਂ ਸੂਰਤਾ ਸ਼੍ਰੀ ਗੁਰੂ ਕੋ ਦਿਖਾਵੈਂ।
ਬੰਗਾਰੈਂ ਮਲੇਛਾਨਿ ਸੌਹੈਂ ਚਲਾਵੈਂ।
ਗਿਰੇ ਬੀਰ ਬੰਕੇ ਕਰੇ ਮੂਛ ਬੰਕੀ[1]।

[1]ਮੁੱਛਾਂ ਤੇ ਤਾਉ ਦੇਣ ਵਾਲੇ।

ਪ੍ਰਹਾਰੈਂ ਕਿਤੇ ਕੋਇ ਭਾਜੇ ਸਸ਼ੰਕੀ[1] ॥੬॥

[1]ਸਹਿਤ ਡਰ ਦੇ।

ਪਰੀ ਲੋਥ ਪੈ ਲੋਥ ਪੋਥਾਨਿ[1] ਹੋਈ।

[1]ਢੇਰ।

ਤੁਫੰਗੈਂ ਗਿਰੰਤੀ ਸੰਭਾਰੰਤਿ ਕੋਈ।
ਉਤੈ ਖਾਨ ਢੂਕੇ ਇਤੈ ਸਿੱਖ ਗਾਜੇ।
ਭਏ ਸੰਮੁਖੈ ਸੂਰ ਪੀਛੈ ਨ ਭਾਜੇ ॥੭॥

ਦੋਹਰਾ:
ਮਾਰਮਚੀ ਦੁਹੂੰ ਓਰ ਤੇ,
ਭਟ ਕੱਲਜਾਨਾ ਧਾਇ।
ਪਰਜੋ ਬੀਚ ਤੁਰਕਾਨਿ ਕੇ,
'ਮਾਰਿ ਮਾਰਿ' ਮੁਖ ਗਾਇ ॥੮॥
ਪਾਧੜੀ ਛੰਦ:
ਪਿਖਿ ਅਬਦੁਲ ਖਾਂ 'ਰਣ ਭਾ ਬਿਸਾਲ।
ਗੁਰੁ ਬੀਰ ਆਨਿ ਪ੍ਰਵਿਸ਼ੰਤਿ ਜਾਲ।
ਕਟਿ ਗਈ ਬਾਹਨੀ ਬਹੁਤ ਖੇਤਿ।
ਗਨ ਖਾਨ ਅੱਗ੍ਰ ਦਿਢ ਨਹਿਂ ਸੁਚੇਤ ॥੯॥
ਉਤਸਾਹ ਹੀਨ ਨਹਿਂ ਲਰਤਿ ਧਾਇ।'
ਤਬਿ ਕ੍ਰੋਧ ਧਾਰਿ ਬੋਲਜੋ ਸੁਨਾਇ।
ਬਲਵੰਡ ਖਾਨ ਕੋ ਢਿਗ ਬੁਲਾਇ।
'ਤੁਮ ਹੁਤੋ ਬੀਰ ਤੋਮਰ ਭ੍ਰਮਾਇ ॥੧੦॥
ਤਨ ਦੇਤਿ ਕਜੋਂ ਨ ਅਬਿ ਲਰਨ ਹੇਤੁ।
ਗੁਰ ਸਿੱਖਨਿ ਰੋਕਜੋ ਜੰਗ ਖੇਤ।
ਜੇ ਹਰਿਗੁਵਿੰਦ ਕੋ ਲਿਹੁ ਨ ਮਾਰਿ।
ਨਹਿਂ ਪਕਰਹੁ ਆਪਿ ਜਿ, ਹੌ ਜਿ ਹਾਰਿ[1]† ॥੧੧॥
ਤੁਮ ਕਹੋ ਕਹਾਂ ਬੈਠਨਿ ਸਥਾਨ।
ਨਹਿਂ ਬੀਚ ਸੁ ਬੋਲਨਿ ਦੇਹਿਂ ਖਾਨ[1]।
ਗੁਰ ਅਲਪ ਸੈਨ ਤੇ ਅਰਹਿ ਜੰਗ।
ਪੁਨ ਲਰਹੁ ਕਹਾਂ ਨਿਜ ਅਧਿਕ ਸੰਗ[1]? ॥੧੨॥
ਇਹ ਜਥੇਦਾਰ ਆਵਤਿ ਅਗਾਇ।
ਸੁਰਖਾ ਤੁਰੰਗ[1] ਚੰਚਲ ਕੁਦਾਇ।
ਇਸ ਹਤਹੁ ਅੱਗ੍ਰ ਹ੍ਵੈ ਕੈ ਰਿਸਾਇ।
ਪੁਨ ਗੁਰੂ ਬਾਹਨੀ ਦਿਹੁ ਪਲਾਇ ॥੧੩॥
ਅਟਕੈ ਨ ਕੋਇ ਹੱਲਾ ਸੁ ਘਾਲਿ।
ਭਟ ਅਲੀ ਬਖਸ਼ ਤਿਸ ਲੇਹੁ ਨਾਲਿ।'
ਬਲਵੰਡ ਖਾਨ ਪਰਚੰਡ ਬੀਰ।
ਸੁਨਿ ਕੈ ਸੁ ਕ੍ਰੋਧ ਬਚ ਅਤਿ ਅਭੀਰ[1]

[1]ਤੇ) ਜੇ ਆਪ ਨਾਂ ਪਕੜੋਗੇ (ਤਾਂ) ਹਾਰ ਹੋ ਜਾਏਗੀ।
†ਪਾ:-ਜੈਹੋ ਜਿ ਹਾਰਿ।
[1]ਤੇ) ਖਾਨ (ਆਪਣੇ) ਵਿੱਚ ਬੋਲਣ ਨਹੀਂ ਦੇਣਗੇ।
[1]ਤੁਸੀਂ ਆਪ ਤੋਂ ਬਹੁਤੀ (ਸੈਨਾਂ) ਨਾਲ ਫਿਰ ਕੀਕੂੰ ਲੜੋਗੇ?
[1]ਲਾਲ ਘੋੜਾ।
[1]ਬੜੀ ਵੀਰਤਾ ਵਾਲੇ।

॥੧੪॥
ਘੋਰਾ ਕੁਦਾਇ ਤੋਮਰ ਸੰਭਾਰਿ।
ਢਿਗ ਅਲੀਬਖਸ਼ ਲੀਨੋ ਹਕਾਰਿ।
ਹੁਇ ਸਮੁਖ ਚਲੵੋ ਗੁਰ ਕੇ ਰਿਸਾਇ।
ਭਟ ਦ੍ਵੈ ਹਜ਼ਾਰ ਜਿਨ ਸੰਗ ਧਾਇ ॥੧੫॥
ਇਮ ਭਏ ਅੱਗ੍ਰ ਗੁਰ ਸਮੁਖ ਦੌਰਿ।
ਕਰਿ ਹਲਾਹੂਲ ਸੰਗ੍ਰਾਮ ਠੌਰ।
ਤਬਿ ਪਿਖ੍ਯੋ ਕਲ੍ਯਾਨੇ ਕ੍ਰੋਧ ਧਾਰਿ।
ਤਿਹ ਸਮੁਖ ਹੋਇ ਊਚੇ ਪੁਕਾਰਿ ॥੧੬॥
'ਮੈ ਖਰੋ ਤੋਹਿ ਕੋ ਹਤਨਿਹਾਰ।
ਕਿਮ ਜਾਤਿ ਅੱਗ੍ਰ ਕੋ ਹਮਹੁ ਟਾਰਿ।
ਬਿਨ ਮਰੇ ਕਿ ਮਾਰੇ ਜੰਗ ਮਾਂਹਿ।
ਇਤ ਉਤਹਿ ਜਾਤਿ ਇਹ ਉਚਿਤ ਨਾਂਹਿ'
॥੧੭॥
ਇਮ ਕਹਿ ਸੰਭਾਰਿ ਤੁਪਕੰ ਪ੍ਰਹਾਰ।
ਬਲਵੰਡ ਮੁਰ੍ਯੋ ਸੁਨਿ ਕ੍ਰੋਧ ਧਾਰਿ।
'ਕ੍ਯੋਂ ਚਹਿਤਿ ਨ ਜੀਵਨ? ਪ੍ਰਾਨ ਦੇਤਿ।'
ਕਹਿ ਭਯੋ ਸਮੁਖ, ਦੋਨਹੁ ਸੁਚੇਤ ॥੧੮॥
ਕਬਿੱਤ:
ਪਰ੍ਯੋ ਰੌਰ ਦੌਰਿ ਕਰਿ ਠੌਰ ਠੌਰ ਕੁਪੇ
ਬੀਰ,
ਦੋ ਦੋ ਗੋਰੀ ਠੋਕਿ ਤ੍ਯਾਰ ਤੁਪਕ ਸੰਭਾਰਿ
ਕੈ।
ਪਰੇ ਅਰਿਰਾਇ, ਧਾਇ ਮਿਲੇ ਸਮੁਦਾਇ
ਜਾਇ,
ਹਯਨਿ ਕੁਦਾਇ ਕੈ ਪਲਾਇ ਅਰਿ ਮਾਰਿ
ਕੈ।
ਜ੍ਵਾਲਾ ਉਗਲਾਣੀ ਤੇ[1] ਪਠਾਣੀ ਸੈਣ ਹਾਣੀ
ਗਣ,
ਮਾਂਗਿ ਮਾਂਗਿ ਪਾਣੀ ਪ੍ਰਾਣ ਛੋਰੇ ਤਨ ਡਾਰ
ਕੈ।
ਆਯੁਧ ਪ੍ਰਹਾਰ ਕੈ ਸੁਭਟਨਿ ਬੰਗਾਰ ਕੈ

[1]ਬੰਦੂਕਾਂ ਤੋਂ।

ਮਰੇ ਹੈਂ ਅਰਿ ਮਾਰਿ ਕੈ, ਗਿਰੇ ਹੈਂ ਖਾਨ ਹਾਰਿ ਕੈ ॥੧੯॥

ਖਾਨ ਬਲਵੰਡ ਬਲਿਵੰਡ ਭੁਜਦੰਡਨਿ ਤੇ[1]
ਤੋਮਰ ਪ੍ਰਚੰਡ ਕੋ ਭ੍ਰਮਾਇ ਬਾਰਿ ਬਾਰਿ ਤੇ।
ਘੋਰਨਿ ਕੋ ਮੋਰਨਿ ਮਨਿੰਦ ਸੋ ਨਚਾਇ ਕਰਿ
ਮਾਰੈ ਸਿੱਖ ਓਰ, ਉਰ ਫੋਰਿ ਫੋਰਿ ਡਾਰਿਤੇ[1]।
ਬਾਹੁਨਿ ਕੋ ਬਲ ਕਰਿ ਬਾਹਨੀ ਹਿਲਾਇ ਦਈ,
ਬਾਹਨਿ ਕੋ ਪ੍ਰੇਰਿ ਬਾਹੁ ਘਾਉ, ਬਹੁ ਮਾਰਿ ਤੇ[1]।
ਊਚੇ ਸੋ ਪੁਕਾਰਤੇ, ਬੰਗਾਰਤੇ, ਨ ਹਾਰਤੇ ਹੈਂ,
ਖਰੇ ਲਲਕਾਰਤੇ ਤੁਰੰਗਨਿ ਪ੍ਰਹਾਰ ਤੇ ॥੨੦॥

[1]ਬਲਵੰਡ ਖਾਂ ਬਲ ਵਾਲੀਆਂ ਭੁਜਾਂ ਨਾਲ।

[1]ਫੋੜ ਫੋੜਕੇ ਸੁੱਟ ਦਿੱਤੇ।

[1]ਬਾਹਾਂ ਦਾ ਬਲ ਕਰਕੇ (ਵੈਰੀ ਦੀ) ਸੈਨਾਂ ਹਿਲਾ ਦਿੱਤੀ (ਫਿਰ) ਘੋੜੇ ਪ੍ਰੇਰ ਕੇ (ਸ਼ਸਤ੍ਰ) ਵਾਹ ਕੇ ਬਹੁਤਿਆਂ ਨੂੰ ਜ਼ਖਮੀ (ਕਰ ਦਿੱਤਾ ਤੇ ਕਈ) ਮਾਰ ਵੀ ਦਿੱਤੇ।

ਜਬੈ ਬਲਵੰਡ[1] ਰਨ ਮੰਡਿ ਕੈ ਘਮੰਡ[2] ਕਰ੍ਯੋ
ਭਏ ਖੰਡ ਖੰਡ ਚਲੀ ਚੰਡ ਜੋ ਕ੍ਰਿਪਾਨ ਤੇ[1]।
ਸਿੱਖਨਿ ਸਮੇਤ ਹ੍ਵੈ ਕਲਜਾਨੇ ਨੇ ਬਿਲੋਕ੍ਯੋ ਤਬਿ
ਬਾਜ਼ੀ ਕੋ ਤ੍ਰਿਪਾਇ[1] ਭਯੋ ਆਗੇ ਕੋਪ ਠਾਨਿ ਤੇ।
ਗੋਰੀ ਦੋਇ ਡਾਰਿ ਕੈ ਤੁਫੰਗ ਨਿਜ ਤਯਾਰ ਕਰਿ
ਮੇਲਿ ਕੈ ਪਲੀਤਾ ਕੋ ਉਭਾਰੀ ਧਰਿ ਪਾਨ ਤੇ[1]।
ਲਗੀ ਜਾਇ ਜ੍ਵਾਨ ਤੇ ਸੁ ਪ੍ਰਾਨ ਕਰ ਹਾਨਿ ਤੇ
ਗਿਰਾਯੋ ਹੈ ਕਿਕਾਨ ਤੇ ਨ ਉਠ੍ਯੋ ਤਿਸ ਥਾਨ ਤੇ ॥੨੧॥

[1]ਬਲਵੰਡ ਖਾਨ ਨੇ। [2]ਘਮਸਾਨ, ਹੰਕਾਰ।

[1]ਤਿੱਖੀ ਕ੍ਰਿਪਾਨ ਦੇ ਚਲਣ ਤੇ।

[1]ਟਪਾਇਕੇ।

[1]ਰੱਖਕੇ ਹੱਥ ਤੇ।

ਨੇਜ਼ਾ ਨਹਿਂ ਤਜਾਗ੍ਯੋ, ਅਨੁਰਾਗ੍ਯੋ ਜੰਗ, ਭੰਗ ਭਯੋ[1]

[1]ਨਾਸ਼ ਹੋ ਗਿਆ।

ਦੇਖਿ ਕੈ ਬਖਸ਼ਅਲੀ ਬਿਸਮਿਓ ਬਿਚਾਰਿ ਕੈ।
ਬੀਰਨਿ ਸੋਂ ਕਹ੍ਯੋ 'ਬਲਵੰਡਖਾਨ ਗਿਰ੍ਯੋ ਮਰ੍ਯੋ,
ਹੂਜੀਏ ਅਗਾਰੀ ਨਤੁ ਧਾਵੈਂ ਰਿਪੁ ਮਾਰਿ ਕੈ।
ਰੋਕੋ ਆਗਾ ਜਾਇ ਬ੍ਰਿੰਦ ਤੁਪਕ ਚਲਾਇ ਧਾਇ,
ਬਡੇ ਭਟ ਘਾਇ, ਖਾਇ ਮਾਰੈ ਤਨ ਡਾਰਿ ਕੈ।
ਆਯੁਧ ਸੰਭਾਰਿ ਕੈ ਬਿਸਾਲ ਧੀਰ ਧਾਰਿ ਕੇ
ਅਰੀਜੈ[1] ਅਰਿ ਮਾਰਿ ਕੈ, ਸੁ ਹੋਸ਼ ਕੋ ਸੰਭਾਰਿ ਕੈ' ॥੨੨॥

[1]ਅੜੋ।

ਰਸਾਵਲ ਛੰਦ:

ਕਹੈ ਯੌਂ ਪੁਕਾਰੀ। ਪਯਾਨੇ ਅਗਾਰੀ।
ਤੁਫੰਗੈਂ ਸੰਭਾਰੀ। ਬਰੂਦੈ ਸੁ ਡਾਰੀ ॥੨੩॥
ਗਜੰ ਠੋਕਿ ਗੋਰੀ। ਕਰੀ ਸ਼ੱਤ੍ਰੂ ਓਰੀ।
ਪਲੀਤੇ ਮਿਲਾਏ। ਸੁ ਤੋੜੇ ਧੁਖਾਏ ॥੨੪॥
ਸਮੂਹੇ ਅਰਾਤੀ[1]। ਤੱਕੈਂ ਤਾਂਹਿ ਛਾਤੀ।

[1]ਵੈਰੀ।

ਛੁਟੀ ਸ਼ੂੰਕ ਜਾਤੀ। ਲਗੀ ਬੇਗ ਤਾਤੀ[1] ॥੨੫॥

[1]ਤੱਤੀ।

ਬਡੇ ਸ਼ੱਤ੍ਰੂ ਘਾਤੀ। ਤੁਰੰਗੈਂ ਪਪਾਤੀ[1]।

[1]ਡਿੱਗਦੇ ਹਨ।

ਭਰੇ ਸ਼੍ਰੋਣ[1] ਝੂਲੇ। ਪਲਾਸੰ ਪ੍ਰਫੂਲੇ[2] ॥੨੬॥

[1]ਲਹੂ ਨਾਲ ਭਿੱਜੇ। [2]ਮਾਨੋ) ਛਿੱਛਰੇ ਫੁੱਲੇ ਹਨ।

ਅੱਲੀ ਬਖਸ਼ ਧਾਯੋ। ਤੁਰੰਗੈ ਨਚਾਯੋ।
ਕਲਜਾਨੈ ਸੁ ਹੇਰਾ। ਕਹ੍ਯੋ ਤਾਂਹਿ ਬੇਰਾ ॥੨੭॥
'ਹਤ੍ਯੋ ਖ਼ਾਨ ਆਗੇ। ਅਬੈ ਜੇ ਨ ਭਾਗੇ।
ਪਠੌਂ ਤਾਂਹਿ ਸੰਗਾ।' ਸੰਭਾਰੀ ਤੁਫੰਗਾ ॥੨੮॥
ਕਬੈ ਬਾਮ ਪਾਸੇ। ਤੁਰੰਗੰ ਨਿਕਾਸੇ।

ਕਬੈ ਹਾਥ ਦਾਂਏ। ਚਲਾਕੀ ਦਿਖਾਏ
॥੨੯॥
ਚੁਕੈ ਨਾਂਹਿ ਗੋਰੀ। ਜਿਸੇ ਤਾਕਿ ਛੋਰੀ।
ਹਤਜੋ ਸੋ ਨਿਸੰਸੈ। ਬਡੇ ਬੀਰ ਧ੍ਵੰਸੈ[1] [1]ਨਾਸ਼ ਕੀਤੇ।
॥੩੦॥
ਕਲਜਾਨਾ ਜੁ ਧਾਯੋ। ਅਗਾਊ ਸੁ ਆਯੋ।
ਅਲੀ ਬਖ਼ਸ਼ ਧਾਰੀ। ਤੁਫੰਗੰ ਤਯਾਰੀ
॥੩੧॥
ਤਕਜੋ ਅੱਗ੍ਰ ਆਵਾ। ਸੁ ਤੋਰਾ ਝੁਕਾਵਾ।
ਸ਼ਿਤਾਬੀ ਪਲੀਤਾ। ਉਠਜੋ ਨਾਦ ਕੀਤਾ
॥੩੨॥
ਛਟੀ ਆਇ ਗੋਰੀ। ਰਿਦਾ ਦੀਨਿ ਫੋਰੀ।
ਗਿਰਜੋ ਝੂਮ ਐਸੇ। ਕਟਜੋ ਰੁਖ[1] ਜੈਸੇ [1]ਬ੍ਰਿੱਛ।
॥੩੩॥
ਮਰਜੋ ਜੇ ਕਲਜਾਨਾ। ਭਏ ਮੋਦ ਖਾਨਾ[1]। [1]ਪਠਾਣ ਖੁਸ਼ ਹੋਏ।
ਹਲਾਹਾਲ ਕੀਨੇ। ਚੜੀ ਚੌਂਪ ਚੀਨੇ[1] [1]ਉਤਸਾਹ ਚੜ੍ਹਿਆ ਦਿੱਸਦਾ ਸੀ।
॥੩੪॥
ਅਗਾਊ ਪਯਾਨੇ। ਭਏ ਸਾਵਧਾਨੇ।
ਰਣੰ ਰੰਗ ਰਾਚੇ। ਮਹਾਂ ਰੋਸ ਮਾਚੇ ॥੩੫॥
ਕ੍ਰਿਪਾਨੈਂ ਨਿਕਾਰੀ। ਪਰੇ ਏਕ ਬਾਰੀ।
ਤਛਾਮੁੱਛ ਕਾਟੇ। ਕਿਤੇ ਸਿੱਖ ਡਾਟੇ
॥੩੬॥
ਕਿਤੇ ਮਾਰ ਨੇਜ਼ੇ। ਪਰੋਏ ਕਰੇਜੇ।
ਕਿਤੇ ਮੁਸ਼ਟ ਜੁੱਧੰ। ਕਰੈਂ ਸੂਰ ਕ੍ਰੁੱਧੰ
॥੩੭॥
ਕਰਾਚੋਲ ਭਾਰੇ। ਸੁ ਖੰਡੇ ਦੁਧਾਰੇ।
ਤਜੀ ਢਾਲ ਆਗੇ[1]। ਭਿੱਰੇ ਸ਼ੰਕ[2] ਤਯਾਗੇ [1]ਢਾਲ ਅਗੇ ਕਰਕੇ ਚਲਾਉਂਦੇ ਹਨ ਖੰਡੇ ਤੇ ਕਰਾਚੋਲ। [2]ਡਰ।
॥੩੮॥
ਇਤੇ ਸਿੱਖ ਕੂਕੈਂ। ਉਤੇ ਖਾਂਨ ਢੂਕੈਂ।
ਸਿਪਾਹੀ ਕਰਾਰੇ। ਨਹੀਂ ਕੋਇ ਹਾਰੇ
॥੩੯॥
ਕਟੇ ਅੱਗ੍ਰ ਹ੍ਵੈ ਕੈ। ਹਤੈਂ ਕੋਪ ਕੈ ਕੈ।

ਬਡੋ ਸ਼੍ਰੋਣ ਚਾਲਾ। ਸੁ ਲੋਥੈਂ ਕਰਾਲਾ
॥੪੦॥
ਪਰੀ ਖੇਤ ਮਾਂਹੀ। ਬਿਹੰਗੇ ਸੁ ਖਾਂਹੀ।
ਫਿਰੈਂ ਸਜਾਲ ਮਾਤੇ[1]। ਭਟੰ ਮਾਸ ਖਾਤੇ
॥੪੧॥
ਗਨੰ ਕੰਕ ਆਏ। ਥਿਰੇ ਜੰਗ ਥਾਏਂ।
ਬਡੀ ਗ੍ਰਿੱਝ ਬੋਲੈਂ। ਭਈ ਬ੍ਰਿੰਦ ਡੋਲੈਂ
॥੪੨॥

[1]ਮੱਤੇ ਹੋਏ।

ਦੋਹਰਾ:
ਫਿਰੈਂ ਜੋਗਨੀ ਭੀਖਨਾਂ,
ਕਰਤੀ ਸ਼੍ਰੋਣਤ ਪਾਨਿ।
ਭੂਤ ਪ੍ਰੇਤ ਨਾਚਤਿ ਹਸਤਿ,
ਉਠਿ ਉਠਿ ਪਰਤਿ ਮਸਾਨ ॥੪੩॥
ਕਤਲ ਭਏ ਸਿਖ ਗਨ ਜਬੈ,
ਓਰੜ ਪਰੇ[1] ਪਠਾਨ।
ਲਸ਼ਕਰ ਦੀਰਘ ਜਿਨਹੁ ਕੋ,
ਕਰਹਿ ਕਹਾਂ ਤਕ ਹਾਨ ॥੪੪॥

[1]ਟੁੱਟਕੇ ਪਏ।

ਸਿੱਖਨਿ ਕੋ ਅਰੁ ਖਾਨ ਕੋ,
ਪਰਜੋ ਜੰਗ ਬਿਕਰਾਲ।
ਦੋਨਹੁੰ ਮਰਿ ਕਰਿ ਗਿਰਤਿ ਹੈਂ,
ਲੋਥ ਲੋਥ ਪਰ ਜਾਲ ॥੪੫॥
ਕੇਤਿਕ ਸਿਰ ਨਾਂਗੇ ਪਰੇ,
ਜੰਬੁਕ ਖੈਂਚਤਿ ਮਾਸ।
ਦ੍ਰਿਗ ਉਘਰੇ ਜਨੁ ਜਿਯਤਿ ਹੈਂ,
ਨਿਕਸੇ ਪ੍ਰਾਨ ਤਹਾਂ ਸੁ[1] ॥੪੬॥

[1]ਤਿੱਥੇ ਹੀ (ਤਿਨ੍ਹਾਂ ਵਿਚੋਂ)।

ਤੋਮਰ ਤਰਵਾਰਨਿ ਤਬਰ[1],
ਤੇਗ਼ੇ ਤੀਰ ਤੁਫੰਗ।
ਅੰਗ ਭੰਗ ਬਿਚ ਜੰਗ ਕੇ,
ਸ਼੍ਰੋਣ ਲਾਲ ਤਨ ਰੰਗ ॥੪੭॥
ਮਰੇ ਹਜ਼ਾਰੋਂ ਹਯ ਬਲੀ,
ਛੂਛੇ ਕੋ ਬਿਚਰੰਤਿ।
ਕੋ ਘਾਯਲ ਹ੍ਵੈ ਕਰਿ ਖਰੇ,

[1]ਵਡੇ ਸਫਾਜੰਗ [ਅ਼: ਤਬਰ]

ਘੁਮਤਿ ਨਹੀਂ ਚਲੰਤਿ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਬਲਵੰਡ ਖਾਂਨ ਕਲਜਾਨਾ ਸਿੱਖ ਬੱਧ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

੩੫. [ਅਲੀ ਬਖਸ਼, ਨਾਨੋ ਤੇ ਇਮਾਮ ਬਖਸ਼ ਬੱਧ]

੩੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੬

ਦੋਹਰਾ:
ਅਲਪ ਸਿੱਖ ਆਗੈ ਰਹੇ ਘੇਰੇ ਆਨਿ
ਪਠਾਨ।
ਸ਼੍ਰੀ ਹਰਿਗੋਵਿੰਦ ਦੇਖਿ ਕੈ ਕੋਪੇ ਰਿਦੇ ਮਹਾਨ
॥੧॥

ਸੈਯਾ ਛੰਦ:
ਅਲੀ ਬਖਸ਼ ਸਭਿ ਲਸ਼ਕਰ ਆਗੇ
ਹਤਹਿ ਤਫੰਗ ਭਯੋ ਹੰਕਾਰ।
ਸੈਨ ਸਕਲ ਤੁਰਕਾਨੀ ਉਮਡੀ
ਬਹੁ ਧੌਂਸਨਿ ਕੀ ਉਠਿ ਧੁੰਕਾਰ।
ਹਾਥਨਿ ਗਹੇ ਪਤਾਕਾ[1] ਆਵਤਿ
ਫਰਰੇ ਛੋਰਿ ਦਿਏ ਤਿਸ ਬਾਰਿ।
ਭਈ ਜੀਤਿ ਮਨਿ ਜਾਨਤਿ ਮੂਰਖ
ਤੁਰੰਗ ਧਵਾਇ ਪਰੇ ਇਕਸਾਰ ॥੨॥

[1]ਝੰਡੇ।

ਸ਼੍ਰੀ ਗੁਰ ਚਾਂਪ ਕਠੋਰ ਸੰਭਾਰਾ
ਬਾਨ ਪਨਚ ਕੇ ਬਿਚ ਬਗਰਾਇ[1]।
ਐਂਚਿ ਕਾਨ ਲਗਿ ਖਪਰਾ ਛੋਰਜੋ
ਗਯੋ ਬੀਰ ਬੇਧਤਿ ਅਗਵਾਇ।
ਇਕ ਦੁਇ ਤੀਨ ਚਾਰ ਲਗਿ ਪੰਚਹੁੰ
ਜੋ ਸਨਮੁਖ ਤਿਸ ਭੇਦਤਿ ਜਾਇ।
ਅਬਦੁਲ ਖਾਨ ਖਰੋ ਜਹਿਂ ਪਾਛੇ
ਤਹਿਂ ਲੌ ਪਹੁੰਚਜੋ ਬ੍ਰਿੰਦਨ ਘਾਇ ॥੩॥

[1]ਚਿੱਲੇ ਦੇ ਵਿੱਚ ਵਗਾਕੇ ਭਾਵ ਜੋੜਕੇ।

ਇਮ ਕਰਿ ਕੋਪ ਪ੍ਰਹਾਰੇ ਸਰ ਖਰ,
ਗਿਰੇ ਸੈਂਕਰੇ ਮੁਗ਼ਲ ਪਠਾਨ।
'ਕੋ ਮਾਰਤਿ ਇਹੁ ਦਿਖੀਯਤਿ ਨਾਂਹਿਨ
ਹਮਰੇ ਬੀਰ ਕੀਨਿ ਗਨ ਹਾਨ।'
ਠਟਕ ਗਏ ਭਟ[1] ਅਟਕ ਰਹੇ ਤਹਿਂ,
ਨਹਿਂ ਆਗੇ ਪੁਨ ਕੀਨਿ ਪਯਾਨ।
ਤਬਿ ਨਾਨੋ ਕੀ ਦਿਸ਼ਾ ਦੇਖਿ ਕਰਿ
ਦਯਾ ਦ੍ਰਿਸ਼ਟਿ ਤੇ ਹੁਕਮ ਬਖਾਨਿ ॥੪॥

[1]ਠਿਠੰਬਰ ਗਏ (ਵੈਰੀ ਦੇ) ਸੂਰਮੇ।

'ਅਲੀ ਬਖਸ਼! ਇਹ ਆਗੇ ਆਵਤਿ
ਤੋਹਿ ਹਾਥ ਤੇ ਅਬਿ ਮ੍ਰਿਤੁ ਹੋਇ।
ਤੁਪਕ ਅਚੂਕ ਚਲਾਵਤਿ, ਚੌਕਸ
ਬਚਹੁ ਆਪ[1], ਇਸ ਲੇਹੁ ਪਰੋਇ।'

[1]ਬੰਦੂਕ ਅਚੂਕ (= ਨਿਸ਼ਾਨਾਂ ਨਾ ਚੁੱਕਨ ਵਾਲੀ ਇਹ ਅਲੀਬਖਸ਼) ਚਲਾਉਂਦਾ ਹੁੰਦਾ ਹੈ ਸੋ ਤੁਸੀਂ ਚੌਕਸ ਹੋਕੇ ਆਪ ਬਚਣਾ ਤੇ...।

ਸੁਨਿ ਸਤਿਗੁਰੁ ਤੇ ਨਾਨੋ ਤਿਹ ਛਿਨ
ਧਨੁਖ ਸੰਭਾਰਜੋ ਨਿਸ਼ਠੁਰ ਜੋਇ।
ਘੋਰਾ ਪ੍ਰੇਰਤਿ ਹੇਰਤਿ ਰਿਪੁ ਕੋ
ਆਗੈ ਗਯੋ ਬੀਰ ਬਡ ਸੋਇ ॥੫॥
ਬੀਰਨਿ ਪਰ ਤੀਰਨਿ ਕੀ ਬਰਖਾ
ਘਨ ਸਮਸਰ ਕਰਤਾ ਇਕ ਬਾਰਿ।
ਸੰਗ ਤੀਨ ਸੈ ਸਿੱਖ ਸਮੁਖ ਭੇ
ਛੁਟੀ ਤੁਫੰਗਨਿ ਸ਼ਲਖ ਉਦਾਰਿ।
ਕਰਿ ਹੱਲਾ ਬਡਿ ਮੇਲ ਕੁਲਾਹਲ
ਸ਼ਬਦ ਤੜਾ ਭੜ ਉਠਿ ਕੜਕਾਰ।
ਵਧੇ ਪਠਾਂਨ ਦੜਾਦੜ ਗੇਰੇ
ਧਰ ਊਪਰ ਮਰਿ ਪਰੇ ਜੁਝਾਰ ॥੬॥
ਅਲੀ ਬਖਸ਼ ਕੋ ਤਕਿ ਕਰਿ ਨਾਨੋ
ਤੀਖਨ ਭੀਖਨ ਬਾਨ ਨਿਕਾਰ।
ਜਿਸ ਤੇ ਜੀਵਤਿ ਰਹਹਿ ਨ ਸ਼ੱਤ੍ਰੂ
ਬਾਗ ਉਠਾਇ ਦੁਰਾਇ ਅਗਾਰ[1]।

[1]ਘੋੜੇ ਦੀ ਵਾਗ ਚੁੱਕੀ ਤੇ ਦੁੜਾਕੇ ਅੱਗੇ ਕੀਤਾ।

ਸਨਮੁਖ ਹ੍ਵੈ ਕਰਿ ਐਂਚਿ ਕਾਨ ਲਗਿ
ਅਲੀ ਬਖ਼ਸ਼ ਪਿਖਿ ਤੁਪਕ ਸੰਭਾਰ।
ਤਜਾਰ ਕਰਨਿ ਲਾਗਜੋ ਤਬਿ ਤੂਰਨ
ਤੋਰਾ ਜਰਜੋ ਪਲੀਤੇ ਧਾਰਿ ॥੭॥
ਤਜਾਰਿ ਕਰਤਿ ਹੀ ਰਹਜੋ ਮੰਦ ਮਤਿ
ਇਤਨੇ ਮਹਿਂ ਨਾਨੋ ਬਲਵਾਨ।
ਤਕਜੋ ਤੁੰਡ ਦਰ ਖਪਰਾ ਛੋਰਜੋ[1],

[1](ਨਾਨੋ ਨੇ ਵੈਰੀ ਦਾ) ਮੂੰਹ ਰੂਪੀ ਦਰਵਾਜ਼ਾ ਤੱਕ ਕੇ ਤੀਰ ਮਾਰਿਆ।

ਗਯੋ ਸਰਪ ਕੇ ਹੋਹਿ ਸਮਾਨ।
ਧਰੀ ਸ਼ਿਸਤ ਬੰਦੂਕ ਰਹੀ ਕਰ
ਬਰਮੀ ਜਿਮ ਪ੍ਰਵਿਸ਼ਜੋ ਮੁਖ ਬਾਨ[1]।

[1](ਉਸ ਵਲੋਂ) ਬੰਦੂਕ ਦੀ ਬਧੀ ਸ਼ਿਸਤ ਹੱਥ ਵਿਚ ਹੀ ਰਹਿ ਗਈ, (ਤੇ ਉਸ ਦੇ) ਵਰਮੀ ਰੂਪੀ ਮੂੰਹ ਵਿਚ ਤੀਰ ਧਸ

ਗਿਆ।

ਗਿਰਜੋ ਤੁਰੰਗ ਤੇ ਖਾਇ ਭਵਾਰੀ
ਔਂਧੋ ਪਰਜੋ ਜੰਗ ਕੇ ਥਾਨ ॥੮॥
ਅਲੀ ਬਖ਼ਸ਼ ਕੋ ਮਾਰਿ ਲੀਨਿ ਜਬਿ
ਸਭਿ ਅਵਿਲੋਕਤਿ ਜਿਯਤਿ[1] ਪਠਾਨ।
ਧਰਜੋ ਤ੍ਰਾਸ, ਕੁਛ ਪਾਛੇ ਹਟਿਗੇ,
ਸਿੱਖ ਓਰੜੇ ਬਡਿ ਬਲਵਾਨ।
ਐਂਚਿ ਕ੍ਰਿਪਾਨੈਂ ਲਈ ਮਹਾਨੈਂ
ਸ਼ੱਤ੍ਰਨਿ ਹਾਨੈ ਬਡ ਰਣ ਠਾਨਿ।
ਹਲੀ ਸੈਨ ਕੋ[1] ਜਬਹਿ ਬਿਲੋਕਾ
ਚਹਿ ਰੋਕਾ ਤਬਿ ਅਬਦੁਲ ਖਾਨ ॥੯॥
ਹੁਤੋ ਇਮਾਮ ਬਖਸ਼ ਤਬਿ ਨੇਰੇ
ਕਹਜੋ ਕ੍ਰੋਧ ਤੇ 'ਕਹਾਂ ਪਿਖੰਤਿ?
ਗੁਰ ਤੇ ਤੁਰਕ ਤ੍ਰਾਸ ਉਰ ਧਰਿ ਕਰਿ
ਧਾਵਤਿ ਆਵਤਿ ਆਯੁਧਵੰਤਿ।
ਲੇ ਨਿਜ ਲਸ਼ਕਰ ਸਨਮੁਖ ਹ੍ਵੈ ਕਰਿ
ਮਾਰਹੁ ਸਿੱਖਨਿ ਕੋ ਬਲਵੰਤ।
ਭਾਗੇ ਕਹਾਂ ਜਾਹੁਗੇ ਮੂਰਖ!
ਮੋਰਹੁ ਸਕਲ ਧੀਰ ਧਰਿਯੰਤਿ[1]' ॥੧੦॥
ਸੁਨਤਿ ਇਮਾਮ ਬਖਸ਼ ਤਬਿ ਧਾਯਹੁ
ਲੇ ਕਰਿ ਸੰਗਿ ਸਊਰ ਹਜ਼ਾਰ।
ਜਹਾਂ ਲਰਤਿ ਨਾਨੋ ਭਟ ਮਾਰਤਿ
ਤੀਰ ਤੁਫੰਗ ਚਲਤਿ ਹਥਿਆਰਿ।
ਤਹਾਂ ਆਨਿ ਜੁਟਜੋ, ਬਹੁ ਛੂਟੈਂ
ਗੋਰੀ, ਫੋਰਹਿਂ ਰਿਦੈ ਜੁਝਾਰ।
ਗਿਰ ਗਿਰ ਪਰਹਿਂ ਪਵੰਗਮ ਤੇ[1] ਭਟ
ਅੰਗ ਭੰਗ ਕੋ ਕਰਹਿਂ ਪੁਕਾਰਿ ॥੧੧॥
ਭਿਰੇ ਸਿੱਖ ਗੁਰੁ ਕੇ ਸੰਗ ਤੁਰਕਨਿ
ਮੁਰੇ ਨ ਪੀਛੇ ਇਕ ਪਗ ਥਾਨ।
ਚਮਕਹਿਂ ਖੜਗ ਸ਼੍ਰੋਣ ਸੋਂ ਲਿਪਟੇ,
ਕਟਹਿਂ ਅੰਗ ਭਟ ਘਾਇ ਮਹਾਨ।
ਹਤਹਿਂ ਸੀਸ ਪਰ ਮੁਖ ਲਗਿ ਚੀਰਹਿਂ

[1]ਜੋ) ਜੀਂਵਦੇ ਸਨ।

[1]ਸੈਨਾਂ ਨੂੰ ਹਿੱਲ ਗਿਆਂ।

[1]ਧੀਰਜ ਧਾਰ ਕੇ ਸਭ ਨੂੰ ਮੋੜ ਦਿਓ।

[1]ਘੋੜਿਆਂ ਤੋਂ।

ਕੇਤਿਕ ਕੇ ਮੁਖ ਬਜਹਿਂ ਕ੍ਰਿਪਾਨ।
ਕਰਨ, ਨਾਸਿਕਾ ਛਿਦੇ ਕਿਤਿਕ ਕੇ
ਕੇਚਿਤ ਕਰੇ ਬਿਲੋਚਨ ਹਾਨ ॥੧੨॥
ਮੋੜੇ ਲਗਹਿ ਬੀਚ ਤੇ ਚੀਰਤਿ,
ਸ਼ਸਤ੍ਰ ਗਹੇ ਹਾਥਨਿ ਕਟਿ ਜਾਤਿ।
ਕੇਤਿਕ ਕੰਠ ਕਟਤਿ, ਸਿਰ ਉਤਰਤਿ,
ਧਰ ਗਿਰ ਪਰਤਿ, ਕਿਤਿਕ ਤਰਫਾਤਿ।
ਕਟ ਤੇ ਕਟਤਿ[1], ਨ ਮਿਟਤਿ ਅਟਕ ਭਟ[2],
ਮਾਰਤਿ ਖਰੇ ਖੜਗ ਸਹਿਗਾਤ[1†]।
ਸ਼੍ਰੋਣਤ ਬਹਤਿ ਅਨੇਕਨਿ ਕੇ ਤਨ
ਘਾਉ[1] ਭਕਾ ਭਕ ਬੋਲਤਿ ਘਾਤਿ ॥੧੩॥
ਸਮੁਖ ਇਮਾਮ ਬਖਸ਼ ਤਬਿ ਹੋਯਸਿ
ਹਯ ਚਰਿਬੇ ਬਿੱਦਜਾ ਬਡ ਜਾਨਿ।
ਅਧਿਕ ਫੰਦਾਵਤਿ ਇਤ ਉਤ ਫੇਰਤਿ
ਕਬਹਿ ਤੁਫੰਗ ਹਤਹਿ ਢਿਗ ਆਨਿ।
ਕਬਿ ਨੇਜ਼ਾ ਗਹਿ ਮਾਰਤਿ ਧਾਵਤਿ
ਕਬਹੁਂ ਸੁਭਟ ਕੇ ਘਾਇ[1] ਕ੍ਰਿਪਾਨ।
ਨਾਨੋ ਸੰਗ ਅਰਜੋ ਤਬਿ ਹ੍ਵੈ ਢਿਗ
ਦੋਨਹੁ ਗਹੈ ਖੜਗ ਖਰ ਪਾਨ[1] ॥੧੪॥
ਫੇਰਿ ਤੁਰੰਗਮ ਦਾਵ ਬਿਲੋਕਹਿਂ
ਦੋਨਹੁਂ ਚਮਕਾਵਤਿ ਸ਼ਮਸ਼ੇਰ।
ਘੋਰਨਿ ਫੇਰਨਿ ਕੀ ਬਹੁ ਬਿੱਦਜਾ
ਕਰਤਿ ਆਪ ਮਹਿਂ ਢੁਕੇ ਨੇਰ।
ਜਬਿ ਨਾਨੋ ਨੇ ਖੜਗ ਪ੍ਰਹਾਰਜੋ
ਰੋਕਜੋ ਨਿਜ ਕਰਿ ਖੜਗ ਅਗੇਰ।
ਦੁਤਿਯ ਵਾਰ ਪੁਨ ਕੀਨਸਿ ਤੂਰਨ
ਬਾਮ ਹਾਥ ਕਾਟਜੋ ਬਿਨ ਦੇਰਿ ॥੧੫॥
ਕੁਪਜੋ ਇਮਾਮ ਬਖਸ਼ ਕਰ ਕਟਿ ਗਾ,
ਬਲ ਤੇ ਮਾਰਜੋ ਖੜਗ ਉਠਾਇ।
ਲਗਿ ਸਿਕੰਧ[1] ਛਾਤੀ ਲਗਿ ਚੀਰਜੋ

[1]ਕਮਰ ਤੋਂ ਕਟੇ ਜਾਂਦੇ ਹਨ। [2]ਸੂਰਮੇ ਨਾਂ ਹਟਦੇ ਹਨ ਨਾਂ ਅਟਕਦੇ ਹਨ।

[1]ਖੜੇ ਹੋਏ ਤਲਵਾਰ ਮਾਰਦੇ ਹਨ (ਤੇ ਤਲਵਾਰ) ਸਰੀਰ ਤੇ ਸਹਿੰਦੇ ਹਨ। [†]ਪਾਠਾਂਤ੍ਰ:-ਮਹਿ ਗਾਤ = ਸਰੀਰ ਵਿਚ।

[1]ਜ਼ਖਮੀਆਂ ਦੇ ਘਾਉ। (ਅ) ਕੱਟੇ ਹੋਏ ਜ਼ਖਮ।

[1]ਮਾਰਦਾ ਹੈ।

[1]ਤਿੱਖੀਆਂ ਖੜਗਾਂ ਹੱਥ ਵਿਚ।

[1]ਮੋਢੇ ਤੋਂ।

ਗਿਰਯੋ ਤੁਰੰਗ ਪਰ ਤੇ ਉਥਲਾਇ।
ਸਾਦਰ ਦੇਵਬਧੂਨਿ[1] ਉਠਾਯਹੁ
ਨਾਂਨੋ ਲੀਨਿ ਬਿਮਾਨ ਚਢਾਇ।
ਸਿੱਖ ਬਿਲੋਕਿ ਓਰੜੇ ਸਨਮੁਖ
ਤੋਮਰ ਤੀਰ ਤੁਫੰਗ ਚਲਾਇ ॥੧੬॥
ਇਕ ਕਰ ਕਟਯੋ ਏਕ ਕਰ ਮਾਂਹੀ
ਖੜਗ ਗਹੈ ਮਾਰਤਿ ਬਿਚਲਾਇ[1]।
ਤੁਰਕ ਹਜ਼ਾਰਹੁਂ 'ਮਾਰਿ ਮਾਰਿ' ਕਹਿ
ਆਇ ਪਰੇ ਸਿੱਖਨਿ ਪਰ ਧਾਇ।
ਪਰਯੋ ਰੌਰ ਤਬਿ, ਉਠਯੋ ਸ਼ੋਰ ਬਡ,
ਦੁਹਰੀ ਚੋਬ ਦਮਾਮੇ ਵਾਇ[1]।
ਤੁਪਕ, ਤਮਾਚੇ, ਤੋਮਰ, ਤੀਰਨਿ,
ਤਰਵਾਰਨਿ, ਤਬਰਨਿ ਤਰ ਘਾਇ[1] ॥੧੭॥
ਭਾਗੇ ਸਿੱਖ ਕਿਤਿਕ ਹਟਿ ਪਾਛੇ
ਕੇਚਿਤ ਪਹੁੰਚੇ ਗੁਰੁ ਢਿਗ ਦੌਰਿ।
'ਮਹਾਰਾਜ! ਨਾਨੋ ਰਣ ਮਾਰਯੋ
ਤੁਮਰੋ ਸਰਦਾਰ ਨ ਤਿਸ ਠੌਰਿ।
ਪਰਯੋ ਜੋਰ ਉਤ ਸਿੱਖਨਿ ਊਪਰਿ
ਭੇਜਹੁ ਜਥੇਦਾਰ ਕੋ ਔਰਿ।
ਦੇਖਹੁ ਕਰਹੁ ਬਿਲੋਚਨ ਉਤ ਕੋ
ਵਧੇ ਤੁਰਕ ਮੇਲਯੋ ਬਡ ਰੌਰ' ॥੧੮॥
ਸੁਨਿ ਸ਼੍ਰੀ ਹਰਿਗੋਵਿੰਦ ਨਿਹਾਰਯੋ
ਕਰਯੋ ਪਿਰਾਗੇ ਸੰਗ ਬਖਾਨ।
'ਤੂਰਨ ਤੂੰ ਰਨ ਕੋ ਤਹਿਂ ਪਹੁਂਚਹੁ
ਜਹਾਂ ਲਰਾਈ ਜ਼ੋਰ ਮਹਾਨ।'
ਜਗਨਾ ਕਿਸ਼ਨਾ ਸੁਭਟ ਅਮੋਲਕ
ਪਿਖਿ ਠਾਂਢੇ ਇਨ ਪਠਯੋ ਸੁਜਾਨ।
ਔਰ ਸੂਰ ਸਭਿ ਦੌਰ ਠੌਰ ਤਿਸ
ਜਾਇ ਲਰੇ ਮੇਲਯੋ ਘਮਸਾਨ ॥੧੯॥
ਚਲੀ ਤੁਫੰਗ ਤਮਾਚੇ ਤੂਰਨ,
ਤੋਮਰ ਤੀਰਨਿ ਕੇਰ ਪ੍ਰਹਾਰ।

[1]ਅਪੱਸਰਾਂ ਨੇ।
[1]ਖਿੰਡਾ ਰਿਹਾ ਹੈ।
[1]ਵਜਾਈ।
[1]ਕੁਹਾੜਿਆਂ ਨਾਲ ਬਹੁਤ ਮਾਰਦੇ ਹਨ।

ਹਟਤਿ ਨ ਪੀਛੇ, ਥਿਰੇ ਖਾਨ ਤਹਿਂ,
ਪਰੇ ਸੁ ਜੋਧਾ ਕਟੇ ਸੁ ਮਾਰਿ[1]।

[1]ਜੋ ਜੋਧਾ (ਆ ਕੇ) ਪੈਂਦਾ ਹੈ ਉਸ ਨੂੰ ਕੱਟਕੇ ਮਾਰ ਦਿੰਦੇ ਹਨ।

ਪਰ੍ਯੋ ਸੰਗ੍ਰਾਮ ਘੋਰ ਤਿਸ ਛਿਨ ਮਹਿਂ
ਚਹੁੰਦਿਸ਼ਿ ਚਮਕਤਿ ਗਨ ਤਲਵਾਰ।
ਫਿਰਤਿ ਇਮਾਮ ਬਖ਼ਸ਼ ਇਕ ਕਰ ਕਟਿ,
ਜਗਨੇ ਮਾਰਿ ਦੀਨਿ ਬਲ ਧਾਰਿ ॥੨੦॥
ਜਿਸ ਥਲ ਮਹਿਂ ਗੁਰੁ ਭਟ ਦਿਢ ਹ੍ਵੈ ਕਰਿ
ਲਰਤਿ ਰਹੇ ਸੋ ਲਿਯੋ ਛੁਟਾਇ।
ਗਾਡ ਪਤਾਕਾ[1] ਤਹਿਂ ਭੇ ਗਾਢੇ
ਨਹਿਂ ਪਾਛੇ ਪੁਨ ਪਾਂਇ ਹਟਾਇ।

[1]ਝੰਡਾ ਗਡਕੇ।

ਸੋ ਥਲ ਚਹਿਤਿ ਛੁਟਾਵਨਿ ਕੋ
ਪੁਨ ਲੇ ਕਰਿ ਸੰਗ ਸੁਭਟ ਸਮੁਦਾਇ।
ਪਰ੍ਯੋ ਪਿਰਾਗਾ ਊਪਰ ਤਿਨ ਕੇ
ਕਰਵਾਰਨਿ ਕੀ ਮਾਰ ਮਚਾਇ ॥੨੧॥
ਗਿਰੇ ਪਠਾਨ ਮੁਗਲ ਹ੍ਵੈ ਪੁਰਜ਼ੇ
ਨਹਿਂ ਛੋਰਤਿ ਨਿਜ ਪਾਇ ਜਮਾਇ।
ਗੁਰੁ ਭਟ ਭਨੈਂ 'ਸੁ ਥਾਨ ਛੁਰਾਵਹੁ
ਪਰ੍ਯੋ ਜ਼ੋਰ ਰਣ ਕੋ ਤਿਸ ਥਾਇਂ।'
ਬਿਧੀ ਚੰਦ ਗੁਰ ਸਾਥ ਬਖਾਨੀ
'ਮੋ ਪ੍ਰਤਿ ਹੁਕਮ ਦੇਹੁ ਫੁਰਮਾਇ।
ਤਹਿਂ ਸੰਗ੍ਰਾਮ ਭਯਾਨਕ ਮਾਚ੍ਯੋ
ਪਹੁਚੌਂ ਸ਼ੀਘ੍ਰ ਸੁ ਬਨੌਂ ਸਹਾਇ' ॥੨੨॥
ਸੁਨਿ ਸਤਿਗੁਰੁ ਨੇ ਆਇਸੁ ਭਾਖੀ
ਤਿਹਂ ਸਥਾਨ ਪਰ ਜੁਟਿਗੇ ਬੀਰ।
'ਜਾਹੁ ਛੁਟਾਇ ਤਾਂਹਿ ਹਟਿ ਆਵਹੁ,
ਠਹਿਰਹੁ ਨਹਿਂ ਚਿਰ ਕਾਲ, ਸੁਧੀਰ!'
ਸੁਨਤਿ ਤੁਰੰਗਮ ਗਯੋ ਧਵਾਵਤਿ
ਸੰਗ ਲਿਏ ਜੋਧਾ ਗਨ ਭੀਰ।
ਮਾਰਿ ਮਾਰਿ ਕਰਿ ਜਾਇ ਪਰੇ ਤਬਿ
ਹਤੇ ਹਜ਼ਾਰਹੁਂ ਗਿਰੇ ਸਰੀਰ ॥੨੩॥
ਖੜਗ ਪ੍ਰਹਾਰਤਿ ਸੁਭਗ[1] ਬਡੇਰੇ

[1]ਸ੍ਰੇਸ਼ਟ।

ਦੁਹਿਂ ਦਿਸ਼ਿ ਤੇ ਮਾਚਯੋ ਘਮਸਾਨ।
ਭਈ ਲੋਥ ਪੋਥਨਿ ਅਨਗਨ ਤਹਿਂ
ਮਾਰਿ ਮਰੇ ਗਿਰਿ ਗੇ ਤਿਸ ਥਾਨ।
ਬਿਧੀਚੰਦ ਪਹੁੰਚਯੋ ਤਿਸ ਥਲ ਥਿਰ
ਛੀਨ ਪਤਾਕਾ ਲੀਨਿ ਸੁਜਾਨਿ।
ਕਿਤਿਕ ਕਟੇ ਅਰ ਕਿਤਿਕ ਪਲਾਏ
ਨਿਜ ਥਲ ਪਰ ਸਿਖ ਭੇ ਸਵਧਾਨ
॥੨੪॥
ਗਏ[1] ਦੌਰ ਕਰਿ, ਪਿਖਹਿਂ ਨ ਪਾਛੇ,
ਜਹਾਂ ਬਿਲੋਕਤਿ ਅਬਦੁਲਖਾਨ।
[1] 'ਕਤਲ ਪਠਾਨ ਘਨੇ ਤਹਿਂ ਗਿਰਿ ਗੇ,
ਭਾਗੀ ਚਮੂੰ ਤ੍ਰਾਸ ਕੋ ਠਾਨਿ।
ਲੀਨੀ ਛੀਨਿ ਪਤਾਕਾ ਤੁਮਰੀ
ਭਯੋ ਬਿਸਾਲ ਤਬਹਿ ਘਮਸਾਨ।
ਅਰਯੋ ਨ ਕੋਈ, ਖਰਯੋ ਨ ਹੋਵਾ,
ਪਰਯੋ ਮਹਾਂ ਰਣ, ਥਿਰਯੋ ਨ ਥਾਨ
॥੨੫॥
ਕਟੇ ਤਹਾਂ ਹੀ ਹਟੇ ਨ ਥੋਰੇ,
ਜਹਿਂ ਤੇ ਭਾਜੇ ਸਿਖ ਪੁਨ ਆਇ।
ਜੋਰ ਪਾਇ ਕਰਿ ਛੀਨ ਲੀਨਿ ਸੋ,
ਆਗੇ ਆਵਤਿ ਮਾਰਿ ਮਚਾਇ।'
ਅਬਦੁਲਖਾਨ ਕਾਨ ਇਮ ਸੁਨਿ ਕਰਿ
ਭਯੋ ਹਿਰਾਨ ਮਨਹਿ ਪਛੁਤਾਇ।
-ਔਚਕ ਜੰਗ ਪਾਇ ਗਰ ਅਪਨੇ
ਸੁਭਟ ਸੰਗ ਕੇ ਸਭਿ ਮਰਿਵਾਇ-
॥੨੬॥
ਕਰਮਚੰਦ ਅਰੁ ਰਤਨ ਚੰਦ ਜੁਗ
ਦੋਨਹੁ ਕੋ ਰਿਸ ਕਹਿ ਬੁਲਿਵਾਇ।
ਬੂਝਨਿ ਕਰੇ 'ਕਹਾਂ ਤੁਮ ਹੇਰਤਿ?
ਪ੍ਰੇਰਤਿ ਚਮੂੰ ਅਧਿਕ ਮਰਿਵਾਇ?
ਕਹਤਿ ਹੁਤੇ ਤੁਮ, ਗੁਰੁ ਢਿਗ ਜੋਧਾ
ਨਹਿਂ ਕੋ, ਰੰਕ ਸਿੱਖ ਸਮੁਦਾਇ।

[1]ਪਠਾਨ) ਗਏ।

[1]ਅਬਦੁਲ ਖਾਂ ਨੂੰ ਕਿਹੋ ਨੇ।

ਆਟੇ ਮਹਿਂ ਜਿਮ ਲਵਨ ਬਤਾਵਤਿ,
ਅਬਿ ਕਜ਼ਾ ਭਯੋ ਦਿਏ ਸਭਿ ਘਾਇ?
॥੨੭॥
ਪੰਚ ਹਜ਼ਾਰ ਚਮੂੰ ਕੇ ਸੰਗੈ
ਪੰਚ ਚਮੂੰਪਤਿ ਦਿਏ ਸੰਘਾਰ।
ਬਚੇ ਸੁ ਭਾਜੇ ਆਵਤਿ ਇਤਿ ਕੋ
ਆਗੇ ਭਈ ਗ਼ਜ਼ਬ ਕੀ ਮਾਰ।
ਨਬੀਬਖਸ਼ ਨੰਦਨ ਬਡ ਮੇਰੋ
ਤਿਸ ਕੇ ਸਾਥ ਸੁ ਦੋਇ ਹਜ਼ਾਰਿ।
ਔਰ ਹਜ਼ਾਰ ਦੋਇ ਸੰਗ ਲੀਜਹਿ
ਗਮਨਹੁ ਆਗੈ ਜਹਿਂ ਬਡ ਰਾਰ[1] ॥੨੮॥ [1]ਜੰਗ।
ਮੈਂ ਆਯੋ[1], ਤੁਮ ਤੇ ਕੁਛ ਪਾਛੇ, [1]ਮੈਨੂੰ ਆਯਾ (ਜਾਣੇ)।
ਜਹਿਂ ਲਗਿ ਗੁਰੂ ਤਹਾਂ ਲਗਿ ਜਾਇ।
ਗਹਹੁ ਕਿ ਮਾਰਹੁ ਬੇਗ ਸਿਧਾਰਹੁ'
ਬੋਲਜੋ ਰਤਨ ਚੰਦ ਬਿਸਮਾਇ।
'ਨਹੀਂ ਸੈਨ ਕੁਛ, ਤੁਮ ਭੀ ਜਾਨਹੁ,
ਕੌਨ ਲਰਜੋ ਏਤੋ ਅਗੁਵਾਇ?
ਅਬਿ ਹਮ ਜੈ ਹੈਂ, ਪਿਖਹੁ, ਲਰੈ ਹੈਂ,
ਕਿਮ ਅਟਕਹਿਂ? ਸਭਿ ਜਾਹਿਂ ਪਲਾਇ'
॥੨੯॥

ਦੋਹਰਾ:

ਨਬੀਬਖਸ਼ ਪਿਤ ਸੋਂ ਕਹਜੋ, 'ਕਜੋ ਚਿੰਤਾ
ਚਿਤ ਦੀਨਿ?
ਜਬਿ ਲੌ ਮੈਂ ਪਹੁੰਚਜੋ ਨਹੀਂ, ਤਬਿ ਲੌ [1]ਤਦੋਂ ਤੱਕ ਹੀ (ਗੁਰੂ ਜੁੱਧ ਕਰਦਾ ਰਿਹਾ ਹੈ।
ਸੰਘਰ ਕੀਨਿ[1] ॥੩੦॥
ਦੇਖਹੁ ਕੈਸੇ ਮੈਂ ਹਤੌਂ, ਕੌਨ ਲਰੈਗੋ ਆਨਿ।
ਅਨਿਕ ਜਾਤਿ ਕੇ ਰੰਕ ਨਰ, ਇਕਠੇ ਕਰਿ [1]ਬਣਾਇਆ ਹੈ (ਗੁਰੂ ਜੀ ਨੇ)।
ਦਲ ਠਾਨਿ[1] ॥੩੧ ॥

ਹੰਸਕ ਛੰਦ:

ਮੈਂ ਗਹਿ ਲੈ ਹੌਂ। ਨਾ ਅਟਕੈ ਹੌਂ।
ਕੌਨ ਅਰੈ ਗੋ। ਜੰਗ ਪਰੈ ਗੋ ॥੩੨॥
ਆਵਹੁ ਪਾਛੇ। ਆਯੁਧ ਕਾਛੇ[1]। [1]ਫਬਾਇਕੇ।

ਕੋਇ ਨ ਝਾਲੈ। ਜੇ ਭਜਿ ਚਾਲੈਂ ॥੩੩॥
ਤੌ ਤੁਮ ਰੋਕੋ। ਠਾਂਢਿ ਬਿਲੋਕੋ।
ਛੋਰਿ ਤੁਫੰਗੈਂ। ਘੇਰਿ ਨਿਸੰਗੈਂ ॥੩੪॥
ਕਾਜ ਸੁਧਾਰੋ। ਧਾਮ ਪਧਾਰੋ[1]।
ਲਾਜ ਰਖੀਜੈ। ਕੀਰਤਿ ਲੀਜੈ' ॥੩੫॥
ਯੌਂ ਕਹਿ ਚਾਲਾ। ਕੋਪ ਬਿਸਾਲਾ।
ਲੈ ਕਰਵਾਲਾ। ਸੁੰਦਰ ਢਾਲਾ ॥੩੬॥
ਬੰਬਲਿਆਲਾ। ਤੋਮਰ ਭਾਲਾ[1]।
ਰੂਪ ਕਰਾਲਾ। ਲੋਚਨ ਲਾਲਾ ॥੩੭॥
ਪ੍ਰੇਰਿ ਤੁਰੰਗਾ। ਚਚਲ ਅੰਗਾ।
ਅਗ੍ਰ ਕੁਦਾਵਾ। ਜਸੋਂ ਨਟ ਜਾਵਾ ॥੩੮ ॥

ਦੋਹਰਾ:
ਅਪਰ ਚਮੂੰ ਚਾਲੀ ਤਬਹਿ, ਜਿਮ ਜਲ ਕੇਰ ਪ੍ਰਵਾਹ।
ਰਤਨਚੰਦ ਭਾ ਏਕ ਦਿਸ਼ਿ, ਧਾਏ ਕਰਤਿ ਉਮਾਹ ॥੩੯॥
ਕਰਮਚੰਦ ਦੂਸਰ ਦਿਸ਼ਾ, ਧੀਰ ਦੇਤਿ ਬਡਿ ਬੀਰ।
ਗਹਿ ਲੈਂ ਹੈਂ ਅਬਿ ਗੁਰੂ ਕੋ, ਪਹਿਲੇ ਹੱਲੇ ਚੀਰਿ[1]' ॥੪੦॥

[1]ਇਹ ਕਾਜ ਸੁਧਾਰ ਲਓ (ਤੇ ਫੇਰ) ਘਰ ਨੂੰ ਟੁਰ ਚਲ।

[1]ਬੰਬਲਾਂ (= ਫੰਮਣਾਂ) ਵਾਲਾ ਤੋਮਰ ਤੇ ਭਾਲਾ। (ਦੇਖੋ ਪ੍ਰਯਾਇ ਦਸਮ ਗ੍ਰੰਥ ਪੰਨਾ ੧੧੩)

[1]ਸਿਖਾਂ ਦੀ ਸੈਨਾ) ਚੀਰ ਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਇਮਾਮਬਖਸ਼ ਅਲੀਬਖਸ਼ ਨਾਨੋ ਬੱਧ' ਪ੍ਰਸੰਗ ਬਰਨਨੰ ਨਾਮੁ ਪੰਚ ਤ੍ਰਿਸੰਤੀ ਅੰਸੂ ॥੩੫॥

੩੬. [ਕਰਮ ਚੰਦ ਫੜਕੇ ਛੱਡਿਆ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:
ਦੁੰਦਭਿ ਬਜੇ ਅਨੇਕ ਹੀ, ਦਸ ਸਹੱਸ੍ਰ ਬਡ ਸੈਨ।
ਉਮਡੀ ਆਵਤਿ ਜੰਗ ਕੋ, ਬਿਧੀਚੰਦ ਪਿਖਿ ਨੈਨ ॥੧॥

ਨਿਸ਼ਾਨੀ ਛੰਦ:
ਪਿਖ੍ਯੋ ਪਿਰਾਗਾ ਨਿਕਟ ਨਿਜ, ਤਿਸ ਕੋ ਸਮੁਝਾਯੋ।
'ਕਰਹੁ ਸ਼ੀਘ੍ਰਤਾ ਜਾਹੁ ਅਬਿ, ਗੁਰੁ ਕੇ ਢਿਗ ਧਾਯੋ।
[1]ਆਗੈ ਆਵਤਿ ਬਾਹਨੀ, ਸਭਿ ਜ਼ੋਰ ਲਗਾਏ।
ਪਾਛੈ ਅਬਦੁਲ ਖਾਨ ਹੈ, ਫਰਰੇ ਛੁਟਵਾਏ ॥੨॥
ਜੰਗ ਅੰਤ ਕੋ ਚਹਤਿ ਹੈ, ਪ੍ਰੇਰੇ ਸਭਿ ਕਾਲਾ[1]।
ਧੂਰ ਉਡ੍ਯੋ ਪੂਰ੍ਯੋ ਗਗਨ, ਜਨੁ ਘੜਾ ਬਿਸਾਲਾ-।
ਸੁਧਿ ਦੀਜੈ ਸਤਿਗੁਰੂ ਕੋ -ਮਾਚਹਿ ਘਮਸਾਨਾ।
ਜਥੋਂ ਰਜਾਇ ਹੁਇ ਰਾਵਰੀ ਮਾਰਹਿਂ ਤੁਰਕਾਨਾ' ॥੩॥
ਸੁਨਤਿ ਪਿਰਾਗਾ ਤਬਿ ਗਯੋ, ਲੈ ਦਸਕ ਸਊਰਾ।
ਜਿਸ ਥਲ ਮਹਿਂ ਸ਼੍ਰੀ ਸਤਿਗੁਰੂ, ਹਰਿਗੋਬਿੰਦ ਸੂਰਾ।
ਹਾਥ ਬੰਦਿ ਬੰਦਨ ਕਰੀ, ਸਭਿ ਦਸ਼ਾ ਸੁਨਾਈ।
'ਅਬਦਲੁਖਾਂ ਅਬਿ ਆਪ ਹੀ, ਆਯਹੁ ਅਗੁਵਾਈ ॥੪॥

[1]ਤੇ ਆਖੇ ਕਿ....।
[1]ਮੌਤ ਨੇ।

ਚਢੀ ਫੌਜ ਸਮ ਘਟਾ ਕੇ, ਆਵਤਿ ਉਮਡਾਈ।
ਤਜਾਗਹੁ ਤੀਰ ਸਮੀਰ ਸਮ, ਜਿਸ ਤੇ ਮਿਟਿ ਜਾਈ।'
ਸੁਨਿ ਕਰਿ ਸ਼੍ਰੀ ਗੁਰੁ ਨੀਰ ਸੋਂ, ਕਰ ਚਰਨ ਪਖਾਰੇ।
ਕਰਜੋ ਸੁਚੇਤਾ ਸਕਲ ਬਿਧਿ, ਮੁਛ ਸ਼ਮਸ[1] ਸੁਧਾਰੇ ॥੫॥ [1]ਦਾੜ੍ਹਾ।
ਪਹਿਰੇ ਬਸਤ੍ਰ ਨਵੀਨ ਸਭਿ, ਕਲਗ਼ੀ ਬਡ ਸ਼ੋਭੇ।
ਜਿਗਾ ਬਧੀ ਹੀਰੇ ਬਡੇ, ਜਿਨ ਪਿਖਿ ਮਨ ਲੋਭੇ।
ਚੰਦ੍ਰਹਾਸ[1] ਚੌਰਾ ਰੁਚਿਰ, ਲੇਕਰਿ ਗਰ ਪਾਯੋ। [1]ਤਲਵਾਰ।
ਤਰਕਸ਼ ਜਰਜੋ ਜਵਾਹਰਨਿ, ਜ਼ਾਹਰ ਦਮਕਾਯੋ ॥੬॥
ਤੀਛਨ ਭੀਛਨ ਤੀਰ ਗਨ, ਈਛਨ[1] ਤੇ ਹੇਰੇ। [1]ਨੇਤ੍ਰਾਂ ਨਾਲ।
ਖਪਰੇ ਸਰਪ ਸਮਾਨ ਜੇ, ਭਰਿ ਲੀਨਿ ਘਨੇਰੇ।
ਗਰ ਮੈਂ ਪਾਇ ਨਿਖੰਗ ਅਸ[1], ਪੁਨ ਸਿਪਰ ਸੰਭਾਰੀ। [1]ਐਸਾ ਭੱਥਾ।
ਸ਼ੋਭਤਿ ਪਾਇ ਸਿਕੰਧ ਧਰਿ, ਬਧਿ ਲੀਨ ਪਿਛਾਰੀ[1] ॥੭॥ [1]ਮੋਢੇ ਤੇ ਰੱਖਕੇ ਪਿੱਛੇ ਬੰਨ ਲੀਤੀ (ਢਾਲ)।
ਫੱਟੀ ਦ੍ਵੈ ਚੌਰੀ ਅਧਿਕ, ਦ੍ਰਿਢ ਮੁਸ਼ਟ ਬਿਸਾਲਾ[1]। [1]ਧਨੁਖ ਦੀਆਂ) ਦੋ ਫਟੀਆਂ ਬਹੁਤ ਚੌੜੀਆਂ ਤੇ ਮੁੱਠ ਜਿਸ ਦੀ ਬਹੁਤ ਪੱਕੀ ਹੈ।
ਚਾਮੀਕਾਰ ਤੇ ਲਿਪਤਿ ਸਭਿ, ਦੀਪਤਿ ਦੁਤਿ ਜਾਲਾ।
ਗਾਢੇ ਜੁਗ ਗੋਸ਼ੇ[1] ਬਡੇ, ਪੈ ਬਹੁ ਲਪਟਾਏ[2]। [1]ਧਨੁਖ ਦੇ ਸਿਰੇ। [2]ਉੱਪਰ) ਬਹੁਤ ਤੰਦੀ ਲਪੇਟੀ ਹੋਈ ਹੈ।
ਕਾਰੀਗਰ ਰਾਖੇ ਨਿਕਟਿ, ਕਹਿ ਕਰਿ ਕਰਿਵਾਏ ॥੮॥

ਦੀਰਘ ਘੋਰ ਕਠੋਰ ਬਡ, ਜਿਸ ਖਿਚੈ ਨ ਕੋਈ।
ਗਿਨਤੀ ਟੰਕਨਿ ਕੀ ਨ ਕੁਛ, ਦ੍ਰਿਢ ਜੇਹ ਸੰਜੋਈ[1]।
ਜਗਤ ਬਿਖੈ ਦੂਜਾ ਨ ਕੋ, ਐਂਚਹਿ ਬਲ ਲਾਏ।
ਲਿਯੋ ਸਰਾਸਨ ਹਾਥ ਅਸ, ਗੁਨ ਜਾਂਹਿ ਸੁਨਾਏ ॥੯॥

[1]ਚਿੱਲਾ ਬਹੁਤ ਪੱਕਾ ਜੋੜਿਆ ਹੈ। [ਫਾ. ਜ਼ਿਹ = ਚਿੱਲਾ]

ਸਰ ਮੋਟੇ, ਪਰ ਕੰਕ ਕੇ, ਖਪਰੇ ਬਹੁ ਤੀਖੇ।
ਜਿਸ ਤੇ ਛੁਟਿ ਕਰਿ ਬੇਗ ਤੇ, ਬਡ ਸਰਪ ਸਰੀਖੇ।
ਬੇਧਤਿ ਹੈਂ ਗਨ ਅਰਿਨਿ ਕੋ, ਪ੍ਰਾਨਨਿ ਕਰਿ ਹਾਨਾ।
ਗਹਿ ਕਰਿ ਸ਼੍ਰੀ ਸਤਿਗੁਰੁ ਬਲੀ, ਹੋਏ ਸਵਧਾਨਾ ॥੧੦॥

ਖੰਜਰ ਜਮਧਰ[1], ਕਮਰ ਸੋਂ, ਪੁਨ ਧਰਜੋ ਤਮਾਚਾ।
'ਆਨਹੁ ਬਲੀ ਤੁਰੰਗ ਮਮ' ਬੋਲਜੋ ਗੁਰੁ ਸਾਚਾ।
ਸੁਨਤਿ ਹੁਕਮ ਕਰਿ ਸ਼ੀਘ੍ਰਤਾ, ਆਨਜੋ ਸ਼ਿੰਗਾਰਾ[1]।
ਜਾਹਰ ਜਰਤਿ ਜਵਾਹਰਨਿ, ਜਿਹ ਜ਼ੀਨ[1] ਸੁਧਾਰਾ ॥੧੧॥

[1]ਕਟਾਰ।
[1]ਸ਼ਿੰਗਾਰ ਕੇ।
[1]ਕਾਠੀ।

ਲਾਂਗੁਲ[1] ਫੇਰਤਿ ਆਵਤੋ, ਊਚੋ ਕਰਿ ਗਾਟਾ[2]।
ਫੁਰਕਤਿ, ਪਗ ਕੋ ਧਰਤਿ ਹੈ, ਧਰਨੀ ਕਹੁ ਕਾਟਾ।
ਬਰਣ ਕੁਮੈਤ[1], ਸੁਵਰਣ ਕੇ, ਭੂਖਨ ਚਮਕੰਤੇ।
ਗਜ ਗਾਹਨਿ[1] ਜੁਤਿ ਸ਼ੋਭਤੋ, ਕਵਿਕਾ ਚਰਬੰਤੇ[2] ॥੧੨॥

[1]ਪੂਛ। [2]ਗਰਦਨ।
[1]ਲਾਖਾ ਰੰਗ ਹੈ।
[1]ਗਜਗਾਹਾਂ ਨਾਲ। [2]ਲਗਾਮ ਚੱਬਦਾ ਹੈ।

ਮਨਹੁਂ ਕਰਭ[1] ਬਲਿ ਪੁਸ਼ਟ ਹੈ, ਦੁਸ਼ਟਨਿ

[1]ਹਾਥੀ ਦਾ ਬੱਚਾ।

ਦਰੜੰਤਾ।
ਛਾਤੀ ਆਯੁਤ ਚਪਲ ਬਹੁ, ਮਨ ਕਹਜੋ ਕਰੰਤਾ।
ਪੂਰਬ ਕੇ ਬਡ ਭਾਗ ਤੇ, ਸਤਿਗੁਰੁ ਤਰ ਆਯੋ।
ਵਾਹਿਗੁਰੂ ਕਹਿ ਕਰਿ ਉਠੇ, ਘੋਰਾ ਦਰਸਾਯੋ ॥੧੩॥
ਪਗ ਰਕਾਬ ਦੇ ਕਰਿ ਤਬੈ, ਗਹਿ ਗ੍ਰੀਵ ਸੁ ਕੇਸਾ[1]।
ਆਸਨ ਆਏ[1] ਵਾਗ ਗਹਿ, ਬਲਿਵੰਡ ਬਿਸ਼ੇਸ਼ਾ।
ਦੀਹ ਦਮਾਮਨਿ ਚੋਬ ਲਗਿ, ਉਠਿ ਨਾਦ ਬਿਸਾਲੇ।
ਸੱਜੀ[1] ਸਭਿ ਜੋਧਾ ਚਢੇ, ਗਨ ਸ਼ਸਤ੍ਰ ਸੰਭਾਲੇ ॥੧੪॥
ਸਮੁਖ ਭਏ ਸ਼ੱਤ੍ਰੂਨਿ ਕੇ, ਕਰਿ ਚਹਿਸਿ ਬਿਨਾਸਾ।
ਕੁਛਕ ਚਲੇ ਦੇਖਤਿ ਭਏ, ਬਡ ਜੰਗ ਤਮਾਸ਼ਾ।
ਨਮਸਕਾਰਨੀ[1] ਗਨ ਚਲੈਂ, ਬਹੁ ਸ਼ਬਦ ਉਠੰਤੇ।
ਮਨਹੁ ਮ੍ਰਿਦੰਗਨਿ[1] ਬਜਤਿ, ਬਹੁ ਉਤਸਾਹ ਕਰੰਤੇ ॥੧੫॥
ਮਾਰਿ ਮਾਰਿ ਮੁਖ ਕਰਤਿ ਹੈ, ਜਨੁ ਗਾਵਤਿ ਗੀਤਾ।
ਗੁਲਕਾਂ ਬ੍ਰਿੰਦ ਸੜਾਕ ਲਗਿ, ਇਹ ਤਾਲ ਪੁਰੀਤਾ[1]।
ਰੰਗ ਅਖਾਰਾ ਜੰਗ ਕੋ, ਗੁਰੁ ਮਹਿਦ ਨਿਹਾਰਾ[1]।
ਬੀਚ ਪ੍ਰਵੇਸ਼ਨਿ ਹੋਨਿ ਕੋ, ਤਤਕਾਲ ਬਿਚਾਰਾ ॥੧੬॥
ਪਰਸਰਾਮ ਸ਼ਕਤੂ[†] ਸੁਭਟ, ਦੋਨਹੁ ਤਬਿ

[1]ਗਰਦਨ ਦੇ ਵਾਲ ਪਕੜ ਕੇ।
[1]ਘੋੜੇ ਦੀ ਕਾਠੀ ਤੇ ਆਏ।
[1]ਸੱਜ ਕੇ।
[1]ਬੰਦੂਕਾਂ।
[1]ਢੋਲ।
[1]ਤਾਲ ਪੂਰਿਆ ਜਾ ਰਿਹਾ ਹੈ।
[1]ਭਾਵ ਜੰਗ ਭੂਮੀ ਵਿਚ ਜੰਗ ਦਾ ਜ਼ੋਰ ਗੁਰੂ ਜੀ ਨੇ ਬਹੁਤ ਡਿੱਠਾ।
[†]ਪਾ:-ਕੱਟੂ।

ਆਏ।
ਹਾਥ ਜੋਰਿ ਆਗੇ ਖਰੇ, ਇਮ ਬਾਕ ਸੁਨਾਏ।
'ਮਹਾਂਰਾਜ! ਅਵਿਲੋਕੀਏ, ਸੰਗ੍ਰਾਮ ਤਮਾਸ਼ਾ।
ਆਪ ਰਹਹੁ ਠਾਂਢੇ ਪ੍ਰਭੂ! ਨਿਜ ਦਲ ਕੇ ਪਾਸਾ ॥੧੭॥
ਦਾਸਨ ਪ੍ਰਤਿ ਆਇਸੁ ਕਰਹੁ, ਤੁਰਕਨਿ ਕੋ ਮਾਰੈਂ।
ਰਾਵਰਿ ਬਾਕ ਪ੍ਰਤਾਪ ਤੇ, ਬਲ ਧਰਿ ਸੰਘਾਰੈਂ।
ਅਰਹਿਂ ਅਗਾਰੀ ਅਰਿ ਕਹਾਂ, ਏ ਅਲਪ ਬਿਚਾਰੇ।
ਲਵਪੁਰਿ ਦਿੱਲੀ ਆਗਰੇ, ਲੁਟਿ ਕਰਹਿਂ ਉਜਾਰੇ' ॥੧੮॥
ਪਿਖਿ ਦੁਨਹਨਿ ਉਤਸਾਹ ਕੋ, ਗੁਰ ਹੁਕਮ ਬਖਾਨਾ।
'ਪਿਖਹੁ ਜ਼ੋਰ ਜਹਿਂ ਜੰਗ ਕੋ, ਪਾਵਹੁ ਘਮਸਾਨਾ।
ਸਨੈਂ ਸਨੈਂ ਹਮ ਆਇ ਹੈਂ, ਜਹਿਂ ਅਬਦੁਲਖਾਨਾ।
ਆਜ ਨਿਦਾਨ[1] ਸੁ ਕਰਹਿਂਗੇ, ਗਨ ਤੁਰਕਨਿ ਹਾਨਾ' ॥੧੯॥
ਸੁਨਿ ਹਰਖੇ ਗੁਰ ਹੁਕਮ ਕੋ, ਤਾਜ਼ੀ ਤਿਰਪਾਏ[1]।
ਸ਼ਸਤ੍ਰ ਉਘਾਰੇ ਹਾਥ ਮੈਂ, ਧੌਂਸੇ ਬਜਿਵਾਏ।
ਲੇ ਕਰਿ ਕਿਤਿਕ ਅਨੀਕਨੀ[1], ਤੁਰਕਨਿ ਪਰ ਧਾਏ।
ਜਥਾ ਮ੍ਰਿਗਨਿ ਗਨ ਹੇਰਿ ਕਰਿ, ਕੇਹਰਿ ਇਹ ਧਾਏ[†] ॥੨੦॥
ਪਰੇ ਜਾਇ ਤੁਪਕਨਿ ਚਲੀ, ਐਸੀ ਇਕ ਬਾਰੇ।

[1]ਅੰਤ।
[1]ਘੋੜੇ ਟਪਾਏ।
[1]ਸੈਨਾ।
[†]ਪਾ:-ਥਾਏ।

ਨਬੀ ਬਖਸ਼ ਕੇ ਸਹਿਤ ਹੀ, ਆਏ ਕੁੜਿਆਰੇ।
ਹੇਲਾ ਘਾਲਿ ਬਿਸਾਲ ਕੋ, ਦੋਨਹੁੰ ਦਲ ਜੁਟੇ।
ਬਾਜ਼, ਕੁਹੀ, ਜੁਰਰੇ ਮਨੋ, ਪਿਖਿ ਆਮਿਖ ਟੂਟੇ ॥੨੧॥
ਪ੍ਰਥਮ ਤੁਫੰਗੈਂ ਮਾਰਿ ਕਰਿ, ਗਨ ਤੀਰ ਪ੍ਰਹਾਰੇ।
ਪੁਨ ਤੋਮਰ ਤਰਵਾਰ ਪਰ, ਸ਼ਸ਼ਤ੍ਰਨ ਕਰ ਡਾਰੇ[1]।
ਜਮਧਰ[1] ਲੈ ਪਹੁੰਚੇ ਸੁਭਟ, ਮਾਰਤਿ ਅਰੁ ਖਾਤੇ।
ਮੁਸ਼ਟ ਜੁੱਧ ਕੋ ਭਿਰਿ ਪਰੇ, ਸੰਘਰ ਰਸ ਰਾਤੇ ॥੨੨॥
ਨਹਿਂ ਪੀਛੇ ਕੋ ਪਗ ਧਰਤਿ, ਨਿਜ ਲਾਜ ਨਿਬਾਹੀ।
ਮਾਰਿ ਮਾਰਿ ਮਰਿ ਮਰਿ ਗਿਰੇ, ਕਟਿ ਆਪਸ ਮਾਂਹੀ।
ਤੁਰਕਨਿ ਪਰ ਲੋਹਾ ਉਲਟ, ਇਮ ਪਰਜੋ ਬਡੇਰਾ।
ਜਿਯਤਿ ਦਿਖਤਿ ਕੈ ਮਰਿ ਗਏ, ਗਨ ਦਲ ਇਕ ਬੇਰਾ ॥੨੩॥
ਹੋਤਿ ਬੁਦਬੁਦੇ[1] ਬ੍ਰਿੰਦ ਜਿਮ, ਬਹੁ ਬਾਯੁ ਬਿਨਾਸੈ।
ਤਿਮ ਮਰਿਗੇ ਰਿਪੁ ਸ਼ੀਘ੍ਰ ਹੀ, ਕੋ ਭਾਗਤਿ ਤ੍ਰਾਸੈ[1]।
ਕੋਪਜੋ ਬਿਧੀਆ ਤਬਿ ਫਿਰਜੋ, ਬਿਚ ਜੰਗ ਨਿਸੰਗੈ।
ਤਾਨਤਾਨ ਕਰਿ ਕਾਨ ਲਗਿ, ਗਨ ਹਤਹਿ ਖਤੰਗੈਂ ॥੨੪॥
ਦ੍ਵੈ ਦ੍ਵੈ ਬਾਨ ਸੰਚਾਰਿਕੈ, ਦ੍ਵੈ ਦ੍ਵੈ ਤਨੁ ਪਾਰੇ[1]।

[1]ਸ਼ਸਤਰਾਂ ਪੁਰ ਹੱਥ ਪਾਏ।

[1]ਬਰਛੀ।

[1]ਬੁਲਬੁਲੇ।

[1]ਕਈ ਡਰ ਕੇ ਭੱਜ ਚੱਲੇ।

[1]ਦੋ ਦੋ ਤੀਰ (ਚਿੱਲੇ ਵਿਚ) ਸੰਨ੍ਹ ਕੇ ਦੋ ਦੋ ਤਨ ਪਾਟ ਸਿੱਟੇ (ਅ) ਪਾਰ ਕੀਤੇ।

ਅਨਗਨ ਤੁਰਕਨਿ ਕੋ ਹਨੇ, ਨਹਿਂ ਹੋਤਿ ਸੰਭਾਰੇ।
ਚੰਚਲ ਬਲੀ ਤੁਰੰਗ ਕੋ, ਨਹਿਂ ਕਹੂੰ ਟਿਕਾਏ।
ਜਹਿਂ ਦੇਖੈ ਰਿਪੁ ਵਧਤਿ ਹੈਂ, ਤਹਿਂ ਦੇ ਉਥਲਾਏ ॥੨੫॥
ਤੁਰਕ ਬ੍ਰਿੰਦ ਮੈਂ ਬਰਿ ਗਯੋ, ਹਨਿ ਮੁਗ਼ਲ ਪਠਾਨਾ।
ਮਾਰਿ ਮਾਰਿ ਘਮਸਾਨ ਕਰਿ, ਬਲਿਵਾਨ ਮਹਾਨਾ।
ਜਿਤ ਦਿਸ਼ਿ ਕੋ ਬਿਚਰਤਿ ਬਲੀ, ਹੁਇ ਜਾਤਿ ਮਦਾਨਾ[1]।
ਸ਼ੱਤ੍ਰੁ ਹੇਰਿ ਮਾਰਯੋ ਚਹਿਤ ਕਰਿ, ਦਾਵ ਸੁ ਨਾਨਾ ॥੨੬॥
ਕਿਸ ਕੋ ਜਤਨ ਨ ਚਲਤਿ ਹੈ, ਆਪਸ ਮਰਿ ਜੈ ਹੈਂ।
ਗਰਜ ਬੰਗਾਰਤਿ ਹਨਤਿ ਜਿਮ, ਕੇਹਰਿ ਨਿਰਭੈ ਹੈ।
ਐਂਚਿ ਚਾਂਪ ਕੌਂ ਸਰ ਤਜੈ, ਤਕਿ ਤਕਿ ਰਿਪੁ ਛਾਤੀ।
ਲਗਤਿ ਪਾਰ ਹੀ ਪਰਤਿ ਹੈਂ, ਹਯ ਤਰੈ ਪਪਾਤੀ[1] ॥੨੭॥
ਇਤਨੇ ਮੈਂ ਚੰਦੂ ਤਨੁਜ, ਚਲਿ ਸਨਮੁਖ ਆਵਾ।
ਪਰੀ ਲੋਥ ਪਰ ਲੋਥ ਜਹਿਂ, ਸ਼੍ਰੋਣਤਿ ਬਿਥਰਾਵਾ।
ਕਰਤਿ ਚੌਂਪ ਆਗੇ ਅਰਯੋ, ਮੂਰਖ ਮਤਿ ਹੀਨਾ।
ਬਿਧੀਏ ਕੀਨਿ ਚਿਨਾਰਿ ਕੋ, ਬਡ ਆਨੰਦ ਲੀਨਾ ॥੨੮॥
ਕਹਤਿ ਭਯੋ 'ਮਮ ਪਿਤ ਹਤਯੋ, ਤੈਂ ਗੁਰੁ ਕੇ ਆਗੇ।

[1]ਮੈਦਾਨ ਹੋ ਜਾਂਦਾ ਹੈ, ਭਾਵ ਸਫਾਇਆ ਕਰੀ ਜਾਂਦਾ ਹੈ।

[1]ਘੋੜੇ ਤੋਂ ਹੇਠ ਡਿੱਗ ਪੈਂਦੇ ਹਨ।

ਕਰਤਿ ਪ੍ਰਤੀਖਨ ਮੈਂ ਰਹਯੋ, ਸੋ ਅਬਿ ਫਲ ਲਾਗੇ।
ਜਿਮ ਚਾਹਤਿ ਸੋ ਬਿਧਿ ਬਨੀ, ਰਣ ਮਹਿਂ ਤੁਝ ਹੇਰੇ।
ਪਿਤ ਪਲਟਾ ਇਹ ਕਰਜ਼ ਸਿਰ, ਉਤਰਹਿ ਅਬਿ ਮੇਰੇ ॥੨੯॥
ਪੂਰਬ ਤੁਮ ਕੋ ਮਾਰਿ ਕੈ, ਰਣ ਖੇਤ ਮਝਾਰੇ।
ਹਰਿਗੁਵਿੰਦ ਕੋ ਪੁਨ ਗਹੌਂ, ਜੋਧਾ ਬਰਿਆਰੇ[1]।'
ਸੁਨਤਿ ਹਸਯੋ ਬਿਧੀਆ ਅਧਿਕ, ਉੱਤਰ ਕੋ ਦੀਨਾ।
'ਚਹਿਤ ਉਤਾਰਯੋ ਪਿਤ ਕਰਜ਼, ਤੂੰ ਮਹਾਂ ਪ੍ਰਬੀਨਾ ॥੩੦॥
ਅਬਿ ਤੁਝ ਕੋ ਮਾਰਹਿਂ ਤੁਰਤ, ਰਿਣ ਕੌਨ ਉਤਾਰੇ?
ਇਹ ਸੰਸਾ ਸਭਿ ਕਰਤਿ ਹੈਂ, ਕਿਮ ਨਿਰਣੈਂ ਧਾਰੇਂ?'
ਕਰਮਚੰਦ[1] ਇਮ ਸੁਨਤਿ ਹੀ, ਤਕ ਤੀਰ ਪ੍ਰਹਾਰਾ।
ਤਨਿ ਬਿਧੀਏ ਕੇਤਿਕ[1] ਚੁਭਯੋ, ਗਹਿ ਖੈਂਚ ਨਿਕਾਰਾ ॥੩੧॥
ਪੁਨ ਤੂਰਨ ਹੀ ਤੀਰ ਖਰ, ਤਕ ਔਰ ਚਲਾਯੋ[†]।
ਹਯ ਕੁਦਾਇ ਬਿਧੀਏ ਤਬੈ, ਨਿਜ ਗਾਤਿ ਬਚਾਯੋ।
ਆਪ ਚਾਂਪ ਗਹਿ ਦਿਢ ਤੁਰਤ, ਤਾਨਯੋ ਧਰਿ ਬਾਨਾ।
ਸਨਮੁਖ ਹ੍ਵੈ ਛੋਰਾ ਤਬਹਿ, ਤਕ ਸ਼ੱਤ੍ਰ ਨਿਸ਼ਾਨਾ ॥੩੨॥
ਲਗਯੋ ਬਾਜ ਕੇ ਭਾਲ ਮਹਿਂ, ਗਾ ਪਾਛਲ ਪਾਰਾ।

[1]ਜੋ ਬਲਵਾਨ ਯੋਧਾ ਹੈ। (ਅ) ਹੇ ਬਲਵਾਨ ਯੋਧੇ।
[1]ਚੰਦੂ ਦਾ ਪੁੱਤਰ।
[1]ਥੋੜਾ ਜਿਹਾ।
[†]ਪਾ:-ਤੱਕਯੋ ਹੁ ਚਲਾਯੋ।

ਝੜ[1] ਅਵਿਨੀ ਪਰ ਗਿਰ ਪਰਯੋ, ਜਨੁ ਗਾਜ ਸੰਘਾਰਾ।
ਪਹੁੰਚਯੋ ਬਿਧੀਆ ਨਿਕਟਿ ਚਲਿ, ਨਹਿਂ ਖੜਗ ਪ੍ਰਹਾਰਾ।
ਦਬੀ ਟਾਂਗ ਹਯ ਕੇ ਤਰੇ, ਤਰ ਉਤਰ ਨਿਕਾਰਾ[1] ॥੩੩॥

[1]ਝੱਟ। (ਅ) ਝੜ ਕੇ।

[1]ਹੇਠਾਂ ਉਤਰ ਕੇ (ਬਿਧੀ ਚੰਦ ਨੇ ਕਰਮ ਚੰਦ ਨੂੰ) ਕਢਿਆ।

ਗਹਿ ਲੀਨਸਿ ਕਰਿ ਸ਼ੀਘ੍ਰਤਾ, ਪਾਛੇ ਕੋ ਚਾਲਾ[1]।
ਅਪਰ ਸਿੱਖ ਅਰੁ ਤੁਰਕ ਤਹਿਂ, ਰਣ ਮਚਯੋ ਕਰਾਲਾ।
ਪਰੇ ਬਹੁਤ ਅਰਿਰਾਇਕੈ, ਤਿਹ ਚਹਿਤ ਛੁਟਾਯੋ।
ਗੁਰੁ ਦਲ ਤੇ ਸ਼ਲਖੈਂ ਚਲੀ, ਸਭਿ ਕੋ ਅਟਕਾਯੋ ॥੩੪॥

[1]ਭਾਵ ਗੁਰੂ ਜੀ ਵੱਲ ਫੜਕੇ ਲੈ ਚਲਿਆ।

ਕਰੇ ਸ਼ੀਘ੍ਰਤਾ ਬਲ ਸਹਤ, ਗਹਿ ਆਨਯੋ ਬੈਰੀ।
ਸ੍ਰੀ ਗੁਰੁ ਹਰਿਗੋਵਿੰਦ ਜਹਿਂ, ਪਾਯਹੁ ਤਿਨ ਪੈਰੀ।
ਨੀਚ ਗੀਵ ਕੋ ਕਰਿ ਰਹਯੋ, ਨਹਿਂ ਸਨਮੁਖ ਜੋਵਾ।
ਬਿਧੀਆ ਬੋਲਯੋ 'ਪ੍ਰਭੁ ਜੀ! ਰਿਣ ਬਡ ਸਿਰ ਹੋਵਾ ॥੩੫॥
ਪਲਟਾ ਪਿਤ ਲੈਬੇ ਅਯੋ, ਰਿਣ ਉਤਰਯੋ ਨਾਂਹੀ।
ਬੰਧਹੁ ਮਸ਼ਕੈਂ ਪਾਗ ਸੋਂ, ਪਗ ਸ਼ਿੰਖਲ ਪਾਹੀ[1]।'
ਗੁਰੁ ਕ੍ਰਿਪਾਲ ਹਸਿ ਕਰਿ ਕਹਯੋ 'ਕਜਾ ਇਸ ਤੇ ਲੈਬੋ?
ਛੋਰਿ ਦੇਹੁ ਕੁੜਿਆਰ ਕੋ, ਪੁਨ ਕਰਹਿ ਨ ਐਬੋ ॥੩੬॥
ਜਥਾ ਦੁਸ਼ਟ ਪਿਤ, ਸੁਤ ਤਥਾ, ਤੁਰਕਨਿ ਕੇ ਚੇਰੇ।

[1]ਪੈਰਾਂ ਵਿਚ ਸੰਗਲ ਪਾ ਕੇ।

ਕੁਛਕ ਜੁਤ ਸਿਰ ਮੈਂ ਹਤਹੁ, ਸਿਮਰਹਿ ਗੁਨ ਤੇਰੇ।'
ਹੁਕਮ ਮਾਨਿ ਤਜਾਗਜੋ, ਤਬੈ ਪਨਹੀ ਕਛ ਮਾਰੇ।
ਨਹੀਂ ਬੋਲ ਮੁਖ ਆਵਤੋ, ਭਾਗਜੋ ਛੁਟਿਹਾਰੇ[1] ॥੩੭॥
ਜਾਇ ਮਿਲਜੋ ਤੁਰਕਨਿ ਬਿਖੈ, ਜਹਿਂ ਅਬਦੁਲ ਖਾਨਾ।
ਧਰਕਤਿ ਉਰ ਬਡ ਸ੍ਵਾਸ ਲੇ, ਅਸ ਬਾਕ ਬਖਾਨਾ।
'ਗਹਜੋ ਮੋਹਿ ਲੇ ਕਰਿ ਗਏ, ਗੁਰੁ ਜਹਾਂ ਖਰੋ ਹੈ।
ਛਲ ਬਲ ਕੋ ਧਰਿ ਸ਼ੀਘ੍ਰਤਾ, ਮੈਂ ਛੁਟਨਿ ਕਰੋ ਹੈ ॥੩੮॥
ਸਿੱਖਨ ਕੋ ਮਾਰਤਿ ਅਯੋ, ਸਭਿ ਭੇਦ ਨਿਹਾਰਾ।
ਰਹਜੋ ਅਲਪ ਦਲ ਗੁਰੂ ਕੋ, ਸਮੁਦਾਇ ਸੰਘਾਰਾ[1]।
ਆਪ ਅਗਾਰੀ ਹੋਇ ਕੈ, ਹੇਲਾ ਅਬਿ ਘਾਲੋ।
ਹਰਿਗੁਵਿੰਦ ਕੋ ਲੇਹਿਂ ਗਹਿ, ਨਿਜ ਓਜ ਸੰਭਾਲੋ' ॥੩੯॥
ਇਮ ਕਹਿ ਅਬਦੁਲਖਾਂਨ, ਕੋ ਕੁਛ ਅੱਗ੍ਰ ਚਲਾਯੋ।
ਅਪਰ ਤੁਰੰਗ ਜੁ ਸੰਗ ਥੇ, ਤਿਸ ਪਰ ਚਢਿ ਧਾਯੋ।
ਇਮ ਬਿਧੀਏ ਕੀ ਗਾਥ ਇਤਿ, ਘਾਲਜੋ ਘਮਸਾਨਾ।
ਪਰਸਰਾਮ ਸ਼ਕਤੂ ਉਤੈ, ਦੋਨਹੁ ਰਣ ਥਾਨਾ ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਚੰਦੂ ਸੁਤ ਗਹਿ ਕੈ ਛੋਰਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

[1] ਛਟ ਕਰਕੇ।

[1] ਬਹੁਤਾ ਮਾਰਿਆ ਗਿਆ ਹੈ।

੩੭. [ਨਬੀਬਖਸ਼, ਪਰਸਰਾਮ ਤੇ ਸ਼ਕਤੂ ਬੱਧ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਨਬੀਬਖਸ਼ ਲਸ਼ਕਰ ਮਹਾਂ, ਲੇ ਕਰਿ ਆਯੋ ਸੰਗ।
ਤੋਮਰ ਤਰਵਾਰਨਿ ਤਬਰ, ਗਹੇ ਤੁਫੰਗ ਖਤੰਗ ॥੧॥

ਪਾਧੜੀ ਛੰਦ:

ਭਰਿਯੰਤਿ ਤੁਪਕ ਬਾਰੂਦ ਸੰਗ।
ਛਨਕੰਤਿ ਗਜਨਿ[1] ਧਾਏ ਤੁਰੰਗ।
ਠਕਿਯੰਤਿ ਗੁਲਕ ਤੋੜਾ ਸੰਭਾਰਿ।
ਧੁਖਿਯੰਤਿ ਪਲੀਤਾ ਬਾਰਿ ਬਾਰਿ ॥੨॥

[1]ਛਣਕਾਉਂਦੇ ਹਨ ਗਜਾਂ ਨੂੰ।

ਕੜਕੰਤਿ ਨਾਦ ਜ੍ਵਾਲਾ ਉਗਾਲ[1]।
ਛੁਟਕੰਤਿ ਬ੍ਰਿੰਦ ਘਾਇਲ ਉਤਾਲ।
ਇਤ ਉਤ ਤੁਰੰਗ ਸੂਰੇ ਧਵਾਇ।
ਜੋ ਵਧਤਿ ਅੱਗ੍ਰ ਤਿਸ ਦੇਂ ਗਿਰਾਇ ॥੩॥

[1]ਬੰਦੂਕਾਂ ਦਾ।

ਗਿਰਯੰਤਿ ਸੁਭਟ ਹਯ, ਆਇ ਧਾਇ।
ਮਿਲਿ ਗਏ ਆਪ ਮਹਿਂ ਕਰਤਿ ਘਾਇ।
ਮੁਖ ਮਾਰਿ ਮਾਰਿ ਜੋਧਾ ਰਟੰਤਿ।
ਬਾਹੈਂ[1] ਕ੍ਰਿਪਾਨ ਅੰਗਨਿ ਕਟੰਤਿ ॥੪॥

[1]ਵਾਹੁੰਦੇ ਹਨ।

ਤਬਿ ਪਰਸਰਾਮ ਸ਼ਕਤ ਬਿਸਾਲ।
ਗਹਿ ਦੁਹਨਿ ਚਾਂਪ ਸਰ ਕੋ ਨਿਕਾਲਿ।
ਪ੍ਰੇਰੇ ਤੁਰੰਗ ਬਡ ਬੇਗ ਸੰਗ।
ਗਨ ਸੂਰ ਸਹਤ ਪਕਰੇ ਤੁਫੰਗ ॥੫॥
ਜਹਿਂ ਨਬੀ ਬਖ਼ਸ਼ ਬਡ ਬੰਧਿ ਟੋਲਿ।
ਤਿਤ ਕੋ ਪਹੁੰਚਿ ਕਰਿ ਸਾਥਿ ਗੋਲ[1]।
ਨਿਕਸੰਤਿ ਬੀਰ ਘੋਰਾ ਧਵਾਇ।
ਛੁਟਕੰਤਿ ਤੁਪਕ ਰਿਪੁ ਨੇਰ ਜਾਇ ॥੬॥

[1]ਨਾਲ ਟੋਲਾ ਬਣਾਇਕੇ।

ਬਜਿਯੰਤਿ ਪਟਹ ਭੇਰੀ ਬਿਲੰਦ।
ਢਮਕੰਤਿ ਢੋਲ ਨਾਦਤਿ ਅਮੰਦ[1]।
ਫਰਰੇ ਖੁਲਾਇ ਚਮਕੇ ਨਿਸ਼ਾਨ।
ਕਰਿ ਅੱਗ੍ਰ ਰੋਪ[1] ਗਾਢੇ ਸਥਾਨ ॥੭॥

[1]ਭਾਰੀ, ਉੱਚੀ।

[1]ਰੋਕਕੇ।

ਸ਼ਲਖੈਂ ਤੁਫੰਗ ਛੁਟੀ ਬਿਸਾਲ।
ਮੁਖ ਸੀਸ ਫੋਰਿ ਗੇਰਤਿ ਉਤਾਲ।
ਨਿਕਸੰਤਿ ਮੀਝ ਬਿਥਰੰਤਿ ਪਾਸ।
ਕਰਿ ਸੇਤ ਜੁ ਮੇਚਕ ਕੇਸ ਪਾਸ[1] ॥੮॥

[1]ਸਿਰ ਦੀ ਮਿੱਝ ਨਿਕਲ ਕੇ ਪਾਸ ਖਿਲਰੀ ਹੈ, ਜੋ ਕਾਲੇ ਕੇਸਾਂ ਦੀ ਗੰਢ ਨੂੰ ਚਿੱਟਿਆਂ ਕਰ ਰਹੀ ਹੈ। [ਪਾਸਿ = ਕੋਲ। ਪਾਸੁ = ਗੰਢ, ਜੂੜੀ]

ਮੁਖ ਲਗਹਿ ਦੰਤ ਕੋ ਤੋਰਿ ਦੇਤਿ।
ਕਿਹ ਆਂਖ ਫੂਟਿ ਥਿਰ ਜੰਗ ਖੇਤਿ।
ਮਿਲਿ ਗਏ ਸੂਰ ਪਰ ਘੋਰ ਸ਼ੋਰਿ[1]।

[1]ਭਯਾਨਕ ਰੌਲਾ ਪੈ ਗਿਆ।

ਕਰਤੇ ਪੁਕਾਰ ਰਿਪੁ ਤੋਰਿ ਫੋਰਿ ॥੯॥
ਕੋ ਸ਼੍ਰਮਤਿ ਭਏ ਖੜਗਨਿ ਪ੍ਰਹਾਰਿ।
ਕੋ ਕਰਤਿ ਤ੍ਰਾਸ ਕੋ ਹ੍ਵੈ ਸੁਮਾਰਿ[1]।

[1]ਕਈ ਮਾਰ ਪੈਂਦੀ (ਦੇਖਕੇ) ਡਰ ਰਹੇ ਹਨ। (ਅ) ਕਈ ਡਰਦੇ ਤੇ ਕਈ ਜ਼ਖਮੀ ਹੋ ਰਹੇ ਹਨ।

ਕਿਤਿ ਗਿਰੇ ਮ੍ਰਿਤਕ ਹ੍ਵੈ ਕੈ ਕਿਕਾਣ[1]।

[1]ਘੋੜਿਆਂ ਤੋਂ।

ਤਰਫੰਤਿ ਕਿਤੇ ਨਹਿਂ ਨਿਕਸਿ ਪ੍ਰਾਣ ॥੧੦॥
ਬਲਵੰਤ ਬੀਰ ਕਰਿ ਰੁੰਡ ਮੁੰਡ।
ਪਰਚੰਡ ਜੁੱਧ ਗਿਰਿ ਖੰਡ ਖੰਡ।
ਖਿਚਿਯੰਤਿ ਪਕਰਿ ਆਂਤ੍ਰੈ[1] ਗੁਮਾਯ[2]।

[1]ਆਂਦਰਾਂ। [2]ਗਿੱਦੜ।

ਬਡ ਆਇ ਜੋਗਣੀ ਧਾਯ ਧਾਯ ॥੧੧॥
ਭਰਿਯੰਤਿ ਖਪਰ ਸ਼੍ਰੋਣੰਤਿ ਪਾਨ[1]।

[1]ਲਹੂ ਪੀਂਦੀਆਂ ਹਨ।

ਸਿਰ ਖਿੰਡੇ ਬਾਰ[1] ਕਰਿ ਨਾਚ ਗਾਨ।

[1]ਵਾਲ।

ਬਹੁ ਭੂਤ ਪ੍ਰੇਤਿ ਬੋਲੈਂ ਬਕਾਰ।
ਕਰਿ ਲਹੂ ਪਾਨ ਲੇਤੇ ਡਕਾਰ ॥੧੨॥
ਗਨ ਕੰਕ[1] ਨਾਦ ਚਾਵਡਿ[2] ਚਿੰਕਾਰ।

[1]ਚਿੱਟੀ ਚੀਲ। [2]ਬਿੱਲਾਂ।

ਬਡ ਭੀਮ ਕਾਕ ਕਾਂ ਕਾਂ ਪੁਕਾਰ।
ਹਯ ਤਰੈ ਗਏ ਦਬਿ ਸੂਰ, ਸੋਇ।
ਹਾਂਕਰਤਿ ਅਪਰ 'ਕਰਿ ਰੱਛ ਜੋਇ[1]' ॥੧੩॥

[1]ਓਹ ਦੂਸਰਿਆਂ ਨੂੰ ਹਾਕਰਾਂ ਮਾਰਦੇ ਹਨ 'ਜੋ (ਸਾਡਾ) ਬਚਾ ਕਰਨਾ।'

ਮੁਰ ਆਪ ਮੋਰਤੇ ਮਰਤਿ ਘੋਰ[1]।

[1]ਅੰਨ੍ਵਯ:-ਮੁਰ ਮੋਰਤੇ ਘੋਰ ਮਰਤ ਆਪ। (ਓਹ) ਪਰਤ ਕੇ (ਮਰੇ) ਘੋੜਿਆਂ ਨੂੰ ਪਰੇ ਕਰਦੇ ਹੋਏ ਮਾਰੇ ਜਾਂਦੇ ਹਨ।

ਭਾ ਤੁਮਲ ਜੁੱਧ[1] ਬਡ ਮਾਚਿ ਸ਼ੋਰ।

[1]ਘੋਰ ਲੜਾਈ। (ਅ) ਹੱਥੋ ਹੱਥੀ ਦਾ ਜੁੱਧ। [ਸੰਸ: ਤੁਮੁਲ। ਪੰ: ਤੁਮਲ]

ਜਹਿਂ ਨਬੀਬਖ਼ਸ਼ ਤਹਿਂ ਅੱਗ੍ਰ ਸੂਰ।

ਬਹੁ ਲਰੇ ਮਰੇ ਗਿਰਿ ਪਰਤਿ ਧੂਰ
॥੧੪॥
ਤਬਿ ਪਰਸਰਾਮ ਸ਼ਕਤੂ ਮਹਾਂਨ।
ਭਟ ਦੁਊ ਚਾਂਪ ਕੋ ਤਾਨਿ ਤਾਨਿ।
ਸਰ ਸਰਪ ਸੁ ਸਮਸਰ ਮਾਰਿ ਮਾਰਿ।
ਚਲਿ ਜਾਤਿ ਸਮੁਖ ਤਾਂ ਕੇ ਜੁਝਾਰ[1]
॥੧੫॥
ਇਮ ਮਚੀ ਲੋਹ ਕੀ ਮਾਰਿ ਭੂਰ।
ਬਹਿ ਚਲ੍ਯੋ ਸ਼੍ਰੋਣ ਗਈ ਲੋਥ ਪੂਰ।
ਤਬਿ ਤੁਰਕ ਤ੍ਰਾਸ ਕੋ ਧਾਰਿ ਭਾਗਿ।
ਨਹਿਂ ਜਮੇ ਪਾਂਇ, ਬਡ ਸ਼ਸਤ੍ਰ ਲਾਗਿ
॥੧੬॥
ਗੁਰ ਬੀਰ ਏਕ, ਦਸ ਤੁਰਕ ਸੰਗ।
ਕਰਿ ਕਰਿ ਪ੍ਰਹਾਰ ਮਰਿ ਮਾਰਿ ਜੰਗ।
ਤਬਿ ਨਬੀਬਖਸ਼ ਪਿਖਿ ਭਾ ਹਿਰਾਨ।
-ਇਹ ਭਯੋ ਕਹਾਂ ਨਹਿਂ ਜਾਇ ਜਾਨ
॥੧੭॥
ਮਰਿ ਗਈ ਸੈਨ, ਸਿਖ ਅਲਪ ਪਾਸ[1]।
ਠਹਿਰੈਂ ਨ ਅੱਗ੍ਰ ਬਡ ਪਾਇ ਤ੍ਰਾਸ।
ਪਰਿ ਗਯੋ ਲੋਹੁ ਪੁਠੋ ਕਰਾਲ।
ਜਹਿਂ ਕਹਾਂ ਸੂਰ ਮਰਿ ਤੁਰੰਗ ਜਾਲ-
॥੧੮॥
ਨਿਜ ਹਯ ਧਵਾਇ ਰੋਕੰਤਿ ਬੀਰ।
'ਸਭਿ ਹਟੋ, ਥਿਰੋ, ਕਿਮ ਤਜਤਿ ਧੀਰ?-
ਤੁਮ ਬਡ ਗ਼ਰੂਰ ਸੋਂ ਕਹਤਿ ਨੀਤਿ।
-ਰਣ ਬਿਖੈ ਸਦਾ ਹਮ ਲੇਤਿ ਜੀਤਿ-
॥੧੯॥
ਅਬਿ ਅਲਪ ਸਿੱਖ ਨਹਿਂ ਇਲਮ ਜਾਨਿ[1]।
ਨਹਿਂ ਸ਼ਸਤ੍ਰ ਬੰਧਨੇ ਮਹਿਂ ਸੁਜਾਨਿ।
ਤਿਨ ਪਾਸ ਤੇ ਸੁ ਤੁਮ ਤ੍ਰਾਸ ਧਾਰਿ।
ਕਿਨ ਤੇ ਭਜੇ? ਜਿਨ ਕਹਿਂ ਗਵਾਰ[1]?
॥੨੦॥

[1]ਤਿਨ੍ਹਾਂ ਸੂਰਮਿਆਂ ਦੇ ਸਾਮ੍ਹਣੇ।

[1]ਪਾਸੋਂ।

[1]ਜੁੱਧ ਦੀ) ਵਿਦਿਆ ਨਹੀਂ ਜਾਣਦੇ।

[1]ਕਿੰਨ੍ਹਾਂ ਤੋਂ ਭਜਦੇ ਹੋ? ਜਿਨ੍ਹਾਂ ਨੂੰ ਗੰਵਾਰ ਕਹਿੰਦੇ ਹਨ?

ਪੁਨ ਜਿਯਤਿ ਸਭਾ ਮਹਿਂ ਕਹਹੁ ਕਾਹਿ[1]?
-ਹਮ ਬਚੇ ਭਾਜਿ ਤਹਿਂ ਲਰਿਯ ਨਾਂਹਿ-।'
ਇਮ ਕਹਿ ਰਿਸਾਇ ਨਿਜ ਸੈਨ ਮੋਰਿ।
ਬਿਚ ਥਿਰਯੋ ਆਪ ਕਰਿ ਜ਼ੋਰ ਸ਼ੋਰ ॥੨੧॥

[1]ਕੀ ਕਹੋਗੇ?

ਪਿਖਿ ਨਬੀਬਖਸ਼ ਕੋ ਪਰਸ ਰਾਮ।
ਬਡ ਤੁਰੰਗ ਧਵਾਇ ਐਂਚਤਿ ਲਗਾਮ।
ਤਨ ਬਿਖੈ ਬਿਭੂਖਨ ਜਟਤਿ ਹੀਰ।
ਬਹੁ ਚਮਕਤਿ ਚਾਮੀਕਰ[1] ਸਰੀਰ ॥੨੨॥

[1]ਸੋਨੇ ਨਾਲ।

ਸਿਰ ਬਧਯੋ ਸੁ ਚੀਰਾ ਛੋਰਦਾਰ[1]।
ਬਡ ਮੋਲ ਕੇ ਸੁ ਪਟ ਸ਼ੁਭਤਿ ਚਾਰੁ।
ਕਟਿ ਸੰਗ ਬੰਧਿ ਖੜਗੈਂ ਨਿਖੰਗ।
ਕਰ ਮੈਂ ਕਮਾਨ ਬਿਚਰਤਿ ਨਿਸੰਗ ॥੨੩॥

[1]ਪੱਲਿਆਂ ਵਾਲਾ।

ਬਹੁ ਚਪਲ ਚਲਾਕੀ ਚਾਰੁ ਅੰਗ।
ਬਡ ਮੋਲਿ ਬਲੀ ਸੁੰਦਰ ਤੁਰੰਗ।
ਜਿਹ ਜ਼ੀਨ ਜਰਾਊ ਬਹੁ ਸੁਹਾਇ।
ਰਣ ਬਿਖੈ ਚੌਂਪ ਸੋਂ ਸਮੁਖ ਆਇ ॥੨੪॥
ਪਿਖਿ ਪਰਸਰਾਮ ਚਾਹਤਿ ਪ੍ਰਹਾਰ।
ਤਬਿ ਤਜੇ ਤੀਰ ਤੀਖੇ ਅਗਾਰ।
ਸ਼ਕਤੂ ਬੁਲਾਇ ਅਪਨੈ ਸਮੀਪ।
ਕਹਿ 'ਇਸਹਿ ਹਤਹੁ, ਹੈ ਬਡ ਮਹੀਪ[1]' ॥੨੫॥

[1]ਇਹੋ ਹੀ) ਵੱਡਾ ਰਾਜਾ ਹੈ।

ਪਿਖਿ ਅਨੰਦ ਪਾਇ ਦੋਨਹੁ ਸੁ ਬੀਰ।
ਇਤ ਉਤ ਧਵਾਇ ਹਯ ਤਜਿਤ ਤੀਰ।
ਗਨ ਸੁਭਟ ਸੰਗ ਲਲਕਾਰ ਲੀਨਿ।
ਹੇਲਾ ਸੁ ਘਾਲਿ ਬਡ ਸ਼ੋਰ ਕੀਨਿ ॥੨੬॥
ਗੁਲਕਾਂਨਿ ਕੇਰਿ ਬਰਖਾ ਬਿਸਾਲ।
ਦੁਹੁਂ ਦਿਸ਼ਅਨਿ ਤੇ ਬਹੁ ਭੀ ਕਰਾਲ।
ਤਬਿ ਨਬੀਬਖਸ਼ ਬਾਂਕੋ ਸੁ ਬੀਰ।
ਬਹੁ ਅਤਰ ਸੰਗ ਜਿਸ ਕੇ ਸੁ ਚੀਰ

॥੨੭॥

ਕਰ ਗਹਿ ਕਮਾਨ ਲੈ ਬਹਾਨ, ਰੋਪਿ[1]।
ਮਾਰੇ ਸਬੇਗ ਚਿਤ ਚੌਂਪਿ ਕੋਪ।
ਲਲਕਾਰ ਸਭਿਨਿ ਤੇ ਅੱਗ੍ਰ ਧਾਇ।
ਦਲ ਕੋ ਹਟਾਇ ਨਿਜ ਸੰਗ ਲਜਾਇ ॥੨੮॥

[1]ਜੰਮ ਕੇ।

ਸ਼ਸਤਰ ਸੰਭਾਰਿ ਤੋਮਰ ਤੁਫੰਗ।
ਚਲਿਯੰਤਿ ਖੜਗ ਕਟਿਯੰਤਿ ਅੰਗ।
ਦਰੜੰਤਿ ਸੂਰ, ਢਰੜੰਤਿ ਢਾਲ[1]।
ਚਰੜੰਤਿ ਚਾਂਪ[1] ਅਰੜੰਤਿ ਜਾਲ[2] ॥੨੯॥

[1]ਜੋ) ਦਰੜੇ ਜਾਂਦੇ ਹਨ ਸੂਰਮੇਂ (ਤਿਨ੍ਹਾਂ ਦੀਆਂ) ਡਿਗਦੀਆਂ ਹਨ ਢਾਲਾਂ।

[1]ਚਿੜਕਦੇ ਹਨ ਧਨੁਖ। [2]ਜਿਨ੍ਹਾਂ ਨੂੰ ਲਗਦੇ ਹਨ ਤੀਰ ਸੋ) ਸਾਰੇ ਅਰੜਾਉਂਦੇ ਹਨ।

ਖਰੜੰਤਿ ਖੋਲ ਸਰੜੰਤਿ ਸੇਲ[1]।
ਤੜਕੰਤਿ ਤੀਰ[1] ਭਰੜੈਂ ਭਗੇਲਿ[2]।
ਰੜਕੰਤਿ ਘਾਵ ਬਰੜੰਤਿ[1] ਬੀਰ।
ਥਿਰਕੰਤਿ ਥਕਤਿ, ਥਰਕੰਤਿ ਭੀਰੁ[1] ॥੩੦॥

[1]ਖੜਾਕ ਹੁੰਦਾ ਹੈ ਲੋਹੇ ਦੇ ਟੋਪਾਂ ਤੇ ਭਾਲੇ ਦੇ ਵਜਣ ਦਾ।

[1]ਤੀਰ ਤੜਾਕੇ ਮਾਰਦੇ ਹਨ। [2]ਭਾਵ ਡਰਦੇ ਹਨ ਕਾਇਰ।

[1]ਥੋਕਦੇ ਹਨ।

[1]ਥਕ ਕੇ ਥਿੜਕਦੇ ਹਨ ਤੇ ਕੰਬਦੇ ਹਨ ਕਾਇਰ।

ਕਹਿਰੰਤਿ ਕੂਕ[1] ਹਹਿਰੰਤਿ ਜਾਤਿ[2]।
ਅਹਿਰੰਤਿ ਕੋਇ ਕਟਿਯੰਤਿ ਗਾਤਿ[1]।

[1]ਕੂਕਾਂ ਕਹਿਰ ਦੀਆਂ ਮਾਰਦੇ ਹਨ। [2]ਡਰ ਨਾਲ) ਕੰਬ ਜਾਂਦੇ ਹਨ।

[1]ਕੋਈ ਅੜਦਾ ਹੈ ਉਸ ਦਾ ਸਰੀਰ ਕਟ ਜਾਂਦਾ ਹੈ? (ਅ) ਕਈਆਂ ਦੇ ਸਰੀਰ ਕੱਟੇ ਜਾਕੇ ਲਕੜੀ ਵਾਂਗੂ ਤੱਛੇ ਜਾਂਦੇ ਹਨ। [ਹਿੰ: ਅਹਰਨਾ = ਡੋਲਣਾ, ਤੱਛਣਾ]

ਤਬਿ ਨਬੀਬਖਸ਼ ਕੇ ਬਾਨ ਸੰਗ।
ਸਿਖ ਗਿਰੇ ਕਿਤਿਕ ਹੁਇ ਅੰਗ ਭੰਗ ॥੩੧॥

ਪਿਖਿ ਪਰਸਰਾਮ ਉਰ ਕੋਪ ਠਾਨਿ।
ਇਕ ਹਨਜੋ ਬਾਨੁ ਧਨੁ ਅਧਿਕ ਤਾਨ।
ਲਗਿ ਗਾ ਤੁਰੰਗ ਕੇ ਤੰਗ ਥਾਨ।
ਬਿਧਿ ਭਯੋ ਪਾਰਿ ਗਿਰਿ ਤਬਿ ਮਹਾਨ ॥੩੨॥

ਤਬਿ ਨਬੀਬਖਸ਼ ਸੰਭਾਰਿ ਆਪ।
ਦਿਯ ਪਾਂਇ ਰੋਪ, ਕਰ ਧਾਰਿ ਚਾਂਪ।
ਸਰ ਪਰਸਰਾਮ ਕੇ ਮਾਰਿ ਅੰਗ।

ਖਰ ਪਰੇ ਪਾਰਿ ਗਿਰ ਤਜਿ ਤੁਰੰਗ
॥੩੩॥
ਤਿਹ ਭਈ ਮੂਰਛਾ ਧਨੁਖ ਗੇਰਿ।
ਬਹੁ ਸਿੱਖ ਆਇ ਰੱਛ੍ਯੋ ਸੁ ਘੇਰਿ।
ਗਹਿ ਖੜਗਹਿ ਸ਼ਕਤੂ ਦਿਢ ਬਿਸਾਲ।
ਤਿਸ ਕੀ ਸਹਾਇ ਮਹਿਂ ਗਹਿ ਸੁ ਢਾਲ
॥੩੪॥
ਰੁਪ ਰਹ੍ਯੋ ਸੂਰ ਆਗੇ ਖਰੋਇ।
ਉਤ ਪਰੇ ਤੁਰਕ ਗਨ ਕੀਨਿ ਢੋਇ[1]।
ਹੇਲਾ ਸੁ ਘਾਲਿ ਜੁਟਿ ਗੇ ਸੁਭੱਟ।
ਤਨ ਕਾਟਿ ਕਾਟਿ ਕੇਤਿਕ ਦਬੱਟ ॥੩੫॥
ਤਬਿ ਪਰ੍ਯੋ ਜੋਰ ਰਣ ਕੋ ਮਹਾਨ।
ਨਹਿਂ ਤਊ ਸਿੱਖ ਤਜ ਦੀਨਿ ਥਾਨ।
ਜੋ ਨੇਰ ਆਇ ਤਿਸ ਕਰਤਿ ਘਾਵ[1]†।
ਇਹ ਤੁਪਕ ਤੀਰ ਤੋਮਰ ਚਲਾਵ ॥੩੬॥
ਭਟ ਪਰਸਰਾਮ ਕੇ ਨਿਕਟਿ ਠਾਂਢ।
ਬਹੁ ਭਈ ਖੜਗ ਮੇਂ ਕਾਟ ਬਾਢ।
ਘਟਿਕਾ ਮਝਾਰ ਕਰਿ ਮਾਰਿ ਮਾਰਿ।
ਗਿਰ ਪਰੇ ਸੂਰ ਸੈਂਕਰ ਹਜ਼ਾਰ ॥੩੭॥
ਗਨ ਤੁਰਕ ਓਰੜੇ ਨੇਰ ਪਾਇ।
ਕਰਿ ਸ਼ੋਰ ਘੋਰ ਚਾਹਸਿ ਭਜਾਇ।
ਤਭਿ ਖੜਗ ਹਤਹਿ ਸ਼ਕਤੂ ਕਰਾਲ।
ਰਿਪੁ ਕੋ ਪ੍ਰਹਾਰ ਕਰਿ ਓਟ ਢਾਲ ॥੩੮॥
ਰਣ ਥੰਭ ਮਨਹੁਂ ਗਾਢੋ ਖਰੋਇ।
ਬਹੁ ਸਿੱਖ ਸਹਾਇਕ ਸੰਗ ਜੋਇ।
ਗਨ ਤੁਰਕ ਮਾਰਿ ਅੰਬਾਰ ਲਾਇ।
ਜਿਮ ਦੀਪ ਪਤੰਗਨਿ ਪਰਤਿ ਆਇ
॥੩੯॥
ਤਬਿ ਪਰਸਰਾਮ ਸੁਧਿ ਪਾਇ ਅੰਗ।
ਹੁਇ ਸਾਵਧਾਨ ਅਵਿਲੋਕ ਜੰਗ।
ਉਠਿ ਠਾਂਢਿ ਹੋਇ ਸ਼ਸਤ੍ਰਨਿ ਸੰਭਾਲਿ।
ਪਿਖਿ ਨਬੀ ਬਖਸ਼ ਕੋ ਰਿਸਿ ਬਿਸਾਲ

[1]ਬਹੁਤੇ ਅੱਗੇ ਹੋਏ।

[1]ਨਾਸ਼। †ਇਨ੍ਹਾਂ ਤੁਕਾਂ ਦਾ ਕਈ ਨੁਸਖਿਆਂ ਵਿਚ ਪਾਠ ਨਹੀਂ ਹੈ।

॥੪੦॥
ਜਹਿਂ ਖਰੋ ਜਾਇ ਭਟ ਭੇਰਿ ਕੀਨ।
ਖੜਗਨਿ ਪ੍ਰਹਾਰਿ ਬਹੁ ਦਾਵ ਲੀਨਿ।
ਸੂਰੇ ਸਮੂਹ ਚਮਕੀ ਕ੍ਰਿਪਾਨ।
ਸ਼ਕਤ ਸਮੇਤਿ ਗਨ ਸਿੱਖ ਆਨਿ[1] [1]ਆਏ।
॥੪੧॥
ਬਹੁ ਚਲੇ ਖੜਗ ਕਰਿ ਕਰਿ ਪ੍ਰਹਾਰ।
ਸਿਰ ਨਬੀਬਖਸ਼ ਕੋ ਕਾਟਿ ਡਾਰਿ।
ਬਿਚ ਜੁੱਧ ਗਿਰੇ ਕਟਿ ਕਟਿ ਮਹਾਨ।
ਤਨ ਛੁਟੇ ਪਰਾਨ ਨਹਿਂ ਛੁਟਿ ਕ੍ਰਿਪਾਨ
॥੪੨॥
ਰਣ ਪਰੀ ਲੋਥ ਆਂਖਨ ਉਘਾਰ[†]। [†]ਪਾ:-ਤੁੰਡਹਿ ਉਘਾਰ।
ਬਹੁ ਪਰੇ ਅਰਿਨਿ ਸੋਂ ਅਰਿ ਜੁਝਾਰ[1]। [1]ਸੂਰਮੇ ਅੜ ਪਏ।
ਗਨ ਤੁਰਕ ਬਿਲੋਕਯੋ ਭਾ ਨਿਕੰਦ।
ਰਣ ਅਬਦੁਲ ਖਾਂ ਨੰਦਨ[1] ਬਿਲੰਦ [1]ਦਾ) ਪੁੱਤ੍ਰ।
॥੪੩॥
ਜਹਿਂ ਪਰਸਰਾਮ ਸ਼ਕਤੁ ਜੁਝਾਰ।
ਕਟਿ ਗਏ ਦੋਨ ਬਹੁ ਰਿਪੁਨਿ ਮਾਰਿ।
ਲਰਿ ਤ੍ਰਿਪਤਿ ਹੋਇ ਦੀਨੇ ਸੁ ਪ੍ਰਾਨ।
ਜੇ ਜਿਯਤਿ ਹਟੇ ਬਹੁ ਸ਼੍ਰਮਨਿ ਮਾਨਿ[1] [1]ਜੇਹੜੇ ਜੀਉਂਦੇ ਸਨ ਓਹ ਬਹੁਤੀ ਥਕਾਨ ਮੰਨਕੇ ਹਟ ਗਏ।
॥੪੪ ॥
ਦੋਹਰਾ:
ਦੁਹੂੰ ਦਿਸ਼ਨਿ ਤੇ ਥਕਿ ਗਏ, ਮਿਟੇ[1] ਜੰਗ ਤੇ ਸੂਰਿ। [1]ਹਟ ਗਏ।
ਲੋਥਨਿ ਪਰਿ ਲੋਥੈਂ ਪਰੀ, ਕਰਦਮ ਸ਼੍ਰੋਣਿਤ ਧੂਰਿ[1] ॥੪੫॥ [1]ਧੂੜ ਤੇ ਲਹੂ (ਮਿਲਕੇ) ਚਿੱਕੜ ਹੋ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਨਬੀਬਖਸ਼ ਅਰ ਪਰਸਰਾਮ ਸ਼ਕਤੁ ਬੱਧ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

੩੮. [ਕਰੀਮ ਬਖਸ਼ ਹੱਲੇ ਲਈ ਤਿਆਰ ਹੋਯਾ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਦੌਰਿ ਗਏ ਦ੍ਵੈ ਦਾਸ ਤਬਿ, ਜਹਿਂ ਥਿਰ ਅਬਦੁਲਖਾਨ।
'ਦੇਖਹੁ ਕਹਾਂ ਨਬਾਬ ਜੀ! ਬਿਗਰਜੋ ਕਾਜ ਮਹਾਨ ॥੧॥

ਤੋਟਕ ਛੰਦ:

ਤੁਵ ਨੰਦਨ ਚੰਦ ਮਨਿੰਦ ਹੁਤੋ।
ਰਿਪੁ ਬ੍ਰਿੰਦਨਿ ਕੰਦਤਿ ਸੋ ਪਿ ਹਤੋ[1]। [1]ਮਾਰਦਾ ਹੋਇਆ ਸੋ ਬੀ ਮਾਰਿਆ ਗਿਆ।
ਘਮਸਾਨ ਘਨੋ ਕਰਿ ਜੰਗ ਮਹੀ।
ਪਿਛਵਾਇ ਹਟਜੋ ਇਕ ਪੈਰ ਨਹੀਂ ॥੨॥
ਅਰਜੇ ਸਰ ਤੇ[1] ਬਰਜੇ ਤਰਜੇ[2]। [1]ਤੀਰਾਂ ਨਾਲ ਵਿੰਨ੍ਹੇ। [ਹਿੰਦੀ, ਅਰਜਨਾ, ਅਰੁਝਨਾ = ਫਸਾ ਲੈਣਾ। ਸੰਸ: ਅਰ੍ਜ੍ = ਪ੍ਰਾਪਤਕ:] (ਅ) ਅਰਿ ਜੇ = ਜੋ ਵੈਰੀ ਸਨ ਤੀਰਾਂ ਨਾਲ। [2]ਰੋਕਕੇ ਤਾੜੇ।
ਕਟਿ ਆਪਿ ਗਿਰਜੋ ਪੁਰਜੇ ਪੁਰਜੇ।
ਬਹੁ ਬੀਰ ਮਰੇ ਤਿਹ ਸੰਗ ਤਹਾਂ।
ਗਨ ਲੋਥ ਪਰੀ ਬਹਿ ਸ਼੍ਰੋਣ[1] ਮਹਾਂ' ॥੩॥ [1]ਲਹੂ।
ਸੁਨਿ ਸ੍ਰੋਨ[1] ਨਬਾਬ ਸ਼ਿਤਾਬ ਤਬੈ। [1]ਕੰਨੀਂ।
ਸਮ ਬਾਂਨ ਲਗੇ ਤਿਸ ਬੈਨ ਸਬੈ।
ਰੁਦਨੰਤਿ ਬਡੋ ਬਿਰਲਾਪ ਕਰੈ।
'ਤ੍ਰਿਪਤਜੋ ਨਹਿਂ ਦੇਖਿ, ਲਖਜੋ ਨ ਮਰੈ[1] ॥੪॥ [1]ਮੈਂ ਤਾਂ ਹੇ ਪੁੱਤ੍ਰ ਤੈਨੂੰ) ਵੇਖਕੇ ਰੱਜਿਆਂ ਵੀ ਨਹੀਂ ਸਾਂ, (ਮੈਂ) ਨਾ ਲਖਿਆ ਕਿ (ਤੂੰ ਅੱਜ ਹੀ) ਮਰ ਜਾਏਂਗਾ।
ਗਮਨਜੋਂ ਕਿਸ ਥਾਨਹਿਂ ਪ੍ਰਾਨ ਤਜੇ।
ਮੁਝ ਛੋਰਿ ਗਯੋਂ ਰਣ ਤੇ ਨ ਭਜੇ।
ਕਿਮ ਜਾਇ ਲਰਜੋ? ਨਹਿਂ ਪਾਛਿ ਰਹਜੋਂ।
ਤੁਝ ਜਾਤਿ ਬਡੋ ਸਮੁਝਾਇ ਕਹਜੋ' ॥੫॥
ਲਘੁ ਨੰਦਨ ਆਇ ਗਯੋ ਸੁਨਿ ਕੈ।
ਸਮੁਝਾਇ ਪਿਤਾ ਕਹੁ, ਯੌਂ ਭਨਿ ਕੈ।
'ਬਿਰਲਾਪਤਿ ਆਪ, ਨਿਲਾਯਕ ਤੈਂ[1]। [1]ਇਹ ਤੇਰੇ ਲਾਇਕ ਨਹੀਂ।
ਸਭਿ ਲੋਕ ਨਿਹਾਰਤਿ ਨਾਯਕ ਤੈਂ[1] ॥੬॥ [1]ਸਾਰੇ ਲੋਕ ਤੈਨੂੰ (ਸਾਰੀ ਫੌਜ ਦਾ) ਸ੍ਵਾਮੀ ਵੇਖਦੇ ਹਨ।
ਅਬਿ ਧੀਰ ਧਰੋ, ਨਹਿਂ ਜੋਗ ਤੁਮੈਂ।

ਨਹਿਂ ਰੋਦਨ ਕੋ ਇਹ ਜਾਨਿ ਸਮੈਂ।
ਜਬਿ ਲੌ ਗੁਰ ਕੋ ਗਹਿ ਲੇਹੁਂ ਨਹੀਂ।
ਰਣ ਬੀਚ ਕਿਧੌਂ ਹਤਿ ਦੇਹੁਂ ਤਹੀਂ ॥੭॥
ਤਬਿ ਲੌ ਨ ਹਟੌਂ, ਬਡ ਜੰਗ ਕਰੌਂ।
ਅਬਿ ਆਇਸੁ ਮੋਹਿ ਭਲੇ ਉਚਰੌਂ।
ਗਹਿ ਲ੍ਯਾਇਂ ਗੁਰੂ ਤਬਿ ਬਾਤ ਰਹੈ।
ਨਤੁ ਸ਼ਾਹੁਜਹਾਂ ਧਿਧਿਕਾਰ ਕਹੈ' ॥੮॥
ਲਘੁ ਨੰਦਨ ਤੇ ਸੁਨਿ ਬਾਕ ਤਬੈ।
ਧਰਿ ਧੀਰਜ ਕੋ ਤਜਿ ਸ਼ੋਕ ਸਬੈ।
ਉਮਡ੍ਯੋ ਰਣ ਕੋ ਦਲ ਸੰਗ ਲਿਯੋ।
ਹਥਿਆਰ ਸੰਭਾਰਿ ਅਗਾਰਿ ਭਯੋ ॥੯॥
ਗਨ ਦੁੰਦਭਿ ਪੈ ਦੁਇ ਚੋਬ ਪਰੀ।
ਬਡ ਨਾਦ ਵਧ੍ਯੋ ਕਿਲਕਾਰ ਕਰੀ।
ਤੁਰਕਾਨ ਲਖ੍ਯੋ ਸਭਿ ਅੰਤਿ ਭਯੋ।
ਬਿਸਮਾਇ ਰਹੇ ਰਣ ਹੇਰਿ ਲਯੋ ॥੧੦॥

ਦੋਹਰਾ:

ਲਘੁ ਸੁਤ ਅਬਦੁਲ ਖਾਨ ਕੋ, ਭ੍ਰਾਤਾ ਮਰ੍ਯੋ ਬਿਸਾਲ।
ਅਧਿਕ ਕ੍ਰੋਧ ਜਿਸ ਕੇ ਭਯੋ, ਪਿਖਿ ਪਿਤ ਰੋਦਤਿ ਹਾਲ ॥੧੧॥
ਮਸੁ ਭੀਜਤਿ ਬਾਂਕੋ ਬਡੋ, ਆਯੁਧ ਵਿੱਦ੍ਯਾ ਜਾਨਿ।
ਕੰਚਨ ਜਰੇ ਜਵਾਹਰਨਿ, ਜਬਰ ਜ਼ੇਬ ਜਿਨ ਠਾਨਿ[1] ॥੧੨॥

[1]ਧਾਰੀ ਹੈ।

ਚੌਪਈ:

ਨਾਮ ਕਰੀਮ ਬਖਸ਼ ਬਲਵੰਤਾ।
ਅਭਿਮਾਨੀ ਨਹਿਂ ਕਿਸੇ ਗਿਨੰਤਾ।
ਅਧਿਕ ਮੋਲ ਕੋ ਤਰੇ ਤੁਰੰਗ।
ਚੰਚਲ ਕਰਤਿ ਚਲਾਕੀ ਅੰਗ ॥੧੩॥
ਸਹਤ ਸੰਮਲੇ[1] ਸਿਰ ਪਰ ਚੀਰਾ।
ਤੁਰਰਾ[1] ਧਰ੍ਯੋ ਅਪਰ ਸ਼ੁਭ ਚੀਰਾ।
ਤੀਖਨ ਬਰਛੀ ਗਹਿ ਕਰਿ ਹਾਥ।

[1]ਪਿਛਲਾ ਲੜ (ਪੱਗ ਦਾ), ਸ਼ਿਮਲਾ।
[1]ਪਗ ਦੇ ਅੱਗੇ ਦਾ ਟੁੰਗਿਆ ਹੋਇਆ ਲੜ।

ਬੂਝਤਿ ਭਾ ਨਿਜ ਸਾਥੀ ਸਾਥ ॥੧੪॥
'ਭ੍ਰਾਤਾ ਨਬੀਬਖਸ਼ ਕਿਸ ਥਾਨ?
ਹਨਜੋ ਗਵਾਰਨਿ ਕਰਹੁ ਬਖਾਨ?
ਤਿਸ ਕੀ ਲੋਥ ਦਿਖਾਵਹੁ ਮੋਹੀ।
ਹਰਿਗੁਵਿੰਦ ਅਬਿ ਤਿਸ ਮਗ ਹੋਹੀ'
॥੧੫॥
ਸੁਨਿ ਸੁਭਟਨਿ ਸਭਿ ਬਾਤ ਬਤਾਈ।
'ਪਿਖਹੁ ਜਹਾਂ ਥਿਤਿ ਸਿਖ ਸਮੁਦਾਈ।
ਗਾਢੇ ਖਰੇ ਤਫੰਗ ਸੰਭਾਰੇ।
ਤਿਸ ਤੇ ਪਰੇ ਪਿਖਹੁ ਭਟ ਭਾਰੇ ॥੧੬॥
ਤਿਨ ਤੇ ਦਾਹਿਨ ਓਰ ਨਿਹਾਰੋ।
ਆਪ ਗੁਰੂ ਠਾਂਢੇ ਬਲ ਭਾਰੋ।
ਨਬੀ ਬਖਸ਼ ਕੋ ਜਬਿ ਹੂੰ ਮਾਰਾ।
ਤੁਰਕ ਪਲਾਇ ਪਰੇ ਬਲ ਹਾਰਾ ॥੧੭॥
ਰੋਕਜੋ ਥਾਨ ਆਨਿ ਰਿਪੁ ਬ੍ਰਿੰਦ।
ਅਬਿ ਠਾਂਢੇ ਕਰਿ ਗੋਲ ਬਿਲੰਦ[1]।' — [1]ਭਾਰੀ ਘੇਰਾ ਘੱਤਕੇ।
ਸੁਨਤਿ ਕਰੀਮ ਬਖਸ਼ ਸਭਿ ਗਾਥਾ।
ਲਾਲ ਬਿਲੋਚਨ ਮੁਖ ਰਿਸ ਸਾਥਾ ॥੧੮॥
ਨਬੀ ਬਖਸ਼ ਜਹਿਂ ਲਰਿ ਗਿਰ ਮਰਜੋ।
ਬਲੀ ਸ਼ੁਭਟ ਲੇ ਚਲਿਬੋ ਕਰਜੋ।
ਕਹਜੋ ਸਭਿਨਿ ਸੋਂ ਊਚਿ ਪੁਕਾਰ।
'ਅਹੋ ਨੁਵਾਲੇ ਪਜਾਲੇ ਯਾਰਿ[1]! ॥੧੯॥ — [1]ਹੇ ਕੱਠੇ ਖਾਣ ਪੀਣ ਵਾਲਿਓ।
ਹਰਿਗੁਵਿੰਦ ਲੌ ਪਹੁੰਚਹਿ ਜੋਇ।
ਜੀਵਨ ਕੀ ਜਿਸ ਚਾਹਿ ਨ ਹੋਇ।
ਸੁਤ ਬਨਿਤਾ ਜੋ ਸਿਮਰਹਿ ਨਾਂਹੀ।
ਸੋ ਮਮ ਸੰਗ ਚਲਹੁ ਰਣ ਮਾਂਹੀ ॥੨੦॥
ਜਿਸ ਕੇ ਰਿਦੇ ਤ੍ਰਾਸ ਹੈ ਭਾਰਾ।
ਨਿਜ ਕੁਟੰਬ ਸੰਗ ਰਾਖਹਿ ਪਜਾਰਾ।
ਸੋ ਹਟਿ ਜਾਹੁ ਸੰਗ ਨਹਿਂ ਆਵਹੁ।
ਪਿਤ ਸਮੀਪਿ ਠਹਿਰਹੁ ਤਹਿਂ ਜਾਵਹੁ'
॥੨੧॥
ਸੁਨਿ ਕੈ ਕਾਇਰ ਇਤ ਉਤਿ ਹੋਏ।

ਜਾਨਯੋ -ਆਜ ਮਰਣ ਸਭਿ ਕੋਏ।
ਇਨਿ ਅਖਿਲਨਿ ਕੀ ਕਰਹਿ ਕੁਠਾਰੀ[1]।
ਨਹਿਂ ਗੁਰੁ ਛੋਰਹਿ ਜੋਧਾ ਭਾਰੀ ॥੨੨॥
ਨਾਹਕ ਧਾਰਿ ਗਰਬ ਚਢਿ ਆਏ।
'ਹਮ ਪਕਰਹਿਂ ਗੁਰੁ ਕੋ ਅਬਿ ਜਾਏ।'
ਸਪਤ ਸਹੰਸ੍ਰ ਅੱਗ੍ਰ ਜਿਨ ਮਾਰਾ।
ਬਚੇ ਸੁ ਭਾਜੇ ਤੁਰਕ ਹਜ਼ਾਰਾ ॥੨੩॥
ਸੋ ਇਨ ਕੇ ਕਰ ਮਹਿਂ ਕਿਮ ਆਵੈ।
ਕਰਾਮਾਤਿ ਸਾਹਿਬ ਦਰਸਾਵੈ।
ਸ਼੍ਰੀ ਨਾਨਕ ਸਭਿ ਪੀਰਨਿ ਪੀਰ।
ਤਿਨ ਗਾਦੀ ਪਰ ਇਹ ਬਡ ਬੀਰ ॥੨੪॥
ਗਹਯੋ ਨ ਜਾਇ ਨ ਮਾਰਯੋ ਜਾਇ।
ਹਨਹਿ ਤੁਰਕ ਸੈਨਾ ਸਮੁਦਾਇ-।
ਇਮ ਜਿਨ ਜਾਨਾ ਤਿਨ ਡਰ ਮਾਨਾ।
ਸੋ ਟਰਿ ਗਏ ਦਾਵ[1] ਕਰਿ ਨਾਨਾ ॥੨੫॥
ਨਿਤਰੇ ਬੀਰ ਮਰਨ ਡਰੁ ਜਾਂਹਿ ਨ।
ਸੁਤ ਬਨਿਤਾ ਕੋ ਸਿਮਰਤਿ ਨਾਂਹਿ ਨ।
ਬਾਂਧਯੋ ਚੁੰਗ[1] ਪ੍ਰਿਥਕ ਜਬਿ ਹੋਵਾ।
ਅਬਦੁਲ ਖਾਨ ਦੂਰ ਤੇ ਜੋਵਾ ॥੨੬॥
ਬੂਝਯੋ ਸੁਭਟ ਸੁਨਾਵਨਿ ਠਾਨਾ[1]।
'ਜਾਤਿ ਕਰੀਮ ਬਖਸ਼ ਬਲਿਵਾਨਾ।
ਕਹੈ ਕਿ[1] -ਗੁਰੁ ਲਗਿ ਪਹੁੰਚਹੁ ਜਾਈ-।
ਲੀਏ ਬੀਨ ਜੋਧਾ ਸਮੁਦਾਈ' ॥੨੭॥
ਬਡੇ ਪੁੱਤ੍ਰ ਕੋ ਸਿਮਰਤਿ[1] ਕਹਯੋ।
'ਇਨ ਕਯੋਂ ਮਰਨਿ ਆਪਨੋ ਚਹਯੋ?
ਜਾਹੁ ਸ਼ਿਤਾਬੀ ਕਰਹੁ ਹਟਾਵਨਿ।'
ਆਯੋ ਇਕ ਕਰਿ ਤਰੰਗ ਦਰਾਵਨਿ ॥੨੮॥
'ਬਰਜਤਿ ਹੈ ਨਬਾਬ ਤੁਝ ਖਰੋ।
-ਠਹਿਰਹੁ, ਇਹਾਂ ਜੰਗ ਕੋ ਕਰੋ।
ਕਹਾਂ ਕਸੁ ਤੇ ਜਾਹੁ ਮਰਨ ਕੋ।

[1]ਇਨ੍ਹਾਂ ਸਾਰਿਆਂ ਦੀ ਕੁਠਾਲੀ ਕਰੇਗਾ ਭਾਵ ਸਾਰਿਆਂ ਨੂੰ ਗਾਲ ਦੇਵੇਗਾ (ਗੁਰੂ)।

[1]ਬਹਾਨੇ।

[1]ਰੌਲਾ।

[1]ਅਬਦਲੁ ਖਾਂ ਨੇ ਇਕ) ਸੂਰਮੇ ਤੋਂ ਪੁੱਛਿਆ (ਉਸ ਨੇ ਇਹ) ਸੁਣਾਇਆ ਕਿ:-

[1]ਕਰੀਮ ਬਖਸ਼) ਕਹਿੰਦਾ ਹੈ ਕਿ।

[1]ਯਾਦ ਕਰਕੇ।

ਰਿਪੁ ਠਾਂਢੇ ਬਹੁ ਪਾਨ ਹਰਨ ਕੋ-'
॥੨੯॥
ਸੁਨਿ ਕਰਿ ਪਿਤ ਕੌ ਕਹਜੋ ਨ ਮਾਨਜੋ।
'ਮੈਂ ਮਾਰੌਂ ਜਿਨ ਭ੍ਰਾਤਾ ਹਾਨਜੋ।'
ਇਤਿ ਸ਼੍ਰੀ ਹਰਿਗੋਵਿੰਦ ਸਭਿ ਜਾਨੀ।
-ਹੇਲਾ ਤਯਾਰ ਕੀਨਿ ਅਭਿਮਾਨੀ[1]-
॥੩੦॥

[1]ਇਧਰ ਸ਼੍ਰੀ ਹਰਿਗੋਵਿੰਦ ਜੀ ਨੇ ਸਭ ਜਾਣ ਲਿਆ ਕਿ ਅਭਿਮਾਨੀ (ਕਰੀਮ ਬਖਸ਼) ਨੇ ਹੱਲੇ ਦੀ ਤਿਆਰੀ ਕੀਤੀ ਹੈ।

ਬਿਧੀ ਚੰਦ ਕੋ ਹੁਕਮ ਬਖਾਨਾ।
'ਇਹ ਸਨਮੁਖ ਜੋ ਟੋਲ ਮਹਾਨਾ।
ਸੁਤ ਨਵਾਬ ਕੋ ਲਘ ਅਭਿਮਾਨੀ।
ਭ੍ਰਾਤਾ ਮਰੇ ਬ੍ਰਿਥਾ[1] ਬਹੁ ਮਾਨੀ ॥੩੧॥

[1]ਪੀੜਾ।

ਹੇਲਾ ਘਾਲਨਿ ਕੋ ਅਬਿ ਚਾਹਤਿ।
ਬੀਨ ਸੂਰਮੇ ਆਇ ਉਮਾਹਤਿ।
ਲਿਹੁ ਆਗਾ ਅਬਿ ਠਾਂਢੇ ਹੋਇ।
ਤਜਹੁ ਤੀਰ ਗਨ ਬੀਚ ਪਰੋਇ ॥੩੨॥
ਸਾਵਧਾਨ ਹ੍ਵੈ ਆਪ ਬਚਾਵਹੁ।
ਲਿਹੁ ਦਲ ਸੰਗ ਅੱਗ੍ਰ ਕੋ ਧਾਵਹੁ।'
ਬਿਧੀ ਚੰਦ ਹਰਖਜੋ ਸੁਨਿ ਸਾਦਰ।
ਗਰਜਤਿ ਬੋਲਜੋ ਬੀਰ ਬਹਾਦੁਰ ॥੩੩॥
'ਮਹਾਂਰਾਜ! ਕਜਾ ਗੀਦੀ ਏਹੂ।
ਹਤਹਿਂ ਸਜਾਲ ਸਮ, ਆਵਨਿ ਦੇਹੂ[1]।'

[1]ਆਉਣ ਦਿਓ ਸੁ।

ਇਮ ਕਹਿਂ ਬਡ ਧੌਂਸਾ ਬਜਵਾਯੋ।
ਬਜੀ ਬੰਬ ਉਨਿ[†] ਜਨੁ ਗਰਜਾਯੋ[1]
॥੩੪॥

[1]ਮਾਨੋਂ ਝੁਕ ਕੇ ਆਇਆ (ਬੱਦਲ) ਗਰਜਿਆ ਹੈ। ਪਾਠਾਂਤ੍ਰ ਜੇ ਐਉਂ ਹੋਵੇ:-ਬਜੀ ਬੰਬ ਘਨ ਜਨੁ ਗਰਜਾਯੋ ਤਾਂ ਅਰਥ ਸਪਸ਼ਟ ਹੈ। [†]ਪਾ:-ਉਠਿ।

ਪਾਇ ਹੁਕਮ ਗੁਰੁ ਕੋ ਤਬਿ ਚਾਲਾ।
ਲੇ ਕਰਿ ਸੰਗੈ ਸੁਭਟ ਬਿਸਾਲਾ।
ਤੁਰਕਨਿ ਜਾਇ ਸੁ ਕੀਨਿ ਬਖਾਨ।
ਜਹਾਂ ਥਿਰਜੋ ਹੈ ਅਬਦੁਲਖਾਨ ॥੩੫॥
'ਨਹੀਂ ਕਰੀਮ ਬਖਸ਼ ਨੇ ਮਾਨਾ।
ਕਹੈ -ਪਹੁੰਚਿ ਹੌਂ ਗੁਰੁ ਜਿਸ ਥਾਨਾ-।'
ਸੁਨਿ ਕੈ ਸਿਰ ਧੁਨਿ ਕੈ ਪਛੁਤਾਵਾ।

'ਗਜੋ ਬੰਸ ਜਗ ਤੇ, ਅਬਿ ਪਾਵਾ[1†] ॥੩੬॥

[1]ਇਹ ਮੈਂ) ਹੁਣ ਪਾ ਲਿਆ ਭਾਵ ਸਮਝ ਲਿਆ ਹੈ (ਕਿ ਮੇਰੀ) ਬੰਸ (ਦਾ ਨਾਮ ਨਿਸ਼ਾਨ) ਜੱਗ ਤੋਂ ਗਿਆ ਭਾਵ ਹੋ ਮੁਕਾ। [†]ਪਾ:-ਪਛਤਾਵਾ।

ਔਚਿਕ ਖੱਤ੍ਰੀ ਆਨਿ ਚਢਾਏ[1]।'
ਆਪ ਮਰਜੋ ਹਮ ਕੋ ਮਰਿਵਾਏ।'
ਰਤਨ ਚੰਦ ਅਰੁ ਕਰਮ ਚੰਦ ਦੁਇ।
ਤਿਨ ਕੀ ਦਿਸ਼ਾ ਦੇਖਿ ਕੈ ਰਿਸ ਹੁਇ ॥੩੭॥

[1]ਖੱਤ੍ਰੀ ਨੇ ਚੜ੍ਹਾ ਲਿਆਂਦਾ।

ਕਹਜੋ ਤਰਜ ਕੈ ਤਿਨ ਕੇ ਸੰਗਿ।
'ਇਹਾ ਖਰੇ ਕਜੋਂ ਭਏ ਨਿਸੰਗ?
ਨਬੀਬਖਸ਼ ਕੋ ਜਿਸ ਥਲ ਮਾਰਾ।
ਤਹਾਂ ਕਰੀਮ ਬਖਸ਼ ਪਗ ਧਾਰਾ ॥੩੮॥
ਮਿਲਹੁ ਜਾਇ ਅਬਿ ਤਿਸ ਕੇ ਸੰਗਿ।
ਰੱਛਹੁ ਮਮ ਸੁਤ ਕੋ ਬਿਚ ਜੰਗ।
ਜਹਾਂ ਕਰੀਮ ਬਖਸ਼ ਚਲਿ ਜਾਇ।
ਤਿਸ ਕੋ ਸਾਥ ਛੋਰਿ ਨਹਿਂ ਆਇ ॥੩੯॥
ਮੈਂ ਇਤ ਘਾਲੌਂ ਜੋਰ ਘਨੇਰਾ।
ਹੋਇ ਅੰਤ ਰਣ ਕੋ ਇਸ ਬੇਰਾ।
ਗਹਹੁ ਕਿ ਮਾਰੋ ਗੁਰ ਕੋ ਜਾਈ।
ਨਬੀਬਖਸ਼ ਕੋ ਪਲਟੋ ਪਾਈ' ॥੪੦॥
ਰਿਸਿ ਕੋ ਬਚ ਨਬਾਬ ਕੋ ਸੁਨਜੋ।
ਗੁਨਜੋ ਸਸ਼ੋਕ ਪੁੱਤ੍ਰ ਜਿਸ ਹਨਜੋ[1]।

[1]ਉਸਨੂੰ) ਸ਼ੋਕਵਾਨ ਜਾਣਿਆਂ (ਕਿਉਂਕਿ) ਪੁੱਤ੍ਰ ਉਸ ਦਾ ਜੋ ਮਾਰਿਆ ਗਿਆ ਸੀ।

ਦੋਨਹੁੰ ਖੱਤ੍ਰੀ ਤੁਸ਼ਨਿ ਧਰਿ ਕੈ।
ਪ੍ਰੇਰੇ ਹਯ ਤੂਰਨਤਾ ਕਰਿ ਕੈ ॥੪੧॥
ਕੁਛਕ ਸੁਭਟ ਲੇ ਸੰਗ ਸਿਧਾਰੇ।
ਮਿਲੇ ਕਰੀਮ ਬਖਸ਼ ਬਨਿ ਪਜਾਰੇ।
ਬਾਦਤ ਬਾਜਨਿ ਲਗੇ ਜੁਝਾਊ।
ਗਮਨੇ ਅੱਗ੍ਰ ਟੋਲ ਸਮੁਦਾਊ ॥੪੨॥
ਜਬੈ ਤੁਰਕ ਧੌਂਸੇ ਧੁੰਕਾਰੇ।
ਹਯ ਕੁਦਾਇ ਫੇਰੇ ਅਗਵਾਰੇ।
ਬਿਧੀ ਚੰਦ ਤਿਹ ਸਨਮੁਖ ਹੋਵਾ।

ਸ਼ਸਤ੍ਰ ਸੰਭਾਰਤਿ ਆਗੇ ਜੋਵਾ ॥੪੩॥
ਛੂਟਨਿ ਲਗੀ ਤੁਫੰਗੈਂ ਬ੍ਰਿੰਦ।
ਤੜਭੜ ਉਠਯੋ ਸ਼ਬਦ ਬਿਲੰਦ।
ਤੁਮਲ ਜੁੱਧ[1] ਤਬਿ ਮਚਯੋ ਘਨੇਰਾ।
ਦੁਹਿ ਦਿਸ਼ਿ ਹੇਲਾ ਕੀਨਿ ਬਡੇਰਾ ॥੪੪॥

[1]ਘਮਸਾਨ ਦਾ ਜੁੱਧ [ਸੰ: ਤੁਮੁਲ]

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਹੱਲਾ ਕਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

੩੯. [ਕਰੀਮ ਬਖਸ਼ ਬੱਧ]

੩੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਲਘੁ ਸੁਤ ਤਬਹਿ ਨਬਾਬ ਕੋ,
ਕਰਿ ਸ਼ਿਤਾਬ ਉਮਡੰਤਿ।
ਜਯੋਂ ਜਯੋਂ ਆਗੇ ਹੋਤਿ ਹੈ,
ਤਯੋਂ ਤਯੋਂ ਜੰਗ ਮਚੰਤਿ ॥੧॥

ਪਾਧੜੀ ਛੰਦ:

ਕਰਿ ਹਲਾਹੂਲ ਬਹੁ ਜ਼ੋਰ ਸ਼ੋਰ।
ਬਡ ਪਰਯੋ ਰੌਰ ਚਹੁੰ ਓਰ ਘੋਰ।
ਭਰਮੰਤਿ ਗ੍ਰਿੱਧ ਮੁਖ ਮਾਸ ਧਾਰਿ।
ਗਨ ਭਏ ਕਾਕ ਕੂਕਤਿ ਪੁਕਾਰਿ ॥੨॥
ਖੱਪਰ ਭਰੰਤਿ ਬਹੁ ਸ਼੍ਰੋਣ ਸੰਗ।
ਕਰਿ ਪਾਨ ਜੋਗਨੀ ਨਾਚਿ ਅੰਗਿ[1]।
[1]ਅੰਗ =) ਸਰੀਰ ਨੂੰ ਨਚਾਉਂਦੀਆਂ ਹਨ।
ਸਿਰ ਖਿੰਡ ਝੰਡ ਝੁੰਡਨ ਪ੍ਰਚੰਡ[1]।
[1]ਜਿਨ੍ਹਾਂ) ਸਾਰੀਆਂ (ਜੋਗਣੀਆਂ ਦੇ) ਸਿਰ ਉਤੇ (ਪ੍ਰਚੰਡ ਝੰਡ =) ਭਜਾਨਕ ਵਾਲ ਖਿੰਡੇ ਹੋਏ ਹਨ।
ਹੜ ਹੜ ਹਸੰਤਿ ਬਡ ਭੀਮ ਤੁੰਡ[1] ॥੩॥
[1]ਮੂੰਹ।
ਆਮਿਖ ਭਖੰਤਿ ਗਹਿ ਰੁੰਡ ਮੁੰਡ[1]।
[1]ਧੜ ਤੇ ਸਿਰ।
ਗਨ ਦੰਤ ਸੰਗ ਕਰਿ ਖੰਡ ਖੰਡ।
ਲੇ ਹਯਨਿ ਪੂਛ ਸਿਰ ਪਰ ਧਰੰਤਿ।
ਨਰ ਮੁੰਡ ਮਾਲ[1] ਲਾਂਬੀ ਕਰੰਤਿ ॥੪॥
[1]ਮਨੁੱਖਾਂ ਦੇ ਸਿਰਾਂ ਦੀ ਮਾਲਾ।
ਭਟਹੁੰਨਿ ਹਾਥ ਕੈ ਪਾਇ ਕਾਟ[1]।
[1]ਸੂਰਮਿਆਂ ਦੇ ਹੱਥ ਯਾ ਪੈਰ ਕੱਟ ਕੇ।
ਧਰਿ ਕੈ ਸਿਕੰਧ ਪਿਖਿ ਆਨਿ ਡਾਟ[1]।
[1]ਹੋਰਨਾਂ ਨੂੰ ਤਾੜਦੀਆਂ ਹਨ।
ਹਯ ਚਰਨ ਆਗਲੇ ਕਿਨ[1] ਉਖਾਰ।
[1]ਕਿਨ੍ਹਾਂ ਨੇ।
ਬਿਚਰੰਤਿ ਬ੍ਰਿੰਦ ਹਾਥਨਿ ਉਭਾਰ ॥੫॥
ਕਿਨਹੁੰ ਸੁ ਆਂਤ੍ਰੈ ਗ੍ਰੀਵ ਡਾਰਿ।
ਗਨ ਭੂਤ ਪ੍ਰੇਤ ਪਾਵਤਿ ਧਮਾਰ[1]।
[1]ਲੁੱਡੀ, ਨਾਚ।
ਬਹੁ ਖਾਹਿਂ ਮਾਸ, ਕਰਿ ਸ਼੍ਰੋਣ ਪਾਨ।
ਤਬਿ ਬਰਨ ਅਰੁਨ ਲਿਪਤੇ ਮਹਾਂਨ[1] ॥੬॥
[1]ਲਾਲ ਰੰਗ ਨਾਲ ਬਹੁਤ ਲਿਬੜੀਆਂ ਹੋਈਆਂ।
ਰਣੁ ਖੇਤ ਦੀਖਿ ਭੀਖਨਿ ਬਿਲੰਦ[†]।
[†]ਇੱਥੇ ਭਜਾਨਕ ਰਸ ਦਾ ਕਮਾਲ ਹੈ।
ਗਨ ਤੁਰਕਨਿ ਕੇ ਹੁਇ ਓਜ ਮੰਦ।
ਸ਼ਲਖੈਂ ਪ੍ਰਚੰਡ ਛੂਟੈਂ ਤੁਫੰਗ।

ਪੁਨ ਕਰਤਿ ਸ਼ੀਘ੍ਰਤਾ ਫਿਰਤਿ ਜੰਗ
॥੭॥
ਕਿਨਹੁੰ ਬਰੂਦ ਬਿਚ ਤੁਪਕ ਡਾਲਿ।
ਬਹੁ ਠੋਕਿ ਠੋਕਿ ਗਜ ਕੋ ਨਿਕਾਲਿ।
ਗੁਲਕਾਨਿ ਡਾਲਿ ਆਛੇ ਟਿਕਾਇ।
ਪੁਨ ਭਰਤਿ, ਪਲੀਤਾ ਦੇਂ ਮਿਲਾਇ
॥੮॥
ਤੋਰਾ ਉਭਾਰਿ ਤੋਤੇ[1] ਜਰੰਤਿ।
ਧਰਿ ਸ਼ਿਸਤ ਤਾਕ ਕਰ ਤੇ ਦਬੰਤਿ।
ਬਹੁ ਕਰਤਿ ਸ਼ੀਘ੍ਰ ਇਹ ਸਕਲ ਕਾਰ।
ਛੂਟੈਂ ਤੁਫੰਗ ਰਣ ਬੇਸ਼ੁਮਾਰ ॥੯॥
ਇਮਿ ਮਰਤਿ ਮਾਰਤੇ[1] ਨੇਰ ਕੀਨਿ।
ਤੀਰਨ ਪ੍ਰਹਾਰਿ ਕਰਿ ਘਾਇ ਦੀਨਿ।
ਚਰੜੰਤਿ ਚਾਂਪ, ਛੁਟਕੰਤਿ ਬਾਨ।
ਭਟ ਕੋ ਨਿਖੰਗ ਤੇ ਕਾਢਿ ਤਾਨ[1] ॥੧੦॥
ਜੇਹਨਿ ਅਰੋਪਿ[1] ਤਕਿ ਸ਼ੱਤ੍ਰੂ ਗਾਤਿ।
ਬਲ ਤੇ ਛੁਟੰਤਿ ਕਰਿ ਦੇਤਿ ਘਾਤਿ।
ਬਹੁ ਤੁਮਲ ਜੁੱਧ ਮਾਚਜੋ ਕਰਾਲ।
ਮਿਲਿ ਗਏ ਪਰੀ ਬਹੁ ਹਾਲ ਚਾਲਿ
॥੧੧॥
ਤੋਮਰ ਭ੍ਰਮਾਇ ਮਾਰੰਤਿ ਫੇਰਿ।
ਤਨ ਲਗੈਂ ਸ਼ੱਤ੍ਰੂ ਦੇਂ ਭੂਮਿ ਗੇਰਿ।
ਬਹੁਰੋ ਨਿਕਾਸਿ ਤਕ ਔਰਿ ਮਾਰਿ[1]।
ਤਰਵਾਰਿ ਝਾਰ ਦੇਂ ਕਾਟ ਡਾਰਿ ॥੧੨॥
ਬਰਛੀਨਿ ਤੀਛਨਾ ਓਜ ਸੰਗਿ।
ਮਾਰੈਂ ਧਸਾਇ ਰਿਪੁ ਫੋਰ ਅੰਗਿ।
ਖਰ ਸੇਲ ਮੇਲ ਭੀ ਰੇਲਿ ਪੇਲਿ[1]।
ਛਿਨ ਬਿਖੈ ਛੈਲ ਗਿਰ ਪਰਤਿ ਝੇਲਿ[1]
॥੧੩॥
ਲਗਿ ਸ਼ਸਤ੍ਰ ਚੋਟ ਹੁਇ ਲੋਟ ਪੋਟ।
ਕੋ ਧਰਤਿ ਢਾਲ ਲੇ ਸਮੁਖ ਓਟ।
ਜਮਧਰ ਨਿਕਾਰਿ ਕਿਨ ਉਦਰ ਮਾਰਿ।

[1]ਬੰਦੂਕ ਦੇ ਘੋੜੇ ਵਿਚ।
[1]ਮਰਦਿਆਂ ਮਾਰਦਿਆਂ।
[1]ਕੋਈ ਸੂਰਮਾਂ ਭੱਥੇ ਵਿਚੋਂ (ਤੀਰ) ਕਢਕੇ ਤਾਣਦਾ ਹੈ।
[1]ਚਿੱਲੇ ਵਿਚ ਚੜ੍ਹਾਕੇ।
[1]ਦੂਸਰੇ ਨੂੰ ਤੱਕਕੇ ਮਾਰਦੇ ਹਨ।
[1]ਭਰਮਾਰ। (ਅ) ਧੱਕਾ ਧੱਕੀ।
[1]ਧੱਕਾ ਖਾ ਕੇ।

ਤਰਵਾਰ ਚਲਤਿ ਰਣ ਬਾਰ ਬਾਰ ॥੧੪॥
ਲੋਹੂ ਸ਼ਨਾਨ ਤੇ ਲਾਲ ਜਾਲ।
ਥਹਿਰੰਤਿ ਹਾਥ ਮਹਿਂ ਚਾਲਿ ਚਾਲਿ[1]।

[1]ਲਹਿਰਾਉਂਦੀ ਹੈ ਹੱਥ ਵਿਚ ਚੰਚਲ (ਤਲਵਾਰ)। (ਅ) (ਤਲਵਾਰ) ਚਲ ਚਲ ਕੇ ਹੱਥ ਵਿਚ ਥਿੜਕਦੀ ਹੈ।

ਕੇਤਿਕ ਪ੍ਰਹਾਰ ਤੇ ਖੜਗ ਟੂਟਿ।
ਰਹਿ ਮੁਸ਼ਟ ਹਾਥ ਮਿਲਿ, ਮੁਸ਼ਟ ਕੂਟਿ[1] ॥੧੫॥

[1]ਹੱਥ (ਤਲਵਾਰ ਦੇ) ਕਬਜ਼ੇ ਨਾਲ ਚੰਮੜੇ ਰਹੇ ਤੇ ਕਬਜ਼ੇ ਨਾਲ (ਹੀ ਇਕ ਦੂਜੇ ਨੂੰ) ਕੁੱਟਦੇ ਹਨ।

ਜਿਯਬੇ ਨਿਰਾਸ ਹੁਇ ਲਰਤਿ ਬੀਰ।
ਭਾਗੇ ਭਗੈਲ ਭੈ ਭੂਰ ਭੀਰ।
ਨੰਦਨ ਨਬਾਬ ਕੇ ਨੇਰ ਕੀਨਿ।
ਜਿਨ ਸਾਥ ਬੀਰ ਲੇ ਬੀਨ ਬੀਨ ॥੧੬॥
ਊਚੇ ਪੁਕਾਰ ਸਭਿ ਸੋਂ ਕਹੰਤਿ।
'ਮਿਲਿ ਜਾਹੁ ਹੇਲ ਕਰਿ ਸ਼ੱਤ੍ਰੁ ਹੰਤਿ।
ਇਹ ਸਿੱਖ ਅਲਪ ਤੁਮਰੇ ਅਗਾਰਿ।
ਕਰਿ ਕਤਲ ਸਭਿਨਿ ਦਿਹੁ ਮਾਰਿ ਡਾਰਿ ॥੧੭॥
ਗੁਰੁ ਹਰਿਗੋਵਿੰਦ ਕੋ ਘੇਰਿ ਲੇਹੁ।
ਮਿਲਿ ਕੈ ਸਮੂਹ ਨਹਿਂ ਜਾਨਿ ਦੇਹੁ।
ਰਣ ਕਰਤਿ ਜਿਯਤਿ ਕੋ ਗਹਹੁ ਧਾਇ।
ਨਤੁ ਦੇਹੁ ਮਾਰਿ, ਨਹਿਂ ਭਾਜ ਜਾਇ ॥੧੮॥
ਰਣ ਫਤੇ ਹੋਇ ਤੁਮਰੀ ਬਿਸਾਲ।
ਪੁਨ ਦਰਬ ਜਗੀਰਨਿ ਲੇਹੁ ਜਾਲ।
ਘਰ ਕਰਹੁ ਖੁਸ਼ੀ ਪੀਵਹੁ ਸ਼ਰਾਬ।
ਮਿਲਿ ਸਭਿਨਿ ਬੀਚ ਭੱਖਹੁ ਕਬਾਬ ॥੧੯॥
ਬਹੁ ਸਿਫਤਿ ਹੋਇ ਸਭਿਕੀ ਜਹਾਨ।
ਜਹਿਂ ਜਾਹੁ ਤਹਾਂ ਦੇਂ ਅਧਿਕ ਮਾਨ।'
ਇਮ ਕਹਤਿ ਦਿਲਾਸਾ ਅਧਿਕ ਕੀਨਿ।
ਲੇ ਸਭਿਨਿ ਸੰਗ ਆਯੋ ਪ੍ਰਬੀਨ ॥੨੦॥
ਜਬਿ ਵਧਯੋ ਅੱਗ੍ਰ ਘੋਰਾ ਕੁਦਾਇ।
ਤਬਿ ਬਿਧੀਚੰਦ ਸਤਿਗੁਰ ਮਨਾਇ।

ਕਰ ਧਨੁਖ ਧਾਰਿ ਤੀਰਨਿ ਪ੍ਰਹਾਰ।
ਜੋ ਵਧਹਿ ਅੱਗ੍ਰ ਤਿਸ ਦੇਤਿ ਮਾਰਿ ॥੨੧॥
ਅਪਨੋ ਤੁਰੰਗ ਤਹਿਂ ਫੇਰਿ ਫੇਰਿ।
ਰਣ ਤੁਰਕ ਖਪਾਵਤਿ ਬੇਰਿ ਬੇਰਿ[1]।
ਤਬਿ ਕ੍ਰੀਮਬਖਸ਼ ਬਰਛੀ ਸੰਭਾਰਿ।
ਨਿਜ ਹਯ ਨਚਾਇ ਹਨਿ ਬਾਰਿ ਬਾਰਿ ॥੨੨॥
ਜਿਸ ਕੇ ਸਹਾਇ ਖੱਤ੍ਰੀ ਸੁ ਦੁੰਦ[1]।
ਇਕ ਰਤਨਚੰਦ ਅਰੁ ਕਰਮਚੰਦ।
ਬਹੁ ਸੁਭਟ ਸੰਗ ਕਰਿ ਮਾਰਿ ਮਾਰਿ।
ਹਤਿ ਕੈ ਹਥਜਾਰ ਦੇਂ ਆਵਿਨਿ ਡਾਰਿ ॥੨੩॥

ਭੁਜੰਗ ਛੰਦ:

ਘਨੇ ਸਿੱਖ ਆਏ ਪਰੇ ਦੌਰ ਐਸੇ।
ਪਿਖੇ ਮਾਸ ਕੋ ਬਾਜ ਧਾਵੰਤਿ ਜੈਸੇ।
ਧਕਾ ਧੱਕ ਧੀਰੰ ਹਥਾ ਵੱਥ ਹੋਏ[1]।
ਕਰਾਚੋਲ ਬਾਹੈਂ ਉਟੈਂ ਢਾਲ ਕੋਏ[1] ॥੨੪॥
ਤੁਟੈਂ ਤੀਖ ਤੇਗੇ ਲਗੈਂ ਲੋਹ ਉਪੈ।
ਕਿਤੇ ਅੰਗ ਕਾਟੇ ਗਿਰੈਂ ਸੂਰ ਭੂ ਪੈ।
ਮਹਾਂ ਲੋਥ ਪੋਥਾਨਿ ਹੋਈ ਕਰਾਲਾ।
ਬਹਯੋ ਸ਼੍ਰੋਣ ਜਾਤੋ ਧਰਾ ਰੰਗ ਲਾਲਾ ॥੨੫॥
ਕਰਯੋ ਖਾਨ ਹੇਲਾ ਗੁਰੂ ਸੂਰ ਹਾਲੇ।
ਪਰੇ ਸ਼ੱਤ੍ਰੁ ਬ੍ਰਿੰਦੰ ਕਹਾਂ ਤੀਕ ਝਾਲੇਂ।
ਛੁਟਾਈ ਛਿਤੰ ਕੋ ਤਹਾਂ ਤੀਕ ਆਏ।
ਨਬਾਬੰ ਤਨੂਜੰ[1] ਪਰਯੋ ਜੌਨ ਥਾਏਂ ॥੨੬॥
ਪਿਖਯੋ ਭ੍ਰਾਤ ਜੇਠਾ ਕਟੇ ਅੰਗ ਡਾਲਾ[1]।
ਪਰਯੋ ਧੂਰ ਮੈਂ ਤੁੰਡ ਮੁੰਡੈ ਕਰਾਲਾ।
ਗਿਰਯੋ ਨੈਨ ਤੇ ਨੀਰ ਰੋਦੰਤਿ ਹੇਰੇ।
ਪੁੰਨ ਜੁੱਧ ਕੋ ਕੋਪ ਕੀਨੋ ਘਨੇਰੇ ॥੨੭॥
ਦਬਾਏ ਅਗਾਰੀ, ਪ੍ਰਹਾਰੇ, ਭਜਾਏ।

[1]ਵਾਰੀ ਵਾਰੀ।

[1]ਦੋਵੇਂ।

[1]ਧੀਰਜੀ ਜਾਂ ਹਠੀਲੇ (ਸੂਰਮਿਆਂ) ਨੂੰ (ਆ) ਧੱਕਮਧੱਕਾ ਕੀਤੀ ਤੇ ਹਥੋ ਹੱਥ ਦੀ (ਲੜਾਈ) ਛਿੜ ਪਈ।

[1]ਕਈ ਆਸਰਾ ਕਰਕੇ ਢਾਲ ਦਾ ਤਲਵਾਰ ਵਾਹੁੰਦੇ ਹਨ।

[1]ਨਬਾਬ ਦਾ ਪੁੱਤ੍ਰ।

[1]ਪਿਆ ਹੈ।

ਨਹੀਂ ਪਾਇ ਜਾਮੇ ਘਨੇ ਸ਼ੱਤ੍ਰ ਆਏ।
ਮਰੇ ਸੈਂਕਰੇ ਸੂਰ ਖੇਤੰ ਮਝਾਰਾ।
ਨਬਾਬੰ ਤਨੂਜੰ ਕਰਯੌ ਜੰਗ ਭਾਰਾ ॥੨੮॥
ਰਿਦੇ ਸ਼ੋਕ ਤੇ ਕੋਪ ਜਾਗਜੋ ਬਡੇਰੇ।
ਭਜੇ ਸਿੱਖ ਥੋਰੇ ਬਿਧੀਚੰਦ ਹੇਰੇ।
ਤਬੈ ਚਾਪ ਤੇ ਤੀਰ ਤੀਖੇ ਪ੍ਰਹਾਰੇ।
ਲਗੇ ਸ਼ੱਤ੍ਰ ਕੇ ਅੰਗ ਪਾਰੈ ਪਧਾਰੇ[1] ॥੨੯॥
ਲਿਯੋ ਰੋਕ ਆਗਾ ਜਥਾ ਦੇ ਕਪਾਟੇ।
ਕਰੇ ਸਿੱਖ ਪੀਛੇ ਬਡੇ ਖਾਨ ਡਾਟੇ।
ਉਥੱਲੇ, ਪਥੱਲੇ, ਲਥੇਰੇ, ਪਥੇਰੇ।
ਪਰੀ ਧੂਮ ਭਾਰੀ ਪੁਕਾਰੈਂ ਘਨੇਰੈ ॥੩੦॥
ਲਏ ਰੋਕ ਸਾਰੇ ਇਸੀ ਰੀਤਿ ਜਾਨੋ।
ਹੜ੍ਹੰ ਨੀਰ ਕੋ ਸੈਲ ਜੈਸੇ ਮਹਾਨੋ।
ਜਥਾ ਜੰਗ ਥੰਭਾ ਬਿਧੀਚੰਦ ਹੋਵਾ।
ਕਰੀਮੂ ਬਡੋ ਜ਼ੋਰ ਦੈ ਕੈ ਸੁ ਜੋਵਾ ॥੩੧॥
'ਖਰੋ ਹੋਹੁ ਗੀਦੀ! ਕਹਾਂ ਜਾਤਿ ਆਗੇ?
ਲਰੋ ਸੰਗ ਮੇਰੇ ਚਹੈਂ ਪ੍ਰਾਣ ਤਯਾਗੇ।'
ਸੁਨੀ ਬਾਤ ਕਾਨੰ ਕਰੀਮੂ ਰਿਸਾਯੋ।
ਗਹਯੋ ਸੇਲ ਤੀਖੋ ਤੁਰੰਗੈਂ ਧਵਾਯੋ ॥੩੨॥
ਬਿਧੀਚੰਦ ਕੇ ਨੇਰ ਢੁਕਯੋ ਸੁ ਆਈ।
ਪ੍ਰਹਾਰਯੋ ਤਬੈ ਸਾਮੁਹੇ ਓਜ ਲਾਈ।
ਲਗਯੋ ਜ਼ੀਨ ਬੀਚੰ ਖ੍ਰਗੀਨੰ ਪਰੋਯੋ।
ਗੁਰੂ ਜੀ ਬਚਾਯੋ, ਸਹਾਈ ਸੁ ਹੋਯੋ ॥੩੩॥
ਨਿਕਾਸਯੋ ਦੁਧਾਰਾ ਸੁ ਖੰਡਾ ਪ੍ਰਚੰਡੰ।
ਕਟਯੋ ਸੇਲ ਗੇਰਯੋ ਭਏ ਦੋਇ ਖੰਡੰ।
ਕਹਯੋ 'ਜਾਹੁ ਨਾਂਹੀ ਮਮੰ ਵਾਰ ਦੀਜੈ।
ਨਹੀਂ ਜਾਨਿ ਦੈ ਹੌਂ ਥਿਰੋ ਜੰਗ ਕੀਜੈ ॥੩੪॥
ਗਜੰ ਗਾਹ[1] ਬੰਧ ਪੁਨੰ ਭਾਗ ਜਾਨੋ।

[1]ਪਾਰ ਪੈ ਗਏ।

[1]ਇਕ ਪ੍ਰਕਾਰ ਦਾ ਘੋੜੇ ਦਾ ਸ਼ਿੰਗਾਰ। ਅਸਲ ਵਿਚ ਇਕ ਪ੍ਰਕਾਰ ਦਾ ਲਟਕਨ ਜੋ ਚੌਰ ਦੇ ਵਾਲਾਂ ਆਦਿਕਾਂ ਦਾ ਬਣਾਕੇ ਹਾਥੀ ਦੀ ਗਰਦਨ ਦੇ ਦੁਵੱਲੀ ਲਟਕਾਉਂਦੇ ਹਨ, ਪਰ ਘੋੜੇ ਦੇ ਕੰਨਾਂ ਤੋਂ ਲੈ ਕਾਠੀ ਤੱਕ ਦੁਵੱਲੀ ਲਟਕਦੇ

ਲਟਕਨਾਂ ਨੂੰ ਹੀ ਇਹੋ ਕਹਿਂਦੇ ਹਨ। ਹਿੰਦੀ ਵਿਚ ਹਾਥੀ ਘੋੜੇ ਦੇ ਝੋਲ ਨੂੰ ਬੀ ਕਹਿਂਦੇ ਹਨ ਤੇ ਇਸ ਤੁਕ ਵਿਚ ਕਈ ਦਾਨੇ ਇਸ ਦਾ ਅਰਥ 'ਗਾਨਾ' ਤੇ 'ਤੁਰਲਾ' ਬੀ ਲਾਉਂਦੇ ਹਨ।

ਨਹੀਂ ਬਾਤਿ ਆਛੀ ਕਰੀ ਲਾਜ ਹਾਨੋ।'
ਕਰੀਮੂ ਰਿਸਜੋ ਮੋਰਿ[1] ਘੋਰਾ ਸੁ ਆਯੋ।
ਮਨੋ ਪੂਛ ਤੇ ਨਾਗ ਕਾਹੂੰ ਦਬਾਯੋ ॥੩੫॥
ਲਯੋ ਖੈਂਚ ਤੇਗ਼ਾ -ਹਤੌਂ- ਚੀਤ ਚਾਹਜੋ।
ਇਤੇ ਮੈਂ ਬਿਧੀਚੰਦ ਨੇ ਵਾਰ ਬਾਹਜੋ।
ਕਰੀ ਢਾਲ ਆਗੈ ਬਚਜੋ ਅੰਗ ਸਾਰੋ।
ਕਰੀਮੂ ਰਿਸਜੋ ਫੇਰ ਕੈ ਵਾਰ ਝਾਰੇ[1] ॥੩੬॥
ਬਿਧੀਚੰਦ ਨੇ ਤੇਗ਼ ਪੈ ਤੇਗ਼ ਲੀਨੀ।
ਕੁਪਜੋ ਲਾਲ ਨੈਨੰ ਪੁਨੰ ਘਾਤਿ ਚੀਨੀ[1]।
ਤੁਰੰਗੇ ਤ੍ਰਪਾਯੋ ਤਬੈ ਦੰਤ ਪੀਸੰ[1]।
ਪ੍ਰਹਾਰਜੋ ਸ ਜ਼ੋਰੰ, ਕਟਜੋ ਸ਼ੱਤ੍ਰ ਸੀਸੰ ॥੩੭॥
ਕਰੀਮੂ ਗਿਰਜੋ ਭੂਮਿ ਝੂਮਜੋ ਜੁਝਾਰਾ।
ਬਿਧੀਚੰਦ ਗਾਜਾ ਮਨੋ ਸ਼ੇਰ ਭਾਰਾ।
ਹਟੇ ਖਾਨ ਪੀਛੇ ਜਬੈ ਮ੍ਰਿੱਤੁ ਦੇਖਾ।
ਨਹੀਂ ਧੀਰ ਬਾਂਧੀ ਸੁ ਤ੍ਰਾਸੇ ਵਿਸ਼ੇਖਾ ॥੩੮॥
ਤਬੈ ਦੋਇ ਖੱਤ੍ਰੀ ਦੁਖੀ ਹੋਇ ਹਾਲੇ।
ਹਟੇ ਪਾਂਇ ਪਾਛੈ ਨਹੀਂ ਅੱਗ੍ਰ ਘਾਲੇ।
-ਉਭੈ ਪੁੱਤ੍ਰ ਸੂਬੇ ਇਨ੍ਹੋ ਮਾਰਿ ਦੀਨੇ।
ਬਚੈ ਕੌਨ ਆਗੇ- ਭਏ ਦੀਨ ਹੀਨੇ ॥੩੯॥

ਦੋਹਰਾ:
ਰਨ ਕੇ ਸਨਮੁਖ ਹੋਤਿ ਨਹਿਂ, ਮਹਾਂ ਤ੍ਰਾਸ ਕੋ ਪਾਇ।
ਉਤ ਨਬਾਬ ਤੇ ਡਰਤਿ ਹੈਂ, ਤਿਸ ਕੇ ਨਿਕਟਿ ਨ ਜਾਇਂ ॥੪੦॥
-ਬੁਰੀ ਭਈ- ਚਿਤ ਚਿਤਵਤੇ, ਟਰੇ

[1]ਮੋੜ ਕੇ।
[1]ਆਪਣਾ) ਵਾਰ ਝਾੜਿਆ ਭਾਵ ਕੀਤਾ।
[1]ਦਾਉ ਤਾੜਿਆ।
[1]ਵਿਉਂਤ ਨਾਲ ਘੋੜੇ ਨੂੰ) ਟਪਾਇਆ ਦੰਦ ਪੀਹਕੇ।

ਅਪਰ ਹੀ ਥਾਨ।
ਚਮੂੰ ਪਲਾਈ ਸਕਲ ਹੀ ਹਤਿ, ਸੁਤ
ਅਬਦੁਲ ਖਾਨ ॥੪੧॥
ਚੌਪਈ:
ਨਬੀ ਬਖਸ਼ ਕੋ ਪੂਰਬਿ ਮਾਰਜੋ।
ਪੁਨਹੁ ਕਰੀਮ ਬਖਸ਼ ਹਨਿ ਡਾਰਜੋ।
ਭਾਗੀ ਤੁਰਕ ਬਾਹਨੀ ਸਾਰੀ।
ਬਿਧੀਚੰਦ ਤਬਿ ਪਰਜੋ ਪਿਛਾਰੀ ॥੪੨॥
ਕਟਹਿਂ ਖੜਗ ਸੋਂ ਹਾ ਹਾ ਕਰਿਹੀਂ।
ਕਿਤਿਕ ਦੌਰ ਤੇ ਗਿਰ ਗਿਰ ਪਰਿਹੀਂ।
ਚਮਕੀ ਘਨੀ ਕ੍ਰਿਪਾਨੈਂ ਨੰਗੀ।
ਥਹਿਰਤਿ ਹਾਥਨਿ ਸ੍ਰੋਣਤਿ ਰੰਗੀ[1] [1]ਲਹਿਰਾਉਂਦੀਆਂ ਹਨ ਹੱਥਾਂ ਵਿਚ ਲਹੂ ਰੰਗੀਆਂ।
॥੪੩॥
ਬਿਧੀਚੰਦ ਸੰਗ ਸਿੱਖ ਘਨੇਰੇ।
ਜਗਨਾ ਮੋਲਕ ਹਯ ਬਡ ਪ੍ਰੇਰੇ।
ਜਮੇ ਹਾਥ ਕਬ ਜਿਨਿ ਕੇ ਸੰਗ[1]। [1]ਤਲਵਾਰ ਦੀਆਂ ਮੁੱਠਾਂ ਨਾਲ।
ਲਿਪਟਜੋ ਲਹੂ ਲਾਲ ਸਰਬੰਗ ॥੪੪॥
ਭਾਜੇ ਖਾਨ ਤ੍ਰਾਸ ਬਹੁ ਧਾਰਾ।
ਤਬਿ ਨਬਾਬ ਲਗਿ ਪਰੀ ਪੁਕਾਰਾ।
'ਕਜਾ ਦੇਖਤਿ ਹੋ ਥਿਰੇ ਤਮਾਸ਼ਾ।
ਪੁੱਤ੍ਰ ਦੂਸਰੋ ਭਯੋ ਬਿਨਾਸ਼ਾ ॥੪੫॥
ਆਗੇ ਵਧਿ ਏਕੋ ਲਰਿ ਮਰਜੋ।
ਸਕਲ ਭਜਾਏ ਕੋਇ ਨ ਅਰਜੋ।
ਇਕ ਗੁਰ ਕੇ ਦਲ ਤੇ ਭਟ ਆਯੋ।
ਦੁਹਨਿ ਖੜਗ ਕੋ ਜੰਗ ਮਚਾਯੋ ॥੪੬॥
ਤਿਸ ਨੇ ਸੀਸ ਕਾਟ ਕਰਿ ਗੇਰਾ।
ਲਸ਼ਕਰ ਪਿਖਿ ਭਾਜਜੋ ਤਬਿ ਤੇਰਾ।'
ਸੁਨਤਿ ਨਬਾਬ ਸ਼ੋਕ ਧਰਿ ਭਾਰੀ।
ਬਹਜੋ ਬਿਲੋਚਨ ਤੇ ਬਹੁ ਭਾਰੀ ॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਕਰੀਮ ਬਖਸ਼ ਬੱਧ' ਪ੍ਰਸੰਗ ਬਰਨਨੰ ਨਾਮ ਏਕੋਨਚੱਤ੍ਵਾਰਿੰਸਤੀ ਅੰਸੂ ॥੩੯॥

੪੦. [ਅਬਦੁਲਖਾਂ ਦੀ ਚੜ੍ਹਾਈ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

ਪੁੱਤ੍ਰ ਮਰੇ ਤੇ ਸ਼ੋਕ ਭਾ, ਰੁਦਤਿ ਨਬਾਬ ਬਿਸਾਲ।
ਤਿਸ ਛਿਨ ਕੋ ਪਛੁਤਾਵਤੋ, ਜਬਿ ਚਢਿ ਆਇ ਉਤਾਲ ॥੧॥

ਚੌਪਈ:

ਇਮ ਦੇਖਯੋ ਜਬਿ ਅਬਦੁਲਖਾਨ।
ਲੋਕ ਲਰਨਿ ਤੇ ਹਟੇ ਮਹਾਨ।
ਆਪ ਆਪਿ ਕੋ ਥਿਰੇ ਪਿਛੇਰੇ[1]। — [1]ਪਿੱਛੇ ਹੋ ਹੋ) ਖਲੋ ਗਏ।
ਕੋ ਕੋ ਚਲਹਿ ਤੁਪਕ ਤਿਸ ਬੇਰੇ ॥੨॥
ਜੰਗ ਉਝਾਰ† ਸਮਾਨ ਬਿਲੋਕਾ[1]। — [1]ਜੰਗ ਉਜਾੜ ਤੁਲ ਡਿੱਠਾ (ਅ) ਜੰਗ ਵਿਚ ਉਜਾੜੇ ਦਾ ਸਾਮਾਨ ਡਿੱਠਾ। †ਪਾ:-ਉਜਾਰ।
ਪਿਖਿ ਨਬਾਬ ਕੋ ਸਭਿ ਕੋ ਸ਼ੋਕਾ[1]। — [1]ਨਵਾਬ ਵਲ ਵੇਖਕੇ ਸਭ ਨੂੰ ਸ਼ੋਕ (ਉਪਜਦਾ ਹੈ, ਕਿਉਂਕਿ ਦੋਵੇਂ ਪੁੱਤ੍ਰ ਉਸ ਦੇ ਮਾਰੇ ਗਏ ਹਨ)।
ਦੋਨਹੁ ਖਤ੍ਰੀ ਢਿਗ ਚਲਿ ਆਏ।
ਜਿਨਹੁ ਲਰਨਿ ਕੋ ਸਰਬ ਚਢਾਏ ॥੩॥
ਕਰਹਿਂ ਤ੍ਰਾਸ ਥਿਰ ਦੂਰਿ ਰਹੇ ਹੈਂ।
ਮਰੇ ਬਹੁਤ ਲਘੁ ਜਿਯਤਿ ਲਹੇ ਹੈਂ।
ਕਿਤਿਕ ਬਾਰਿ ਲੌ ਰੁਦਤਿ ਥਿਰਯੋ ਹੈ।
ਬਹੁਰ ਨਬਾਬ ਬਿਚਾਰ ਕਰਯੋ ਹੈ ॥੪॥
-ਸਭ ਲਸ਼ਕਰ ਕੋ ਅਹੌਂ ਅਧਾਰਾ[1]। — [1]ਮੈਂ ਆਸਰਾ ਹਾਂ।
ਬਿਦਤਹਿ ਬਾਤ 'ਗੁਰੂ ਤੇ ਹਾਰਾ।'
ਸ਼ਾਹੁ ਜਹਾਂ ਸੁਨਿ ਦੇਹਿ ਨਿਕਾਰਾ।
ਕਹਾਂ ਰਹੌਂ ਮੈਂ ਖਾਇ ਅਹਾਰਾ ॥੫॥
ਪੁੱਤ੍ਰ ਗਏ ਮਰਿ ਬੀਰ ਬਿਸਾਲੇ।
ਧਿਕ ਜੀਵਨ ਮੇਰੋ ਇਸ ਕਾਲੇ।
ਹਰਿਗੁਵਿੰਦ ਕੋ ਗਹੌਂ ਕਿ ਮਾਰੌਂ।
ਤੌ ਜੀਵਨਿ ਕੋ ਨੀਕ ਨਿਹਾਰੌਂ ॥੬॥
ਨਤੁ ਜਹਿਂ ਪੁੱਤ੍ਰ ਗਏ ਮਰਿ ਆਗੇ।
ਜਾਉਂ ਆਪ ਮੈਂ ਤਿਨ ਸੰਗ ਲਾਗੇ।
ਲਰਿਬੇ ਹਟੌਂ ਨਹੀਂ ਮੁਝ ਨੀਕੀ[1]। — [1]ਲੜਨ ਤੋਂ ਹੱਟ ਰਹਿਣਾ ਮੇਰੇ ਲਈ ਚੰਗਾ ਨਹੀਂ।

ਬਾਤ ਸ਼ਾਹੁ ਦਿਸ਼ਿ ਤੇ ਹੁਇ ਫੀਕੀ ॥੭॥
ਜਗ ਮਹਿਂ ਨਿੰਦਾ ਬਿਥਰੈ ਮੇਰੀ।
ਅਸ ਜਿਯ ਤੇ[1] ਆਛੀ ਮ੍ਰਿਤੁ ਹੇਰੀ-। [1]ਐਹੋ ਜਹੇ ਜੀਉਣ ਨਾਲੋਂ।
ਇਮ ਚਿਤਵਤਿ ਪੌਂਛਯੋ ਦ੍ਰਿਗ ਬਾਰੀ।
ਅਵਿਲੋਕਤਿ ਭਾ ਜੰਗ ਉਝਾਰੀ[1] ॥੮॥ [1]ਜੰਗ ਦਾ ਉਜਾੜਾ ਡਿੱਠੋ ਸੁ।
-ਘਟਿਕਾ ਏਕ ਰਹਯੋ ਦਿਨ ਆਈ।
ਬਿਨਾ ਲਰੇ ਜੇ ਨਿਸ ਪਰ ਜਾਈ।
ਬਹੁਰ ਕਹਾਂ ਜਾਨੈਂ ਕਜਾ ਹੋਇ।
ਲਰਿਬੇ ਸਮਾਂ ਨ ਪ੍ਰਾਪਤਿ ਕੋਇ ॥੯॥
ਸੈਨਾਪਤਿ ਜੁਤਿ ਸੁਤ ਮਰਿ ਗਏ।
ਮਮ ਆਗੇ ਪ੍ਰਾਨਨਿ ਕੋ ਦਏ।
ਜਿਨ ਕੇ ਬਿਨਾ ਲਰਨਿ ਤੇ ਸੈਨਾਂ।
ਹਟਿ ਕਰਿ ਥਿਰੀ ਅੱਗ੍ਰ[1] ਕੋ ਹੈ ਨਾ ॥੧੦॥ [1]ਮੁਖੀਆ।
ਇਕ ਮੈਂ ਰਹਯੋ ਮਰੌਂ ਕੈ ਮਾਰੋਂ।
ਦ੍ਵੈ ਬਿਨ ਜੀਵਨ ਨਹੀਂ ਬਿਚਾਰੋਂ-।
ਦੋਨਹੁ ਖਤ੍ਰੀ ਜੀਵਤਿ ਜਾਨੇ।
ਰਿਸ ਕੇ ਨਿਕਟਿ ਹਕਾਰਨਿ ਠਾਨੇ ॥੧੧॥
'ਸਦਾ ਹੈਫ ਸਦ[1] ਤੁਮਰੇ ਤਾਈਂ। [1]ਸੋ ਵਾਰ ਅਫਸੋਸ ਭਾਵ ਲਾਨਤ।
ਨਹੀਂ ਭਏ ਗੁਰੁ ਸਨਮੁਖ ਜਾਈ।
ਹਤੇ ਪੰਚ ਸੂਰੇ ਸਰਦਾਰ।
ਦੋਇ ਪੁੱਤ੍ਰ ਰਣ ਲੀਨੇ ਮਾਰਿ ॥੧੨॥
ਤੁਮ ਗੀਦੀ ਇਤ ਉਤ ਹੁਇ ਜਾਤੇ।
ਨਹੀਂ ਸ਼ਸਤ੍ਰ ਮਾਰਤਿ ਅਰੁ ਖਾਤੇ।
ਬੀਚ ਕਚਹਿਰੀ ਬਾਤ ਬਨਾਵਹੁ।
ਰਾਰ ਛੇਰ ਕਰਿ ਬੀਰ ਹਨਾਵਹੁ ॥੧੩॥
ਅਬਿ ਮੁਝ ਸੰਗ ਅਗਾਰੀ ਚਾਲਹੁ।
ਜਯੋਂ ਬੋਲਤਿ ਤਯੋਂ ਸ਼ਸਤ੍ਰ ਸੰਭਾਲਹੁ।'
ਭਏ ਕੂਰ ਨਹਿਂ ਬੋਲੇ ਬੈਨ।
ਨਹੀਂ ਨਬਾਬ ਦਿਸ਼ਾ ਕਰਿ ਨੈਨ ॥੧੪॥
ਅਬਦੁਲ ਖਾਂ ਤਬਿ ਹੁਕਮ ਬਖਾਨਾ।

ਬਜੇ ਦਮਾਮੇ ਨਾਦ ਮਹਾਨਾ।
ਆਗੇ ਭਏ ਪਤਾਕਾ ਵਾਰੇ[1]। — [1]ਝੰਡਿਆਂ ਵਾਲੇ।
ਉਮਡੇ ਬੀਰ ਕ੍ਰੋਧ ਕਰਿ ਭਾਰੇ ॥੧੫॥
ਚਲਯੋ ਨਬਾਬ ਆਪ ਧਰਿ ਕ੍ਰੋਧਾ।
ਲੀਨੇ ਸਕਲ ਸਕੇਲ ਸੁ ਜੋਧਾ।
ਜਹਿਂ ਰਣ ਖੇਤ ਗੁਰੂ ਭਟ ਠਾਂਢੇ।
ਰੋਪੇ ਪਾਇ ਸ਼ਸਤ੍ਰ ਗਹਿ ਗਾਢੇ ॥੧੬॥
ਮਰੇ ਤੁਰਕ ਲਾਗੇ ਅੰਬਾਰਾ।
ਹਯ ਪਰ ਹਯ ਮਰਿ ਗਿਰੇ ਉਦਾਰਾ।
ਸ੍ਵਾਨ[1] ਸ਼੍ਰਿੰਗਾਲ[2] ਮਾਸ ਕੋ ਖਾਤੇ। — [1]ਕੁੱਤੇ। [2]ਗਿੱਦੜ।
ਭੂਤ ਪ੍ਰੇਤ ਡਾਕਨਿ ਡਕਰਾਤੇ ॥੧੭॥
ਭਯੋ ਰੁਦ੍ਰ ਫਿਰਿਬੇ ਕੋ ਸਮੋ[1]। — [1]ਸ਼ਾਮਾਂ ਦਾ ਸਮਾਂ, ਰੁੱਦ੍ਰ ਸ਼ਾਮਾਂ ਨੂੰ ਨਿਕਲਦਾ ਕਹਿੰਦੇ ਹਨ।
ਗਣ ਅਨੇਕ ਸੰਗ ਭੇ[1] ਕਰਿ ਨਮੋ। — [1](ਰੁਦ੍ਰ ਦੇ) ਨਾਲ ਅਨੇਕਾਂ ਗਣ ਹੋ ਲਏ।
ਰਣ ਬਚਿੱਤ੍ਰ ਕੋ ਹਰਖ਼ਯੋ ਹੇਰਤਿ।
ਗ੍ਰਿੱਝ, ਪਿਸ਼ਾਚ, ਕਾਕ ਗਨ ਟੇਰਤਿ ॥੧੮॥
ਬਹੁ ਰਣ ਕੀਨ ਲਥੇਰ ਪਥੇਰਾ।
ਬਿਧੀ ਚੰਦ ਸਿਖ ਬੀਰ ਬਡੇਰਾ।
ਪਿਖਿ ਤੁਰਕਨਿ ਕੋ ਗੁਰ ਢਿਗ ਗਯੋ।
ਸਗਰੋ ਭੇਤ ਸੁਨਾਵਤਿ ਭਯੋ ॥੧੯॥
'ਮਹਾਂਰਾਜ! ਹੇਰਹੁ ਰਿਪੁ ਆਏ।
ਰਹੇ ਇਤਿਕ, ਭੇ ਮ੍ਰਿਤੁ ਸਮੁਦਾਏ।
ਅਬਿ ਕੇ ਮਚਹਿ ਜੰਗ ਬਡ ਭਾਰੀ।
ਜਿਯਤਿ ਬਾਹਨੀ ਉਮਡੀ ਸਾਰੀ ॥੨੦॥
ਇਨ ਕੇ ਅੰਤ[†] ਭਏ ਰਣ ਅੰਤ। — [†]ਪਾ:-ਦਿਨ ਕੇ ਅੰਤ।
ਹੋਵਹਿਗੋ ਅਬਿ, ਗੁਰੁ ਭਗਵੰਤ!'
ਸ਼੍ਰੀ ਹਰਿਗੋਵਿੰਦ ਸੁਨਤਿ ਉਚਾਰੇ।
'ਹੁਤੇ ਪੰਚ ਸਰਦਾਰ ਸੁ ਮਾਰੇ ॥੨੧॥
ਦ੍ਵੈ ਨਬਾਬ ਕੇ ਸੁਤਿ ਹਤਿ ਹੋਏ।
ਮੁਖਿ ਭਟ ਰਹਯੋ ਨਹੀਂ ਅਬਿ ਕੋਏ।
ਆਪੇ ਆਯਹੁ ਅਬਦੁਲ ਖਾਨ।
ਰਣ ਕੀ ਚਾਹਤਿ ਬਿਜੈ ਮਹਾਨ ॥੨੨॥

ਅਪਰ ਤੁਰਕ ਸਭਿ ਸਿੱਖਨਿ ਮਾਰੇ।
ਰਹੇ ਸ਼ੇਸ਼ ਸੋ ਆਏ ਸਾਰੇ†।
ਅਬਹਿ ਸੰਗ ਇਸ ਜੰਗ ਹਮਾਰਾ।
ਦੇਖਹੁ ਸਗਰੇ ਬਲ ਜਿਮ ਭਾਰਾ ॥੨੩॥
ਕਰੌਂ ਨਿਦਾਨ[1] ਤੁਰਕ ਗਨ ਕੇਰਾ।
ਨਹੀਂ ਪ੍ਰਤਾਪ ਲਖਤਿ ਇਹ ਮੇਰਾ।
ਪ੍ਰਾਨ ਦੇਨਿ ਕੋ ਚਾਹਤਿ ਮਾਨੀ।
ਸਨੇ ਸਨੇ ਸਭਿ ਹੋਵੈਂ ਹਾਨੀ ॥੨੪॥
ਕਰਹਿਂ ਰਾਜ ਸਿਖ ਸੇਵਕ ਮੇਰੇ।
ਦਿਏ ਸਕਾਮ ਪ੍ਰਾਨ ਇਸ ਬੇਰੇ।
ਨਿਸ਼ਕਾਮੀ ਕੈਵਲ ਕੋ ਪਾਵੈਂ।
ਸਹਿਕਾਮੀ ਸਿਖ ਰਾਜ ਕਮਾਵੈਂ ॥੨੫॥
ਹਿੰਦੁ ਧਰਮ ਕੋ ਰਾਖਹਿਂ ਜਗ ਮੈਂ।
ਚਲਹਿਂ ਚਲਾਵਹਿਂ ਸਿੱਖੀ ਮਗ ਮੈਂ।
ਪੁਨ ਮ੍ਰਿਤੁ ਹੋਹਿ ਮੋਹਿ ਮਿਲਿ ਆਏ।
ਸ਼ੁਭ ਗਤਿ ਕੋ ਪ੍ਰਾਪਤਿ ਹੁਇ ਜਾਏਂ'
॥੨੬॥
ਇਮ ਕਹਿ ਗੁਰੁ ਕੋ ਬਜਯੋ ਨਗਾਰਾ।
ਸਾਵਧਾਨ ਭੇ ਸਿੱਖ ਜੁਝਾਰਾ।
ਦੋਇ ਪਹਿਰ ਲਗਿ ਮਾਚਯੋ ਜੰਗ।
ਭਏ ਸ਼੍ਰਮਤਿ ਲਰਤੇ ਰਿਪੁ ਸੰਗ[1] ॥੨੭॥
ਸ਼੍ਰੀ ਹਰਿਗੋਵਿੰਦ ਚਲੇ ਅਗਾਰੀ।
ਚਹਤਿ ਕਰਯੋ ਪੁਰਸ਼ਾਰਥ ਭਾਰੀ[1]।
ਹਨਯੋ ਚਹੈਂ ਤਬਿ ਅਬਦੁਲਖਾਨ।
ਦੁਹ ਦਿਸ਼ਿ ਕੇ ਛੁਟਿ ਰਹੇ ਨਿਸ਼ਾਨ
॥੨੮॥
ਬਾਜਨ ਲਗੇ ਜੁਝਾਊ ਬਾਜੇ।
ਭਯੋ ਨੇਰ ਪੁਨ ਜੋਧਾ ਗਾਜੇ।
ਛੂਟਨਿ ਲਗੀ ਤੁਫੰਗੈਂ ਫੇਰਿ।
ਫੇਰਤਿ ਫੇਰ ਫੇਰ ਹਯ ਛੇਰਿ[1] ॥੨੯॥
ਨਿਕਸਿ ਗੋਲ ਤੇ ਤੁਪਕ ਪ੍ਰਹਾਰੈਂ।
ਦੂਸਰ ਆਇ ਬਿਲੋਕਿ ਬੰਗਾਰੈਂ।

†ਪਾ:-ਸੁਤ ਨਬਾਬ ਜੁਤ ਸੁਭਟ ਸੰਘਾਰੇ।
[1]ਖਾਤਮਾਂ।
[1]ਵੈਰੀ ਨਾਲ ਲੜਦੇ (ਸਿੱਖ) ਥੱਕ ਗਏ।
[1]ਮਹਾਨ ਜ਼ੋਰ, ਸਾਕਾ।
[1]ਘੋੜਿਆਂ ਨੂੰ ਛੇੜਕੇ ਫੇਰ ਫੇਰ ਕੇ ਫੇਰਦੇ ਹਨ।

ਸਿੱਖ ਜਾਇ ਤੁਰਕਨ ਕੋ ਗੇਰਹਿਂ।
ਤੁਰਕ ਆਇ ਹਤਿ ਆਗੋ ਘੇਰਹਿਂ
॥੩੦॥
ਸ਼੍ਰੀ ਸਤਿਗੁਰੁ ਕਰ ਚਾਂਪ ਕਰਾਲਾ।
ਚੁਟਕੀ ਫੇਰਹਿਂ ਬਾਨ ਬਿਸਾਲਾ।
ਕੀਨਸਿ ਤੇਜ਼ ਤਰੰਗਮ ਭਾਰਾ।
ਇਤ ਉਤ ਸਨਮੁਖ ਬਲੀ ਉਦਾਰਾ
॥੩੧॥
ਦੇਖਤਿ ਹੈਂ ਸ਼ੱਤ੍ਰਨਿ ਦਲ ਬ੍ਰਿੰਦੰ।
ਜਹਾਂ ਨਬਾਬ ਸਸ਼ੋਕ ਬਿਲੰਦੰ।
ਪ੍ਰੇਰੇ ਕਾਲ ਅਗਾਰੀ ਖਰੇ।
ਸਤਿਗੁਰੁ ਤੀਰ ਪ੍ਰਹਾਰਨਿ ਕਰੇ ॥੩੨॥
ਤੀਛਨ ਭੀਛਨ ਈਛਨਿ[1] ਹੇਰੇ। [1]ਨੇਤ੍ਰਾਂ ਨਾਲ।
ਚਲੇ ਸਰਪ ਸਮ ਸ਼ੂਕ ਬਡੇਰੇ।
ਸ਼ੱਤ੍ਰਨਿ ਕੇ ਸਰੀਰ ਇਮ ਬਰੈਂ।
ਬਰਮੀ ਮਹਿਂ ਪ੍ਰਵੇਸ਼ ਜਿਮ ਕਰੈਂ[1] ॥੩੩॥ [1]ਕਰਦੇ ਹਨ (ਸੱਪ)।
ਇੱਕ ਤਨ ਫੋਰਿ ਪਾਰ ਹੁਇ ਜਾਇਂ।
ਪੁਨ ਦੂਸਰ ਕੇ ਪਾਰ ਸਿਧਾਇਂ।
ਜੋਧਾ ਕੈ ਤੁਰੰਗ ਹੁਇ ਕੋਇ।
ਬੇਧਤਿ ਜਾਤਿ ਸਰਬ ਸਰ ਸੋਇ ॥੩੪॥
ਧਰ ਪਰ ਪਰਹਿਂ ਦੜਾ ਦੜ ਜੋਧੇ।
ਦੇਖਤਿ ਮਹਾਂ ਤੁਰਕ ਗਨ ਕ੍ਰੋਧੇ।
'ਬੇਧਹਿਂ ਦੂਰ ਖਰੇ ਹੀ ਤੀਰ।
ਮਾਰਿ ਮਾਰਿ ਕਜੋਂ ਮਰਹੁ ਨ ਬੀਰ'
॥੩੫॥
ਇਮ ਕਹਿ ਵਧੇ ਤੁਰਕ ਗਨ ਆਗੇ।
ਧਰ ਜ੍ਵਾਲਾਬਮਣੀ[1] ਰਿਸ ਜਾਗੇ। [1]ਬੰਦੂਕਾਂ।
ਕੜਾਕੜੀ ਇਕ ਬਾਰ ਚਲਾਈ।
ਗੁਰੁ ਦਲ ਪਰ ਗੁਲਕਾਂ ਬਰਖਾਈ ॥੩੬॥
ਜਬਹਿ ਲਗੀ ਸਿੱਖਨਿ ਤਨ ਗੋਰੀ।
ਰਿਸ ਜਾਗੀ ਗਮਨੇ ਰਿਪੁ ਓਰੀ।
ਛੋਰਿ ਤੁਫੰਗਨਿ ਘਾਲਜੋ ਜ਼ੋਰ[1]। [1]ਬੰਦੂਕਾਂ ਚਲਾਉਣ ਤੇ ਜ਼ੋਰ ਪਾਇਆ।

ਪੁਨ ਬਾਰੂਦ ਪਾਇ ਕਰਿ ਔਰ ॥੩੭॥
ਗਜ ਸੋਂ ਠੋਕਤਿ ਪਾਇ ਦੁਗੋਰੀ।
ਕਰਤਿ ਸ਼ੀਘ੍ਰਤਾ ਰਿਪੁ ਦਿਸ਼ਿ ਛੋਰੀ।
ਦੁਹਿਦਿਸ਼ਿ ਮਾਚਜੋ ਰਣ ਘਮਸਾਨਾ।
ਭਯੋ ਤੁਮਲ[1] ਬਡ ਰੌਰ ਉਠਾਨਾ ॥੩੮॥ [1]ਘਮਸਾਨ।
ਚਾਂਪ ਕਠੋਰਨਿ ਤੇ ਸਰ ਚਾਲੇ।
ਬੇਧਤਿ ਜੋਧਨਿ ਦੇਹਿ ਕਰਾਲੇ।
ਹਯਨਿ ਕੁਦਾਵਤਿ ਤੋਮਰ ਮਾਰਤਿ।
ਬੇਧਤਿ ਸ਼ੱਤ੍ਰ ਭੂਮ ਪਰ ਡਾਰਤਿ ॥੩੯॥
ਤੀਛਨ ਬਰਛੀ ਛਿੱਪ੍ਰ ਛੁਰੰਤੀ।
ਤਨ ਫੋਰਨਿ ਕਰਿ ਪਾਰ ਪਰੰਤੀ।
ਬਿਧੇ ਸੂਰ ਤਤਛਿਨ ਧਰ ਡਾਰੇ।
ਸੀਖ਼ ਵਿੰਨ੍ਹ ਜਨੁ ਵੜੇ ਉਤਾਰੇ[1] ॥੪੦॥ [1]ਸੀਖ ਨਾਲ ਵਿੰਨ੍ਹਕੇ ਮਾਨੋਂ ਵੜੇ ਉਤਾਰੇ ਹਨ।
ਪੁਨ ਗਹਿ ਗਹਿ ਨੰਗੀ ਸ਼ਮਸ਼ੇਰ।
ਸੂਰਾ ਭਿਰੇ ਓਜ ਸਮਸ਼ੇਰ।
ਬਹੈਂ[1] ਪਰਸਪਰ ਕਾਟਤਿ ਅੰਗ। [1]ਵਾਹਕੇ (ਤਲਵਾਰਾਂ)।
ਸ਼੍ਰੋਣਤਿ ਗਿਰਤਿ ਲਾਲ ਛਿਤ ਰੰਗ ॥੪੧॥
ਕਿਨਹੁੰ ਨਿਕਾਰੀ ਜਮਧਰ ਧਾਰੀ।
ਨਿਕਟਿ ਢੁਕੇ ਸ਼ੱਤ੍ਰਨਿ ਤਨ ਮਾਰੀ।
ਹਿਹਨਾਵਤਿ ਬਹੁ ਫਿਰਹਿਂ ਤੁਰੰਗ।
ਛੂਛ ਜ਼ੀਨ, ਕੋ ਘਾਇਲ ਅੰਗ ॥੪੨॥
ਦੁਇ ਦਲ ਮਿਲਿ ਗੇ ਮਾਰ ਸੁ ਮਾਚੀ।
ਕਰਦਮ ਸ਼੍ਰੋਣ ਮਾਸ ਛਿਤ ਰਾਚੀ।
ਗਿਰੇ ਛਿਨਕ ਮਹਿਂ ਸੁਭਟ ਹਜ਼ਾਰੋਂ।
ਹਥਿਯਾਰਨਿ ਕੇ ਭਏ ਪ੍ਰਹਾਰੋ[1] ॥੪੩॥ [1]ਵਾਰ, ਮਾਰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਅਬਦੁਲਖਾਨ ਰਣ ਆਗਮਨ' ਪ੍ਰਸੰਗ ਬਰਨਨੰ ਨਾਮ ਚੱਤਵਾਰਿੰਸਤੀ ਅੰਸੂ ॥੪੦॥

੪੧. [ਅਬਦੁਲ ਖਾਂ ਵੱਲੋਂ ਹੱਲਾ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਬਜੇ ਜੁਝਾਊ[1] ਬਹੁਤ ਹੀ, ਜੁਟੇ ਸੁਭਟ ਸੁ ਕਟੱਕ[2]।
ਕਟਿ ਕਟਿ ਝਟ ਪਟ ਬਿਕਟ ਜੇ, ਸਟਪਟ ਕ੍ਵੈ ਨ ਅਟੱਕ[1] ॥੧॥

[1]ਮਾਰੂ (ਵਾਜੇ)। [2]ਸੈਨਾ ਦੇ।

[1]ਜੇਹੜੇ (ਬਿਕਟ =) ਬਹਾਦੁਰ (ਸੂਰਮੇ ਸਨ ਉਹ ਬੀ ਸਟਪਟਾ ਗਏ (ਜਦੋਂ) ਝੱਟ ਪੱਟ ਕਟਾ ਵੱਢ (ਹੋਣ ਲੱਗ ਪਈ ਤੇ) ਕੋਈ ਬੀ ਨਾ ਅਟਕਿਆ।

ਰਸਾਵਲ ਛੰਦ:

ਚਲੇ ਤੀਰ ਗੋਰੀ।
ਮਨੋ ਖੇਲਿ ਹੋਰੀ।
ਸਟਾ ਸੱਟ ਸੇਲੇ[1]।
ਮਨੋ ਮੂਠ ਮੇਲੇ[1] ॥੨॥

[1]ਛੇਤੀ (ਛੇਤੀ) ਸੁੱਟਦੇ (= ਚਲਾਉਂਦੇ ਹਨ) ਸੇਲੇ।

[1]ਮਾਨੋਂ (ਗੁਲਾਲ ਦੀਆਂ) ਮੁੱਠਾਂ ਪਾਂਵਦੇ ਹਨ।

ਸਮੂਹੈਂ ਤੁਫੰਗਾ।
ਕਰੇ ਘਾਉ ਅੰਗਾ।
ਲਗੀ ਪੀਚਕਾਰੀ[1]।
ਖਿਰਜੋ ਰੰਗ ਭਾਰੀ ॥੩॥

[1]ਪਿਚਕਾਰੀ।

ਪਤੰਗੀ ਸੁ ਰੰਗਾ[1]।
ਚਲਜੋ ਸ਼੍ਰੋਣ ਅੰਗਾ।
ਸੁ ਢਾਲੇ ਉਛਾਲੇ।
ਤਫੈਂ ਜਜੋਂ ਬਿਸਾਲੇ ॥੪॥

[1]ਵਕਮ ਲਕੜੀ ਜੋ ਬੜਾ ਸੁਹਣਾਂ ਲਾਲ ਰੰਗ ਦਿੰਦੀ ਹੈ [ਸੰ: ਪਤ੍ਰਂਗ]

ਸੁ 'ਮਾਰੰ' ਅਲਾਵੈਂ।
ਮਨੋ ਗੀਤ ਗਾਵੈਂ।
ਪਰੈਂ ਧਾਇ ਧਾਈ।
ਕ੍ਰਿਪਾਨੈਂ ਚਲਾਈ ॥੫॥
ਕਟੈਂ ਅੰਗ ਗੇਰੈਂ।
ਸੁ ਲੋਥੈਂ ਘਨੇਰੈਂ।
ਨਬਾਬੰ ਦਿਖਾਵੈਂ।
ਬਡੇ ਓਜ ਲਾਵੈਂ ॥੬॥
ਨਹੀਂ ਪਾਇ ਪਾਛੇ।
ਭਿਰੇ ਸੂਰ ਆਛੇ।
ਇਤੈ ਸਿੱਖ ਦੌਰੇ।

ਮਚਜੋ ਭੀਮ† ਰੌਰੇ ॥੭॥

†ਪਾ:-ਭੀਰ = ਭੀੜ ਕਰਕੇ।

ਪਰੈਂ ਹੂਹ ਦੈ ਕੈ[1]।

[1]ਯੁੱਧ ਨਾਦ ਕਰਕੇ।

ਕ੍ਰਿਪਾਨੈਂ ਚਲੈ ਕੈ।
ਕਿਤੇ ਢਾਲ ਓਡੈਂ।
ਕਿਤੇ ਹਾਥ ਛੋਡੈਂ ॥੮॥
ਸੁ ਬੰਕੇ ਸਿਪਾਹੀ।
ਮਰੇ ਜੰਗ ਮਾਂਹੀ।
ਬਿਧੀ ਚੰਦ ਰੋਸਾ।
ਬਡੀ ਜੰਗ ਹੋਸਾ[1] ॥੯॥

[1](ਜਿਸਨੂੰ) ਜੰਗ (ਵਿਦਯਾ ਦੀ) ਬੜੀ ਖਬਰ ਹੈ। (ਅ) ਜਿਸ ਨੂੰ ਜੰਗ ਦੀ ਬੜੀ ਹਵਸ (= ਚਾਹ) ਹੈ।

ਸੁ ਆਪੰ ਬਚਾਵੈ।
ਘਨੇ ਸ਼ੱਤ੍ਰ ਘਾਵੈ।
ਤਜੈ ਤੀਰ ਤੀਖੇ।
ਜੁ ਸਰਪੰ ਸਰੀਖੇ ॥੧੦॥
ਭਟੰ ਪ੍ਰਾਨ ਹਾਨੇ।
ਗਿਰੇ ਜੰਗ ਥਾਨੇ।
ਮੁਖੰ ਭਾਰ ਕੇਈ।
ਸੁ ਔਂਧੇ ਪਰੇਈ[1] ॥੧੧॥

[1]ਮੂਧੇ ਹੋਕੇ ਡਿੱਗੇ।

ਜਹਾਂ ਘਾਵ ਹੋਹੂ।
ਭਕਾਭੱਕ ਲੋਹੂ।
ਕਹੂੰ ਕੰਪ ਧਾਰੇ।
ਭਯੋ ਤ੍ਰਾਸ ਭਾਰੇ ॥੧੨॥
ਕਹੂੰ ਕੋਪ ਠਾਨੇ।
ਗਹਜੋ ਖੱਗ ਪਾਨੇ।
ਝਟਾਝੱਟ ਬਾਹੈਂ।
ਕਰੈਂ ਓਜ ਬਾਹੈਂ ॥੧੩॥
ਤਛਾ ਮੁੱਛ ਹੋਏ।
ਬਡੀ ਨੀਂਦ ਸੋਏ।
ਕਟੀ ਜੰਘ ਕਾਹੂੰ।
ਖਰੇ ਜੰਗ ਮਾਹੂੰ ॥੧੪॥
ਕਟੇ ਕਾਹੂ ਪਾਸੇ।
ਸੁ ਆਤ੍ਰੈਂ ਨਿਕਾਸੇ।

ਰਿਦਾ ਕਾਹੁ ਛੇਦਾ।
ਪਰੇ ਪਾਇ ਖੇਦਾ ॥੧੫॥
ਕਿਸੂ ਹਾਥ ਕਾਟਾ।
ਦਯੋ ਤ੍ਰਾਸ ਡਾਟਾ।
ਦੁਧਾਰੇ ਜੁ ਖੰਡੇ।
ਸੁ ਤੀਖੇ ਪ੍ਰਚੰਡੇ ॥੧੬॥
ਬਡੇ ਬਾਢਵਾਰੇ।
ਪੁਲਾਦੀ ਕਰਾਰੇ।
ਲਗੈਂ ਗ੍ਰੀਵ ਜਾਹੂੰ।
ਗਿਰੈ ਸੀਸ ਤਾਹੂੰ ॥੧੭॥
ਭਏ ਰੁੰਡ ਮੁੰਡੰ।
ਪਰੇ ਖੰਡ ਖੰਡੰ।
ਕਟੇ ਕਾਹੁ ਤੁੰਡੰ।
ਲਿਟੇ ਸੂਰ ਝੁੰਡੰ ॥੧੮॥
ਪ੍ਰਚੰਡੈ ਘੁਮੰਡੇ[1]।
ਕਟੇ ਬਾਹੁ ਦੰਡੇ।
ਸਰੋਹੀ, ਹਲੱਬੀ।
ਸੁ ਤੇਗੇ ਜੁਨੱਬੀ[1] ॥੧੯॥
ਕੜਾਕਾੜ ਝਾੜੈਂ।
ਬਨੇ ਭੀਮ[1] ਤਾੜੈਂ।
ਬਡੇ ਸਿੱਖ ਕ੍ਰੋਧੇ।
ਮਹਾਂ ਜੰਗ ਜੋਧੇ ॥੨੦॥
ਮਲੇਛਾਨ ਹੱਲਾ।
ਦਿਢੰ ਹੋਇ ਝੱਲਾ।
ਘਨੀ ਮਾਰਿ ਮਾਚੀ।
ਲਹੂ ਧੂਲਿ ਰਾਚੀ ॥੨੧॥

ਦੋਹਰਾ:
ਇਕ ਇਕ ਸਿੱਖ ਗੁਰੁ ਸੁਭਟ ਜੇ
ਦਸ ਦਸ ਤੁਰਕ ਸੰਘਾਰਿ।
ਕੋ ਸ਼ਹੀਦ ਕੋ ਜਿਯਤਿ ਭਾ
ਸਤਿਗੁਰੁ ਕੋ ਬਲ ਧਾਰਿ ॥੨੨॥

ਰਸਾਵਲ ਛੰਦ:

[1]ਭਾਰੀ ਹੰਕਾਰੀ (ਸੁਰਮਿਆਂ) ਦੇ.....।
[1]ਭਾਵ ਤਲਵਾਰਾਂ।
[1]ਭਯਾਨਕ ਬਣਕੇ।

ਗੁਰੂ ਕੋਪ ਹੋਏ।
ਪਿਖੇ ਸ਼ੱਤ੍ਰ ਢੋਏ।
ਮਲੇਛੰ ਸਮੂਹਾ।
ਪਰੇ ਦੀਨਿ ਹੂਹਾ[1] ॥੨੩॥ — [1]ਹੱਲਾ ਕਰਕੇ ਯਾ ਯੁੱਧ ਨਾਦ ਕਰਕੇ ਆ ਪਏ।
ਕਰੇ ਲਾਲ ਨੈਨਾ।
ਲਿੱਯੋ ਬਾਨ ਪੈਨਾ[1]। — [1]ਤਿੱਖਾ।
ਨਿਖੰਗੈਂ ਨਿਕਾਸਾ।
ਮੁਖੀ ਤੇ ਪ੍ਰਕਾਸ਼ਾ ॥੨੪॥
ਹੁਤੋ ਮੋਟਿ ਕਾਨਾ।
ਸੁ ਪੰਖੈ ਮਹਾਨਾ[1]। — [1]ਵੱਡੇ ਖੰਭ ਵਾਲਾ।
ਗੁਨੰ ਚਾਂਪ ਜੋਰਾ[1]। — [1]ਧਨੁਖ ਦੀ ਤੰਦੀ ਵਿਚ ਜੋੜਿਆ।
ਕਠੋਰੈਂ ਜੁ ਚੌਰਾ[1] ॥੨੫॥ — [1]ਜੋ ਕਰੜਾ ਤੇ ਚੌੜਾ ਹੈ।
ਕਰਜੋ ਤਾਨ ਤਾਨਾ[1]। — [1]ਬਲ ਨਾਲ ਤਾਣਿਆ।
ਲਗਜੋ ਪਾਨ ਕਾਨਾ[1]। — [1]ਕਿ ਹੱਥ ਕੰਨ ਨੂੰ ਜਾ ਲਗਾ।
ਤਕਜੋ ਗੋਲ[1] ਮਾਰਾ। — [1]ਟੋਲੇ ਨੂੰ ਤੱਕ ਕੇ।
ਚਲਜੋ ਬੇਗ ਪਾਰਾ[1] ॥੨੬॥ — [1]ਝੱਟ ਪਾਰ ਹੋ ਗਿਆ।
ਲਗਜੋ ਸ਼ੂੰਕ ਕੈਸੇ।
ਬਰਜੋ ਨਾਗ ਜੈਸੇ।
ਗਯੋ ਫੋਰਿ ਛਾਤੀ।
ਧਰਾ ਪੈ ਪਪਾਤੀ ॥੨੭॥
ਦੁਤੀ ਜਾਇ ਭੇਦਾ[1]। — [1]ਫਿਰ) ਦੂਜੇ (ਸੂਰਮੇ ਨੂੰ) ਜਾ ਵਿੰਨ੍ਹਿਆਂ।
ਤਿਸੈ ਅੰਗ ਛੇਦਾ[1]। — [1]ਵਿੰਨ੍ਹਿਆਂ।
ਪਰਜੋ ਭੂਮਿ ਜਾਈ।
ਤ੍ਰਿਤੀ ਫੇਰਿ ਘਾਈ ॥੨੮॥
ਭਟੰ ਚੌਥ ਲਾਗੇ।
ਤਬੈ ਪ੍ਰਾਨ ਤਜਾਗੇ।
ਪੁਨੰ ਪੰਚ ਬੀਧਾ[1]। — [1]ਫਿਰ ਪੰਜਵਾਂ (ਸੂਰਮਾਂ) ਵਿੰਨ੍ਹਿਆਂ।
ਗਡਜੋ ਜਾਇ ਸੀਧਾ ॥੨੯॥
ਧਰਜੋ ਤੀਰ ਦੂਵਾ।
ਮਹਾਂ ਕੋਪ ਹੁਵਾ।
ਤਜਜੋ ਬੇਗ ਸੰਗਾ।
ਘਨੇ ਸ਼ੱਤ੍ਰ ਭੰਗਾ ॥੩੦॥

ਇਸੀ ਰੀਤਿ ਫੇਰੇ।
ਪ੍ਰਹਾਰੈਂ ਘਨੇਰੇ।
ਗਿਰੇ ਖਾਨ ਮਾਨੀ।
ਦਿਏ ਪ੍ਰਾਨ ਹਾਨੀ ॥੩੧॥
ਲਗੈਂ ਬਾਨ ਜਾਏ।
ਘਨੇ ਸ਼ੱਤ੍ਰੁ ਘਾਏ।
ਭਰੇ ਜੋ ਨਿਖੰਗੈਂ।
ਚਲਾਏ ਖਤੰਗੈਂ ॥੩੨॥
ਇਕੰ ਦੋਇ ਤੀਨੌਂ।
ਕਰੈਂ ਪ੍ਰਾਨ ਹੀਨੌਂ।
ਬਡੇ ਬੇਗ ਵਾਰੇ।
ਲਗੈਂ ਫੋਰਿ ਪਾਰੇ[1] ॥੩੩॥
ਧਵਾਵੈਂ ਤੁਰੰਗਾ।
ਪ੍ਰਹਾਰੈਂ ਖਤੰਗਾ।
ਚਲਾਵੈਂ ਤੁਫੰਗਾ।
ਭਟੰ ਅੰਗ ਭੰਗਾ ॥੩੪॥
ਬਡੇ ਘਾਵ ਸੰਗਾ।
ਲਹੂ ਲਾਲ ਰੰਗਾ।
ਬਨੈਂ ਬੇਸ ਚੰਗਾ।
ਮਚਯੋ ਭੀਮ ਜੰਗਾ ॥੩੫॥

[1]ਪਾਰ ਹੋ ਜਾਂਦੇ ਹਨ।

ਦੋਹਰਾ:
ਕਹਿਂ ਲਗਿ ਬਰਨੋ ਜੁੱਧ ਕੋ, ਭਯੋ ਮਹਾਂ ਘਮਸਾਨ।
ਪ੍ਰਥਮ ਤੁਫੰਗਨਿ ਤੇ ਮਰੇ, ਤੁਰਕਨਿ ਕੋ ਅਵਸਾਨ[1] ॥੩੬॥

[1]ਪਹਿਲੇ ਹੀ ਤੀਰਾਂ ਨਾਲ ਤੁਰਕਾਂ ਦੇ ਔਸਾਨ ਮਰ ਗਏ (ਹੌਂਸਲੇ ਢਿਲੇ ਪੈ ਗਏ)। [ਹਿੰ: ਔਸਾਨ = ਹੋਸ਼, ਹੌਂਸਲਾ, ਧੀਰਜ] (ਅ) ਤੁਰਕਾਂ ਦਾ ਨਾਸ਼ ਹੋ ਗਿਆ। [ਸੰਸ: ਅਵਸਾਨ = ਨਾਸ਼]

ਪਾਧੜੀ ਛੰਦ:
ਗੁਲਕਾਨਿ ਮਾਰਿ ਕਰਿ ਪ੍ਰਾਨ ਹਾਨਿ।
ਰਣ ਖੇਤ ਬਿਖੈ ਸੁਪਤੇ ਮਹਾਂਨ।
ਪੁਨ ਬਾਨ ਸੰਗ ਭਾ ਭੀਮ ਜੰਗ।
ਤਬਿ ਭਏ ਤੁਰਕ ਗਨ ਪ੍ਰਾਨ ਭੰਗਿ ॥੩੭॥

ਖਰ ਸੇਲ ਸਕਤਿ ਤੋਮਰ ਪ੍ਰਹਾਰਿ।
ਇਨ ਸਾਥ ਘਨੇ ਰਣ ਤੁਰਕ ਮਾਰਿ।
ਪੁਨਿ ਚਲੇ ਖੜਗ ਇਕ ਬਾਰਿ ਬ੍ਰਿੰਦ।
ਕਟਿ ਗਏ ਬਹੁਤ ਛਿਨ ਮੈਂ ਨਿਕੰਦਿ[1] ॥੩੮॥

ਰਣ ਖੇਤ ਦੂਰਿ ਲਗ ਭਾ ਮਹਾਨ।
ਜਹਿਂ ਕਰਹਿਂ ਜੋਗਨੀ ਸ਼੍ਰੋਨ ਪਾਨ।
ਖੱਪਰ ਭਰੰਤਿ ਬਹੁ ਬਾਰਿ ਬਾਰਿ।
ਹ੍ਵੈ ਤ੍ਰਿਪਤਿ ਬਹੁਤਿ ਲੇਤੀ ਡਕਾਰ ॥੩੯॥

ਬਹੁ ਗ੍ਰਿੱਝ ਕੰਕ ਬਾਇਸ ਪੁਕਾਰ।
ਮਨ ਭਾਇ ਖਾਇ ਆਮਿਖ ਅਹਾਰ।
ਗਨ ਮਿਲੇ ਆਨਿ ਨਿਰਭੈ ਗੁਮਾਯ[1]।
ਲਖਿ ਸੰਝ ਬੋਲਤੇ ਧੁਨਿ ਉਚਾਯ ॥੪੦॥

ਬਹੁ ਭੂਤ ਪ੍ਰੇਤ ਨਾਚੰਤਿ ਗਾਇ।
ਹੜ ਹੜ ਹਸੰਤਿ ਮਨ ਭਾਯ ਪਾਯ[1]।
ਡਾਕਨਿ ਪਿਸ਼ਾਚ[1] ਬਹੁ ਰੁਧਿਰ ਰਾਚਿ।
ਬਹੁ ਮਾਸ ਖਾਤਿ ਰੁਚਿ ਮਾਚਿ ਮਾਚਿ[1] ॥੪੧॥

ਬਿਥਰੇ ਸੁ ਪਰੇ ਬਹੁ ਰੁੰਡ ਮੁੰਡ।
ਇਕ ਗਿਰੇ ਸੂਰ ਤਨ ਖੰਡ ਖੰਡ।
ਗਨ ਤੁਪਕ, ਧਨੁਖ, ਤੋਮਰ, ਕ੍ਰਿਪਾਨ।
ਬਹੁ ਪਰੇ ਖੇਤ ਮਹਿਂ ਮੁਲ ਮਹਾਨ[1]† ॥੪੨॥

ਮਰਿ ਗਏ ਬੀਰ ਜੇ ਧਰਨਿਹਾਰ[1]।
ਕੁਛ ਰਹੇ ਆਨਿ ਥੋਰੇ ਜੁਝਾਰ।
ਹਯ ਮਰੇ ਪਰੇ ਜਹਿਂ ਕਹਿਂ ਬਿਲੰਦ।
ਕੋ ਤਰਫਿ ਤਰਫਿ ਹੋਵਤਿ ਨਿਕੰਦ ॥੪੩॥

ਜਿਨ ਜ਼ੀਨ ਰਜਤ ਅਰ ਹੇਮ ਕੇਰਿ।
ਕੋ ਬਿਚਰਤਿ ਛੂਛੇ ਹੇਰਿ ਹੇਰਿ†।
ਭਟ ਪਰੇ ਕਿਤਿਕ ਘਾਇਲ ਮਹਾਨ।
ਦਰੜੰਤਿ ਸਭਿਨਿ ਦੇ ਪ੍ਰਾਨ ਹਾਨ ॥੪੪॥

[1]ਕੱਟਕੇ ਨਾਸ਼ ਹੋ ਗਏ।

[1]ਗਿਦੜੀਆਂ।

[1]ਮਨ ਭਾਂਵਦਾ (ਮਾਸ ਆਦਿਕ) ਪਾਕੇ।

[1]ਡਾਇਣਾਂ ਤੇ ਜਿੰਨ, ਭੂਤ।

[1]ਭਾਵ ਖੁਸ਼ ਹੋ ਹੋਕੇ।

[1]ਇਸ ਤਰ੍ਹਾਂ ਦੇ) ਬੜੇ ਬੜੇ ਮੁਲ ਵਾਲੇ (ਸ਼ਸਤ੍ਰ) ਯੁੱਧ ਭੂਮਕਾ ਵਿਚ ਬਹੁਤ ਪਏ ਹਨ। †ਪਾ:-ਖੇਤ ਮਹਿਂ ਮੁਸਲਮਾਨ। ਪੁਨਾ:-ਖੇਤ ਮੁਗਲੰ ਮਹਾਨ।

[1]ਜਿਨ੍ਹਾਂ ਨੂੰ ਧਾਰਨ ਵਾਲੇ ਸੂਰਮੇ ਮਰ ਗਏ ਹਨ।

†ਪਾ:-ਕੋ ਫਿਰਤਿ ਛੂਛ ਭਜਿ ਹੇਰ ਹੇਰ।

ਕਿਸ ਕੀ ਸੰਭਾਰ ਨਹਿਂ ਕੋਇ ਲੇਤਿ।
ਬਹੁ ਮਰੇ ਅਲਪ ਰਹਿਗੇ ਸੁ ਖੇਤ।
ਤਿਸ ਕਾਲ ਮਾਰਿ ਭੀ ਕੁਛਕ ਐਸ।
ਮਰਿ ਗਏ ਤੁਰਕ ਲਖਿਯਤਿ ਨ ਕੈਸ ॥੪੫॥
ਕੁਛ ਰਹੇ ਸ਼ੇਸ਼ ਤਜਿ ਜਿਯਨਿ ਆਸਿ।
ਕਾਯਰ ਭਜੰਤਿ ਧਰਿ ਅਧਿਕ ਤ੍ਰਾਸ।
ਪਿਖਿ ਅਬਦੁਲ ਖਾਂ ਬਿਸਮਯੋ ਵਿਸ਼ੇਸ਼।
-ਕਿਮ ਮਰੀ ਸੈਨ ਰਹਿ ਅਲਪ ਸ਼ੇਸ਼- ॥੪੬॥
ਰਣ ਬਿਖੈ ਜੀਤ ਅਰੁ ਜਿਯਨਿ ਆਸ।
ਹੁਇਗੋ ਨਿਰਾਸ ਪਿਖਿ ਸਕਲ ਨਾਸ਼।
-ਅਬਿ ਮਰੌਂ ਜੰਗ ਕੇ ਸਮੁਖ ਹੋਇ।
ਕੈ ਹਤੌਂ ਗੁਰੂ ਨਿਜ ਦ੍ਰਿਸ਼ਟਿ ਜੋਇ ॥੪੭॥
ਨਹਿਂ ਖਿਰੌਂ ਦੂਰ ਅਬਿ ਲੇਉਂ ਦੇਖਿ।
ਕਿਮ ਹਤਹਿ ਸ਼ਸਤ੍ਰ ਗੁਰ ਭਾ ਵਿਸ਼ੇਖ[1]।

[1]ਗੁਰੂ ਜੋ ਵੱਡਾ (ਬਲੀ) ਹੋ ਗਿਆ ਹੈ, ਕੀਕੂੰ ਸ਼ਸਤ੍ਰ ਮਾਰਦਾ ਹੈ। (ਅ) (ਮੈਂ ਤੱਕਾਂ ਤਾਂ ਸਹੀ) ਗੁਰੂ ਸ਼ਸਤ੍ਰ ਚਲਾਵਨ ਵਿਚ ਕਿਵੇਂ ਵੱਡਾ ਹੋ ਗਿਆ ਹੈ।

ਤਿਹ ਸੰਗ ਜੁਟੋਂ ਮੈਂ ਆਪ ਜਾਇ।
ਮੋ ਲਰੇ ਬਿਨਾ ਨਹਿਂ ਕੋ ਉਪਾਇ ॥੪੮॥
ਗੁਰ ਹਾਥ ਸਾਥ ਮਰਿਹੌਂ ਲਰੰਤਿ।
ਕੈ ਲੇਉਂ ਮਾਰਿ ਰਣ ਹੋਇ ਅੰਤ-।
ਇਸ ਬਿਧਿ ਬਿਚਾਰ ਮਨ ਕਸ਼ਟ ਪਾਇ।
ਹਿਤ ਮਰਣ ਚਲ੍ਯੋ ਸੂਬਾ ਅਗਾਇ ॥੪੯॥
ਜੁਗ ਸੰਗ ਲੀਨਿ ਖੱਤ੍ਰੀ ਬਿਲੰਦ।
ਇਕ ਕਰਮਚੰਦ ਅਰੁ ਰਤਨਚੰਦ।
ਕਰਿ ਬਾਮ ਦਾਹਿਨੇ ਚੁਹਨਿ ਬੀਰ।
ਗੁਰੁ ਸਮੁਖ ਚਲ੍ਯੋ ਹ੍ਵੈ ਕੈ ਅਭੀਰ[1] ॥੫੦॥

[1]ਦਲੇਰ ਹੋਕੇ।

ਬਿਧੀ ਆਦਿ ਸਿੱਖ ਜੇ ਲਰਤਿ ਔਰ।
ਤਜਿ ਸੁਭਟ ਤੁਰਕ ਤਿਨ ਸੰਗ ਠੋਰਿ[1]।

[1]ਤਿਨ੍ਹਾਂ ਨਾਲ (ਲੜਨ ਲਈ) ਉਸ ਥਾਂ ਤੇ (ਹੋਰ) ਤੁਰਕ

ਸੂਰਮੇ ਛੱਡ ਕੇ।

ਤਹਿਂ ਤੇ ਸੁ ਟਰ੍ਯੋ ਗੁਰ ਜਾਂਹਿ ਥਾਨ।
ਪਹੁੰਚ੍ਯੋ ਨਬਾਬ ਤਹਿਂ ਤੁਰਤ ਆਨਿ
॥੫੧॥
ਬਹੁ ਰਿਦੇ ਧਾਰਿ ਗੁਰੁ ਪਿਖਨਿ ਚਾਹਿ।
-ਮਰਿ ਰਹੌਂ ਕਿ ਮਾਰੋਂ ਜੰਗ ਮਾਂਹਿ।
ਨਿਜ ਬਲ ਦਿਖਾਇ, ਤਿਹ ਦੇਖਿ ਲੇਉਂ।
ਕਰਿ ਹੌਂ ਨਿਬੇਰ ਗੁਰ ਮਾਰਿ ਦੇਉਂ-
॥੫੨॥

ਦੋਹਰਾ:

ਇਸ ਬਿਧਿ ਠਟਿ ਕਰਿ ਆਇਗੋ
ਜਹਿਂ ਥਿਤ ਗੁਰ ਭਗਵਾਨ।
ਪਿਖਿਨਿ ਪਰਸਪਰ ਹੋਤਿ ਭਾ
ਲਰਿਬੇ ਚੌਂਪ ਮਹਾਨ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸੁਭਟਨ' ਪ੍ਰਸੰਗ ਬਰਨਨੰ ਨਾਮ ਏਕ ਚੱਤਵਾਰਿੰਸਤੀ ਅੰਸੂ ॥੪੧॥

੪੨. [ਸੂਬੇ ਤੇ ਖੱਤ੍ਰੀਆਂ ਦਾ ਗੁਰੂ ਜੀ ਨੂੰ ਵੰਗਾਰਨਾ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਸਨਮੁਖ ਭਯੋ ਨਬਾਬ ਜਬਿ, ਬਹੁ ਸੈਨਾ ਮਰਿਵਾਇ।
ਦ੍ਰਿਸ਼ਟਿ ਪਰਸਪਰ ਪ੍ਰੇਰਿ ਤਬਿ, ਪਿਖੇ ਰੂਪ ਦ੍ਰਿਗ ਲਾਇ ॥੧॥

ਚੌਪਈ:

ਕਰ ਧਨੁ, ਕਟ ਇਖਧੀ[1] ਸ਼ਮਸ਼ੇਰ[2]।
ਸਿਪਰ ਸਹਤ ਸ਼੍ਰੀ ਗੁਰ ਸਮ ਸ਼ੇਰ।
ਬਡੇ ਪ੍ਰਤਾਪਵੰਤਿ ਪਿਖਿ ਕਰਿ ਕੈ।
ਹਤਨਿ ਹੇਤ ਗਨ ਜਤਨ ਸਿਮਰਿ ਕੈ ॥੨॥

[1]ਹੱਥ ਵਿਚ ਧਨੁਖ, ਲੱਕ ਵਿਚ ਭੱਥਾ [ਸੰ: ਇਖ਼ੁਧੀ]। [2]ਤਲਵਾਰ।

ਤੁਰੰਗ ਨਚਾਵਤਿ ਜੁਤਿ ਗਜਗਾਹਨਿ[1]।
ਸਿੱਖਨਿ ਕੋ ਚਾਹਤਿ ਅਵਿਗਾਹਨਿ[1]।
ਚਾਂਪ ਹਾਥ ਮਹਿਂ ਤੀਰ ਨਿਕਾਰਤਿ।
ਐਂਚਿ ਕਾਨ ਲਗਿ ਬਲ ਕਰਿ ਮਾਰਤਿ ॥੩॥

[1]ਦੇਖੋ ਇਸੇ ਰਾਸ ਦਾ ਅੰਸੂ ੩੯ ਅੰਕ ੩੫ ਦੀ ਪਹਿਲੀ ਸਤਰ ਦਾ ਪ੍ਰਯਾਯ।

[1]ਹਲ ਚਲ ਪਾ ਦੇਣੀ। (ਅ) ਭਾਵ, ਸਿੱਖਾਂ ਨੂੰ ਲੰਘ ਕੇ ਸਤਿਗੁਰੂ ਜੀ ਪਾਸ ਜਾਵਣਾ ਚਾਹੁੰਦਾ ਹੈ।

ਕੰਚਨਿ ਕੇਰ ਬਿਭੂਖਨ ਅੰਗ।
ਜਬਰ ਜਵਾਹਰਿ ਜਰਤੀ ਸੰਗ।
ਬਲੀ ਚਪਲ ਬਡ ਮੋਲ ਤੁਰੰਗ।
ਠਹਿਰਤਿ ਨਹਿਂ ਥਰਕਤਿ ਬਿਚ ਜੰਗ[1] ॥੪॥

[1]ਟਿਕਦਾ ਨਹੀਂ ਤੇ ਥਰਕਦਾ ਰਹਿੰਦਾ ਹੈ ਭਾਵ ਦਾਉ ਘਾਉ ਤੋਂ ਬਚਣ ਲਈ ਇਧਰ ਉਧਰ ਹੁੰਦਾ ਰਹਿੰਦਾ ਹੈ।

ਤਿਮ ਦੋਨਹੁ ਖੱਤ੍ਰੀ ਚਲਿ ਆਏ।
ਗੁਰੁ ਕੋ ਹੇਰਿ ਰਿਦੇ ਤਪਤਾਏ।
ਤਿਨਹੁ ਬਿਲੋਕਤਿ ਸਤਿਗੁਰ ਬੋਲੇ।
'ਅਬਹਿ ਕਾਲ, ਪਲਟਾ ਪਿਤ ਕੋ ਲੇ[1] ॥੫॥

[1]ਹੁਣ ਸਮਾਂ ਹੈ ਪਿਤਾ ਦਾ ਬਦਲਾ ਲੈ ਲੈ।

ਕਿਮ ਕਾਇਰ ਬਨਿ ਸਮੁਖ ਨ ਆਵਹੁ?
ਰਚਿ ਉਪਾਧਿ ਬਡਿ ਤੁਰਕ ਹਨਾਵਹੁ।
ਬੈਹਿ ਕਚਹਿਰੀ ਬਾਤਿ ਬਨੈ ਹੈਂ।

-ਪਿਤ ਪਲਟਾ ਗੁਰੁ ਤੇ ਹਮ ਲੈਹੈਂ- ॥੬॥
ਤੁਮ ਕਹਿਬੋ ਕਹੁ ਮਹਿਦ ਧਿਕਾਰੂ।
ਨਹਿਂ ਢਿਗ ਹੋਵਤਿ ਜੰਗ ਮਝਾਰੂ[1]।' — [1]ਕਿਉਂਕਿ) ਜੰਗ ਵਿਚ ਤਾਂ ਨੇੜੇ ਨਹੀਂ ਢੁਕਦੇ ਹੋ।
ਸੁਨਿ ਕਰਿ ਜਰੇ, ਜਰੇ ਨਹਿਂ ਬੈਨ।
ਰਿਸ ਤੇ ਕਰੇ ਲਾਲ ਜੁਗ ਨੈਨ ॥੭॥
ਦੋਨਹੁਂ ਖੱਤਰੀ ਸਹਤ ਨਬਾਬ।
ਚੰਚਲ ਕਰੇ ਤੁਰੰਗ ਸ਼ਤਾਬ।
ਢੁਕੇ ਨਿਕਟਿ ਗੁਰੁ ਚਾਹਸਿ ਮਾਰਾ।
ਚਾਂਪਨ ਮਹਿਂ ਕਰਿ ਬਾਨ ਸੰਚਾਰਾ[1]† ॥੮॥ — [1]ਮੇਲਕੇ। †ਪਾ:-ਸੰਭਾਰਾ।
ਐਂਚਿ ਐਂਚਿ ਤੀਨਹੁਂ ਬਲ ਪੀਨ।
ਸਤਿਗੁਰ ਸਨਮੁਖ ਛੋਰਨਿ ਕੀਨਿ।
ਸ੍ਰੀ ਹਰਿਗੋਵਿੰਦ ਹਯ ਚਪਲਾਵੈਂ।
ਇਤ ਉਤ ਫੇਰਤਿ ਅੰਗ ਬਚਾਵੈਂ ॥੯॥
ਅਪਨੋ ਧਨੁਖ ਕਠੋਰ ਸੰਭਾਰਾ।
ਖਰ ਖਪਰਾ ਧਰਿ ਗੁਨ ਸੰਚਾਰਾ[1]। — [1]ਚਿੱਲੇ ਵਿਚ ਜੋੜਿਆ।
ਤਾਨ ਕਾਨ ਲਗਿ ਮਾਰਸਿ ਬਾਨਾ।
ਗਯੋ ਬੇਗ ਜੁਤਿ[1] ਸਰਪ ਸਮਾਨਾ ॥੧੦॥ — [1]ਵੇਗ ਨਾਲ।
ਰਤਨਚੰਦ ਕੋ ਤਾਕਿ ਚਲਾਵਾ।
ਸੋ ਹਲਿ ਗਯੋ ਤੁਰੰਗ ਕੋ ਘਾਵਾ।
ਉਛਰਤਿ ਕੀ ਛਾਤੀ ਬਿਧਿ ਗਇਊ।
ਪਾਛਲ ਦਿਸ਼ਾ ਪਾਰ ਸਰ ਭਇਊ[1] ॥੧੧॥ — [1]ਘੋੜੇ ਦੀ) ਛਾਤੀ ਵਿੰਨ੍ਹਕੇ ਪਿਛਲੇ ਪਾਸਿਓਂ ਜਾ ਨਿਕਲਿਆ।
ਗਿਰਜੋ ਉਥਲ ਅਸੁ ਹੇਰਤਿ ਖਰੇ।
ਖਾਨ ਬਾਨ ਕੀ ਸਿਫਤੀ ਕਰੇ[1]। — [1]ਅਬਦੁਲ) ਖਾਂ (ਗੁਰੂ ਜੀ ਦੇ ਚਲਾਏ) ਬਾਣ ਦੀ ਸਿਫਤ ਕਰਨ ਲੱਗ ਪਿਆ ਕਿ....।
'ਮੋ ਸਰ ਕੀ ਏਤੀ ਨਹਿਂ ਮਾਰਿ।
ਪਰਜੋ ਪਾਰ ਹਯ ਕੋ ਧਰਿ ਡਾਰਿ' ॥੧੨॥
ਰਤਨਚੰਦ ਗਿਰ ਪਰਜੋ ਸੰਭਾਰਾ।
ਕਰਮਚੰਦ ਤਬਿ ਭਯੋ ਅਗਾਰਾ।
ਹਤਜੋ ਤੀਰ ਗੁਰੁ ਕੇ ਹਯ ਲਾਗਾ।
ਘਾਵ ਗ੍ਰੀਵ ਮਹਿਂ ਗਿਰਜੋ ਨ ਆਗਾ[1] — [1]ਘੋੜੇ ਦੀ ਗਿੱਚੀ ਦੇ ਅੱਗੇ ਜ਼ਖਮ ਤਾਂ ਹੋ ਗਿਆ, ਪਰ

॥੧੩॥
ਐਂਚਿ ਗੁਰੂ ਨੇ ਤੀਰ ਨਿਕਾਰਾ।
ਹਯ ਛੇਰਯੋ ਜਿਸ ਮਹਿਂ ਬਲ ਭਾਰਾ।
ਪ੍ਰਥਮ ਸਮਾਨ ਉਠਯੋ ਕਰਿ ਛਾਲ।
ਜਾਤਿ ਗ੍ਰੀਵ ਤੇ ਰੁਧਰ ਬਿਸਾਲ ॥੧੪॥
ਸਤਿਗੁਰ ਕੇ ਰਿਸਿ ਉਪਜੀ ਮਹਾਂ।
ਨਿਜ ਹਾਵਨ ਕੇ ਸ਼੍ਰੋਣਤ ਲਹਾ।
ਧਨੁਖ ਸਿਕੰਧ ਧਰਯੋ ਤਿਸ ਕਾਲਾ।
ਐਂਚਯੋ ਤੂਰਨ ਖੜਗ ਕਰਾਲਾ ॥੧੫॥
ਦੜਬੜਾਇ ਘੋਰਾ ਤਬਿ ਛੇਰਾ।
ਕਰਮਚੰਦ ਕੋ ਤਤਛਿਨ ਘੇਰਾ।
ਦਾਰੁਨ ਗੁਰੁ ਸਰੂਪ ਜਬਿ ਹੇਰਾ।
ਜੀਵਨ ਤੇ ਨਿਰਾਸ ਤਿਸ ਬੇਰਾ ॥੧੬॥
ਪ੍ਰੇਰਿ ਤੁਰੰਗ ਸਿਪਰ ਗਹਿ ਹਾਥ।
ਖੈਂਚਯੋ ਖੜਗ ਕੋਪ ਕੇ ਸਾਥ।
ਗੁਰੁ ਨੇ ਫਿਰ ਚੌਗਿਰਦ ਦਬਾਯੋ।
ਜਾਨਯੋ ਤਬੈ ਕਾਲ ਨਿਯਰਾਯੋ† ॥੧੭॥
ਰਤਨਚੰਦ ਅਰੁ ਬਲੀ ਨਬਾਬ।
ਕੀਨਸਿ ਤਿਨ ਤੇ ਪ੍ਰਿਥਕ ਸ਼ਿਤਾਬ[1]।
ਬਲਿ ਕਰਿ ਗੁਰ ਕੇ ਖੜਗ ਪ੍ਰਹਾਰਾ।
ਕਰੀ ਸਿਪਰ ਆਗੈ ਤਿਸ ਬਾਰਾ ॥੧੮॥
ਜਬਹਿ ਵਾਰ ਤੇ ਅੰਗ ਬਚਾਵਾ।
ਤਬਿ ਤੁਰੰਗ ਸਿਰ ਕਾਟਿ ਗਿਰਾਵਾ।
ਗਿਰ ਕਰਿ ਕਰਮ ਚੰਦ ਹੁਇ ਖਰਯੋ।
ਰਤਨਚੰਦ ਢਿਗ ਆਵਨਿ ਕਰਯੋ ॥੧੯॥
ਦੋਨਹੁ ਬਿਨ ਹਯ ਤੇ ਹੁਇ ਖਰੇ।
ਪਿਖਿ ਨਬਾਬ ਆਯਹੁ ਰਿਸਿ ਧਰੇ।
ਤੀਨਹੁੰ ਤੀਰ ਚਲਾਵਤਿ ਆਗੇ।
ਗੁਰੁ ਤੁਰੰਗ ਕੈ ਬਹੁਤੇ ਲਾਗੇ ॥੨੦॥
ਅੰਗ ਅੰਗ ਬੀਧਯੋ ਜਿਸ ਕੇਰਾ।
ਰਿਸਿ ਧਰਿ ਗੁਰੁ ਨਬਾਬ ਕੋ ਹੇਰਾ।

ਘੋੜਾ ਢੱਠਾ ਨਾ।

†ਪਾ:-ਮਾਰਿ ਮਾਰਿ ਐਸੇ ਕਹਿ ਆਯੋ। ਗੁਰ ਨੇ ਫਿਰ ਚੌਗਿਰਦ ਦਬਾਯੋ।

[1]ਰਤਨ ਚੰਦ ਤੇ ਨਬਾਬ) ਤੋਂ ਛੇਤੀ ਨਾਲ (ਉਸਨੂੰ) ਨਿਖੇੜ ਲਿਆ।

ਖਰ ਖਪਰਾ ਧਨੁ ਐਂਚ ਚਲਾਯੋ।
ਗਯੋ ਬੇਗ ਤੇ ਜਨੁ ਅਹਿ ਪਾਯੋ ॥੨੧॥
ਬਿਚਰਤਿ ਸੂਬੇ ਕੋ ਹਯ ਭਾਰਾ।
ਲਗਜੋ ਜਾਇ ਤਿਹ ਭਾਲ ਮਝਾਰਾ।
ਦੜ ਅਵਿਨਿ ਪਰ ਗਿਰਜੋ ਤੁਰੰਗ।
ਖਰੋ ਨਬਾਬ ਸੰਭਾਰਜੋ ਅੰਗ ॥੨੨॥
ਤਬਿ ਤੀਨਹੁਂ ਕੇ ਰਿਸਿ ਬਹੁ ਛਾਈ।
ਚਹਤਿ -ਗੁਰੂ ਕੇ ਹਯ ਦੇਂ ਘਾਈ-।
ਜੋਰਿ ਜੋਰਿ ਤੀਨਹੁਂ ਸਰ ਮਾਰੇ।
ਬੀਧੇ ਅੰਗ ਤੁਰੰਗਮ ਸਾਰੇ ॥੨੩॥
ਤਬਿ ਤੀਨਹੁਂ ਤੇ ਛੁਟਿ ਕਰਿ ਤੀਰ।
ਲਗੇ ਭਾਲ ਹਯ ਕੇ ਬਢਿ[1] ਪੀਰ। [1]ਵਧੀ।
ਗਿਰਿ ਧਰਨੀ ਪਰ ਸੁਰਗ ਸਿਧਾਰਾ।
ਗੁਰੁ ਤਰ ਰਹਜੋ ਭਾਗ ਜਿਸ ਭਾਰਾ ॥੨੪॥
ਸ੍ਰੀ ਹਰਿਗੋਵਿੰਦ ਬਡਿ ਬਲ ਜੋਧਾ।
ਪਦ ਕੇ ਭਾਰ ਖਰੋ ਉਰ ਕ੍ਰੋਧਾ।
ਮਨੋ ਦਾਹਬੇ ਜਗਤ ਅਸ਼ੇਖ਼[1]। [1]ਸਾੜਨੇ ਲਈ ਸਾਰੇ ਜਗਤ ਨੂੰ।
ਬਨਜੋ ਰੁੱਦ੍ਰ ਕੋ ਰੁੱਦ੍ਰਹਿ ਬੇਖ[1] ॥੨੫॥ [1]ਰੁੱਦ੍ਰ ਦਾ ਭਜਾਨਕ ਰੂਪ ਬਣ ਗਿਆ ਹੈ।
ਬਿਧੀਚੰਦ ਆਦਿਕ ਭਟ ਭਾਰੇ।
ਲਰਤਿ ਤੁਰਕ ਕੁਛ ਅੰਤਰ ਧਾਰੇ[1]। [1]ਤੁਰਕਾਂ ਨਾਲ ਲੜਦੇ ਸਨ (ਗੁਰੂ ਜੀ ਤੋਂ) ਕੁਛ ਫਰਕ ਤੇ।
ਲਖਜੋ ਨ, ਗੁਰੁ ਕੋ ਹਯ ਮਰਿ ਗਯੋ।
ਰੁਕੇ ਤਿਸੀ ਦਿਸ਼ਿ ਰਣ ਬਹੁ ਕਿਯੋ ॥੨੬॥
ਕੁਛਕ ਤਿਮਰ ਜਗ ਪਸਰਨਿ ਲਾਗਜੋ।
ਅਥਜੋ ਸੂਰ, ਸੂਰਨਿ ਰਿਸਿ ਜਾਗਜੋ।
ਉਤ ਨਵਾਬ ਜੁਤਿ ਚਾਹਤਿ ਸਾਰੇ।
-ਨਿਸ ਤੇ ਪ੍ਰਥਮ ਲੇਹਿਂ ਗੁਰੁ ਮਾਰੇ- ॥੨੭॥
ਇਤ ਸਤਿਗੁਰੁ ਉਰ ਇਹ ਅਭਿਲਾਸ਼ਾ।
-ਪ੍ਰਥਮ ਤਿਮਰ ਤੇ ਰਿਪੁਨਿ ਬਿਨਾਸ਼ਾ।
ਹਤਿ ਕੈ ਸ਼ੱਤ੍ਰੁ ਚਿੰਤ ਕੋ ਖੋਇ।

ਰੈਨ ਬਿਖੈ ਸੁਖ ਸੋਂ ਪੁਨ ਸੋਇੰ- ॥੨੮॥
ਦੁਨਹਨਿ ਕੀ ਸੈਨਾਂ ਉਤਿ ਲਰੈ।
ਸ਼ਸਤ੍ਰ ਪ੍ਰਹਾਰਤਿ ਮਾਰਤਿ ਮਰੈਂ।
ਇਤ ਸੈਨਾ ਕੇ ਮੁਖਿ ਸਿਰਦਾਰ।
ਮਾਚਯੋ ਜੰਗ ਮਹਾਂ ਬਿਕਰਾਰ ॥੨੯॥
ਤਬਿ ਤੀਨਹੁੰ ਨੇ ਰਿਦੇ ਬਿਚਾਰੇ।
ਮਿਲਿ ਆਪਸ ਮਹਿਂ ਬਾਕ ਉਚਾਰੇ।
'ਕਰਨੀ ਬਿਲਮ ਨ ਆਛੀ ਹਮੈਂ।
ਗੁਰੁ ਇਕ, ਹਮ ਤੀਨਹੁੰ ਇਹ ਸਮੈਂ ॥੩੦॥
ਕਰਹੁ ਨੇਰ ਕੋ ਖੜਗ ਪ੍ਰਹਾਰਹੁ।
ਗੁਰ ਕੇ ਅੰਗ ਤੁਰਤ ਕਟਿ ਡਾਰਹੁ।
ਨਾਂਹਿਤ ਘੇਰ ਗਹਹੁ ਗੁਰੁ ਜੀਵਤਿ।
ਤਬਿ ਮੁਰਾਦ ਪੂਰਨਿ ਤੁਮ ਥੀਵਤਿ' ॥੩੧॥
ਰਤਨ ਚੰਦ ਤੇ ਸੁਨਿ ਇਮ ਕਾਨ।
ਗਮਨਯੋਂ ਸੂਬਾ ਬਨਿ ਸਵਧਾਨ।
ਦੋਨਹੁੰ ਖੱਤ੍ਰੀ ਲੇ ਨਿਜ ਸਾਥ।
ਭਏ ਅੱਗ੍ਰ ਗਹਿ ਢਾਲਨਿ ਹਾਥ ॥੩੨॥
ਨਿਕਟਿ ਆਨਿ ਗੁਰੁ ਕੋ ਬੰਗਾਰਯੋ।
'ਤੈਂ ਬਹੁ ਲਸ਼ਕਰ ਤੁਰਕਨਿ ਮਾਰਯੋ।
ਪ੍ਰਥਮ ਛਿਨਾਇ ਬਾਜ਼ ਕੋ ਆਨਾ।
ਨਹੀਂ ਸ਼ਾਹੁ ਤੇ ਡਰ ਉਰ ਮਾਨਾ ॥੩੩॥
ਅਬਿ ਭੀ ਨਿਰਭੈ ਕਾਰਜ ਕੀਨਾ।
ਕਰਯੋ ਜੁੱਧ ਕੁਛ ਬਲ ਨਹਿਂ ਚੀਨਾ[1]।
ਘਨੇ ਸੁਭਟ ਕੇ ਪ੍ਰਾਨ ਬਿਦਾਰੇ।
ਅਬਿ ਆਯੋ ਹੈਂ ਅੱਗ੍ਰ ਹਮਾਰੇ ॥੩੪॥
ਲੇ ਸਭਿ ਕੋ ਪਲਟਾ ਤੁਵ ਮਾਰਿ।
ਤਬਿ ਸੁਪਤਹਿੰਗੇ ਲਾਤ ਪਸਾਰਿ।'
ਸੁਨਿ ਕਰਿ ਬੋਲੇ ਸਤਿਗੁਰੁ ਸਾਚੇ।
'ਅਰੇ ਮੂਢ! ਕਜਾ ਕਹਿਂ? ਮਤਿ ਕਾਚੇ! ॥੩੫॥

[1]ਨਹੀਂ ਦੇਖਿਆ (ਸਾਡਾ) ਬਲ।

ਪ੍ਰਥਮ ਮਰੇ ਤਿਨ ਪਲਟਾ ਲੇਤਿ।
ਅਬਿ ਤੂੰ ਮਰਿ ਜੈਹੈਂ ਰਣ ਖੇਤਿ।
ਕੋ ਪਲਟਾ ਲੈ ਹੈ ਪੁਨ ਤੇਰੇ?
ਦ੍ਵੈ ਸੁਤ ਸੋ ਮਰਿਵਾਇ ਅਗੇਰੇ ॥੩੬॥
ਜਿਸ ਮਗ ਮਹਿਂ ਅਗਲੇ ਚਲਿ ਗਏ।
ਸੋ ਨਹਿਂ ਬੰਦ ਭਯੋ, ਪ੍ਰਗਟਏ[1]।
ਤੁਰਕਨਿ ਜੜ੍ਹਾਂ ਉਖੇਰਨਹਾਰ।
ਮੁਝ ਕੋ ਜਾਨੋ ਬਲੀ ਉਦਾਰ ॥੩੭॥
ਤੁਮ ਤੀਨੋਂ, ਮੈਂ ਏਕਲ ਖਰੋ।
ਲਰੋ ਮਰੋ ਕੁਛ ਤ੍ਰਾਸ ਨ ਕਰੋ।
ਅਬਿ ਇਹ ਜੁੱਧ ਮੂਲ ਉਪਜਾਯੋ[1]।
ਸਨੇ ਸਨੇ ਜਗ ਮੈਂ ਵਧਿ ਜਾਯੋ ॥੩੮॥
ਹਮਰੇ ਸਿੱਖ ਸਦਾ ਬਲ ਸੰਗ।
ਤੁਰਕਨਿ ਸਾਥ ਕਰਹਿਂ ਬਡ ਜੰਗ।
ਛੀਨਹਿਂ ਰਾਜ ਤੇਜ ਹਮ ਸਾਰੇ।
ਕਹਾਂ ਬਾਜ ਕੀ ਬਾਤ ਉਚਾਰੇ' ॥੩੯॥
ਅਬਦੁਲ ਖਾਨ ਦਿਖਾਵਨਿ ਹੇਤੁ।
ਕਰਮਚੰਦ ਹੁਇ ਸਨਮੁਖ ਖੇਤ।
ਢਾਲ ਖੜਗ ਦੋਨਹੁੰ ਕਰ ਧਾਰੇ।
ਫਾਂਧਿ ਚਰਨ ਸੋਂ ਗੁਰੁ ਲਲਕਾਰੇ ॥੪੦॥
'ਬਨਿ ਸੁਚੇਤ ਅਬਿ ਮੈਂ ਤੁਜ ਮਾਰੋਂ।
ਪਿਤ ਹਤਿ ਕੋ ਰਿਣ ਸਕਲ ਉਤਾਰੋਂ।
ਚੰਦੂ ਕੋ ਸੁਤ ਮੋ ਕਹੁ[1] ਜਾਨ।
ਪਿਤ ਪਲਟੇ ਹਿਤ ਤੁਮ ਕਿਯ ਹਾਨਿ[1] ॥੪੧॥
ਤੈਸੀ ਬਨੀ ਬਾਤ ਮੁਹਿ ਆਇ।
ਐਸੇ ਸਮੋਂ ਨਹੀਂ ਕਬਿ ਪਾਇ।
ਕਰਤਿ ਪ੍ਰਤੀਖਨਿ ਪ੍ਰਾਪਤਿ ਹੋਵਾ।'
ਇਮ ਕਹਿ ਉਛਰਤਿ ਕੋ ਗਰ ਜੋਵਾ ॥੪੨॥

[1]ਖੁਲ੍ਹਾ ਪਿਆ ਹੈ।

[1]ਇਹ ਮੁੱਢ ਜੁੱਧ ਹੈ (ਹੋਰ ਜੁੱਧ ਅੱਗੇ ਵੱਧ ਵੱਧਕੇ ਹੋਣੇ ਹਨ)।

[1]ਮੈਨੂੰ।

[1]ਆਪਣੇ) ਪਿਤਾ ਦੇ ਬਦਲੇ ਲਈ ਤੁਸਾਂ (ਮੇਰਾ ਪਿਤਾ) ਮਾਰਿਆ ਸੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਜੰਗ ਪ੍ਰਸੰਗ' ਬਰਨਨੰ ਨਾਮ ਦੋਇ ਚੱਤਵਾਰਿੰਸਤੀ ਅੰਸੂ ॥੪੨॥

੪੩. [ਅਬਦੁਲਖਾਂ ਆਦਿ ਮਾਰੇ ਗਏ। ਜੰਗ ਫਤਹ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਜਬਹਿ ਚੰਦੂ ਨੰਦਨ ਭਯੋ, ਗੁਰ ਕੇ ਸਨਮੁਖ ਆਇ।
ਰਤਨ ਚੰਦ ਸੂਬਾ ਦੁਊ, ਆਏ ਤਿਸ ਪਿਛਵਾਇ ॥੧॥

ਚੌਪਈ:

ਖੜਗ ਉਭਾਰਿ ਗੁਰੂ ਪਰ ਆਯੋ।
ਕਰਿ ਬਾਹੁਨ ਬਲ ਤਬਹਿ ਚਲਾਯੋ।
ਸਿਰ ਪਰ ਆਵਤਿ ਵਾਰ ਨਿਹਾਰਾ।
ਸਤਿਗੁਰ ਢਾਲਾ ਤੁਰਤ ਸੰਭਾਰਾ ॥੨॥
ਲਿਯੋ ਵਾਰ ਤਿਹ ਰੋਕ੍ਯੋ ਆਗਾ[1]। [1]ਵਾਰ ਦਾ ਅੱਗਾ।
ਫੂਲਨਿ ਲਾਗਿ ਚਿਣਗ ਗਨ ਜਾਗਾ[1]। [1]ਢਾਲ ਦਿਆਂ ਫੁੱਲਾਂ ਨੂੰ ਲੱਗਕੇ ਚਿਣਗਾਂ ਨਿਕਲੀਆਂ।
ਪੁਨ ਸਤਿਗੁਰੁ ਕੁਛ ਫਾਂਦਨ ਕਰਿ ਕੈ।
ਬਾਮ ਹਾਥ ਤੇ ਬਲ ਸੰਭਰਿ ਕੈ ॥੩॥
ਦੂਸਰ ਵਾਰ ਪ੍ਰਹਾਰਤਿ ਜਾਨਾ।
ਹਤੀ ਬਦਨ ਪਰ ਸਿਪਰ ਮਹਾਨਾ।
ਗਿਰ੍ਯੋ ਧਰਾ ਪਰ ਮੁਰਛਾ ਪਾਈ।
ਕੋ ਸਹਿ ਸਕਹਿ, ਥਿਰਹਿ ਅਗੁਵਾਈ[1] ॥੪॥ [1]ਅੱਗੇ ਠਹਿਰਕੇ।
ਰਤਨ ਚੰਦ ਦਿਢ ਦੂਜੀ ਓਰ।
ਖੜਗ ਉਭਾਰਿ ਆਇ ਕਰਿ ਜੋਰ।
ਨਟ ਜਿਮ ਫਾਂਦਤਿ ਆਨਿ ਚਲਾਯੋ।
ਗੁਰੁ ਟਰਿ ਬਾਏਂ ਵਾਰ ਬਚਾਯੋ ॥੫॥
ਊਪਰ ਕੋ ਉਛਰਤਿ ਪੁਨ ਆਵਾ।
ਦੁਤਿਯ ਵਾਰ ਕੋ ਚਹਤਿ ਚਲਾਵਾ।
ਤਾਵਤ ਸ਼ੀਘ੍ਰ ਧਾਰ[1] ਗੁਰ ਸਾਚਾ। [1]ਛੇਤੀ ਕਰਕੇ।
ਕਾਢ ਕਮਰ ਤੇ ਹਤਿਸਿ ਤਮਾਚਾ ॥੬॥
ਕਿਸੂ ਵਿਲਾਇਤ ਤੇ ਸਿਖ ਲ੍ਯਾਯੋ।
ਬਚਹਿ ਨ ਕ੍ਯੋਂ ਹੂੰ ਜਿਹ ਨਰ ਖਾਯੋ।
ਰਤਨ ਚੰਦ ਕੇ ਲਾਗਸਿ ਛਾਤੀ।

ਉਛਰਤਿ ਊਚੋ ਅਵਨਿ ਪਪਾਤੀ[1] ॥ ੭ ॥

[1]ਉੱਚਾ ਉੱਛਲਦਾ ਧਰਤੀ ਤੇ ਡਿੱਗ ਪਿਆ।

ਉਗਲਤਿ ਸ਼੍ਰੋਣਤ ਬਤਨ ਪਸਾਰੇ।
ਪ੍ਰਾਣ ਗਏ, ਨਹਿਂ ਹਾਇ ਉਚਾਰੇ।
ਅਬਦੁਲਖਾਨ ਵਿਲੋਕਤਿ ਕ੍ਰੋਧਾ।
ਜਾਨਜੋ ਰਿਦੇ -ਗੁਰੂ ਬਡਿ ਜੋਧਾ- ॥ ੮ ॥
ਫਾਂਦਤਿ ਲਲਕਾਰਤਿ ਮੁਖ ਬੋਲਾ।
'ਖਰੇ ਰਹੋ, ਨਹਿਂ ਕੀਜਹਿ ਓਲਾ[1]।'

[1]ਕੋਈ ਓਟ ਨਾ ਕਰ ਲੈਣੀ।

ਕਹੇ ਤਾਂਹਿ ਕੇ ਸਿਪਰ ਜਿ ਹਾਥ।
ਪਾਇ ਸਿਕੰਧ ਸ਼ੀਘ੍ਰਤਾ ਸਾਥ ॥ ੯ ॥
ਨਾਂਗੋ ਖੜਗ ਗਹੇ ਗੁਰੁ ਫਿਰੈਂ।
ਇਤ ਉਤ ਦਾਵ ਤਾਕਬੋ ਕਰੈਂ।
ਪੁਨ ਗੋ ਮੂਤ੍ਰਾਕਾਰ ਫਿਰੰਤੇ[1]।

[1]ਬਲਦ ਮੂਤਨੀ WW ਵਾਂਗ ਫਿਰਦੇ ਹਨ।

ਸਮੁਖ ਪਰਾ ਮੁਖ ਕਬਿ ਬਿਚਰੰਤੇ[1] ॥ ੧੦ ॥

[1]ਕਦੇ ਸਾਹਮਣੇ ਕਦੇ ਪੂਰਾ (ਟੇਢਾ) ਮੂੰਹ ਕਰਕੇ ਵਿਚਰਦੇ ਹਨ।

ਪਟੇਬਾਜ਼ ਬਿੱਦਜਾ ਅੱਭਜਾਸ।
ਅਬਦੁਲ ਖਾਂ ਬਹੁ ਕਰਤਿ ਉਪਾਸ[1]।

[1]ਅਬਦੁਲ ਖਾਂ ਪਟੇਬਾਜ਼ੀ ਦੀ ਵਿੱਦਜਾ ਦਾ ਅੱਭਜਾਸ ਤੇ (ਉਪਾਸ =) ਤੀਰੰਦਾਜ਼ੀ ਦਾ ਅੱਭਜਾਸ ਬਹੁਤ ਕਰਦਾ ਰਿਹਾ ਸੀ (ਪਹਿਲੀ ਉਮਰੇ)। [ਸੰਸ: ਉਪਾਸਨ = ਤੀਰਅੰਦਾਜ਼ੀ]

ਜਿਮ ਗੁਰੁ ਕਰਤਿ ਖਾਨ ਤਿਮ ਕਰੈ।
ਖਾਨ ਕਰਤਿ ਜਿਮ ਗੁਰੁ ਤਿਮ ਫਿਰੈਂ ॥ ੧੧ ॥
ਦੁਊ ਚਹਤਿ ਹੈਂ ਵਾਰ ਚਲਾਯੋ।
ਜੈ ਹੋਵਨਿ ਦੋਨਹੁ ਮਨ ਭਾਯੋ।
ਸੈਨਾਂ ਦੋਨਹੁੰ ਕੇ ਮੁਖਿ ਅਹੈਂ[1]।

[1]ਮੁਖੀਏ ਹਨ।

ਦੋਨਹੁੰ ਦਾਵ ਖੜਗ ਨਿਰਬਹੈਂ ॥ ੧੨ ॥
ਓਟ ਸਿਪਰ ਕੀ ਦੋਨਹੁੰ ਤਜਾਗੀ।
ਦੋਨਹੁੰ ਬੀਰ ਬੀਰ ਰਸ ਪਾਗੀ।
ਦੋਨਹੁੰ ਸ਼ਸਤ੍ਰਨਿ ਬਿੱਦਜਾ ਕਰਤਾ।
ਲਰਨ ਹਟਨਿ ਕੇ ਦੋਨਹੁੰ ਭਰਤਾ[1] ॥ ੧੩ ॥

[1]ਪ੍ਰਬੀਨ [ਸੰਸ: ਭਰਤ: = ਨਾਟਕ ਕਰਤਾ](ਅ) ਮਾਲਕ ਹਨ। [ਸੰਸ: ਭਰ੍ਤ੍ਰੀ = ਮਾਲਕ]

ਦੋਨਹੁੰ ਬੰਕੇ ਬੀਰ ਜੁਝਾਰੇ।
ਦੋਨਹੁੰ ਅਰੇ ਮਰਨਿ ਕੈ ਮਾਰੇ[1]।

[1]ਮਰਨ ਯਾ ਮਾਰਨ ਲਈ।

ਦੋਨਹੁੰ ਕੇ ਬਹੁ ਭਾ ਉਤਸਾਹੂ।
ਦੋਨਹੁੰ ਅਰਣ ਬਰਣ ਰਨ ਮਾਂਹੂ ॥੧੪॥
ਦੋਨਹੁੰ ਕਰਹਿਂ ਵਾਰ ਕੋ ਨਾਨਾ।
ਦੋਨਹੁੰ ਧਰਹਿਂ ਆਵਨੋ ਜਾਨਾ[1]।
[1]ਵਧਣਾ ਤੇ ਹਟਣਾ।
ਗੁਰ ਕੋ ਰਣ ਲਖਿ ਸੁਰ ਸਮੁਦਾਏ।
ਉਤਲਾਵਤਿ ਅਵਿਲੋਕਨਿ ਆਏ ॥੧੫॥
ਥਿਰੇ ਗਗਨ ਮਹਿਂ ਹੇਰਤਿ ਜੁੱਧਾ।
ਦੋਨਹੁੰ ਬੀਰ ਭਰੇ ਉਰ ਕ੍ਰੁੱਧਾ।
ਕਬਹੁੰ ਖਾਨ ਗੁਰੁ ਊਪਰ ਆਵੈ।
ਕਬਹੁੰ ਖਾਨ ਪਰ ਸ਼੍ਰੀ ਗੁਰੁ ਜਾਵੈਂ ॥੧੬॥
ਕਬਿ ਬਾਵੈਂ ਨਿਕਸਹਿਂ ਕਬਿ ਦਾਏਂ।
ਬਿਚਰਤਿ ਉਛਰਤਿ ਖੜਗ ਉਠਾਏ।
ਅਬਦੁਲ ਖਾਂ ਤਬਿ ਵਾਰ ਪ੍ਰਹਾਰਾ।
ਖੜਗ ਅੱਗ੍ਰ ਕਰਿ ਗੁਰੂ ਸਹਾਰਾ ॥੧੭॥
ਬਹੁਰ ਹਟਯੋ ਲਖਿ ਛੂਛੋ ਵਾਰਿ।
ਸਤਿਗੁਰੁ ਫਾਂਦਤਿ ਹਾਥ ਉਭਾਰਿ।
ਊਚੇ ਬੋਲਿ ਕਰਯੋ ਰਿਪੁ ਡਾਟਨਿ[1]।
[1]ਵੈਰੀ ਨੂੰ ਡਾਂਟਿਆਂ।
ਤਕਯੋ ਤਰੇ ਕੋ ਜੰਘਨ ਕਾਟਨਿ[1] ॥੧੮॥
[1]ਮਾਨੋਂ ਖਾਨ ਦੀਆਂ) ਜੰਘਾਂ ਕੱਟਣ ਲਈ (ਗੁਰੂ ਜੀ ਨੇ) ਹੇਠਾਂ ਨੂੰ ਤੱਕਿਆ।
ਜਾਨਯੋ ਖਾਨ ਸੁ ਤਰੇ ਪ੍ਰਹਾਰਹਿਂ[1]।
[1]ਹੇਠੋਂ ਹੀ ਮਾਰਨਗੇ।
ਵਾਰ ਬਚਾਵਨਿ ਹਿਤ ਸੰਭਾਰਹਿ।
ਤਰੇ ਜੰਘ ਦਿਸ਼ਿ ਜਬਿ ਬਿਰਮਾਯੋ[1]।
[1]ਹੇਠਾਂ ਲੱਤਾਂ ਵਾਲੇ ਪਾਸੇ (ਦੇ ਬਚਾਉ ਵਿਚ) ਜਦ (ਨਬਾਬ) ਪਰਚ ਗਿਆ ਭਾਵ ਲਗ ਗਿਆ।
ਕਰਿ ਬਲ ਕੋ ਗੁਰੁ ਖੜਗ ਚਲਾਯੋ ॥੧੯॥
ਤਰੇ ਬਚਾਵਤਿ ਮੂਰਖ ਰਹਯੋ।
ਚੰਦ੍ਰਹਾਸ ਗ੍ਰੀਵਾ ਪਰ ਬਹਯੋ।
ਤਤਛਿਨ ਧਰ ਤੇ ਸੀਸ ਉਤਾਰਾ।
ਬਹੀ ਸਾਫ ਬਹੁ ਤੀਖਨ ਧਾਰਾ ॥੨੦॥
ਚਕ ਪਰ ਬਾਸਨ ਕਰਿ ਜਿਮ ਤਯਾਰੂ।
ਤੂਰਨ ਲੇਤਿ ਕੁਲਾਲ ਉਤਾਰੂ[1]।
[1]ਘੁਮਿਆਰ ਜਿਵੇਂ ਚੱਕ ਤੇ ਭਾਂਡਾ ਤਿਆਰ ਕਰਕੇ ਤੁਰਤੇ (ਤਾਗੇ ਨਾਲ ਕੱਟਕੇ) ਉਤਾਰ ਲੈਂਦਾ ਹੈ।
ਗਨ ਸਾਬਨ ਮਹਿਂ ਅਯ ਕੀ ਤਾਰੇ[1]।
[1]ਸਾਬਨ ਦੇ ਚੱਕੇ ਵਿਚ ਲੋਹੇ ਦੀ ਤਾਰ।

ਜਿਮ ਪ੍ਰਹਾਰ ਕਰਿ ਕੁਛਕ ਉਤਾਰੇ ॥੨੧॥

ਸਾਖਾ[1] ਮਨੋ ਪਾਕ ਫਲ ਰਹਯੋ। — [1]ਟਾਹਣੀ ਨਾਲ।

ਗਿਰਯੋ ਸਬੇਗ ਬਾਯੁ ਕੇ ਬਹਯੋ?
ਤਿਮ ਸਿਰ ਗਿਰਿਗਾ ਅਬਦੁਲ ਖਾਨ।
ਲੋਚਨ ਪਸਰੇ ਰਹੇ ਮਹਾਨ ॥੨੨॥

ਮਨਹੁਂ ਗਾਜ ਨੇ ਮੰਡਪ ਡਾਰਾ[1]। — [1]ਗੁੰਬਦ ਡੇਗਿਆ ਹੈ।

ਕੈ ਭੁਚਾਲ ਤੇ ਗਿਰਯੋ ਮਨਾਰਾ।
ਸ੍ਰੀ ਹਰਿਗੋਵਿੰਦ ਸ਼ੱਤ੍ਰੁ ਬਿਲੋਕਾ।

ਪਰਯੋ ਪ੍ਰਿਥੀ ਪਰ ਪ੍ਰਾਨਨਿ ਫੋਕਾ[1] ॥੨੩॥ — [1]ਪ੍ਰਾਣਾਂ ਤੋਂ ਖਾਲੀ।

ਭਾ ਪ੍ਰਬ੍ਰਿਤ ਤਮ ਤੋਮ ਕਰਾਲਾ[1]। — [1]ਬੜਾ ਭਿਆਨਕ ਤੇ ਡੂੰਘਾ ਅੰਨ੍ਹੇਰਾ ਹੋ ਗਿਆ। [ਸੰਸ: = ਸ੍ਤੋਮ = ਸਮੂਹ, ਬਹੁਤ। ਹਿੰਦੀ, ਤੋਮ]

ਮ੍ਰਿਤਕ ਖਾਨ ਢਿਗ ਗੁਰੁ ਤਿਸ ਕਾਲਾ।

[1] 'ਪਰਯੋ ਦੁਸ਼ਟ ਹਮ ਪਰ ਚਢਿ ਆਯੋ[2]। — [1]ਗੁਰੂ ਜੀ ਬੋਲੇ। [2]ਜੋ ਚੜ੍ਹ ਆਇਆ ਸੀ।

ਤੁਰਕ ਮੂਢ ਮਤਿ ਚਿਤ ਗਰਬਾਯੋ ॥੨੪॥
ਜੈ ਸਤਿਗੁਰ ਕੀ ਸਦਾ ਅਨੰਦ।'
ਕਹਯੋ ਜਬਹਿ ਸ੍ਰੀ ਹਰਿ ਗੋਵਿੰਦ।
ਕਰਮਚੰਦ ਕੋ ਸੁਧਿ ਤਬਿ ਆਈ।
ਜਬਿ ਗੁਰੁ ਗਿਰਾ ਸ਼੍ਰਵਨ ਸੁਨਿ ਪਾਈ ॥੨੫॥

[1]ਚਿਤਵਤਿ -ਮ੍ਰਿਤੁ ਨਬਾਬ ਕੀ ਕਹੀਯਤਿ। — [1]ਕਰਮ ਚੰਦ) ਚਿਤਵਦਾ ਹੈ ਕਿ ਨਬਾਬ ਦੀ ਮੌਤ ਕਹੀ ਜਾ ਰਹੀ ਹੈ, (ਭਾਵ ਇਹ ਕਿ ਗੁਰੂ ਜੀ ਦੀ ਕਥਨੀ ਤੋਂ ਕਰਮਚੰਦ ਨੇ ਨਵਾਬ ਮਰ ਗਿਆ ਸਮਝ ਲਿਆ ਤੇ ਸੋਚਦਾ ਹੈ ਕਿ) ਰਤਨ ਚੰਦ ਦਾ ਪਤਾ ਕੋਈ ਨਹੀਂ ਤੇ ਮੈਂ (ਨਵਾਬ ਦੇ) ਕੋਲ ਪਿਆ ਹਾਂ, ਇਸ ਗੁਰੂ ਦੇ ਸਿੱਖ ਆਉਣਗੇ.....।

ਰਤਨ ਚੰਦ ਕੀ ਸੁਧਿ ਨਹਿਂ ਲਹੀਯਤਿ[†]। — [†]ਪਾ:-ਚਿਤਵਤਿ ਮ੍ਰਿਤੁ ਨਿਵਾਬ ਮਰਿ ਗਯੋ-। ਕਰਮ ਚੰਦ ਚਿੰਤਾਤੁਰ ਭਯੋ = ਭਾਵ ਇਹ ਹੈ ਕਿ ਕਰਮ ਚੰਦ ਨੇ ਗੁਰੂ ਜੀ ਨੂੰ ਇਹ ਵਾਕ ਕਹਿੰਦੇ ਸੁਣਿਆਂ ਕਿ 'ਨਵਾਬ ਸਾਡੀ ਮੌਤ ਚਿਤਵਦਾ ਆਇਆ ਸੀ ਤੇ ਆਪ ਹੀ ਮਰ ਗਿਆ ਹੈ', ਇਸ ਤੋਂ ਇਹ ਜਾਣ ਕੇ ਕਿ ਨਬਾਬ ਮਰ ਗਿਆ ਹੈ, ਉਸਨੂੰ ਚਿੰਤਾ ਹੋਈ।

ਮੈਂ ਢਿਗ ਪਰਯੋ, ਆਇਂ ਸਿਖ ਇਸ ਕੇ[ੳ]।
ਹੇਰਤਿ ਹਤਹਿ ਸ਼ੱਤ੍ਰੁ ਲਖਿ, ਰਿਸ ਕੇ

॥੨੬॥
ਅਬਿ ਇਹ ਏਕਲ ਹੈ ਮਮ ਤੀਰ।
ਲਰਤਿ ਰਹ੍ਯੋ ਬਹੁ ਸ਼੍ਰਮਤਿ ਸਰੀਰ[1]।
ਉਠਿ ਮੈਂ ਹਤੋਂ ਮਹਾਂ ਜਸ ਪਾਊਂ।
ਸ਼ਾਹ ਸਮੀਪ ਸੁ ਜਾਇ ਸੁਨਾਊਂ ॥੨੭॥
ਇਮ ਬਿਚਾਰਿ ਕਰਿ ਉਠਿ ਲਲਕਾਰਾ।
'ਠਾਂਢੋ ਰਹੁ ! ਨਬਾਬ ਤੈਂ ਮਾਰਾ।
ਨਿਜ ਕਰਤੂਤਨਿ ਕੋ ਫਲ ਲੀਜੈ।
ਜਮ ਸਥਾਨ ਕੋ ਦੇਖਨਿ ਕੀਜੈ' ॥੨੮॥
ਨੰਦਨ ਚੰਦੂ ਸ੍ਵਾਹੀ ਕੇਰਾ।
ਮਹਾਂ ਕ੍ਰੋਧ ਤੇ ਸ਼੍ਰੀ ਗੁਰੁ ਹੇਰਾ।
'ਅਬਿ ਲੌ ਜੀਵਤਿ ਹੈਂ ਰਣ ਮਾਂਹੀ?
ਨਿਜ ਸੰਗਨਿ ਸੰਗ ਗਮਨ੍ਯੋ, ਨਾਂਹੀ?
॥੨੯॥
ਤੋਹਿ ਉਡੀਕਤਿ ਹੋਹਿਂ ਅਗਾਰੀ।
ਕਿਮ ਬਿਲੰਬ ਤਿਨ ਪੀਛੈ ਧਾਰੀ?
ਨਿਕਟਿ ਆਉ ਤਿਨ ਸਾਥ ਮਿਲਾਵੈਂ।
ਬਹੁਰ ਇਕਾਕੀ ਜਮ ਪੁਰਿ ਜਾਵੈਂ[1]'
॥੩੦॥
ਇਮ ਕਹਿਤੇ ਗੁਰੁ ਊਪਰ ਆਯੋ।
ਨਾਂਗੋ ਚੰਦ੍ਰਹਾਸ ਚਮਕਾਯੋ।
ਜਿਮ ਦੀਪਕ ਪਰ ਜਾਇ ਪਤੰਗ।
ਕਰਹਿ ਬਿਨਾਸ਼ਨ ਅਪਨੇ ਅੰਗ ॥੩੧॥
ਮੂਰਖ ਜਾਇ ਨੇਰ ਤਬਿ ਠਾਨਾ।
ਸਤਿਗੁਰੁ ਬੋਲੇ 'ਬਨ ਸਵਧਾਨਾ।
ਕਰਿ ਲਿਹੁ ਵਾਰ ਪ੍ਰਥਮ ਬਲ ਧਰਿ ਕੈ।
ਨਤੁ ਪਛੁਤੈ ਹੈਂ ਪੀਛੈ ਮਰਿਕੈ' ॥੩੨॥
ਸੁਨਤਿ ਵਾਰ ਕੀਨਸਿ ਤਬਿ ਆਇ।
ਸਿਰ ਕੋ ਕਿਧੌਂ ਸਿਕੰਧ ਤਕਾਇ।
ਖੜਗ ਚਲਾਯਹੁ ਗੁਰੁ ਅਵਿਲੋਕਾ।
ਅਪਨ ਖੜਗ ਪਰ ਤਿਸ ਕੋ ਰੋਕਾ
॥੩੩॥

[1]ਬੜਾ ਥੱਕਿਆ (ਹੈ ਗੁਰੂ ਦਾ) ਸਰੀਰ।

[1]ਪਿਛੋਂ ਇਕੱਲਾ ਜਾਏਂਗਾ ਜਮਪੁਰੀ ਨੂੰ।

ਰਿਸਤੇ ਬਲ ਤੇ ਤਿਨਹਿ ਪ੍ਰਹਾਰਾ।
ਬਜਯੋ ਖੜਗ ਪਰ ਖੜਗ ਕਰਾਰਾ।
ਦੋਨਹੁਂ ਟੂਟ ਧਰਾ ਪਰ ਪਰੇ।
ਦੋਨਹੁਂ ਮੁਸ਼ਟ ਰਹੇ ਕਰ ਧਰੇ[1] ॥੩੪॥
ਪਿਖਿ ਸ਼੍ਰੀ ਹਰਿਗੋਵਿੰਦ ਬਿਚਾਰੇ।
-ਅਬਿ ਜਮਧਰ ਸੋਂ ਜੇ ਇਸ ਮਾਰੇਂ।
ਸ਼ਸਤ੍ਰ ਮੌਤ ਤੇ ਦੁਸ਼ਟਿ ਮਰੈ ਹੈ।
ਯਾਂ ਤੇ ਹਾਥਨ ਸਾਥ ਹਤੈ ਹੈਂ ॥੩੫॥
ਇਹ ਭੀ ਖਰਯੋ ਨਿਰਾਯੁਧ[1] ਰਹਯੋ।
ਹਤਨਿ ਸ਼ਸਤ੍ਰ ਨਹਿਂ ਆਛੋ- ਲਹਯੋ।
ਬਲ ਕਰਿ ਗਹੀ ਬਾਂਹੁ ਗੁਰੂ ਤਬੈ।
ਜਤਨ ਛੁਟਨਿ ਹਿਤ ਠਾਨਤਿ ਸਬੈ ॥੩੬॥
ਜਿਮ ਗਜ ਸੁੰਡ ਬਿਖੈ ਗਹਿਵਾਵੈ।
ਬਹੁਰ ਅੰਗ ਨਿਜ ਸਸਾ ਛੁਡਾਵੈ[1]।
ਜੋਰ ਮਰੋਰ ਤੋਰ ਕਰਿ ਰਹਯੋ।
ਮੋਚਨਿ ਹਾਥ ਨ ਕਯੋਂਹੂੰ ਲਹਯੋ[1] ॥੩੭॥
ਦੁਤਿਯ ਹਾਥ ਤੇ ਓਜ ਦਿਖਾਵਤਿ।
ਸ਼ੇਰ ਅੰਕ ਜਯੋਂ ਮ੍ਰਿਗ ਉਤਲਾਵਤਿ[1]।
ਤਬਿ ਸਤਿਗੁਰੁ ਗਹਿ ਕੈ ਕਰ ਦਾਏਂ।
ਅਲਪ ਭਾਰ ਲਖਿ ਲੀਨਿ ਉਠਾਏ ॥੩੮॥
ਕਰਯੋ ਭ੍ਰਮਾਵਨਿ ਕੇਤਿਕ ਫੇਰੇ।
ਛਿਤ ਪਛਾਰ ਕਰਿ ਦੀਨਸਿ ਗੇਰੇ।
ਫੂਟਿ ਗਯੋ ਸਿਰ, ਚੂਰਨ ਅੰਗ।
ਤਨ ਕੀ ਸੰਧਿ ਛੁਟੀ ਸਰਬੰਗ[1] ॥੩੯॥
ਇਮ ਬਿਨਾਸ ਗਨ ਸ਼ੱਤ੍ਰੂ ਕਰਿ ਕੈ।
ਪੁਨ ਚਹੁੰਦਿਸ਼ਿ ਮਹਿਂ ਭਲੇ ਨਿਹਰਿ ਕੈ।
ਰਹਯੋ ਨ ਕੋਈ ਲਰਿਬੇ ਜੋਗ।
ਹੁਤੇ ਜਿਯਤਿ ਕੁਛ, ਭਾਗੇ ਲੋਗ ॥੪੦॥
ਭਯੋ ਅੰਧੇਰਾ ਦ੍ਰਿਸ਼ਟਿ ਨ ਪਰੈ।

[1]ਦੋਵੇਂ ਮੁਠਾਂ ਹੱਥ ਵਿਚ ਫੜੀਆਂ ਰਹਿ ਗਈਆਂ।

[1]ਬੇਹਥਿਆਰਾ।

[1]ਸਹਿਆ ਛਡਾਉਣਾ (ਚਾਹੇ)।

[1]ਹੱਥਾਂ ਤੋਂ ਛੁੱਟਣਾ ਕਿਵੇਂ ਨਾ ਮਿਲਿਆ, ਭਾਵ ਛੁੱਟ ਨਾ ਸਕਿਆ।

[1]ਸ਼ੇਰ ਦੀ ਜੱਫੀ ਵਿਚ ਜਿਵੇਂ ਮਿਰਗ ਕਾਹਲਾ ਪੈਂਦਾ ਹੈ।

[1]ਸਰੀਰ ਦੇ ਸਾਰੇ ਅੰਗਾਂ ਦੇ ਜੋੜ ਛੁੱਟ ਗਏ।

ਜਹਿਂ ਕਹਿਂ ਤੁਰਕ ਤ੍ਰਾਸ ਕੋ ਧਰੈਂ।
ਸੂਬਾ ਮਰਜੋ ਜਾਨਿ ਸਭਿ ਲੀਨੋ।
ਜਿਯਤਿ ਸ਼ੇਖ਼ ਭਾਗੇ ਡਰ ਚੀਨੋ ॥੪੧॥
ਸਨੈ ਸਨੈ ਕਾਇਰ ਜਬਿ ਭਾਗੇ।
ਬਿਧੀਆ ਦੇਖਤਿ ਨਹਿਂ ਰਿਪੁ ਆਗੇ।
ਗੁਰੁ ਸੁਧਿ ਹਿਤ ਪਾਛੇ ਕਹੁ ਮੁਰਜੋ।
ਸਨੈ ਸਨੈ ਆਵਤਿ ਹੈ ਤੁਰਜੋ ॥੪੨॥
ਇਤ ਸਤਿਗੁਰੁ ਸ਼੍ਰਮ ਕੋ ਕੁਛ ਠਾਨਿ।
ਬੈਠਿ ਗਏ ਤਿਸ ਹੀ ਰਣ ਥਾਨ।
ਤੀਨਹੁਂ ਮਰੇ ਨਿਕਟਿ ਹੀ ਪਰੇ।
ਤਿਨ ਕੇ ਬੀਚ ਸਤਿਗੁਰੂ ਥਿਰੇ ॥੪੩॥
ਅਵਿਨਿ ਗਗਨ ਮਹਿਂ ਤਮ ਬਿਸਤਾਰਾ[1]।
ਨਹੀਂ ਨਿਕਟਿ ਹੀ ਪਰਹਿ ਨਿਹਾਰਾ।
ਚਲਨਿ ਤੁਫੰਗ ਸਕਲ ਹਟਿ ਰਹੀ।
ਤੁਰਕ ਤ੍ਰਾਸ ਕਰਿ ਬੋਲਤਿ ਨਹੀਂ ॥੪੪॥
ਹਟੇ ਸਕਲ ਨਿਜ ਨਿਜ ਪਸਚਾਤ[1]।
ਰੌਰਾ ਮਚਤਿ, ਭਯੋ ਸਭਿ ਸ਼ਾਂਤਿ।
ਜਾਨਜੋ ਪਰੈ ਨਹੀਂ ਕਿਤ ਕੋਇ।
ਦੂਰਿ ਦੂਰਿ ਲੌਂ ਹਟਿ ਥਿਰ ਹੋਇ ॥੪੫॥

[1]ਫੈਲ ਗਿਆ।

[1]ਆਪੋ ਆਪਣੇ ਪਿੱਛੇ ਵੱਲ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਅਬਦੁਲਖਾਨ ਰਤਨ ਚੰਦ ਕਰਮ ਚੰਦ ਬੱਧ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾਰਿੰਸਤੀ ਅੰਸੂ ॥੪੩॥

੪੪. [ਯੁੱਧ ਫਤਹ। ਲੋਥ ਦੀ ਸੰਭਾਲ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਬਿਧੀਚੰਦ ਤੇ ਪਰੇ ਸਿਖ, ਫਤੇ ਗੁਰੂ ਕੀ ਜਾਨਿ[1]।
ਤਿਮਰ ਬਿਖੈ ਕਰਿ ਹੇਲ ਕੋ, ਮੇਲਿ ਦਿਯੋ ਘਮਸਾਨ ॥੧॥

ਚੌਪਈ:

ਇਕਦਿਸ਼ਿ ਤੇ ਜਯੋਂ ਬਾਵਨਿ ਲਾਗੇ।
ਤਮ ਮਹਿਂ ਤੁਰਕ ਤ੍ਰਾਸ ਕਰਿ ਭਾਗੇ।
ਜਿਨ ਕੇ ਰਣ ਮਹਿਂ ਤੁਰੰਗ ਮਰੇ ਹੈਂ।
ਇਤ ਉਤ ਬਿਥਰੇ ਜਾਇ ਦੁਰੇ ਹੈਂ ॥੨॥
ਅਰਤਿ ਜਾਤਿ ਕੋ[†] ਭਾਗਤਿ ਜਾਤਿ।
ਪੀਛੇ ਸਿੱਖ ਖੜਗ ਕਰਿ ਘਾਤਿ।
ਜਾਤਿ ਪਿਛਾਰੀ ਕਾਟਤਿ ਜਬੈ।
ਗੁਰੂ ਦੁਹਾਈ ਬੋਲੇ ਤਬੈ ॥੩॥
ਸੁਨਤਿ ਸਿੱਖ ਪੀਛੇ ਹਟਿ ਆਏ।
ਨਹਿਂ ਮਾਰਨਿ ਹਿਤ ਹਾਥ ਉਠਾਏ[†]।
ਜਹਿਂ ਸਤਿਗੁਰੁ ਡੇਰੋ ਨਿਜ ਡਾਰਾ।
ਤਜੇ ਦਾਸ ਤਹਿਂ ਰਾਖਿ ਸੁਧਾਰਾ ॥੪॥
ਤਿਨਹੁਂ ਬਿਚਾਰ ਕੀਨਿ ਮਨ ਮਾਂਹੀ।
-ਤਿਮਰ ਭਯੋ ਗੁਰੁ ਆਗਮ ਨਾਂਹੀ-।
ਸੰਧਯਾ ਪਰੀ ਜਾਨਿ ਤਿਸ ਕਾਲਾ।
ਦ੍ਵੈ ਮਸ਼ਾਲਚੀ ਜਾਰਿ ਮਸਾਲਾਂ ॥੫॥
ਤੂਰਣ ਹੀ ਰਣ ਕੀ ਦਿਸ਼ ਆਏ।
ਖੋਜਨਿ ਲਗੇ ਨਹੀਂ ਗੁਰੁ ਪਾਏ।
ਬਿਧੀਚੰਦ ਜੁਗ ਦੇਖਿ ਮਸਾਲ।
ਹਯ ਧਵਾਇ ਆਯਸਿ ਤਤਕਾਲ ॥੬॥
ਗੁਰੁ ਸੁਧਿ ਬੂਝਤਿ ਆਪਸ ਮਾਂਹੀ।
ਸਕਲ ਕਹਤਿ 'ਦੇਖੇ ਹਮ ਨਾਂਹੀ।'
ਚਿੰਤਾ ਅਧਿਕ ਸਭਿਨਿ ਕੇ ਹੋਈ।
ਖੋਜਨ ਲਗੇ ਖੇਤ ਸਭਿ ਕੋਈ ॥੭॥

[1]ਬਿਧੀਚੰਦ ਤੋਂ ਪਰੇ (ਖਲੋਤੇ) ਸਿੱਖਾਂ ਨੇ ਗੁਰੂ ਜੀ ਦੀ ਫਤੇ (ਹੋਈ) ਜਾਣਕੇ।

[†]ਪਾ:-ਆਰਤਿ ਹ੍ਵੈ ਕਰਿ।

[†]ਇਹ ਸੂਰਮਗਤੀ ਤੇ ਦਇਆ ਦੀ ਅਵਧੀ ਹੈ ਕਿ ਭਜਦਿਆਂ ਨੂੰ ਮਾਰਿਆ ਨਹੀਂ।

ਇਤ ਉਤ ਮਹਿਂ ਬਿਚਰਤਿ ਅਸੁਵਾਰ।
'ਕਹਾਂ ਗੁਰੂ ਜੀ' ਕਰਤਿ ਪੁਕਾਰ।
ਸਭਿ ਕੈ ਮਨ ਸੰਦੇਹ ਵਧੇਰਾ।
ਗੁਰੂ ਨਹੀਂ ਹੇਰੇ ਇਸ ਬੇਰਾ ॥੮॥
ਖੋਜਤਿ ਪਰੀ ਲੋਥ ਸਮੁਦਾਏ।
ਪਸਰ੍ਯੋ ਸ਼੍ਰੋਣਤਿ ਪਗ ਫਿਸਲਾਏ।
ਦਾਰੁਣ ਜੰਗ ਭੂਮਕਾ ਭਾਰੀ।
ਮਰੇ ਪਰੇ ਭਟ ਹਯਨਿ ਹਜ਼ਾਰੀ ॥੯॥
ਰਲੇ ਮਿਲੇ ਸਿਖ ਤੁਰਕ ਘਨੇਰੇ।
ਇਤ ਉਤ ਬਿਚਰਤਿ ਭੇ ਸਭਿ ਹੇਰੇ।
ਕਰਹਿਂ ਮਸਾਲਨਿ ਕੇਰ ਪ੍ਰਕਾਸ਼।
ਇਸ ਬਿਧਿ ਗਏ ਗੁਰੂ ਕੇ ਪਾਸ ॥੧੦॥
ਅਬੁਦੁਲਖਾਨ ਮਾਰਿ ਢਿਗ ਥਿਰੇ।
ਨਿਕਟਿ ਅਪਰ ਮਾਰੇ ਬਹੁ ਪਰੇ†।
ਸੰਘਰ ਘਾਇ ਘਨੇ ਲਗਿ ਘੋਰੇ[1]।
ਸੋ ਭੀ ਮਰ੍ਯੋ ਖੇਤ ਰਣ ਘੋਰੇ[1] ॥੧੧॥
ਥਿਰ ਇਕਾਕੀ ਬੀਰ ਬਿਸਾਲਾ।
ਕਰੇ ਬਿਲੋਕਨਿ ਗੁਰੁ ਜਿਸ ਕਾਲਾ।
ਭਏ ਪ੍ਰਫੁੱਲਤ ਪਾਇਨ ਪਰੇ।
ਹੇਰਿ ਹੇਰਿ ਸਭਿ ਧੀਰਜ ਧਰੇ ॥੧੨॥
ਬਿਧੀਚੰਦ ਕਰ ਜੋਰਿ ਬਖਾਨਾ।
'ਕਿਮ ਥਿਰ ਰਹੇ, ਪ੍ਰਭੂ ! ਰਣ ਠਾਨਾ[1]? †।
ਦਾਸ ਨ ਪਾਸ[1], ਇਕਾਕੀ ਅਹੋ।
ਕਹੋ ਪ੍ਰਭੂ ਅਬਿ ਕਜਾ ਚਿਤ ਚਹੋ?' ॥੧੩॥
ਸੁਨਿ ਸ਼੍ਰੀ ਹਰਿਗੋਵਿੰਦ ਉਚਾਰਾ।
'ਜੋ ਚਿਤ ਚਹੈਂ ਕਰਨਿ ਹਮ ਕਾਰਾ।
ਸੋ ਭੁਨਸਾਰ ਭਏ ਤੇ ਹੋਇ।
ਅਬਿ ਡੇਰੇ ਗਮਨਹੁ ਸਭਿ ਕੋਇ ॥੧੪॥
ਕੋ ਸਿਖ ਘਾਇਲ ਹੋ ਰਣ ਬਿਸੈ[1]।
ਕਰਹੁ ਸੰਭਾਰਨਿ ਆਨਹੁਂ ਤਿਸੈ†।'

†ਪਾ:-ਨਿਕਟਿ ਅਪਾਰ ਪਰੇ ਬਹੁ ਮਰੇ।
[1]ਯੁੱਧ ਵਿੱਚ (ਗੁਰੂ ਜੀ ਦੇ) ਘੋੜੇ ਨੂੰ ਬਹੁਤ ਜ਼ਖਮ ਲੱਗੇ ਸਨ।
[1]ਭਯਾਨਕ ਜੁੱਧ ਭੂਮੀ ਵਿਚ।
[1]ਰਣ ਕਰਕੇ। †ਪਾ:-ਨਿਰਬਾਨਾ।
[1]ਦਾਸ ਪਾਸ ਨਹੀਂ।
[1]ਵਿਚ।
†ਅਪਣਿਆਂ ਨਾਲ ਪਿਆਰ ਦਾ ਨਮੂਨਾ ਹੈ।

ਅਸ ਕਹਿ ਸਤਿਗੁਰ ਨੇ ਹਯ ਲੀਨਿ।
ਭਏ ਅਰੂਢਨਿ ਪਜਾਨੋ ਕੀਨਿ ॥੧੫॥
ਨਿਜ ਡੇਰੇ ਕਹੁ ਚਲਿ ਕਰਿ ਆਏ।
ਬਿਧੀਏ ਘਾਇਲ ਸਿਖ ਉਠਵਾਏ।
ਸਭਿ ਰਣ ਖੇਤ ਖੋਜਿ ਕਰਿ ਆਛੇ।
ਸਨੈ ਸਨੈ ਆਵਤਿ ਭਾ ਪਾਛੇ ॥੧੬॥
ਆਇ ਸਿਵਰ ਮਹਿਂ ਅਨੰਦ ਵਧਾਏ।
ਦੁੰਦਭਿ ਫਤੇ ਕੇਰ ਬਜਵਾਏ।
ਸਭਿ ਕੀ ਕਰੀ ਸੰਭਾਰਨਿ ਡੇਰੇ।
ਖਾਨ ਪਾਨ ਕੋ ਦੀਨਿ ਘਨੇਰੇ ॥੧੭॥
ਭਏ ਨਚਿੰਤ[1] ਸ਼ੱਤ੍ਰੁਗਨ ਮਾਰੇ। [1]ਬੇਫਿਕਰ।
ਸੁਪਤਿ ਜਥਾ ਸੁਖ ਭੇ ਤਬਿ ਸਾਰੇ।
ਪਾਛਲਿ ਨਿਸਾ ਉਠੇ ਗੁਨ ਖਾਨੀ।
ਨਿਤ ਕੀ ਸੌਚ ਸਕਲ ਤਬਿ ਠਾਨੀ ॥੧੮॥
ਕਰਿ ਮੱਜਨ, ਸੁਖ[1] ਧਜਾਨ ਲਗਾਯੋ। [1]ਸੁਖ ਸਰੂਪ ਵਿਚ।
ਪ੍ਰਾਚੀ ਦਿਸ਼ਿ[1] ਪ੍ਰਕਾਸ਼ ਹੁਇ ਆਯੋ। [1]ਪੂਰਬ ਦਿਸ਼ਾ ਵੱਲ।
ਸਭਿਨਿ ਸ਼ਨਾਨ ਕੀਨਿ ਜਿਸ ਕਾਲ।
ਭਏ ਅਰੂਢਨਿ ਗੁਰੂ ਕ੍ਰਿਪਾਲ ॥੧੯॥
ਬਿਧੀ ਚੰਦ ਕੋ ਲੇ ਕਰਿ ਸੰਗ।
ਦੇਖੀ ਜਾਇ ਭੂਮਿਕਾ ਜੰਗ।
ਤੁਰਕ ਸੱਹਸ੍ਰ ਚਤੁਰਦਸ[1] ਮਰੇ। [1]ਚੌਦਾਂ ਹਜ਼ਾਰ।
ਕੇਤਿਕ ਸਿੱਖ ਬੀਚ ਤਿਨ ਪਰੇ ॥੨੦॥
ਕਹਿ ਸਤਿਗੁਰੁ ਨੇ ਗਰਤ ਖਨਾਵਾ।
ਅਬਦੁਲ ਖਾਨ ਉਠਾਇ ਪੁਵਾਵਾ।
ਪੁਨ ਤਿਸ ਕੇ ਸੁਤ ਖੋਜਿ ਉਠਾਏ।
ਤਿਸੀ ਗਰਤ ਮਹਿਂ ਆਨਿ ਸੁ ਪਾਏ ॥੨੧॥
ਪੁਨ ਪੰਚਹੁਂ ਸਰਦਾਰ ਅਨਾਏ।
ਪਾਇ ਗਰਤ ਮਹਿਂ ਸਭਿ ਦਫਨਾਏ[†]। [†]ਵੈਰੀ ਦੇ ਧਾਰਮਿਕ ਨਿਸ਼ਚੇ ਅਨੁਸਾਰ ਕੀਤਾ ਹੈ ਜੋ ਉਨ੍ਹਾਂ ਦੇ ਸਰਦਾਰ ਦਫਨ ਕੀਤੇ ਹਨ ਸਾੜੇ ਨਹੀਂ।
ਊਪਰ ਰਚਯੋ ਦਮਦਮਾ ਤੁੰਗ[1]। [1]ਉੱਚਾ

ਤਿਸ ਪਰ ਬੈਠੇ ਗੁਰੁ ਅਰਿ ਭੰਗ ॥੨੨॥
ਬਿਧੀ ਚੰਦ ਸੋਂ ਕਹਿ ਮੁਸਕਾਵਤਿ।
'ਜਿਸ ਬਿੱਦਜਾ ਕੋ ਸਦਾ ਕਮਾਵਤਿ।
ਸੋ ਅਬਿ ਆਈ ਕਾਮ ਹਮਾਰੇ।
ਅਰੇ ਰਿਪੁਨਿ ਗਨ ਕੋ ਰਣ ਮਾਰੇ ॥੨੩॥
ਅਬਦੁਲ ਖਾਨ ਅਰਜੋ ਬਹੁ ਲਰਜੋ।
ਖੜਗ ਜੰਗ ਕੋ ਕਰਿ ਕਰਿ ਮਰਜੋ।
ਘਨੇ ਘਾਇ ਘਾਲੇ ਅਰੁ ਖਾਏ।
ਦੋਨਹੁੰ ਖੱਤ੍ਰੀ ਮਾਰਿ ਗਿਰਾਏ ॥੨੪॥
ਪਿਤ ਪਲਟਾ ਚਾਹਤਿ ਨਿਤ ਰਹੇ।
ਅਬਿ ਸਭਿ ਹੀ ਪੂਰੇ ਕਰਿ ਦਏ।
ਸੰਘਰ ਘੋਰ ਘਨੋ ਘਮਸਾਨ[1]। [1]ਘਮਸਾਨ ਹੋਯਾ।
ਤੁਰਕ ਹਜ਼ਾਰਨਿ ਕੋ ਅਵਸਾਨ[1]' ॥੨੫॥ [1]ਅੰਤ ਹੋਇਆ।
ਸੁਨਿ ਸਾਦਰ ਬਿਧੀਏ ਤਬਿ ਕਹਜੋ।
'ਜਿਨਹੁੰ ਪ੍ਰਤਾਪ ਨ ਰਾਵਰਿ ਲਹਜੋ।
ਸੇ ਮਤਿਮੰਦ ਹਾਨ ਹੀ ਪਾਵੈਂ।
ਤੁਮ ਤੇ ਕਵਨਿ ਜੀਵਤੋ ਜਾਵੈ ॥੨੬॥
ਤੀਨ ਲੋਕ ਮੈਂ ਬਲੀ ਨ ਕੋਈ।
ਅਰਹਿ ਆਪ ਕੇ ਸਨਮੁਖ ਹੋਈ।
ਤੁਰਕ ਬਾਪੁਰੇ ਕਹਾਂ ਅਗਾਰੀ।
ਸਮਤਾ ਚਹਤਿ ਮਰੇ ਰਣ ਹਾਰੀ' ॥੨੭॥
ਪੁਨ ਸਤਿਗੁਰੁ ਨੇ ਹੁਕਮ ਬਖਾਨਾ।
'ਨਰ ਇਕਠੇ ਕੀਜਹਿ ਇਸ ਥਾਨਾ।
ਜੇਤਿਕ ਅਹੈਂ ਗ੍ਰਾਮ ਕੇ ਆਨਹੁ।
ਸਕਲ ਮਿਹਨਤੀ ਸਾਥ ਬਖਾਨਹੁ ॥੨੮॥
ਸੈਨਾ ਕੇ ਨਰ ਇਕਠੇ ਹੋਇ।
ਕਰਹੁ ਕਾਰ ਮਿਲਿ ਕੈ ਸਭਿ ਕੋਇ।
ਪਰੇ ਮ੍ਰਿਤਕ ਜੇਤਿਕ ਦਰਸਾਹੀਂ।
ਡਾਰਹੁ ਸਕਲ ਬਿਪਾਸਾ ਮਾਂਹੀ ॥੨੯॥
ਪ੍ਰਥਮ ਆਪਨੇ ਸਿੱਖ ਉਠਾਵਹੁ।
ਹਮਹਿ ਨਾਮ ਤਿਨ ਕੇਰ ਸੁਨਾਵਹੁ।
ਬੀਚ ਬਿਪਾਸਾ ਦੇਹੁ ਪ੍ਰਵਾਹਾ।

ਹਮ ਬੈਠਹਿਂ ਚਲਿ ਕਰਿ ਤਟ ਪਾਹਾ[†]' ॥੩੦॥

[†]ਜਲ ਦਾਹ ਦੇਣ ਲਗੇ ਹਨ ਤੇ ਬਿਰਦਪਾਲ ਜੀ ਬਹਾਦਰਾਂ ਨੂੰ ਆਪਣੀ ਮਿਹਰਾਂ ਦੀ ਨਜ਼ਰ ਨਾਲ ਮੁਕਤ ਭੁਕਤ ਦੇਣ ਲਗੇ ਹਨ।

ਇਮ ਕਹਿ ਸ਼੍ਰੀ ਹਰਿਗੋਵਿੰਦ ਚੰਦ।
ਉਠਿ ਕਰਿ ਚਲੇ ਸੰਗ ਸਿਖ ਬ੍ਰਿੰਦ।
ਦੇ ਕਰਿ ਹੁਕਮ ਆਇ ਤਿਸ ਕਾਲਾ।
ਥਿਰੇ ਬਿਪਾਸਾ ਪਾਸ ਕ੍ਰਿਪਾਲਾ ॥੩੧॥
ਬਿਜਨਾ ਚਮਰ ਹੋਇ ਫਿਰ[†] ਫੇਰੇ[1]।

[1]ਪੱਖਾ (ਫਿਰ =) ਝੱਲਿਆ ਜਾ ਰਿਹਾ ਹੈ, ਚੌਰ ਫੇਰਿਆ ਜਾ ਰਿਹਾ ਹੈ। (ਅ) ਪੱਖਾ ਤੇ ਚੌਰ ਫਿਰ ਫਿਰ (ਲਗਾਤਾਰ) ਹੋ ਰਿਹਾ ਹੈ। [†]ਪਾ:-ਦਾਸ ਕਰ।

ਬੈਠੇ ਪੂਰ ਬਿਪਾਸਾ[1] ਹੇਰੇ।

[1]ਬਿਆਸਾ ਦਾ ਜਲ ਪ੍ਰਵਾਹ।

ਬੀਨ ਬੀਨ ਸਿੱਖਨਿ ਕੇ ਦੇਹਿ।
ਆਨਹਿਂ, ਨਾਮ ਸੁਨਾਇ ਸੁ ਦੇਹਿਂ ॥੩੨॥
ਪੁਨ ਸਰਿਤਾ ਮਹਿਂ ਕਰਹਿਂ ਪ੍ਰਵਾਹੂ।
ਬਹੇ ਅਧਿਕ ਹੀ ਜਲ ਕੇ ਮਾਂਹੂ।
ਸਿੱਖਨਿ ਕੋ ਪ੍ਰਵਾਹ ਕਰਿ ਸਾਰੇ।
ਬੈਠੇ ਸ਼੍ਰੀ ਗੁਰੁ ਪਿਖਹਿਂ ਕਿਨਾਰੇ ॥੩੩॥
ਸਹਿਕਾਮੀ ਨਿਸ਼ਕਾਮੀ ਜਾਨੇ।
ਭੋਗ ਮੋਖ ਬਖਸ਼ੀ ਤਿਸ ਥਾਨੇ।
ਸਹਿਕਾਮੀ ਕੋ ਪ੍ਰਿਥਵੀ ਰਾਜ।
ਬਖ਼ਸ਼ਜੋ ਸੰਗ ਹੀ ਸਕਲ ਸਮਾਜ ॥੩੪॥
ਨਿਸ਼ਕਾਮੀ ਕੇ ਬੰਧ ਨਿਵਾਰੇ।
ਦਈ ਮੁਕਤਿ ਜਾਨੇ ਅਤਿ ਪਜਾਰੇ।
ਸਕਲ ਸਿਖ ਜਬਿ ਦਿਏ ਬਹਾਏ।
ਪੁਨ ਤੁਰਕਨਿ ਕੀ ਲੋਥਨਿ ਲਜਾਏ ॥੩੫॥
ਹੁਤੇ ਸਹੰਸ੍ਰ ਪੰਚ ਦਸ ਜੇਈ।
ਬਚੇ ਹਜ਼ਾਰ ਪਲਾਇ ਸੁ ਤੇਈ।
ਅਪਰ ਮਰੇ ਸਭਿ ਲੇ ਲੇ ਆਵੈਂ।
ਬਹੁ ਟਾਂਗ ਕੋ ਗਹੈਂ ਬਗਾਵੈਂ ॥੩੬॥
ਜਲ ਕੇ ਜੰਤੁ ਹਜ਼ਾਰਹੁ ਆਏ।
ਆਮਿਖ ਕਾਟਿ ਕਾਟਿ ਸ਼ਵ[1] ਖਾਏ।

[1]ਮੁਰਦਿਆਂ ਦੇ।

ਬ੍ਰਿੰਦ ਮਨੁਜ ਲਾਗੇ ਤਹਿਂ ਲਜਾਵਨਿ।
ਤੂਰਨਿ ਕਰਹਿਂ ਨਦੀ ਮਹਿਂ ਪਾਵਨਿ ॥੩੭॥
ਸਕਲ ਖੇਤ ਰਣ ਕੇ ਜੇ ਮਰੇ।
ਨਰ ਗਨ ਆਨਿ ਆਨਿ ਬਲ ਕਰੇ[1]।
ਕੋਊ ਸਜਾਲ[1] ਕੇ ਹੈਂ ਅਧਿ ਖਾਏ।
ਅੰਗ ਭੰਗ ਕਰਵਾਰਨਿ ਘਾਏ ॥੩੮॥
ਧਰਿ ਧਰਿ ਸਭਿ ਕੋ ਬੀਚ ਬਗਾਵੈਂ।
ਉਛਰਹਿ ਨੀਰ ਲੀਨਿ ਹੁਇ ਜਾਵੈਂ।
ਸਭਿ ਉਚਵਾਇ ਨਦੀ ਗਿਰਵਾਏ।
ਸਕਲ ਸਥਾਨ ਭਲੋ ਕਰਿਵਾਏ† ॥੩੯॥

[1]ਕਰਕੇ।
[1]ਗਿਦੜਾਂ ਦੇ।
†ਮੁਰਦੇ ਸੜਦੇ ਰਹਿਣ ਤੋਂ ਬੀਮਾਰੀ ਪੈਣ ਦਾ ਡਰ ਹੁੰਦਾ ਹੈ, ਸੋ ਸਭ ਤੋਂ ਸੌਖਾ ਰਸਤਾ ਪ੍ਰਵਾਹ ਦਾ ਸੀ ਆਪਣੇ ਤੇ ਵੈਰੀ ਦੇ ਸਾਰੇ ਇਕੇ ਤਰ੍ਹਾਂ ਨਦੀ ਵਿਚ ਤੋਰ ਦਿੱਤੇ।

ਉਠੇ ਗੁਰੂ ਪੁਨ ਗਮਨੇ ਡੇਰੇ।
ਸੰਗ ਸਿੱਖ ਪਰਮੁਦਿਤਿ[1] ਘਨੇਰੇ।
ਰਣ ਕੀ ਬਾਤ ਅਨੇਕ ਕਰੰਤੇ।
ਕਹਤਿ ਸੁਨਾਵੈਂ ਗੁਰੁ ਭਗਵੰਤੇ ॥੪੦॥
'ਬਡੀ ਮਾਰ ਤੁਰਕਨਿ ਕੋ ਹੋਈ।
ਬਿਦਤਹਿ ਜਗਤ ਲਖਹਿਂ ਸਭਿ ਕੋਈ।
ਸ਼ਾਹੁ ਜਹਾਂ ਭੀ ਜਾਨਹਿਂ ਨੀਕੇ।
ਲਗੇ ਹਾਥ ਗੁਰੁ ਸਿੱਖਨਿ ਹੀ ਕੇ' ॥੪੧॥
ਆਨਿ ਆਪਨੇ ਸਿਵਰ ਬਿਰਾਜੇ।
ਜਿਨ ਕੇ ਨਾਮ ਜਪੇ ਜਮ ਭਾਜੇ।
ਦੇਸ਼ ਦੁਆਬੇ ਮਾਝੇ ਸਾਰੇ।
ਸਤਿਗੁਰ ਕੋ ਜਸ ਕਰਤਿ ਉਚਾਰੇ ॥੪੨॥
ਜਹਿਂ ਕਹਿਂ ਫੈਲਯੋ ਜੁੱਧ ਬ੍ਰਿਤਾਂਤ।
'ਭਯੋ ਮਹਿਦ ਤੁਰਕਨਿ ਕੋ ਘਾਤ।
ਆਯੁਧ ਧਰਿਬੇ ਗੁਰੁ ਸਫਲਾਏ।
ਅਨ ਗਨ ਦੋਖੀ ਦੁਸ਼ਟ ਖਪਾਏ ॥੪੩॥
ਪ੍ਰਥਮ ਹੁਤੀ ਗੁਰੁ ਘਰ ਮਹਿਂ ਪੀਰੀ।
ਲਖੀ ਪਰਤਿ, ਲੈ ਹੈਂ ਅਬਿ ਮੀਰੀ।
ਪਤਿਸ਼ਾਹਿਤ ਕੋ ਗਰਦ ਮਿਲਾਵੈਂ।

[1]ਅਨੰਦ ਪ੍ਰਸੰਨ।

ਨਿਜ ਸਿੱਖਨਿ ਤੇ ਰਾਜ ਕਰਾਵੈਂ ॥੪੪॥
ਇਮ ਜੇ ਕਰਿ ਨਿਤ ਰਖਹਿਂ ਲਰਾਈ।
ਸਭਿ ਤੁਰਕਾਨੋ ਦੇਹਿਂ ਖਪਾਈ।'
ਸੱਜਨ ਸੁਨਿ ਸੁਨਿ ਅਨੰਦ ਧਰੰਤੇ।
ਦੁਰਜਨ ਜਰਹਿਂ, ਨ ਰਿਦੇ ਜਰੰਤੇ[1] ॥੪੫॥

[1]ਦੁਰਜਨ ਸੜਦੇ ਹਨ ਚਿਤ ਵਿੱਚ ਸਹਾਰ ਨਹੀਂ ਸਕਦੇ।

ਪੂਰਬ, ਦੱਛਨ, ਪੱਛਮ, ਉੱਤਰ।
ਫੈਲਯੋ ਜਹਿਂ ਕਹਿਂ ਸੁਜਸ ਪਵਿੱਤਰ।
'ਧੰਨ ਧੰਨ ਸ੍ਰੀ ਸਤਿਗੁਰੂ ਪੂਰਨ।
ਜੋਧਾ, ਮਹਦ ਬਲੀ, ਅਰਿ ਚੂਰਨ' ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਲੋਥਨ ਨਦੀ ਗੇਰਨਿ' ਪ੍ਰਸੰਗ ਬਰਨਨੰ ਨਾਮ ਚਤੁਰਾਂਚੱਤਵਾਰਿੰਸਤੀ ਅੰਸੂ ॥੪੪॥

੪੫. [ਭਾਈ ਸੁਭਾਗਾ ਪੰਜ ਘੋੜੇ ਭੇਟ ਲਿਆਇਆ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਸੁਨਹੁ ਸਿੰਘ ਸਿਖ ਗਨ ਸਕਲ[1]!
ਸਤਿਗੁਰੁ ਕਥਾ ਰਸਾਲ।
ਭਯੋ ਯੁੱਧ ਇਸ ਭਾਂਤਿ ਇਹ, ਬਰਨਜੋ
ਸੁਜਸ ਕ੍ਰਿਪਾਲ ॥੧॥

[1]ਸੰਮੂਹ ਸਿੰਘੋ ਤੇ ਸਾਰੇ ਸਿੱਖੋ ਸੁਣੋ!

ਚੌਪਈ:

ਬੈਠਜੋ ਸ਼੍ਰੀ ਹਰਿ ਗੋਵਿੰਦ ਜੋਧਾ।
ਮਨਹੁਂ ਰੂਪ ਇਹ ਧਰਜੋ ਪ੍ਰਬੋਧਾ[1]।
ਹੁਕਮ ਮਸੰਦਨਿ ਸੰਗ ਬਖਾਨਾ।
'ਕਰੋ ਕੋਟ ਚੌਗਿਰਦ ਮਹਾਨਾ ॥੨॥

[1]ਮਾਨੋ ਗਿਆਨ ਨੇ ਇਹ ਰੂਪ ਧਰਿਆ ਹੈ।

ਬਸਹਿ ਨਗਰ ਸੁੰਦਰ ਜਿਸ ਬੀਚਿ।
ਪਰਹਿਂ ਮਹਲ ਗਨ ਊਚ ਰੁ ਨੀਚਿ।
ਰਾਖਹੁ ਪੰਚ ਪੌਰ ਪੁਰਿ ਕੇਰੇ।
ਕਾਰੀਗਰਨਿ ਲਗਾਇ ਘਨੇਰੇ ॥੩॥
ਕਰਹੁ ਸ਼ੀਘ੍ਰਤਾ ਲੇਹੁ ਬਨਾਇ।
ਦਿਹੁ ਧਨ ਮਿਹਨਤਿ ਬ੍ਰਿੰਦ ਲਗਾਇ।'
ਸੁਨਤਿ ਮਸੰਦਨਿ ਕੀਨਸਿ ਤੈਸੇ।
ਸ਼੍ਰੀ ਮੁਖ ਤੇ ਫਰਮਾਯਹੁ ਜੈਸੇ ॥੪॥
ਦਿਯੋ ਦਰਬ ਸਭਿ ਕੋ ਮਨ ਭਾਏ।
ਬ੍ਰਿੰਦ ਪਚਾਵੇ[1] ਕਹਿ ਚਢਿਵਾਏ।
ਪਾਕੀ ਈਂਟਨਿ ਤਜਾਰੀ ਕਰੈਂ।
ਆਇਂ ਮਿਹਨਤੀ ਜਿਹ ਸੁਨਿ ਧਰੈਂ ॥੫॥

[1]ਆਵੇ।

ਕਾਰੀਗਰ ਸਮੂਹ ਮੰਗਵਾਏ।
ਦੇ ਦੇ ਦਰਬ ਸੁ ਸਰਬ ਲਗਾਏ।
ਚਿਨਿਬੇ ਲਗੇ ਸ਼ੀਘ੍ਰਤਾ ਧਾਰੀ।
ਪਾਕੀ ਈਂਟ ਕਰੀ ਬਹੁ ਤਜਾਰੀ ॥੬॥
ਹਰਖਤਿ ਹੋਇ ਕਾਰ ਕੋ ਕਰਿ ਹੀਂ।
ਧਨ ਗਨ ਲੀਨ ਭਾਉ ਪੁਨ ਧਰਿਹੀਂ।
ਅੰਦਰ ਮੰਦਿਰ ਲਗੇ ਉਸਾਰਨਿ।
ਗ਼ਨੀ ਗਰੀਬ[1] ਬਾਸਿਬੇ ਕਾਰਨ ॥੭॥

[1]ਅਮੀਰ ਗ਼ਰੀਬ ਦੇ।

ਬਹੁ ਰਉਣਕ ਤਬਿ ਹੋਵਤਿ ਭਈ।
ਮਿਲੇ ਲੋਕ ਲਖਿ ਨਗਰੀ ਨਈ।
ਤਬਿ ਸਤਿਗੁਰ ਨੇ ਰਿਦੇ ਬਿਚਾਰਾ।
ਘਰ ਘੇਰੜ ਕੋ ਜਹਾਂ ਨਿਹਾਰਾ ॥੮॥
ਚਹਤਿ ਉਖਾਰਜੋ ਰਿਪੁ ਕੋ ਮੂਲ।
ਗਰਬਤਿ ਜੋ ਹੋਯਸਿ ਪ੍ਰਤਿਕੂਲ।
-ਨੀਵ ਨ ਉਖਰਹਿ† ਜੇ ਇਸ ਕੇਰੀ।
ਤਉ ਮਾਲਿਕੀ ਕਰਿ ਹੈ ਫੇਰੀ ॥੯॥
ਪੁਰ ਮਹਿਂ ਅਵਿਨੀ ਅਪਨੀ ਜਾਨਿ।
ਘੇਰੜ ਕੇਰਿ ਸੰਬੰਧੀ ਆਨਿ।
ਤੁਰਕਨਿ ਕੀ ਸਹਾਇ ਕੋ ਪਾਇ।
ਬਹੁਰ ਲੇਹਿਂਗੇ ਸੇ ਅਪਨਾਇ- ॥੧੦॥
ਇਮ ਲਖਿ ਕਰਿ ਗੁਰੁ ਹੁਕਮ ਬਖਾਨਾ।
'ਘਰ ਘੇਰੜ ਕੋ ਹੈ ਜਿਸ ਥਾਨਾ।
ਦੂਰ ਕਰਹੁ ਤਿਸ ਕੀ ਬੁਨਿਆਦ[1]।
ਨੀਵ ਉਖੇਰਹੁ ਹੋਇ ਨ ਬਾਦ[1] ॥੧੧॥
ਕਰਿਬੇ ਉਚਿਤ ਹੁਤੀ ਧ੍ਰਮਸਾਲਾ।
ਤੁਰਕਨਿ ਕੋ ਬਲ ਹੁਇ ਜਸ ਕਾਲਾ।
ਕਰਹਿਂ ਬਾਦ[1] ਮਤਿਮੰਦ ਢਹਾਵਹਿਂ।
ਘਰ ਘੇਰੜ ਕੋ ਬਹੁਰ ਬਨਾਵਹਿਂ ॥੧੨॥
ਹਮ ਨੇ ਕਰੀ ਬਾਦ ਬੁਨਿਯਾਦ।
ਹ੍ਵੈ ਨ ਬਿਬਾਦ ਤਿ ਜਸੋਂ ਅਹਿਲਾਦਿ[1]।
ਯਾ ਤੇ ਇਹਾਂ ਮਸੀਤ ਬਨਾਵਹੁ।
ਸੁੰਦਰ ਦਰ ਤਿਮ ਹੀ ਰਖਵਾਵਹੁ ॥੧੩॥
ਧਰਹਿਂ ਪ੍ਰੀਤਿ ਗਨ ਤੁਰਕ ਮਸੀਤ।
ਕਬਿ ਨਹਿਂ ਕਰਿ ਹੈਂ ਪੁਨ ਬਿਪਰੀਤਿ†।'
ਸੁਨਤਿ ਮਸੰਦਨਿ ਤਥਾ ਬਨਾਈ।
ਅਬਿ ਲੌ ਬਿਦਤਿ ਅਹੈ ਤਿਸ ਥਾਈਂ ॥੧੪॥
ਸਤਿਗੁਰ ਤਹਾਂ ਬਿਰਾਜਤਿ ਰਹੇ।
ਰੁਤਿ ਬਰਖਾ ਕੇ ਆਨੰਦ ਲਹੇ।

†ਪਾ:-ਨੀਵ ਉਖੇਰਹਿ।

[1]ਨੀਂਹ।

[1]ਝਗੜਾ ਨਾ ਹੋਵੇ। (ਅ) ਬਾਅ਼ਦ = ਪਿਛੋਂ।

[1]ਭਾਵ ਨਾਸ਼।

[1]ਜਿਵੇਂ ਝਗੜਾ ਨਾ ਹੋਵੇ ਤੇ ਸੁਖ ਰਹੇ।

†ਇਤਿਹਾਸ ਗੁਰੂ ਖਾਲਸਾ (ਹਿੰਦੀ) ਨੇ ਇਹ ਮਸੀਤ ਪੈਂਦੇ ਖਾਂ ਦੀ ਇੱਛਾ ਅਨੁਸਾਰ ਬਣਵਾਈ ਗਈ ਲਿਖੀ ਹੈ।

ਬਿਦਤੇ ਜਲਧਰ[1] ਗਗਨ ਮਝਾਰੀ।
ਜਸੋਂ ਤਨ ਧਰਹਿਂ ਸੰਤ ਉਪਕਾਰੀ ॥੧੫॥
ਕੱਲਰ, ਖੇਤ, ਸਕਲ ਥਲ ਬਰਖੈਂ।
ਦੇਖਿ ਦੇਖਿ ਕਰਿ ਜਨ ਗਨ ਹਰਖੈਂ।
ਜਿਮ ਗੁਰੁ ਗਿਰਾ ਸੁਨਹਿ ਸਭਿ ਕੋਈ।
ਪ੍ਰੇਮ ਬੀਜ ਕਹੁੰ ਉਤਪਤਿ ਹੋਈ ॥੧੬॥
ਮਧੁਰ ਮਧੁਰ ਧੁਨਿ ਸੁਨਿ ਸੁਨਿ ਮੋਰ।
ਠੌਰ ਠੌਰ ਬੋਲਤਿ ਕਰਿ ਸ਼ੋਰ।
ਜਥਾ ਕੀਰਤਨ ਸੁਨਿ ਜੱਗਜਾਸੀ।
ਬਸਹਿ ਰਿਦੇ ਪੁਨ ਗਾਇ[†] ਪ੍ਰਕਾਸ਼ੀ ॥੧੭॥
ਦਾਦਰ ਟੇਰਤਿ ਹੈਂ ਚਹੁੰ ਓਰ।
ਜਿਮ ਸਿਖ ਪਢਹਿਂ ਗਿਰਾ ਗੁਰ ਜੋਰ।
ਬਹੁ ਜਲ ਪਾਇ ਮੁਦਤਿ ਭੇ ਮੀਨ।
ਜਥਾ ਸਿੱਖ ਗੁਰੁ ਪ੍ਰੇਮ ਪ੍ਰਬੀਨ ॥੧੮॥
ਜਰਜੋ ਜਵਾਸਾ, ਜਰਜੋ ਨ ਜਲ ਕੋ[1]।
ਸੁਨਿ ਨਿੰਦਕ ਜਸੁ ਗੁਰੂ ਬਿਮਲ ਕੋ।
ਹਰਿਆਵਲਿ ਸਗਰੇ ਜਗ ਹੋਈ।
ਗੁਰੁ ਸਿੱਖੀ ਜਿਮ ਸਭਿ ਥਲ ਜੋਈ ॥੧੯॥
ਸਰਿਤਾ ਕੋ ਪ੍ਰਵਾਹ ਬਹੁ ਬਾਢਾ।
ਜੁਗ ਕੰਠਨਿ ਤੇ[1] ਜਲ ਕਹੁ ਕਾਢਾ।
ਜਿਮ ਭਗਤਨਿ ਕੈ ਪ੍ਰੇਮ ਪ੍ਰਵਾਹੂ।
ਰਸ ਕੋ ਲੈਬੇ ਵਧਹਿ ਉਮਾਹੂ ॥੨੦॥
ਪਾਵਸ[1] ਪਾਇ ਬੀਜ ਬਹੁ ਉਪਜੈਂ।
ਜਿਮ ਸਿੱਖੀ ਤੇ ਗੁਨ ਗਨ ਨਿਪਜੈਂ।
ਸਤਿਗੁਰੁ ਸਲਿਤਾ ਕੇ ਤਟਿ ਜਾਇ।
ਬੈਠਿ ਬਿਲੋਕਹਿਂ ਜਲ ਸਮੁਦਾਇ ॥੨੧॥
ਬਡੇ ਬੇਗ ਤੇ ਬਗਹਿ ਪ੍ਰਵਾਹੂ।
ਕਾਸ਼ਟ ਬਹੇ ਜਾਇਂ ਗਨ ਮਾਂਹੂ।
ਨੀਰ ਨਵੀਨ ਮਲੀਨ ਸੁ ਪੀਨ[1]।
ਤਰੁ ਜੁਤਿ ਤਟ ਕੋ ਢਾਹਨਿ ਕੀਨਿ

[1]ਬੱਦਲ।
[†]ਪਾ:-ਪੀਤਿ।
[1]ਸੜ ਗਿਆ ਜਵਾਹਾਂ ਪਾਣੀ ਨੂੰ ਨਾ ਸਹਾਰ ਕੇ।
[1]ਕੰਢਿਆਂ ਤੋਂ।
[1]ਬਰਸਾਤ।
[1]ਮੈਲਾ ਤੇ ਗਾੜ੍ਹਾ।

॥੨੨॥
ਸਹਤ ਅਨੇਕ ਬਿਕਾਰ ਅਸ਼ੇਖੁ।
ਹਤਹਿ ਗਜਾਨ ਜਿਮ ਰਾਗ ਰੁ ਦ੍ਵੈਖੁ।
ਕਬਿ ਕਬਿ ਲਾਗਹਿ ਤਹਾਂ ਦਿਵਾਨ।
ਕਰਹਿਂ ਰਬਾਬੀ ਸ਼ਬਦ ਸੁ ਗਾਨਿ ॥੨੩॥
ਦੇ ਦੇ ਲੋਕ ਮਿਲਹਿਂ ਉਪਹਾਰਾ।
ਜਾਨਹਿਂ ਗੁਰੂ ਪ੍ਰਤਾਪ ਉਦਾਰਾ†। †ਪਾ:-ਲੈ ਉਪਦੇਸ਼ ਹੋਤ ਨਿਸਤਾਰਾ।
ਗ੍ਰਾਮ ਗ੍ਰਾਮ ਘਰ ਘਰ ਤਿਸ ਦੇਸ਼।
ਵਧਯੋ ਨਿਤਾਪ੍ਰਤਿ ਤੇਜ ਵਿਸ਼ੇਸ਼ ॥੨੪॥
ਬਹੁਤ ਘਾਵ ਬਿਧੀਏ ਕੇ ਘੋਰੇ[1]। [1]ਘੋੜੇ ਨੂੰ (ਲਗੇ ਸਨ)।
ਮ੍ਰਿਤਕ ਭਯੋ ਸੋ ਭੀ ਤਿਸ ਠੌਰੇ†। †ਪਾ:-ਬੇਰੇ।
ਅਪਰ ਸੁਭਟ ਕੇ ਮਰੇ ਤੁਰੰਗ।
ਕੇਤਿਕ ਜੋਧਾ ਘਾਇਲ ਅੰਗ ॥੨੫॥
ਸਭਿ ਕੀ ਖਾਨ ਪਾਨ ਸੁਧਿ ਸਾਰੀ।
ਲੇਤਿ ਸਦਾ ਗੁਰੁ ਕਰੁਨਾ ਧਾਰੀ।
ਲਗੇ ਖਰੀਦਨਿ ਹਯ ਬਡਿ ਮੋਲ।
ਧਾਇਂ ਅਧਿਕ, ਬਲ ਜੁਤਿ ਅਰੁ ਲੋਲ[1] ॥੨੬॥ [1]ਤੇਜ਼ ਦੌੜਨ ਵਾਲੇ ਬੜੇ ਬਲੀ ਤੇ ਚੰਚਲ।
ਦੇਤਿ ਭਏ ਸਿੱਖਨ ਕੇ ਤਰੈ।
ਲੈ ਲੈ ਸੁਭਟ ਸਰਾਹਤਿ ਚਰ੍ਹੈਂ।
ਬਹੁ ਕੀਮਤਿ ਕੋ ਹਯ ਨਹਿਂ ਪਾਵੈਂ।
ਜਿਸ ਪਰ ਗੁਰੂ ਚਢੈਂ ਹਰਖਾਵੈਂ ॥੨੭॥
ਬਡੋ ਚਲਾਕ ਬਲੀ ਤਨ ਹੋਇ।
ਸਤਿਗੁਰੁ ਭਾਰ ਉਚਾਵਹਿ ਸੋਇ।
ਇਕ ਤੌਂ ਬਲ ਜੁਤਿ ਡੀਲ ਬਿਸਾਲਾ[1]। [1]ਸਤਿਗੁਰੂ ਜੀ ਦੀ) ਬਲਵਾਨ ਤੇ ਵਡੀ ਡੀਲ ਹੈ।
ਦੁਤਿਯ ਅਰੂਢਨਿ ਤੇਜ ਕ੍ਰਿਪਾਲਾ[1] ॥੨੮॥ [1]ਦੂਜੇ ਕ੍ਰਿਪਾਲ ਜੀ ਤੇਜ (ਘੋੜੇ ਤੇ ਹੀ) ਚੜ੍ਹਦੇ ਹਨ। (ਅ) ਦੂਜੇ ਕ੍ਰਿਪਾਲੂ ਦਾ ਚੜ੍ਹਨਾ (ਬੜਾ) ਤੇਜ ਵਾਲਾ ਹੈ।
ਨਹਿਂ ਪਸੰਦ ਮਹਿਂ ਕੋ ਹਯ ਆਵੈ।
ਗੁਰੁ ਅਸਵਾਰੀ ਜੋ ਨਿਬਹਾਵੈ।
ਸਿਮਰਤਿ ਹੈਂ ਨਿਤ ਪ੍ਰਥਮ ਤਰੰਗ।
ਗੁਨ ਗਨ ਸਰਬ ਹੁਤੇ ਜਿਸ ਅੰਗ ॥੨੯॥
'ਲਵਪੁਰਿ ਤੇ ਬਹੁ ਕਰੇ ਉਪਾਯ।

ਤਬਿ ਕੇ ਹਮ ਲਜਾਏ ਹਰਖਾਯ।
ਚਿਰੰਕਾਲ ਦੀਨਸਿ ਅਸਵਾਰੀ।
ਲਗੇ ਘਾਵ ਗਨ ਮ੍ਰਿਤੁ ਕੋ ਧਾਰੀ' ॥੩੦॥
ਸਭਿ ਮਹਿਂ ਕਹਿ ਕਹਿ ਬਾਕ ਸੁਨਾਵੈਂ।
'ਬਲੀ ਤੁਰੰਗ ਕਹੂੰ ਜੇ ਪਾਵੈਂ।
ਮੁਖ ਮਾਂਗਜੋ ਧਨ ਦੇਵਨਿ ਕਰੈਂ।
ਅਪਰ ਖੁਸ਼ੀ ਹਮ ਤਿਸ ਪਰ ਧਰੈਂ ॥੩੧॥
ਨਿਕਟਿ ਨ ਪੱਯਤਿ ਹੈ ਇਸ ਦੇਸ਼।
ਕਹਾਂ ਬਤਾਵਹਿ ਕੋ ਅਸ ਬੇਸ[1]।'

[1]ਕਿਧਰੋਂ (ਕੋਈ) ਪਤਾ ਹੀ ਦੇਵੇ ਐਸੇ ਸਰੂਪ ਵਾਲੇ (ਘੋੜੇ) ਦਾ।

ਅਪਰ ਸੁਭਟਿ ਸਿਖ ਰਹਨਿ ਜੁ ਐ ਹੈਂ[1]।
ਤਿਨ ਕੋ ਸਤਿਗੁਰੁ ਰਾਖਤਿ ਜੈ ਹੈਂ ॥੩੨॥

[1]ਆਂਵਦੇ ਹਨ।

ਇਮ ਹੀ ਕਿਤਿਕ ਕਾਲ ਜਬਿ ਬੀਤਾ।
ਹਯ ਕੋ ਚਾਹਤਿ ਚੀਤ ਸੁ ਨੀਤਾ।
ਪਸ਼ਚਮ ਦਿਸ਼ਿ ਸੰਗਤਿ ਸਮੁਦਾਈ।
ਗੁਰੁ ਦਰਸ਼ਨ ਹਿਤ ਭੀ ਇਕ ਠਾਈ ॥੩੩॥
ਤਿਸ ਸੰਗਤਿ ਮਹਿਂ ਸਿੱਖ ਸਭਾਗਾ[1]।
ਧਨੀ ਬਡੋ ਅਰੁ ਨਾਮ ਸਭਾਗਾ।
ਗੁਰੁ ਕੀ ਕਾਰ ਸਕੇਲਨਿ ਕਰਿ ਕੈ।
ਹਯ ਲੀਨੇ ਗੁਰੁ ਖੁਸ਼ੀ ਬਿਚਰਿ ਕੈ ॥੩੪॥
ਲਾਖ ਲਾਖ ਕੀ ਕੀਮਤ ਭਾਰੇ।
ਪੰਚ ਤੁਰੰਗ ਲਿਯੇ ਬਲ ਭਾਰੇ।
ਲੋਕ ਹਜ਼ਾਰਹੁ ਸੰਗਤਿ ਜਾਨਿ।
ਮਿਲ ਤਿਨ ਮਹਿਂ ਤਬਿ ਕੀਨਿ ਪਯਾਨ ॥੩੫॥
ਬਹੁ ਬਿਧਿ ਤੇ ਕਰਿ ਕਰਿ ਚਤੁਰਾਈ।
ਤੁਰਕਨਿ ਤੇ ਨਿਤ ਲੇਤਿ ਛਪਾਈ।
ਸੇਵਾ ਕਰਤਿ ਅਨਿਕ ਪਰਕਾਰ।
ਆਇ ਪਹੂਚੇ ਗੁਰ ਦਰਬਾਰ ॥੩੬॥
ਨਿਸਾ ਭਈ ਲਖਿ, ਦਰਸੇ ਨਾਂਹੀ।

[1]ਭਾਗਾਂ ਵਾਲਾ।

ਡੇਰਾ ਕਰਤਿ ਭਏ ਪੁਰਿ ਮਾਂਹੀ।
ਭਈ ਪ੍ਰਭਾਤਿ ਲਗਯੋ ਦੀਵਾਨ।
ਦਈ ਮੇਵੜੇ ਤਬਿ ਸੁਧਿ ਆਨਿ ॥੩੭॥
'ਅਬਿ ਦਰਸ਼ਨ ਕੋ ਸਮੋ ਜਨੀਜੈ।
ਸ਼੍ਰੀ ਸਤਿਗੁਰ ਤੇ ਖੁਸ਼ੀ ਸੁ ਲੀਜੈ।'
ਲੈ ਲੈ ਸੰਗਤਿ ਸਭਿ ਉਪਹਾਰ।
ਭੂਖਨ ਬਸਤ੍ਰ ਅਨੇਕ ਪ੍ਰਕਾਰ ॥੩੮॥
ਸ਼ਸਤ੍ਰ ਤੁਰੰਗ ਦਰਬ ਸਮੁਦਾਈ।
ਧਰਿ ਧਰਿ ਭਾਉ ਰਿਦੈ ਅਧਿਕਾਈ।
ਜਾਇ ਗੁਰੂ ਕੋ ਦਰਸ਼ਨ ਕੀਨਿ।
ਬੈਠੇ ਤਖ਼ਤ ਸ਼ੁਭਤਿ ਬਲ ਪੀਨ ॥੩੯॥
ਬਾਰਿ ਬਾਰਿ ਸਿਰ ਚਾਮਰ ਢੁਰੈ।
ਢਿਗ ਅਰਦਾਸ ਮੇਵਰੋ ਕਰੈ।
ਆਗੈ ਸਕਲ ਉਪਾਇਨ ਧਰਿ ਧਰਿ।
ਬਾਰਿ ਬਾਰਿ ਪਦ ਬੰਦਨ ਕਰਿ ਕਰਿ
॥੪੦॥
ਸੰਗਤਿ ਮਹਾਂ ਮੋਦ ਮਨ ਪਾਯੋ।
ਜਗ ਗੁਰ ਪਾਵਨਿ ਕੋ ਦਰਸਾਯੋ।
ਸ਼੍ਰੀ ਹਰਿਗੋਵਿੰਦ ਸ਼ਸਤ੍ਰ ਨਿਹਾਰੇ।
ਪੁਨ ਘੋਰੇ ਆਏ ਬਲਿ ਭਾਰੇ ॥੪੧॥
ਰੂਪ ਰੰਗ ਤਿਨ ਕੋ ਸਭਿ ਹੇਰੇ।
ਸੁੰਦਰ ਆਕ੍ਰਿਤ[1] ਬਲੀ ਬਡੇਰੇ।
ਖੁਸ਼ੀ ਅਧਿਕ ਹੀ ਸਿਖ ਪਰ ਕੀਨਿ।
ਜਨਮ ਮਰਨ ਬੰਧਨ ਕਟਿ ਦੀਨ ॥੪੨॥
ਅਪਰ ਸਿੱਖ ਸੰਗਤ ਗਨ ਸਾਰੇ।
ਜਸ ਇੱਛਾ ਧਰਿ ਗੁਰੂ ਨਿਹਾਰੇ।
ਸਭਿ ਕੀ ਤਬਿ ਪੂਰਨ ਕਰਿ ਦਈ।
ਅਧਿਕ ਪ੍ਰੀਤਿ ਆਗੇ ਉਪਜਈ ॥੪੩॥
ਸੁੰਦਰ ਬਦਨ ਚੰਦ ਮਾਨਿੰਦ।
ਮੁਦਤਿ ਦੇਖਿ ਸ਼੍ਰੀ ਹਰਿ ਗੋਵਿੰਦ।
ਹਰਖੇ ਮਨ ਬਾਂਛਤਿ ਕੋ ਪਾਇ।
ਨਰ ਤਨ ਅਪਨੇ ਕੋ ਸਫਲਾਇ ॥੪੪॥

[1]ਸੁੰਦਰ ਸਰੀਰ ਵਾਲੇ। [ਸੰਸ: ਆਕ੍ਰਿਤਿ]

ਕੇਤਿਕ ਦਿਨ ਦਰਸ਼ਨ ਕੋ ਕਰਿ ਕੈ।
ਸੰਗਤਿ ਗਮਨੀ ਮੁਦ ਉਰ ਧਰਿ ਕੈ।
ਅਨਿਕ ਪ੍ਰਕਾਰ ਗੁਰੂ ਜਸ ਕਹਿਤੇ।
ਦਿਨ ਮਹਿਂ ਚਲਤਿ, ਨਿਸਾ ਮਹਿਂ ਰਹਿਤੇ
॥੪੫॥
'ਤੁਰਕ ਬਿਨਾਸ਼ਕ ਗੁਰੁ ਅਵਤਾਰੀ।
ਚਹੁਂ ਦਿਸ਼ਿ ਕੀ ਸੰਗਤਿ ਸੁਖਕਾਰੀ[1]।'
ਇੱਤਯਾਦਿਕ ਕੀਰਤਿ ਕੋ ਭਾਖਤਿ।
ਸੁਨਹਿ ਅਪਰ ਸੋ ਦਰਸ਼ਨ ਕਾਂਖਤਿ
॥੧੬॥

[1]ਸੰਗਤ ਨੂੰ ਸੁਖ ਦਾਤੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਤੁਰੰਗ ਸੰਗਤ ਲਜਾਵਨ' ਪ੍ਰਸੰਗ ਬਰਨਨੰ ਨਾਮ ਪੰਚ ਚੱਤਵਾਰਿੰਸਤੀ ਅੰਸੂ ॥੪੫॥

੪੬. [ਘੋੜਿਆਂ ਦੀ ਬਖਸ਼ਿਸ਼। ਸ਼ੁਧ ਜਪੁਜੀ ਪਾਠ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਸ੍ਰੀ ਗੁਰੁ ਹਰਿਗੋਬਿੰਦ ਜੀ ਪ੍ਰਭੁ ਜੋਧਾ ਬਲਵਾਨ।
ਸ਼ੌਕ ਬਿਲੰਦ ਤੁਰੰਗ ਕੋ ਚਢਹਿੰ ਪ੍ਰੀਤਿ ਕੋ ਹਾਨਿ ॥੧॥

ਚੌਪਈ:

ਪੰਚ ਪਵੰਗਮ ਲਗੇ ਤਬੇਲੇ।
ਸੇਵਕ ਲਾਗੇ ਕਰਨਿ ਸੁਹੇਲੇ[1]।

[1]ਸੁਖੀ ਕਰਨ ਲਗੇ, ਭਾਵ ਸੇਵਾ ਕਰਨ ਲਗੇ ਘੋੜਿਆਂ ਦੀ।

ਪੁਨ ਸਤਿਗੁਰੁ ਇਕ ਇਕਿ ਫਿਰਵਾਯੋ।
ਫਾਂਧਨਿ ਚੰਚਲ ਬੇਗ ਧਵਾਯੋ ॥੨॥
ਤਿਨ ਪੰਚਹੁ ਮੈਂ ਏਕ ਭਲੇਰੋ।
ਚੰਚਲ ਬਲ ਮੈਂ ਬੇਗ ਬਡੇਰੋ।
ਸ਼੍ਰੀ ਹਰਿ ਗੋਵਿੰਦ ਆਪ ਚਰ੍ਹਨਿ ਕੋ।
ਰਖਵਾਯਹੁ ਕਹਿ, ਸੁਸ਼ਟ ਬਰਨ ਕੋ[1][†] ॥੩॥

[1]ਸ੍ਰੇਸ਼ਟ ਰੰਗ ਦਾ। [†]ਪਾ:-ਕਹਿ ਸੁਭਟ ਬਚਨ ਕੋ।

ਜ਼ੀਨ ਜਰਾਊ ਜਰੇ ਜਵਾਹਿਰ।
ਜਬਰ ਜ਼ੇਬ ਜਗਮਗ ਜਿਸ ਜ਼ਾਹਰ।
ਸੁੰਦਰ ਕੋਰਦਾਰ ਬਰ ਹੀਰੇ।
ਜੋਗ ਥਾਨ ਕੇ ਜਾਨਤਿ ਚੀਰੇ[1] ॥੪॥

[1]ਭਾਵ ਸੁਹਣੇ ਸ੍ਰੇਸ਼੍ਰ ਹੀਰੇ ਜਿਸ ਜਿਸ ਥਾਂ ਤੇ ਜੜੇ ਹੋਏ ਹਨ ਉਸੇ ਉਸੇ ਥਾਂ ਦੇ ਮੁਤਾਬਕ ਜਾਣਕੇ ਚੀਰੇ ਗਏ ਸਨ।

ਅਪਰ ਅਜਾਇਬ ਜੁਕਤਿ ਬਨੇ ਹੈ।
ਸੁ ਵਰਨ ਸ਼ੋਭਤਿ ਸੂਰਨ ਸਨੇ ਹੈ[1]।

[1]ਸੋਨੇ ਸਮੇਤ ਸ੍ਰੇਸ਼ਟ ਰੰਗ ਦਾ ਸ਼ੋਭਦਾ ਹੈ।

ਐਸੋ ਤੁਰੰਗ ਸੁਗਮ ਨਹਿੰ ਆਵੈ[†]।
ਜੋ ਸਤਿਗੁਰ ਕੇ ਮਨ ਮਹਿਂ ਭਾਵੈ[+] ॥੫॥

[†]ਇਹ ਦੋਵੇਂ ਤੁਕਾਂ ਕਈ ਲਿਖਤੀ ਤੇ ਇਕ ਛਾਪੇ ਦੇ ਨੁਸਖੇ ਵਿਚ ਨਹੀਂ ਹਨ, ਤੇ ਚੌਪਈ ਦੇ ਦੋ ਹੀ ਚਰਨ ਹਨ।

ਕਰਜੋ ਹੁਕਮ 'ਆਨਹੁ ਕਰਿ ਤਜਾਰ।'
ਦਾਸਨ ਤਤਛਿਨ ਮਾਂਹਿ ਸ਼ਿੰਗਾਰ।
ਰੇਸ਼ਮ ਡੋਰ ਗਹੇ ਕਰ ਆਨਜੋ।
ਧੰਨ ਭਾਗ ਜੁਤਿ ਸਭਿ ਨੇ ਜਾਨਜੋ ॥੬॥
ਤਨ ਕੋ ਬਰਨ ਦਿਪਤਿ ਇਸ ਭਾਂਤੀ।
ਮਨਹੁਂ ਤਾਫਤਾ ਸੁੰਦਰ ਕਾਂਤੀ[1]।

[1]ਸੁਹਣੀ ਦਮਕ ਦਾ ਤਾਫਤਾ ਹੈ [ਫ਼ਾ. ਤਾਫਤਾ = ਇਕ ਪ੍ਰਕਾਰ ਦਾ ਰੇਸ਼ਮੀ ਕਪੜਾ, ਯਾ ਵਧੀਆ ਪਸ਼ਮੀਨੇ ਦਾ

ਕਪੜਾ ਜੋ ਨਰਮੀ ਨਾਲ ਲੁਸ ਲੁਸ ਕਰਦਾ ਹੈ ਤੇ ਚਮਕਦਾ ਹੈ]

ਜੁਗਮ ਸ਼੍ਰੋਨ ਲਘੁ ਸੁੰਦਰ ਖਰੇ[1]।
[1]ਖੜੇ।

ਆਯੁਤ ਛਾਤੀ ਲੋਚਨ ਖਰੇ[1] ॥੭॥
[1]ਸੁੰਦਰ।

ਅਲਪ ਗਾਮਚੀ[1], ਸੁੰਮ ਬਡੇਰੇ।
[1]ਸੁੰਮ ਦੇ ਉੱਪਰ ਤੇ ਗਿੱਟੇ ਦੇ ਹੇਠ, ਦੋਹਾਂ ਦੇ ਵਿਚਕਾਰਲਾ ਥਾਂ।

ਬੰਕੀ[1] ਗ੍ਰੀਵ ਚਲਹਿ ਜਿਸ ਬੇਰੇ।
[1]ਬਾਂਕੀ।

ਸਿਮਰਿ ਗੁਰੂ ਸ਼੍ਰੀ ਨਾਨਕ ਆਦਿ।
ਚਢੇ ਸ਼ਸਤ੍ਰ ਧਾਰੀ ਅਹਿਲਾਦ ॥੮॥
ਸੁੰਦਰ ਚਾਲ ਪਾਇ ਕਰਿ ਫੇਰਾ।
ਰੋਕਤਿ ਚਾਹਤਿ ਬੇਗ ਬਡੇਰਾ।
ਬਹੁਰੋ ਲਾਰਾ[1] ਛੇਰਨਿ ਕੀਨਿ।
[1]ਦੁੜਕੀ ਚਾਲ ਜੋ ਬਹੁਤ ਹੀ ਖੁੱਲ੍ਹੀ ਪਵੇ।

ਕਰਤਿ ਓਜ ਗੁਰੁ ਧੀਰਜ ਦੀਨਿ ॥੯॥
ਛੋਟੀ ਛਾਲ ਉਛਾਲਨਿ ਕਰੇ।
ਗਿਨ ਗਿਨ ਚਰਨ ਮਨਹੁ ਧਰਿ ਧਰੇ।
ਬਹੁਰ ਧਵਾਇ ਬੇਗ ਕੋ ਹੇਰਾ।
ਭਾਖਤਿ ਕਵਿ ਤਿਹ ਸੁਜਸ ਬਡੇਰਾ ॥੧੦॥
ਜਨੁ ਬਾਜੀ ਮੇਲੀ ਬਡ ਬਾਜੀ।
ਨਟ ਬਾਜੀ ਜਿਸ ਦੇਖਤਿ ਲਾਜੀ[1]।
[1]ਘੋੜੇ ਨੇ ਮਾਨੋਂ ਬਾਜ਼ੀ ਪਾਈ ਹੈ ਜਿਸਨੂੰ ਵੇਖਕੇ ਨਟ ਦੀ ਬਾਜ਼ੀ ਲੱਜਿਤਿ ਹੁੰਦੀ ਹੈ।

ਪੌਨ ਗੌਨ ਕੋ ਕੀਨਿ ਪਿਛੇਰੈ[1]।
[1]ਪਿੱਛੇ।

ਬਪੁਰੇ ਮ੍ਰਿੱਗ ਕਹਾਂ ਸਮ ਦੌਰੈਂ ॥੧੧॥
ਮਨ ਕੇ ਸਾਥ ਸਥਾਪਨ ਧਾਰੈ[†]।
[†]ਕਵਿਤਾ ਦਾ ਕਮਾਲ ਹੈ।

ਜਨੁ ਚਪਲਾ ਕੋ ਚਪਲ ਸਿਖਾਰੈ[1]।
[1]ਮਾਨੋ ਬਿਜਲੀ ਨੂੰ ਵੀ ਚੰਚਲਤਾਈ ਸਿਖਾਲਦਾ ਹੈ।

ਨਯਨ ਨਾਗਰੀ ਤੇ ਹੁਇ ਆਗਰ[1]।
[1]ਨੈਨ ਇਸਤ੍ਰੀ (ਦੇ ਨੇਤ੍ਰਾਂ) ਤੋਂ ਵੀ ਵਧਕੇ ਹਨ [ਸੰਸ: ਆਕਰ-ਸ੍ਰੇਸ਼ਟ, ਵਧਕੇ, ਉੱਤਮ]

ਕਿਧੌਂ ਜੂਪ ਕੋ ਦਾਵ ਉਜਾਗਰ ॥੧੨॥
ਛਾਤੀ ਛੁਵੈਂ ਛਾਲ ਪਗ ਦੌਨ[1]।
[1]ਛਾਲ ਸਮੇਂ ਦੋਵੇਂ (ਅਗਲੇ) ਪੈਰ ਛਾਤੀ ਨੂੰ ਛੁਹੰਦੇ ਹਨ।

ਛਿਤ ਲਗਿ ਪਾਛਲਿ ਪਾਇ ਸੁ ਔਨ[1]।
[1]ਪਿਛਲੇ ਪੈਰ (ਸਿਰਫ ਛੁਹਣ ਮਾਤ੍ਰ) ਹੀ ਧਰਤੀ ਨੂੰ ਲੱਗਦੇ ਆਉਂਦੇ ਹਨ।

ਥਰਕਤਿ ਮਨਹੁ ਥਾਰ ਮਹਿਂ ਮੋਤੀ[1]।
[1]ਜਿਵੇਂ ਥਾਲ ਵਿਚ ਮੋਤੀ।

ਜਨੁ ਜਲ ਮਛਲੀ ਇਤ ਉਤ ਹੋਤੀ ॥੧੩॥

ਸਭਿ ਬਿਧਿ ਪਿਖਿ ਸ਼੍ਰੀ ਹਰਿ ਗੋਵਿੰਦ।
ਚਢਿ ਕਰਿ ਭਏ ਅਨੰਦ ਬਿਲੰਦ।
ਕਰਿ ਪਸੰਦ ਇਕ ਰਾਖਯੋ ਆਪ।
ਜਿਹ ਅਰੂਢਿ ਪਾਪੀ ਨਰ ਖਾਪਿ ॥੧੪॥
ਅਪਰ ਪਿਖਯੋ ਸੁੰਦਰ ਬਲ ਪੀਨ।
ਬਿਧੀ ਚੰਦ ਕੋ ਬਾਜੀ ਦੀਨਿ।
ਹੁਇ ਅਰੂਢ ਤਿਨ ਫੇਰਿ ਦਿਖਾਯੋ।
ਮਨਹੁਂ ਪੌਨ ਕੋ ਪੂਤ ਸੁਹਾਯੋ ॥੧੫॥
ਲੇ ਕਰਿ ਭਯੋ ਅਨੰਦਤਿ ਬਾਈ।
ਸ਼੍ਰੀ ਗੁਰੁ ਪਾਇਨ ਸੀਸ ਝੁਕਾਈ।
ਪੁਨ ਤ੍ਰਿਤੀਆ ਘੋਰਾ ਮੰਗਵਾਇ।
ਊਪਰ ਸੁੰਦਰ ਜ਼ੀਨ ਸੁਹਾਇ ॥੧੬॥
ਸ਼੍ਰੀ ਗੁਰੁਦਿੱਤੇ ਹੇਤੁ ਪੁਚਾਯੋ।
ਲੇ ਕਰਿ ਸੇਵਕ ਤਤਛਿਨ ਆਯੋ।
ਗੋਇੰਦਵਾਲ ਪਹੂਚਯੋ ਜਾਇ।
ਦੇ ਕਿਰ ਗੁਰੁ ਸੁਧਿ ਸਕਲ ਸੁਨਾਇ ॥੧੭॥
ਚੌਥੇ ਤੁਰੰਗ ਹਜ਼ੂਰ ਹਕਾਰਾ।
ਜ਼ੀਨ ਬਿਭੂਖਨ ਜੁਕਤਿ ਸ਼ਿੰਗਾਰਾ।
ਪੈਂਦੇਖਾਨ ਸਮੀਪ ਪਠਾਯੋ।
ਸੋ ਲੈ ਕਰਿ ਉਰ ਮਹਿਂ ਹਰਖਾਯੋ ॥੧੮॥
ਏਕ ਤੁਰੰਗ ਸ਼ੇਖ ਰਹਿ ਗਯੋ।
ਖਾਸ ਤਬੇਲੇ ਮਹਿਂ ਰਖਿ ਲਯੋ।
ਇਕ ਦਿਨ ਬੈਠਿ ਦਿਵਾਨ ਮਝਾਰਾ।
ਸੁਭਟ ਸਿੱਖ ਤਹਿਂ ਸ਼ੁਭਤਿ ਹਜ਼ਾਰਾ ॥੧੯॥
ਸਭਿਨਿ ਸੁਨਾਇ ਮੁਕੰਦ ਬਖਾਨੀ।
'ਕੋ ਸਿਖ ਸੁੱਧ ਪਠਹਿ ਗੁਰੁ ਬਾਨੀ।
ਜਥਾ ਜੋਗ ਮਾਤ੍ਰਾ ਅਰੁ ਬਰਣ[1]।
ਪਠਹਿ ਸੰਭਾਰਿ ਸੁਨਾਵਹਿ ਕਰਣ[1]' ॥੨੦॥
ਸੁਨਿ ਗਨ ਸਿੱਖ ਹਾਥ ਕੋ ਜੋਰਿ।

[1]ਲਗਾਂ ਤੇ ਅੱਖਰ।

[1]ਮਨ ਨੂੰ ਸੰਭਾਲ ਕੇ ਪੜ੍ਹ ਸੁਨਾਵੇ [ਸੰਸ: ਕਰਣ = ਦੇਹ, ਇੰਦ੍ਰੇ, ਮਨ ਆਦਿ] (ਅ) ਕੰਨਾਂ ਨੂੰ।

ਕਹੈਂ 'ਗੁਰੂ ਹਮ ਤੁਮਰੇ ਜੋਰ।
ਨਿਤ ਹੀ ਪਾਠ ਕਰਹਿਂ ਗੁਰ ਬਾਨੀ।
ਕੰਠ ਹਮਾਰੇ ਅਹੈ ਮਹਾਨੀ ॥੨੧॥
ਛੇਮ ਹੇਤੁ, ਹਮ ਨੇਮ ਸਮੇਤਾ।
ਹਟਹਿਂ ਪ੍ਰੇਮ ਤੇ, ਕਟਹਿਂ ਕੁਹੇਤਾ[1]।'

ਸੁਨਿ ਪੁਨ ਗੁਰੂ ਭਨ੍ਯੋ 'ਹੈ ਨੀਕੀ।
ਗੁਰਬਾਨੀ ਸੰਗਿ ਪ੍ਰੀਤੀ ਹੀ ਕੀ ॥੨੨॥
ਤਊ ਸਿੱਖ ਜੋ ਹੁਇ ਬੁਧਿਵੰਤਾ।
ਕਰਤਿ ਪ੍ਰੇਮ ਲਖਿ ਸ਼ੁੱਧ ਪਠੰਤਾ।
ਸੋ ਅਬਿ ਸਨਮੁਖ ਥਿਰਹਿ ਹਮਾਰੇ।
ਜਪੁਜੀ ਪਾਠ ਕਰਹਿ ਨਿਰਧਾਰੇ ॥੨੩॥
ਸ਼ੁੱਧ ਸੁਨਾਇ ਰਿਝਾਵਹਿ ਮੋਹੀ।
ਮਨ ਬਾਂਛਤਿ ਫਲ ਪ੍ਰਾਪਤਿ ਹੋਹੀ।
ਨਹਿਂ ਅਦੇਯ ਵਸਤੂ ਪੁਨ ਕੌਨ।
ਜਿਮ ਜਾਚਹਿ ਹਮ ਦੈ ਹੈਂ ਤੌਨ' ॥੨੪॥
ਇਸ ਬਿਧਿ ਪੁਨ ਜਬਿ ਸਤਿਗੁਰੁ ਕਹ੍ਯੋ।
ਸਭਿਨਿ ਬਿਚਾਰਿ ਗੁਰੂ ਰੁਖ਼ ਲਹ੍ਯੋ।
ਇਕ ਸਿਖ ਗੁਰਮੁਖ ਨਾਮ -ਗੁਪਾਲਾ-।
ਹਾਥ ਜੋਰਿ ਕਹਿ 'ਸੁਨਹੁ ਕ੍ਰਿਪਾਲਾ! ॥੨੫॥
ਜੋ ਸੇਵਕ ਪ੍ਰਤਿ ਆਇਸੁ ਕਰੀਯਹਿ।
ਅਪਨਿ ਕ੍ਰਿਪਾ ਬਲ ਮੋ ਪਰ ਧਰੀਯਹਿ।
ਕਰੌਂ ਸੁਨਾਵਨਿ ਮੈਂ ਥਿਰ ਹੋਇ।
ਸ਼ੁੱਧ ਪਾਠ ਜਿਮ ਜਪੁ ਕੋ ਜੋਇ' ॥੨੬॥
ਸੁਨਤਿ ਗਰੀਬ ਨਿਵਾਜ ਬਖਾਨਾ।
'ਆਛੀ ਬਾਤਿ, ਥਿਰਹੁ ਇਸ ਥਾਨਾ।'
ਨਿਜ ਸਨਮੁਖ ਆਸਨ ਡਸਿਵਾਵਾ।
ਕਰਿ ਆਇਸੁ ਤਿਸ ਪਰ ਬੈਠਾਵਾ ॥੨੭॥
'ਕਰਹੁ ਸੁਨਾਵਨਿ ਸ਼ੁਧ ਜਪੁ ਮੋਹੀ।
ਜਾਚਹਿਂ ਕਹੈਂ ਜੁ, ਦੇਵੋਂ ਤੋਹੀ।'

[1]ਭਾਵ ਛੇਮ ਦੇ ਕੁਹੇਤਾ = ਮੁਕਤੀ ਦੇ (ਕੁਹਿਤੂ ਭਾਵ) ਪ੍ਰਤਿਬੰਧਕ ਸਮਾਨਾਂ ਨੂੰ।

ਬੈਠਯੋ ਸਨਮੁਖ ਲਗਯੋ ਉਚਾਰਨਿ।
ਸਿਮਰਯੋ ਸ਼੍ਰੀ ਨਾਨਕ ਸੁਖ ਕਾਰਨਿ ॥੨੮॥
ਪੂਰਬ ਕਹਿ 'ਇਕਿ ਓਅੰਕਾਰਾ।'
'ਸਤਿਨਾਮ' ਕੋ ਬਹੁਰ ਉਚਾਰਾ।
ਸ਼੍ਰੀ ਹਰਿਗੋਵਿੰਦ ਸੁਨਿ ਕਰ ਜੋਰਿ।
ਨਮਸਕਾਰ ਕੀਨੀ ਸਿਖ ਓਰਿ ॥੨੯॥
ਪਠਯੋ ਮੰਗਲਾਚਰਨ ਬਹੋਰੀ।
ਬਰਨਨਿ ਕੀਨਸਿ ਜੋ ਖਟ ਪੌਰੀ।
'ਜੇ ਜੁਗ ਚਾਰੇ' ਜੁਤਿ ਅਨੁਰਾਗ।
ਪਠੀ[1], ਕਹਯੋ ਜਿਸ ਮਹਿਂ ਬੈਰਾਗ ॥੩੦॥

[1]ਪ੍ਰੇਮ ਨਾਲ ਪੜ੍ਹੀ।

ਬਹੁਰ ਚਤੁਰ ਪਠਿ[1] 'ਸ਼੍ਰਵਣ' ਮਹਾਤਮ।
ਕਰਿਬੇ ਸ਼੍ਰਵਣ ਬ੍ਰਹਮ ਅਨੰਦਾਤਮ।
ਬਹੁਰ 'ਮਨਨ' ਕੀ ਪਵਰੀ ਚਾਰ।
ਕਰੀ ਸੁਨਾਵਨਿ ਸ਼ੁੱਧ ਉਚਾਰਿ ॥੩੧॥

[1]ਚਾਰ (ਪੌੜੀਆਂ) ਪੜ੍ਹੀਆਂ।

ਪੁਨਹ ਪਠਤਿ ਭਾ 'ਪੰਚ ਪ੍ਰਵਾਨ।'
ਨਿਧਯਾਸਨ ਜਹਿਂ ਕੀਨਿ ਬਖਾਨ।
'ਤੂ ਸਦਾ ਸਲਾਮਤਿ ਨਿਰੰਕਾਰ।'
ਸਖਯਾਤਕਾਰ ਪਰ ਤੁਕ ਇਹ ਚਾਰ ॥੩੨॥
ਪਠੀ ਅਸੰਖਨ ਪਵਰੀ ਫੇਰ।
ਸ਼ਕਤਿ ਸ਼ਾਂਤਕੀ ਪ੍ਰਥਮ ਸੁ ਹੇਰਿ।
ਬਹੁਰ ਤਾਮਸੀ ਸ਼ਕਤਿ ਬਖਾਨੀ।
ਜਿਨ ਕੋ ਅੰਤ ਨ ਕਿਨ ਹੂੰ ਜਾਨੀ ॥੩੩॥
ਚਾਰ ਪ੍ਰਕਾਰਨਿ ਬ੍ਰਹਮ ਜੁ ਗਯਾਨ।
ਸਕਲ ਸੁਨਾਵਨ ਕੀਨਿ ਬਖਾਨ।
ਪੁਨ ਬਿਅੰਤਤਾ ਕਹੀ ਬ੍ਰਹਮ ਕੀ।
ਜੀਵ ਈਸ਼ ਇਕਤਾ ਕਰਿ ਸਮ ਕੀ[1] ॥੩੪॥

[1]ਜੀਵ ਈਸ਼੍ਵਰ ਦੀ ਸਮਤਾ ਕਰ ਏਕਤਾ ਕਹੀ।

ਸਨੈ ਸਨੈ ਸਭਿ ਕੀਨਿ ਸੰਭਾਰ।
ਮਾਤ੍ਰਾ ਬਰਣ ਭਲੇ ਨਿਰਧਾਰਿ।

ਸੁਨਿ ਸਤਿਗੁਰੁ ਤਬਿ ਰਿਦੇ ਬਿਚਾਰੀ।
-ਜਪੁ ਕੇ ਸਮ ਕਜਾ ਵਸਤੁ ਉਦਾਰੀ ॥੩੫॥
ਜੋ ਇਸ ਕੋ ਅਬਿ ਦੈਬੌਂ ਕਰੈਂ।
ਕੋਇ ਨ ਸਮਤਾ ਕਜੋਂ ਹੂੰ ਧਰੈ।
ਜੋ ਸਗਰੇ ਜਗ ਕੀ ਗੁਰਿਆਈ।
ਇਹ ਦੈਹੈਂ-, ਨਿਸ਼ਚੈ ਠਹਿਰਾਈ ॥੩੬॥
'ਨਾਨਕ ਨਦਰੀ ਨਦਰਿ ਨਿਹਾਲ।'
ਇਹ ਤੁਕ ਪਠੀ ਪ੍ਰੀਤਿ ਕੇ ਨਾਲ।
ਤਬਿ ਸਤਿਗੁਰ ਮਨ ਮੋਦ ਉਪਾਯੋ।
ਜਾਨੂੰ[1] ਉਠਿਬੇ ਹੇਤ ਉਠਾਯੋ ॥੩੭॥
ਤਿਲਕਿ ਦੇਨਿ ਕੋ ਚਾਹਜੋ ਰਿਦੈ।
ਸਿਖ ਨੇ ਕਰਜੋ ਮਨੋਰਥ ਤਬੈ[1]।
-ਰਹਜੋ ਪੰਚਮੋਂ ਹਯ ਬਡ ਮੋਲ।
ਸੋ ਮੈਂ ਲੇਉਂ ਗੁਰੂ ਤੇ ਬੋਲ ॥੩੮॥
ਜ਼ੀਨ ਸਮੇਤ ਪਾਇ ਕਰਿ ਸੋਊ।
ਚਢੋਂ ਤਿਸੀ ਪਰ ਮਨ ਮੁਦ ਹੋਊ।
ਅਸ ਅਸ੍ਵ ਪਰ ਹੋਵਨਿ ਅਸੁਵਾਰ[1]।
ਪਾਇ ਪ੍ਰਿਥੀ ਪਰ ਸੁਰਗ ਬਹਾਰ[1] ॥੩੯॥
ਜਿਸ ਕੋ ਦੇਖਿ ਸਿਹਾਵਤਿ ਨੈਨ[1]।
ਸੋ ਮੋ ਕਹੁ ਗੁਰੁ ਕਰਿ ਹੈਂ ਦੈਨਿ।
'ਮੁਖ ਮਾਂਗਜੋ ਦੈ ਹੈਂ' ਕਹਿ ਲੀਨਿ-।
ਏਵ ਮਨੋਰਥ ਕੋ ਮਨ ਕੀਨਿ ॥੪੦॥
ਜਬਹਿ ਪਿਖਜੋ ਗੁਰੁ ਚਰਨ ਉਠਾਯੋ।
ਪ੍ਰਭੁ ਮਾਯਾ ਨੈ ਤਬਿ ਬਿਚਲਾਯੋ।
ਸਮਝਜੋ ਰਿਦੇ -ਗੁਰੂ ਅਬਿ ਚਲੈਂ।
ਸੁਨਹਿਂ ਸਲੋਕ ਨ ਸਭਿ ਫਲ ਫਲੇ[1]- ॥੪੧॥
ਬਿਫਲ ਮਨੋਰਥ ਹੋਵਤਿ ਦੀਖਾ।
-ਰਹਜੋ ਛੂਛ ਮੈਂ ਪ੍ਰਥਮ ਸਰੀਖਾ-।
ਲਖਿ ਉਰ ਕੀ ਗੁਰੁ ਅੰਤਰਜਾਮੀ।

[1]ਗੋਡਾ।

[1]ਭਾਵ ਇਕ ਮਨ ਪਾਠ ਕਰਦੇ ਨੂੰ ਫੁਰਨਾ ਫੁਰ ਪਿਆ।

[1]ਐਸੇ ਘੋੜੇ ਪਰ ਅਸਵਾਰ ਹੋਣਾ।

[1]ਧਰਤੀ ਉੱਤੇ ਸੁਰਗਾਂ (ਦਾ) ਅਨੰਦ ਪਾਉਣਾ ਹੈ।

[1]ਨੈਨ ਲਲਚਦੇ ਹਨ, ਠਰਦੇ ਹਨ, ਪ੍ਰਸੰਨ ਹੁੰਦੇ ਹਨ।

[1]ਸਲੋਕ (ਉਨ੍ਹਾਂ ਨੇ) ਸੁਣਨਾ ਨਹੀਂ ਤੇ (ਮੇਰੀ) ਸਾਰੀ (ਘਾਲ ਦਾ) ਫਲ ਫਲਨਾ ਨਹੀਂ, ਭਾਵ ਮੈਨੂੰ ਹੁਣ ਘੋੜਾ ਮਿਲਣਾ ਨਹੀਂ।

'ਬੋਲੇ ਕਹਾਂ ਕੀਨ ਤੈਂ ਕਾਮੀ ॥੪੨॥
ਬਿਨਾ ਮਨੋਰਥ[1] ਜਪੁਜੀ ਸਾਰੋ।
ਪੂਰਬ ਸਮ ਜੇ ਸਕਲ ਉਚਾਰੋ।
ਸ਼੍ਰੀ ਨਾਨਕ ਗਾਦੀ ਬਡਿਆਈ।
ਸਗਰੇ ਜਗ ਕੀ ਬਰ ਗੁਰਿਆਈ ॥੪੩॥
ਸੋ ਹਮ ਦੈਨਿ ਉਠਤਿ ਇਸ ਸਮੇਂ।
ਜਿਸ ਕੇ ਅੱਗ੍ਰ ਤ੍ਰਿਲੋਕੀ ਨਮੇ।
ਕਹਾਂ ਕਰਹਿਂ, ਬਸ ਤੋਹਿ ਨ ਕੋਈ।
ਜਹਾਂ ਉਚਿਤ ਹੁਇ ਪਹੁੰਚੈ ਸੋਈ ॥੪੪॥
ਅਬਿ ਭੀ ਧੰਨ ਜਨਮ ਤੁਵ ਭਯੋ।
ਜਨਮ ਮਰਨ ਦੁਖ ਸਭਿ ਮਿਟਿ ਗਯੋ।
ਕਰਜੋ ਮਨਰੋਥ ਜੋ ਅਬਿ ਜੈਸੇ।
ਸੋ ਲੀਜਹੁ ਨਹਿਂ ਬਿਲਮਹੁਂ ਕੈਸੇ' ॥੪੫॥
ਕਹਿ ਕਰਿ ਸੋ ਘੋਰਾ ਮੰਗਵਾਯੋ।
ਸੁੰਦਰ ਜਿਸ ਪਰ ਜ਼ੀਨ ਸੁਹਾਯੋ।
ਸਵਾ ਲਾਖ ਕੀ ਕੀਮਤ ਜਾਂਹੀ।
ਹੁਇ ਪ੍ਰਸੰਨ ਬਖ਼ਸ਼ਤਿ ਭੇ ਤਾਂਹੀ ॥੪੬॥
ਬਸਤ੍ਰ ਬਿਭੂਖਨ ਧਨ ਕੁਛ ਔਰ।
ਦੇਤਿ ਭਏ ਸੋਢੀ ਸਿਰਮੌਰ।
ਲਏ ਗੁਪਾਲੇ ਅਨੰਦ ਉਪਾਯੋ।
ਸ਼੍ਰੀ ਗੁਰੁ ਤੇ ਸੁਨਿ ਕਰਿ ਪਛੁਤਾਯੋ ॥੪੭॥
ਮਾਤ੍ਰਾ ਬਰਣ ਸੰਭਾਰਹਿਂ ਸਾਰੇ।
ਸ਼੍ਰੀ ਗੁਰੁ ਬਾਨੀ ਸਿੱਖ ਉਚਾਰੇਂ।
ਮਹਾਂ ਮਹਾਤਮ ਕਰਿ ਦਿਖਰਾਯੋ।
'ਨਹਿਂ ਤ੍ਰਿਲੋਕ ਮੈਂ ਸਮ ਕੁਛ ਪਾਯੋ[1]' ॥੪੮॥
ਇਮ ਸਤਿਗੁਰੁ ਬਹੁ ਕੇਰੇ ਬਿਲਾਸਾ।
ਘਨੇ ਸੁਭਟ ਰਾਖਹਿਂ ਨਿਜ ਪਾਸਾ।
ਤੁਰੰਗ ਬਿਕਨਿ ਆਵੈਂ ਸੋ ਲੇਤਿ।
ਸੈਨਾਂ ਮਹਿਂ ਬਰਤਾਇ ਸੁ ਦੇਤਿ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਤੁਰੰਗਨ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤਵਾਰਿੰਸਤੀ ਅੰਸੂ ॥੪੬॥

[1]ਸ੍ਵਾਰਥ ਰਹਿਤ ਰਹਿਕੇ। (ਅ) ਅਫੁਰ ਰਹਿਕੇ।

[1](ਕਿ) ਤਿੰਨ੍ਹਾਂ ਲੋਕਾਂ ਵਿਚ ਹੀ ਕੋਈ ਚੀਜ਼ (ਸ਼ੁੱਧ ਜਪੁਜੀ ਪਾਠ ਦੇ) ਤੁੱਲ ਪਾਈ ਦੀ ਨਹੀਂ।

੪੭. [ਨਵੇਂ ਨਗਰ ਦਾ ਨਾਮ 'ਸ਼੍ਰੀ ਹਰਿ ਗੁਵਿੰਦ ਪੁਰ' ਧਰਿਆ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:
ਹਯ ਅਕੋਰ ਗਨ ਦੇਯ ਕਰਿ, ਸੰਗਤਿ ਗਈ
ਬਿਸਾਲ।
ਜਾਇ ਸ਼ਨਾਨੇ ਸੁਧਾਸਰ, ਦੇਖਤਿ ਭਏ
ਨਿਹਾਲ ॥੧॥
ਚੌਪਈ:
ਤੀਰਥ ਤਰਨ ਤਰਨ ਪੁਨ ਗਏ।
ਤਹਾਂ ਸ਼ਨਾਨ ਕਰਤਿ ਸਭਿ ਭਏ।
ਤਹਿਂ ਸੰਗਤਿ ਨੇ ਰਿਦੇ ਬਿਚਾਰਾ।
'ਬ੍ਰਿਧ ਸਾਹਿਬ ਗੁਰੁ ਸਿੱਖ ਉਦਾਰਾ ॥੨॥
ਜਿਸ ਕੋ ਬਚਨ ਪਾਇ ਗੁਰੁ ਜਨਮੇ।
ਸ੍ਰੀ ਹਰਿਗੋਵਿੰਦ ਬਿਦਤਿ ਸਭਿਨਿ ਮੇਂ।
ਇਹਾਂ ਨਿਕਟਿ ਤਿਸ ਦਰਸ਼ਨ ਕਰੋ।
ਜਾਨਹੁ ਤਿਸੈ ਗੁਰੂ ਸਮਸਰੋ[1]' ॥੩॥
ਇਮ ਮਸਲਤ ਕਰਿ ਸੰਗਤਿ ਗਈ।
ਬੀੜ ਗੁਰੂ ਕੇ ਜਹਿਂ ਸੁਧਿ ਲਈ।
ਆਗੈ ਬ੍ਰਿਧ ਭਾਈ ਗੁਰਦਾਸਿ।
ਦੋਨਹੁਂ ਬੈਠੇ ਗਜਾਨ ਪ੍ਰਕਾਸ਼[1] ॥੪॥
ਸਭਿਨਿ ਉਪਾਇਨ ਧਰਿ ਧਰਿ ਬੰਦੇ।
ਦਰਸ਼ਨ ਲੇ ਕਰਿ ਰਿਦੇ ਅਨੰਦੇ।
ਦਈ ਪ੍ਰਦਛਨਾ ਸਨਮੁਖ ਬੈਸੇ।
ਤਬਿ ਭਾਈ ਬੂਝੈ ਸਭਿ ਐਸੇ ॥੫॥
'ਕਹਿਂ ਤੇ ਆਏ? ਕਹਾਂ ਪਯਾਨੇ?'
ਸੁਨਿ ਸੰਗਤਿ ਸ਼ੁਭ ਵਾਕ ਬਖਾਨੇ।
'ਤੀਰ ਬਿਪਾਸਾ ਗ੍ਰਾਮ ਰੁਹੇਲਾ।
ਸ਼੍ਰੀ ਹਰਿ ਗੋਬਿੰਦ ਗੁਰੂ ਸੁਹੇਲਾ ॥੬॥
ਤਿਹ ਠਾਂ ਮਚਜੋ ਅਧਿਕ ਸੰਗ੍ਰਾਮੂ।
ਤੁਰਕ ਹਜ਼ਾਰੋਂ ਗੇ ਜਮ ਧਾਮੂ।
ਤਿਨ ਦਰਸ਼ਨ ਕਰਿ ਇਤਿ ਦਿਸ਼ਿ ਆਏ।
ਰਾਵਰ ਕੇ ਦਰਸ਼ਨ ਅਬਿ ਪਾਏ' ॥੭॥

[1]ਬਰਾਬਰ।

[1]ਗਿਆਨ ਕਥਨ ਕਰਦੇ ਸਨ।

ਸਰਬ ਪ੍ਰਸੰਗ ਸੁਨਜੋ ਹਰਖਾਏ।
ਸੰਗਤਿ ਕੋ ਬਰ ਦੇ ਤ੍ਰਿਪਤਾਏ।
ਪੁਨ ਸੰਗਤਿ ਨਿਜ ਥਾਨ ਪਯਾਨੀ।
ਬ੍ਰਿਧ ਨੇ ਬਹੁਰੋ ਗਿਰਾ ਬਖਾਨੀ ॥ ੮ ॥
'ਸੁਨਿ ਗੁਰੁਦਾਸ ! ਥਿਤੀ ਬਹੁ† ਬੇਰੇ।
ਸ਼੍ਰੀ ਹਰਿ ਗੋਵਿੰਦ ਦਰਸ਼ਨ ਹੇਰੇ।
ਕਰਜੋ ਸੁਧਾਸਰ ਰਣ ਰਿਪੁ ਮਾਰੇ।
ਤਹਾਂ ਜਾਇ ਪੁਨ[1] ਅਧਿਕ ਸੰਘਾਰੇ ॥ ੯ ॥
ਅਬਿ ਦਰਸ਼ਨ ਕਰਨੋ ਬਨਿ ਆਵੈ।
ਮਿਲਿ ਕਰਿ ਸੁਧਿ ਸਗਰੀ ਕੋ ਪਾਵੈਂ।'
ਸੁਨਿ ਗੁਰੁਦਾਸ ਰਿਦੇ ਬਹੁ ਭਾਈ[1]।
ਪੰਥ ਚਲੇ ਸਭਿ ਬਿਲਮ ਬਿਹਾਈ ॥ ੧੦ ॥
ਪ੍ਰਿਥਮ ਸੁਧਾਸਰ ਆਨਿ ਸ਼ਨਾਨੇ।
ਸ਼੍ਰੀ ਹਰਿਮੰਦਰ ਦਰਸ਼ਨ ਠਾਨੇ।
ਤੀਨ ਸਿੱਖ ਤਹਿਂ ਅਪਰ ਮਿਲੇ ਹੈਂ।
ਸੁਨਿ ਸੁਧਿ ਗੁਰੁ ਕੇ ਦਰਸ ਚਲੇ ਹੈਂ ॥ ੧੧ ॥
ਜੋਧ, ਅਜਿੱਤਾ, ਤੀਸਰ ਜੀਵਾ।
ਪੰਚਹੁੰ ਚਲੇ ਪ੍ਰੇਮ ਕੀ ਸੀਵਾ।
ਤੀਰ ਬਿਪਾਸਾ ਕੇ ਚਲਿ ਆਏ।
ਸਤਿਗੁਰੁ ਜਸੁ ਘਰ ਘਰ ਸੁਨਿ ਪਾਏ ॥ ੧੨ ॥
'ਮੁਗ਼ਲਮਾਰ ਗੁਰੁ ਭਯੋ ਬਡੇਰਾ।
ਰਣ ਘਾਲਜੋ ਘਮਸਾਨ ਘਨੇਰਾ।'
ਗ੍ਰਾਮ ਗ੍ਰਾਮ ਮੈਂ ਕਹਹਿਂ ਸੁਨਾਵੈਂ।
ਸੁਨਿ ਸੁਨਿ ਸਿੱਖ ਮੋਦ ਉਪਜਾਵੈਂ ॥ ੧੩ ॥
ਆਗੈ ਸਤਿਗੁਰ ਕਥਾ ਸੁਨੀਜੈ।
ਜਿਸ ਤੇ ਸਕਲ ਕਾਮਨਾ ਲੀਜੈ।
ਸੁੰਦਰ ਸਗਰੋ ਕੋਟ ਚਿਨਾਵਾ।
ਨਗਰ ਬਸਾਵਨਿ ਮਨ ਲਲਚਾਵਾ ॥ ੧੪ ॥
ਤਬਿ ਬਿਸ਼ੁਕਰਮਾ ਨਰ ਤਨ ਧਰਿ ਕੈ।
ਗੁਰੁ ਕਾਰਜ ਕੋ ਚਿਤਵਨ ਕਰਿ ਕੈ।

†ਪਾ:-ਚਿਰ।
[1]ਤੇ ਹੁਣ) ਫਿਰ ਤਿਥੇ (ਰੁਹੇਲੇ) ਜਾਕੇ।
[1]ਚੰਗੀ ਲਗੀ।

ਹਾਥ ਜੋਰਿ ਕਰਿ ਦਰਸ਼ਨ ਲੀਨਾ।
ਪਦ ਅਰਿਬਿੰਦਨ ਬੰਦਨ ਕੀਨਾ ॥੧੫॥
'ਮੇਧਾਵੀ' ਨਿਜ ਨਾਮ ਧਰਾਯੋ।
ਗੁਰੁ ਸਨਮੁਖ ਹੁਇ ਬਾਕ ਅਲਾਯੋ।
'ਅਪਨਿ ਸਫਲਤਾ ਕਰਿਬੇ ਕਾਰਨਿ।
ਆਯੋ ਤੁਮ ਹਿਤ ਨਗਰ ਉਸਾਰਨਿ ॥੧੬॥
ਇਸ ਵਿੱਦਜਾ ਮਹਿਂ ਮਹਾਂ ਪ੍ਰਬੀਨਾ।
ਆਇਸੁ ਦੀਜਹਿ ਰਚੌਂ ਨਵੀਨਾ।'
ਤਬਿ ਸਤਿਗੁਰ ਸਗਰੀ ਬਿਧਿ ਜਾਨਿ।
ਕਹਜੋ ਭਲੇ ਨਿਜ ਕਰੁਨਾ ਠਾਨਿ ॥੧੭॥
'ਸਭਿ ਕਾਰੀਗਰ ਮੈਂ ਮੁਖਿ ਹੋਵਹੁ।
ਰਚਹੁ ਨਗਰ ਨੀਕੀ ਬਿਧਿ ਜੋਵਹੁ।
ਸਭਿ ਕੋ ਨਿਜ ਕਰ ਦੇਹੁ ਮਜੂਰੀ।
ਤੂਰਨ ਕਰਹੁ ਸੰਪੂਰਨ ਰੂਰੀ' ॥੧੮॥
ਆਇਸੁ ਪਾਇ ਕਰੀ ਸਭਿ ਕਾਰ।
ਰਚਜੋ ਨਗਰ ਬੀਥੀ ਰੁ ਬਜਾਰ[1]।
ਆਦਿ ਮਸੀਤ ਸਦਨ ਤਬਿ ਸਾਰੇ।
ਕਰਿਵਾਵਨਿ ਲਾਗਸਿ ਤਬਿ ਤਜਾਰੇ ॥੧੯॥
ਬੈਠੇ ਸਤਿਗੁਰੁ ਲਾਇ ਦਿਵਾਨ।
ਗਾਵਤਿ ਸ਼ਬਦ ਰਬਾਬੀ ਗਜਾਨ।
ਆਇ ਸਿੱਖ ਨੇ ਤਬਹਿ ਸੁਨਾਯੋ।
'ਬ੍ਰਿਧ ਸਾਹਿਬ ਗੁਰਦਾਸਹਿ ਆਯੋ' ॥੨੦॥
ਸੁਨਤਿ ਮੁਦਤਿ ਸ਼੍ਰੀ ਹਰਿਗੋਵਿੰਦ।
ਨਿਕਟਿ ਹਕਾਰਜੋ ਬਿਧੀਆ ਚੰਦ।
'ਲੇ ਕਰਿ ਬਿੰਦ ਸਿੱਖ ਚਲਿ ਜਾਵਹੁ।
ਸਾਦਰ ਬੰਦਨ ਕਰਿ ਇਤ ਲਜਾਵਹੁ' ॥੨੧॥
ਸੁਨਿ ਬਿਧੀਆ ਸਿਖ ਗਨ ਲੇ ਗਯੋ।
ਜਾਇ ਬ੍ਰਿੱਧ ਕੋ ਦਰਸਤਿ ਭਯੋ।

[1]ਗਲੀਆਂ ਤੇ ਬਜ਼ਾਰ।

ਨਮੋ ਕਰੀ ਸਭਿ ਨੇ ਸਨਮਾਨ।
ਆਏ ਗੁਰੁ ਢਿਗ ਕਰਿ ਅਗਵਾਨ[1] ॥੨੨॥
ਦੇਖਿ ਦੂਰ ਤੇ ਹਰਿਗੋਵਿੰਦ।
ਉਠੇ ਤੁਰਤ ਹੀ ਜੁਤਿ ਸਿਖ ਬ੍ਰਿੰਦ।
ਦਰਸ਼ਨ ਕਰਤਿ ਅਨੰਦ ਬਿਲੰਦੇ।
ਪਦ ਬੰਦਤਿ ਦੁਹਦਿਸ਼ਿ ਕਰ ਬੰਦੇ ॥੨੩॥
ਬੁੱਢੇ ਚਰਨ ਗੁਰੂ ਕੇ ਗਹੇ।
ਗੁਰੁ ਬ੍ਰਿਧ ਪਦ ਪਰ ਕਰ ਧਰਿ ਰਹੇ।
'ਸ਼੍ਰੀ ਨਾਨਕ ਸਮ ਜਾਨਹਿਂ ਤੁਮ ਕੋ।
ਲਖਹੁ ਆਪਨੇ ਸੇਵਕ ਹਮ ਕੋ' ॥੨੪॥
ਤਿਮ ਗੁਰਦਾਸ ਸੰਗ ਗੁਰ ਮਿਲੇ।
ਕੁਸ਼ਲ ਪ੍ਰਸ਼ਨ ਕਰਿ ਹਿਤ ਸੋਂ ਭਲੇ।
ਤੀਨਹੁਂ ਸਿੱਖਨਿ ਗੁਰ ਪਦ ਬੰਦੇ।
ਖੁਸ਼ੀ ਕਰੀ ਸਭਿ ਬੈਠਿ ਅਨੰਦੇ ॥੨੫॥
ਸ਼੍ਰੀ ਗੁਰੁ ਬ੍ਰਿਧ ਕੋ ਗਹਿ ਕਰਿ ਹਾਥ।
ਇਕ ਆਸਨ ਬੈਠੇ ਲੇ ਸਾਥ।
ਮਨੋ ਦੇਵ ਗੁਰੁ[1] ਬਿਸ਼ਨੁ ਮਿਲੇ ਹੈਂ।
ਉਗ੍ਰੱਸੈਨ ਜਿਮ ਕ੍ਰਿਸ਼ਨ ਰਲੇ ਹੈਂ ॥੨੬॥
ਬਚਨ ਬਿਲਾਸ ਮੁਦਤਿ ਹੁਇ ਕਰੇ।
'ਰਣ ਮਹਿਂ ਤੁਰਕ ਬ੍ਰਿੰਦ ਹੀ ਮਰੇ।'
ਬੈਠੇ ਜਬਹਿ ਤਿਮਰ ਹੁਇ ਆਯੋ।
ਘਰ ਨਵੀਨ ਜੌ ਗੁਰੁ ਬਨਵਾਯੋ ॥੨੭॥
ਤਿਸ ਮਹਿਂ ਡੇਰਾ ਬ੍ਰਿੱਧ ਉਤਾਰਾ।
ਸਾਦਰ ਜੁਤਿ ਗੁਰੁਦਾਸ ਉਦਾਰਾ।
ਦਾਸਨਿ ਪ੍ਰਤਿ ਆਇਸੁ ਫੁਰਮਾਈ।
'ਸੇਵਾ ਕਰਹੁ ਸਕਲ ਮਨ ਭਾਈ' ॥੨੮॥
ਸੁੰਦਰ ਪਲੰਘ ਪਠੇ ਤਤਕਾਲਾ।
ਖਾਨ ਪਾਨ ਹਿਤ ਅਸਨ ਰਸਾਲਾ।
ਹਾਥ ਜੋਰਿ ਸੇਵਕ ਭੇ ਠਾਂਢੇ।

[1]ਅੱਗੇ ਕਰਕੇ (ਬਾਬੇ ਬੁੱਢੇ ਜੀ ਨੂੰ)।

[1]ਬ੍ਰਹਸਪਤਿ।

ਜਿਮ ਜਿਮ ਕਹ੍ਯੋ ਕਰ੍ਯੋ ਹਿਤ ਗਾਢੇ[1] ॥੨੯॥
ਸਾਦਰ ਸਭਿ ਸੇਵਾ ਕਰਿਵਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਪ੍ਰਾਤਿ ਭਏ ਸਲਿਤਾ ਕੇ ਤੀਰ।
ਜਾਇ ਸ਼ਨਾਨੇ ਸੌਚ ਸਰੀਰ ॥੩੦॥
ਜਪੁ ਆਦਿਕ ਨਿਤ ਨੇਮ ਜੁ ਬਾਨੀ।
ਪਢਿ ਕਰਿ ਨਦੀ ਕੂਲ ਮਨ ਭਾਨੀ[1]।
ਆਏ ਬਹੁਰ ਗੁਰੂ ਗੁਨ ਗਾਵਤਿ।
ਅਦਭੁਤਿ ਲੀਲਾ ਜਗ ਦਖਰਾਵਤਿ ॥੩੧॥
ਸਨੇ ਸਨੇ ਚਲਿ ਆਏ ਤਹਾਂ।
ਲਗ੍ਯੋ ਦਿਵਾਨ ਬਿਰਾਜਤਿ ਜਹਾਂ।
ਗਹਿ ਕਰ ਕੋ ਗੁਰੁ[1] ਨਿਕਟਿ ਬਿਠਾਏ।
ਸ਼ਬਦ ਬਿਲਾਵਲ ਆਦਿ ਜਿ ਗਾਏ ॥੩੨॥
ਸੁਨਹਿਂ ਰਬਾਬੀ ਤੇ ਆਨੰਦਹਿਂ।
ਆਇ ਅਨਿਕ ਨਰ ਗੁਰੁ ਪਗ ਬੰਦਹਿਂ।
ਕਿਤਿਕ ਸਮਾਂ ਜਬਿ ਬੈਠਿ ਬਿਤਾਵਾ।
ਮੇਧਾਵੀ ਕਾਰੀਗਰ ਆਵਾ ॥੩੩॥
ਹਾਥ ਜੋਰਿ ਕਰਿ ਬਾਕ ਉਚਾਰਾ।
'ਮਹਾਰਾਜ! ਬਹੁ ਕਾਰ ਸੁਧਾਰਾ।
ਫਿਰਹੁ ਨਗਰ ਅਵਿਲੋਕਨਿ ਕੀਜੈ।
ਸਿੱਖਨਿ ਕੀ ਸੇਵਾ ਸਫਲੀਜੈ ॥੩੪॥
ਬ੍ਰਿਧ ਗੁਰਦਾਸ ਲਿਏ ਨਿਜ ਸਾਥ।
ਗਮਨੇ ਅਪਰ ਸੰਗ ਸਭਿ ਨਾਥ।
ਪੁਰਿ ਪ੍ਰਵੇਸ਼ ਹੁਇ ਹੇਰਨਿ ਲਾਗੇ।
ਸਤਿਗੁਰੁ ਜਾਤਿ ਬਤਾਵਤਿ ਆਗੇ[1] ॥੩੫॥
ਲਘੁ ਦੀਰਘ ਬੀਥੀ ਜਿ ਬਨਾਈ।
ਮੇਧਾਵੀ ਤਬਿ ਸਰਬ ਦਿਖਾਈ।

[1]ਬੜੇ ਪ੍ਰੇਮ ਨਾਲ।

[1]ਮਨ ਨੂੰ ਭਾਉਣ ਵਾਲੇ ਨਦੀ ਦੇ ਕੰਢੇ (ਨਿਤਨੇਮ ਦੀ ਬਾਣੀ) ਪੜ੍ਹਕੇ।

[1]ਗੁਰਾਂ ਨੇ (ਬਾਬਾ ਜੀ ਦਾ) ਹੱਥ ਫੜਕੇ।

[1]ਸਤਿਗੁਰੂ ਨੂੰ ਅੱਗੋਂ ਹੋਕੇ ਦੱਸੀ ਜਾਂਦਾ ਹੈ (ਮੇਧਾਵੀ)।

ਮੰਦਰ ਜਿਸ ਬਿਧਿ ਕੇ ਸ਼ੁਭ ਕੀਨਿ।
ਸਨੈ ਸਨੈ ਗਮਨੇ ਸਭਿ ਚੀਨ ॥੩੬॥
ਸਕਲ ਬੀਥਿਕਾ ਮਹਿਂ ਫਿਰਿ ਆਏ।
ਖਰੇ ਮਸੀਤ ਭਈ ਜਿਸ ਥਾਏਂ।
ਤਬਿ ਗੁਰਦਾਸ ਪੂਛਿਬੋ ਕਰ੍ਯੋ।
'ਇਹ ਤੌਂ ਅਦਭੁਤ ਕਰਮ ਨਿਹਰ੍ਯੋ ॥੩੭॥
ਰਾਵਰ ਨੇ ਮਸੀਤ ਚਿਨਵਾਈ।
ਇਹ ਕਜਾ ਕਾਰਨ ਦੇਹੁ ਬੁਝਾਈ।'
ਤਬਿ ਘੇਰੜ ਕੋ ਸਕਲ ਪ੍ਰਸੰਗ।
ਕਰ੍ਯੋ ਸੁਨਾਵਨਿ ਸੋ ਸਰਬੰਗ ॥੩੮॥
ਬ੍ਰਿਧ ਆਦਿਕ ਹਰਖੇ ਸਭਿ ਸੁਨਿ ਕਰਿ।
ਬਹੁ ਚਾਤੁਰਤਾ ਗੁਰੁ ਕੀ ਉਰ ਧਰਿ।
ਕਾਰਣ ਰਣ ਕੋ ਇਸ ਤੇ ਭਯੋ।
ਜਿਸ ਤੇ ਬ੍ਰਿੰਦ ਤੁਰਕ ਰਿਪੁ ਛਯੋ ॥੩੯॥
ਸਕਲ ਨਗਰ ਕੋ ਫਿਰ ਨਿਹਾਰਾ।
ਬਹੁ ਜਸੁ ਤਬਿ ਗੁਰਦਾਸ ਉਚਾਰਾ।
ਬ੍ਰਿਧ ਆਦਿਕ ਪੁਰਿ ਅਧਿਕ ਸਰਾਹਾ।
'ਰਚ੍ਯੋ ਰੁਚਿਰ ਸ਼ੁਭ ਸਲਿਤਾ ਪਾਹਾ ॥੪੦॥
ਉਚੇ ਥਲ ਬਡ ਸੈਲ ਹੁਵੰਤੀ[1]।
ਬਸਹਿ ਪ੍ਰਜਾ ਬਹੁ ਮੋਦ ਭਵੰਤੀ[1]।'
ਕਰਤਿ ਸਰਾਹਨਿ ਕੋ ਚਲਿ ਆਏ।
ਬੈਠੇ ਸਤਿਗੁਰੁ ਹਰਖ ਉਪਾਏ ॥੪੧॥
ਬਿਧੀ ਚੰਦ ਬੋਲ੍ਯੋ ਤਿਸ ਕਾਲਾ।
'ਇਹ ਗੁਰੁ ਪੁਰਿ ਨਿਤ ਬਸਹਿ ਬਿਸਾਲਾ।
ਅਬਿ ਲੌ ਨਾਮ ਨਹੀਂ ਕੁਛ ਧਰ੍ਯੋ।
ਪ੍ਰਥਮ ਨਾਮ ਕੋ ਨਾਸ਼ਨ ਕਰ੍ਯੋ' ॥੪੨॥
ਬਾਤ ਸਮੈਂ ਸਿਰ ਭਾਖਨਿ ਕਰੀ।
ਗੁਰੂ ਖੁਸ਼ੀ ਬਹੁ ਤਿਸਿ ਪਰ ਪਰੀ।
ਮੁਸ਼ਕਾਵਤਿ ਮੁਖ ਬਾਕ ਬਖਾਨਾ।
'ਬ੍ਰਿਧ ਸਾਹਿਬ ਜੀ ਬਡੇ ਸੁਜਾਨਾ ॥੪੩॥

[1]ਸੈਰ ਹੁੰਦੀ ਹੈ।
[1]ਬੜੀ ਅਨੰਦ ਹੋਕੇ।

ਪੁਰਿ ਕੋ ਨਾਮ ਧਰਹਿੰਗੇ ਏਹੀ।
ਜਗ ਮਹਿੰ ਬਿਥਰਹਿ ਸਦਾ ਰਹੇਹੀ[1]।'
[1]ਫੈਲੇਗਾ ਤੇ ਸਦਾ ਰਹੇਗਾ।
ਸੁਨਿ ਬ੍ਰਿਧ ਨੇ ਸਭਿ ਬਿਖੈ ਸੁਨਾਯੋ।
'ਸ਼੍ਰੀ ਅੰਮ੍ਰਿਤਸਰ ਪ੍ਰਥਮ ਬਸਾਯੋ ॥੪੪॥
ਰਾਵਰ ਕੇਰ ਪਿਤਾਮਾ ਜੋਈ।
ਜਿਸ ਕੋ ਜਸੁ ਗਾਵਤਿ ਸਭਿ ਕੋਈ।
ਸ਼੍ਰੀ ਅਰਜਨ ਤੁਮ ਪਿਤਾ ਸੁਜਾਨਾ।
ਤਿਨਹੁ ਨਾਮ[1] ਪਰ ਨਾਮ ਬਖਾਨਾ ॥੪੫॥
[1]ਭਾਵ ਸ਼੍ਰੀ ਗੁਰੂ ਰਾਮ ਦਾਸ ਜੀ ਦੇ।
ਰਾਮਦਾਸ ਪੁਰਿ ਨਾਮ ਧਰਜੋ ਹੈ।
ਗੁਰੂ ਗ੍ਰੰਥ ਮਹਿੰ ਲਿਖਨ ਕਰਜੋ ਹੈ।
ਬਿਦਤਿ ਜਗਤ ਮਹਿੰ ਜਾਨਹਿੰ ਸਾਰੇ।
ਕਰਜੋ ਆਪ ਨੇ ਤਿਸੀ ਪ੍ਰਕਾਰੇ ॥੪੬॥
ਤਿਸੀ ਰੀਤਿ ਹੀ ਹੁਇ ਅਭਿਰਾਮੂ।
-ਸ਼੍ਰੀ ਹਰਿਗੋਵਿੰਦ ਪੁਰਿ- ਸ਼ੁਭ ਨਾਮੂ।
ਸ਼੍ਰੀ ਨਾਨਕ ਰਚਿ ਪੁਰਿ ਕਰਤਾਰਾ।
ਬਿਬ ਗੁਰੁ[1] ਕਰੀ ਖਡੂਰ ਉਦਾਰਾ ॥੪੭॥
[1]ਦੂਜੇ ਗੁਰੂ ਜੀ ਨੇ।
ਗੋਇੰਦਵਾਲ ਬਸਾਯਹੁ ਤੀਜੇ।
ਰਾਮਦਾਸ ਪੁਰਿ ਚਤੁਰਥ ਥੀਜੇ।
ਸ਼੍ਰੀ ਕਰਤਾਰਪੁਰਾ ਵਿਚ ਦੂਾਬੇ।
ਸ਼੍ਰੀ ਗੁਰੁ ਅਰਜਨ ਕੀਨਿ ਅਜਾਬੇ[1] ॥੪੮॥
[1]ਅਣੋਖਾ।
ਸ਼੍ਰੀ ਹਰਿ ਗੋਵਿੰਦ ਪੁਰਿ ਤੁਮ ਕੀਨੋ।
ਮੈਂ ਨਿਜ ਮਨ ਮਹਿੰ ਇਸ ਬਿਧਿ ਚੀਨੋ।'
ਸੁਨਿ ਗੁਰੁ ਆਦਿ ਸਭਾ ਜੇ ਸਾਰੀ।
ਬ੍ਰਿਧ ਕੋ 'ਧੰਨਹਿ ਧੰਨ' ਉਚਾਰੀ ॥੪੯॥
ਸਭਿ ਮਹਿੰ ਪ੍ਰਗਟ ਨਾਮ ਤਬਿ ਹੋਵਾ।
ਸਗਰੇ ਅਨੰਦ ਧਾਰਿ ਕਰਿ ਜੋਵਾ।
ਇਮ ਸਤਿਗੁਰੁ ਪੁਰਿ ਨਾਮ ਧਰਾਯੋ।
ਅਬਿ ਲੌਂ ਸਗਰੇ ਜਗ ਪ੍ਰਗਟਾਯੋ ॥੫੦॥
ਖਾਸ ਮਹਿਲ ਗੁਰੁ ਕੇ ਬਰ ਚਿਨੇ।
ਬ੍ਰਿੰਦ ਖਚੇ ਨਗ ਕੰਚਨ ਸਨੇ।
ਰੁਚਿਰ ਰੀਤਿ ਕੇ ਦਰ ਰਖਵਾਏ।

ਜਿਸ ਕੋ ਦੇਖਤਿ ਦੇਵ ਲੁਭਾਏ ॥੫੧॥
ਇਮ ਕੇਤਿਕ ਦਿਨ ਕਰੇ ਗੁਜ਼ਾਰਨਿ।
ਸਿੱਖ ਅਨੇਕੈਂ ਕਰਤਿ ਉਧਾਰਨਿ।
ਜਹਿਂ ਕਹਿਂ ਜਗ ਮਹਿਂ ਜਸੁ ਬਹੁ ਫੈਲਾ।
ਜਿਸ ਆਗੈ ਨਿਸਪਤਿ ਲਗਿ ਮੈਲਾ[1] [1]ਚੰਦ੍ਰਮਾ ਬੀ ਮੈਲਾ ਲਗਦਾ ਹੈ।
॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਭਾਈ ਬ੍ਰਿੱਧ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾਰਿੰਸਤੀ ਅੰਸੂ ॥੪੭॥

੪੮. [ਖ੍ਵਾਜਾ ਤੇ ਜਾਨੀ ਸੱਯਦ, ਨੰਦ ਲਾਲ 'ਸੋਹਣਾ']

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਸ੍ਰੀ ਗੁਰੁ ਹਰਿਗੋਵਿੰਦ ਜੀ, ਬੀਰ ਧੀਰ ਗੰਭੀਰ।
ਦਾਸਨ ਕਰਹਿਂ ਨਿਹਾਲ ਗਨ, ਜੋ ਸੇਵਤਿ ਹੁਇ ਤੀਰ ॥੧॥

ਚੌਪਈ:

ਇਕ ਕਸ਼ਮੀਰੀ ਖ੍ਵਾਜਾ ਨਾਮ।
ਪੂਰਬ ਭਾਗ ਜਗੇ ਅਭਿਰਾਮ।
ਨਿਤ ਸਤਿਗੁਰ ਕੀ ਸੇਵਾ ਗਹੀ।
ਸਾਵਧਾਨ ਸਦ ਆਲਸ ਨਹੀਂ ॥੨॥
ਸ੍ਰੀ ਹਰਿਗੋਵਿੰਦ ਕੇਰਿ ਤੁਰੰਗ।
ਮਲਹਿ ਸੁਧਾਰਹਿ ਸਗਰੇ ਅੰਗ।
ਜਬਿ ਅਰੂਢ ਕਰਿ ਪੰਥ ਪਧਾਰਹਿਂ।
ਆਗੈ ਅਸੁ ਕੇ ਸਦਾ ਸਿਧਾਰਹਿ ॥੩॥
ਇਕ ਸਰੂਪ ਸੋਂ ਚਿਤ ਬਿਰਮਾਯੋ।
ਕਹਨਿ ਸੁਨਨਿ ਕਿਹ ਸੰਗ ਨ ਭਾਯੋ।
ਰਹੇ ਇਕਾਂਕੀ ਮੇਲਿ ਨ ਠਾਨਿ[1]।
[1]ਇਕੱਲਾ ਰਹਿੰਦਾ ਤੇ (ਕਿਸੇ ਨਾਲ) ਮੇਲ ਨਹੀਂ ਰੱਖਦਾ ਸੀ।
ਗੁਰੁ ਸੇਵਾ ਮਹਿਂ ਰਹਿ ਸਵਧਾਨ ॥੪॥
ਕ੍ਰਿਪਾ ਦ੍ਰਿਸ਼ਟਿ ਇਕ ਦਿਨ ਪਿਖਿ ਧਾਰੀ।
ਦੌਰਜੋ ਗਮਨਤਿ ਤੁਰੰਗ ਅਗਾਰੀ।
ਸ੍ਵੇਦ[1] ਅੰਗ ਤੇ ਚਲਹਿ ਬਿਸਾਲਾ।
[1]ਮੁੜ੍ਹਕਾ।
ਤਨ ਕੋ ਸ਼੍ਰਮ[1] ਨ ਪਿਖਹਿ ਤਿਸ ਕਾਲਾ ॥੫॥
[1]ਥਕਾਨ।
ਇਕ ਸੇਵਾ ਕੇ ਤਤਪਰ ਹੋਵਾ।
ਸੁਖ ਦੁਖ ਆਦਿ ਦੁੰਦ[1] ਸਮ[2] ਜੋਵਾ।
[1]ਭਾਵ ਦ੍ਵੰਦਾਂ ਦੇ ਜੋੜੇ-ਯਥਾ, ਹਰਖ ਸ਼ੋਕ, ਦੁਖ ਸੁਖ। [2]ਇਕ ਬਰੋਬਰ।
ਉਤਰਿ ਗੁਰੂ ਨੇ ਨਿਕਟਿ ਹਕਾਰਾ।
'ਕਹੁ ਕਜਾ ਇੱਛਾ ਰਿਦੇ ਮਝਾਰਾ?' ॥੬॥
ਸੁਨਿ ਕਰਿ ਹਾਥ ਜੋਰਿ ਬਚ ਭਾਖਾ।

'ਇਕ ਰਾਵਰਿ ਦਰਸ਼ਨ ਅਭਿਲਾਖਾ।
ਅਪਰ ਚਾਹਿ ਨਹਿਂ ਮੇਰੇ ਕੋਈ।
ਸਦਾ ਸਮੀਪੀ ਤੁਮਰੇ ਹੋਈ ॥੭॥
ਸੇਵਾ ਕਰਤਿ ਰਹੋਂ ਨਿਸ਼ਕਾਮਾ।
ਪਿਖੌਂ ਬਦਨ ਰਾਵਰਿ ਸੁਖ ਧਾਮਾ।'
ਸੁਨਤਿ ਪ੍ਰਸੀਦੇ ਕ੍ਰਿਪਾ ਨਿਧਾਨਾ।
'ਭਯੋ ਨਿਹਾਲ' ਸੁ ਬਾਕ ਬਖਾਨਾ ॥੮॥
ਤਿਸ ਦਿਨ ਤੇ ਪ੍ਰਸੰਨ ਮਨ ਰਹੈ।
ਕਿਹ ਸੋਂ, ਕੈਸੇ ਕਬਹੁਂ ਨ ਕਹੈ।
ਇਕ ਸੱਯਦ ਜਾਨੀ ਜਿਸ ਨਾਮੂ।
ਬੇਖ ਫਕੀਰ ਭਯੋ ਤਜਿ ਧਾਮੂ[1] ॥੯॥
ਖੋਜਹਿ ਮਗ ਜਿਮ ਹੁਇ ਕੱਲਜਾਨ।
ਨਿਸ ਦਿਨ ਚਹਤਿ ਫਿਰਜੋ ਬਹੁ ਥਾਨ।
ਹਿੰਦੁ ਤੁਰਕ ਬਹੁ ਬਿਧਿ ਸੋਂ ਖੋਜੇ।
ਪੰਚ ਨਿਵਾਜ ਕਰਹਿ ਸਭਿ ਰੋਜੇ ॥੧੦॥
ਜ਼ੁਹਦ ਕਰਤਿ[1], ਖੋਜਤਿ ਬਹੁ ਥਾਈਂ।
ਕਛੂ ਨ ਮੌਲਾ ਕੀ ਸੁਧਿ ਪਾਈ।
ਕਿਤੇ ਫਕੀਰ ਤੁਰਕ ਕੀ ਸੇਵਾ।
ਹਿੰਦੂ ਸਾਧਨਿ ਤੇ ਚਹਿ ਭੇਵਾ ॥੧੧॥
ਕਹੂੰ ਨ ਹੋਈ ਪੂਰਨ ਆਸ਼ਾ।
ਖੋਜਤਿ ਫਿਰਤਿ ਮਨੋ ਮ੍ਰਿਗ ਪਜਾਸਾ।
ਪੂਰਨ ਸੰਤ ਮਿਲਜੋ ਨਹਿਂ ਕੋਈ।
ਪ੍ਰਭੁ ਕੋ ਪੰਥੁ ਦਿਖਾਵਹਿ ਜੋਈ ॥੧੨॥
ਅਤਿ ਬਜਾਕੁਲ ਚਿਤ ਬਹੁ ਦੁਖ ਪਾਵਾ।
ਕਿਸ ਕਰੁਨਾ ਕਰਿ ਤਾਂਹਿ ਬਤਾਵਾ।
'ਸ਼੍ਰੀ ਨਾਨਕ ਕੀ ਗਾਦੀ ਮਹਾਂ।
ਸਿੱਖੀ ਪਸਰੀ ਜਗ ਜਹਿਂ ਕਹਾਂ ॥੧੩॥
ਤਿਨ ਕੇ ਸੇਵਕ ਸਭਿ ਕਿਛੁ ਪਾਯੋ।
ਪ੍ਰਭੁ ਮਿਲਿਬੇ ਕੋ ਪੰਥ ਬਤਾਯੋ।
ਸਿੱਧਾਂ ਜਿਨਹੁ ਅਗਾਰੀ ਖਰੀ।
ਅੰਗੀਕਾਰ ਨ ਤਿਨ ਜਨ ਕਰੀ[1] ॥੧੪॥
ਅਬਿ ਸ਼੍ਰੀ ਹਰਿ ਗੋਵਿੰਦ ਬਡ ਜੋਧਾ।

[1]ਘਰ ਛਡ ਫਕੀਰੀ ਵੇਸ਼ ਵਿੱਚ ਹੋ ਗਿਆ।

[1]ਤਪ ਕਰਦਾ।

[1]ਤਿੰਨ੍ਹਾਂ ਦੇ ਦਾਸਾਂ ਨੇ ਵੀ ਅੰਗੀਕਾਰ ਨਹੀਂ ਕੀਤੀਆਂ।

ਬਧਜੋ ਸ਼ਾਹੁ ਘਰ ਸੰਗ ਬਿਰੋਧਾ।
ਸੋ ਅੰਤਰਜਾਮੀ ਗੁਰ ਪੂਰਾ।
ਮਿਲਿ ਸੇਵਹਿ ਪ੍ਰਾਪਤਿ ਮਗ ਰੂਰਾ ॥੧੫॥
ਮਹਾਂ ਕ੍ਰਿਪਾਲ ਮਨਿੰਦ ਖੁਦਾਇ।
ਜਿਮ ਚਾਹਤਿ ਤਿਮ ਲੇਤਿ ਬਨਾਇ।
ਦਾਸ ਨਿਹਾਲ ਕਰਹਿ ਤਤਕਾਲੂ।
ਸ਼ਰਧਾ ਪ੍ਰੇਮ ਬਿਲੋਕਿ ਬਿਸਾਲੂ' ॥੧੬॥
ਸੁਨਿ ਜਸੁ ਕੋ ਮਨ ਮਹਿਂ ਹਰਖਾਯੋ।
ਖੋਜਤਿ ਪਾਰਸ ਮਨਹੁਂ ਬਤਾਯੋ।
ਚਲਿ ਆਯਹੁ ਉਤਲਾਵਤਿ ਸੋਊ।
ਚਿਤ ਮਹਿਂ ਚਿਤਵਤਿ -ਕਿਸ ਬਿਧਿ ਜੋਊ[1]- ॥੧੭॥
ਸੰਕਤਿ[1] ਆਇ ਸੁ ਖ੍ਵਾਜੇ ਮਿਲਜੋ।
ਜੋ ਗੁਰੁ ਪ੍ਰੇਮ ਬਿਖੈ ਢੁਲਿ ਰਲਜੋ[1]।
ਸਗਰੀ ਅਪਨੀ ਬ੍ਰਿਥਾ ਸੁਨਾਈ।
'ਮੈਂ ਖੋਜਤਿ ਨੇ ਬੈਸ ਬਿਤਾਈ ॥੧੮॥
ਤੂੰ ਮਮ ਮੇਲੀ ਤੁਰਕ ਸਰੀਰ।
ਗੁਰੁ ਕੋ ਭੇਵ ਬਤਾਵਹੁ, ਬੀਰ[1] !
ਕਿਮ ਪ੍ਰਸੰਨ ਹੁਇ ਕਰੁਨਾ ਧਾਰੈਂ।
ਮੋਹਿ ਦੀਨ ਕੋ ਪੰਥ ਦਿਖਾਰੈਂ ॥੧੯॥
ਤਬਿ ਖ੍ਵਾਜੇ ਨੇ ਸਭਿ ਬਿਧਿ ਕਹੀ।
'ਇਨ ਸਮ ਅਪਰ ਨਹੀਂ ਮਹਿ ਮਹੀ[1]।
ਗੁਰੁ ਸਮਰਥ ਸਭਿ ਅੰਤਰਜਾਮੀ।
ਪ੍ਰੇਮ ਪਿਖਹਿਂ ਦਾਸਨਿ ਕੋ ਸ੍ਵਾਮੀ ॥੨੦॥
ਕਰਹਿਂ ਉਧਾਰਨਿ ਬਿਲਮ ਨ ਲਾਵੈਂ।
ਜਿਸ ਦਿਨ ਕਰੁਨਾ ਰਸ ਢਲਿ ਆਵੈਂ।
ਸ਼੍ਰੀ ਸਤਿਗੁਰੁ ਕੇ ਦ੍ਵਾਰੇ ਬਹੋ।
ਕਿਸ ਤੇ ਸੁਨਹੁਂ ਨ ਕਿਹ ਸੋਂ ਕਹੋ ॥੨੧॥
ਰਿਦੇ ਅਰਾਧਹੁ ਤੂਸ਼ਨਿ ਠਾਨੋ।
ਨਿਜ ਪ੍ਰਸੰਗ ਕਿਹ ਸੋਂ ਨ ਬਖਾਨੋ।
ਜਬਿ ਜਾਨਹਿਂ ਤੇਰੋ ਅਹਿਵਾਲ।

[1]ਕਿਵੇਂ ਦਰਸ਼ਨ ਕਰਾਂ।
[1]ਸੰਕੁਚਦਾ।
[1]ਪਸੀਜ ਕੇ ਇਕ ਮਿਕ ਹੋ ਰਿਹਾ ਸੀ।
[1]ਹੇ ਭਾਈ।
[1]ਪ੍ਰਿਥਵੀ ਵਿਖੇ।

ਕਸਹਿਂ ਕਸੌਟੀ, ਰਹੋ ਸੰਭਾਲ ॥੨੨॥
ਦਏ ਤਾਉ ਤੇ ਉਤਰਹਿਂ ਪੂਰਾ।
ਕ੍ਰਿਪਾ ਕਰਹਿਂ ਹੁਇ ਤਵ ਉਰ ਰੂਰਾ।
ਜਿਮ ਕੰਚਨ ਕੋ ਆਗਾਂ ਦੇਤਾ[1]†।

[1]ਜਿਵੇਂ (ਸੁਨਿਆਰਾ) ਸੋਨੇ ਨੂੰ ਅੱਗਾਂ ਦੇਂਦਾ ਹੈ। †ਦੋ ਲਿਖਤੀ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਹਨ ਤੇ ਚੌਪਈ ਦੇ ਦੋ ਹੀ ਚਰਨ ਦਿੱਤੇ ਹਨ। ਇਕ ਲਿਖਤੀ ਨੁਸਖੇ ਵਿਚ ਇਸਦੀ ਥਾਵੇਂ ਇਹ ਪਾਠ ਹੈ:-ਅੰਤਰਜਾਮੀ ਲਖਿ ਮਨ ਮਾਂਹੀ। ਕਰਹੁ ਸੇਵ ਮਨ ਅਹੰ ਤਜਾਹੀ।

ਖੋਟ ਨਿਕਾਰਿ ਸੁਧ ਕਰਿ ਲੇਤਾ* ॥੨੩॥
ਭਲੀ ਪ੍ਰਕਾਰ ਲੇਹਿਂ ਜਬਿ ਸੋਧੇ।
ਤਬਿ ਖੁਦਾਇ ਮਗ ਤੋਹਿ ਪ੍ਰਬੋਧੇਂ।
ਸਫਲਹਿ ਕਹਨਿ ਇਨਹੁ ਤਤਕਾਲੂ?
ਸੁਨਹਿ ਪੀਰ ਜੀ! ਹੋਹਿਂ ਨਿਹਾਲੂ’ ॥੨੪॥
ਸੁਨਿ ਜਾਨੀ ਸੱਯਦ ਅਸ ਗਾਥਾ।
ਮਨ ਕਰਿ ਤਹੀਂ ਨਿਵਾਇਸਿ ਮਾਥਾ।
ਭਯੋ ਸਥਿਰ ਗੁਰਦ੍ਵਾਰ ਅਗਾਰੀ।
ਭੂਖ ਪਿਪਾਸਾ ਸਹਿ ਦੁਖ ਬਾਰੀ ॥੨੫॥
ਸ਼੍ਰੀ ਗੁਰੁ ਕੋ ਹੇਰਹਿ ਜਿਸ ਸਮੋ।
ਮਹਾਂ ਦੀਨ ਹੁਇ ਧਾਰਤਿ ਨਮੋ।
ਅਪਰ ਕਛੂ ਕਿਮ ਸੁਨਹਿ ਨ ਕਹੈ।
ਆਤਪ ਛਾਂਵ ਦਿਵਸ ਨਿਸ ਸਹੈ ॥੨੬॥
ਨੀਚ ਗ੍ਰੀਵ ਬੈਠਯੋ ਇਕ ਥਾਨ।
ਮਨ ਮਹਿਂ ਰਾਖਹਿ ਸਤਿਗੁਰੁ ਧ੍ਯਾਨ।
ਕਿਤਿਕ ਦਿਵਸ ਮਹਿਂ ਕਹ੍ਯੋ ਗੁਸਾਈਂ।
‘ਇਹ ਕੋ ਬੈਠ੍ਯੋ? ਬੂਝਹੁ ਜਾਈ’ ॥੨੭॥
ਪਠ੍ਯੋ ਸਿੱਖ, ਇਮ ਪੂਛ ਪਠਾਯਹੁ[1]।
‘-ਕੌਨ ਅਰਥ ਧੂੰਆ ਤੁਮ ਪਾਯਹੁ[1]?

[1]ਸਿੱਖ ਨੂੰ ਭੇਜਿਆ (ਤੇ ਉਸ ਹੱਥੀਂ) ਇਉਂ ਪੁਛ ਭੇਜਿਆ।

[1]ਕਿਸ ਮਤਲਬ ਲਈ ਧੂੰਆਂ ਪਾ ਬੈਠਾ ਹੈਂ, ਭਾਵ ਦ੍ਰਿੜ ਹੋਕੇ ਬੈਠਾ ਹੈਂ।

ਬਸਤ੍ਰ ਦਰਬ ਤੇ ਆਦਿਕ ਆਨ[1]।

[1]ਹੋਰ।

ਸੋ ਮੁਖ ਤੇ ਪ੍ਰਾਰਥਨਾ ਠਾਨਿ ॥੨੮॥
ਕਹਿ ਗੁਰੁ ਘਰ ਤੇ ਲੀਜਹਿ ਪਾਇ।
ਕਰਿ ਕਾਰਜ ਕੋ ਸਦਨ ਸਿਦਾਇ-।’

ਗਯੋ ਸਿੱਖ ਨੇ ਸਰਬ ਸੁਨਾਈ।
'ਨਿਜ ਅਭਿਲਾਖਾ ਦੇਹੁ ਜਨਾਈ ॥੨੯॥
ਸਤਿਗੁਰੁ ਕੈ ਪਰਵਾਹ ਨ ਕੋਈ।
ਤੋਹਿ ਭਾਗ ਮਹਿਂ ਪਰਾਪਤਿ ਸੋਈ।'
ਸੁਨੀ ਸਿੱਖ ਤੇ ਸੱਯਦ ਜਾਨੀ[1]।
[1]'ਜਾਨੀ' ਨਾਮ ਹੈ ਸੱਯਦ ਦਾ।
ਹੋਇ ਨੰਮ੍ਰਿ ਕਰ ਜੋਰਿ ਬਖਾਨੀ ॥੩੦॥
'ਨੱਸ੍ਵਰ[1] ਅਹੈਂ ਪਦਾਰਥ ਸਾਰੇ।
[1]ਨਾਸ਼ ਹੋਣ ਵਾਲੇ।
ਤਿਨ ਕੇ ਲੋਭ ਨ ਰਿਦੇ ਹਮਾਰੇ।
ਮੈਂ ਤਾਲਿਬ ਮੌਲਾ[1] ਕੋ ਏਕ।
[1]ਰੱਬ ਦਾ ਜੱਗਜਾਸੂ।
ਦੇਹਿਂ ਕ੍ਰਿਪਾ ਕਰਿ ਜਲਧਿ ਬਿਬੇਕ' ॥੩੧॥
ਸਿੱਖਨਿ ਸੁਨਿ ਕੈ ਜਾਇ ਸੁਨਾਈ।
ਕਰੀ ਮੌਨ ਤਬਿ ਗੁਰੁ ਗੋਸਾਈਂ।
ਕਿਤਿਕ ਕਾਲ ਮਹਿਂ ਆਗਜਾ ਦੀਨਿ।
'ਕਰਹੁ ਓਟ ਇਸ ਦਿਸ਼ਿ ਤੇ ਚੀਨ ॥੩੨॥
ਭੀਤ[1] ਉਚੇਰੀ ਦਿਹੁ ਚਿਨਵਾਈ।
[1]ਕੰਧ।
ਆਵਤਿ ਜਾਤਿ ਨਹੀਂ ਦਰਸਾਈ[1]।'
[1]ਕੋਈ) ਆਉਂਦਾ ਜਾਂਦਾ ਨਾ ਦਿੱਸੇ ਸੁ।
ਤਬਿ ਸੁਨਿ ਸਿੱਖਨਿ ਤੈਸੇ ਕੀਨਸਿ।
ਤਿਸ ਕੇ ਅੱਗ੍ਰ ਚਿਨਾਇ ਸੁ ਦੀਨਸਿ ॥੩੩॥
ਜਾਨੀ ਬੈਠਿ ਰਹਯੋ ਗਹਿ ਸੇਵਾ।
ਦਰਸ ਨਹੀਂ ਹ੍ਵੈ ਤਬਿ ਗੁਰੁਦੇਵਾ।
ਨਿਸ ਦਿਨ ਨਾਮ ਗੁਰੂ ਕੋ ਜਪੈ।
ਆਤਪ, ਛੁਧਾ ਆਦਿ ਤੇ ਤਪੈ ॥੩੪॥
ਮਨ ਮਹਿਂ ਪ੍ਰੇਮ ਬ੍ਰਿਧਾਇ ਬਿਸਾਲਾ।
ਧਰਹਿ ਧਯਾਨ ਇਸਥਿਰ ਸਭਿ ਕਾਲਾ।
ਗੁਰੁ ਕੋ ਸੇਵਕ ਖ੍ਵਾਜਾ ਜੋਈ।
ਕੁਛ ਸੁਧਿ ਖਾਨ ਪਾਨ ਲੇ ਸੋਈ ॥੩੫॥
ਜਾਨੀ[1] ਕੋ ਇਕ ਜਾਨਾ ਬਿਨਾ[2]।
[1]ਨਾਮ ਹੈ ਸੱਯਦ ਦਾ। [2]ਪਿਆਰ ਬਿਨਾ [ਫਾ. ਜਾਨਾਂ = ਪਿਆਰਾ]
ਕਛੁ ਨ ਸੁਹਾਵਤਿ ਉਰ ਇਕ ਛਿਨਾ[1]।
[1]ਛਿਨ ਮਾਤ੍ਰ।

ਭਯੋ ਪ੍ਰੇਮ ਤੇ ਚਿਤ ਮਸਤਾਨਾ।
ਦਿਨ ਪ੍ਰਤਿ ਬ੍ਰਧਤੋ ਜਾਤਿ ਮਹਾਨਾ ॥੩੬॥
ਗੁਰੁ ਪਜਾਰੇ ਕੀ ਲਾਗੀ ਲਗਨ।
ਸਕਲ ਕਾਲ ਮਹਿਂ ਪ੍ਰੀਤਿ ਨਿਮਗਨ[1]।
ਦਰਸ਼ਨ ਬਿਨਾ ਦਰਸ ਕਰਿ ਨੀਤ[1]।
ਬਿਨਾਂ ਸੁਨਾਇ ਸੁ ਸੁਨਤੋ ਚੀਤ ॥੩੭॥
ਬਿਨ ਅਹਾਰ ਤੇ ਤ੍ਰਿਪਤਯੋ ਰਹੇ।
ਮਨ ਮਹਿਂ ਮਸਤ ਮੌਨ ਸੁਖ ਲਹੇ।
ਇਸ ਪ੍ਰਕਾਰ ਬੀਤਯੋ ਚਿਰ ਕਾਲ।
ਸ਼੍ਰੀ ਸਤਿਗੁਰ ਨਹਿਂ ਕਰੀ ਸੰਭਾਲ ॥੩੮॥
ਤਿਸ ਉਰ ਪ੍ਰੀਤਿ ਘਟੀ ਨਹਿਂ ਕਯੋਂ ਹੂੰ।
ਦਿਨ ਪ੍ਰਤਿ ਵਧਤਿ ਜਾਤਿ ਸੁਖ[1] ਤਯੋਂ ਹੂੰ।
ਦਰਸ਼ਨ ਕੀ ਅਭਿਲਾਖ ਬਿਸਾਲਾ।
-ਕਰਹਿਂ ਕ੍ਰਿਪਾ ਸਤਿਗੁਰੁ ਕਿਸ ਕਾਲਾ? ॥੩੯॥
ਇਕ ਦਿਨ ਬੈਠੇ ਸਭਾ ਮਝਾਰਾ।
ਤਬਿ ਸਿੱਖਨਿ ਕਰ ਜੋਰਿ ਉਚਾਰਾ।
'ਬਡ ਸੇਵਾ ਮਹਿਂ ਸੱਯਦ ਜਾਨੀ।
ਗੁਰ ਦਰਸ਼ਨ ਮਨ ਪ੍ਰੀਤੀ ਠਾਨੀ' ॥੪੦॥
ਸਹਜ ਸੁਭਾਇਕ ਸੁਨਿ ਗੁਰ ਕਹਯੋ।
'-ਜੇ ਕਰਿ ਦਿਢ ਹਠ ਐਸੇ ਗਹਯੋ।
ਤੌਂ ਅਬਿ ਜਾਇ ਡੁਬਹੁ ਦਰਿਆਉ-।
ਹਮ ਢਿਗ ਤੇ ਤਿਹ ਦੇਹੁ ਸੁਨਾਉ' ॥੪੧॥
ਇਕ ਸਿਖ ਨੇ ਤਿਹ ਜਾਇ ਸੁਨਾਵਾ।
'ਹੁਕਮ ਗੁਰੂ ਨੇ ਇਮ ਫੁਰਮਾਵਾ।'
ਜਾਨੀ ਸੁਨਿ ਹਰਖਯੋ ਅਸ ਬਚ ਕੋ।
'ਕਹਿਓ ਅਹੈ ਮੋਹਿ ਪ੍ਰਤਿ ਸਚੁ ਕੋ' ॥੪੨॥
ਦੌਰਯੋ ਜਾਇ ਨਦੀ ਮਹਿਂ ਪਰਯੋ।

[1]ਮਸਤ।
[1]ਬਾਹਰਲੇ) ਦਰਸ਼ਨ ਬਿਨਾਂ (ਅੰਤਰ ਆਤਮੇ) ਦਰਸ਼ਨ ਕਰਦਾ ਹੈ ਹਮੇਸ਼ਾਂ।
[1]ਅੰਦਰ ਦਾ ਸੁਖ।

ਤੂਰਨ ਸਿਖ ਗੁਰੁ ਪਠਵਨਿ ਕਰਜੋ।
ਡੂਬਤਿ ਜਾਨੀ ਵਹਿਰ ਨਿਕਾਸਾ।
ਆਨਿ ਬਿਠਾਇ ਦੀਨਿ ਥਲ ਤਾਸਾ[1] ॥੪੩॥ [1]ਤਿਸੇ ਹੀ ਥਾਂ।
ਬਹੁਰ ਸਿੱਖਜ ਬਹੁ ਕਰਹਿਂ ਸਪਾਰਸ਼।
'ਤੁਮਰੀ ਆਗਜਾ ਮਹਿਂ ਬਿਨ ਆਰਸ[1]। [1]ਬਿਨਾਂ ਆਲਸ।
ਉਠੈ ਨਹੀਂ ਤਿਸ ਥਲ ਮਹਿਂ ਜੈ ਹੈ।
ਨਾਤੁਰ ਰਾਵਰਿ ਦਰਸ਼ਨ ਪੈ ਹੈ' ॥੪੪॥
ਕਸਜੋ ਕਸੌਟੀ ਸ਼੍ਰੀ ਗੁਰੁ ਦੇਖਾ।
ਜਾਨੀ ਜਾਨਾ ਪ੍ਰੇਮ ਵਿਸ਼ੇਖਾ[1]। [1]ਜਾਨੀ ਦਾ ਜਾਣਿਆਂ ਬਹੁਤਾ ਪ੍ਰੇਮ।
ਪੁਨ ਕਹਿ ਪਠਜੋ 'ਰਿੱਧ ਸਿੱਧ ਲੇਹੂ।
ਜਿਮ ਚਾਹਹੁ ਤਿਮ ਕਿਸ ਕਰਿ ਦੇਹੂ[1]' ॥੪੫॥ [1]ਰਿਧਿ ਸਿੱਧਿ ਲੈ ਲੈ (ਜਿਨ੍ਹਾਂ ਨਾਲ) ਜੋ ਜਿਸਨੂੰ ਚਾਹੋਂ ਸੋ ਕਰ ਦੇਵੇਂਗਾ।
ਕਹਿ ਜਾਨੀ 'ਇਕ ਜਾਨਾਂ[1] ਬਿਨਾਂ। [1]ਪਿਆਰੇ।
ਅਪਰ ਨ ਜਾਨੋਂ ਕੁਛ ਹੁਇ ਘਨਾ।'
ਜਬਿ ਇਨ ਕੋ ਭੀ ਤਜਾਗ ਬਖਾਨਾ।
ਦਰਸ਼ਨ ਲਾਗੀ ਪ੍ਰੀਤਿ ਮਹਾਨਾ ॥੪੬॥
ਤਬਿ ਜਾਨੀ ਕੋ ਨਿਕਟਿ ਬੁਲਾਇਵ।
ਦੇ ਦਰਸ਼ਨ ਪ੍ਰਭੁ ਪੰਥ ਬਤਾਇਵ।
ਸੁਨਤਿ ਸਮਾਯਹੁ ਪਰਮਾਨੰਦ।
ਪਰਜੋ ਚਰਨ ਪਰ ਕਰ ਜੁਗ ਬੰਦਿ ॥੪੭॥
ਤਬਿ ਅੰਤਰ ਗਤਿ ਲਗੀ ਸਮਾਧਿ।
ਮਿਟ ਗਈ ਬਜਾਧ ਰੁ ਆਧਿ ਉਪਾਧਿ।
ਤਬਿ ਖ੍ਵਾਜਾ ਸਤਿਗੁਰੁ ਬੁਲਵਾਯੋ।
ਦੋਨਹੁੰ ਪ੍ਰਤਿ ਅਸ ਹੁਕਮ ਅਲਾਯੋ ॥੪੮॥
'ਪੂਰੀ ਪਰੀ ਤੁਮਾਰੀ ਸੇਵਾ।
ਕਰੇ ਪ੍ਰਸੰਨ ਭਲੇ ਗੁਰੁਦੇਵਾ।
ਅਬਿ ਕਿਸ ਥਲ ਹੁਇ ਰਹੋ ਇਕੰਤ।
ਜਿਸ ਰਹਿਨੀ ਮਹਿਂ ਸੰਤ ਮਹੰਤ' ॥੪੯॥

ਮਾਨਜੋ ਬਾਕ 'ਕਰਹਿਂ ਹਮ ਐਸੇ।'
ਰਹੇ ਕਿਤਿਕ ਦਿਨ ਪੂਰਬ ਜੈਸੇ।
ਟਹਿਲ ਕਰਹਿਂ ਨਿਜ ਹਾਥਨਿ ਸਾਥ।
ਚਰਨ ਸਪਰਸਹਿਂ ਸ਼੍ਰੀ ਗੁਰੁ ਨਾਥ ॥੫੦॥
ਬੇਪਰਵਾਹ ਮਗਨ ਮਨ ਰਹੈਂ।
ਗੁਰੁ ਸ਼ਰਧਾ ਕੋ ਉਰ ਨਿਰਬਹੈਂ।
ਮਨ ਸੰਕਲਪ ਸੁ ਜਥਾ ਉਠਾਇ।
ਨੰਦ ਲਾਲ ਤਿਨ ਕੇ ਢਿਗ ਆਇ[1] ॥੫੧॥

[1]ਜਸੋਂ ਹੀ ਕਿ ਮਨ ਵਿਚ ਸੰਕਲਪ ਉਠਾਇਆ, (ਕਿ ਕੋਈ ਅਪਣੇ ਥਾਂ ਗੁਰੂ ਸੇਵਾ ਵਿਚ ਛੱਡ ਕੇ ਰਹੀਏ, ਤਦੋਂ ਹੀ ਇਕ) ਨੰਦ ਲਾਲ ਨਾਮੇ ਉਨ੍ਹਾਂ ਪਾਸ ਆ ਗਿਆ।

ਦੋਇਨ ਅਪਨਾ ਚੇਲਾ ਕੀਨਸਿ।
ਪ੍ਰਭੁ ਕੋ ਪੰਥ ਤਾਂਹਿ ਕੋ ਦੀਨਸਿ।
ਕਰਿ ਉਪਦੇਸ਼ ਕਹਜੋ ਤਿਸ ਤਾਈਂ।
'ਸੇਵਾ ਕੀਜਹਿ ਗੁਰੁ ਗੋਸਾਈਂ' ॥੫੨॥
ਨਿਜ ਬਦਲੇ ਮਹਿਂ ਸੇਵਾ ਹੇਤੁ।
ਛੋਰਜੋ ਸੋ ਸਤਿਗੁਰੂ ਨਿਕੇਤ।
ਨੰਦ ਲਾਲ ਕੈ ਪ੍ਰੇਮ ਬਿਸਾਲਾ।
ਗੁਰੁ ਢਿਗ ਕਰਹਿ ਘਾਲਨਾ ਘਾਲਾ ॥੫੩॥
ਸੁੰਦਰ ਤਿਹ ਸਰੂਪ ਗੁਰੁ ਹੇਰਾ।
ਜਿਸ ਕੈ ਮਨ ਅਨੁਰਾਗ ਘਨੇਰਾ।
ਹੋਇ ਪ੍ਰਸੰਨ 'ਸੋਹਿਣਾ' ਨਾਮ।
ਤਿਸ ਕੋ ਭਾਖਤਿ ਭੇ ਸੁਖ ਧਾਮ ॥੫੪॥
ਤਿਸ ਦਿਨ ਤੇ ਪ੍ਰਸਿੱਧ ਸਭਿ ਮਹੀਆ।
ਨਾਮ ਸੋਹਿਣਾ ਜਿਸ ਕਿਸ ਕਹੀਆ।
ਸਤਿਗੁਰੁ ਕੋ ਸੇਵੇ ਨਿਸ਼ਕਾਮ।
ਮਨ ਧਾਵਤਿ ਪਾਯਹੁ ਬਿਸਰਾਮ ॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਖ੍ਵਾਜੇ ਅਤੇ ਜਾਨੀ ਸੱਯਦ ਕੌ' ਪਰਸੰਗ ਬਰਨਨੰ ਨਾਮ ਅਸ਼ਟ ਚੱਤਵਾਰਿੰਸਤੀ ਅੰਸੂ ॥੪੮॥

੪੯. [ਬਾਬਾ ਬੁੱਢਾ ਜੀ ਤੋਂ ਆਦਿ ਸਤਿਗੁਰਾਂ ਦੀ ਮਹਿਮਾਂ ਸੁਣੀ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:
ਸ੍ਰੀ ਗੁਰੂ ਹਰਿ ਗੋਬਿੰਦ ਜੀ,
ਕਰਤਿ ਦਾਸ ਕੱਲਜਾਨ।
ਇਕ ਦਿਨ ਬੈਠੇ ਸਭਾ ਮਹਿਂ,
ਉਡਗਨ ਚੰਦ ਸਮਾਨ ॥੧॥
ਚੌਪਈ:
ਦਰਸ਼ਨ ਕਰਹਿਂ ਸਿੱਖ ਸੁਖ ਪਾਵਹਿਂ।
ਮਹਾਂ ਪ੍ਰੇਮ ਤੇ ਬਲਿ ਬਲਿ ਜਾਵਹਿਂ।
ਸ੍ਰੀ ਹਰਿ ਗੋਵਿੰਦ ਆਨੰਦ ਧਾਰਾ।
ਸਾਹਿਬ ਬੁੱਢੇ ਸਮੁਖ ਨਿਹਾਰਾ ॥੨॥
ਸੁੰਦਰ ਬਾਕ ਬਿਲਾਸ ਬਖਾਨਾ।
'ਹੇ ਭਾਈ! ਤੁਮ ਬੈਸ ਮਹਾਨਾ।
ਸ੍ਰੀ ਨਾਨਕ ਕੀ ਕੀਨੀ ਸੇਵਾ।
ਸੇਵੇ ਸ੍ਰੀ ਅੰਗਦ ਗੁਰਦੇਵਾ ॥੩॥
ਤਿਨ ਕੀ ਜੁਗਤਿ ਅਪਰ ਸ਼ੁਭ ਕਰਨੀ।
ਕਰੀ ਨਿਹਾਰਨਿ ਦੁਰਮਤਿ ਦਰਨੀ[1]। — [1]ਦੁਰਮਤ ਨਾਸ਼ ਕਰਨੇ ਵਾਲਾ।
ਜਥਾ ਚਰਿੱਤ੍ਰ ਕੀਏ ਸ੍ਰੀ ਨਾਨਕ।
ਬਾਕ ਅਮੋਲ ਮਨੋ ਮਨਿ ਮਾਨਕ[1] ॥੪॥ — [1]ਮਨ ਦੇ ਰਤਨ (ਅ) ਮਣੀ ਤੇ ਮਾਣਕ।
ਭੁਕਤਿ ਮੁਕਤਿ ਸਭਿ ਹਾਜ਼ਰ ਜਿਨ ਕੇ।
ਕਰੇ ਕਰਮ ਹੇਰੇ ਤੁਮ ਤਿਨ ਕੇ।
ਸ੍ਰੀ ਅੰਗਦ ਗੁਰ ਅਮਰ ਗੁਸਾਈਂ।
ਸਭਿ ਲੀਲਾ ਜਿਮ ਕੀਨਿ ਸੁਹਾਈ ॥੫॥
ਸੁਖਦ ਕਰੀ ਜਸ ਤੀਨਹੁ[1] ਕਰਨੀ। — [1]ਜਿਵੇਂ ਤਿੰਨਾਂ ਹੀ (ਸਤਿਗੁਰਾਂ) ਨੇ।
ਹਮਹਿਂ ਸੁਨਾਵਹੁ ਤਿਮ ਦੁਖ ਹਰਨੀ।
ਸੁਨੀ ਅਪਰ ਨੇ ਕਿਸ ਤੇ ਕਾਨ[1]। — [1]ਹੋਰ ਤਾਂ (ਕਿਸੇ ਨੇ) ਕਿਸੇ ਤੋਂ ਕੰਨੀਂ ਸੁਣੀ ਹੀ ਹੋਵੇਗੀ।
ਤੁਮ ਬਿਦਮਾਨ ਬਿਲੋਕਨਿ ਠਾਨਿ[1] ॥੬॥ — [1]ਤੇ ਤੁਸਾਂ ਨੇ ਪ੍ਰਤੱਖ੍ਯ ਦੇਖੀ ਹੈ।
ਅਹੋਂ ਪੁਰਾਤਨ ਪਰਮ ਪ੍ਰਬੀਨਾ।
ਗੁਰ ਸਿੱਖੀ ਸ਼ਰਧਾ ਮਨ ਭੀਨਾ।'
ਸ੍ਰੀ ਹਰਿ ਗੋਵਿੰਦ ਕੇ ਬਚ ਸੁਨੇ।
ਮੁਸਕਾਵਤਿ ਬੁੱਢਾ ਬਚ ਭਨੇ ॥੭॥

'ਅੰਤਰਜਾਮੀ ਤੁਮ ਸਭਿ ਜਾਨੋ।
ਭੂਤ ਭਵਿੱਖਤ ਨਾਂਹਿ ਨ ਛਾਨੋ[1]। — [1]ਛਿਪੀ ਹੋਈ ਨਹੀਂ ਹੈ।
ਤੁਮ ਸੂਰਜ ਮੈਂ ਦੀਪ ਸਮਾਨੋ।
ਕਤਾ ਮੈਂ ਕਰੌਂ ਪ੍ਰਕਾਸ਼ ਬਖਾਨੋ ॥ ੮ ॥
ਸਤਿਗੁਰ ਕੇ ਗੁਨ ਮਹਦ ਮਹਾਨੋ।
ਮਮ ਮਤਿ ਲਘੁ ਕੈਸੇ ਤਿਸ ਜਾਨੋ।
ਕਿਮ ਸੁਕਤਾ ਤੇ ਸਿੰਧ ਉਲੀਚੋਂ[1]। — [1]ਸਿਪੀ ਨਾਲ ਸਮੁੰਦ੍ਰ ਕੀਕੂੰ ਝੱਟਿਆ ਜਾਵੇ। [ਉਲੀਚਨਾ = ਝੱਟਨਾ]
ਕਿਮ ਕਰਿ ਛਾਦੌਂ ਭਾਨੁ ਮਰੀਚੋ[1]' ॥ ੯ ॥ — [1]ਸੂਰਜ ਦੀਆਂ ਕਿਰਨਾਂ ਕਿਵੇਂ ਢੱਕੀਆਂ ਜਾਣ।
ਸੁਨਿ ਸਤਿਗੁਰ ਬੋਲੇ 'ਹਮ ਜਾਨੈਂ।
ਜਿਮ ਤੁਮ ਭਾਖਹੁ ਤਥਾ ਪਛਾਨੈਂ।
ਸਭਿ ਕਿਛ ਹਮਰੇ ਗਜਾਤ ਜਦਾਪੀ[1]। — [1]ਭਾਵੇਂ।
ਸੁਨਜੋ ਚਹੈਂ ਤੁਵ ਬਦਨ[1] ਤਦਾਪੀ ॥ ੧੦ ॥ — [1]ਮੂੰਹ ਤੋਂ।
ਸਤਿਗੁਰ ਕੇ ਨਿਤ ਸਨਮੁਖ ਰਹਜੋ।
ਕਰਨੀ ਜੁਗਤਿ ਸੁਭਾਵ ਸੁ ਲਹਜੋ।
ਯਾਂ ਤੇ ਸਭਿ ਹੂੰ ਬਰਨਨ ਕਰੀਐ।
ਹਮਰੇ ਉਰ ਪ੍ਰਸੰਨਤਾ ਧਰੀਐ' ॥ ੧੧ ॥
ਸੁਨਿ ਭਾਈ ਬ੍ਰਿਧ ਪਰਮ ਸਿਆਨਾ।
ਲਗਜੋ ਬਿਚਾਰਨਿ ਕਰਿ ਕਰਿ ਧਜਾਨਾ।
-ਕੋ ਕੋ ਜੁਗਤਿ ਗੁਰੂ ਕੀ ਕਹੌਂ।
ਮੈਂ ਅਜਾਨ ਗਤਿ ਸਭਿ ਕਿਮ ਲਹੌਂ- ॥ ੧੨ ॥
ਇਮ ਚਿਤਵਨ ਕਰਿ ਕਰਿ ਮਤਿ ਮਥਾ[1]। — [1]ਬੁੱਧਿ ਵਿੱਚ ਵਿਚਾਰ ਕੀਤੀ।
ਰਿਦੇ ਪ੍ਰਕਾਸ਼ੀ ਅਦਭੁਤ ਕਥਾ।
ਸ੍ਰੀ ਹਰਿਗੋਵਿੰਦ ਦਿਸ਼ਾ ਨਿਹਾਰਾ।
'ਸੁਨਹ ਗੁਰੂ!' ਇਮ ਬਾਕ ਉਚਾਰਾ ॥ ੧੩ ॥
'ਸ੍ਰੀ ਬਾਬਾ ਨਾਨਕ ਅਵਤਾਰ।
ਸੁਤਹਿ ਪ੍ਰਕਾਸ਼ੀ ਕਰਨੀ ਸਾਰ।
ਜਨਮਤਿ ਹੀ ਅਜ਼ਮਤ ਬਿਦਤਾਈ।
ਸਗਰੇ ਜਗ ਮਹਿਂ ਮਹਿਮਾ ਛਾਈ ॥ ੧੪ ॥
ਮਤਿਮੰਦਨਿ ਕੋ ਪੰਥ ਬਤਾਯੋ।

ਸੰਤਨ ਕੋ ਉਪਦੇਸ਼ ਦ੍ਰਿੜਾਯੋ।
ਮੀਰ, ਪੀਰ ਤੁਰਕਨ ਕੇ ਸਾਰੇ।
ਪਰੇ ਸ਼ਰਨ ਉਰ ਸ਼ਰਧਾ ਧਾਰੇ ॥੧੫॥
ਜੋਗੀ, ਸਿੱਧ, ਨਾਥ, ਬ੍ਰਹਮਚਾਰੀ।
ਤਪੀ, ਦਿਗੰਬਰ[1], ਜੇ ਪਟਧਾਰੀ[2]। [1]ਨਾਂਗੇ ਜੈਨੀ। [2]ਕਪੜੇ ਪਹਿਨਣ ਵਾਲੇ।
ਸੰਨਜਾਸੀ ਆਦਿਕ ਕੋ ਗਨੈ।
ਸਾਧ ਬੇਖ ਬਡ ਲਘੁ ਜੇ ਘਨੇ ॥੧੬॥
ਕਲਜੁਗ ਮਹਿਂ ਤਿਨ ਕੋ ਬਡ ਮਾਨੇ।
ਗੁਰੂ ਸਕਲ ਜਗ ਨੇ ਕਰਿ ਜਾਨੇ।
ਤੀਨ ਲੋਕ ਮਹਿਂ ਬਧਜੋ ਪ੍ਰਤਾਪੇ।
ਸੁਰ ਨਰ ਅਸੁਰ ਸਿੱਖ ਨਿਜ ਥਾਪੇ ॥੧੭॥
ਅਧਿਕ ਦਰਬ ਸਤਿਨਾਮ ਬਟੋਰਾ।
ਜਿਸਹਿ ਅਹੰ ਸਮ ਲਗੈ ਨ ਚੋਰਾ[1]। [1]ਹੰਕਾਰ ਮਮਤਾ ਆਦਿ ਚੋਰ।
ਪ੍ਰੇਮ ਭਗਤਿ ਕੇ ਭਰੇ ਭੰਡਾਰੇ।
ਭਰਿ ਸਤਿਨਾਮ ਖਜ਼ਾਨੇ ਸਾਰੇ ॥੧੮॥
ਸ਼੍ਰੀ ਅੰਗਦ ਕੋ ਸੌਂਪਨਿ ਕਰੇ।
ਨਿਖੁਟਹਿਂ ਜੇ ਨ[1], ਰਹੈਂ ਸਦ ਭਰੇ। [1]ਮੁਕਦੇ ਨਹੀਂ।
ਨਿਤਪ੍ਰਤਿ ਖਰਚੇ ਬ੍ਰਿਧਤਾ ਲਹੇ[1]। [1]ਖਰਚਣ ਨਾਲ ਵੱਧਦੇ ਹਨ।
ਦਾਰਿਦ ਜਨਮ ਰਮਨ ਕੋ ਦਹੇਂ ॥੧੯॥
ਦੁਤੀਏ ਪਾਤਿਸ਼ਾਹ ਨੇ ਲੀਨਸਿ।
ਰਾਖੇ ਗੁਹਜ ਬਿਦਤਿ ਨਹਿਂ ਕੀਨਸਿ।
ਕਿਸ ਕੋ ਹਿਤ ਕਰਿ ਨਹਿਂ ਦਿਖਰਾਏ[†]। [†]ਪਾ:-ਕਰਿ ਕਰਿ ਦਿਖਰਾਏ।
ਮੁਖ ਤੇ ਕਹਿ ਨਹਿਂ ਕਾਹੁ ਸੁਨਾਏ ॥੨੦॥
ਪਲ ਪਲ ਬਧਹਿ ਅਧਿਕ ਅਧਿਕਾਈ।
ਅਤਿ ਅਪਾਰ ਗਤਿ ਲਖੀ ਨ ਜਾਈ।
ਭਾਉ ਦਿਖਾਇ ਪਰਮ ਅਵਧੂਤ।
ਨਿਰਵਿਕਲਪ[1] ਨਿਰਲੰਬ[2], ਸੁ ਪੂਤ[3] ॥੨੧॥ [1]ਕਲਪਨਾ ਰਹਿਤ। [2]ਆਸਰਾ ਰਹਿਤ। [3]ਸਹਿਤ ਪਵਿੱਤ੍ਰਤਾ।
ਸਿੱਧਿ, ਸ਼ਕਤਿ ਨਹਿਂ ਬਿਦਤਨਿ ਪਾਵੈ।
ਪਰਮਾਨੰਦ ਨਿਮਗਨ ਬਿਹਾਵੈ।
ਅੰਤਰ ਗਤੀ ਅਖੰਡ ਸਮਾਧਿ।

ਇਕ ਰਸ ਪੁੰਨ ਨ ਪਾਪ ਬਯਾਧਿ ॥੨੨॥
ਅਜਰ ਜਰਨ ਗਤਿ ਅਸ ਦਿਖਰਾਈ।
ਭੂਤ ਭਵਿੱਖ ਨ ਕਿਸ ਹੂੰ ਪਾਈ।
ਸਤਿਗੁਰ ਕੇ ਘਰ ਬਿਨਾ ਨ ਆਨ[1]।
ਸੁਨੀ ਨ ਹੇਰੀ ਕਿਤਹੁਂ ਜਹਾਨ ॥੨੩॥
ਅਮਰਦਾਸ ਸਤਿਗੁਰੂ ਪ੍ਰਬੀਨ।
ਸਕਲ ਖਜ਼ਾਨੋ ਤਿਨ ਕੋ ਦੀਨਿ।
ਲੇ ਕਰਿ ਨਾਮ ਭਗਤਿ ਭੰਡਾਰ।
ਜਿਨ ਗੁਨ ਅੰਤ ਨ ਪਾਰਾਵਾਰ ॥੨੪॥
ਤਿਨਹੁਂ ਨਵੀਨ ਜੁਗਤਿ ਬਿਦਤਾਈ।
ਆਏ ਸ਼ਰਨ ਜਿ ਨਰ ਸਮੁਦਾਈ।
ਬਖ਼ਸ਼ਜੋ ਸਭਿ ਕੋ ਨਾਮ ਖਜ਼ਾਨਾ।
ਨੌ ਨਿਧਿ, ਰਿਧਿ, ਸਿਧਿ ਦੀਨਿ ਮਹਾਨਾ ॥੨੫॥
ਸੋ ਹਰਿ ਧਨ ਦੁਹੂੰ ਹਾਥ ਲੁਟਾਯੋ।
ਜੋ ਸ਼ਰਨਾਗਤ ਸਭਿ ਨੇ ਪਾਯੋ।
ਚਹੁਂ ਦਿਸ਼ਿ ਬਿਦਿਸ਼ਿਨਿ ਮਹਿਂ ਪਸਰਾਯੋ।
ਜਹਿਂ ਕਹਿਂ ਜਗ ਮਹਿਂ ਨਾਮ ਜਪਾਯੋ ॥੨੬॥
ਗੁਰ ਸਮ ਦਾਤਾ ਕਹੂੰ ਨ ਅਹੇ।
ਬਡਭਾਗੀ ਸਭਿਹਿਨਿ ਤਬਿ ਲਹੇ।
ਜਿਨ ਸੇਵੇ ਹ੍ਵੈ ਕਰਿ ਨਿਹਕਾਮ।
ਤਿਸ ਨੇ ਲਯੋ ਨਕਦ ਹਰਿਨਾਮ ॥੨੭॥
ਜਿਨ ਸਕਾਮ ਗੁਰ ਸੇਵਨਿ ਕੀਨਾ।
ਰਿਧਿ ਸਿਧਿ ਸਹਤ ਨਾਮ ਪ੍ਰਭੁ ਦੀਨਾ[1]।
ਇਕ ਕਰ ਭਯੋ 'ਭਗਤਿ' ਗੁਰ ਸੇਵਾ।
ਦੁਤਿਯ ਹਾਥ 'ਕਰੁਨਾ' ਗੁਰਦੇਵਾ[1] ॥੨੮॥
ਇਨ ਦੁਊ ਹਾਥਨਿ[1] ਨਾਮ ਖਜਾਨਾ।

[1]ਹੋਰ ਥਾਂ।

[1]ਭਾਵ-ਗੁਰੂ ਜੀ ਨੇ ਜੋ ਸੇਵਾ ਤੇ ਭਗਤੀ ਕੀਤੀ ਹੈ ਦੂਸਰੇ ਸਤਿਗੁਰਾਂ ਦੀ, ਸੋ ਇਕ ਹੱਥ ਤਾਂ ਗੁਰਸੇਵਾ 'ਭਗਤੀ' ਰੂਪ ਹੋ ਗਿਆ ਹੈ, ਜਿਸ ਕਰਕੇ ਇਹ ਹੱਥ ਨਾਮ ਆਦਿ ਸੱਚੇ ਧਨਾਂ ਨਾਲ ਭਰਪੂਰ ਹੈ, ਦੂਸਰਾ ਹੱਥ ਗੁਰਦੇਵ ਜੀ ਦਾ ਆਪਣੇ ਮ੍ਰਿਦੁਲ ਸੁਭਾਵ ਤੋਂ ਬਖਸ਼ਿਸ਼ ਰੂਪ ਹੋ ਰਿਹਾ ਹੈ।

[1]ਇਨ੍ਹਾਂ ਦੁਹਾਂ ਹਥਾਂ ਨਾਲ.....।

ਪ੍ਰਗਟ ਲੁਟਾਯਹੁ ਸਭਿ ਜਗ ਜਾਨਾ।
ਦਿਨ ਪ੍ਰਤਿ ਕਰਤਿ ਰਹੇ ਅਸ ਲੀਲਾ।
ਬਖ਼ਸ਼ਤਿ ਬਖ਼ਸ਼ਿਸ਼ ਅਧਿਕ ਸੁਸ਼ੀਲਾ ॥੨੯॥
ਤਬਿ ਮੈਂ ਦੇਖੇ ਧਰਿ ਕਰਿ ਧਜਾਨਾ।
ਕਿਸ ਪ੍ਰਕਾਰ ਹੈ ਨਾਮ ਖਜ਼ਾਨਾ।
ਰੰਚਕ ਹਰਿ ਧਨ ਘਟਜੋ ਨ ਕੋਈ।
ਅਦਭੁਤ ਗਤਿ ਅਵਿਲੋਕੀ ਸੋਈ ॥੩੦॥
ਬਧਜੋ ਅਨੰਤ ਗੁਨਾ ਭੰਡਾਰਾ।
ਜਿਸ ਨਿਸਤਾਰੇ ਲੋਕ ਹਜ਼ਾਰਾਂ।
ਪਿਖਿ ਚਰਿੱਤ੍ਰ ਮੈਂ ਬਹੁ ਬਿਸਮਾਯੋ।
ਨਿਜ ਮਤਿ ਕਰਿ ਕੁਛ ਜਾਇ ਨ ਪਾਯੋ ॥੩੧॥
ਤਬਿ ਮੈਂ ਤਿਨ ਕੇ ਹੋਇ ਅਗਾਰੀ।
ਬਹੁਤ ਭਾਂਤਿ ਕੀ ਸਤੁਤਿ ਉਚਾਰੀ।
ਸ਼੍ਰੀ ਗੁਰੂ ਅਮਰਦਾਸ ਬੱਖਜਾਤਾ।
ਧੰਨ ਧੰਨ ਸਭਿ ਤੇ ਬਡ ਦਾਤਾ ॥੩੨॥
ਸਮ ਪਾਰਸ ਕੀ ਪਰਸਤਿ ਰਹੇ।
ਨਰ ਲੋਹਾ ਕੰਚਨਤਾ ਗਹੇ[1]।

[1]ਭਾਵ-(ਗੁਰੂ ਜੀ) ਨਰਾਂ ਰੂਪੀ ਲੋਹੇ ਨੂੰ ਪਾਰਸ ਸਮ ਛੂਹਦੇ ਰਹੇ (ਉਹ ਨਰ) ਸੋਨਾ ਹੁੰਦੇ ਗਏ।

ਬਾਵਨ ਚੰਦਨ ਸਮ ਜਗ ਥਿਰੇ।
ਨਰ ਤਰੁਵਰ ਸ੍ਰੀਖੰਡ ਸਭਿ ਕਰੇ ॥੩੩॥
ਗੰਗਾ ਜਲ ਪਾਵਨ ਸਮ ਹੋਏ।
ਆਇ ਅਪਾਵਨ ਭੀ ਮਿਲਿ ਕੋਏ[1]।

[1]ਭਾਵ ਇਹ ਹੈ ਕਿ ਨਦੀ ਨਾਲੇ ਮੈਲੇ ਕਚੈਲੇ ਗੰਗਾ ਨੂੰ ਮਿਲਕੇ ਗੰਗਾ ਹੀ ਕਹਾਉਂਦੇ ਤੇ ਉਹੋ ਸਤਿਕਾਰ ਪਾਉਂਦੇ ਹਨ।

ਇਕ ਸਮ ਸੋ ਸਗਰੇ ਕਰਿ ਦਏ।
ਮੋਖ ਉਚਿਤ ਸੇਵਕ ਸਭਿ ਕਿਏ ॥੩੪॥
ਜਿਮ ਸਮੁੰਦ੍ਰ ਮਹਿਂ ਜਲ ਚਲਿ ਆਯੋ।
ਤਿਨ ਸਰੂਪ ਸੋ ਅਪਨਿ ਬਨਾਯੋ।
ਇਸ ਪ੍ਰਕਾਰ ਕੇ ਚਲਿਤ ਤੁਮਾਰੇ।
ਅਨ ਗਨ ਅਪਨੇ ਦਾਸ ਉਧਾਰੇ' ॥੩੫॥
ਕਹਤਿ ਬ੍ਰਿੱਧ 'ਮੈਂ ਐਸੇ ਦੇਖੇ।

ਤੀਨ ਗੁਰਨਿ ਕੇ ਕਰਮ ਵਿਸ਼ੇਸ਼ੇ।
ਅਪਰ ਬਾਤ ਕਜਾ ਬਰਨਨ ਕਰੌਂ।
ਸਭਿ ਕਹਿਬੇ ਕੀ ਸ਼ਕਿਤ ਨ ਧਰੌਂ ॥੩੬॥
ਤੁਮ ਸੂਬੱਗ ਕੁਛ ਨਾਂਹਿਨ ਛਾਨੋ[1]।
ਜੋ ਜੋ ਕੀਨਿ ਆਪ ਹੀ ਜਾਨੋ।'
ਸੁਨਿ ਬ੍ਰਿਧ ਤੇ ਸ਼੍ਰੀ ਹਰਿ ਗੋਵਿੰਦ।
ਨਿਜ ਸਮਾਧਿ ਮਹਿਂ ਥਿਰੇ ਬਿਲੰਦ ॥੩੭॥
ਅਚਲ ਸਰੀਰ ਸਕਲ ਹੁਇ ਗਯੋ।
ਕੋ ਨ ਸਭਾ ਮਹਿਂ ਬੋਲਤਿ ਭਯੋ।
ਰਹੇ ਨਿਮਗਨ ਜਾਮ, ਪੁਨ ਜਾਗੇ।
ਬਹੁਰ ਬ੍ਰਿੱਧ ਦਿਸ਼ਿ ਦੇਖਨਿ ਲਾਗੇ ॥੩੮॥
'ਵਾਹੁ ਵਾਹੁ' ਸ਼੍ਰੀ ਮੁਖਹੁਂ ਉਚਾਰਾ।
'ਹੇ ਭਾਈ! ਤੁਮ ਸਿੱਖ ਉਦਾਰਾ।
ਸਭਿ ਸਤਿਗੁਰ ਕੋ ਨਿਤ ਬਹੁ ਪਜਾਰੇ।
ਤੋ ਸਮ ਸਿੱਖੀ ਅਪਰ ਨ ਧਾਰੇ[1] ॥੩੯॥
ਅਦਭੁਤ ਕਥਾ ਸੁਨਾਵਨਿ ਕੀਨਿ।
ਹਮਰੇ ਮਨ ਆਨੰਦ ਬਡ ਦੀਨਿ।
ਐਸੀ ਗਾਥਾ ਤੁਮ ਸਭਿ ਜਾਨੋ।
ਸਤਿਗੁਰ ਘਰ ਕੋ ਭੇਵ ਪਛਾਨੋਂ ॥੪੦॥
ਯਾਂ ਹੀ ਤੇ ਹਮ ਬੂਝ ਸੁ ਲੀਨੋ।
ਜਥਾ ਜੋਗ ਤੁਮ ਭਾਖਨਿ ਕੀਨੋ।'
ਸੁਨਿ ਕਰਿ ਸਰਬ ਸਿੱਖ ਹਰਖਾਏ।
'ਧੰਨ ਧੰਨ' ਬ੍ਰਿਧ ਕੇ ਪ੍ਰਤਿ ਗਾਏ ॥੪੧॥
ਮਹਿਮਾ ਮਹਾਂ ਜਾਨਿ ਸਭਿ ਲੀਨਿ।
ਸਿਰ ਨਿਵਾਇ ਕਰਿ ਬੰਦਨ ਕੀਨਿ।
ਇਸ ਪ੍ਰਕਾਰ ਗੁਰ ਕਰੇ ਬਿਲਾਸਾ।
ਸੰਤ ਉਧਾਰਤਿ ਦੁਸ਼ਟ ਬਿਨਾਸਾ ॥੪੨॥
ਬੀਰ, ਅਰਿੰਦਮ[1], ਧੀਰਜ ਧਾਰੀ।
ਰਣ ਮਹਿਂ ਅਚਲ ਬਲੀ, ਭੁਜ ਭਾਰੀ।
ਮਹਾਂ ਧਨੁਖ ਨਿਸ਼ਠੁਰ ਧਰਿ ਹਾਥ।

[1]ਕੁਛ ਲੁਕਿਆ ਨਹੀਂ ਹੈ (ਤੁਸਾਂ ਤੋਂ)।

[1]ਹੋਰ ਕਿਸੇ ਨਹੀਂ ਧਾਰੀ।

[1]ਵੈਰੀ ਨਾਸ਼ਕ (ਤੇ)।

ਸਰਪ ਸਮਾਨ ਬਾਨ ਖਰ ਸਾਥ ॥੪੩॥
ਹਤਹਿਂ ਸ਼ੱਤ੍ਰੂ ਗਨ ਅਰਹਿ ਨ ਕੋਈ।
ਬਚੈ ਸੁ ਰਣ ਤਜਿ ਭਾਜਹਿ ਜੋਈ।
ਕਰਾਮਾਤ ਕੋ ਰਾਖਹਿਂ ਗੋਈ[1]। [1]ਗੁਪਤ।
ਕਰਹਿਂ ਕ੍ਰਿੱਤ ਨਰ ਅਨੁਹਰ[1] ਹੋਈ [1]ਮਨੁਖ ਸਮਾਨ।
॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਭਾਈ ਬ੍ਰਿੱਧ' ਪ੍ਰਸੰਗ ਬਰਨਨੰ ਨਾਮ ਏਕਉਨ ਪੰਚਾਸਤੀ ਅੰਸੂ ॥੪੯॥

੫੦. [ਬਾਬਾ ਵਿਦਾ। ਕਾਂਸ਼ੀ ਸੰਗਤ। ਬਾਜ ਬਟੇਰ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਰਹੇ ਕਿਤਿਕ ਦਿਨ ਗੁਰੂ ਢਿਗ, ਬ੍ਰਿਧ ਸਾਹਿਬ ਬਡ ਧੀਰ।
ਬ੍ਰਿੱਧ ਅਵਸਥਾ ਧਰਮ ਭੀ[1], ਨਿਰਬਲ ਭਯੋ ਸਰੀਰ ॥੧॥

ਚੌਪਈ:

ਚਹਜੋ ਚਲਨਿ ਚਿਤ ਅਪਨਿ ਸਥਾਨੀ।
ਤਜਨਿ ਸਰੀਰ ਦਸ਼ਾ ਨਿਯਰਾਨੀ।
ਸ਼੍ਰੀ ਨਾਨਕ ਗੁਰ ਤੇ ਸਿਖ ਹੋਯੋ।
ਖ਼ਸ਼ਟਮ ਹਰਿਗੋਵਿੰਦ ਗੁਰ ਜੋਯੋ ॥੨॥
ਖਸ਼ਟ ਗੁਰਨਿ ਕੇ ਚਲਿਤ ਨਿਹਾਰੇ।
ਰਹਜੋ ਸਮੀਪੀ ਗਜਾਨ ਉਦਾਰੇ।
ਜਿਸ ਕੇ ਕਰ ਤੇ ਨਿਕਸਹਿ ਟੀਕਾ[1]।
ਸੋ ਗੁਰ ਬਨਹਿ ਸਭਿਨਿ ਸੋ ਟੀਕਾ[1] ॥੩॥
ਗੁਰ ਘਰ ਮਹਿਂ ਜਿਸ ਕੇ ਸਮ ਆਨ ਨ[1]।
ਫੁਰਹਿ ਬਾਕ ਜਿਮ ਨਿਕਸਹਿ ਆਨਨ[1]।
ਇਕ ਦਿਨ ਬੈਠੇ ਬਿਨੈ ਬਖਾਨੀ।
'ਬਿਨਾਂ ਭਨੇ ਸਭਿ ਕੀ ਤੁਮ ਜਾਨੀ ॥੪॥
ਅਬਿ ਮੈਂ ਗਮਨ ਚਹੋਂ ਨਿਜ ਨਗਰੀ।
ਬੀਤ ਗਈ ਆਵਰਦਾ[1] ਸਗਰੀ।
ਕ੍ਰਿਪਾ ਸਿੰਧੁ ! ਇਕ ਬਰ ਅਬਿ ਦੀਜੈ।
ਮੋਹਿ ਮਨੋਰਥ ਕੋ ਸਫਲੀਜੈ' ॥੫॥
ਸੁਨਿ ਸ਼੍ਰੀ ਹਰਿਗੋਬਿੰਦ ਬਖਾਨਾ।
'ਤੁਮ ਤੇ ਨਹਿਂ ਅਦੇਯ ਹਮ ਜਾਨਾ।
ਤਨ ਮਨ ਧਨ ਜੇਤਿਕ ਹੈ ਮੇਰੇ।
ਕ੍ਰਿਪਾ ਆਪ ਕੀ ਤੇ ਨਿਤ ਹੇਰੇ ॥੬॥
ਮੋ ਕਹੁ ਸੇਵਕ ਅਪਨਿ ਪਛਾਨਹੁ।
ਜਿਮ ਚਾਹਤਿ ਤਿਮ ਹੁਕਮ ਬਖਾਨਹੁ।'
ਸੁਨਤਿ ਬ੍ਰਿੱਧ ਨੇ ਕਿਯ ਬਡਿਆਈ।
'ਇਹੀ ਰੀਤਿ ਰਾਵਰਿ ਬਨਿ ਆਈ

[1]ਬਹੁਤੀ ਹੋਈ।
[1]ਤਿਲਕ।
[1]ਸਾਰਿਆਂ ਦਾ ਸ਼ਿਰੋਮਣ।
[1]ਹੋਰ ਨਹੀਂ।
[1]ਮੁਖੋਂ ਜਿਵੇਂ ਨਿਕਲੇ।
[1]ਆਯੂ।

॥ ੭ ॥
ਅਬਿ ਕੁਛ ਨਹੀਂ, ਸਨਾਤਨ ਅਹੈ[1]।
ਬੇਦ ਪੁਰਾਨ ਸੰਤ ਸਭਿ ਕਹੈਂ।
ਜਨ ਕੀ ਅਪਨੇ ਤੇ ਅਧਿਕਾਈ[1]।
ਕਰਤਿ ਕ੍ਰਿਪਾ ਕਰਿ, ਸਭਿ ਲਖਿ ਪਾਈ ॥ ੮ ॥
ਅਪਨੋ ਪ੍ਰਣ ਰਣ ਮਹਿਂ ਕਰਿ ਕਾਚਾ।
ਭੀਖਮ ਕੋ ਨਿਰਬਾਹਯੋ ਸਾਚਾ[1]†।
ਇੱਤਜਾਦਿਕ ਕੇਤਿਕ ਥਲ ਭਨੀਯਹਿ।
ਅੰਤ ਨ ਪਾਇ ਸਕਹਿਂ ਜੋ ਗਨੀਅਹਿ ॥ ੯ ॥
ਮਨ ਮੇਰੇ ਮਹਿਂ ਬਸਹੁ ਗੁਸਾਈਂ।
ਸਥਿਰ ਸੁਮੇਰ ਸਮਾਨ ਸਦਾਈ।
ਜਬਿ ਮੇਰੋ ਕਬਿ ਆਇ ਸੰਦੇਸਾ।
ਸੁਨਹੁ ਗਰੀਬ ਨਿਵਾਜ ਅਸ਼ੇਸ਼ਾ ॥ ੧੦ ॥
ਤਬਿ ਜਯੋਂ ਕਯੋਂ ਕਰਿ ਦਰਸ਼ਨ ਦੀਜੈ।
ਇਹ ਬਿਨਤੀ ਮੇਰੀ ਸੁਨਿ ਲੀਜੈ।'
'ਇਮ ਹੀ ਹੋਇ' ਕਰਯੋ ਗੁਰ ਜਬੈ।
ਦੁਹੁਂ ਦਿਸ਼ਿ ਪਦ ਬੰਦਨ ਕਰਿ ਤਬੈ ॥ ੧੧ ॥
ਜੋਧ, ਅਜਿੱਤਾ, ਜੀਵਾ ਤੀਨ।
ਤਿਨਹੁਂ ਗੁਰੂ ਕੋ ਬੰਦਨ ਕੀਨਿ।
ਚਾਰੋਂ ਚਲੇ ਖੁਸ਼ੀ ਕੋ ਪਾਇ।
ਸਿਮਰਤਿ ਸ਼੍ਰੀ ਨਾਨਕ ਸੁਖਦਾਇ ॥ ੧੨ ॥
ਲਖਿ ਕੈ ਰੁਖ ਗੁਰ ਕੋ ਗੁਰਦਾਸ।
ਕਰਯੋ ਬਾਸ ਸੁਖਰਾਸਹਿ ਪਾਸ।
ਬ੍ਰਿਧ ਕੋ ਬਿਦਾ ਕਰਨਿ ਤਿਸ ਬੇਰੇ।
ਚਲੇ ਗੁਰੂ ਸੰਗ ਸਿੱਖ ਘਨੇਰੇ ॥ ੧੩ ॥
ਗਏ ਦੂਰ ਲਗਿ ਬ੍ਰਿਧ ਥਿਰ ਹੋਯੋ।

[1]ਹੁਣ ਕੋਈ (ਨਵੀਂ) ਨਹੀਂ, ਪੁਰਾਤਨ (ਰੀਤ) ਹੈ।

[1]ਦਾਸ ਦੀ ਆਪਣੇ ਆਪ ਤੋਂ ਅਧਿਕਤਾ।

[1]ਭੀਸ਼ਮ ਪਿਤਾਮੇ ਦਾ (ਵਾਕ) ਸੱਚਾ ਨਿਬਾਹ ਦਿੱਤਾ। †ਕ੍ਰਿਸ਼ਨ ਜੀ ਦਾ ਪ੍ਰਣ ਕਿ ਮੈਂ ਜੁੱਧ ਵਿਚ ਸ਼ਸਤ੍ਰ ਨਹੀਂ ਪਕੜਾਂਗਾ, ਭੀਸ਼ਮ ਦਾ ਕਹਿਣਾ ਕਿ ਮੈਂ ਪਕੜਾਵਾਂਗਾ ਉਸ ਵਲ ਇਸ਼ਾਰਾ ਹੈ। ਜੁੱਧ ਵਿਚ ਅੰਤ ਅਰਜਨ ਦੀ ਰੱਖਯਾ ਹਿਤ ਪਹੀਆ ਚੁੱਕ ਕੇ ਕ੍ਰਿਸ਼ਨ ਜੀ ਨੇ ਮਾਰਿਆ ਸੀ।

ਸਤਿਗੁਰ ਪਾਇਨ ਆਵਤਿ ਜੋਯੋ।
ਕਰਤਿ ਪਰਸਪਰ ਬੰਦਨ ਭਲੇ।
ਗੁਰ ਕੋ ਮੋਰਿ ਅਗਾਰੀ ਚਲੇ ॥੧੪॥

ਦੋਹਰਾ:
ਗ੍ਰਾਮ ਨਾਮ ਰਮਦਾਸ ਕੇ, ਬ੍ਰਿਧ ਕੇ ਸਦਨ ਸਦਾਇ।
ਤਹਿਂ ਕੋ ਪਹੁੰਚੇ ਜਾਇ ਕਰਿ, ਗੁਰ ਗੁਨ ਭਨਿ ਸਮੁਦਾਇ ॥੧੫॥

ਚੌਪਈ:
ਸ੍ਰੀ ਹਰਿਗੋਬਿੰਦ ਸਭ ਸੁਖ ਸਾਜੈਂ।
ਸ੍ਰੀ ਹਰਿਗੋਬਿੰਦ ਪੁਰੇ ਬਿਰਾਜੈਂ।
ਸੰਗਤਿ ਦੇਸ਼ ਬਿਦੇਸ਼ਨਿ ਆਵੈ।
ਅਨਿਕ ਅਕੋਰਨ ਕੋ ਅਰਪਾਵੈ ॥੧੬॥
ਮਨੋ ਕਾਮਨਾ ਪਾਇ ਸਿਧਾਰੈ।
ਜਹਿਂ ਕਹਿਂ ਸਤਿਗੁਰ ਸੁਜਸ ਉਚਾਰੈ।
ਇਕ ਆਵਤਿ ਇਕ ਜਾਤਿ ਸਦਨ ਕੋ।
ਪਿਖਿ ਗੁਰ ਸਾਰਦ ਚੰਦ ਬਦਨ ਕੋ[1] ॥੧੭॥

[1]ਗੁਰੂ ਜੀ ਦੇ ਸਰਦ ਰੁੱਤ ਦੇ ਚੰਦ੍ਰਮਾਂ ਵਰਗੇ ਮੁੱਖ ਦੇ ਦਰਸ਼ਨ ਕਰਕੇ।

ਇਕ ਦਿਨ ਚੜ੍ਹੇ ਅਖੇਰ ਕਰਨਿ ਕੋ।
ਲੇਕਿਰ ਜੁਰਰੇ ਬਾਜ ਨਰਨਿ ਕੋ।
ਚੀਤੇ ਸ੍ਵਾਨ ਸੰਗ ਬਹੁ ਲੀਨਿ।
ਕਾਨਨ ਮਹਿਂ ਬਡ ਬਿਚਰਨ ਕੀਨਿ ॥੧੮॥
ਸੁਭਟ ਸੰਗ ਗਨ ਚੜੇ ਤੁਰੰਗ।
ਹਤੇ ਬ੍ਰਿੰਦ ਹੀ ਛੋਰਿ ਤੁਫੰਗ।
ਮ੍ਰਿਗਨਿ ਬਿਹੰਗਨਿ ਸੂਕਰ ਘਨੇ।
ਖੋਜਿ ਖੋਜਿ ਕਰਿ ਜਿਤ ਕਿਤ ਹਨੇ ॥੧੯॥
ਪੁਨ ਊਚੇ ਥਲ ਆਨਿ ਸੁਹਾਏ।
ਨਾਮ ਦਮਦਮਾ ਜਹਾਂ ਸੁਹਾਏ।
ਕਾਂਸ਼ੀ ਤੇ ਚਲਿ ਸੰਗਤਿ ਆਈ।
ਦਰਸ਼ਨ ਕਰਿਬੇ ਚਾਹ ਵਧਾਈ ॥੨੦॥

ਏਕ ਸਿੱਖ ਤਿਨ ਮਹਿਂ ਮਤਿਵੰਤਾ।
ਦਰਸ਼ਨ ਕੋ ਤੂਰਨ ਲਲਚੰਤਾ।
ਸੰਗਤਿ ਛੋਰਿ ਬਿਪਾਸਾ ਪਾਸੀ।
ਸੁਨਿ ਸੁਧਿ ਗਯੋ ਜਹਾਂ ਸੁਖਰਾਸੀ ॥੨੧॥
ਆਮਿਖ ਮਦ[1] ਨਹਿਂ ਅੰਗੀਕਾਰੈ। [1]ਮਾਸ ਤੇ ਸ਼ਰਾਬ।
ਧਰਹਿ ਸੁਮਤਿ ਪਰਲੋਕ ਸੁਧਾਰਹਿ।
ਸ਼ੀਘ੍ਰ ਪਹੁੰਚਜੋ ਧਰੀ ਉਪਾਯਨ।
ਬੰਦਨ ਕੀਨਿ ਕਮਲ ਸੇ ਪਾਇਨ ॥੨੨॥
ਤਬਿ ਗੁਰ ਕੇ ਕਰ ਬਾਜ ਬਡੇਰਾ।
ਦੁਤਿਯ ਹਾਥ ਸੋਂ ਗਹੇ ਬਟੇਰਾ।
ਆਮਿਖ ਤਹਾਂ ਖੁਵਾਵਨਿ ਕਰੇ।
ਦੋਨਹੁ ਕਰ ਸ਼੍ਰੋਣਤ ਸੋਂ ਭਰੇ ॥੨੩॥
ਹੇਰਤਿ ਸਿਖ ਨੇ ਤਰਕ ਬਿਚਾਰੀ।
-ਗਾਦੀ ਸ਼੍ਰੀ ਨਾਨਕ ਕੀ ਭਾਰੀ।
ਦਯਾ ਬਿਹੀਨ ਕਰਤਿ ਇਹ ਕਾਜਾ।
ਜਿਨ ਕੋ ਨਾਮ ਗਰੀਬ ਨਿਵਾਜਾ ॥੨੪॥
ਕਾਸ਼ੀ ਤਜਿ ਕਰਿ ਦੂਰ ਘਨੇਰੇ।
ਆਏ ਇਹਾਂ ਰੀਤਿ ਅਸ ਹੇਰੇ-।
ਇਮ ਗਿਨਤੀ ਮਨ ਗਿਨਤਿ ਮਹਾਨੀ।
ਸ਼੍ਰੀ ਗੁਰ ਹਰਿਗੋਵਿੰਦ ਸਭਿ ਜਾਨੀ ॥੨੫॥
'ਕਜਾ ਚਿਤਵਤਿ ਚਿਤ ਮਹਿਂ ਬਹੁ ਤਰਕਾ।
ਭੇਵ ਨ ਜਾਨ ਸਕਹਿ ਤੂੰ ਧੁਰ ਕਾ[1]।' [1]ਆਦਿ ਦਾ, ਪਿਛਲਾ।
ਸੁਨਤਿ ਸਿੱਖ ਗੁਰ ਤੇ ਬਿਸਮਾਯਹੁ।
ਹੋਇ ਦੀਨ ਕਰਿ ਬਿਨੈ ਅਲਾਯਹੁ ॥੨੬॥
'ਕ੍ਰਿਪਾ ਨਿਧਾਨ! ਆਪ ਸਭਿ ਜਾਨਹੁ।
ਘਟ ਘਟ ਕੋ ਬ੍ਰਿਤਾਂਤ ਨਹਿਂ ਛਾਨਹੁ।
ਮੈਂ ਕਜਾ ਕਹੌਂ ਨ ਸਮਰਥ ਕੋਈ।
ਵਹਿਰ ਕ੍ਰਿਆ ਪਿਖਿ ਸ਼ੰਕਾ ਹੋਈ' ॥੨੭॥
ਤਬਿ ਸਤਿਗੁਰ ਤਿਨ ਖਗ ਕੀ ਗਾਥਾ।
ਪ੍ਰਥਮ ਜਨਮ ਕੀ ਕਹਿ ਸਿਖ ਸਾਥਾ।

'ਹੁਤੋ ਬਟੇਰਾ ਕੇਵਟ ਸਰਿਤਾ[1]।
ਲੇਤਿ ਮਜੂਰੀ ਪਾਰ ਉਤਰਿਤਾ ॥੨੮॥
ਚਤੁਰਥ ਸ਼੍ਰੀ ਸਤਿਗੁਰ ਕੇ ਤੀਰ[1]।
ਹੁਤੋ ਬਾਜ ਇਹ ਸਿੱਖ ਸਰੀਰ।
ਕਿਸ ਕਾਰਜ ਕੋ ਜਬਹਿ ਪਠਾਯੋ।
ਚਲਿ ਮਾਰਗ ਇਸ ਕੇ ਢਿਗ ਆਯੋ ॥੨੯॥
ਕਹ੍ਯੋ ਕਿ-ਮੋ ਕੋ ਪਾਰ ਉਤਾਰ।
ਗੁਰ ਕੋ ਕਾਜ ਕਰਨ ਬਿਨ ਬਾਰ[1]-।
ਚਢਿ ਬੈਠ੍ਯੋ ਤਰਨੀ[1] ਪਰ ਜਬੈ।
ਸਰਿਤਾ ਬੀਚ ਚਲੀ ਤਰ ਤਬੈ ॥੩੦॥
ਸਭਿ ਤੇ ਲਈ ਮਜੂਰੀ ਜਾਚਿ।
ਸਿਖ ਕੇ ਪਾਸ ਸੁ ਪੈਸੇ ਪਾਂਚ।
ਸੋ ਸਭਿ ਦੇਇ ਰਹ੍ਯੋ ਨਹਿਂ ਲੀਨਿ।
ਰਿਸ ਧਰਿ ਅਦਿਕ ਤਾੜਨਾ ਕੀਨਿ ॥੩੧॥
-ਤੁਰਕ ਜੇਜੀਆ ਅਧਿਕ ਲਗਾਯਹੁ।
ਇਨ ਤੇ ਚੌਗੁਨ ਦੇਹਿ ਤ ਜਾਯਹੁ-।
ਸੁਨਿ ਸਿਖ, ਬਿਨਤੀ ਕਰਿ ਬਹੁ ਕਹ੍ਯੋ।
-ਅਬਿ ਮਮ ਪਾਸ ਨਹੀਂ ਕੁਛ ਰਹ੍ਯੋ ॥੩੨॥
ਕਾਰਜ ਗੁਰ ਕੇ ਉਲੰਘਨ ਪਾਰ।
ਲੀਜੈ ਇਹ, ਨ ਕਰਹੁ ਤਕਰਾਰ।
ਕਹਿ ਬਹੁ ਰਹ੍ਯੋ ਨ ਮੂਰਖ ਮਾਨੀ।
ਲੀਨਿ ਉਠਾਇ ਗਹ੍ਯੋ ਦਿਢ ਪਾਨੀ[1] ॥੩੩॥
ਬਲ ਤੇ ਸਿਖ ਕੋ ਦੀਨਿ ਧਕੇਲਾ।
ਹੁਇ ਨਿਰਦੈ ਸਲਿਤਾ ਮਹਿਂ ਮੇਲਾ[1]।
ਸਹਤ ਕ੍ਰੋਧ ਸਿਖ ਚਾਹਤਿ ਐਸੇ।
-ਆਮਿਖ ਕਾਟ ਖਾਉਂ ਇਸ ਜੈਸੇ ॥੩੪॥
ਗੁਰ ਕੋ ਅਦਬ ਨ ਕਰੁਨਾ[1] ਕੀਨਿ-।

[1]ਨਦੀ ਤੇ ਮਲਾਹ ਸੀ।
[1]ਸ਼੍ਰੀ ਗੁਰੂ ਰਾਮਦਾਸ ਜੀ ਦੇ ਪਾਸ।
[1]ਬਿਨਾ ਦੇਰੀ ਦੇ ਕਰਨਾ ਹੈ।
[1]ਬੇੜੀ।
[1]ਦ੍ਰਿੜ ਹੱਥ ਨਾਲ।
[1]ਨਦੀ ਵਿੱਚ ਸੁੱਟ ਦਿੱਤਾ।
[1]ਨਾ ਹੀ ਮੇਰੇ ਤੇ ਤਰਸ।

ਇਮ ਚਿਤਵਤਿ ਪ੍ਰਾਨਨ ਤਜਿ ਦੀਨਿ।
ਸਿਖ ਨੇ ਦੇਹਿ ਬਾਜ ਕੇ ਪਾਯੋ।
ਦੈਵ ਜੋਗ ਤੇ ਹਮ ਕਰ ਆਯੋ ॥੩੫॥
ਮਰਿ ਕੇਵਟ ਇਹ ਭਯੋ ਬਟੇਰਾ।
ਲੇ ਪਲਟਾ ਅਬਿ ਪੂਰਬ ਕੇਰਾ।
ਤਯਾਗ ਦੇਹਿਂਗੇ ਤਨ ਕੋ ਦੋਊ।
ਜਨਮ ਧਰਨਿ ਅਨ ਕਾਜ ਨ ਕੋਊ'
॥੩੬॥
ਇਮ ਕਹਿਤੇ ਦੋਨਹੁਂ ਤਨ ਤਯਾਗਾ।
ਨਭ ਪ੍ਰਕਾਸ਼ ਕੁਛ ਦੀਖਨਿ ਲਾਗਾ।
ਗੁਰ ਕਰ ਲਗੇ ਸੁ ਆਇ ਬਿਮਾਨ।
ਗਏ ਸੁਰਗ ਕੋ ਬਹੁ ਸੁਖ ਠਾਨਿ ॥੩੭॥
ਤਬਿ ਸਿਖ ਨੇ ਬੂਝੇ ਕਰ ਜੋਰਿ।
'ਕਸ ਪ੍ਰਕਾਸ਼ ਭਾ ਨਭ ਕੀ ਓਰ?
ਇਨ ਕੇ ਮਰਤਿ ਤੁਰਤ ਹੀ ਭਯੋ।
ਪਲਕ ਫੁਰਨ ਮਹਿਂ ਹਟਿ ਸਭਿ ਗਯੋ'
॥੩੮॥
ਸਤਿਗੁਰ ਕਹਯੋ 'ਸੁਰਗ ਇਹ ਗਏ।
ਬਿਦਤਿ ਪ੍ਰਕਾਸ਼ ਬਿਮਾਨਨ ਕਿਏ।'
ਸੁਨਿ ਕਰ ਜੋਰਿ ਬੰਦਨਾ ਕਰਿ ਕੈ।
ਗਯੋ ਸਿੱਖ ਸਭਿ ਚਲਿਤ ਨਿਹਰਿ ਕੈ
॥੩੯॥
ਸੰਗਤਿ ਸੰਗ ਮਿਲਯੋ ਤਬਿ ਜਾਇ।
ਸਭਿ ਪ੍ਰਸੰਗ ਕੋ ਦਯੋ ਸੁਨਾਇ।
ਧਰਿ ਸ਼ਰਧਾ ਕੋ ਤਬਿ ਹਰਖਾਏ।
ਸਗਰੇ ਸਿਖ ਦਰਸ਼ਨ ਕੋ ਆਏ ॥੪੦॥
ਇਤ ਸਤਿਗੁਰ ਅਪਨੇ ਥਲ ਆਏ।
ਬੈਠੇ ਬਡੋ ਦਿਵਾਨ ਲਗਾਏ।
ਸ਼ਬਦ ਰਬਾਬੀ ਗਾਵਨਿ ਲਾਗੇ।
ਸੁਨਹਿਂ ਸਿੱਖ ਗੁਰ ਪਗ ਅਨੁਰਾਗੇ
॥੪੧॥
ਜੋ ਜੋ ਸੰਗਤਿ ਲਯਾਇ ਅਕੋਰ।

ਸੋ ਲੇ ਕਰਿ ਆਏ ਗੁਰ ਓਰ।
ਆਗੈ ਧਰਿ ਧਰਿ ਕਰਿ ਕਰਿ ਨਮੋ।
ਪਿਖਿ ਪਿਖਿ ਦਰਸ਼ਨ ਮੁਦ ਤਿਹ ਸਮੋ
॥੪੨॥
ਸਤਿਗੁਰ ਦਯਾ ਦ੍ਰਿਸ਼ਟਿ ਸੋਂ ਹੇਰੈਂ।
ਕੀਨਿ ਕਾਮਨਾ ਪੂਰ ਘਨੇਰੈਂ।
ਸਭਿ ਕੋ ਕੁਸ਼ਲ ਬੂਝ ਸਨਮਾਨੇ।
ਬੈਠੇ ਅਤਿ ਅਨੰਦ ਕੋ ਠਾਨੇ ॥੪੩॥
ਜੋ ਜੋ ਤਿਸੀ ਦੇਸ਼ ਕੀ ਗਾਥਾ।
ਬੂਝਨ ਕਰੀ ਕਹੀ ਗੁਰ ਸਾਥਾ।
ਸੰਧਜਾ ਲਗਿ ਬੈਠੇ ਤਿਸ ਥਾਨ।
ਸੋਦਰ ਭੋਗ ਪਰਜੋ ਸੁਨਿ ਕਾਨ ॥੪੪॥
ਗਏ ਗੁਰੂ ਨਿਜ ਮੰਦਿਰ ਫੇਰੇ।
ਸੰਗਤਿ ਸਭਿ ਗਮਨੀ ਨਿਜ ਡੇਰੇ।
ਕੇਤਿਕ ਦਯੋਸ ਬਸੇ ਗੁਰ ਦਰਸ਼ੈਂ।
ਬਾਕ ਸੁਨਹਿਂ ਸਭਿ ਹੀ ਉਰ ਹਰਸ਼ੈਂ[1] [1]ਖੁਸ਼ ਹੁੰਦੇ ਹਨ।
॥੪੫॥
ਬਹੁਰੋ ਬਿਦਾ ਹੋਇ ਕਰਿ ਗਏ।
ਜਾਇ ਸੁਧਾਸਰ ਮੱਜਨ ਕਿਏ।
ਅਪਰ ਤੀਰਥਨਿ ਕੇ ਇਸ਼ਨਾਨੇ।
ਮਨ ਭਾਵਤ ਕਰਿ ਸਦਨ ਪਯਾਨੇ ॥੪੬॥
ਇਮ ਸਤਿਗੁਰ ਤਹਿਂ ਕਰਤਿ ਬਿਲਾਸ।
ਰਹੈਂ ਹਜ਼ਾਰੋਂ ਸੇਵਕ ਪਾਸ।
ਭੁਗਤਿ ਮੁਕਤਿ ਕੀ ਬਖਸ਼ਿਸ਼ ਹੋਤਿ।
ਨਿਤ ਪ੍ਰਤਿ ਸਿੱਖੀ ਅਧਿਕ ਉਦੋਤਿ
॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸੰਗਤਿ' ਪ੍ਰਸੰਗ ਬਰਨਨੰ ਨਾਮ ਪੰਚਸਤੀ ਅੰਸੂ ॥੫੦॥

੫੧. [ਭਾਈ ਗੜ੍ਹੀਆ। ਮੀਆਂ ਦੌਲਾ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:
ਸਿੱਖ ਹੁਤੋ ਗੜ੍ਹੀਆ ਮਹਾਂ,
ਰਹਿ ਹਜ਼ੂਰ ਲਹਿ ਗਜਾਨ।
ਚਰਨ ਕਮਲ ਸੇਵਤਿ ਸਦਾ,
ਕਰਿ ਕਰਿ ਪ੍ਰੇਮ ਮਹਾਨ ॥੧॥
ਚੌਪਈ:
ਸ਼੍ਰੀ ਹਰਿਗੋਵਿੰਦ ਬਲੀ ਬਿਲੰਦ।
ਸਿੱਖਜ ਚਕੋਰਨਿ ਕੋ ਨਿਤ ਚੰਦ।
ਗੜ੍ਹੀਏ ਪ੍ਰਤਿ ਆਗਜਾ ਫੁਰਮਾਈ।
'ਅਬਿ ਕਸ਼ਮੀਰ ਪੁਰੀ ਕਹੁ ਜਾਈ[1] [1]ਜਾ ਕੇ।
॥੨॥
ਤਹਿਂ ਕੀ ਕਾਰ ਸਕੇਲਿ ਬਿਸਾਲਾ।
ਲੇ ਆਵਹੁ ਇਤ, ਰਹਿ ਕਿਤ ਕਾਲਾ।'
ਸੁਨਿ ਗੜ੍ਹੀਏ ਕਰਿ ਰਿਦੇ ਅਨੰਦ।
ਮਾਨੀ ਆਗਜਾ ਦ੍ਵੈ ਕਰ ਬੰਦਿ ॥੩॥
ਬੰਦਨ ਕਰਿ ਕੈ ਪਦ ਅਰਬਿੰਦ।
ਗਮਨਜੋ ਮਾਰਗ ਪ੍ਰੇਮ ਬਿਲੰਦ।
ਨਿਤ ਪ੍ਰਤਿ ਚਿਤ ਮੂਰਤਿ ਗੁਰ ਰਾਖੇ।
ਰਸਨਾ ਸੱਤਜਨਾਮ ਕੋ ਭਾਖੇ ॥੪॥
ਸਨੈ ਸਨੈ ਚਲਿ ਕੈ ਗੁਜਰਾਤ।
ਪਹੁੰਚਤਿ ਭਯੋ ਹੁਤੋ ਬੱਖਜਾਤ।
ਬਸਹਿਂ ਗੁਰੂ ਕੇ ਸਿਖ ਸਮੁਦਾਇ।
ਤਿਨਹੁਂ ਸੁਨੀ 'ਗੜ੍ਹੀਆ ਪੁਰਿ ਆਇ'
॥੫॥
ਸਭਿ ਸੰਗਤਿ ਇਕਠੀ ਹੁਇ ਕਰਿ ਕੈ।
ਹਿਤ ਸਨਮਾਨ ਭਾਉ ਬਹੁ ਧਰਿ ਕੈ।
ਮਿਲੇ ਜਾਇ ਕਰਿ ਨਿੰਮ੍ਰੀ ਹੋਏ।
ਮਨਹੁਂ ਗੁਰੂ ਕੋ ਦਰਸ਼ਨ ਜੋਏ ॥੬॥
ਅਪਨੇ ਗ੍ਰਿਹ ਮਹਿਂ ਆਨਿ ਉਤਾਰੇ।
ਤਾ ਤੇ ਜਲ ਤੇ ਚਰਨ ਪਖਾਰੇ।

ਸੁੰਦਰ ਸਿਹਜਾ ਤਬੈ ਡਸਾਇ।
ਅਧਿਕ ਭਾਉ ਕਰਿ ਦਿਏ ਬਿਠਾਇ
॥੭॥
ਸਭਿ ਸਿੱਖਨਿ ਚਰਨਾਂਮ੍ਰਿਤ ਲੀਨਾ।
ਅਪਰ ਸੇਵ ਸਭਿ ਹੀ ਬਿਧਿ ਕੀਨਾ।
ਸ੍ਵਾਦਲ ਬਹੁ ਅਹਾਰ ਕਰਿਵਾਏ।
ਬਿਨਤੀ ਕਰਿ ਆਛੇ ਤ੍ਰਿਪਤਾਏ ॥੮॥
ਇਕ ਮੀਆਂ ਦੌਲਾ ਤਿਸ ਥਾਨ।
ਸਾਹਿਬ ਕੋ[1] ਪ੍ਰੇਮੀ ਸੁ ਮਹਾਨ।
ਸੰਤ ਸੰਗ ਕੀ ਨਿਤ ਅਭਿਲਾਖਾ।
ਮੌਲਾ ਕੇ ਦਰਸ਼ਨ ਕੀ ਕਾਂਖਾ ॥੯॥
ਗੜ੍ਹੀਏ ਕੋ ਆਵਨਿ ਸੁਨਿ ਪਾਯੋ।
ਪ੍ਰੇਮ ਧਾਰਿ ਬਹੁ ਮਿਲਿਬੇ ਆਯੋ।
ਜਿਸ ਮਹਿਂ ਮਹਾਂ ਸੰਤ ਕੇ ਲੱਛਨ।
ਪਰਉਪਕਾਰੀ ਸਦਾ ਬਿਚੱਛਨ ॥੧੦॥
ਦੇਖਜੋ ਜਾਇ ਨ ਦੁਖੀਯਾ ਕਬੈ।
ਕਰਿ ਅਤਿ ਜਤਨ ਹਤੈ ਦੁਖ ਸਬੈ।
ਮਨ ਤੇ, ਤਨ ਤੇ, ਧਨ ਤੇ ਸਦਾ।
ਦੁਖ ਕੋ ਹਰਹਿ ਦੁਖੀ ਪਿਖਿ ਜਦਾ ॥੧੧॥
ਰੰਕ ਬ੍ਰਿੰਦ ਕੋ ਜਬਿਹੂੰ ਲਹੈ।
ਛੁਧਿਤ ਰੁ ਬਸਨ ਰਹਤਿ ਜੇ ਰਹੈ।
ਤਿਨ ਸਭਿ ਕੋ ਮਿਹਨਤੀ ਲਗਾਵੈ।
ਢਹੇ ਕੂਪ ਕੈ ਪੁਰ ਬਨਵਾਵੈ ॥੧੨॥
ਬਿਖਮ ਪੰਥ ਕੋ ਸਮ ਕਰਵਾਵੈ[1]।
ਮਾਰਗ ਪਰ ਤਰੁਵਰ ਲਗਵਾਵੈ।
ਜਬਹਿ ਮਜੂਰੀ ਬਹੁ ਚਢਿ ਜਾਇ।
ਜਾਚਹਿਂ ਨਿਕਟਿ ਰੰਕ ਸਮੁਦਾਇ ॥੧੩॥
ਅਵਿਨੀ ਕੋ ਖਨਿ ਕੈ ਤਤਕਾਲਾ।
ਦਰਬ ਨਿਕਾਸਹਿ ਤਹਾਂ ਬਿਸਾਲਾ।
ਜਥਾਜੋਗ ਸਭਿ ਹੀ ਕੋ ਦੈ ਕੈ।
ਪ੍ਰਤਿਪਾਲਤਿ ਇਮ ਰੰਕ ਦਿਖੈ ਕੈ ॥੧੪॥
ਹਿੰਦੂ ਤੁਰਕ ਕੋਇ ਦੁਖੁ ਮਾਂਹਿ।

[1]ਰੱਬ ਦਾ।

[1]ਉੱਚੇ ਨੀਵੇਂ ਰਾਹ ਨੂੰ ਇਕੋ ਜਿਹਾ ਕਰਵਾ ਦੇਵੇ।

ਸਭਿ ਮੀਆਂ ਦੌਲੇ ਢਿਗ ਜਾਹਿਂ।
ਅਰਜ਼ ਗੁਜ਼ਾਰਹਿਂ ਹੋਇ ਹਜ਼ੂਰੀ।
ਕਰਹਿ ਮੁਰਾਦ ਸਭਿਨਿ ਕੀ ਪੂਰੀ ॥੧੫॥
ਸਹਿਜ ਸੁਭਾਇ ਹੁਤੋ ਇਮ ਰੀਤਿ।
ਸੰਤ ਪ੍ਰੀਤ ਨਿਤ ਚੀਤ ਸੁ, ਮੀਤ[1] !
ਭਾਈ ਗੜ੍ਹੀਏ ਕੋ ਲਖਿ ਸੰਤ।
ਆਯੋ ਮਿਲਨਿ ਹੇਤੁ ਹਿਤਵੰਤਿ ॥੧੬॥
ਨਿਕਟਿ ਹੋਇ ਜਬਿ ਦਿਖੇ ਪਰਸਪਰ।
ਕਰਿ ਬਹੁ ਭਾਉ ਸੁ ਰਹੇ ਹਰਖਿ ਭਰਿ।
ਖਰੇ ਹੋਇ ਭਰਿ ਅੰਕ ਮਿਲੇ ਹੈਂ।
ਬੂਝਿ ਕੁਸ਼ਲ ਕੋ ਪ੍ਰੀਤਿ ਢੁਲੇ ਹੈਂ ॥੧੭॥
ਪੁਨ ਸਤਿਗੁਰੂ ਮਹਾਤਮ ਕਹੈਂ।
ਦੋਨੋ ਮਹਿਮਾ ਮਹਾਂ ਸੁ ਲਹੈਂ[†]।
-ਲਾਖਹੁੰ ਸੇਵਕ ਕਰੇ ਨਿਹਾਲ।
ਜਿਹ ਬਡ ਭਾਗ ਸੁ ਮਿਲਹਿ ਕ੍ਰਿਪਾਲ- ॥੧੮॥
ਤਬਿ ਮੀਆਂ ਦੌਲਾ ਹਰਖਾਏ।
ਸਹਤ ਬੇਨਤੀ ਬੈਨ ਅਲਾਏ।
'ਗੁਰ ਅਰਜਨ ਜੀ ਕੀਨਿ ਜੁ ਬਾਨੀ।
ਸੁਨਨਿ ਸੁਖਮਨੀ ਚਾਹਿ ਮਹਾਨੀ ॥੧੯॥
ਕ੍ਰਿਪਾ ਧਾਰਿ ਅਬਿ ਮੋਹਿ ਸੁਨਾਵੋ।
ਕਹਿ ਗੁਰ ਬਾਕ ਰਿਦਾ ਹਰਖਾਵੋ।
ਜਿਸ ਕੇ ਬਿਖੈ ਸਿਫਤ ਬਹੁ ਮੌਲਾ।'
ਇਮ ਜਬਿ ਪ੍ਰੇਮ ਧਾਰਿ ਕਹਿ ਦੌਲਾ ॥੨੦॥
ਸੁਨਿ ਗੜ੍ਹੀਆ ਤਬਿ ਲਗਜੋ ਸੁਨਾਵਨਿ।
ਮੀਆਂ ਭਯੋ ਮਗਨ ਰਸ ਪਾਵਨ।
ਇਕ ਸ਼ਲੋਕ ਪੌਰੀ ਜੁਤਿ ਗਾਯੋ।
ਪੁਨ ਰਹਾਉ ਕੋ ਪਾਠ ਸੁਨਾਯੋ ॥੨੧॥
'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।
ਭਗਤ ਜਨਾ ਕੈ ਮਨਿ ਬਿਸ੍ਰਾਮ।'
ਸੁਨਿ ਦੌਲਾ ਮਨ ਭਯੋ ਅਨੰਦ।

[1]ਹੇ ਮਿਤ੍ਰ ! ਉਸਦੇ ਚਿੱਤ ਵਿਚ ਸੰਤਾਂ ਦੀ ਸਦਾ ਪ੍ਰੀਤ ਸੀ।

[†]ਪਾ:-ਮਹਿਮਾਂ ਸਤਿਗੁਰ ਕੀ ਬਹੁ ਲਹੈਂ।

ਲਗ੍ਯੋ ਬਿਚਾਰਨਿ ਅਰਥ ਬਿਲੰਦ ॥੨੨॥
ਉਰ ਪ੍ਰਸੰਨ ਹੁਇ ਬਾਕ ਉਚਾਰਾ।
'ਹਾਸਲ ਭਾ ਮਕ਼ਸੂਦ[1] ਹਮਾਰਾ। [1]ਪ੍ਰਯੋਜਨ।
ਇਹ ਗੁਰ ਬਾਕ ਰਿਦੈ ਲਖਿ ਲੀਨਿ।
ਮੈਂ ਜਾਨੀ ਮਹਿਮਾ ਇਸ ਪੀਨ[1] ॥੨੩॥ [1]ਭਾਰੀ।
ਸੁਖ ਬਿਲੰਦ ਹੈ ਸ੍ਰੀ ਪ੍ਰਭੁ ਨਾਮੂ।
ਬਿਨਾ ਸੰਤ ਨਹਿਂ ਪੂਰਨ ਕਾਮੂ।
ਇਸ ਤੇ ਖ਼ਾਤਰ ਜਮਾ[1] ਹਮਾਰੀ। [1]ਤਸੱਲੀ।
ਅਪਰ ਸੁਨਨਿ ਕੀ ਚਾਹਿ ਨਿਵਾਰੀ ॥੨੪॥
ਗੁਰਬਾਨੀ ਸਮ ਅਪਰ ਨ ਬਾਨੀ।
ਇਕ ਤੁਕ ਸੁਨੇ ਪਰਮ ਗਤਿ ਜਾਨੀ।
ਤੁਕ ਰਹਾਉ ਕੀ ਦੋਇਨ ਮਾਂਹਿ।
ਜੋਗ ਭੋਗ ਸਭਿ ਪਾਯੋ ਜਾਹਿ' ॥੨੫॥
ਸੁਨਿ ਕਰਿ ਗੜ੍ਹੀਆ ਭਯੋ ਪ੍ਰਸੰਨ।
ਕਹ੍ਯੋ ਬਿਹਸਿ 'ਦੌਲਾ ! ਤੁਮ ਧੰਨ।'
ਇਮ ਚਰਚਾ ਕਰਿ ਹਰਖੇ ਦੋਊ।
ਸਤਿਗੁਰ ਪ੍ਰੇਮ ਮਹਾਂ ਮਨ ਸੋਊ ॥੨੬॥
ਦਿਨ ਦੋ ਇਕ ਰਹਿ ਗੜ੍ਹੀਆ ਚਲ੍ਯੋ।
ਤਬਹਿ ਆਨਿ ਪੁਨ ਦੌਲਾ ਮਿਲ੍ਯੋ।
ਸਭਿ ਸੋਂ ਬਿਦਾ ਹੋਇ ਚਲਿ ਪਰ੍ਯੋ।
ਮੀਆਂ ਨੇ ਯਾ ਕੋ ਸੰਗ ਕਰ੍ਯੋ[1] ॥੨੭॥ [1]ਭਾਵ ਗੜ੍ਹੀਏ ਦੇ ਨਾਲ ਗਿਆ।
ਨਗਰ ਵਹਿਰ ਪਹੁੰਚਾਵਨਿ ਗਯੋ।
ਗੁਰ ਜਸੁ ਬੂਝਤਿ ਸੁਨਤੋ ਭਯੋ।
ਵਹਿਰ ਨਗਰ ਤੇ ਕੇਤਿਕ ਚਾਲਾ।
ਦੇਖ੍ਯੋ ਸਿਕਤਾ[1], ਆਇ ਬਿਸਾਲਾ ॥੨੮॥ [1]ਰੇਤ।
ਟੂਟੀ ਪਨਹੀ[1] ਗੜ੍ਹੀਏ ਚਰਨ। [1]ਜੁੱਤੀ।
ਬਾਰੂ ਪਰਹਿ ਧਰਹਿ ਜਬਿ ਧਰਨਿ[1]। [1]ਰੇਤਾ (ਜੁੱਤੀ ਵਿਚ) ਪੈ ਜਾਂਦਾ ਹੈ ਜਦੋਂ (ਪੈਰ ਧਰਤੀ ਤੇ) ਧਰਦਾ ਹੈ।
ਜਬਹਿ ਉਠਾਵਹਿ ਉਡਹਿ ਬਿਸਾਲੇ।

ਜਾਨੂ ਲਗਿ[1] ਜੰਘਨ ਕੇ ਨਾਲੇ ॥੨੯॥
ਦੇਖਤਿ ਦੌਲੇ ਮਨ ਠਹਿਰਾਈ।
-ਪਨਹੀ ਅਪਰ ਨ ਕਿਤਹੂੰ ਪਾਈ-।
ਰਿਦੇ ਬਿਚਾਰਤਿ ਸੰਗ ਸੁ ਜਾਇ।
-ਬਿਨ ਧਨ ਤੇ ਇਹ ਅਸ ਦੁਖ ਪਾਇ ॥੩੦॥
ਕੋ ਨਿਧਿ ਸਿਧਿ ਗੜ੍ਹੀਏ ਕੋ ਦੇਵੋਂ।
ਦੇ ਸੁਖ ਸੰਤ ਪੁੰਨ ਮੈਂ ਲੇਵੋਂ-।
ਜੋ ਦੌਲੇ ਚਿਤ ਚਿਤਵਨ ਠਾਨੀ।
ਸਭਿ ਗੜ੍ਹੀਏ ਤਤਛਿਨ ਪਹਿਚਾਨੀ ॥੩੧॥
-ਮੁਝ ਗੁਰ ਸਿਖ ਕੋ ਨਿਰਧਨ ਜਾਨਾ।
ਸ਼ਕਤਿ ਹੀਨ ਮਨ ਮਹਿਂ ਪਹਿਚਾਨਾ।
ਅਪਨੀ ਕਲਾ ਕੁਛਕ ਦਿਖਰਾਵੌਂ।
ਤਬਿ ਇਸ ਕੀ ਸਭਿ ਸ਼ੰਕ ਮਿਟਾਵੌਂ- ॥੩੨॥
ਤਬਿ ਠਾਂਢੋ ਹੁਇ ਦ੍ਰਿਸ਼ਟਿ ਨਿਹਾਰੀ।
ਚਹੁੰਦਿਸ਼ਿ ਬਿਖੈ ਹੇਮ ਛਿਤ ਸਾਰੀ।
ਸਭਿ ਸਿਕਤਾ ਭੀ ਕੰਚਨ ਕਿਨਕੇ।
ਬਡੇ ਰੋਰ ਸਮ ਦਿਪਹਿਂ ਰਤਨ ਕੇ ॥੩੩॥
ਦੌਲੇ ਪੀਰ ਹੇਰਿ ਕਰਿ ਸਿਧਿ ਕੋ।
ਜਾਨਤਿ ਭਾ -ਪੂਰਨ ਸਭਿ ਬਿਧਿ ਕੋ।
ਲਛਮੀ ਕੀ ਪ੍ਰਵਾਹ ਇਸ ਨਾਂਹੀ।
ਸ਼ਾਹਨਸ਼ਾਹ, ਸ਼ਕਤਿ ਸਭਿ ਪਾਹੀ ॥੩੪॥
ਅਜਰ ਜਰਨ ਉਰ ਧੀਰਜ ਧਾਰੀ।
ਅਤਿ ਤਜਾਗੀ, ਨਾਂਹਿਨ ਹਿਤਕਾਰੀ[1]-।
ਹਾਥ ਜੋਰਿ ਕਦਮਨਿ ਪਰ ਪਰਜੋ।
ਰਹਿਨੀ ਦੇਖਿ ਸੁਜਸੁ ਬਹੁ ਕਰਜੋ ॥੩੫॥
'ਧੰਨ ਤੁਮਹਿ, ਗੁਰ ਧੰਨ ਤੁਮਾਰੋ।
ਇਤੀ ਸ਼ਕਤਿ ਸਭਿ ਰਿਦੇ ਸਹਾਰੋ।'
ਗੜ੍ਹੀਏ ਕਹਜੋ 'ਨ ਗੁਰ ਘਰ ਕਮੀ[1]।

[1]ਗੋਡੇ ਤੱਕ।

[1]ਮਾਇਆ ਦਾ) ਹਿਤ ਕਰਨ ਵਾਲਾ ਨਹੀਂ।

[1]ਘਾਟਾ।

ਬਲ ਦੀਰਘ ਤੇ ਹੋਵਤਿ ਛਮੀ[1]' ॥੩੬॥

ਇਮ ਕਹਿ ਦੌਲੇ ਤੇ ਹੁਇ ਬਿਦਾ।
ਮਗ ਕਸ਼ਮੀਰ ਪਜਾਨਯੋ ਤਦਾ।
ਜਬਿ ਪਹੁੰਚਯੋ ਸੰਗਤਿ ਸਭਿ ਆਈ।
ਕਰੇ ਭਾਉ ਕੋ ਸੀਸ ਨਿਵਾਈ ॥੩੭॥

ਪਦ ਰਜ ਸੋਂ ਮੁਖ ਪਰ ਕਰ ਫਿਰਯੋ[1]।
ਲਯੋ ਹੁਕਮ ਨਾਮਾ ਸਿਰ ਧਰਯੋ।
ਪਢਿ ਕਰਿ ਸਭਿ ਉਰ ਆਨੰਦ ਭਰਯੋ।
ਗੁਰੂ ਪੁਰਬ ਸੰਗਤਿ ਨੇ ਕਰਯੋ ॥੩੮॥

ਕਰਿ ਇਕਠੀ ਗੁਰ ਕਾਰ ਤਗੀਦ।
ਦੇ ਕੈ ਸਰਬ ਲਿਖਾਇ ਰਸੀਦ।
ਗੜ੍ਹੀਏ ਦਰਬ ਪਾਇ ਗੁਰ ਕੇਰੇ।
ਨਾਨਾ ਭੋਜਨ ਕੀਨਿ ਘਨੇਰੇ ॥੩੯॥

ਸਤਿਸੰਗਤਿ ਕੋ ਕਰਿ ਭੋਗਾਏ।
ਦਿਯੋ ਰੰਕ ਜੋ ਮਾਂਗਨਿ ਆਏ।
ਕਰਯੋ ਖਰਚ ਜੇਤਿਕ ਗੁਰ ਦਰਬਾ।
ਪੁਰਿ ਕਸ਼ਮੀਰ ਬਿਖੈ ਸੋ ਸਰਬਾ ॥੪੦॥

ਹਟਿ ਆਯਹੁ ਗੁਰ ਦਰਸਨ ਕੀਨਾ।
ਪਰਯੋ ਚਰਨ ਪਰ ਪ੍ਰੇਮ ਪ੍ਰਬੀਨਾ।
ਬੂਝਯੋ ਸਤਿਗੁਰ 'ਕਹੁ ਕਜਾ ਲਜਾਯਹੁ।
ਕਜਾ ਸੰਗਤਿ ਨੇ ਤੁਵ ਅਰਪਾਯਹੁ[1]' ॥੪੧॥

ਕਹਤਿ ਭਯੋ 'ਸੁਨਿ ਸ੍ਰੀ ਗੁਰ ਸ੍ਵਾਮੀ।
ਸਭਿ ਜਾਨਤਿ ਤੁਵ ਅੰਤਰਜਾਮੀ।
ਗੁਰ ਪੂਜਾ ਜੋ ਸਿੱਖਨਿ ਦੀਨੀ।
ਜੋ ਮੈਂ ਤੁਮ ਕੋ ਅਰਪਨ ਕੀਨੀ ॥੪੨॥

ਕਰਿ ਗੁਰਪੁਰਬ ਸਿੱਖ ਤ੍ਰਿਪਤਾਏ।
ਤੁਮ ਸਭਿ ਘਟ ਭੋਗੀ ਸੁਖ ਪਾਏ।'
ਸੁਨਿ ਕਰਿ ਸਤਿਗੁਰ ਬਿਗਸਨ ਕੀਨਾ।
'ਭਲੀ ਕਰੀ ਤੈਂ, ਸਿੱਖ ਪ੍ਰਬੀਨਾ!' ॥੪੩॥

ਸਰਬ ਮਸੰਦ ਜਿ ਗੁਰ ਅਗੁਵਾਈ।

[1]ਭਾਰੀ ਬਲ ਤੇ ਹੁੰਦਿਆਂ ਸਹਨਸ਼ੀਲ ਹੁੰਦੇ ਹਨ।

[1]ਫੇਰਿਆ।

[1]ਭੇਟਾ ਦਿੱਤੀ ਹੈ।

ਸਭਿਹਿਨਿ ਸੋਂ ਕਹਿ ਕੈ ਸਮੁਝਾਈ।
'ਜੋ ਕਸ਼ਮੀਰ ਕਾਰ ਧਨ ਭਾਰੀ।
ਹਮ ਗੜ੍ਹੀਏ ਤੇ ਲੀਨਿ ਸੰਭਾਰੀ' ॥੪੪॥
ਭਏ ਪ੍ਰਸੰਨ ਬਿਸਾਲ ਕ੍ਰਿਪਾਲਾ।
ਅਸ ਆਇਸੁ ਦੀਨੀ ਤਿਸ ਕਾਲਾ।
'ਅਬਿ ਤੁਮ ਗ੍ਰਿਹ ਬੈਠਹੁ ਸੁਖ ਪਾਵਹੁ।
ਸਿੱਖੀ ਜਗਤ ਬਿਖੈ ਬਿਦਤਾਵਹੁ ॥੪੫॥
ਪਰੀ ਥਾਇੰ ਸਭਿ ਘਾਲ ਤੁਮਾਰੀ।
ਗ੍ਰਿਹ ਮਹਿਂ ਸਿਮਰਹੁ ਨਾਮ ਮੁਰਾਰੀ।'
ਗੁਰ ਤੇ ਬਿਦਾ ਹੋਇ ਗ੍ਰਿਹ ਆਇਵ।
ਚਰਨ ਪ੍ਰੇਮ ਕਰਿ ਤੈਸੇ ਧਜਾਇਵ ॥੪੬॥
ਜੋ ਜਾਚਨ ਜਾਵਹਿ ਤਿਸ ਪਾਸੁ।
ਦੇ ਤਤਕਾਲ ਨਿਕਾਸਿ ਅਵਾਸ[1]।
ਜਬਿ ਖਰਚੀ ਤਿਸ ਤੇ ਥੁਰਿ ਜਾਇ।
ਜਾਚਨਹਾਰ ਆਇੰ ਸਮੁਦਾਇ ॥੪੭॥
ਤਬਿ ਇਹ ਬਾਤ ਪੁਕਾਰ ਕਹੰਤਾ।
'ਜੋ ਸੁਤ ਚਾਹੈ ਬਿਨ ਸੁਤਵੰਤਾ।
ਪੰਚ ਰਜਤਪਣ ਆਨਿ ਚਢਾਵਹਿ।
ਸੋ ਤਤਕਾਲ ਪੁੱਤ੍ਰ ਕੋ ਪਾਵਹਿ' ॥੪੮॥
ਇਮ ਲੇ ਕਰਿ ਭੂਖੇ ਕਉ ਦੇਵਹਿ।
ਸਿਮਰ ਨਾਮ ਸਤਿਗੁਰ ਕੋ ਸੇਵਹਿ।
ਸਦਾ ਰਹੈ ਮਨ ਤੇ ਉਪਕਾਰੀ।
ਕਰੁਨਾ ਕਰਹਿ ਹਰਿ ਨਰ ਨਾਰੀ ॥੪੯॥

[1]ਘਰੋਂ (ਧਨ) ਕੱਢਕੇ ਦੇ ਦੇਵੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਭਾਈ ਗੜੀਏ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥੫੧॥

੫੨. [ਪੰਡਤ ਨਿਤਾਨੰਦ ਦੀ ਕਥਾ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:

ਇਕ ਦਿਨ ਸ਼੍ਰੀ ਸਤਿਗੁਰ ਕਹ੍ਯੋ, 'ਕਥਾ
ਸੁਨਹਿਂ ਅਬਿ ਕੋਇ।'
ਪਠ੍ਯੋ ਵਟਾਲੇ ਨਗਰ ਕੋ, ਏਕ ਸਿੱਖ ਛਿਨ
ਸੋਇ[1] ॥੧॥

[1]ਉਸ ਛਿਨ।

ਚੌਪਈ:

'ਨਿਤਾਨੰਦ ਨਿਜ ਪੰਡਤਿ ਮਹਾਂ।
ਆਨ ਹਕਾਰਿ, ਬਸਹਿ ਪੁਰਿ ਤਹਾਂ।'
ਸੁਨਤਿ ਸਿੱਖ ਤੂਰਨ ਚਲਿ ਗਯੋ।
ਪੰਡਤ ਸੰਗ ਕਹਤਿ ਇਮ ਭਯੋ ॥੨॥
'ਤੁਮ ਤੇ ਕਥਾ ਸੁਨੀ ਗੁਰ ਚਾਹੈਂ।
ਪੁਸਤਕ ਲੇਹੁ ਚਲਹੁ ਤਿਨ ਪਾਹੈ।'
ਸੁਨਿ ਮੁਦ ਧਰਿ ਦਿਜ ਹਯੋਹੁ ਤਜਾਰੀ।
ਪਰ੍ਯੋ ਪੰਥ ਹੁਇ ਸਿੱਖ ਸੰਗਾਰੀ ॥੩॥
ਆਇ ਮਿਲ੍ਯੋ ਸਤਿਗੁਰ ਕੇ ਸੰਗ।
ਸਨਮਾਨ੍ਯੋ ਬਹੁ ਲਖਿ ਦਿਜ ਅੰਗ।
ਅਗਲੇ ਦਿਵਸ ਕਥਾ ਕਰਿਵਾਈ।
ਬਹੁ ਰਾਜਨਿ ਕੀ ਗਾਥ ਸੁਨਾਈ ॥੪॥
ਲਗਹਿ ਦਿਵਾਨ ਆਨਿ ਕਰਿ ਭਾਰਾ।
ਸੁਨਹਿਂ ਗੁਰੂ ਜੁਤਿ ਸਿੱਖ ਹਜ਼ਾਰਾ।
ਚਿਰ ਲੌ ਬੈਠਹਿਂ ਕਥਾ ਸੁਨਤੇ।
ਅਨਿਕ ਪ੍ਰਸੰਗਨ ਕੋ ਬਰਨੰਤੇ ॥੫॥
ਕੇਤਿਕ ਦਿਵਸ ਕਥਾ ਮਨ ਲਾਯੋ।
ਇਕ ਪ੍ਰਸੰਗ ਤਬਿ ਐਸੋ ਆਯੋ।
-ਜਮ ਕੀ ਪੁਰੀ ਦੂਰ ਮਗ ਜਾਇ।
ਏਕ ਬਰਖ ਮਹਿਂ ਨਰ ਪਹੁੰਚਾਇ- ॥੬॥
ਇਹ ਸੁਨਿ ਸਿੱਖਨਿ ਮਨ ਮਹਿਂ ਧਰ੍ਯੋ।
ਕਥਾ ਕਹਨਿ ਤ ਜਬਿ ਹਟਿ ਪਰ੍ਯੋ।
ਚਾਰ ਸਿੱਖ ਤਬਿ ਆਪਸ ਮਹੀਆ।
ਤਿਸ ਪ੍ਰਸੰਗ ਪਰ ਐਸੇ ਕਹੀਆ ॥੭॥

ਸੁੰਦਰ ਨਾਮ ਸਿੱਖ ਤਬਿ ਲਹਯੋ।
'ਪੰਥ ਬਰਖ ਕੋ ਪੰਡਿਤ ਕਹਯੋ।
ਮੈਂ ਗੁਰ ਕਰੁਨਾ ਤੇ ਚਲਿ ਜੈ ਹੌਂ।
ਚਾਰ ਪਹਿਰ ਕੇ ਬਿਖੈ ਸਿਧੈ ਹੌਂ' ॥੮॥
ਸੁਨਿ ਲਾਲਾ ਸਿਖ ਬੋਲਯੋ ਤਬੈ।
'ਗੁਰੂ ਦਯਾ ਤੇ ਉਲੰਘੌਂ ਸਬੈ।
ਦੋਇ ਪਹਿਰ ਕੋ ਮਾਰਗ ਮੇਰੋ।
ਪਹੁੰਚੌਂ, ਅਪਰ ਬਿਲਮ ਨਹਿਂ ਹੇਰੋਂ' ॥੯॥
ਪੁਨ ਮੱਯਾ ਸਿਖ ਬਾਕ ਬਖਾਨੇ।
'ਉਲੰਘੌਂ ਜਾਮ[1] ਦਯਾ ਗੁਰ ਠਾਨੇ।'
ਬਹੁਰ ਨਿਹਾਲੇ ਬਾਕ ਉਚਾਰੇ।
'ਗੁਰ ਕਰੁਨਾ ਤੇ ਨਿਮਖ ਮਝਾਰੇ[1]† ॥੧੦॥
ਜਾਉਂ ਪ੍ਰਲੋਕ ਜੁ ਪੰਡਿਤ ਭਨਿਓ†।'
ਇਮ ਆਪਸ ਮਹਿਂ ਕਹਿਓ ਸੁਨਿਓ+।
ਇਨ ਰੀਤਨ ਕੇ ਕਹੇ ਵਾਕ ਜਬਿ†।
ਪੰਡਿਤ ਇਨ ਕੀ ਦਿਸ਼ਾ ਦੇਖਿ ਤਬਿ ॥੧੧॥
ਬਿਸਮਯੋ ਮਨ ਮਹਿਂ ਗੁਰ ਸੰਗ ਬੂਝਾ।
'ਸਿਖਿ ਕਿਮ ਕਹਤਿ? ਕਹਾਂ ਇਨ ਸੂਝਾ?
ਬੇਦ ਬਯਾਸ ਕੇ ਕਰੇ ਪੁਰਾਨਾ।
ਤੁਮ ਹੀ ਜਾਨਹੁ ਕ੍ਰਿਪਾ ਨਿਦਾਨਾ! ॥੧੨॥
ਲਿਖਯੋ ਪੁਰਾਨ ਬਿਖੈ ਕੈ ਕੂਰ।
ਕੈ ਸਿਖ ਬੋਲਤਿ ਕੂਰ ਹਜ਼ੂਰ।
ਚਾਰਿ ਜਾਮ ਕੈ ਨਿਮਖ ਮਝਾਰਾ।
ਪੰਥ ਬਡੋ ਕਿਮ ਉਲੰਘਹਿਂ ਸਾਰਾ' ॥੧੩॥
ਤਬਿ ਸਤਿਗੁਰ ਗੁਰਦਾਸ ਨਿਹਾਰਾ।
'ਦਿਹੁ ਪੰਡਿਤ ਕੋ ਸੰਸੈ ਟਾਰਾ।
ਜਤਾ ਜੋਗ ਉੱਤਰ ਕੋ ਦੀਜੈ।

[1] ਇਕ ਪਹਿਰ ਵਿਚ।

[1] ਪਲ ਵਿੱਚ ਹੀ। †ਪਾ:-ਨਿਹਾਰੇ।

†ਕਈ ਨੁਸਖਿਆਂ ਵਿੱਚ ਇਹ ਦੋ ਤੁਕਾਂ ਨਹੀਂ ਹਨ।

†ਪਾ:-ਇਮ ਆਪਸ ਮਹਿ ਕਹਯੋ ਸੁਨਯੋ ਜਬ।

ਦਿਜਬਰ ਕੋ ਸ਼ਾਂਤੀ ਉਰ ਕੀਜੈ' ॥੧੪॥
ਗੁਰ ਰੁਖ਼ ਪਾਇ ਕਹ੍ਯੋ ਗੁਰਦਾਸ।
'ਸੁਨਹੁ ਬਿੱਪ੍ਰ ਸਚ ਕਹਿਂ ਤੁਮ ਪਾਸ।
ਕਹੇ ਬ੍ਯਾਸ ਕੇ ਸਕਲ ਪੁਰਾਨ।
ਹੈਂ ਸਾਚੇ ਸਭਿ ਸੁਨਹਿ ਜਹਾਨ ॥੧੫॥
ਸਤਿਗੁਰ ਕੇ ਸਿਖ ਸੋ ਭੀ ਸਾਚੇ।
ਸਦਾ ਉਪਾਸਨ ਗੁਰ ਕੀ ਰਾਚੇ[1]। — [1]ਰਚੇ ਹੋਏ।
ਕਰਮ ਕਾਂਡ ਮੈਂ ਜੋ ਜਗ ਜੀਵਾ[1]। — [1]ਜਗਤ ਦੇ ਜੀਅ ਜੋ ਕਰਮ ਕਾਂਡ ਵਿਚ (ਲਗੇ ਹਨ)।
ਕਰਹਿਂ ਸ਼ੁਭਾਸ਼ੁਭ ਸਰਬ ਸਦੀਵਾ ॥੧੬॥
ਤਿਨ ਕੋ[1] ਪੰਥ ਤਥਾ ਹੀ ਜਾਨਾ। — [1]ਭਾਵ ਕਰਮ ਕਾਂਡੀਆਂ ਦਾ।
ਪੁੰਨੀ ਕੋ ਅਸਵਾਰੀ ਨਾਨਾ।
ਤਊ ਬਰਖ ਦਿਨ ਮਹਿਂ ਤਹਿਂ ਜਾਇ।
ਲੇਖਾ ਧਰਮ ਰਾਇ ਢਿਗ ਪਾਇ ॥੧੭॥
ਜੇ ਪਾਪੀ ਤਿਨ ਮਾਰਤਿ ਜਾਤੇ।
ਦੁਖ ਕੋ ਪਾਇ ਸੁ ਪਾਇ ਪ੍ਰਯਾਤੇ[1]। — [1]ਪੈਰੀਂ ਤੁਰਦੇ ਹਨ।
ਸੋ ਭੀ ਜਾਹਿਂ ਬਰਖ ਦਿਨ ਮਾਂਹੀ।
ਲਹੈਂ ਸਜ਼ਾਇਨਿ ਅੰਤਕ ਪਾਹੀ[1] ॥੧੮॥ — [1]ਸਜ਼ਾਵਾਂ ਜਮ ਪਾਸੋਂ।
ਤਿਨ ਕੋ ਜਾਨੈ ਭਨਹਿ ਪੁਰਾਨ[1]। — [1]ਪੁਰਾਨ ਤਿਨ੍ਹਾਂ ਬਾਬਤ ਹੀ ਜਾਣਕੇ ਕਹਿੰਦਾ ਹੈ।
ਗੁਰ ਸਿੱਖਨਿ ਕੋ ਨਹਿਂਨ ਬਖਾਨ[1]। — [1]ਗੁਰਸਿੱਖਾਂ ਬਾਬਤ ਨਹੀਂ ਕਹਿੰਦਾ।
ਇਨ ਕੇ ਨਿਕਟਿ ਨਹੀਂ ਜਮ ਆਵੈ।
ਰਹੈ ਦੂਰ ਦੀਰਘ ਡਰ ਪਾਵੈ ॥੧੯॥
ਧਰਮਰਾਇ ਆਦਰ ਕਰਿ ਮਿਲੈ।
ਸਾਧ ਸਾਧ ਸਭਿ ਕਹਿਂ ਜਬਿ ਚਲੈਂ।
ਸ਼੍ਰੀ ਨਾਨਕ ਕੀ ਸਿੱਖੀ ਮਹਾਂ।
ਮਹਾਂ ਮਹਾਤਮ ਹੈ[†] ਜਹਿਂ ਕਹਾਂ ॥੨੦॥

[†]ਇਸ ਪ੍ਰਸੰਗ ਵਿੱਚ ਗੁਰਸਿੱਖੀ ਦੀ ਮਹਿਮਾ ਦੱਸੀ ਹੈ। ਗੁਰੂ ਦੇ ਸਿੱਖ ਨਾਮ ਜਪਦੇ ਹਨ, ਨਾਮ ਜਪਣਾ ਵਾਹਿਗੁਰੂ ਪ੍ਰੇਮ ਹੈ, ਉਨ੍ਹਾਂ ਦੀ ਡੋਰ ਹਰਿਚਰਨਾਂ ਵਿਚ ਲਗੀ ਹੁੰਦੀ ਹੈ, ਸੋ ਸਾਂਈ ਦਰ ਜਾਂਦੇ ਹਨ, ਉਨ੍ਹਾਂ ਨੂੰ ਕੌਣ ਰੋਕਣ ਵਾਲਾ ਹੈ। ਓਹ ਲੱਗੇ ਹਨ ਪਿਆਰੇ ਨਾਲ ਤੇ ਮਿਲ ਰਹੇ ਹਨ ਪਿਆਰੇ ਨਾਲ, ਜਾਣਾ ਆਉਣਾ ਉਨ੍ਹਾਂ ਦਾ ਕਿੱਥੇ ਹੈ ਜੋ ਜੀਉਂਦੇ ਜੀ ਅੰਤ੍ਰਾਤਮੇ ਮੇਲ ਵਿਚ ਰਹਿੰਦੇ ਹਨ। ਕਰਮਕਾਂਡੀ ਕਰਮਾਂ ਤੇ ਸੰਕਲਪਾਂ ਦੇ ਬੰਧਨ ਵਿਚ ਹੈਨ, ਕਰਮ ਤੇ ਸੰਕਲਪ ਨੂੰ ਅਪਨੇ ਅਗਜਾਨ ਦੇ ਬੰਧਨ ਹੈਨ।

ਜੇਤਿਕ ਬਲ ਜਿਸ ਮਹਿ ਹੁਇ ਆਵੈ।
ਤੇਤਿਕ ਕਹੈ ਨ ਕੂਰ ਅਲਾਵੈ।
ਇਨ ਸਿੱਖਨ ਮਹਿ ਸ਼ਕਤੀ* ਐਸੇ।

ਦਈ ਗੁਰੂ ਕੀ ਭਾਖਤਿ ਜੈਸੇ ॥੨੧॥
ਜੇ ਸ਼੍ਰੀ ਗੁਰ ਕਰੁਨਾ* ਫਲ ਪੈਂ ਹੈਂ।
ਨਿਮਖ ਨ ਲਗਹਿ ਤਹਿਂ ਪਹੁੰਚੈ ਹੈਂ।
ਸ਼੍ਰੀ ਗ੍ਰੰਥ ਮਹਿਂ ਬਹੁ ਥਲ ਕਹ੍ਯੋ†।
ਜਮ ਨਹਿਂ ਪਿਖਹਿ ਗੁਰੂ ਜਿਨ ਲਹ੍ਯੋ* ॥੨੨॥
ਯਾਂ ਤੇ ਗੁਰ ਮਹਿਮਾ ਬਹੁ ਬਾਰੀ।
ਨਹੀਂ ਮਹਾਤਮ ਜਾਇ ਉਚਾਰੀ।'
ਸੁਨਿ ਪੰਡਿਤ ਚਿਤਵਤਿ ਚਿਤਮਾਂਹੀ।
-ਕਹਾਂ ਕਥਾ ਉਚਰੌਂ ਗੁਰ ਪਾਹੀ ॥੨੩॥
ਭੂਤ ਭਵਿੱਖਤਿ ਕੇ ਇਹ ਗਯਾਤਾ।
ਸਗਰੇ ਜਗਤ ਪੂਜ ਬੱਖਯਾਤਾ।
ਦੇਸ਼ ਬਿਦੇਸ਼ਨ ਸਿੱਖ ਕਰੋਰ।
ਜੋ ਸਿਮਰਹਿਂ ਹਾਜ਼ਰ ਤਿਸ ਓਰ ॥੨੪॥
ਕਾਰਜ ਪੂਰਹਿਂ ਹੋਹਿਂ ਸਹਾਇ।
ਇਹ ਸਭਿ ਮਹਿਂ ਅਬਿ ਜਾਨੀ ਜਾਇ।
ਤਥਾ ਸਹਾਇਕ ਬਨਹਿਂ ਅਗਾਰੀ।
ਜਾਨੀ ਪਰਹਿ ਭਲੇ ਨਿਰਧਾਰੀ ॥੨੫॥
ਕਰਤਾ ਹਰਤਾ ਸਭਿ ਜਗ ਕੇਰਾ।
ਗਹੌਂ ਸ਼ਰਨ ਕਾਟਹਿਂ ਦੁਖ ਮੇਰਾ-।
ਇਮ ਬਿਚਾਰਿ ਕਰਿ ਪਾਇਨ ਪਰ੍ਯੋ।
'ਛਿਮਹੁ ਜਾਤਿ ਕੋ ਮਦ ਮੈਂ ਕਰ੍ਯੋ ॥੨੬॥
ਲਗ੍ਯੋ ਸੁਨਾਵਨਿ ਕਥਾ ਅਗਾਰੀ।
ਸਰਬ ਕਲਾ ਸਮਰਥ ਗੁਨਕਾਰੀ।
ਮਹਿਮਾ ਜਾਨੀ ਨਹੀਂ ਤੁਮਾਰੀ।
ਪਰ੍ਯੋ ਸ਼ਰਨ ਦਿਹੁ ਕੁਮਤਿ ਬਿਦਾਰੀ ॥੨੭॥
ਨਹੀਂ ਜਾਤਿ ਕੋ ਅਬਿ ਕੁਛ ਮਾਨ।
ਕਰਹੁ ਸਿੱਖ, ਸਭਿ ਬੰਧਨ ਹਾਨਿ।'
ਸੁਨਿ ਬਿਨਤੀ ਸਤਿਗੁਰ ਮੁਸਕਾਏ।

†ਯਥਾ:-ਗੁਰ ਸੇਵਾ ਜਮ ਤੇ ਛੁਟਕਾਰਿ॥ ਪੁਨ-ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥ ਪੁਨ:-ਦੂਰਿ ਰਹੀ ਉਹ ਜਨ ਤੇ ਬਾਟ॥

ਦਿਜ ਕੇ ਜਾਗੇ ਭਾਗ ਸੁਹਾਏ ॥੨੮॥
ਕਰਜੋ ਸਿੱਖ ਚਰਨਾਂਮ੍ਰਿਤ ਲੀਨਾ।
ਭਯੋ ਮਾਨ ਤੇ ਬਿੱਪ੍ਰ ਬਿਹੀਨਾ।
ਕ੍ਰਿਪਾ ਦ੍ਰਿਸ਼ਟਿ ਗੁਰ ਐਸੀ ਕਰੀ।
ਸਰਬ ਬਾਤ ਕੀ ਸੋਜੀ ਪਰੀ ॥੨੯॥
ਪੰਥ ਬਰਖ ਦਿਨ ਕੋ ਜੋ ਕਹਜੋ।
ਨਿਮਖ ਮਾਤ੍ਰ ਕੋ ਦਿਜਬਰ ਲਹਜੋ।
ਭਯੋ ਅਨੰਦ ਬਿਲੰਦੈ ਦੀਖਾ[1]।
ਦੇਨਿ ਜੁ ਅਯੋ ਆਪ ਲੀ ਸੀਖਾ[1] ॥੩੦॥
ਪੁਨ ਗੁਰ ਆਇਸੁ ਕਹਿ ਬਹੁ ਬਾਰੀ।
ਸਭਿ ਪੁਰਾਨ ਕੀ ਕਥਾ ਉਚਾਰੀ।
ਸਿੱਖ ਸੁਭਟ ਸਭਿ ਸੁਨਹਿਂ ਬਿਚਾਰਹਿਂ[†]।
ਸਤਿਗੁਰ ਮਹਿਮਾਂ ਮਹਾਂ ਉਚਾਰਹਿ ॥੩੧॥
ਪਰਜੋ ਭੋਗ ਧਨ ਦੀਨਿ ਬਿਸਾਲਾ।
ਹਲਤਿ ਪਲਤਿ ਦਿਜ ਕੀਨਿ ਨਿਹਾਲਾ।
ਪੁਨ ਸਭਿ ਸੰਗਤਿ ਦਰਬ ਚਢਾਯੋ।
ਅਤਿ ਅਨੰਦ ਕੋ ਰਿਦੇ ਉਪਾਯੋ ॥੩੨॥
ਰਹਨਿ ਲਗਜੋ ਸਤਿਗੁਰ ਕੇ ਪਾਸ।
ਧਨ ਕੋ ਭੇਜਜੋ ਅਪਨਿ ਅਵਾਸ।
ਨਿਤ ਸ਼੍ਰੀ ਹਰਿਗੋਵਿੰਦ ਨਿਹਾਰੈ।
ਚਲਿਤ ਅਨਿਕ ਅਸਚਰਜ ਬਿਚਾਰੈ ॥੩੩॥
ਸੰਗਤਿ ਦੂਰ ਦੂਰ ਤੇ ਆਵੈ।
ਮਨ ਬਾਂਛਤਿ ਸਗਲੇ ਬਰ ਪਾਵੈਂ।
ਅਨ ਗਨ ਧਨ ਨਿਤ ਆਇ ਉਪਾਇਨ।
ਜਗ ਪੂਜਹਿ ਕਮਲਨ ਸੇ ਪਾਇਨ ॥੩੪॥
ਕਰਹਿਂ ਅਖੇਰ ਬਿੱਤ੍ਰ ਮਨ ਭਾਈ।
ਬਿਚਰਹਿਂ ਕਾਨਨ ਮਹਿਂ ਸੁਖਦਾਈ।
ਨਿਤ ਹੀ ਨਵੇਂ ਬਿਲਾਸ ਹੁਵੰਤੇ।
ਅਨਗਨ ਨਰਨ ਉਧਾਰ ਕਰੰਤੇ ॥੩੫॥

[1]ਦੇਖਕੇ।

[1]ਸਿੱਖਿਆ ਲੀਤੀਓਸੁ।

[†]ਸੂਰਮਿਆਂ ਨੂੰ ਰਣਯੁੱਧ ਦੇ ਇਤਿਹਾਸ ਸੁਣਵਾਏ ਹੋਸਨ ਜੋ ਬੀਰਰਸ ਵਧੇ। ਦੇਖੋ ਅੱਗੇ ਅੰਕ ੩੭।

ਸ਼ਸਤ੍ਰਨ ਬਿੱਦਜਾ ਕੋ ਅੱਭਜਾਸ।
ਕਰਹਿ ਆਪ ਅਰੁ ਸੁਭਟ ਜਿ ਪਾਸ।
ਅਧਿਕ ਤੁਫੰਗਨ ਮਿਲਹਿ ਚਲਾਵਹਿ।
ਹਤਹਿ ਨਿਸ਼ਾਨੋ ਤੁਰੰਗ ਧਵਾਵਹਿ ॥੩੬॥
ਤੀਰਨਿ ਕੀ ਬਿੱਦਜਾ ਬਡ ਹੋਇ।
ਕਰਹਿ ਪ੍ਰਹਾਰਨਿ ਧਾਰਤਿ ਜੋਇ।
ਰਣ ਪ੍ਰਸੰਗ ਨਿਤ ਸੁਨਿਹਂ ਸੁਨਾਵਹਿ।
ਬਖਸ਼ਹਿ ਮੌਜ[1] ਅਨੰਦ ਉਪਾਵਹਿ ॥੩੭॥

[1]ਦੌਲਤ। ਬਖਸ਼ੀਸ਼। (ਦੇਖੋ ਰਾਸ ੫, ਅੰਸੂ ੧੫, ਅੰਕ ੯)।

ਤੁਰਕਨ ਮਾਰਨਿ ਕੀ ਰਨ ਗਾਥਾ।
ਕਰਹਿ ਆਪਨੇ ਸੁਭਟਨ ਸਾਥਾ।
'ਇਸ ਪ੍ਰਕਾਰ ਮਾਰੇ ਮਤਿ ਹੀਨੇ।
ਆਏ ਬ੍ਰਿੰਦ ਰਾਜ ਮਦ ਕੀਨੇ' ॥੩੮॥
ਰਣ ਬ੍ਰਿਤਾਂਤ ਜੈਸਿਕ[1] ਤਬਿ[†] ਭਯੋ।
ਸਗਰੇ ਜਗਤ ਬਿਖੈ ਪ੍ਰਗਟਯੋ।

[1]ਜਿਹੋ ਜਿਹਾ। [†]ਪਾ:-ਜਬ।

ਸਭਿਹਿਨਿ ਕੇ ਭਾ ਇਸ ਬਿਧ ਬੋਧਾ[1]।
'ਗੁਰ ਸਮਾਨ ਜਗ ਅਪਰ ਨ ਜੋਧਾ ॥੩੯॥

[1]ਗਿਆਨ।

ਅਤਿ ਦੀਰਘ[†] ਪਰ ਸੈਨ[1] ਗਿਨੈ।
ਏਕ ਹੋਇ ਤ ਇਕ ਹੀ ਹਨੈ।
ਬਹੁ ਥੋਰਨਿ ਕੀ ਨਹੀਂ ਬਿਚਾਰ।
ਜੁਟਹਿ ਜੰਗ ਸੇ ਲੀਨਸਿ ਮਾਰਿ ॥੪੦॥

[1]ਪਰਾਈ ਸੈਨਾਂ। [†]ਪਾ:-ਜਥਾ ਕ੍ਰਿਸ਼ਨ।

ਤੀਰਨਿ ਕੀ ਬਿੱਦਜਾ ਬਡ ਠਾਨੈਂ।
ਬਹੁਤਨ ਕੇ ਬਿਚ ਪਾਰ ਸੁ ਹਾਨੈ[1]।
ਜਿਨ ਕੋ ਧਨੁਖ ਕਠੋਰ ਬਿਸਾਲਾ।
ਕੋ ਨਹਿਂ ਐਂਚ ਸਕਹਿ ਇਸ ਕਾਲਾ ॥੪੧॥

[1]ਪਾਰ ਕਰਕੇ ਮਾਰ ਦਿੰਦੇ ਹਨ।

ਜੋ ਸਨਮੁਖ ਭਾ ਤਤਛਿਨ ਮਾਰਜੋ।
ਜੀਵਤਿ ਰਹਜੋ ਭਾਜਿ ਸੋ ਹਾਰਜੋ।'
ਇੱਤਜਾਦਿਕ ਜਸੁ ਜਗ ਮਹਿਂ ਜ਼ਾਹਿਰ।
ਕਹਤਿ ਮਿਲੈਂ ਨਰ ਘਰ ਕੈ ਬਾਹਰਿ

॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਬ੍ਰਿੱਪ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

੫੩. [ਬਾਬਾ ਬੁੱਢਾ ਪ੍ਰਲੋਕ ਗਮਨ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:

ਗ੍ਰਾਮ ਨਾਮ ਰਮਦਾਸ ਕੇ, ਤਹਾਂ ਬ੍ਰਿੱਧ ਕੇ ਧਾਮ।
ਕਰੇ ਬਿਤਾਵਨ ਦਿਨ ਕਿਤਿਕ, ਬ੍ਰਹਮਾਨੰਦ ਬਿੱਸ੍ਰਾਮ[1] ॥੧॥

ਚੌਪਈ:

ਤਜਨਿ ਸਰੀਰ ਸਮਾ ਨਿਯਰਾਵਾ।
ਸਕਲ ਭੇਵ ਬੁੱਢੇ ਲਖਿ ਪਾਵਾ।
ਰਿਦੇ ਮਨੋਰਥ ਐਸੇ ਕੀਨਿ।
ਅੰਤ ਸਮੋ ਅਪਨੋ ਢਿਗ ਚੀਨਿ ॥੨॥
-ਸ਼੍ਰੀ ਹਰਿ ਗੋਵਿੰਦੁ ਹੋਵਹਿਂ ਤੀਰ।
ਜਬਿ ਮੈਂ ਤਜਾਗਨਿ ਲਗੌਂ ਸਰੀਰ।
ਦੇਖਤਿ ਆਗੈ ਰੂਪ ਮੁਕੰਦਾ।
ਜਿਸ ਕੋ ਚਾਹਤਿ ਮੁਨਿਜਨ ਬ੍ਰਿੰਦਾ ॥੩॥
ਅਪਰ ਕਾਜ ਇਕ ਔਰ ਲਖਾਊਂ।
ਨਿਜ ਸੁਤ ਕੋ ਅਬਿ[†] ਕਰ ਪਕਰਾਊਂ।
ਉਚਿਤ ਅਹੈ ਮੋ ਕਹੁ ਇਹੁ ਕਰਨੀ।
ਹਮ ਸਗਰੇ ਸਤਿਗੁਰ ਕੀ ਸ਼ਰਨੀ ॥੪॥
ਲੋਕ ਪ੍ਰਲੋਕ ਆਦਿ ਅਰੁ ਅੰਤ।
ਹਮਰੋ ਨਹਿਂ ਕੋ, ਬਿਨ ਭਗਵੰਤੁ-।
ਇਮ ਬਿਚਾਰਿ ਕਰਿ ਸਿੱਖ ਹਕਾਰਾ।
ਭਾਉ ਸੁਮਤਿ ਜਿਸ ਬਹੁ ਉਰ ਧਾਰਾ ॥੫॥
ਨਿਕਟਿ ਬਿਠਾਇ ਸਕਲ ਸਮੁਝਾਈ।
'ਗੁਰ ਢਿਗ ਗਮਨਹੁ ਬਿਲਮ ਬਿਹਾਈ।
ਮਮ ਦਿਸ਼ਿ ਤੇ ਇਹ ਬਿਨੈ ਸੁਨਾਵਹੁ।
-ਦਾਸ ਕਦੀਮੀ ਲਖਿ ਕਰਿ ਆਵਹੁ ॥੬॥
ਜਿਮ ਕੁਰਖੇਤ੍ਰ ਬਿਖੈ ਰਣ ਠਾਨੇ।
ਕ੍ਰਿਸ਼ਨ ਹਸਤਨਾਪੁਰੀ ਪਯਾਨੇ।

[1]ਬ੍ਰਹਮਾਂਨੰਦ ਵਿਚ ਟਿਕ ਕੇ।

[†]ਪਾ:-ਤਿਨ।

ਸਭਿ ਪਾਂਡਵ ਕੋ ਲੇ ਕਰਿ ਸਾਥ।
ਅਭਿਸੇਂਚਜੋ[1] ਧਰਮਜ ਨਰਨਾਥ ॥੭॥
ਸਰ[1] ਸਿਹਜਾ ਪਰ ਭੀਸ਼ਮ ਪਰਜੋ।
ਧਰਮ ਨਿਬਾਹ ਆਪਨੋ ਕਰਜੋ।
ਅੰਤ ਸਮੈਂ ਅਪਨੋ ਤਿਨ ਜਾਨਾ।
ਕ੍ਰਿਸ਼ਨ ਹਕਾਰੇ ਧਰਿ ਕਰਿ ਧਜਾਨਾ ॥੮॥
ਤਤਛਿਨ ਅਪਨੋ ਸਿਮਰਨ ਚੀਨਾ[1]।
ਸਭਿ ਕੁਛ ਤਜਿ ਪ੍ਰਸਥਾਨੋ ਕੀਨਾ।
ਅੰਤ ਸਮੇਂ ਮਹਿਂ ਦਰਸ਼ਨ ਦਯੋ।
ਤੈਸੋ ਸਮੋਂ ਆਨਿ ਅਬਿ ਭਯੋ[†] ॥੯॥

[1]ਭਾਵ ਗਦੀ ਦਿੱਤੀ।

[1]ਬਾਣਾਂ ਦੀ।

[1]ਯਾਦ ਕਰਦਾ ਜਾਣਿਆਂ (ਭੀਸ਼ਮ ਨੂੰ ਕ੍ਰਿਸ਼ਨ ਜੀ ਨੇ)।

[†]ਕਵੀ ਜੀ ਆਪਣੀ ਵਾਕਫੀ ਦੇ ਦਾਇਰੇ ਦੇ ਹੋ ਚੁਕੇ ਪ੍ਰਸੰਗਾਂ ਦਾ ਦ੍ਰਿਸ਼ਟਾਂਤ ਦੇ ਰਹੇ ਹਨ, ਰਚਨਾਂ ਨੂੰ ਅਲੰਕ੍ਰਿਤ ਕਰਨੇ ਲਈ।

ਕ੍ਰਿਪਾ ਕਰਹੁ ਆਵਹੁ ਹਿਤ ਧਾਰੇ।
ਜਿਮ ਜਟਾਯੁ ਤਨ ਤਜਤਿ ਨਿਹਾਰੇ।
ਸੀਤਾ ਖੋਜਤਿ ਇਤ ਉਤ ਧਾਏ।
ਨਿਜ ਜਨ ਜਾਨਿ ਤੁਰਤ ਹੀ ਆਏ ॥੧੦॥
ਤਿਮ ਅਬਿ ਬਿਰਦ ਸੰਭਾਰਤਿ ਆਵਹੁ।
ਅਘ ਹਾਨੀ ਨਿਜ ਦਰਸ ਦਿਖਾਵਹੁ-।'
ਬ੍ਰਿਧ ਕੋ ਨਮੋ ਕਰਤਿ ਸਿਖ ਚਲਜੋ।
ਤੂਰਨ ਆਇ ਗੁਰੂ ਸੰਗ ਮਿਲਜੋ ॥੧੧॥
ਨਮਸਕਾਰ ਕਰਿ ਬ੍ਰਿੱਧ ਸੰਦੇਸਾ।
ਬੈਠਜੋ ਭਾਖਿ ਸੁਨਾਇ ਅਸ਼ੇਸ਼ਾ।
ਸੁਨਿ ਸਤਿਗੁਰ ਨਿਜ ਪ੍ਰਿਯ ਕੀ ਬਾਤ।
ਤਯਾਰੀ ਕਰੀ ਸ਼ੀਘ੍ਰ ਸਭਿ ਭਾਂਤਿ ॥੧੨॥
ਬਿਧੀਆ ਅਰੁ ਭਾਈ ਗੁਰਦਾਸ।
'ਬ੍ਰਿਧ ਤਨ ਅੰਤ' ਕਹਜੋ ਸਭਿ ਪਾਸ।
ਪੁਰਿ ਮਹਿਂ ਜਥੇਦਾਰ ਇਕ ਛੋਰਾ।
ਕਿਤਿਕ ਸੈਨ ਦੇ ਕਰਿ ਤਿਸ ਠੌਰਾ ॥੧੩॥
ਪੁਰਿ ਜਨ ਸਭਿ ਕੋ ਧੀਰਜ ਦੀਨਿ।
ਚਢਿਬੇ ਤੁਰੰਗ ਹਕਾਰਨਿ ਕੀਨਿ।

ਚਮੂੰ ਸਕਲ ਹ੍ਵੈ ਕਰਿ ਤਬਿ ਤਯਾਰ।
ਚਢੇ ਸੰਗ ਗੁਰ ਭੇ ਅਸਵਾਰ ॥੧੪॥
ਕੁਛਕ ਸੈਨ ਦੇ ਸੰਗ ਨਿਹਾਲੇ।
ਸੌਂਪਯੋ ਪੁਰਿ ਕੋ ਰਾਖਿ ਸੰਭਾਲੇ।
ਚਢਿ ਸਤਿਗੁਰ ਤਬਿ ਪੰਥ ਪਯਾਨੇ।
ਕਰੀ ਸ਼ੀਘ੍ਰਤਾ ਨਹਿਂ ਠਹਿਰਾਨੇ ॥੧੫॥
ਬਡੇ ਬੇਗ ਤੇ ਤੁਰੰਗ ਚਲਾਏ।
ਤੂਰਨ ਪੰਥ ਸੰਪੂਰਨ ਆਏ।
ਨਾਮਦੇਵ ਕੋ ਹੁਤੋ ਸਥਾਨ।
ਰੁਚਿਰ ਦੇਹੁਰਾ ਕਰਿਬੋ ਠਾਨਿ[1] ॥੧੬॥
ਬਿਨਾ ਕਬੀਰ ਭਗਤ ਜੋ ਔਰ।
ਸਭਿ ਕੇ ਬਿਖੈ ਲਖਯੋ ਸਿਰਮੌਰ।
ਉਤਰਿ ਤੁਰੰਗ ਤੇ ਬੰਦਨ ਕੀਨਿ।
ਪ੍ਰਭ ਕੋ ਭਗਤ ਲਖਯੋ ਰਸ ਭੀਨ ॥੧੭॥

[1]ਉਸ ਥਾਂ) ਕੀਤਾ ਹੋਇਆ ਸੀ।

ਜਤਾ ਮਤੰਗ ਮਨੀ ਕੇ ਆਸ਼੍ਰਮ।
ਪਹੁੰਚੇ ਰਘੁਪਤਿ[1] ਧਾਰਿ ਮਹਾਸ਼੍ਰਮ।
ਮੁਨਿ ਸਥਾਨ ਕੋ ਬੰਦਨ ਕੀਨੀ।
ਤਥਾ ਰੀਤਿ ਇਹ ਠਾਂ ਸਭਿ ਚੀਨੀ ॥੧੮॥

[1]ਸ਼੍ਰੀ ਰਾਮਚੰਦ੍ਰ ਜੀ।

ਕਰਤਿ ਸ਼ੀਘ੍ਰਤਾ ਪੰਥ ਮਝਾਰੀ।
ਬਸੇ ਨਿਸਾ ਇਕ ਗਏ ਅਗਾਰੀ।
ਗ੍ਰਾਮ ਸਮੀਪ ਜਬੈ ਪਹੁੰਚਯੋ।
ਦੇਖਿ ਦੂਰ ਤੇ ਇਕ ਨਰ ਗਯੋ ॥੧੯॥
'ਬ੍ਰਿੱਧ ਜੀ! ਹਰਿਗੋਬਿੰਦ ਆਏ।'
ਸੁਨਤਿ ਪ੍ਰੇਮ ਉਗਮਯੋ ਅਧਿਕਾਏ।
ਸਭਿ ਤਨ ਮਹਿਂ ਰੁਮੰਡ ਹੁਇ ਆਵਾ।
ਰੁਚਿਰ ਬਿਲੋਚਨ ਮਹਿਂ ਜਲ ਛਾਵਾ ॥੨੦॥
ਗਦਗਦ ਬਾਨੀ ਜਾਇ ਨ ਬੋਲਾ।
ਮਨਹੁੰ ਪਰੇਮ ਪੂਰਨ ਭਰਿ ਤੋਲਾ[1]।
ਉਠਿ ਕਰਿ ਗਮਨਯੋ ਭਯੋ ਸਥੰਭਾ।
ਚਲਤਿ ਨ ਪਗ ਮਨ ਮਾਨਿ ਅਚੰਭਾ

[1]ਮਾਨੋ ਪ੍ਰੇਮ ਦਾ ਤੋਲ (ਵਜ਼ਨ) ਪੂਰਨ ਭਰ ਗਿਆ ਹੈ।

॥੨੧॥
ਥਕਤਿ ਹੋਇ ਕਰਿ ਤਹਿਂ ਹੀ ਬੈਸਾ।
ਸਕਲ ਸ਼ਰੀਰ ਪਨਸ ਫਲ ਜੈਸਾ[1]।

ਮੂੰਦਿ ਬਿਲੋਚਨ ਲੇ ਰਸ ਧਜਾਨਾ।
ਭਯੋ ਪ੍ਰੇਮ ਤੇ ਬਿਬਸ ਮਹਾਨਾ ॥੨੨॥
ਇਤਨੇ ਮਹਿਂ ਗੁਰ ਗਏ ਅਵਾਸ।
ਸੰਗ ਲਿਏ ਬਿਧੀਆ ਗੁਰਦਾਸ।
ਅਚਲ ਸਮਾਧਿ ਮਨਹੁਂ ਚਿਰਕਾਲਾ।
ਬੈਠਜੋ ਜੋਗੀ ਕੋਈ ਬਿਸਾਲਾ ॥੨੩॥
ਦੇਖਤਿ ਰਹਿ ਗਏ ਠਾਂਢੇ ਸ੍ਵਾਮੀ।
ਲਖੀ ਰਿਦੈ ਗਤਿ ਅੰਤਰਜਾਮੀ।
ਅਧਿਕ ਪ੍ਰੇਮ ਗੁਰ ਕੇ ਉਰ ਆਵਾ।
ਦੌਨ ਬਿਲੋਚਨ ਜਲ ਭਰਿ ਆਵਾ ॥੨੪॥
ਨਹਿਂ ਕੁਛ ਕਹਜੋ ਗਯੋ ਰਹਿ ਖਰੇ।
ਤਬਿ ਗੁਰਦਾਸ ਬ੍ਰਿੱਧ ਪਗ ਧਰੇ।
ਕਰਿ ਬੰਦਨ ਕੋ ਕੁਛਕ ਹਿਲਾਏ।
ਪੰਕਜ ਸੇ ਲੋਚਨ ਬਿਕਸਾਏ ॥੨੫॥
ਪ੍ਰੇਮ ਬਿਬਸ ਜਬਿ ਸਤਿਗੁਰ ਹੇਰੇ।
ਤੂਰਨ ਗਹੇ ਪਾਇ ਤਿਸ ਬੇਰੇ।
ਨੰਮ੍ਰਿ ਭਏ ਸ਼੍ਰੀ ਹਰਿ ਗੋਵਿੰਦ।
ਗਹੇ ਬ੍ਰਿੱਧ ਕੇ ਪਦ ਅਰਬਿੰਦ ॥੨੬॥
ਬੈਠਨਿ ਕੇ ਸਥਾਨ ਲੇ ਗਏ।
ਸਭ ਸਿਖ ਬ੍ਰਿਧ ਕੋ ਬੰਦਤਿ ਭਏ।
ਤਹਿਂ ਕੇ ਸਿਖ ਗੁਰ ਕੋ ਕਿਯ ਨਮੋ।
ਬੈਠਤਿ ਭਏ ਬ੍ਰਿੰਦ ਤਿਹ ਸਮੋਂ ॥੨੭॥
ਬ੍ਰਿਧ ਸਾਹਿਬ ਕਰ ਜੋਰਿ ਉਚਾਰੀ।
'ਇਹ ਕੁਛ ਰੀਤਿ ਨਈ ਨ ਤੁਮਾਰੀ।
ਦਾਸਨ ਬਹਿ ਹੁਇ ਕਰੁਨਾ ਕਰਿ ਹੌਂ।
ਕਛੂ ਨ ਲੋਕ ਲਾਜ ਕੋ ਧਰਿ ਹੌਂ ॥੨੮॥
ਬਿਰਦ ਸੰਭਾਰਿ ਆਪਨੋ ਆਏ।
ਮੇਰੋ ਅੰਤ ਸਮਾਂ ਨਿਯਰਾਏ।
ਕ੍ਰਿਪਾ ਧਾਰਿ ਦਰਸ਼ਨ ਕੋ ਦੀਨਾ।

[1]ਕਟਹਰ ਦੇ ਫਲ ਵਰਗਾ, ਭਾਵ ਕਟਹਰ ਫਲ ਦੇ ਕੰਡਿਆਂ ਵਾਂਙੂ ਰੁਮਾਂਚ ਹੋ ਗਏ।

ਨਿਤ ਸਿੱਖਨਿ ਬਸਿ ਗੁਰੂ ਪ੍ਰਬੀਨਾ'
॥੨੯॥
ਸੁਨਿ ਸ੍ਰੀ ਗੁਰ ਸ਼ੁਭ ਉੱਤਰ ਦੀਨਾ।
'ਤੁਮ ਸਿੱਖੀ ਮਗ ਉੱਜਲ ਕੀਨਾ।
ਰਾਵਰ ਕੋ ਆਚਰਨ ਗਹੈਂਗੇ।
ਸੋ ਸਿਖ ਅਘ ਬੰਨ੍ਹੀ ਨ ਦਹੈਂਗੇ[1] ॥੩੦॥
ਤੋਰ ਨਾਮ ਲੇ ਸਿੱਖੀ ਧਰੈਂ।
ਕਹੋ ਕਜੋਂ ਨ ਭਵ ਸਾਗਰ ਤਰੈਂ।'
ਇਤਜਾਦਿਕ ਬਹੁ ਆਪਸ ਮਾਂਹੀ।
ਕਹੀ ਸੁਨੀ ਮਹਿਮਾ ਥਿਤ ਪਾਹੀ ॥੩੧॥
ਸੁੰਦਰ ਮੰਦਿਰ ਅੰਦਰ ਡੇਰਾ।
ਕਰਿਵਾਯਹੁ ਸਾਦਰ ਤਿਸ ਬੇਰਾ।
ਜਥਾ ਜੋਗ ਸਭਿ ਕੋ ਸੁਖ ਦਯੋ।
ਦੇਗ ਪ੍ਰਸਾਦ ਤਜਾਰ ਤਬਿ ਭਯੋ ॥੩੨॥
ਭਾਂਤਿ ਭਾਂਤਿ ਕੇ ਭੋਜਨ ਕਰੇ।
ਮਧੁਰ ਤੁਰਸ਼[1] ਬਹੁ ਸ੍ਵਾਦਨਿ ਭਰੇ।
ਨਿਕਟਿ ਬੈਠਿ ਗੁਰ ਕੋ ਅਚਵਾਯੋ।
ਪੁਨ ਸਭਿ ਸੈਨਾ ਕੋ ਬਰਤਾਯੋ ॥੩੩॥
ਸੁਪਤਨਿ ਸਮੈਂ ਜਾਨਿ ਬ੍ਰਿਧ ਭਾਈ।
ਮ੍ਰਿਦੁ ਸਿਹਜਾ ਸੁੰਦਰ ਡਸਿਵਾਈ।
ਭੂਮਾਸਨ ਅਪਨੋ ਤਬਿ ਕੀਨਿ।
ਸ਼੍ਰੀ ਹਰਿ ਗੋਵਿੰਦ ਸਭਿ ਬਿਧਿ ਚੀਨਿ
॥੩੪॥
ਤਜਿ ਸਿਹਜਾ ਭੂਮਾਸਨ ਕਰੇ।
ਬ੍ਰਿਧ ਸਾਹਿਬ ਕੇ ਢਿਗ ਗੁਰ ਥਿਰੇ।
ਨਿਸ ਮਹਿਂ ਬਚਨ ਬਿਲਾਸ ਕਰੰਤਿ।
ਭਨਤਿ ਭਏ ਸ਼੍ਰੀ ਗੁਰ ਭਗਵੰਤ ॥੩੫॥
'ਸ਼੍ਰੀ ਨਾਨਕ ਆਦਿਕ ਗੁਰ ਸਾਰੇ।
ਰਹੇ ਨਿਕਟਿ ਸਭਿ ਰੀਤਿ ਨਿਹਾਰੇ।
ਹਾਨ ਲਾਭ ਸਭਿ ਬਿਧਿ ਹੀ ਜਾਨਹੁ।
ਮੁਝ ਪ੍ਰਤਿ ਕੁਛ ਉਪਦੇਸ਼ ਬਖਾਨਹੁ
॥੩੬॥

[1] ਪਾਪਾਂ ਦੀ ਅੱਗ ਵਿਚ ਨਹੀਂ ਸੜਨਗੇ।

[1] ਖੱਟੇ।

ਸੇਵਕ ਜਾਨਿ ਦਯਾ ਰਸ ਢਰੀਅਹਿ।
ਸੀਛਾ ਭਲੀ ਬਤਾਵਨਿ ਕਰੀਅਹਿ।'
ਸੁਨਿ ਬ੍ਰਿਧ ਕਹਜੋ 'ਆਪ ਨਾਰਾਇਨ।
ਛਠਮ ਰੂਪ ਤੁਮ ਧਰਜੋ ਸੁਹਾਇਨ ॥੩੭॥
ਗਨ ਸਿੱਖਨਿ ਗੋ ਦਿਜ ਅਰੁ ਧਰਨੀ[1]।
ਧਰਜੋ ਦੇਹਿ ਰੱਛਾ ਇਨ ਕਰਨੀ।
ਧਜਾਨ ਬਿਖੈ ਆਰਾਧਤਿ ਜੋਗੀ।
ਭੋਗਨ ਹਿਤ ਸੇਵਤਿ ਸਭਿ ਭੋਗੀ ॥੩੮॥
ਬ੍ਰਹਮ ਆਤਮਾਨੰਦ ਸਰੂਪੁ।
ਠਾਨਤਿ ਅਚਰਜ ਚਲਿਤ ਅਨੂਪ।
ਸਭਿ ਕੋ ਸੀਖਕ[1] ਰਾਵਰ ਅਹੋ।
ਕਹਾਂ ਸੀਖ ਮੈਂ ਤੁਮ ਸੋਂ ਕਹੋਂ ॥੩੯॥
ਮਮ ਸੁਤ ਕੀ ਅਬਿ ਭੁਜਾ ਗਹੀਜੈ।
ਮਮ ਸਮਾਨ ਹੀ ਨਿਤ ਨਿਬਹੀਜੈ।
ਸ੍ਰੀ ਨਾਨਕ ਗੁਰ ਅੰਗਦ ਔਰ।
ਪੁਨ ਕੁਲ ਭੱਲਜਨਿ ਕੇ ਸਿਰਮੌਰ ॥੪੦॥
ਸ੍ਰੀ ਗੁਰ ਰਾਮਦਾਸ, ਗੁਰ ਅਰਜਨ?
ਕਰੀ ਸੁ ਬਹੁ ਸਿੱਖੀ ਜਗ ਸਿਰਜਨ।
ਮੇਰੀ ਬਾਤ ਜਥਾ ਨਿਰਬਾਹੀ।
ਤਿਮ ਮਮ ਸੁਤ ਰਹਿ ਤੁਮਰੇ ਪਾਹੀ' ॥੪੧॥
ਇਮ ਕਹਿ ਅਪਨੋ ਸੁਤ ਬੁਲਵਾਯੋ।
ਚਰਨ ਪਾਇ ਗੁਰ ਨਿਕਟਿ ਬਿਠਾਯੋ।
ਭਾਨਾ[1] ਹਾਥ ਗਹਜੋ ਨਿਜ ਹਾਥ।
ਗਹਿਵਾਈ ਤਬਿ ਹੀ ਪਿਖਿ ਨਾਥ ॥੪੨॥
ਸ੍ਰੀ ਹਰਿ ਗੋਵਿੰਦ ਗਹਿ ਕਰ ਸਾਥੇ।
ਰਾਖੀ ਬਾਹੁ ਤਾਂਹਿ, ਨਿਜ ਮਾਥੇ।
ਕਹਿ ਬਹੁ ਬਿਧਿ ਸੋਂ ਧੀਰਜ ਦੀਨਾ।
ਅਪਰ ਕਰੀ ਚਰਚਾ ਰਸ ਭੀਨਾ ॥੪੩॥
ਤੀਨ ਪਹਿਰ ਜਾਗਤਿ ਹੀ ਰਹੇ।

[1]ਸਿੱਖਾਂ, ਗਊਆਂ, ਬ੍ਰਹਮਨਾਂ (ਭਾਵ ਭਲੇ ਪੁਰਖਾਂ, ਸੰਤਾਂ) ਤੇ ਪ੍ਰਿਥਵੀ ਲਈ।

[1]ਸਿੱਖਿਆ ਦੇਣ ਵਾਲੇ।

[1]ਬ੍ਰਿਧ ਜੀ ਦੇ ਸਪੁੱਤ੍ਰ ਜੀ ਦਾ ਨਾਮ ਹੈ।

ਬ੍ਰਿਧ ਕੇ ਬਾਕ ਸੁਨੇ ਅਰੁ ਕਹੇ।
ਆਇਸੁ ਗੁਰ ਕੀ ਲੇ ਉਠਿ ਖਰਜੋ।
ਜਲ ਸੀਤਲ ਸੋਂ ਮੱਜਨ ਕਰਜੋ ॥੪੪॥
ਪੁਨ ਸ਼੍ਰੀ ਹਰਿ ਗੋਵਿੰਦੁ ਢਿਗ ਆਯੋ।
ਬੈਠਜੋ ਸਨਮੁਖ ਉਰ ਹਰਖਾਯੋ।
ਇਕ ਚਿਤ ਹ੍ਵੈ ਕਰਿ ਜਪੁਜੀ ਸਾਰਾ।
ਸਨੇ ਸਨੇ ਸੰਭਾਰਿ ਉਚਾਰਾ ॥੪੫॥
ਪਠਿ ਕਰਿ ਗੁਰ ਦਿਸ਼ਿ ਬੰਦਨ ਕੀਨਿ।
ਨਿਜ ਦਾਸਨਿ ਕੋ ਆਇਸੁ ਦੀਨ।
'ਪਾਵਨ ਕੁਸ਼ਾ ਕਰਹੁ ਛਿਤੁ ਪਾਵਨ†।
ਬੈਠਿ ਸ਼ਬਦ ਕੋ ਕੀਜੈ ਗਾਵਨ ॥੪੬॥
ਸਭਿ ਸੁਗੰਧਿਤਾ ਕਰਿ ਛਿਰਕਾਵਨਿ।
ਸੱਤਿਨਾਮ ਸਿਮਰਹੁ ਹਰਿਖਾਵਨ।
ਦੀਪਕ ਬ੍ਰਿੰਦ ਬਾਰ ਕਰਿ ਧਰੀਅਹਿ।
ਸੰਗਤਿ ਸਗਲ ਇਕੱਤਰ ਕਰੀਅਹਿ' ॥੪੭॥
ਸੁਨਿ ਬ੍ਰਿਧ ਹੁਕਮ ਦਾਸ ਗਨ ਆਏ।
ਕਹਜੋ ਜਥਾ ਸਭਿ ਕਾਜ ਬਨਾਏ।
ਸ਼੍ਰੀ ਹਰਿ ਗੋਵਿੰਦ ਕੇਰ ਅਗਾਰੀ।
ਹਾਥ ਜੋਰਿ ਬਹੁ ਬਿਨੈ ਉਚਾਰੀ ॥੪੮॥
'ਆਇਸੁ ਦੀਜੈ ਅੱਗ੍ਰ ਸਿਧਾਊਂ।
ਪਦਵੀ ਪਰਮ ਆਪ ਕੀ ਪਾਊਂ।'
ਸਤਿਗੁਰ ਕਹਜੋ 'ਬਿਰਾਜਹੁ ਪਜਾਰੇ!
ਗਗਨ ਸਮਾਨ ਬਿਆਪਹੁ ਸਾਰੇ' ॥੪੯॥
ਸੁਨਿ ਪੌਢਜੋ ਕੁਸ਼ ਆਸਨ ਊਪਰ।
ਸੇਤ ਬਸਤ੍ਰ ਕੋ ਲੀਨਿ ਤਨੂਪਰ[1]।
ਖੁਲ੍ਹੇ ਬਿਲੋਚਨ ਸਨਮੁਖ ਹੇਰਤਿ।
ਸਤਿਗੁਰ ਕ੍ਰਿਪਾ ਦ੍ਰਿਸ਼ਟਿ ਸੋਂ ਪ੍ਰੇਰਤਿ ॥੫੦॥

†ਏਹ ਭਰਮ ਸਤਿਗੁਰ ਦੇ ਘਰ ਵਿਚ ਨਹੀਂ ਹੈਸਨ। ਬਾਬੇ ਬੁੱਢੇ ਜੈਸੇ ਪਰਮਪਦ ਦੇ ਮਾਲਕ ਨੂੰ ਕਿਸੇ ਐਸੀ ਰਸਮ ਦੀ ਲੋੜ ਨਹੀਂ। ਦੀਵਾ ਆਦਿ ਹੋਰ ਕੋਈ ਭਰਮ ਨਹੀਂ ਕੀਤਾ, ਨਿਰਾ ਕੁਸ਼ਾ ਦਾ ਭਰਮ ਬ੍ਰਿਥਾ ਹੈ, ਹਾਂ ਸਫ਼ਾਈ, ਖੁਸ਼ਬੋ ਰੋਸ਼ਨੀ ਇਹ ਸੁਹਣੀਆਂ ਗੱਲਾਂ ਹਨ।

[1]ਤਨ ਉੱਤੇ।

ਤਨ ਕੋ ਤਜਾਗਿ ਪਰਾਨ ਜਬਿ ਗਯੋ।
ਗੁਰੂ ਬਿਖੈ ਲੈ ਹੋਵਤਿ ਭਯੋ।
ਤਜੀ ਰਹੀ ਤਹਿਂ ਕਾਂਯਾਂ ਖਾਲੀ।
ਜਨੁ ਗਜ ਫੂਲ ਮਾਲ ਕੋ ਡਾਲੀ ॥੫੧॥
ਸੁਗਮ ਦੇਹਿ ਤੇ ਹੋਯੋ ਭਿੰਨ।
ਜੋ ਗੁਰ ਸੋਂ ਨਿਤ ਰਹਜੋ ਅਭਿੰਨ।
ਧੰਨ ਜਨਮ ਨਿਤ ਪਰਉਪਕਰੀ।
ਜਨੁ ਸਿੱਖੀ ਕੀ ਨੀਵ ਉਸਾਰੀ ॥੫੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਭਾਈ ਬੁੱਢੇ ਤਨ ਤਜਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਸਤਿ ਅੰਸੂ ॥੫੩॥

੫੪. [ਮਾਈ ਦੇਸਾਂ ਜੱਟੀ ਨੂੰ ਸੱਤ ਪੁੱਤ ਬਖਸ਼ੇ]

੫੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਬ੍ਰਿਧ ਸਾਹਿਬ ਜੀ ਮਹਾਂ ਸਿਖ,
ਜੈਸੇ ਭਗਤ ਕਬੀਰ।
ਦੇਹਿ ਅੰਤ ਸੁਰ ਜਾਨਿ ਕੈ,
ਆਇ ਬਿਮਾਨਨਿ ਭੀਰ ॥੧॥

ਚੌਪਈ:

ਅਰਣ ਬਰਣ ਭਾ ਗਗਨ ਮਝਾਰਾ।
ਮਿਲਿ ਸੁਰ ਜੈ ਜੈ ਕਾਰ ਉਚਾਰਾ।
ਬੈਠੇ ਸ਼੍ਰੀ ਹਰਿ ਗੋਵਿੰਦ ਚੰਦ।
ਅਭਿਬੰਦਨ ਕੀਨਸਿ ਕਰ ਬੰਦਿ ॥੨॥
ਉਤਸਵ ਰਚਿਤਿ ਕੁਲਾਹਲ ਰੋਵਾ।
ਨਭ ਅਵਨੀ ਮਹਿਂ ਅਚਰਜ ਜੋਵਾ।
ਆਸਾਵਾਰ ਰਬਾਬੀ ਗਾਵਹਿਂ।
ਬਹੁ ਬਿਰਾਗ ਕੇ ਸ਼ਬਦ ਸੁਨਾਵਹਿਂ ॥੩॥
ਸ਼ਬਦ ਸੁਨਤਿ ਪ੍ਰਭਾਤਿ ਹੁਇ ਆਈ।
ਕਹਿ ਸਤਿਗੁਰ ਤਯਾਰੀ ਕਰਿਵਾਈ।
ਜ਼ਰੀ ਬਾਦਲਾ ਸਹਤ ਬਿਮਾਨ।
ਫੂਲਨ ਮਾਲਾ ਛਾਇ ਮਹਾਨ ॥੪॥
ਬ੍ਰਿਧ ਕੋ ਤਬਿ ਸ਼ਨਾਨ ਕਰਿਵਾਯੋ।
ਨਰਨ ਉਚਾਇ ਬੀਚ ਪੌਢਾਯੋ।
ਊਪਰ ਸੁੰਦਰ ਪਾਇ ਦੁਸ਼ਾਲੇ।
ਸਤਿਗੁਰ ਆਪ ਬਿਮਾਨ ਉਠਾਲੇ ॥੫॥
ਭਾਨਾ, ਬਿਧੀ ਚੰਦ, ਗੁਰਦਾਸ।
ਸੰਗਤਿ ਘਨੀ ਲਗੀ ਚਹੁੰ ਪਾਸ।
ਬ੍ਰਿਧ ਪੋਤਾ ਤਬਿ ਚਵਰ ਢੁਰਾਵੈ।
ਆਗੇ ਗਮਨ ਸ਼ਬਦ ਕੋ ਗਾਵੈ ॥੬॥
ਅਤਰ ਗੁਲਾਬ ਮਹਿਕ ਛਿਰਕਾਵਾ।
ਲਘੁ ਦੀਰਘ ਬਾਦਤ[1] ਬਜਵਾਵਾ।
ਧਨ ਬਰਖਾਵਤਿ ਘਨੋ ਅਗਾਰੀ।
ਧਨ, ਘਰ ਕੀ ਨਰ ਪ੍ਰੀਤਿ ਵਿਸਾਰੀ ॥੭॥

[1]ਵਾਜੇ।

ਸਗਰੇ ਸਿਮਰਤਿ ਮਰਨ ਕਰਾਲਾ।
ਵਿਸ਼ਯ ਵਿਰਾਗੀ ਭਏ ਬਿਸਾਲਾ[1]।

[1]ਭਜਾਨਕ ਮੌਤ ਸਭ ਨੂੰ ਯਾਦ ਹੈ, ਵਿਸ਼ਿਆਂ ਤੋਂ ਬਹੁਤ ਵੈਰਾਗੀ ਹੋ ਰਹੇ ਹਨ। (ਦੇਖੋ ਅੰਕ ੧੪)।

ਬ੍ਰਿਧ ਕੋ ਅਸ ਪ੍ਰਤਾਪ ਤਹਿਂ ਛਾਵਾ।
ਸਿੱਖਨਿ ਮਨ ਨਿਰਮਲ ਹੁਇ ਆਵਾ ॥੮॥
ਚੰਦਨ ਚਿਖਾ ਰਚੀ ਤਿਸ ਕਾਲਾ।
ਊਪਰ ਧਰਿ ਜਵ ਤਿਲ ਘ੍ਰਿਤ ਡਾਲਾ।
ਭਾਨਾ ਲੇ ਕਰ ਲਾਂਬੂ ਲਾਯੋ।
ਸ਼ਬਦ ਰੁਦਨ ਕੋ ਤਬਹਿ ਉਠਾਯੋ ॥੯॥
ਲਖਿ ਪ੍ਰਿਯ ਅਤਿ ਸ਼੍ਰੀ ਹਰਿਗੋਵਿੰਦ।
ਤਜੇ ਬਿਲੋਚਨ ਤੇ ਜਲ ਬੁੰਦ।
ਗੁਰ ਕੋ ਪਿਖਿ ਸਭਿ ਕੀਨਿ ਵਿਰਾਗਾ।
ਕਰਿ ਕਪਾਲ ਕ੍ਰਿਆ ਮਨੁ ਰਾਗਾ[1]† ॥੧੦॥

[1]ਮਨ ਦਾ ਪ੍ਰੇਮ ਕਰਕੇ। †ਪਾ:-ਅਨੁਰਾਗਾ।

ਕਰਿ ਸ਼ਨਾਨ ਗੁਰ ਜੁਤਿ ਸਮੁਦਾਏ।
ਸਨੇ ਸਨੇ ਡੇਰੇ ਕਉ ਆਏ।
ਬੈਠਿ ਲਗਾਯੋ ਅਧਿਕ ਦਿਵਾਨ।
ਮਿਲੀ ਸਕਲ ਹੀ ਸੰਗਤਿ ਆਨਿ ॥੧੧॥
ਸਿੱਖ ਅਜਿੱਤੇ ਚਰਿਤ ਨਿਹਾਰਾ[1]।

[1]ਅਜਿਤੇ ਨੇ ਕੌਤਕ ਵੇਖਿਆ।

ਬ੍ਰਿਧ ਪ੍ਰਤਾਪ ਜਸੁ ਚਹਤਿ ਬਿਥਾਰਾ।
ਹਾਥ ਜੋਰਿ ਸਭਿ ਬਿਖੈ ਬਖਾਨਾ।
'ਸ਼੍ਰੀ ਗੁਰ ਸੰਸੈ ਦਿਹੁ ਮਮ ਹਾਨਾ ॥੧੨॥
ਜਬਿ ਸਸਕਾਰਨਿ ਕੋ ਲੇ ਚਾਲੇ।
ਪਿਖ੍ਯੋ ਸਭਿਨਿ ਸਿਰ ਛਤ੍ਰ ਬਿਸਾਲੇ।
ਕਰਿ ਕੈ ਦਾਹੁ ਜਬੈ ਹਟਿ ਆਏ।
ਤੁਮ ਪਰ ਹੀ ਇਕ ਛਤ੍ਰ ਸੁਹਾਏ ॥੧੩॥
ਕਹੋ ਕ੍ਰਿਪਾ ਕਰਿ ਕਸਾ ਇਹ ਭਯੋ?'
ਸੁਨਿ ਸਤਿਗੁਰ ਤਿਹ ਉੱਤਰ ਦਿਯੋ।
'ਜਬਹਿ ਗਏ ਸਿਮਰਤਿ ਸਭਿ ਮਰਨਾ।
ਜਗ ਵਿਰਾਗ ਧਾਰਜੋ ਰਸ ਕਰੁਨਾ[1] ॥੧੪॥

[1]ਕਰੁਣਾਰਸ।

ਤਹਿਂ ਤੇ ਜਬਿ ਪੁਰਿ ਦਿਸ਼ਿ ਹਟਿ ਆਏ।
ਸੁਤ ਤ੍ਰਿਯ ਧਨ ਸੰਕਲਪ ਉਠਾਏ।
ਫਸੇ ਮੋਹ ਮਨ ਪ੍ਰਥਮ ਸਮਾਨੇ।
ਯਾਂ ਤੇ ਛਤ੍ਰ ਭਏ ਸਭਿ ਹਾਨੇ[1]' ॥੧੫॥

[1]ਭਾਵ ਏਹ ਕਿ ਗੁਰੂ ਜੀ ਪੂਰਨ ਵਿਰਾਗ ਵਿਚ ਸਦਾ ਰਹਿੰਦੇ ਹਨ।

ਪੁਨ ਭਾਨੇ ਸਾਹਿਬ ਕੋ ਧੀਰ।
ਦੇਤਿ ਭਏ ਬਹੁ ਬਿਧਿ ਬਰ ਬੀਰ।
'ਹੋਨਹਾਰ ਕੀ ਚਿੰਤ ਨ ਕਰੀਯਹਿ।
ਸਭਿ ਜਗ ਕੀ ਇਹ ਰੀਤਿ ਨਿਹਰੀਅਹਿ ॥੧੬॥
ਜਨਮ ਧਾਰਿ ਜਗ ਕਰਮ ਕਮਾਵੈ।
ਆਇ ਕਾਲ ਸਭਿ ਤਨ ਬਿਨਸਾਵੈ।
ਸਾਧਿ ਲੀਨਿ ਜਿਨਹੁ ਪਰਲੋਕ।
ਜਸ ਬਿਸਤਾਰਹਿ ਪੁਰਿ ਪੁਨਿ ਓਕ[1] ॥੧੭॥

[1]ਨਗਰ ਨਗਰ ਤੇ ਫਿਰ ਘਰ ਘਰ ਵਿਚ।

ਸੇ ਨਹਿਂ ਮਰੇ ਜਿਯਤਿ ਸਭਿ ਕਾਲਾ।
ਅਪਰ ਮਰੇ ਦੁਖ ਲਹਹਿਂ ਬਿਸਾਲਾ।
ਬ੍ਰਿਧ ਜੀ ਆਪ ਤਰੇ ਜਗ ਸਾਗਰ।
ਤਾਰੇ ਸਿੱਖ ਸਮੂਹ ਉਜਾਗਰ ॥੧੮॥
ਇਨ ਕੀ ਸਮਤਾ ਨਹਿਂ ਕਿਸ ਮਾਂਹੀ।
ਸਦ ਅਟੱਲ ਜਸੁ ਮਿਟਹਿ ਸੁ ਨਾਂਹੀ।
ਗੁਰ ਕੇ ਸਿੱਖ ਭਾਉ ਉਰ ਧਾਰੀ।
ਇਨ ਕੀ ਕੀਰਤਿ ਕਰਹਿਂ ਉਚਾਰੀ' ॥੧੯॥
ਇੱਤਜਾਦਿਕ ਸਤਿਗੁਰੂ ਬਖਾਨਾ।
ਕਰਿ ਉਪਦੇਸ਼ ਦ੍ਰਿੜਾਇ ਸੁ ਗਜਾਨਾ।
ਸੁਨਿ ਗ੍ਰਾਮਨਿ ਤੇ ਸੰਗਤਿ ਆਵੈ।
ਸਭਿ ਭਾਨੇ ਕੋ ਆਨਿ ਬੁਲਾਵੈਂ ॥੨੦॥
ਸਤਿਗੁਰ ਕਹਿ ਕਰਿ ਦੇਗ ਕਰਾਈ।
ਸਭਿ ਸੰਗਤਿ ਕੋ ਦੀਨਿ ਬ੍ਰਤਾਈ।
ਭਾਨੇ ਸਹਤ ਆਪ ਪੁਨ ਖਾਯੋ।
ਜਥਾ ਜੋਗ ਸਭਿ ਕਾਜ ਕਰਾਯੋ ॥੨੧॥

ਮ੍ਰਿਤਕ ਕ੍ਰਿਆ† ਸਗਰੀ ਕਰਿਵਾਏ।

†ਮ੍ਰਿਤਕ ਕ੍ਰਿਆ ਆਦਿ ਪਰ ਅੱਗੇ ਲਿਖ ਆਏ ਹਾਂ ਦੇਖੋ ਰਾਸਿ ੨ ਅੰਸੂ ੨੪ ਅੰਕ ੪੧ ਤੇ ਰਾਸਿ ੪ ਅੰਸੂ ੨੩ ਅੰਕ ੨੭ ਦੀਆਂ ਹੇਠਲੀਆਂ ਟੂਕਾਂ। ਇਸ ਲਈ ਇਹ ਸੰਭਵ ਨਹੀਂ ਕਿ ਭਾਈ ਬੁੱਢੇ ਵਰਗੇ ਪੂਰਨ ਪੁਰਖ ਨੂੰ ਕਿਸੇ ਕ੍ਰਿਆ ਦੀ ਲੋੜ ਹੋਵੇ ਤੇ ਤਾਰਨਹਾਰ ਸਤਿਗੁਰੂ ਜੀ ਆਪ ਐਸੇ ਕਰਮ ਕਰਵਾਉਂਦੇ ਜੋ ਕਿ ਆਦਿ ਪਾਤਸ਼ਾਹੀ ਤੋਂ ਵਿਵਰਜਤਿ ਹੁੰਦੇ ਆਏ ਸਹੀ ਹੁੰਦੇ ਹਨ, ਜੈਸੇ ਕਿ ਕਵੀ ਜੀ ਨੇ ਦੱਸਿਆ ਹੈ ਕਿ ਦੂਜੇ ਸਤਿਗੁਰਾਂ ਨੇ ਹੁਕਮ ਦਿੱਤਾ ਸੀ:

ਜਗ ਅਰ ਕੁਲ ਤੇ ਜਿਤਕ ਅਚਾਰੇ। ਹਮਰੇ ਹੇਤ ਨਹੀਂ ਕੁਛ ਕਰਨਾ। ਕੀਰਤਿ ਪਠਿ ਸੁਨਿ ਨਾਮ ਸਿਮਰਨਾ। ਕਰਹੁ ਅਨੰਦ ਮੰਗਲਾਚਾਰਾ। ਦੇਹੁ ਸਰੀਰ ਅਗਨਿ ਸਸਕਾਰਾ। [ਰਾ: ੧ ਅੰ: ੨੦-੩] ਦੂਸਰੇ, ਜੀਵਨ ਚਰਿਤ੍ਰ ਭਾਈ ਬੁੱਢਾ ਸਾਹਿਬ ਜੀ ਵਿਚ ਮ੍ਰਿਤਕ ਕ੍ਰਿਆ ਤੇ ਫੁੱਲ ਗੰਗਾ ਜਾਣੇ ਨਹੀਂ ਲਿੱਖੇ।

ਦਿਨ ਚੌਥੇ ਮਹਿਂ ਅਸਥਿ ਚੁਨਾਏ।
ਕਰੇ ਸੰਗ ਮਾਨਵ ਸਮੁਦਾਏ।
ਸ੍ਰੀ ਗੰਗਾ ਮਹਿਂ ਦੀਨਿ ਪੁਚਾਏ* ॥੨੨॥
ਪਾਠ ਗ੍ਰਿੰਥ ਕੋ ਸਭਿ ਕਰਿਵਾਯੋ।
ਸ਼੍ਰੀ ਗੁਰਦਾਸ ਪਢਜੋ ਮਨ ਲਾਯੋ।
ਨਿਤ ਨਵੀਨ ਸੰਗਤਿ ਬਹੁ ਆਵੈ।
ਕਿਤਿਕ ਰਹੈਂ ਢਿਗ ਕਿਤਿਕ ਸਿਧਾਵੈਂ ॥੨੩॥
ਦਿਵਸ ਤ੍ਰਯੋਦਸ਼ੀ ਕੋ ਜਬਿ ਆਯੋ।
ਬੈਠੇ ਗੁਰੂ ਦਿਵਾਨ ਲਗਾਯੋ।
ਭੋਗ ਪਵਾਇ ਗ੍ਰੰਥ ਕੋ ਜਬੈ।
ਪਗ ਭਾਨੇ ਕੋ ਦੀ ਗੁਰ ਤਬੈ ॥੨੪॥
ਸ਼੍ਰੀ ਬ੍ਰਿਧ† ਕੀ ਗਾਦੀ ਪਰ ਥਿਰਜੋ[1]।
ਦੇ ਨਰ ਭੇਟ ਪ੍ਰਨਾਮ ਸੁ ਕਰਜੋ।
ਸ਼ਬਦ ਬਿਲਾਵਲ ਆਨੰਦ ਗਾਯੋ।
ਬ੍ਰਿੰਦ ਰਬਾਬੀ ਧਨ ਗਨ ਪਾਯੋ ॥੨੫॥
ਜਥਾਜੋਗ ਸਭਿ ਕੋ ਧਨ ਦੀਨਾ।
ਕੀਨਿ ਮੰਗਲਾਚਾਰ ਨਵੀਨਾ।
ਬਹੁ ਸੰਗਤਿ ਲੇ ਪੁੰਜ ਉਪਾਇਨ।
ਦੇ ਭਾਨੇ ਕੋ ਬੰਦਹਿਂ ਪਾਇਨ ॥੨੬॥
ਜਿਮ ਗੁਰ ਹੁਕਮ ਜਥੋਚਿਤ ਦੀਨਾ।
ਤਿਮ ਭਾਨੇ ਅਰੁ ਸੰਗਤਿ ਕੀਨਾ।
ਇਕ ਦਿਨ ਮਹਿਂ ਸ੍ਰੀ ਹਰਿਗੋਵਿੰਦ।
ਬੈਠੇ ਦਿਪਤਿ ਸੰਗਤਾਂ ਬ੍ਰਿੰਦ ॥੨੭॥

[1]ਸ੍ਰੀ ਬਾਬਾ ਬੁੱਢਾ ਜੀ ਦੀ ਗੱਦੀ ਪਰ ਬੈਠਾ। †ਆਮ ਪਾਠ 'ਸ੍ਰੀ ਗੁਰੂ' ਮਿਲਦਾ ਹੈ, ਪਰ ਸਾਨੂੰ ਇਕ ਪੁਰਾਤਨ ਨੁਸਖੇ ਵਿਚੋਂ ਐਤਕੀਂ ਇਹ ਪਾਠ ਮਿਲਿਆ ਹੈ, ਜੋ ਸਹੀ ਹੈ।

ਏਕ ਅੰਗਨਾ[1] ਤਿਹ ਛਿਨ ਆਈ।
ਊਚੀ ਧੁਨਿ ਸੋਂ ਬਿਨੈ ਸੁਨਾਈ।
'ਸੁਨਹੁ ਗੁਰੂ! ਹਮ ਬਸਤੇ ਪੱਟੀ।
ਦੇਸਾਂ ਨਾਮ ਜਾਤਿ ਕੀ ਜੱਟੀ ॥੨੮॥
ਕੁਲ ਸਿੱਧੂ ਮਹਿ ਮੋ ਕਹੁ ਬਯਾਹੀ।
ਸੁਨਿ ਜਸੁ ਬਹੁ ਆਈ ਤੁਮ ਪਾਹੀ।
ਆਸਾਵੰਤਨ ਕੀ ਨਿਤ ਆਸਾ।
ਪੁਰਵਤਿ ਹੋ, ਰਾਵਰਿ ਭਰਵਾਸਾ ॥੨੯॥
ਪੁੱਤ੍ਰ ਨਹੀਂ ਉਪਜਤਿ ਹੈ ਮੇਰੇ।
ਹਾਰੀ ਕਰਿ ਉਪਚਾਰ ਘਨੇਰੇ।
ਅਬਿ ਸਮੀਪ ਤੁਮਰੇ ਚਲਿ ਆਈ।
ਦਿਹੁ ਸੁਤ ਮੋ ਕਹੁ ਲਖਿ ਸ਼ਰਨਾਈ'
॥੩੦॥
ਸ੍ਰੀ ਹਰਿ ਗੋਵਿੰਦ ਸੁਨਤਿ ਉਚਾਰਾ।
'ਲਿਖਯੋ ਨਹੀਂ ਸੁਤ ਤੋਹਿ ਲਿਲਾਰਾ।'
ਸੁਨਤਿ ਉਦਾਸ ਭਈ ਸਹਿ ਚਿੰਤਾ।
ਲਖਯੋ -ਭਾਗ ਮਮ ਨਹਿਂ ਸੁਤਵੰਤਾ[1]-
॥੩੧॥
ਬਹੁਤ ਬਿਸੂਰਤਿ ਕਿਸ ਥਲ ਬੈਸੀ।
ਦਿਖੀ ਚਲਤਿ ਗੁਰਦਾਸਹਿਂ ਤੈਸੀ[1]।
ਦੁਖੀ ਜਾਨਿ ਬੂਝੀ 'ਕਯਾ ਭਯੋ?
ਕਯੋਂ ਸਚਿੰਤ ਮਨ ਅਪਨੋ ਕਿਯੋ' ॥੩੨॥
ਤਿਯ ਨੇ ਸਗਰੀ ਕਥਾ ਸੁਨਾਈ।
'ਸੁਤ ਹਿਤ ਮਮ ਸਤਿਗੁਰ ਢਿਗ ਆਈ।
ਮੁਸਕਾਵਤਿ ਮੁਖ ਤੇ ਫੁਰਮਾਯੋ।
-ਲਿਖਯੋ ਨ ਤਵ ਮਸਤਕ ਦ੍ਰਿਸ਼ਟਾਯੋ[†]-'
॥੩੩॥
ਦੀਨ ਬਾਤ ਸੁਨਿ ਕੈ ਤਬਿ ਭਾਈ।
ਪੁੱਤ੍ਰ ਲੇਨਿ ਕੀ ਸੀਖ ਸਿਖਾਈ।
'ਅਬਿ ਕੇ ਜਾਹੁ ਧਾਰਿ ਸੁਤ ਆਸ।

[1]ਇਸਤ੍ਰੀ।

[1]ਸਮਝੀ ਕਿ ਮੇਰੇ ਭਾਗ ਪੁੱਤ੍ਰ ਵਾਲੇ ਨਹੀਂ।

[1]ਓਵੇਂ ਭਾਵ ਉਦਾਸ ਜਾਂਦੀ ਗੁਰਦਾਸ ਨੇ ਦੇਖੀ। (ਅ) ਗੁਰਦਾਸ ਹਿਤੈਸ਼ੀ = ਪ੍ਰੇਮੀ ਭਾਈ ਗੁਰਦਾਸ ਨੇ ਡਿੱਠੀ ਕੋਲੋਂ ਲੰਘਦਿਆਂ।

[†]ਇਹ ਚੌਪਈ ਛਾਪੇ, ਦੋ ਨੁਸਖੇ ਵਿਚ ਨਹੀਂ ਪਰ ਲਿਖਤੀਆਂ ਵਿਚ ਹੈ।

ਲੇਹੁ ਕਲਮ ਰੁਸ਼ਨਾਈ[1] ਪਾਸ ॥੩੪॥
ਜਬਿ ਗੁਰ ਕਹੈਂ -ਲਿਖ੍ਯੋ ਨਹਿਂ ਤੇਰੈ-।
ਤਬਿ ਇਮ ਕਹੁ ਕਰਿ ਕਲਮ ਅਗੇਰੈ।
-ਲਿਖਨ ਹਾਰ ਇਤ ਉਤ ਤੁਮ ਸਾਰੇ।
ਤਹਿਂ ਨ ਲਿਖ੍ਯੋ ਜੇ ਭਾਗ ਹਮਾਰੇ ॥੩੫॥
ਕ੍ਰਿਪਾ ਕਰਹੁ ਤਬਿ, ਅਬਿ ਲਿਖਿ ਦੀਜੈ।
ਸ਼ਰਨਾਗਤਿ ਲਖਿ ਆਸ ਪੁਰੀਜੈ-।'
ਸੁਨਿ ਤ੍ਰਿਯ ਹਿਤ ਕੀ ਸਿੱਖ੍ਯਾ ਧਰੀ।
ਅਗਲੇ ਦਿਵਸ ਤਥਾ ਬਿਧਿ ਕਰੀ
॥੩੬॥
ਬੀਤੀ ਨਿਸ ਪ੍ਰਭਾਤਿ ਹੁਇ ਆਈ।
ਹਿਤ ਅਖੇਰ ਤਜਾਰੀ ਕਰਿਵਾਈ।
ਬਸਤ੍ਰ ਸ਼ਸਤ੍ਰ ਸਤਿਗੁਰ ਸਭਿ ਧਾਰੇ।
ਹਯ ਸਜ਼ੀਨ ਕੇ ਲੀਨਿ ਹਕਾਰੇ ॥੩੭॥
ਚਢੇ ਸੁਭਟ ਸ਼ੁਭ ਆਯੁਧ ਦਾਰੀ।
ਬਾਜ, ਕੁਹੀ, ਸ੍ਵਾਨਨ ਕਰਿ ਤਜਾਰੀ।
ਹਯ ਅਰੂਢਿ ਸ਼੍ਰੀ ਹਰਿ ਗੋਵਿੰਦ।
ਚਲੇ, ਪਿਛਾਰੀ ਜੋਧਾ ਬ੍ਰਿੰਦ ॥੩੮॥
ਸਨੇ ਸਨੇ ਤਬਿ ਪ੍ਰੇਰਿ ਤੁਰੰਗ।
ਨਿਕਸਨ ਲਗੇ ਗ੍ਰਾਮ ਭਟ ਸੰਗ।
ਸੋ ਤ੍ਰਿਯ ਤਬਿ ਪਹੁੰਚੀ ਉਤਲਾਵਤਿ।
ਆਗੈ ਭਈ ਪ੍ਰਭੁ ਜਿਤ ਜਾਵਤਿ ॥੩੯॥
'ਗੁਰੂ ਗਰੀਬ ਨਿਵਾਜ, ਕ੍ਰਿਪਾਲਾ!
ਪੁਰਵਹੁ ਸੁਤ ਕੀ ਆਸ ਬਿਸਾਲਾ।
ਜਸ ਸੁਨਿ ਚਲੀ ਦੂਰ ਤੇ ਆਈ।
ਤੁਮ ਸਮਰਥ ਕੀ ਮੈਂ ਸ਼ਰਨਾਈ' ॥੪੦॥
ਮੁਸਕਾਵਤਿ ਸਤਿਗੁਰ ਤਬਿ ਪਿਖ੍ਯੋ।
'ਤੌਹਿ ਭਾਗ ਮਹਿਂ ਨਹਿਂ ਸੁਤ ਲਿਖ੍ਯੋ।'
ਤਬਿ ਤ੍ਰਿਯ ਅਵਸਰ ਪਾਯਹੁ ਨੀਕਾ।
ਚਲਿ ਆਗੇ ਹੁਇ ਪ੍ਰਭੁ ਨਜੀਕਾ ॥੪੧॥
ਕਰ ਮਹਿਂ ਲਿਏ ਕਲਮ ਰੁਸ਼ਨਾਈ[1]।
ਭਨੀ ਬਿਨੈ ਸੋ ਕਰਿ ਅਗਵਾਈ।

[1]ਸਿਆਹੀ।

[1]ਸਿਆਹੀ।

'ਇਤ ਉਤ ਲਿਖਨਹਾਰ ਹੋ ਰਾਵਰ!
ਜੇ ਨ ਲਖਹਿਂ ਇਮ, ਸੇ ਨਰ ਬਾਵਰ
॥੪੨॥
ਤਹਿਂ ਨਹਿਂ ਲਿਖ੍ਯੋ ਆਪ ਨੇ ਜੇਈ।
ਕ੍ਰਿਪਾ ਧਾਰਿ ਅਬਿ ਲਿਖ ਦਿਹੁ ਸੇਈ।'
ਬਿਕਸੇ ਪ੍ਰਭੂ ਜੁਗਤਿ ਕੋ ਜਾਨਾ।
'ਹੁਇ ਸੁਤ ਤੇਰੇ' ਬਾਕ ਬਖਾਨਾ ॥੪੩॥
ਸੁਨਿ ਦੇਸਾਂ† ਕਹਿ 'ਦੇਹੁ ਪ੍ਰਤੀਤ।

†ਇਹ ਪ੍ਰਸੰਗ ਦੇਸਾਂ ਨਾਮੇ ਪੱਟੀ ਦੀ ਜੱਟੀ ਦਾ ਏਥੇ ਹੋਇਆ ਹੈ। ਇਕ ਹੋਰ ਪ੍ਰਸੰਗ ਇਸੇ ਤਰ੍ਹਾਂ ਦਾ ਹੂਬਹੂ ਦਸਮੇਂ ਸਤਿਗੁਰਾਂ ਦੇ ਸਮੇਂ ਹੋਇਆ ਹੈ, ਉਹ ਪ੍ਰਸੰਗ ਸੁਲੱਖਣੀ ਨਾਮੇ ਜੱਟੀ ਜੋ ਚੱਬੇ ਦੀ ਰਹਿਣ ਵਾਲੀ ਸੀ ਦਾ ਹੈ, ਜਿਸ ਦਾ ਜ਼ਿਕਰ ਕਵੀ ਜੀ ਨੇ ਐਨ ੧ ਅੰਸੂ ੨੧ ਵਿਚ ਦਿੱਤਾ ਹੈ। ਚੱਬਾ ਅੰਮ੍ਰਿਤਸਰ ਤੋਂ ਤ੍ਰੈ ਚਾਰ ਮੀਲ ਦੱਖਣ ਨੂੰ ਤਰਨ ਤਾਰਨ ਦੀ ਸੜਕ ਤੇ ਹੈ ਤੇ ਰੇਲ ਦਾ ਸਟੇਸ਼ਨ ਸੰਗ੍ਰਾਣਾ ਸਾਹਿਬ ਗੁਰਦੁਆਰੇ ਦੇ ਪਾਸ ਹੈ। ਇਸ ਚੱਬੇ ਦੀ ਸੁਲੱਖਣੀ ਮਾਲਵੇ ਵਿਚ ਦਸਵੇਂ ਸਾਹਿਬਾਂ ਨੂੰ ਮਿਲੀ ਸੀ। ਤਵਾ: ਖਾ: ਵਾਲੇ ਦੱਸਦੇ ਹਨ ਕਿ ਇਕ ਚੱਬਾ ਮਾਲਵੇ ਵਿਚ ਹੈ, ਇਕ ਇਹ ਅੰਮ੍ਰਿਤਸਰ ਲਾਗਲਾ ਹੈ, ਦੇਸਾਂ ਦਾ ਪ੍ਰਸੰਗ ਛੇਵੇਂ ਸਤਿਗੁਰਾਂ ਦੇ ਸਮੇਂ ਅੰਮ੍ਰਿਤਸਰ ਵਾਲੇ ਚੱਬੇ ਹੋਇਆ ਦੱਸਿਆ ਨੇ, ਤੇ ਸੁਲੱਖਣੀ ਦਾ ਪ੍ਰਸੰਗ ਦਸਵੇਂ ਸਾਹਿਬਾਂ ਦੇ ਸਮੇਂ ਮਾਲਵੇ ਵਿਚ ਹੋਇਆ ਦੱਸਿਆ ਨੇ। ਦੇਖੋ ਤਵਾ: ਖਾ: ਹਿੱਸਾ ੧ ਨੰ: ੩ ਪੰਨਾ ੮੨੨ ਤੇ ਹਿੱਸਾ ੧ ਨੰ: ੩ ਪੰਨਾ ੨੦੫੯।

ਲਿਖਹੁ ਗੁਰੂ ਤਬਿ ਹੁਇ ਥਿਰ ਚੀਤ।'
ਭੇ ਪ੍ਰਸੰਨ ਗੁਰ ਲਿਖਨਿ ਸੁ ਲਾਗੇ।
ਗਹੀ ਕਲਮ ਹਯ ਚਾਲਤਿ ਆਗੇ ॥੪੪॥
ਕਰਨਿ ਇਕਾਂਗ ਚਹ੍ਯੋ, ਕਰ ਹਾਲਾ[1]। [1]ਹੱਥ ਹਿੱਲ ਗਿਆ?
ਸਾਤਾ ਲਿਖ੍ਯੋ ਗਯੋ ਤਿਸ ਕਾਲਾ।
ਭਯੋ ਅੰਕ ਸਤਿਗੁਰ ਢਿਗ ਹੇਰਾ।
ਬਹੁ ਪ੍ਰਸੰਨ ਬੋਲੇ ਤਿਸ ਬੇਰਾ ॥੪੫॥
'ਇਕ ਸੁਤ ਹੇਤੁ ਗਹੀ ਸ਼ਰਨਾਈ।
ਅੰਕ ਸਪਤ ਕੋ ਭਾ ਬਰਿਆਈ[1]। [1]ਮੱਲੋਮੱਲੀ।
ਅਬਿ ਘਰ ਜਾਹੁ ਸਪਤ ਸੁਤ ਪਾਵਹਿਂ।
ਭਈ ਆਸ ਪੂਰੀ ਜਿਤ ਆਵਹਿਂ ॥੪੬॥
ਸੁਨਿ ਦੇਸਾਂ ਉਰ ਅਨੰਦ ਬਿਲੰਦ।
'ਧੰਨ ਗੁਰੂ' ਕਹਿ ਨਮਹਿਂ ਸੁ ਬੰਦਿ।
ਲੇ ਕਰਿ ਬਰ ਕੋ ਘਰਹਿ ਸਿਧਾਰੀ।
ਜਹਿਂ ਕਹਿਂ ਕਹਿ ਕਹਿ ਕਿਤ[1] ਬਿਸਤਾਰੀ ॥੪੭॥ [1]ਕੀਰਤੀ।
ਸ਼੍ਰੀ ਹਰਿਗੋਵਿੰਦ ਚੰਦ ਬਿਲੰਦੇ।
ਗਏ ਅਖੇਰ ਬ੍ਰਿਤੀ ਆਨੰਦੇ।

ਊਬਟ[1] ਜਿਤ ਦਿਸ਼ਿ ਘਨੀ ਨਿਹਾਰੀ।
ਗਈ ਤਹਾਂ ਪ੍ਰਭੁ ਕੀ ਅਸੁਵਾਰੀ ॥੪੮॥

[1]ਕਠਨ ਥਾਂ (ਜੰਗਲ ਦੀ) [ਸੰਸ: ਉਦ੍ਵਾਟ]

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਦੇਸਾਂ ਜੱਟੀ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੂ ॥੫੪॥

੫੫. [ਗਊ ਦੇ ਅਲੰਕਾਰ ਵਿਚ ਧਰਤੀ]

੫੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੬

ਦੋਹਰਾ:

ਬਹਿ ਸਲਿਤਾ ਐਰਾਵਤੀ,
ਤਿਸ ਤੇ ਉਰੇ ਕਿਤੇਕ।
ਬਿਚਰਤਿ ਹੇਤ ਸ਼ਿਕਾਰ ਕੇ,
ਸ੍ਰੀ ਗੁਰੁ ਜਲਧਿ ਬਿਬੇਕ ॥੧॥

ਚੌਪਈ:

ਦੇਖੀ ਜਬਿ ਉਦਜਾਨ ਮਹਾਨ।
ਮਿਲ੍ਯੋ ਏਕ ਮਾਨਵ ਤਹਿਂ ਆਨਿ।
ਹਿੰਦੂ ਹੁਤੋ ਹੇਰਿ ਗੁਰ ਪੂਰਨ।
ਚਰਨ ਕਮਲ ਬੰਦੇ ਤਿਨ ਤੂਰਨ ॥੨॥
ਪੁਨ ਕਰ ਜੋਰਿ ਬਤਾਇਸਿ ਬਾਤਿ।
'ਨਿਕਟ ਦੁਸ਼ਟ ਗੋ[1] ਕਰਤੇ ਘਾਤਿ।
ਤਿਨ ਕੇ ਬਸ ਨਹਿਂ ਆਵਤਿ ਸੋਈ।
ਕਰਤਿ ਓਜ ਕੋ[1] ਮੈਂ ਤਹਿਂ ਜੋਈ' ॥੩॥
ਸੁਨਿ ਸਤਿਗੁਰੁ ਸੋ ਆਗੇ ਕਰ੍ਯੋ।
ਹਯ ਧਵਾਇ ਚਾਲੇ ਰਿਸਿ ਧਰ੍ਯੋ।
ਹੁਤੇ ਨਿਕਟ ਹੀ ਜਾਇ ਨਿਹਾਰੇ।
ਖੜਗ ਨਿਕਾਸ੍ਯੋ ਤਤਛਿਨ ਮਾਰੇ ॥੪॥
ਭਾਜ ਚਲੇ ਕੁਛ ਘੇਰਿ ਪ੍ਰਹਾਰੇ।
ਖੰਡ ਖੰਡ ਕਰਿ ਧਰ ਪਰ ਡਾਰੇ।
ਗ੍ਰਾਮ ਸਮੀਪਿ ਹੁਤੋ ਤਿਨ ਕੇਰਾ।
ਸੁਨ੍ਯੋ ਰੌਰ ਧਾਏ ਤਿਸ ਬੇਰਾ ॥੫॥
ਚਾਂਪ ਬੰਦੂਕ ਸੰਭਾਰਿਤ ਆਏ।
ਮਰੇ ਦੇਖਿ ਕਰਿ ਸਮੁਖ ਚਲਾਏ।
ਸਭਿ ਸੈਨਾ ਗੁਰੁ ਕੀ ਤਬਿ ਧਾਈ।
ਤਜੀ ਤੁਫੰਗ ਸ਼ਲਖ ਸਮੁਦਾਈ ॥੬॥
ਗੁਲਕਾਂ ਲਗੀ ਮਰੇ ਇਕ ਬਾਰੀ।
ਬਾਜੇ ਜਿਯਤਿ ਤ੍ਰਾਸ ਕੋ ਧਾਰੀ।
ਗ੍ਰਾਮ ਛਾਪਰੀ ਕੋ ਗਨ ਘਾਲੇ।
ਬਸਹਿਂ ਜਮਨ[1] ਜੇ ਅਘੀ ਬਿਸਾਲੇ ॥੭॥

[1]ਗਊ ਦਾ।

[1]ਬਲ ਕਰਦੇ ਹਨ (ਉਸਦੇ ਕਾਬੂ ਕਰਨ ਨੂੰ)।

[1]ਤੁਰਕ।

ਸੁਭਟ ਪਹੁੰਚਿ ਤਿਨ ਆਗ ਲਗਾਈ।
ਜਰ ਕਰਿ ਛਾਰ ਭਈ ਸਮੁਦਾਈ।
ਪਾਪੀ ਤੁਰਕ ਜਿਤਿਕ ਤਹਿਂ ਹੇਰੇ।
ਕਾਟੇ ਖੜਗਨਿ ਸੋਂ ਤਿਸ ਬੇਰੇ ॥ ੮ ॥
ਧਰਨੀ ਧੇਨੁ ਹੁਤੀ ਤਨ ਔਰ।
ਧਰਿ ਸੁਰ ਜੁਤਿ ਆਈ ਤਿਸ ਠੌਰ[1]†।

[1]ਧਰਤੀ ਹੋਰਨਾਂ ਦੇਵਤਿਆਂ ਸਮੇਤ ਗਊ ਦਾ ਸਰੀਰ ਧਾਰ ਕੇ ਤਿਸ ਥਾਂ ਤੇ ਆਈ ਸੀ।

†ਕਵੀ ਜੀ ਨੇ ਉੱਪਰ ਜੋ ਤੁਰਕਾਂ ਦੇ ਹੱਥੋਂ ਗਊ ਨੂੰ ਸੁਤੰਤਰ ਕਰਾਉਣ ਤੇ ਦੁਸ਼ਟਾਂ ਨੂੰ ਡੰਡ ਦੇਣ ਦਾ ਪ੍ਰਸੰਗ ਦਿੱਤਾ ਹੈ ਓਹ ਇਥੇ ਦਸਦੇ ਹਨ ਕਿ ਅਲੰਕਾਰ ਹੈ।
ਇਸ ਦਾ ਭਾਵ ਇਹ ਹੈ ਕਿ ਧਰਤੀ (ਹਿੰਦ ਦੀ ਧਰਤੀ) ਤੁਰਕਾਂ ਦੇ ਹੱਥ ਆਈ ਹੋਈ ਸੀ, ਰਾਜ ਦੇ ਜ਼ਾਲਮ ਕਰਮਚਾਰੀ ਅਨੀਤੀ ਨਾਲ ਇਸ ਨੂੰ ਤਬਾਹ ਕਰ ਰਹੇ ਸਨ। ਗੁਰੂ ਸਾਹਿਬ ਜੀ ਨੇ ਜ਼ਾਲਮਾਂ ਨੂੰ ਡੰਡ ਦੇ ਕੇ ਧਰਤੀ ਰੂਪੀ ਧੇਨ ਨੂੰ ਦਾ ਛੁਟਕਾਰਾ ਦਿਵਾਇਆ। ਧਰਤੀ ਦੇ ਅਸਲੀ ਵਸਨੀਕ ਜੋ ਹਿੰਦੀ ਸਨ ਉਨ੍ਹਾਂ ਨੂੰ ਬਾਹਰੋਂ ਆਏ ਤੁਰਕ ਦਬੇਲ ਕਰ ਕੇ ਆਪ ਰਾਜ ਕਰਦੇ ਸਨ, ਤੇ ਉਨ੍ਹਾਂ ਨੂੰ ਨੀਵਾਂ ਤੇ ਨਿਰਬਲ ਰਖਦੇ ਤੇ ਸੁਰਤ ਉੱਚੀ ਨਹੀਂ ਸਨ ਉੱਠਣ ਦੇਂਦੇ। ਗੁਰੂ ਜੀ ਇਸ ਦਾ ਉਧਾਰ ਕਰਨ ਲੱਗੇ ਸੇ। ਇਹ ਭਾਵ ਹੈ ਇਸ ਬੁਝਾਰਤ ਰੂਪ ਕਹਾਣੀ ਦਾ।

ਇਕ ਸਤਿਗੁਰ ਕੋ ਪਰਹਿ ਦਿਖਾਈ।
ਅਪਰ ਨ ਪਿਖਹਿਂ ਖਰੇ ਸਮੁਦਾਈ ॥ ੯ ॥
ਸੁਰ ਜੁਤਿ ਅਵਿਨੀ ਬਿਨੈ ਉਚਾਰੀ।
'ਤੁਰਕਨਿ ਮੋ ਕਹੁ ਕੀਨਿ ਦੁਖਾਰੀ।
ਅਨਿਕ ਰੀਤਿ ਕੇ ਪਾਪ ਕਰੰਤਿ।
ਮੈਂ ਨਹਿਂ ਤਿਨ ਕੋ ਭਾਰਿ ਸਹੰਤਿ ॥ ੧੦ ॥
ਜਿਸ ਹਿਤ ਆਪ ਲੀਨਿ ਅਵਤਾਰਾ।
ਰਾਜ ਮਲੇਛ ਬਿਨਾਸਹੁ ਸਾਰਾ।
ਬਿੱਪ੍ਰ, ਧੇਨੁ, ਸੰਤਨਿ ਸੁਖ ਦੀਜੈ।
ਤੁਰਕ ਰਾਜ ਕੋ ਦੂਰ ਕਰੀਜੈ' ॥ ੧੧ ॥
ਸੁਨਿ ਸਤਿਗੁਰੁ ਤਬਿ ਦੀਨ ਦਿਲਾਸਾ।
'ਕਿਤਿਕ ਕਾਲ ਮਹਿਂ ਹੋਇ ਬਿਨਾਸਾ।
ਪੌਤ੍ਰ ਹਮਾਰੋ ਹੁਇ ਜਿਸ ਕਾਲਾ।
ਕਰਹਿ ਖਲਨਿ ਸੰਗ ਜੰਗ ਕਰਾਲਾ ॥ ੧੨ ॥
ਉਪਜਾਵੌਂ ਤਬਿ ਪੰਥ ਵਿਸ਼ਾਲਾ।
ਅਵਿਨਿ ਰਾਜ ਕਰਹਿਂ ਚਿਰਕਾਲਾ।
ਸਭਿ ਤੁਰਕਨਿ ਕੋ ਰਾਜ ਉਠਾਵੈਂ।
ਸਨੇ ਸਨੇ ਇਹ ਸਭਿ ਖਪਿ ਜਾਵੈਂ†' ॥ ੧੩ ॥

†ਜੋ ਲੋਕ ਪ੍ਰਸ਼ਨ ਕਰਦੇ ਹਨ ਕਿ ਛੇਵੇਂ ਯਾ ਦਸਵੇਂ ਗੁਰਾਂ ਨੇ ਆਪਣੇ ਜੀਵਨ ਵਿਚ ਜ਼ੁਲਮੀ ਰਾਜ ਸਾਰਾ ਨਹੀਂ ਦੂਰ ਕੀਤਾ ਸੀ, ਓਹ ਨਹੀਂ ਸਮਝਦੇ ਕਿ ਉਨ੍ਹਾਂ ਨੇ ਇਕ ਐਸੀ ਵਿਉਂਤ ਰਚ ਦਿੱਤੀ ਸੀ, ਤੇ ਬੰਦੇ ਪੈਦਾ ਕਰ ਦਿੱਤੇ ਸਨ ਕਿ ਪਰਜਾ ਵਿਚ ਜਾਗ੍ਰਤ ਆ ਜਾਵੇ ਤੇ ਸੁਰਜੀਤ ਹੋ ਕੇ ਬਲ ਧਾਰੇ ਤੇ ਸੁਤੰਤਰ ਹੋ ਜਾਵੇ। ਇਸ ਲਈ ਕਵੀ ਜੀ ਏਥੇ 'ਸਨੇ ਸਨੇ' ਕਹਿ ਰਹੇ ਹਨ। ਸੋ ਜਿਨ੍ਹਾਂ ਨੇ ਗੁਰਾਂ ਦੀ ਸੱਦ ਸੁਣੀ ਤੇ ਕਿਹਾ ਮੰਨਿਆਂ, ਉਨ੍ਹਾਂ (ਹਿੰਦੀਆਂ ਭਾਵ ਸਿੱਖਾਂ ਨੇ) ਆਖ਼ਰ ਤੁਰਕ ਰਾਜ ਮਿਟਾ ਕੇ ਸਿੱਖ ਰਾਜ ਕਾਇਮ ਕਰ ਕੇ ਦਿਖਾ ਦਿੱਤਾ। ਗੁਰੂ ਵਾਕ ਤੇ ਗੁਰੂ ਵਿਉਂਤ ਵਕਤ ਸਿਰ ਆ ਕੇ ਸਫਲ ਤੇ ਸੰਪੂਰਨ ਹੋਏ।

ਸੁਨਿ ਗੁਰੂ ਤੇ ਸੁਰ ਧਰਨੀ ਸਾਰੇ।
ਕਰਿ ਕਰਿ ਬੰਦਨ ਸਦਨ ਸਿਧਾਰੇ।
ਖਲ ਹਤਿ ਗ੍ਰਾਮ ਛਾਰ ਕਰਿ ਦੀਨਾ।
ਫਿਰੇ ਅਖੇਰ ਬ੍ਰਿੱਤ ਕੁਛ ਕੀਨਾ ॥੧੪॥
ਨਿਜ ਡੇਰੇ ਕੋ ਪੁਨ ਹਟਿ ਆਏ।
ਕਰਤਿ ਬਾਤਿ ਜਿਮ ਦੁਸ਼ਟ ਖਪਾਏ।
ਭਾਨਾ ਸਾਹਿਬ ਜਿਸ ਅਸਥਾਨ।
ਉਤਰੇ ਆਇ ਗੁਰੂ ਭਗਵਾਨ ॥੧੫॥
ਤਜਿ ਆਸਨ ਤਿਨ ਗੁਰੂ ਬਿਠਾਏ।
ਬੂਝੇ 'ਕਿਤ ਅਖੇਰ ਕਰਿ ਆਏ?'
ਬਿਧੀ ਚੰਦ ਤਬਿ ਸਰਬ ਉਚਾਰੇ।
'ਆਜ ਸ਼ਿਕਾਰ ਦੁਸ਼ਟ ਬਡ ਮਾਰੇ ॥੧੬॥
ਜਾਰਯੋ ਗ੍ਰਾਮ ਉਜਾਰ ਕਰਯੋ ਹੈ।
ਪਾਪ ਬਿਲੋਕਤਿ ਕੋਪ ਧਰਯੋ ਹੈ।'
ਸੁਨਿ ਭਾਨੇ ਜੁਤਿ ਨਰ ਸਮੁਦਾਏ।
'ਧੰਨ ਧੰਨ ਗੁਰ' ਸਭਿਨਿ ਅਲਾਏ ॥੧੭॥
'ਸ਼ਸਤ੍ਰ ਧਰਨਿ ਕੋ ਕਾਰਨ ਏਹੀ।
ਜਿਤ ਕਿਤ ਹਤਨ ਮਲੇਛਨਿ ਕੇਹੀ[1]।'
ਸੁਜਸੁ ਗੁਰੂ ਕੋ ਪਸਰਯੋ ਸਾਰੇ।
ਸੰਤ ਉਧਾਰਤਿ ਦੋਖੀ ਮਾਰੇ ॥੧੮॥
ਇਮ ਸਤਿਗੁਰੁ ਤਹਿਂ ਦਿਵਸ ਬਿਤਾਏ।
ਬ੍ਰਿਧ ਪ੍ਰਸੰਗ ਗੁਰ ਨਿਕਟਿ ਸੁਨਾਏ।
'ਸ਼੍ਰੀ ਕਰਤਾਰ ਪੁਰੇ ਸ਼੍ਰੀ ਨਾਨਕ।
ਜਗੇ ਭਾਗ ਇਹ ਗਏ ਅਚਾਨਕ ॥੧੯॥
ਭਏ ਨਿਹਾਲ ਬਡੋ ਪਦ ਪਾਏ।
ਸੰਗ ਉਧਾਰੇ ਸਿਖ ਸਮੁਦਾਏ।'

[1]ਮਲੇਛਾਂ ਦਾ ਹੀ ਨਾਸ਼ ਕਰਨਾ ਹੈ।

ਸੁਨਿ ਗੁਰ ਕਹਯੋ 'ਤਹਾਂ ਹਮ ਜਾਇਂ।
ਸ਼੍ਰੀ ਕਰਤਾਰ ਪੁਰਾ ਦਰਸਾਇਂ' ॥੨੦॥
ਇਮ ਕਹਿ ਸ਼੍ਰੀ ਗੁਰ ਕੀਨਿ ਪਯਾਨਾ।
ਅਪਨੇ ਸੰਗ ਲੀਨਿ ਤਬਿ ਭਾਨਾ।
ਬਿਧੀ ਚੰਦ ਆਦਿਕ ਭਟ ਜੇਈ।
ਨਾਥ ਸਾਥ ਪ੍ਰਸਥਾਨੇ ਤੇਈ ॥੨੧॥
ਐਰਾਵਤੀ ਉਲੰਘਿਤ ਗਏ।
ਸ਼੍ਰੀ ਕਰਤਾਰ ਪੁਰਾ ਦਰਸਏ।
ਜਹਿਂ ਸ਼੍ਰੀ ਨਾਨਕ ਕੋ ਅਸਥਾਨ।
ਹਯ ਤੇ ਉਤਰਿ ਨਮੋ ਤਿਹ ਠਾਨਿ ॥੨੨॥
ਕਰੀ ਪ੍ਰਕਰਮਾ ਫਿਰ ਕਰਿ ਚਾਰ।
ਪੰਚਾਂਮ੍ਰਿਤ ਕਰਿਵਾਇਸਿ ਤਯਾਰ।
ਸ਼੍ਰੀ ਨਾਨਕ ਸਿਮਰੇ ਅਰਦਾਸ।
ਕਰਯੋ ਬ੍ਰਤਾਵਨਿ ਸਭਿ ਕੇ ਪਾਸ ॥੨੩॥
ਸ਼੍ਰੀ ਅੰਗਦ ਕੋ ਗਾਦੀ ਦੀਨਿ।
ਤਿਸ ਥਲ ਜਾਇ ਦਰਸ ਕੋ ਕੀਨਿ।
ਬਾਰ ਬਾਰ ਕਰਿ ਬੰਦਨ ਥਿਰੇ।
ਤਿਹ ਕੇ ਨਰ ਪੁਨ ਬੂਝਨ ਕਰੇ ॥੨੪॥
'ਨਹੀਂ ਦੇਹੁਰਾ ਅਬਿ ਇਸ ਥਾਨ।'
ਸਕਲ ਭੇਵ ਤਬਿ ਕੀਨਿ ਬਖਾਨਿ।
'ਰਾਵੀ ਇਹਾਂ ਬੇਗ ਕਰਿ ਆਈ।
ਸੋ ਅਵਿਨੀ ਜਲ ਬਿਖੈ ਵਹਾਈ† ॥੨੫॥

†ਰਾਵੀ ਪਰ ਸਤਿਗੁਰ ਨਾਨਕ ਦੇਵ ਜੀ ਦਾ ਅਸਥਾਨ ਤਾਂ ਅਜੇ ਖੜਾ ਹੈ, ਪਰ ਇਸ ਦੇ ਪਾਸ ਨਗਰੀ ਨਹੀਂ ਹੈ, ਉਰਾਰ ਡੇਰਾ ਬਾਬਾ ਨਾਨਕ ਤੇ ਨਗਰੀ ਹੈ ਤੇ ਬੇਦੀਆਂ ਦਾ ਟਿਕਾਣਾ ਹੈ। ਗੁਰਦੁਆਰਾ ਜੋ ਪਾਰ ਹੁਣ ਤਕ ਮੌਜੂਦ ਹੈ, ਇਸ ਪਰ ਰਾਵੀ ਦਾ ਧਾਵਾ ਹੋਣ ਲੱਗਾ ਸੀ, ਸ਼ੁਰੂ ਦਸੰਬਰ ਸੰਨ ੧੯੧੯ ਤੋਂ ਚੀਫ ਖਾਲਸਾ ਦੀਵਾਨ ਨੇ ਆਪ ਤੇ ਸੰਗਤਾਂ ਨੂੰ ਪ੍ਰੇਰ ਕੇ ਬੰਨ੍ਹ ਬਨਾਵਣ ਦਾ ਕੰਮ ਅਰੰਭ ਕਰ ਦਿੱਤਾ। ਫਿਰ ਚੀਫ ਖਾਲਸਾ ਦੀਵਾਨ ਨੇ ਸਰਕਾਰ ਪਾਸੋਂ ਦੋ ਇੰਜੀਨੀਅਰਾਂ ਦੀ ਖਿਦਮਤ ਇਸ ਸ਼ੁਭ ਕਾਰਜ ਲਈ ਮੁਫ਼ਤ ਪ੍ਰਾਪਤ ਕੀਤੀ। ਤੇ ਉਧਰ ਮਹਾਰਾਜਾ ਸਾਹਿਬ ਪਟਿਆਲਾ ਨੂੰ ਪ੍ਰੇਰਿਆ ਜਿਨ੍ਹਾਂ ਨੇ ਆਪਣੇ ਵੱਡੇ ਇੰਜਨੀਅਰ ਨੂੰ ਲਗਾਇਆ ਅਰ ੧੦੧੬੦੦) ਦੀ ਭਾਰੀ ਰਕਮ ਬੰਨ੍ਹ ਪਰ ਖਰਚ ਕੀਤੀ। ਇਕੀ ਹਜ਼ਾਰ ਦੇ ਕਰੀਬ ਆਈ ਚੰਦੇ ਦੀ ਰਕਮ ਚੀਫ ਖਾਲਸਾ ਦੀਵਾਨ ਨੇ ਖਰਚ ਕੀਤੀ। ਇਸ ਤੋਂ ਮਗਰੋਂ ਮਹਾਰਾਜਾ ਸਾਹਿਬ ਵੱਲੋਂ ਜੋ ਰਕਮ ਲੱਗੀ ਉਸਦਾ ਪਤਾ ਨਹੀਂ ਹੈ। ਅੰਤ ਨੂੰ ਇਹ ਕਾਰਜ ਮਹਾਰਾਜਾ ਸਾਹਿਬ ਜੀ ਦੇ ਹੱਥੀਂ ਹੀ ਸਮਾਪਤੀ ਨੂੰ ਅੱਪੜਿਆ। ਹੁਣ ਰਾਵੀ ਇਸ ਬੰਨ੍ਹ ਦੇ ਕਾਰਨ ਗੁਰਦੁਆਰੇ ਵਲ ਨਹੀਂ ਆਉਂਦੀ।

ਪਾਰ ਸਥਾਨ ਜਾਇ ਅਬਿ ਕਰਯੋ।
ਗੁਰ ਕੋ ਬੰਸ ਤਹਾਂ ਹੀ ਥਿਰਯੋ।'
ਕਰਿ ਦਰਸ਼ਨ ਸੁਨਿ ਕੈ ਸਭਿ ਗਾਥਾ।

ਚਢੇ ਪ੍ਰਭੂ ਸੈਨਾ ਗਨ ਸਾਥਾ ॥੨੬॥
ਰਾਵੀ ਲਾਂਘਤਿ ਤਤਛਿਨ ਗਏ।
ਪਹੁੰਚਿ ਦੇਹੁਰਾ ਦਰਸ਼ਨ ਕਿਏ।
ਹਯ ਤੇ ਉਤਰਿ ਗਏ ਪ੍ਰਭੁ ਨੇਰੇ।
ਕਰਜੋ ਪ੍ਰਣਾਮ ਦਰਸ ਕੋ ਹੇਰੇ ॥੨੭॥
ਬਹੁਰ ਪ੍ਰਕਰਮਾਂ ਫਿਰਿ ਕਰਿ ਦੀਨਿ।
ਬੈਠਿ ਗਏ ਪੁਨ ਅੱਗ੍ਰ ਪ੍ਰਬੀਨ।
ਧਰਮ ਚੰਦ ਸ੍ਰੀ ਨਾਨਕ ਪੋਤਾ।
ਜਿਸ ਤੇ ਬੇਦਨਿ ਬੰਸ ਉਦੋਤਾ[1] ॥੨੮॥
ਤਿਹ ਸੁਧਿ ਭਈ ਗੁਰੁ ਚਲਿ ਆਏ।
ਸਭਿ ਕੁਟੰਬ ਜੁਤਿ ਆਨੰਦ ਪਾਏ।
ਦੋਇ ਪੁੱਤ੍ਰ ਕੋ ਲੈ ਕਰਿ ਸਾਥ।
ਆਇਸਿ ਤੁਰਤ ਜਹਾਂ ਗੁਰੁ ਨਾਥ ॥੨੯॥
ਤਿਨ ਕੋ ਮਾਨ ਰਾਖਿਬੇ ਹੇਤੁ।
ਖਰੇ ਭਏ ਸੋਢੀ ਕੁਲ ਕੇਤ।
ਸ੍ਰੀ ਨਾਨਕ ਮਹਿਮਾ ਬਡ ਜਾਨਿ।
ਪ੍ਰਥਮ ਬੰਦਨਾ ਸ੍ਰੀ ਗੁਰੁ ਠਾਨਿ ॥੩੦॥
ਸਾਦਰ ਬਹੁਰ ਬੈਠਿਬੋ ਕਰੇ।
ਕੁਸ਼ਲ ਪ੍ਰਸ਼ਨ ਕਰਿ ਆਨੰਦ ਭਰੇ।
ਬਹੁ ਪ੍ਰਸਾਦਿ ਸਤਿਗੁਰੁ ਮੰਗਵਾਯੋ।
ਸ੍ਰੀ ਨਾਨਕ ਕੋ ਅਰਪਿ ਬ੍ਰਤਾਯੋ ॥੩੧॥
ਏਕ ਸਹੱਸ੍ਰ ਰਜਤਪਨ ਲਯੋ।
ਅੱਗ੍ਰ ਦੇਹੁਰੇ ਕੇ ਧਰਿ ਦਯੋ।
ਕੰਚਨ ਕੇ ਕੰਕਨ ਮੰਗਵਾਇ।
ਕੋਸ਼ਪ[1] ਤਬਿ ਆਨੇ ਸਹਿਸਾਇ ॥੩੨॥
ਮਿਹਰਚੰਦ ਮਾਣਕ ਚੰਦ ਦੋਊ।
ਪਹਿਰਾਏ ਕਹਿ ਸਾਦਰ ਸੋਊ।
ਧਰਮਚੰਦ ਕਰਿਵਾਯਹੁ ਡੇਰਾ।
ਜਥਾ ਜੋਗ ਥਲ ਦੀਨਿ ਬਸੇਰਾ ॥੩੩॥
ਜਥਾ ਸ਼ਕਿਤ ਸੇਵਾ ਕਰਿਵਾਈ।
ਤਹਿੰ ਸ੍ਰੀ ਸਤਿਗੁਰੁ ਨਿਸਾ ਬਿਤਾਈ।
ਭਈ ਪ੍ਰਭਾਤਿ ਧਰਮ ਚੰਦ ਆਏ।

[1]ਬੇਦੀਆਂ ਦਾ ਵੰਸ਼ ਪ੍ਰਗਟ ਹੈ।

[1]ਖਜ਼ਾਨਚੀ ਨੇ।

ਗੁਰੂ ਪ੍ਰਥਮ ਕੇ ਚਲਿਤ ਸੁਨਾਏ ॥੩੪॥
ਬੂਝਨ ਕਰੇ 'ਸ਼੍ਰੀ ਚੰਦ ਜੇਈ।
ਕਿਸ ਸਥਾਨ ਤਪ ਤਾਪਤਿ ਤੇਈ।
ਚਲਹੁ ਸੰਗ ਤਿਨ ਦਰਸ਼ਨ ਕਰੀਯਹਿ।
ਪਰਮ ਬ੍ਰਿੱਧ ਪਦ ਪਰਸਨਿ ਧਰੀਯਹਿ'
॥੩੫॥
ਇਮ ਕਹਿ ਲਏ ਧਰਮ ਸਸਿ[1] ਸੰਗ।
ਗਮਨੇ ਸਤਿਗੁਰੁ ਚਢੇ ਤੁਰੰਗ।
ਸ਼੍ਰੀ ਨਾਨਕ ਕੇ ਰੁਚਿਰ ਬਿਲਾਸ।
ਮਗ ਮਹਿਂ ਕਰਤੇ ਜਾਤਿ ਪ੍ਰਕਾਸ਼ ॥੩੬॥
ਪਹੁੰਚੇ ਥਿਤ ਟਾਲ੍ਹੀ ਕੇ ਤਰੇ।
ਪਰਮ ਬ੍ਰਿੱਧ ਸ਼ੁਭ ਆਸਨ ਕਰੇ।
ਹਯ ਤੇ ਉਤਰਿ ਦੂਰ ਤੇ ਆਏ।
ਸ਼੍ਰੀ ਹਰਿਗੋਵਿੰਦ ਸਿਖ ਸਮੁਦਾਏ ॥੩੭॥
ਧਰਮ ਚੰਦ ਕੋ ਲੈ ਕਰਿ ਸਾਥ।
ਬੰਦਨ ਕਰੀ ਜੋਰਿ ਜੁਗ ਹਾਥ।
ਅਪਰ ਸਕਲ ਹੀ ਕਰਹਿਂ ਪ੍ਰਣਾਮ।
ਬੈਠੇ ਗੁਰੁ ਸੁਤ ਤਪ ਕੇ ਧਾਮ ॥੩੮॥
ਬੈਠੇ ਸਨਮੁਖ ਮੋਦ ਉਪਾਇ।
ਸਿਰੀਚੰਦ ਬੋਲੇ ਸਤਿਭਾਇ[1]।
'ਕਹੁ ਪੁਰਖਾ! ਹੈ ਕੁਸ਼ਲ ਤੁਮਾਰੇ?
ਕਰਜੋ ਜੰਗ ਗਨ ਦੁਸ਼ਟਨ ਮਾਰੇ?'
॥੩੯॥
ਸੁਨਿ ਸ਼੍ਰੀ ਹਰਿਗੋਵਿੰਦ ਉਚਾਰੀ।
'ਕੁਸ਼ਲ ਹਮਾਰੇ ਕ੍ਰਿਪਾ ਤੁਮਾਰੀ।
ਪਾਇ ਆਪ ਕੋ ਬਲਿ ਰਿਪੁ ਘਾਏ।
ਰਣ ਬਿਸਾਲ ਮਹਿਂ ਕਰੀ ਸਹਾਏ'
॥੪੦॥
ਇੱਤਜਾਦਿਕ ਕਰਿ ਬਾਕ ਬਿਲਾਸ।
ਕੇਤਿਕ ਕਾਲ ਬੈਠਿ ਕਰਿ ਪਾਸ।
ਬਹੁਰ ਬੰਦਿ ਕਰ ਆਇਸੁ ਲੀਨਿ।
ਉਠੇ ਗੁਰੂ ਪਗ ਬੰਦਨ ਕੀਨਿ† ॥੪੧॥

[1]ਧਰਮ ਚੰਦ।

[1]ਸਹਜ ਸੁਭਾਇ।

†ਸ਼੍ਰੀ ਚੰਦ, ਲਖਮੀ ਚੰਦ, ਧਰਮ ਚੰਦ ਆਦਿਕਾਂ ਦਾ ਸਤਿਕਾਰ ਸਾਰੇ ਗੁਰੂ ਜੀ ਮਾਨ ਰੱਖਣ ਵਾਸਤੇ ਕਰਦੇ ਰਹੇ ਹਨ, ਜੋ ਲੋਕ ਇਨ੍ਹਾਂ ਸਨਮਾਨਾਂ ਨੂੰ ਜੋ ਗੁਰ ਨਾਨਕ ਅੰਸ਼ ਹੋਣ ਕਰ ਕੇ ਗੁਰੂ ਸਾਹਿਬ ਕਰਦੇ ਰਹੇ, ਗੁਰੂ ਸਾਹਿਬਾਂ ਨੂੰ ਨੀਵਾਂ ਕਹਿਣ ਯਾ ਲਿਖਣ ਦੀ ਦੀਦਾ ਦਲੇਰੀ ਕਰਦੇ ਹਨ ਓਹ ਇਤਿਹਾਸ ਤੇ ਵਾਕਿਆਤ ਦੇ ਵਿਰੁੱਧ ਟੁਰਦੇ ਹਨ। ਕਵੀ ਜੀ ਨੇ ਇਥੇ ਸਪਸ਼ਟ ਦੱਸਿਆ ਹੈ 'ਤਿਨਕੇ ਮਾਨ ਰਾਖਬੇ ਹੇਤੁ।' ਫਿਰ ਦੇਖੋ ਧਰਮ ਚੰਦ ਨੇ ਸੇਵਾ ਕੀਤੀ ਹੈ 'ਜਥਾਸ਼ਕਤ ਸੇਵਾ ਕਰਿਵਾਈ।'

ਧਰਮਚੰਦ ਕੋ ਲੇ ਕਰਿ ਸਾਥ।
ਆਏ ਨਿਜ ਨਿਵੇਸ ਕਹੁ ਨਾਥ।
ਤੀਨ ਜਾਮਨੀ[1] ਬਸਿ ਕਰਿ ਸ੍ਵਾਮੀ।
ਪੁਨ ਤਜਾਰੀ ਕਰਿ ਅੰਤਰਜਾਮੀ ॥੪੨॥
ਬੰਦਨ ਕਰੀ ਦੇਹੁਰੇ ਜਾਇ।
ਚਤੁਰ ਪ੍ਰਕਰਮਾਂ ਦੇ ਗੁਰੁ ਥਾਇੰ।
ਧਰਮਚੰਦ ਸੋਂ ਮਿਲਿ ਕਰਿ ਚਢੇ।
ਸੰਗ ਸੁਭਟ ਗਨ ਮਨ ਮੁਦ ਬਢੇ ॥੪੩॥
ਤਤਛਿਨ ਆਇ ਬ੍ਰਿੱਧ ਕੇ ਗ੍ਰਾਮੂ।
ਡੇਰਾ ਕਰਤਿ ਭਏ ਸੁਖ ਧਾਮੂ।
ਦਿਨ ਪ੍ਰਤਿ ਕਰਤਿ ਬਿਲਾਸ ਨਵੀਨ।
ਸ਼੍ਰੀ ਹਰਿਗੋਵਿੰਦ ਬੀਰ ਪ੍ਰਬੀਨ ॥੪੪॥
ਕਬਿ ਕਬਿ ਚਢਹਿਂ ਅਖੇਰ ਬਿਹਾਰੈਂ।
ਬਨ ਕੇ ਦੁਸ਼ਟ ਜੀਵ ਗਨ ਮਾਰੈਂ।
ਭਾਨਾ ਰਹੈ ਸੰਗ ਜਹਿਂ ਜਾਵੈਂ।
ਸਤਿਗੁਰੁ ਸੇਵ ਪਰਮ ਸੁਖ ਪਾਵੈ ॥੪੫॥

[1]ਤਿੰਨ ਰਾਤਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸ਼੍ਰੀ ਨਨਕ ਦੇਹੁਰੇ ਕੋ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

੫੬. [ਸ਼੍ਰੀ ਅੰਮ੍ਰਿਤਸਰ ਆਉਣਾ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:

ਦੀਪਮਾਲ ਕੋ ਦਿਵਸ ਤਬਿ, ਆਇ ਸਮੀਪ ਪਛਾਨਿ।
ਸ਼੍ਰੀ ਅੰਮ੍ਰਿਤਸਰ ਦਰਸ ਕੋ, ਇੱਛਾ ਭਈ ਮਹਾਨ ॥੧॥

ਚੌਪਈ:

ਬਿਧੀ ਚੰਦ ਭਾਈ ਗੁਰੁਦਾਸ।
ਇੱਤਜਾਦਿਕ ਸਿਖ ਅਪਰ ਜਿ ਪਾਸ।
ਹਾਥ ਜੋਰਿ ਸਭਿਹੂੰਨਿ ਸੁਨਾਯੋ।
'ਸ਼੍ਰੀ ਗੁਰੁ! ਸੁਨਹੁ ਸਭਿਨਿ ਮਨ ਭਾਯੋ ॥੨॥
ਦਰਸ਼ਨ ਸਬੈ ਸੁਧਾਸਰ ਚਾਹਤਿ।
ਚਹੁੰ ਦਿਸ਼ਿ ਕੋ ਨਰ ਮੇਲ ਉਮਾਹਤਿ।
ਦੀਪਮਾਲ ਕਾ ਦਿਨ ਨਿਯਰਾਵਾ।
ਯਾਂ ਤੇ ਅਧਿਕ ਰਿਦਾ ਲਲਚਾਵਾ' ॥੩॥
ਸ਼੍ਰੀ ਹਰਿਗੋਵਿੰਦ ਸੁਨਿ ਕਰਿ ਬਾਨੀ।
'ਆਛੀ ਬਾਤ' ਕਹੀ ਤਬਿ ਮਾਨੀ।
'ਹੋਤਿ ਪ੍ਰਭਾਤਿ ਕਰਹਿਂ ਪ੍ਰਸਥਾਨਾ।
'ਸਭਿਨਿ ਭਯੋ ਮਨ ਅਨੰਦ ਮਹਾਨਾ ॥੪॥
ਇਮ ਕਹਿ ਦਿਨ ਅਰੁ ਨਿਸਾ ਬਿਤਾਈ।
ਭਈ ਪ੍ਰਾਤਿ ਤਯਾਰੀ ਕਰਿਵਾਈ।
ਭਾਨੇ ਕਹਯੋ 'ਸੁਨਹੁ ਪ੍ਰਭੁ ਨਾਥ!
ਮੈਂ ਅਬਿ ਚਲੌਂ ਆਪ ਕੇ ਸਾਥ ॥੫॥
ਇਹ ਉਪਦੇਸ਼ ਪਿਤਾ ਨੇ ਦੀਨਾ।
ਗੁਰੁ ਸੰਗਤਿ ਨਿਤ ਕਰਹੁ ਪ੍ਰਬੀਨਾ।
ਸੋ ਮੈਂ ਕਰੋਂ ਨ ਤਯਾਗੋਂ ਕਬੈ।
ਦਿਹੁ ਆਇਸੁ ਹੋਵੌਂ ਸੰਗ ਅਬੈ' ॥੬॥
ਸ਼੍ਰੀ ਗੁਰੁ ਤਿਸ ਕੋ ਧੀਰਜ ਦਯੋ।
'ਬ੍ਰਿਧ ਸਾਹਿਬ ਪ੍ਰਲੋਕ ਅਬਿ ਭਯੋ।

ਇਹਾਂ ਰਹਨਿ ਹੀ ਅਬਿ ਬਨਿ ਆਵੈ।
ਬਹੁਰੋ ਸੰਗ ਰਹਨਿ ਹੀ ਭਾਵੈ' ॥੭॥
ਇਮ ਕਹਿ ਹਯ ਆਰੂਢ ਸ੍ਵਾਮੀ।
ਭਏ ਸੁਧਾਸਰ ਮਾਰਗ ਗਾਮੀ।
ਦਿਵਸ ਢਰੇ ਲਗਿ ਪਹੁੰਚੇ ਜਾਇ।
ਚਮੂੰ ਸੰਗ ਆਈ ਸਮੁਦਾਇ ॥੮॥
ਇਕ ਸੇਵਕ ਕੋ ਅੱਗ੍ਰ ਪਠਾਯੋ।
ਪੰਚਾਂਮ੍ਰਿਤ ਰਾਸ[1] ਕਰਿਵਾਯੋ।
ਪ੍ਰਥਮ ਬੈਠਿ ਕਰਿ ਚਰਨ ਪਖਾਰੇ।
ਕਰਜੋ ਸ਼ਨਾਨ ਕੂਪ ਕੇ ਬਾਰੇ[1] ॥੯॥
ਪੁਨਹ ਸੁਧਾਸਰ ਗਮਨੇ ਤੀਰ।
ਕਰਿ ਕੈ ਨਮੋ ਨਹਾਨੇ[1] ਧੀਰ।
ਤਖਤ ਅਕਾਲ ਭਈ ਅਰਦਾਸ।
ਸੰਗਿ ਸਮੂਹ ਸੁਭਟ ਅਰੁ ਦਾਸ ॥੧੦॥
ਪੌਰ ਦਰਸ਼ਨੀ ਪੁਨਿ ਚਲਿ ਗਏ।
ਹਾਥ ਜੋਰਿ ਕਰਿ ਨੰਮ੍ਰੀ ਭਏ।
ਫੇਰ ਪਹੁੰਚਿ ਦਰਬਾਰਿ ਅਗਾਰੀ।
ਹਾਥ ਜੋਰਿ ਕਰਿ ਬੰਦਨ ਧਾਰੀ ॥੧੧॥
ਚਤੁਰ ਪ੍ਰਕਰਮਾਂ ਦੇ ਕਰਿ ਬਰੇ।
ਨਮੋ ਕਰੀ ਅੰਤਰ ਗੁਰੁ ਥਿਰੇ।
ਪੰਚਾਂਮ੍ਰਿਤ ਸੁ ਤਹਾਂ ਬਰਤਾਏ।
ਬਹੁਰ ਅਕਾਲ ਤਖਤ ਕੋ ਆਏ ॥੧੨॥
ਬੈਠਿ ਬਿਸਾਲ ਲਗਾਇ ਦਿਵਾਨ।
ਪੁਰਿ ਜਨ ਸੁਨਿ ਸੁਨਿ ਦੇਖਹਿਂ ਆਨਿ।
ਅਰਪਿ ਅਰਪਿ ਕਰਿ ਗਨ ਉਪਹਾਰ।
ਬਾਰਿ ਬਾਰਿ ਪਿਖਿ ਕਰਿ ਬਲਿਹਾਰ ॥੧੩॥
ਬੰਦਨ ਕਰਹਿਂ ਅਨੰਦ ਬਿਲੰਦਹਿਂ।
ਅਵਿਲੋਕਹਿਂ ਸ਼੍ਰੀ ਹਰਿਗੋਬਿੰਦਹਿਂ।
'ਹਮਰੋ ਗੁਰੁ ਸ੍ਵਾਮੀ ਸੁਖ ਧਾਮ।
ਜਥਾ ਅਜੁੱਧਜਾ ਕੇ ਸ਼੍ਰੀ ਰਾਮ' ॥੧੪॥
ਨਿਸਾ ਭਈ ਮੰਦਿਰ ਮਹਿਂ ਆਏ।

[1]ਬਹੁਤਾ।

[1]ਖੂਹ ਦੇ ਜਲ ਨਾਲ।

[1]ਇਸ਼ਨਾਨ ਕੀਤਾ।

ਖਾਨ ਪਾਨ ਕਰਿ ਸਭਿ ਸੁਪਤਾਏ।
ਭਈ ਪ੍ਰਭਾਤਿ ਪਠਜੋ ਇਕ ਦਾਸ।
ਕਹਜੋ 'ਜਾਹੁ ਪੈਂਦੇ ਖਾਂ ਪਾਸ ॥੧੫॥
ਆਨਹੁ ਹਮਰੇ ਨਿਕਟਿ ਬੁਲਾਇ।
ਦੀਪਮਾਲਿ ਤੇ ਪ੍ਰਥਮੇ ਆਇ।'
ਦੁਤਿਯੋ ਗੋਇੰਦਵਾਲ ਪਠਾਵਾ।
ਸਭਿ ਕੁਟੰਬ ਕੋ ਤਬਹਿ ਬੁਲਾਵਾ ॥੧੬॥
ਦੋਨਹੁਂ ਦਿਸ਼ਿ ਦੋਨਹੁਂ ਚਲਿ ਗਏ।
ਗੁਰੂ ਸੰਦੇਸਾ ਭਾਖਤਿ ਭਏ।
ਕਹਿ ਦਮੋਦਰੀ ਸੰਗ ਸੁਨਾਏ।
'ਸੁੰਦਰ ਕੋ ਲਿਹੁ ਸੰਗ ਬੁਲਾਏ ॥੧੭॥
ਚਲਹੁ ਸੁਧਾਸਰ ਕਰੇ ਬੁਲਾਵਨਿ।'
ਸੁਨਿ ਸਗਰੇ ਉਰ ਭੇ ਹਰਖਾਵਨਿ।
ਸਭਿ ਕੁਟੰਬ ਲੇ ਸੁੰਦਰ ਸੰਗ।
ਗਮਨੇ ਮਾਰਗ ਚਢੇ ਤੁਰੰਗ ॥੧੮॥
ਆਇ ਸੁਧਾਸਰ ਬਿਖੇ ਪ੍ਰਵੇਸ਼ੇ।
ਉਤਰੇ ਅਪਨੇ ਸਦਨ ਵਿਸ਼ੇਸ਼ੇ।
ਸੁੰਦਰ ਚਲਿ ਗੁਰ ਕੇ ਢਿਗ ਆਯੋ।
ਪਦ ਅਰਿਬਿੰਦਨਿ ਕੋ ਲਪਟਾਯੋ ॥੧੯॥
ਸਤਿਗੁਰੁ ਕੁਸ਼ਲ ਬੂਝਿ ਕਰਿ ਸਾਰੀ।
ਨਿਕਟਿ ਬਿਠਾਯੋ ਮ੍ਰਿਦੁਲ ਉਚਾਰੀ।
ਪੁਨ ਉਠਿ ਕਰਿ ਗੁਰੁ ਮੰਦਿਰ ਗਏ।
ਸਭਿ ਕੇ ਸੰਗ ਮਿਲੇ ਸੁਖ ਦਏ ॥੨੦॥
ਸ਼੍ਰੀ ਗੁਰੁਦਿੱਤੇ ਬੰਦਨ ਕੀਨਿ।
ਸੂਰਜਮਲ, ਅਣਿਰਾਇ ਪ੍ਰਬੀਨ।
ਅਟਲਰਾਇ ਥਿਤਿ ਕਰਿ ਕਰਿ ਨਮੋ।
ਪ੍ਰਿਯ ਸੁਤ ਚਤੁਰ ਪਿਖੇ ਤਿਹ ਸਮੋ ॥੨੧॥
ਤੇਗ ਬਹਾਦਰ ਅੰਕ ਉਠਾਇ।
ਪਿਖਜੋ ਪਿਤਾ ਵੀਰੋ ਤਬਿ ਆਇ[1]।
ਸੁਤਾ ਅੰਕ ਤੇ ਸੁਤ[1] ਕੋ ਲੀਨ।

[1]ਤਦੋਂ ਬੀਬੀ ਵੀਰੋ ਜੀ ਨੇ ਸ਼੍ਰੀ ਤੇਗ ਬਹਾਦਰ ਨੂੰ ਕੁਛੜ ਚੁਕਿਆ ਹੋਇਆ ਸੀ ਪਿਤਾ (ਸ਼੍ਰੀ ਹਰਿਗੋਵਿੰਦ ਜੀ ਦਾ) ਆ ਕੇ ਦਰਸ਼ਨ ਕੀਤਾ।
[1]ਪੁੱਤ੍ਰੀ ਦੀ ਗੋਦੀ ਵਿਚੋਂ ਪੁੱਤ੍ਰ (ਤੇਗ਼ ਬਹਾਦਰ ਜੀ)।

ਸ਼੍ਰੀ ਗੁਰੁ ਪ੍ਰਿਯ ਦੁਲਾਰ ਬਹੁ ਕੀਨਿ ॥੨੨॥
ਇਮ ਸਭਿਹਿਨਿ ਕੋ ਦਰਸ ਦਿਖਾਵਾ।
ਦੇਖਿ ਦੇਖਿ ਸਭਿ ਮੋਦ ਉਪਾਵਾ।
ਇਤਨੇ ਮਹਿਂ ਸੰਗਤਿ ਬਹੁ ਆਈ।
ਅਨਿਕ ਅਕੋਰ ਪਦਾਰਥ ਲਜਾਈ ॥੨੩॥
ਤਖਤ ਅਕਾਲ ਬਿਰਾਜੇ ਆਨਿ।
ਦਰਸਹਿਂ ਸਿਖ ਗਨ ਗੁਰੁ ਭਗਵਾਨ।
ਪੈਂਦੇਖਾਂਨ ਪਹੁਚਿ ਦਿਨ ਮੇਲੇ।
ਸੰਗ ਭਾਰਜਾ ਲਜਾਇ ਸੁਹੇਲੇ[1] ॥੨੪॥
ਮਿਲਜੋ ਗੁਰੂ ਸਨ ਕਰਿ ਪਗ ਨਮੋ।
ਬੂਝਿ ਕੁਸ਼ਲ ਸਾਦਰ ਤਿਹ ਸਮੋਂ।
ਸਾਥ ਭਾਰਜਾ ਸੁਨਿ ਦੁਖ ਕਦਨਿ[1]।
ਕੌਲਾਂ ਕੋ ਦੀਨਸਿ ਤਿਹਿ ਸਦਨਿ ॥੨੫॥
ਬਸਜੋ ਤਹਾਂ ਆਨੰਦ ਉਪਜਾਏ।
ਗੁਰੁ ਘਰ ਤੇ ਸਭਿ ਹੀ ਕੁਛ ਪਾਏ।
ਚਾਰਹੁੰ ਦਿਸ਼ਿ ਤੇ ਆਯੋ ਮੇਲਾ।
ਕਰਿ ਸ਼ਨਾਨ ਤੇ ਜਨਮ ਸੁਹੇਲਾ ॥੨੬॥
ਦਰਸ਼ਨ ਕਰਹਿਂ ਗੁਰੂ ਬਰ ਬੀਰ।
ਹੋਇ ਬਹੁਤ ਸੰਗਤਿ ਕੀ ਭੀਰ।
ਅਰਪਿ ਅਕੋਰਨਿ ਲਗਹਿਂ ਅੰਬਾਰਾ[1]।
ਬਸਤ੍ਰ ਬਿਭੂਖਨ ਹਯ ਹਥਿਆਰਾ[†] ॥੨੭॥
ਧਨ ਅਨਗਨ ਆਨਹਿਂ ਗੁਰੁ ਆਗੇ।
ਅਰਪਿ ਅਰਪਿ ਸਗਰੇ ਸੁਖ ਮਾਂਗੇ।
ਸਤਿਗੁਰ ਖੁਸ਼ੀ ਸਭਿਨਿ ਪਰ ਧਰੀ।
ਸੰਗਤਿ ਸਕਲ ਬਿਸਰਜਨ[1] ਕਰੀ ॥੨੮॥
ਪੁਨ ਗੁਰੁ ਸੁਖ ਜੁਤਿ ਦਿਵਸ ਬਿਤਾਏ।

[1]ਸੁਖੀ।

[1]ਦੁਖ ਨਾਸ਼ਕ ਜੀ ਨੇ।

[1]ਅਰਪੀ ਹੋਈ ਭੇਟਾ ਦੇ ਢੇਰ ਲਗ ਜਾਂਦੇ ਹਨ।

[†]ਘੋੜੇ ਤੇ ਸ਼ਸਤ੍ਰ ਲੈ ਕੇ ਪ੍ਰਸੰਨ ਹੋਣ ਦਾ ਭਾਵ ਇਹ ਸੀ ਕਿ ਨਵੇਂ ਬੀਰ ਰਸੀ ਜੀਵਨ ਵਾਸਤੇ ਇਨ੍ਹਾਂ ਸ਼ੈਆਂ ਦੀ ਲੋੜ ਸੀ, ਦੂਸਰੇ ਸਿੱਖਾਂ ਵਿਚ ਸ਼ਸਤ੍ਰਾਂ ਦਾ ਪਿਆਰ ਵਧਦਾ ਤੇ ਬੀਰ ਰਸੀ ਜੀਵਨ ਦੀ ਜਾਗ ਲਗਦੀ ਤੇ ਵਧਦੀ ਮੌਲਦੀ ਸੀ।

[1]ਵਿਦਾ।

ਪੈਂਦੇ ਖਾਂ ਨਿਤ ਨਿਕਟਿ ਰਹਾਏ।
ਬੂਝਯੋ ਗੁਰੂ 'ਤੁਰੰਗਮ ਜੋਈ।
ਤੋ ਹਿਤ ਪਠਯੋ ਕਹਹੁ ਕਸ ਸੋਈ?'
॥੨੯॥
ਹਾਥ ਜੋਰਿ ਕਰਿ ਖਾਨ ਬਖਾਨਾਂ।
'ਹਯ ਹਥਿਆਰ ਨੀਕ ਜੋ ਜਾਨਾ[1]।
ਕਰਹੁ ਮਿਹਰ ਸੋ ਮੋ ਕਹੁ ਦੈਹੋ।
ਇਕ ਹਯ ਕਹਾਂ ਸਕਲ ਸੁਖ ਪੈ ਹੋਂ
॥੩੦॥
ਮਹਾਰਾਜ ! ਰਾਵਰ ਕੇ ਸੰਗ।
ਭਯੋ ਅਗਾਰੀ ਤੇ[1] ਬਡਿ ਜੰਗ।
ਨਹੀਂ ਦਾਸ ਕੋ ਨਿਕਟਿ ਬੁਲਾਯੋ।
ਪੂਰਬ ਸਮ ਮੈਂ ਕਾਮ ਨ ਆਯੋ' ॥੩੧॥
ਸੁਨਿ ਗੁਰੁ ਕਹਯੋ 'ਕਾਜ ਕੁਛ ਥੋਰਾ।
ਚਹਤਿ ਹਕਾਰਨਿ ਨਹਿਂ ਮਨ ਮੋਰਾ।
ਤੁਰਕ ਸਹੱਸ੍ਰ ਪੰਚ ਦਸ ਆਏ।
ਔਚਕ ਨਿਕਟਿ ਜੰਗ ਕੋ ਧਾਏ[1] ॥੩੨॥
ਪਿਖਿ ਕਰਿ ਸਿਖਿ ਤਿਨ ਪਰ ਇਮ ਗਏ।
ਖਗ ਪਰ ਬਾਜ ਛੁਧਿਤਿ ਜਿਮ ਭਏ।
ਸੁਭਟਨਿ ਇਮ ਪੁਰਸ਼ਾਰਥ ਕੀਨਿ।
ਕੇਹਰਿ ਹਤਹਿਂ ਹੇਰਿ ਗਜ ਪੀਨ ॥੩੩॥
ਸਿੱਖਨਿ ਫਤੇ ਲਈ ਬਹੁ ਮਾਰੇ।
ਏਕ ਸਹੱਸ੍ਰ ਬਚੇ ਭਜਿ ਹਾਰੇ।'
ਸੁਨਿ ਪੈਂਦੇ ਨਿਜ ਰਿਦੇ ਬਿਚਾਰੀ।
-ਪੂਰਨ ਪੁਰਖ ਗੁਰੂ ਬਲਿ ਭਾਰੀ ॥੩੪॥
ਮਮ ਗਰਬਨਿ ਉਰ ਭਾ ਸਭਿ ਕੂਰੇ[†]।
ਕਿਧੋਂ ਲਖਯੋ ਸੋ ਸਭਿ ਗੁਰੁ ਪੂਰੇ-।

[1]ਘੋੜਾ ਤੇ ਸ਼ਸਤ੍ਰ ਜੋ ਵੀ ਚੰਗਾ ਜਾਣਦੇ ਹੋ ਸੋ.....।

[1]ਅੱਗੇ ਨਾਲੋਂ।

[1]ਅਚਾਨਕ ਹੀ (ਸੂਬਾ ਜੋ) ਨੇੜੇ ਹੀ ਸੀ ਜੰਗ ਨੂੰ ਆ ਗਿਆ।

[†]ਪੈਂਦੇ ਖਾਂ ਦਾ ਐਉਂ ਗਰਬ ਦੂਰ ਕਰਨਾ ਭਾਰੀ ਰਾਜਨੀਤੀ ਸੀ ਉਹ ਰਾਜ ਕਰ ਰਹੀ ਕੌਮ ਦਾ ਦੀਨ ਭਾਈ ਸੀ ਤੇ ਗਰਬ ਵਿਚ ਆ ਗਿਆ ਸੀ, ਉਸੇ ਦਾ ਹੀ ਨਿਰਾ ਆਸਰਾ ਰੱਖਣਾ ਸਿੱਖਾਂ ਵਿਚ ਜੀਵਨ ਪੈਦਾ ਕਰਨ ਵਿਚ ਕਸਰ ਰੱਖਣ ਵਾਲੀ ਗੱਲ ਸੀ। ਉਸ ਨੂੰ ਹੁਣ ਨਿਸ਼ਚੇ ਹੋ ਗਿਆ ਕਿ ਗੁਰੂ ਜੀ ਬਲੀ ਤੇ ਉੱਚੇ ਹਨ ਅਰ ਮੇਰੀ ਮੁਥਾਜੀ ਬਿਨਾ ਕਾਮਯਾਬ ਹੁੰਦੇ ਹਨ। ਇਧਰ ਸਿੱਖਾਂ ਵਿੱਚ ਸ੍ਵੈਸਤਿਕਾਰ ਤੇ ਨਿਜ ਭਰੋਸਾ ਆ ਗਿਆ ਕਿ ਅਸੀਂ ਸਿਪਾਹੀ, ਜਥੇਦਾਰ, ਸੈਨਾਪਤ ਸਭ ਕੁਛ ਆਪ ਹੋ ਕੇ ਸਤਿਗੁਰਾਂ ਦੇ ਤਾਬੇ ਸਾਰੇ ਕੰਮ ਕਰ ਸਕਦੇ ਹਾਂ।

ਇੱਤਯਾਦਿਕ ਲਖਿ ਕਰਿ ਪਛੁਤਾਏ।
'ਧੰਨ ਗੁਰੂ ਤੁਮ' ਮੁਖਹੁਂ ਅਲਾਏ ॥੩੫॥
'ਚਹਹੁ ਜਥਾ ਤਿਮ ਠਟਹੁ ਗੁਸਾਈਂ!
ਕਰਾਮਾਤ ਸਾਹਿਬ ਅਧਿਕਾਈ।'
ਇੱਤਯਾਦਿਕ ਕਬਿ ਛਿਰਹਿ ਪ੍ਰਸੰਗ।
ਜਿਮ ਜਿਮ ਠਾਨੇ ਪੁਰਬ ਜੰਗ ॥੩੬॥
ਬਿਨ ਹੰਕਾਰ ਭਯੋ ਤਬਿ ਪੈਂਦਾ।
ਗੁਰੁ ਨ ਗਰਬ ਰਹਨਿ ਦੇ ਕੈਂਦਾ।
ਕਿਤਿਕ ਮਾਸ ਜਬਿ ਏਵ ਬਿਤਾਏ।
ਸ਼੍ਰੀ ਅੰਮ੍ਰਿਤਸਰ ਸੁਖ ਬਹੁ ਪਾਏ ॥੩੭॥
ਪੈਂਦਖਾਨ ਕੇ ਕੰਨਜਾਂ ਭਈ।
ਗੁਰੁ ਢਿਗ ਆਨਿ ਤਬੈ ਸੁਧਿ ਦਈ।
ਸ਼੍ਰੀ ਹਰਿਗੋਵਿੰਦ ਧੀਰਜ ਦੀਨਾ।
'ਪਾਰਹੁ ਨਿਜ ਸੰਤਤਿ ਕੋ ਚੀਨਾ' ॥੩੮॥
ਸੁਨਿ ਕਰਿ ਸਦਨ ਆਪਨੇ ਗਯੋ।
ਸੁਤ ਸਮ ਜਾਨਿ ਮੋਦ ਮਨ ਲਯੋ।
ਪੀਛੇ ਹਸਤਿ ਗੁਰੂ ਜਬਿ ਹੇਰੇ।
ਬੋਲਯੋ ਜੇਠਾ ਹੋਇ ਅਗੇਰੇ ॥੩੯॥
'ਪੈਂਦੇਖਾਨ ਕੇ ਕੰਨਜਾਂ ਹੋਈ।
ਬਿਕਸਨਿ ਹੇਤੁ ਲਖਯੋ ਨਹਿਂ ਕੋਈ[1]।'
ਸੁਨਿ ਗੁਰੁ ਕਹਯੋ 'ਜੰਗ ਕੋ ਕਾਰਨ।
ਉਪਜੀ, ਬਨਹਿ ਤੁਰਕ ਗਨ ਮਾਰਨਿ[1]' ॥੪੦॥
ਕੁਛਕ ਭੇਦ ਜੇਠਾ[1] ਸਮੁਝਾਯੋ।
ਸੁਨਿ ਸਤਿਗੁਰੁ ਤੇ ਉਰ ਬਿਰਸਾਯੋ।
ਇਸੀ ਪ੍ਰਕਾਰ ਬਰਖ ਕੁਛ ਬੀਤੇ।
ਸੁਧਾ ਸਰੋਵਰ ਬਹੁ ਸੁਖ ਲੀਤੇ ॥੪੧॥
ਸੰਗਤਿ ਸਿੱਖ ਅਨੇਕ ਉਧਾਰੈਂ।
ਸੱਤਿਨਾਮ ਦੇ ਕੁਮਤਿ ਬਿਦਾਰੈਂ।

[1]ਭਾਵ ਆਪ ਦੇ ਹੱਸਣ ਦਾ ਕਾਰਨ ਕੀ ਹੈ?

[1]ਭਾਵ ਤੁਰਕਾਂ ਦੇ ਘਰ ਧੀ ਜੰਮੀ ਹੈ ਤੇ ਜੰਗ ਦਾ ਕਾਰਣ ਹੋ ਕੇ ਤੁਰਕਾਂ ਦੇ ਮਰਨੇ ਦਾ ਕਾਰਣ ਬਣੇਗੀ, (ਇਸ ਅਸਚਰਜ ਤਵਿੱਖਤ ਤੋਂ ਹੱਸੇ ਸਾਂ)। ਇਹ ਗੱਲ ਅੱਗੇ ਜਾ ਕੇ ਰਾਸ ੮ ਦੇ ਅੰਸੂ ੭ ਤੋਂ ਅੱਗਲੇ ਅੰਸੂਆਂ ਵਿਚ ਖੁੱਲ੍ਹ ਜਾਂਦੀ ਹੈ)।

[1]ਜੇਠੇ ਨੂੰ।

ਇਕ ਦਿਨ ਢਿਗ ਦਮੋਦਰੀ ਹੋਇ।
ਬੋਲੀ ਹਾਥ ਬੰਦਿ ਕਰਿ ਦੋਇ ॥੪੨॥
'ਪੌਤ੍ਰਾ ਨਿਜ ਘਰ ਬਖਸ਼ਨ ਕਰੀਅਹਿ।
ਕ੍ਰਿਪਾ ਦ੍ਰਿਸ਼ਟਿ ਇਹ ਮੋ ਪਰ ਧਰੀਅਹਿ।
ਹੇਰਨਿ ਕੋ ਚਿਤ ਚਾਵ ਘਨੇਰਾ।
ਕਰਹੁ ਮਨੋਰਥ ਪੂਰਨ ਮੇਰਾ' ॥੪੩॥
ਸੁਨਿ ਕਰੁਨਾ ਕਰਿ ਗਿਰਾ ਬਖਾਨੀ।
'ਹੁਇਂ ਪੌਤ੍ਰੇ ਜੁਗਿ ਲਿਹੁ ਮਨ ਜਾਨੀ।
ਗੁਰੂ ਪਿਤਾ ਕੋ[1] ਬਾਕ ਨ ਖ਼ਾਲੀ।
-ਵਧੀ ਵੇਲ ਬਹੁ ਪੀੜੀ ਚਾਲੀ- ॥੪੪॥
ਸ਼੍ਰੀ ਗੁਰੁਦਿੱਤੇ ਕੇ ਸੁਤ ਦੋਇ।
ਉਪਜਹਿਂ ਕੇਤਿਕ ਚਿਰ ਮਹਿਂ ਸੋਇ।
ਪੂਰਨ ਹੋਇਂ ਮਨੋਰਥ ਤੇਰੇ।
ਕਰਹੁ ਪ੍ਰਮੋਦ ਪੌਤ੍ਰ ਕੋ ਹੇਰੇ' ॥੪੫॥

[1]ਭਾਵ ਸ਼੍ਰੀ ਗੁਰ ਅਰਜਨ ਦੇਵ ਜੀ ਦਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਸੁਧਾਸਰ ਆਗਵਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਤਿ ਅੰਸੂ ॥੫੬॥

੫੭. [ਧੀਰਮਲ ਜਨਮ। ਬਾਬਾ ਅਟਲ ਖੇਡ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਸ਼੍ਰੀ ਸਤਿਗੁਰੁ ਬਡ ਪੁੱਤ੍ਰ ਕੋ, ਨਿਕਟਿ ਬੁਲਾਇ ਬਿਠਾਇ।
ਹੋਯਹੁ ਤਰੁਨ ਬਿਸਾਲ ਬਲਿ, ਅਸ ਆਇਸੁ ਫੁਰਮਾਇ ॥੧॥

ਚੌਪਈ:

'ਸ਼੍ਰੀ ਕਰਤਾਰ ਪੁਰਾ ਨਿਜ ਥਾਨ।
ਹਮਰੇ ਪਿਤ ਕੋ ਰੁਚਿਤਿ ਮਹਾਨ।
ਭਾ ਚਿਰਕਾਲਿ ਨ ਗਮਨੇ ਤਹਾਂ।
ਪ੍ਰਜਾ ਬਸਤਿ ਹੈ ਅਪਨੀ ਜਹਾਂ ॥੨॥
ਤਹਾਂ ਸਮੀਪ ਸੰਗਤਾਂ ਬ੍ਰਿੰਦ।
ਦਿਵਸ ਪੁਰਬ ਕੇ ਚਹਤਿ ਬਿਲੰਦ।
ਦਰਸ਼ਨ ਕਰਨਿ ਉਪਾਇਨ ਦੈਬੇ।
ਰਿਦੇ ਕਾਮਨਾ ਬਾਂਛਤਿ ਲੈਬੇ ॥੩॥
ਤੁਮ ਸਭਾਰਜਾ[1] ਬਸੀਅਹਿ ਜਾਇ।
ਕਬਿ ਹਮ ਮਿਲਹਿਂ, ਕਬਹਿ ਤੁਮ ਆਇ।'
ਸ਼੍ਰੀ ਗੁਰਦਿੱਤੇ ਸੁਨਿ ਪਿਤ ਬਾਤਿ।
ਮਾਨੀ ਸਿਰ ਧਰਿ ਕਰਿ ਮੁਦ ਗਾਤਿ[1] ॥੪॥
ਮਾਤਾ ਕੋ ਬਿਧਿ ਸਕਲ ਸੁਨਾਈ।
ਕਹਿ ਦਾਸਨਿ ਤਯਾਰੀ ਕਰਿਵਾਈ।
ਪ੍ਰਥਮ ਬਿਮਾਤਨਿ ਕੋ[1] ਕਰਿ ਨਮੋ।
ਮਿਲਿ ਦਮੋਦਰੀ ਸੋਂ ਤਿਸ ਸਮੋ ॥੫॥
ਸਹਤ ਸਨੁਖਾ ਸੁਤ ਕੋ ਹੇਰੇ।
ਆਸ਼ਿਖ ਦੇਤਿ ਦਲਾਰ ਘਨੇਰੇ।
ਸ਼ੁਭ ਸਿੱਖਯਾ ਦੋਨਹੁ ਕਹੁ ਕਹੀ।
ਰਿਦੇ ਬਿਛੁਰਿਬੋ ਚਾਹਤਿ ਨਹੀਂ ॥੬॥
ਤਉ ਪਿਤਾ ਕੀ ਆਇਸੁ ਜਾਨਿ।
ਸ਼੍ਰੀ ਹਰਿਮੰਦਰ ਬੰਦਨ ਠਾਨਿ।
ਸ਼੍ਰੀ ਹਰਿਗੋਬਿੰਦ ਕੋ ਕਰਿ ਨਮੋ।

[1]ਸਹਿਤ ਇਸਤ੍ਰੀ ਦੇ।

[1]ਭਾਵ ਪ੍ਰਫੁੱਲਤ ਹੋ ਕੇ। ਭਾਵ ਬਹੁਤੀ ਖੁਸ਼ੀ ਤੋਂ ਹੈ ਕਿਉਂਕਿ ਬਹੁਤੀ ਖੁਸ਼ੀ ਵੇਲੇ ਸਰੀਰ ਪ੍ਰਫੁੱਲਤ ਹੁੰਦਾ ਹੈ।

[1]ਮਤ੍ਰੇਈਆਂ ਮਾਤਾਵਾਂ ਨੂੰ।

ਮਾਰਗ ਚਲਤਿ ਭਏ ਤਿਹ ਸਮੋਂ ॥੭॥
ਇਕ ਨਿਸ ਕੋ ਬਿਤਾਇ ਮਗ ਮਾਂਹੀ।
ਸ੍ਰੀ ਕਰਤਾਰ ਪੁਰਾ ਥਲ ਜਾਂਹੀ।
ਹੇਰਿ ਪ੍ਰਵੇਸ਼ੇ ਬਾਸੋ ਠਾਨਿ।
ਆਯੋ ਮੇਲ ਵਿਸੋਆ[1] ਜਾਨਿ ॥੮॥ [1]ਵੈਸਾਖੀ।
ਦਿਵਸ ਵਿਸਾਖੀ ਕੇ ਤਹਿਂ ਜਾਇ।
ਬਹੁ ਸਿਖ ਸੰਗਤਿ ਭੇਟ ਚਢਾਇ।
ਜਿਮ ਗੁਰੁ ਕਹਜੋ ਮਾਨਿ ਪਿਤ ਬੈਨ।
ਬਸਜੋ ਸਦਾਰਾ ਕਰਿ ਤਹਿਂ ਐਨ[1] ॥੯॥ [1]ਇਸਤ੍ਰੀ ਸਮੇਤ ਤਿੱਥੇ ਘਰ ਕਰ ਕੇ ਵੱਸਿਆ।
ਸੋਲਾ ਸਤ ਤਿਰਾਸੀਆ ਸਾਲ।
ਮਾਘ ਮਾਸ ਤ੍ਰੌਦਸਵੀਂ ਕਾਲ[1]। [1]ਮਾਘ ਦੀ ੧੩ ਸੰ: ੧੬੮੩।
ਵਾਰ ਸ਼ਨਿਚਰ ਜਬਿ ਹੀ ਅਯੋ।
ਨੱਤੀ[1] ਤੇ ਪ੍ਰਸੂਤ ਸਿਸ ਭਯੋ ॥੧੦॥ [1]ਬਾਬਾ ਗੁਰਦਿੱਤਾ ਜੀ ਦੀ ਇਸਤ੍ਰੀ।
ਸੁਨਿ ਸਭਿ ਮਹਿਂ ਬਡ ਆਨੰਦ ਹੋਵਾ।
ਦਰਬ ਦਾਨ ਦੇ ਮੰਗਲ ਜੋਵਾ।
ਸੁਨਿ ਸੁਨਿ ਗਨ ਮਾਂਗਨ ਕੋ ਆਏ।
ਸ੍ਰੀ ਗੁਰਦਿੱਤੇ ਉਰ ਹਰਖਾਏ ॥੧੧॥
ਜਥਾ ਜੋਗ ਧਨ ਗਨ ਬਰਤਾਯੋ।
ਸੁਧਿ ਹਿਤ ਸੇਵਕ ਤੁਰਤ ਪਠਾਯੋ।
ਆਦਿ ਸੁਧਾਸਰ ਸਤਿਗੁਰ ਪਾਸੀ।
ਪੌਤ੍ਰ ਜਨਮ ਕੀ ਬਾਤ ਪ੍ਰਕਾਸ਼ੀ ॥੧੨॥
ਸ੍ਰੀ ਹਰਿਗੋਵਿੰਦ ਮੰਗਲ ਕੀਨਾ।
ਜਾਚਕ ਗਨ ਕੋ ਧਨ ਬਹੁ ਦੀਨਾ।
ਸੁਨਿ ਦਮੋਦਰੀ ਅਨੰਦ ਕਰੰਤੀ।
ਹੋਤਿ ਵਧਾਈ ਦਰਬ ਦਿਵੰਤੀ ॥੧੩॥
ਜਥਾਜੋਗ ਭਾ ਮੰਗਲਚਾਰ।
ਹਰਖ ਪਾਇ ਸਗਰੋ ਪਰਵਾਰ।
ਸ੍ਰੀ ਸਤਿਗੁਰੁ ਢਿਗ ਸੰਗਤਿ ਆਵੈ।
ਪਾਇ ਕਾਮਨਾ ਭੇਟ ਚਢਾਵੈ ॥੧੪॥
ਦਿਵਸ ਪੁਰਬ ਕੇ ਆਵਹਿਂ ਮੇਲਾ।
ਚਹੁੰਦਿਸ਼ਿ ਕੇ ਨਰ ਹੋਹਿਂ ਸਕੇਲਾ।
ਚਾਰੋਂ ਸਾਹਿਬਜ਼ਾਦੇ ਪਾਸ।

ਖੇਲਹਿਂ ਬਿਰਧਹਿਂ ਮਹਦ ਪ੍ਰਕਾਸ਼ ॥੧੫॥
ਕੇਤਿਕ ਚਿਰ ਪਿਤ ਕੇ ਢਿਗ ਆਵੈਂ।
ਮਿਲਿ ਬਾਲਕ ਸੰਗ ਖੇਲ ਮਚਾਵੈਂ।
ਪੁਰਿ ਕੀ ਬੀਥਨਿ ਬਿਖੈ ਪਲਾਵੈਂ।
ਕੰਚਨ ਭੂਖਨ ਸ਼ਬਦ ਉਠਾਵੈਂ ॥੧੬॥
ਸੇਵਕ ਸੰਗ ਸੰਗ ਤਿਨ ਜਾਇ।
ਅਲਪ ਬੈਸ ਤੇ[1] ਰਖਿ ਚੁਕਸਾਇ। [1]ਛੋਟੀ ਆਯੂ ਦੇ ਕਾਰਣ।
ਬਨਕ[1] ਸਿੱਖ ਜੇ ਪੁਰਿ ਕੇ ਬਾਸੀ। [1]ਵਪਾਰੀ।
ਤਿਨ ਕੇ ਸਿਸ ਆਵੈਂ ਨਿਤ ਪਾਸੀ ॥੧੭॥
ਅਟਲਰਾਇ ਨਵ ਬਰਖਨਿ ਕੇਰੇ।
ਫਿਰਿ ਬੀਥਨਿ ਮਹਿਂ ਹਸਤਿ ਘਨੇਰੇ।
ਅਧਿਕ ਪ੍ਰਸੰਨ ਬਦਨ ਸੋ ਰਹੈਂ।
ਜਿਨ ਮਹਿਂ ਜੋਤਿ ਜਗਤ ਜਗ ਲਹੈ ॥੧੮॥
ਨਿਕਸਿ ਜਾਇ ਮੁਖ ਤੇ ਜਿਮ ਬਾਨੀ।
ਹੁਇ ਪ੍ਰਸੰਨ ਕੈ ਰਿਸ ਉਰ ਠਾਨੀ।
ਤਤਛਿਨ ਸਫਲ, ਸਿੱਖ ਪਤਿਆਵੈਂ[1]। [1]ਸਿੱਖਾਂ ਨੇ ਅਜ਼ਮਾ ਲਿਆ ਹੈ।
ਯਾਂ ਤੇ ਅਦਬ ਕਰਹਿਂ ਡਰ ਪਾਵੈਂ ॥੧੯॥
ਖੇਲਨਿ ਖਾਨ ਪਾਨ ਤੇ ਆਦਿ।
ਸਭਿ ਮਹਿਂ ਤਿਨਹੁਂ ਧਰਹਿਂ ਅਹਿਲਾਦ[1]। [1]ਤਿੰਨ੍ਹਾਂ ਨੂੰ ਪ੍ਰਸੰਨ ਰਖਦੇ ਹਨ।
ਨਹਿਂ ਪ੍ਰਤਿਕੂਲ ਕਰਹਿ ਕਬਿ ਕੋਈ।
ਤੇਜ ਸੁਭਾਵ ਜਾਨਿ ਕਰਿ ਸੋਈ ॥੨੦॥
ਸੁੰਦਰ ਬਸਤ੍ਰ ਬਿਭੂਖਨ ਧਰੈਂ।
ਖੇਲਨਿ ਮਹਿਂ ਚੰਚਲਤਾ ਕਰੈਂ।
ਜੋ ਸਿਖ ਚਹੈ ਕਾਮਨਾ ਕੋਊ।
ਅਟਲਰਾਇ ਸੰਗ ਬਿਚਰਤਿ ਸੋਊ ॥੨੧॥
ਜਥਾ ਕਹਹਿਂ, ਸੇਵਾ ਤਿਮ ਠਾਨਹਿ।
ਖਾਨ ਪਾਨ ਹਿਤ ਸ੍ਵਾਦਲ ਆਨਹਿ।
ਹਾਥ ਜੋਰਿ ਕੈ ਤਬਿ ਕਹਿਵਾਵੈ।
ਕਰਹਿਂ ਬਾਕ ਤਿਮ ਹੀ ਹੁਇ ਜਾਵੈ

॥੨੨॥
ਅਪਰ ਨਹੀਂ ਕੋ ਤੈਸੇ ਕਰਤਿ।
ਹੈ ਜਿ ਸ਼ਕਤਿ ਸੋ ਗੁਰੁ ਤੇ ਡਰਤਿ।
ਨਹਿਂ ਬਿਦਤਾਇਂ, ਗੋਪ ਕਰਿ ਰਾਖੀ।
ਗੁਰੁ ਅਨੁਸਾਰੀ ਉਰ ਅਭਿਲਾਖੀ[1] ॥੨੩॥
ਅਟਲਰਾਇ ਨਹਿਂ ਟਲਹਿਂ ਕਹਨਿ ਤੇ।
ਟਹਿਲ ਬਿਲੋਕਹਿਂ ਦੇਤਿ ਬਚਨ ਤੇ।
ਤਊ ਕਹੈਂ ਨਹਿਂ ਗੁਰੁ ਕਿਸ[†] ਭਾਂਤਿ।
ਜਾਨਹਿਂ ਅਜ਼ਮਤਿ ਜੁਤਿ ਮਮ ਤਾਤ ॥੨੪॥
ਮਨ ਉਦਾਰ ਹੈ, ਦਾਸਨਿ ਦੇਤਿ।
ਸੇਵਾ ਕਰਹਿਂ ਰਿਝਾਵਤਿ ਲੇਤਿ-।
ਨਹੀਂ ਵਾਸਤਵ ਆਛੀ ਜਾਨਹਿਂ।
-ਕਰਤਿ ਅਧਿਕ ਨਹਿਂ ਨਿਬਹਿ- ਪਛਾਨਹਿਂ[1] ॥੨੫॥
ਇਮ ਬਹੁ ਅਜ਼ਮਤਿ ਦਾਸਨਿ ਮਾਂਹਿ।
ਕਰਹਿਂ ਬਚਨ, ਸੋ ਨਿਫਲੈ ਨਾਂਹਿ।
ਸੰਗਤਿ ਦੇਸ਼ ਬਿਦੇਸ਼ਨਿ ਕੇਰੀ।
ਸਭਿ ਮਹਿਂ ਮਹਿਮਾ ਇਨਹੁਂ ਬਡੇਰੀ ॥੨੬॥
ਜਾਨਹਿਂ -ਮਹਾਂਜੋਤਿ[1] ਕੋ ਧਨੀ।
ਕਰਹਿਂ ਕਾਮਨਾ ਪੂਰਨ ਘਨੀ-।
ਗੁਰੁ ਤੇ ਪ੍ਰਿਥਕ ਦਰਸ ਕੋ ਕਰੈਂ।
ਬਸਤ੍ਰ ਬਿਭੂਖਨ ਭੇਟਾ ਧਰੈਂ ॥੨੭॥
ਖਨ ਪਾਨ ਕੀ ਵਸਤੂ ਆਛੇ।
ਦੇ ਕਰਿ ਲੇਤੇ ਬਰ ਜਿਮ ਬਾਂਛੇ।
ਕਬਿ ਗੁਰੁ ਏਕਲ ਕੋ ਸਮੁਝਾਵੈਂ।
'ਸਮੁਝਿ ਸਮੁਝਿ ਬਰਤਹੁ, ਸੁਖ ਪਾਵੈਂ' ॥੨੮॥
ਤਊ ਸੁਭਾਇ ਉਦਾਰ ਬਿਸਾਲਾ।
ਦੇਖਿ ਸਿੱਖ ਕੋ ਕਰਹਿਂ ਨਿਹਾਲਾ।

[1]ਗੁਰੂ ਜੀ ਨੇ ਅਨੁਸਾਰ ਰਿਦੇ ਦੀ ਇੱਛਾ ਕਰਦੇ ਹਨ (ਹੋਰ ਸਾਹਿਬਜ਼ਾਦੇ)।

[†]ਪਾ:-ਜਿਸ।

[1]ਪਛਾਣਦੇ ਹਨ (ਗੁਰੂ ਜੀ) ਕਿ (ਇਹ) ਬਹੁਤੀ (ਅਜ਼ਮਤ) ਕਰਦੇ ਹਨ, ਇਹ ਨਿਭਣੀ ਨਹੀਂ।

[1]ਭਾਵ ਆਤਮਕ ਤੇਜ।

ਸੁਕਚਹਿਂ ਅਲਪ[1] ਗੁਰੂ ਤੇ ਸੋਇ।
ਅਜ਼ਮਤਿ ਬਿਦਤਿ ਲਖੀ ਸਭਿ ਕੋਇ ॥੨੯॥
ਸੁਇਨੀ ਖੱਤ੍ਰੀ ਇਕ ਵਿਵਹਾਰੀ।
ਹੁਤੋ ਨਿਕੇਤ ਬਿਖੈ ਧਨ ਭਾਰੀ।
ਗੁਰਮੁਖ ਨਾਮ ਤਿਸੀ ਕੋ ਕਹੈਂ।
ਤਿਸ ਕੇ ਇਕ ਸੁੰਦਰ ਸੁਤ ਅਹੈ ॥੩੦॥
ਨਾਮ ਧਰਜੋ ਮੋਹਨ ਤਿਸ ਕੇਰੋ।
ਅਟਲਰਾਇ ਸਮ ਬੈਸ ਭਲੇਰੋ।
ਸੋ ਖੇਲਨਿ ਨਿਤਪ੍ਰਤਿ ਹੀ ਆਵੈ।
ਗੁਰੂ ਸੁਤਨਿ ਕੋ ਬਹੁ ਪਰਚਾਵੈ ॥੩੧॥
ਸਗਰੇ ਦਿਨ ਮਿਲਿ ਖੇਲਤਿ ਰਹੈ।
ਸੋਵਨਿ ਸਮੈਂ ਅਪਨਿ ਘਰ ਲਹੈ।
ਇਸੀ ਰੀਤਿ ਬਹੁ ਧਨੀਅਨਿ ਬਾਲ।
ਖੇਲਤਿ ਹੈਂ ਗਨ ਮਿਲਿ ਮਿਲਿ ਜਾਲ ॥੩੨॥
ਇਕ ਦਿਨ ਸਿਸ ਮੋਹਨ ਕੇ ਸਾਥਿ।
ਅਟਲਰਾਇ ਖੂੰਡੀ ਗਹਿ ਹਾਥ।
ਕਿੰਦਕ[1] ਸੰਗਹਿ ਖੇਲ ਮਚਾਈ।
ਬਦਹਿਂ ਸੀਡ[1] ਇਤ ਉਤ ਕੋ ਧਾਈ ॥੩੩॥
ਨਿਜ ਨਿਜ ਦਿਸ਼ਿ ਕੋ ਪੇਲਿ ਧਕੇਲੈਂ।
ਦੌਰਿ ਦੌਰਿ ਗਨ ਬਾਲਿਕ ਖੇਲੈਂ।
ਸੀਡ ਬੰਧ ਮੋਹਨ ਕੇ ਸਾਥਿ।
ਅਟਲਰਾਇ ਖੂੰਡੀ ਲੇ ਹਾਥ ॥੩੪॥
ਖੇਲਤਿ ਜੀਤਹਿਂ, ਕਬਹੂੰ ਹਾਰੈਂ।
ਬਹਿਸ[1] ਬਹਿਸ ਬਹੁ ਬਲ ਕੌ ਧਾਰੈਂ।
ਸੰਧਜਾ ਸਮੈਂ ਭਈ ਇਮ ਖੇਲਤਿ।
ਸੋਟਿਨਿ ਤੇ ਕਿੰਦਕ ਕੋ ਪੇਲਤਿ[1] ॥੩੫॥
ਭਯੋ ਅੰਧੇਰਾ ਸ਼੍ਰਮਤਿ ਬਿਸਾਲੇ।
ਤਜਜੋ ਖੇਲ ਘਰ ਨਿਜ ਨਿਜ ਚਾਲੇ।
ਅਟਲਰਾਇ ਮੋਹਨ ਸੋਂ ਕਹਜੋ।

[1]ਥੋੜਾ ਜਿਹਾ।
[1]ਗੇਂਦ।
[1]ਸ਼ਰਤ ਬੰਨ੍ਹਕੇ।
[1]ਝਗੜ ਝਗੜ ਕੇ, ਜ਼ਿਦ ਜ਼ਿਦ ਕੇ।
[1]ਰੇੜ੍ਹਦਿਆਂ।

'ਅਬਿ ਤੋ ਅਦਿਕ ਅੰਧੇਰੋ ਲਹ੍ਯੋ ॥੩੬॥
ਖੇਲਨਿ ਤੇ ਸਕਲੇ ਹਟਿ ਰਹੇ।
ਮੇਰੀ ਜੀਤ ਭਈ, ਸਭਿ ਲਹੇ।
ਧਰੀ ਸੀਡ ਪੀਛੈ ਮਮ ਸਾਥਿ[1]।
ਜੀਤ ਲੀਨ ਮੈਂ ਬਲਿ ਕਰਿ ਹਾਥ ॥੩੭॥
ਰਹੀ ਤੋਹਿ ਸਿਰ, ਅਬਿ ਘਰ ਚਾਲੇ।
ਰਾਖਹੁ ਯਾਦ, ਲੇਉਂ ਮੈਂ ਕਾਲੇ[1]।'
ਮੋਹਨ ਕਹ੍ਯੋ 'ਪ੍ਰਾਤ ਕੋ ਦੇਊਂ।
ਅਪਰ ਸੀਡ ਬਦਿ ਜੀਤਿ ਧਰੇਊਂ[1]' ॥੩੮॥
ਇਮ ਕਹਿ, ਆਪਹੁ ਅਪਨੇ ਧਾਮੂ।
ਜਾਇ ਕਰ੍ਯੋ ਬਾਲਨਿ ਬਿਸਰਾਮੂ।
ਦੈਵ ਜੋਗ ਤੇ ਐਸੇ ਭਯੋ।
ਸਰਪ ਨਿਕਸਿ ਮੋਹਨ ਡਸਿ ਲਯੋ ॥੩੯॥
ਕਰਤਿ ਰਹੇ ਜੇਤਿਕ ਉਪਚਾਰਾ।
ਬਾਲਿਕ ਮਰ੍ਯੋ ਹੋਤਿ ਭੁਨਸਾਰਾ।
ਮਾਤ ਪਿਤਾ ਕੇ ਨੰਦਨ ਏਕ।
ਕਰਤੇ ਭਏ ਬ੍ਰਿਲਾਪ ਅਨੇਕ ॥੪੦॥
'ਹੇ ਸੁਤ! ਕਿਤ ਹਮ ਛੋਰਿ ਸਿਧਾਰਾ।
ਤੁਵ ਬਿਨ ਕ੍ਯਾ ਹੁਇ ਹਾਲ ਹਮਾਰਾ?
ਦੇਖਤਿ ਰਹਤਿ ਬਦਨ ਸ਼ੁਭ ਤੇਰਾ।
ਉਦ੍ਯੋ ਪਾਪ ਫਲ ਆਨਿ ਬਡੇਰਾ' ॥੪੧॥
ਰੋਦਤਿ ਊਚੇ ਸ਼ਬਦ ਪੁਕਾਰਤਿ।
ਪੀਟਤਿ ਬਲ ਤੇ ਬਹੁ ਸ਼ੋਕਾਰਤਿ।
ਸੁਨਤਿ ਪਰੋਸੀ ਦੌਰਤਿ ਆਵੈਂ।
'ਹਾਇ ਹਾਇ' ਕਹਿ, ਸੋ ਬਿਲਲਾਵੈਂ ॥੪੨॥
'ਬਡਾ ਕਸ਼ਟ ਤੁਮ ਕੋ ਇਹ ਪਰ੍ਯੋ।
ਇਕ ਸੁਤ, ਡਸ੍ਯੋ ਸਰਪ ਤੇ ਮਰ੍ਯੋ।'
ਇਕ ਸੁਨਿ ਦੁਤੀਏ ਨਿਕਟਿ ਸੁਨਾਵੈ।

[1]ਪਿੱਛੇ ਮੇਰੇ ਨਾਲ ਤੂੰ ਸ਼ਰਤ ਲਾਈ ਸੀ।
[1]ਕਲ ਨੂੰ ਲਵਾਂਗਾ (ਬਾਜ਼ੀ)।
[1]ਹੋਰ ਸ਼ਰਤ ਬੰਨ੍ਹ ਕੇ ਜਿੱਤਾਂਗਾ।

ਜੋ ਜੋ ਸੁਨਹਿ ਸ਼ੋਕ ਬਿਰਧਾਵੈ ॥੪੩॥
ਧਨੀ ਸ਼ਾਹੁ ਕੋ ਇਕ ਸੁਤ ਜੋਇ।
ਮ੍ਰਿਤੁ ਅਚਾਨਕ ਤਾਂ ਕੀ ਹੋਇ।
ਰਾਮਦਾਸ ਪੁਰਿ ਮਹਿਂ ਬਿਰਤਾਂਤ।
ਜਹਿਂ ਕਹਿਂ ਭਯੋ ਸਕਲ ਬੱਖਜਾਤ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮਿ ਰਾਸੇ 'ਧੀਰਮੱਲ ਜਨਮ ਅਰ ਅਟਲਰਾਇ ਖੇਲਨਿ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥੫੭॥

੫੮. [ਸ਼੍ਰੀ ਅਟੱਲ ਰਾਇ ਜੀ ਨੇ ਮੋਹਨ ਜਿਵਾਇਆ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੯

ਦੋਹਰਾ:

ਅਟੱਲਰਾਇ ਜਬਿ ਪ੍ਰਾਤਿ ਭੀ,
ਜਾਗੇ ਹੋਇ ਸੁਚੇਤ।
ਕਰਿ ਨਿਤ ਕੀ ਕਿਰਿਆ ਭਲੇ,
ਤਜਾਗਜੋ ਤਬਹਿ ਨਿਕੇਤ ॥੧॥

ਚੌਪਈ:

ਖੇਲਨਿ ਕੇ ਸਥਾਨ ਚਲਿ ਆਏ।
ਸੇਵਕ ਸਾਥ ਬਾਲ ਸਮੁਦਾਏ।
ਪਿਖਿ ਸਭਿ ਕੋ ਮਨ ਆਨੰਦ ਕੈ ਕੈ।
ਇਤ ਉਤ ਬਿਚਰਤਿ ਸੰਗੀ ਲੈ ਕੈ ॥੨॥
ਸੰਧਜਾ ਸਮੈਂ ਖੇਲ ਜੋ ਤਜਾਗੀ।
ਸੋ ਸਿਮਰੀ ਦੀਰਘ ਅਨੁਰਾਗੀ[1]। [1]ਯਾਦ ਕੀਤੀ ਬੜੇ ਪਿਆਰ ਨਾਲ।
'ਅਬਿ ਲੌ ਮੋਹਨ ਨਹਿਂ ਚਲਿ ਆਯੋ।
ਦਾਉ ਸੀਡ ਕੋ ਸੀਸ ਚਢਾਯੋ[1] ॥੩॥ [1]ਭਾਵ, ਮੀਟੀ ਉਸ ਦੇ ਸਿਰ ਤੇ ਅਸੀਂ ਚਾੜ੍ਹੀ ਹੋਈ ਹੈ।
ਦੈਬੇ ਹੇਤੁ ਟਰਜੋ[1], ਘਰ ਰਹਜੋ।' [1]ਟਾਲਾ ਕੀਤਾ ਸੁ।
ਇਮ ਲਖਿ ਨਿਜ ਸੇਵਕ ਸੋਂ ਕਹਜੋ।
'ਜਾਂਹਿ ਤਾਂਹਿ ਕੋ ਆਨਿ ਬੁਲਾਇ।
ਸਿਰ ਹੈ ਸੀਡ, ਨ ਅਬਿ ਲੌ ਆਇ' ॥੪॥
ਸੁਨਤਿ ਦਾਸ ਤਿਹ ਸਦਨ ਸਿਧਾਯਹੁ।
ਮਰਜੋ ਪਰਜੋ ਮੋਹਨ ਦਰਸਾਯਹੁ।
ਸਕਲ ਕੁਟੰਬ ਸਸ਼ੋਕ ਪੁਕਾਰਤਿ।
ਹਾਥ ਉਸਾਰਤਿ ਸਿਰ ਪਰ ਮਾਰਤਿ ॥੫॥
ਬਡੋ ਬ੍ਰਿਲਾਪ ਹੇਰਿ ਤਿਸ ਬੇਰੇ।
ਮਿਲਤਿ ਨਾਤਿ[1] ਨਰ ਨਾਰਿ ਘਨੇਰੇ। [1]ਸ਼ਰੀਕ, ਸਾਕ।
ਅਟਲਰਾਇ ਕੇ ਨਿਕਟਿ ਸੁ ਆਯੋ।
'ਮੋਹਨ ਮਰਿਗਾ ਸਰਪ ਡਸਾਯੋ' ॥੬॥
ਸੁਨਜੋ ਅਚਾਨਕ ਮੋਹਨ ਮਰਨਾ।
ਅਟਲਰਾਇ ਨਹਿਂ ਕੀਨਸਿ ਜਰਨਾ।
ਸਭਿ ਲਰਕਨਿ ਕੇ ਹੋਇ ਸਮੇਤ।

ਗਏ ਧਾਇ ਤਿਸ ਬਨਕ[1] ਨਿਕੇਤ ॥੭॥
ਹੇਰਨਿ ਹੇਤ ਧਾਇ ਉਤਲਾਵਤਿ।
ਸੁਨਜੋ ਦੂਰ ਤੇ ਬਹੁ ਬਿਲਲਾਵਤਿ।
ਆਗੈ ਮਿਲ ਹੁਤੋ ਸਮੁਦਾਯਾ।
ਸਭਿਨਿ ਬਿਲੋਕਜੋ ਗੁਰ ਸੁਤ ਆਯਾ ॥੮॥
ਮੋਹਨ ਕੇ ਰੋਦਤਿ ਪਿਤ ਮਾਤ।
ਕਹਨਿ ਲਗੇ 'ਤੁਮ ਗੁਰੁ ਕੇ ਤਾਤ।
ਸਾਥੀ ਖੇਲਨਿ ਕੇਰ ਤੁਮਾਰਾ।
ਪਰਜੋ ਮਰਜੋ, ਡਸਿਗਾ ਅਹਿ ਕਾਰਾ[1] ॥੯॥
ਨਹਿਂ ਉਪਚਾਰ ਲਗਜੋ ਕਰਿ ਰਹੇ।
ਅਬਿ ਚਾਹਤਿ ਇਸ ਕੋ ਤਨ ਦਹੇ।
ਤੁਮ ਗੁਰੁ ਸੁਤ ਹੋ ਚਹਹੁ ਸੁ ਕਰਹੁ।
ਅਜ਼ਮਤਿ ਕੋ ਬਿਸਾਲ ਉਰ ਧਰਹੁ' ॥੧੦॥
ਮੋਹਨ ਮਾਤ ਪਿਤਾ ਜੇ ਅਹੇ।
ਸਕਲ ਨਰਨਿ ਜੁਤਿ ਬਿਨਤੀ ਕਹੇ।
ਤਬਿ ਸ੍ਰੀ ਅਟਲਰਾਇ ਪਿਖਿ ਕਹਜੋ।
'ਇਸ ਸਿਰ ਦਾਵ ਸੀਡ[1] ਕੋ ਰਹਜੋ' ॥੧੧॥
ਕਰ[1] ਖੂੰਡੀ ਕੋ ਚੰਚਲ ਕਰਤੇ।
ਮਰੇ ਬਾਲ ਕੋ ਬਦਨ ਨਿਹਰਿਤੇ।
'ਉਠਿ ਪਜਾਰੇ! ਦਿਹੁ ਸੀਡ ਹਮਾਰੀ।
ਨਹੀਂ ਸਮੋ, ਕਿਮ ਸੁਪਤਜੋ ਭਾਰੀ?' ॥੧੨॥
ਇਮ ਕਹਿ ਖੂੰਡੀ ਸਿਸ ਗਰ ਪਾਈ।
ਕਰਿ ਬਾਹੁਨਿ ਬਲ ਦੀਨਿ ਉਠਾਈ।
ਬੈਠਜੋ ਮੋਹਨ ਆਂਖ ਉਘਾਰੀ।
ਬਿਕਸਤਿ ਉਠਜੋ ਹਰਖ ਨਰ ਨਾਰੀ ॥੧੩॥
'ਧੰਨ ਗੁਰੂ, ਗੁਰੁ ਨੰਦਨ ਧੰਨ।

[1]ਤਿਸ ਵਪਾਰੀ ਦੇ।
[1]ਕਾਲਾ ਸੱਪ।
[1]ਦਾਵ ਦੀ ਸ਼ਰਤ ਭਾਵ ਮੀਟੀ।
[1]ਰੱਥ ਦੀ।

ਦੇਤਿ ਪ੍ਰਾਨ ਲਗਿ' ਭਏ ਪ੍ਰਸੰਨ।
ਕੈ ਤੋ ਹੁਤੋ ਰੁਦਨ ਕੋ ਰੌਰਾ।
ਕੈ ਭਾ ਹਰਖ ਸ਼ੋਰ ਤਿਸ ਠੌਰਾ ॥੧੪॥
ਜਹਿਂ ਕਹਿਂ ਅਟਲਰਾਇ ਕੀ ਕੀਰਤਿ।
ਪੁਰਿ ਮਹਿਂ ਹੋਤਿ ਭਈ ਬਿਸਤੀਰਤਿ।
'ਧਨੀ ਪੁੱਤ੍ਰ ਕੋ ਮਰਜੋ ਜਿਵਾਯੋ।
ਕਰ ਖੂੰਡੀ ਕੋ ਛ੍ਵਾਇ ਉਠਾਯੋ' ॥੧੫॥
ਸਭਿ ਮਾਤਨਿ ਕੋ ਸੁਧਿ ਤਬਿ ਹੋਈ।
ਮੁਦਤਿ ਕਹਤਿ ਜਿਤ ਕਿਤ ਸਭਿ ਕੋਈ।
ਸ਼੍ਰੀ ਹਰਿਗੋਵਿੰਦ ਤਖਤ ਅਕਾਲਾ।
ਬੈਠੇ ਹੁਤੇ ਸਹਤ ਸਿਖ ਜਾਲਾ ॥੧੬॥
ਮੁਦਤਿ ਰਿਦੇ ਤੇ ਬਾਕ ਬਿਲਾਸ।
ਬਿਗਸਤਿ ਕਰਤਿ ਥਿਰੇ ਜੇ ਪਾਸ।
ਤਹਿਂ ਇਕ ਸਿਖ ਨੇ ਆਨਿ ਸੁਨਾਈ।
'ਅਟਲਰਾਇ ਬਡਿ ਕੀਰਤਿ ਪਾਈ ॥੧੭॥
ਗੁਰਮੁਖ ਖੱਤ੍ਰੀ ਕੋ ਸੁਤ ਏਕ।
ਮਿਲਿ ਖੇਲਤਿ ਸਿਸ ਅਪਰ ਅਨੇਕ।
ਰਾਤਿ ਬਿਖੇ ਡਸਿਗਾ ਅਹਿ ਕਾਰਾ।
ਮਰਜੋ ਤੁਰਤ ਨ ਲਗਜੋ ਉਪਚਾਰਾ ॥੧੮॥
ਅਟਲਰਾਇ ਤਿਸ ਸਦਨ ਸਿਧਾਰੇ।
ਸੰਗੀ ਪਰਜੋ ਸੁ ਮ੍ਰਿਤਕ ਨਿਹਾਰੇ।
ਖੂੰਡੀ ਹਾਥ ਸੁ ਛ੍ਵਾਇ ਉਠਾਯੋ।
-ਹਮ ਸੋਂ ਖੇਲਹੁ- ਭਾਖਿ ਜਿਆਯੋ[1]' ॥੧੯॥

[1]ਜਿਵਾ ਦਿੱਤਾ।

ਸ਼੍ਰੀ ਸਤਿਗੁਰੁ ਸੁਨਿ ਕੈ ਬਿਸਮਾਏ।
ਕਿਤਿਕ ਦੇਰ ਲੌ ਨਹੀਂ ਅਲਾਏ।
ਪੁਨ ਚਿਤ ਮਹਿਂ ਰਿਸ ਭਈ ਘਨੇਰੇ।
-ਇਹ ਕਜਾ ਕਰਜੋ ਨਿਕਟਿ ਹੀ ਮੇਰੇ ॥੨੦॥
ਦੁਸ਼ਟਨਿ ਰਾਜ ਤੇਜ ਅਬਿ ਅਹੈ।

ਸ਼ਾਹੁ ਕਿ ਸ਼ਾਹੁ ਪੁੱਤ੍ਰ[1] ਮ੍ਰਿਤੁ ਲਹੈ।
ਆਨਿ ਪਰਹਿਂ ਸੋ ਗਰੇ ਹਮਾਰੇ।
ਦੀਨ ਹੋਹਿਂ ਕੈ ਓਜ ਦਿਖਾਰੈਂ[1] ॥੨੧॥
ਹਮ ਤੇ ਚਹਹਿਂ ਜਿਯਾਵਹੁ ਸੋਈ[1]।
ਪ੍ਰਭੁ ਕੇ ਸੰਗ ਸ਼ਰੀਕੀ ਹੋਈ[1]।
ਪਰਮੇਸ਼ੁਰ ਕਰਮਨਿ ਫਲ ਦੇਯ।
ਹਮ ਜਿਵਾਇ ਕਰ ਤਾਂਹਿ ਮਿਟੇਯ ॥੨੨॥
ਇਹ ਤੌ ਬਾਤ ਨ ਨੀਕੀ ਅਹੈ।
ਮਰਹਿ ਜੁ ਫੇਰ ਜਿਯਨਿ ਕੋ ਲਹੈ।
ਹਮ ਨੇ ਨਹਿਂ ਕਰਿਈ ਇਹ ਕੈਸੇ[1]।
ਦੇਨੇ ਪ੍ਰਾਨ ਬਨਹਿਂ ਬਿਧਿ ਐਸੇ[1]-† ॥੨੩॥

[1]ਪਾਤਸ਼ਾਹ ਜਾਂ ਪਾਤਸ਼ਾਹ ਦਾ ਪੁੱਤ੍ਰ।

[1]ਨੀਵੇਂ ਹੋਕੇ ਯਾ ਬਲ ਦਿਖਾਕੇ।

[1]ਸਾਥੋਂ ਉਸ (ਮੋਏ ਹੋਏ) ਨੂੰ ਜਿਵਾਇਆ ਚਾਹੁਣਗੇ।

[1]ਮੁਰਦੇ ਜਿਵਾ ਦੇਣਾ) ਰੱਬ ਨਾਲ ਬ੍ਰਾਬਰੀ ਹੋਵੇਗੀ।

[1]ਅਸਾਂ ਤਾਂ ਇਹ ਕਿਸੇ ਤਰ੍ਹਾਂ ਨਹੀਂ ਕਰਨੀ। (ਅ) ਅਸਾਂ (ਕਦੇ) ਨਹੀਂ ਕੀਤੀ ਇਹ (ਅਟਲ ਰਾਇ) ਕਿਵੇਂ (ਕਰ ਰਿਹਾ ਹੈ)?

[1]ਇਸ ਤਰ੍ਹਾਂ ਤਾਂ ਪ੍ਰਾਨ ਦੇਣੇ ਪੈਂਦੇ ਹਨ।

†ਭਾਵ ਇਹ ਹੈ ਕਿ ਮੋਹਨ ਦਾ ਮਰਨਾ ਹੁਕਮ ਵਿਚ ਹੋਇਆ ਸੀ, ਉਸ ਵਿਚ ਅਟਲ ਰਾਇ ਜੀ ਨੇ ਦਖਲ ਦਿੱਤਾ ਹੈ, ਹੁਣ ਗੁਰੂ ਜੀ ਸੋਚਦੇ ਹਨ ਕਿ ਬਦਲੇ ਵਿਚ ਯਾ ਉਹ ਯਾ ਅਸੀਂ ਆਪਣੀ ਜਾਨ ਦੇਵੀਏ। ਸਤਿਗੁਰਾਂ ਨੇ ਮੋਹਨ ਦਾ ਜਿਵਾਉਣਾ ਰਜ਼ਾ ਦੀ ਅਨਕੂਲਤਾ ਵਿਚ ਅਨੁਭਵ ਨਹੀਂ ਕੀਤਾ, ਤੇ ਮੋਹਨ ਦੇ ਪਲਟੇ ਜਾਨ ਦੇਣੀ ਅਮਿੱਟ ਰਜ਼ਾ ਤੱਕੀ। ਤਾਂ ਹੀ ਅੰਕ ੩੦ ਵਿਚ ਫੁਰਮਾਇਆ ਹੈ ਕਿ ਯਾ ਤੂੰ ਰਹੁ ਯਾ ਅਸੀਂ। ਫੇਰ ਅੰਕ ੪੧ ਵਿਚ ਇਸਨੂੰ ਆਪ ਨੇ ਦੈਵਗਤੀ ਆਪ ਦੱਸਿਆ ਹੈ। ਏਸੇ ਆਤਮ ਅਸੂਲ ਪਰ ਸੱਤਵੇਂ ਸਤਿਗੁਰਾਂ ਵੇਲੇ ਵਾਕਿਆ ਹੋਇਆ ਹੈ। ਦੇਖੋ ਰਾ: ੧੦ ਅੰ: ੧੭। ਸਿਹਜ ਵਿਚ ਹਰਿਜਨ ਕਰਾਮਾਤ ਨਹੀਂ ਕਰਦੇ, ਆਪੂੰ ਜੋ ਹੋਵੇ ਸੋ ਪਿਆ ਹੋਵੇ। ਕਰਾਮਾਤ ਕਰਨ ਵੇਲੇ ਸੁਰਤ ਬੜੇ ਵੇਗ ਤੇ ਜ਼ੋਰ ਦੇ ਘਰ ਵਿਚ ਜਾਂਦੀ ਹੈ, ਉਸਨੂੰ ਫਾਰਸੀ ਵਿਚ ਕਹਿਰ ਯਾ ਗ਼ਜ਼ਬ ਦਾ ਮਕਾਨ ਕਹਿੰਦੇ ਹਨ।

ਇੱਤਜਾਦਿਕ ਬਹੁ ਗਟੀ ਬਿਚਾਰੈਂ।
ਅਟਲਰਾਇ ਸੁਤ ਪਰ ਰਿਸ ਧਾਰੈਂ।
ਧਰੀ ਮੌਨ ਮੁਖ ਭਨੈਂ ਨ ਬੈਨ।
ਕਿਸਿ ਕੀ ਦਿਸ਼ਾ ਨ ਕਰਤੇ ਨੈਨ ॥੨੪॥
ਬੈਠੇ ਰਹੇ ਰਿਦੇ ਰਿਸ ਛਾਈ।
ਮਨ ਮਹਿਂ ਗਿਨੈਂ -ਨ ਇਹ ਭਲਿਆਈ।
ਅਬਿ ਅਮੋਹ ਹੁਇ ਜੌਂ ਨ ਹਟਾਵੈਂ।
ਟਰਹਿਂ ਨ ਇਹ, ਪੁਨ ਅਪਰ ਜਿ ਆਵੈਂ ॥੨੫॥
ਦੁਹ ਲੋਕਨਿ ਕੋ ਵਧਹਿ ਕਲੇਸ਼।
ਭਲਿਆਈ ਕੋ ਨਾਂਹਿਨ ਲੇਸ਼-।
ਰਿਸ ਮਹਿਂ ਬੈਠੇ ਘਟਿਕਾ ਚਾਰੀ।

ਗੁਰੁ ਰੁਖ਼ ਲਖਿ ਨਹਿਂ ਕਿਨਹੁਂ ਉਚਾਰੀ ॥੨੬॥
ਖੇਲਤਿ ਅਟਲ ਰਾਇ ਤਬਿ ਆਏ।
ਕੰਚਨ ਕੇ ਭੂਖਨ ਤਨ ਪਾਏ।
ਖੂੰਡੀ ਕਰ ਮਹਿਂ ਧਾਰਨ ਕਰੀ।
ਧੂਲ ਅਧਿਕ ਉਡਿ ਜਿਸ ਤਨ ਪਰੀ ॥੨੭॥
ਇਸ ਬਿਧਿ ਆਗੈ ਨੰਦਨ ਜੋਵਾ।
ਬਿਨਾ ਸਨੇਹ ਕੋਪ ਉਰ ਹੋਵਾ।
ਨਮੋ ਕਰਤਿ ਕੋ ਬਾਕ ਬਖਾਨਾ।
'ਨਿਜ ਅਜ਼ਮਤਿ ਬਿਦਤਾਇ ਜਹਾਨਾ? ॥੨੮॥
ਜਰ ਨਹਿਂ ਸਕਹੁ ਓਜ ਨਿਜ ਅੰਤਰ?
ਕਰਹੁ ਦਿਖਾਵਨਿ ਲਾਇ ਨਿਰੰਤਰ?
ਕਰਾਮਾਤ ਕੋ ਕਹਿਰ ਕਹੰਤੇ।
ਸੋ ਤੈਂ ਕਰਤਿ, ਨ ਸਮੁਝਿ ਰਹੰਤੇ ॥੨੯॥
ਇਸ ਕਰਿਬੇ ਕੋ ਫਲ ਅਬਿ ਇਹੀ।
ਜੇ ਤੂੰ ਰਹੈਂ ਤ ਹਮ ਜਗ ਨਹੀਂ।
ਹਮ ਜੇ ਰਹੈਂ ਤ ਤੁਮ ਨਹਿਂ ਰਹੋ।
ਇਹੀ ਬਾਕ ਅਬਿ ਸਾਚੋ ਲਹੋ' ॥੩੦॥
ਸੁਨਿ ਸ਼੍ਰੀ ਅਟਲ ਰਾਇ ਗੁਰੁ ਬਚ ਕੋ।
ਮਾਨਜੋ ਰਿਦੈ, ਕਰਜੋ ਚਹਿਂ ਸਚੁ ਕੋ।
ਹਾਤ ਜੋਰਿ ਜਿਮ ਸਨਮੁਖ ਖਰੇ।
ਸਿਰ ਨਿਵਾਇ ਤਹਿਂ ਬੰਦਨ ਕਰੇ ॥੩੧॥
ਹਟਤਜੋਂ ਨਹੀਂ ਪੀਠ ਦਿਖਰਾਈ।
ਪਾਛਲ ਪਾਇਨਿ ਚਲਿ ਸਹਿਸਾਈ।
ਨਹੀਂ ਨਿਕੇਤ ਗਮਨਿ ਕੋ ਕੀਨਾ।
ਸੁਨਜੋ ਨ ਕਿਛੁ ਨਹਿਂ ਕਹਜੋ ਪ੍ਰਬੀਨਾ[1] ॥੩੨॥
ਧਰੇ ਮੌਨਿ ਕੌਲਾਂ ਕੇ ਤਾਲ।
ਪ੍ਰਾਪਤਿ ਭਏ ਜਾਇ ਤਤਕਾਲ।
ਤਹਿਂ ਸ਼ਨਾਨ ਕਰਿ ਜਪੁਜੀ ਪਾਠ।

[1]ਸਿਆਣੇ (ਅਟੱਲ ਰਾਇ ਜੀ) ਨੇ ਨਾ (ਕਿਸੇ ਨੂੰ) ਕੁਛ ਕਿਹਾ ਨਾ ਸੁਣਿਆਂ।

ਦਰਭ[1] ਡਸਾਇ ਸੁ ਆਸਨ ਠਾਠਿ[2] ॥੩੩॥
ਕਰ ਖੂੰਡੀ ਸਿਰ ਨੀਚੇ ਧਰਿ ਕੈ।
ਬਸਤ੍ਰ ਸਰੀਰ ਅਛਾਦਜੋ ਪਰਿ ਕੈ।
ਤਤਛਿਨ ਤਨ ਕੋ ਤਜਾਗਿ ਸਿਧਾਰੇ।
ਜਸੋਂ ਉਦਾਸ ਨਰ ਕਰ ਤ੍ਰਿਣ ਡਾਰੇ[1] ॥੩੪॥
ਤਜਿ ਸੁਖੇਨ ਤਨ ਬੈਕੁੰਠ ਗਏ।
ਜਹਿਂ ਮਦ ਕਾਮ ਕ੍ਰੋਧ ਨਹਿਂ ਭਏ।
ਉੱਤਮ ਪਦ ਮਹਿਂ ਜਾਇ ਸਮਾਏ।
ਜਿਸ ਕੋ ਜੋਗੀ ਜਨ ਨਿਤ ਧਜਾਏ ॥੩੫॥
ਦਾਸ ਰਹਜੋ ਦੇਖਤਿ ਤਿਸ ਥਾਨ।
ਨਾਂਹਿਨ ਜਾਨੀ ਤਜਾਗਤਿ ਪ੍ਰਾਨ।
ਜਬਿ ਮ੍ਰਿਤੁ ਭਯੋ ਦੇਖਿ ਬਿਸਮਾਯੋ।
ਦੌਰਤਿ ਗੁਰੂ ਸੋਂ ਜਾਇ ਬਤਾਯੋ ॥੩੬॥
'ਥਿਰੇ ਜਾਇ ਤਟ ਕੌਲਾਂ ਤਾਲ।
ਤਨ ਕੋ ਤਜਾਗਿ ਗਏ ਤਤਕਾਲ।'
ਸੁਨਿ ਸੁਧਿ ਉਠੇ ਗ਼ਰੀਬ ਨਿਵਾਜ।
ਚਲੇ ਤਹਾਂ ਸੰਗ ਸਿੱਖ ਸਮਾਜ ॥੩੭॥
ਗਈ ਸਦਨ ਸੁਧਿ ਸੁਨਿ ਕਰਿ ਮਾਤਾ।
ਸਭਿ ਰੋਦਤਿ ਛੋਰਤਿ ਜਲ ਤਾਤਾ[1]।
ਮਾਤ ਨਾਨਕੀ ਮਹਤ ਪੁਕਾਰੀ।
'ਕਹਾਂ ਕਰਜੋ, ਹੇ ਸੁਤ ਅਵਤਾਰੀ! ॥੩੮॥
ਮ੍ਰਿਤਕ ਜਿਵਾਵਨਿ ਸਮਰਥ ਤੇਰੀ।
ਪਿਤ ਬਚ ਕੇ ਕਿਤ ਗਾ ਇਸ ਬੇਰੀ?'
ਸਭਿ ਪਰਵਾਰ ਗੁਰੂ ਕੋ ਆਯੋ।
ਤਹਿਂ ਮਿਲਿ ਰੋਦਨਿ ਸ਼ਬਦ ਉਠਾਯੋ ॥੩੯॥
ਮਾਤਾ ਪਿਤਾ ਨਾਨਕੀ ਜੋਊ।
ਹਰੀਚੰਦ ਹਰਦੇਈ ਦੋਊ।
ਸੁਨਿ ਸੁਧਿ ਬਹੁ ਨਰ ਨਾਰਿ ਸਮੇਤਾ।

[1]ਦੱਭ। [2]ਠਾਟ = ਬਣਾਕੇ।

[1]ਹੱਥੋਂ ਤੀਲਾ ਸੁੱਟ ਦਿੰਦਾ ਹੈ।

[1]ਤੱਤਾ ਜਲ, ਭਾਵ ਅੱਥਰੂ।

ਹੇਰਯੋ ਅਵਿਨੀ ਪਰਯੋ ਅਚੇਤਾ ॥੪੦॥
ਸਕਲ ਕਰਹਿਂ ਬਿਰਲਾਪ ਘਨੇਰੇ।
ਗੁਰੂ ਦੇਤਿ ਧੀਰਜ ਤਿਸ ਬੇਰੇ।
'ਦੈਵ ਗਤੀ ਐਸੇ ਹੀ ਜਾਨੋ।
ਨਹਿਂ ਕਿਸ ਬਸਿ ਮਹਿਂ ਬਲੀ ਮਹਾਨੋ'
॥੪੧॥
ਚੰਦਨ ਕੇ ਬਹੁ ਭਾਰ ਮੰਗਾਏ।
ਕਰਤਿ ਭਏ ਸਸਕਾਰ ਤਿਥਾਏਂ।
ਭਨੇ ਬਚਨ ਤੇ ਜਿਨ ਤਨੁ ਤਯਾਗਾ।
ਦੀਨਿਸਿ ਬਰ, ਕਰਿ ਸੁਤ ਅਨੁਰਾਗਾ
॥੪੨॥
'ਰਾਮਦਾਸ ਪੁਰ ਬਸਹਿ ਬਡੇਰਾ।
ਸਗਰੇ ਮਾਨ ਕਰਹਿਂਗੇ ਤੇਰਾ।
ਇਕ ਹਰਿਮੰਦਰ ਕੀ ਹੁਇ ਪੂਜਾ।
ਪੁਨ ਪੂਜਹਿਂ ਤੇਰੋ ਥਲ ਦੂਜਾ ॥੪੩॥
ਸਭਿ ਨਰ ਨਾਰੀ ਮਾਨਹਿਂ ਤੋਹੀ।
ਦਰਸਹਿਂ ਪੂਰ ਕਾਮਾ ਹੋਹੀ।
ਮੰਦਰ ਕੰਚਨ ਕੇ ਹੁਇ ਸਨੈ।
ਸਭਿ ਤੇ ਊਚ ਅਧਿਕ ਹੀ ਬਨੈ ॥੪੪॥
ਜੀਵਤਿ ਇਤੇ ਨਹੀਂ ਬਿਦਤਾਵੈਂ।
ਜਿਤੋ ਜਗਤ ਮਹਿਂ ਤੂੰ ਪ੍ਰਗਟਾਵੈਂ।
ਇਸ ਪੁਰਿ ਕੋ ਸੂਬਾ ਬਡ ਹੋਯੋ†।
ਤੋ ਸਮ ਨਹਿਂ ਪ੍ਰਤਾਪ ਕਿਸਿ ਜੋਯੋ'
॥੪੫॥
ਬਿਧੀਚੰਦ ਤਬਿ ਕਹਯੋ ਬਨਾਇ।
'ਥਾਨ ਇਕਾਂਕੀ ਇਹ ਲਖਿ ਪਾਇ।⚐

†ਹੁਣ ਤਕ ਬਾਬੇ ਅਟਲ ਜੀ ਦੇ ਦੇਹੁਰੇ ਨੂੰ ਲੋਕੀ ਸੂਬੇਦਾਰ ਆਖਦੇ ਹਨ, ਪੁਰਾਣੇ ਕਵੀ ਕਬਿਤਾਂ ਵਿਚ ਬੀ ਕਿਹਾ ਕਰਦੇ ਸਨ। ਕਈ ਗੀਤਾਂ ਵਿਚ ਆਪ ਨੂੰ ਰਾਮਦਾਸ ਪੁਰੇ ਦਾ ਕੋਤਵਾਲ ਬੀ ਦੱਸਿਆ ਹੈ।

⚐ਕੌਲਸਰ ਦੇ ਪਰਲੇ ਕਿਨਾਰੇ ਕੁਛਕੁ ਪੂਰਬ ਦਿਸ਼ਾ ਵਲ ਇਹ ਦੇਹੁਰਾ ਹੁਣ ਤੱਕ ਹੈ। ਸ਼ਹਿਰ ਦਾ ਮਾਨੋਂ ਉੱਚਾ ਮੁਨਾਰਾ ਹੈ, ਜਿਸ ਪਰ ਪਹਿਲਾਂ ਦੀਪਕ ਜਗਦਾ ਸੀ, ਹੁਣ ਬਿਜਲੀ ਹੈ ਕਿ ਦੂਰੋਂ ਰਾਮਦਾਸਪੁਰ ਪਛਾਣਿਆਂ ਜਾਏ ਕਿ ਆ ਗਿਆ ਹੈ। ਇਸ ਦੇਹੁਰੇ ਦੇ ਗਿਰਦੇ ਸ਼ਹਿਰ ਦੇ ਸ਼ਵ ਦਾਹ ਹੁੰਦੇ ਰਹੇ ਹਨ, ਫਿਰ ਨਾਮੀ ਸਿੰਘਾਂ ਤੇ ਕਰਨੀ ਵਾਲਿਆਂ ਦੇ ਦੇਹੁਰੇ ਤੇ ਨਿਸ਼ਾਨ ਗਿਰਦੇ ਬਣੇ, ਤੇ ਕਿਸੇ ਕਿਸੇ ਕਰਨੀ ਵਾਲੇ ਦਾ ਦਾਹ ਇੱਥੇ ਹੁੰਦਾ, ਆਮ ਲੋਕ ਹੋਰ ਥਾਂ ਦਾਹ ਹੁੰਦੇ। ਫੇਰ ਅਮੀਰਾਂ ਤੇ ਪ੍ਰਸਿੱਧ ਪੁਰਖਾਂ ਨੇ ਇਹ ਹੱਕ ਬਣਾਇਆ, ਹੁਣ ਕੋਈ ਪੰਦਰਾਂ

ਬੀਸ ਬਰਸ ਤੋਂ ਇੱਥੇ ਦਾ ਦਾਹ ਕਰਨਾ ਬੰਦ ਹੈ। ਜੋ ਸਮਾਧਾਂ ਤੇ ਨਿਸ਼ਾਨ ਬੜੇ ਪੁਰਖਾਂ ਦੇ ਏਥੇ ਸਨ, ਸੋ ਮਈ ਸੰਨ ੧੯੨੩ ਈ: ਵਿਚ ਅਕਾਲੀ ਅੰਦੋਲਨ ਨੇ ਇਕ ਰਾਤ ਗਿਆ ਕੇ ਉਡਾ ਦਿੱਤੇ, ਪ੍ਰਕਰਮਾਂ ਵਿਚ ਬਾਬਾ ਬਘੇਲ ਸਿੰਘ ਤੇ ਨਵਾਬ ਕਪੂਰ ਸਿੰਘ ਜੀ ਦੀਆਂ ਸੰਗਮਰਮਰੀ ਸਮਾਧਾਂ ਸਨ ਸੋ ਬੀ ਗਈਆਂ। ਗੁਰੂ ਕੇ ਸਿੱਖ ਬਾਬੇ ਹਰੇ ਦਾ ਦੇਹੁਰਾ, ਮਹਾਰਾਜਾ ਦਲੀਪ ਸਿੰਘ ਦੇ ਵਿੱਦਯਾ ਦਾਤਾ ਭਾਈ ਅਜੀਤ ਸਿੰਘ ਜੀ ਦੀ ਸਮਾਧ, ਗਜਾਨੀ ਬਿਸ਼ਨ ਸਿੰਘ ਤੇ ਹੋਰ ਨਾਮੀ, ਤੇ ਰਹਿਣੀ ਬਹਿਣੀ ਦੇ ਅਣਗਿਣਤ ਸੂਰਮਿਆਂ ਦੇ ਨਿਸ਼ਾਨ ਉਡ ਗਏ। ਮੜ੍ਹੀਆਂ ਸਮਝਕੇ ਢਾਹੁਣ ਦੇ ਜੋਸ਼ ਵਿਚ ਕੌਮ ਵਿਚ ਜਾਨ ਭਰਨ ਵਾਲੇ ਮਹਾਂ ਪੁਰਖਾਂ ਦੇ ਇਤਿਹਾਸਕ ਸਬੂਤ ਤੇ ਨਿਸ਼ਾਨ ਬੀ ਗੁੰਮ ਕੀਤੇ ਗਏ। ਮੜ੍ਹੀਆਂ ਦੀ ਪੂਜਾ ਤਾਂ ਗੁਰ ਘਰ ਵਿਚ ਮਨ੍ਹੇ ਹੈ; ਪਰ ਦੇਹੁਰੇ ਤੇ ਸਮਾਧਾਂ ਤੇ ਨਿਸ਼ਾਨ ਕਾਇਮ ਰੱਖਣੇ ਯਾਦਗੀਰੀਆਂ ਹਨ ਤੇ ਕੌਮੀ ਇਤਿਹਾਸ ਦਾ ਇਕ ਪ੍ਰਤੱਖ ਹਿੱਸਾ ਤੇ ਸਬੂਤ ਹਨ। ਅਜੇ ਬੀ ਬਾਬਾ ਅਟੱਲ ਜੀ ਦੀ ਪ੍ਰਕਰਮਾਂ ਦੇ ਗਿਰਦੇ ਜੋ ਬੁੰਗਿਆਂ ਦੇ ਵਿਚ ਕੁਛ ਸਮਾਧਾਂ ਹਨ ਸੋ ਬਚੀਆਂ ਖਲੀਆਂ ਹਨ, ਚਾਹੀਦਾ ਇਹ ਹੈ ਕਿ 'ਵੈਸਟ ਮਿਨਸਟਰ ਐਬੇ' ਵਾਂਙੂ ਇਸ ਟਿਕਾਣੇ ਨੂੰ ਕੌਮੀ ਇਤਿਹਾਸ ਦਾ ਕੌਮ ਵਿਚ ਜਾਨ ਭਰਨ ਵਾਲਾ ਆਸ਼੍ਰਮ ਬਨਾਇਆ ਜਾਵੇ, ਪੂਜਾ ਮਨ੍ਹੇ ਰਹੇ।

ਨਹੀਂ ਨਿਕਟਿ ਕਿਹ ਅਪਰ ਸਥਾਨਾ।'
ਸੁਨਿ ਸ੍ਰੀ ਹਰਿਗੋਵਿੰਦ ਬਖਾਨਾ ॥੪੬॥
'ਦੁਰਲਭ ਹੋਇ, ਪਾਇ ਹੈ ਕੋਈ।
ਬ੍ਰਿੰਦ ਮ੍ਰਿਤਕ ਕੋ ਥਲ ਹੁਇ ਸੋਈ।
ਜੋ ਇਹ ਠਾਂ ਸ਼ਵ ਦਾਹਿ ਕਰਾਇ।
ਅਟਲਰਾਇ ਤਿਹ ਬਨਹਿਂ ਸਹਾਇ'
॥੪੭॥
ਇੱਤਯਾਦਿਕ ਬਰ ਕਹਿ ਕਰਿ ਬ੍ਰਿੰਦ।
ਸਭਿ ਧ੍ਰਿਤਿ ਦੇ ਸ਼੍ਰੀ ਹਰਿ ਗੋਬਿੰਦ।
ਮ੍ਰਿਤਕ ਕ੍ਰਿਯਾ ਕਰਿਵਾਇ ਜੁ ਸਬੈ।
ਸ਼ਬਦ ਰਬਾਬੀ ਗਾਯਹੁ ਤਬੈ ॥੪੮॥
ਸੋਰਹਿ ਸਤ ਪਚਾਸੀਆ ਜਾਨਿ।
ਬਦੀ ਅਸੌਜ ਸੁ ਦਸਮੀ ਮਾਨਿ।
ਅਟਲਰਾਇ ਨਿਜ ਸਦਨ ਪਯਾਨੇ।
ਅਬਿ ਲੈ ਮਹਿਮਾ ਥਾਨ ਮਹਾਨੇ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ 'ਸ੍ਰੀ ਅਟਲ ਰਾਇ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥੫੮॥

੫੯. [ਸ਼ੋਕ ਨਵਿਰਤੀ, ਰਾਸ ਸਮਾਪਤਿ]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:
ਕਰਿ ਸ਼ਨਾਨ ਸਤਿਗੁਰ ਅਏ,
ਬੈਠੇ ਲਾਇ ਦਿਵਾਨ।
ਸੁਨਿ ਸੁਨਿ ਸੁਧਿ ਅਚਰਜ ਕਰਤਿ,
'ਕਜਾ ਹੁਇ ਗਈ ਮਹਾਨ' ॥੧॥
ਚੌਪਈ:
ਪੁਰਿ ਜਨ ਊਚ ਨੀਚ ਤਬਿ ਆਏ।
ਸਭਿ ਬੋਲਤਿ ਬਹੁ ਸ਼ੋਕ ਵਧਾਏ।
'ਮਹਾਂਰਾਜ! ਇਹ ਗਤਿ ਕਜਾ ਕਰੀ?
ਬਾਲ ਅਵਸਥਾ ਅਜੁਹੰ ਨ ਟਰੀ ॥੨॥
ਮਹਾਂ ਸ਼ਕਤਿ ਜੁਤਿ ਸਾਹਿਬਜ਼ਾਦੇ।
ਸਭਿ ਪੁਰਿ ਜਨਨਿ ਦੇਤਿ ਅਹਿਲਾਦੇ।
ਸਕਲ ਬਾਲ ਕੇ ਸੰਗ ਫਿਰੰਤੇ।
ਨਿਸ ਮਹਿਂ ਨੀਠਿ ਨੀਠਿ ਬਿਛੁਰੰਤੇ'
॥੩॥
ਇਤਜਾਦਿਕ ਬਚ ਕਹਤਿ ਸੁਨਾਵੈਂ।
ਗੁਰੂ ਸਭਿਨਿ ਕੋ ਸ਼ੁਭ ਸਮੁਝਾਵੈਂ।
ਦੈਵਗਤੀ ਕੁਛ ਲਖੀ ਨ ਜਾਈ।
ਜਿਸ ਕੇ ਬਸਿ ਤ੍ਰੈ ਲੋਕ ਸਦਾਈ ॥੪॥
ਬਾਲਕ ਤਰੁਨ ਬ੍ਰਿੱਧ ਨਹਿਂ ਜਾਨੈਂ।
ਬਲੀ ਨਿਬਲੀ ਏਕ ਸਮ ਮਾਨੈਂ।
ਸੋ ਕਿਮ ਮਿਟਹਿ ਦੈਵਗਤਿ ਨਜਾਰੀ।
ਰਾਗ ਦ੍ਵੈਖ ਨਹਿਂ ਕਿਹ ਸੋਂ ਧਾਰੀ ॥੫॥
ਤਿਸ ਕੋ ਜਾਨਿ ਸ਼ੋਕ ਕਜਾ ਧਰੀਅਹਿ।
ਬੁਧਿ ਅਰੁ ਬਲ ਕਰਿ ਜੇ ਨ ਪ੍ਰਹਰੀਅਹਿ।'
ਦੁਖੀ ਨਾਨਕੀ ਅਧਿਕ ਸਭਿਨਿ ਤੇ।
ਪਜਾਰੋ ਪਰਮ ਪੁੱਤ੍ਰ ਗੁਨ ਭਨਤੇ ॥੬॥
ਪ੍ਰਤਿਪਾਰਤਿ ਨਿਤ ਹੇਰਤਿ ਰਹੈ।
ਕਰਤਿ ਦੁਲਾਰ ਮੋਦ ਕੋ ਲਹੈ।
ਬਹੁ ਦੁਖ ਪਾਇ ਰੁਦਤਿ ਬਿਰਾਲਪਹਿ।

ਸਭਿ ਤ੍ਰਿਯ ਮਹਿਂ ਗੁਨਿ ਸਿਮਰਿ ਕਲਾਪਹਿ ॥੭॥
ਸਭਿ ਦਮੋਦਰੀ ਆਦਿਕ ਜੇਈ।
ਕਹਿ ਕਹਿ ਧੀਰ ਦੇਤਿ ਬਹੁ ਤੇਈ।
ਤਊ ਸਨੇਹ ਮਹਾਂ ਦੁਖਵੰਤੀ।
ਸੁਤ ਕੋ ਸਿਮਰਤਿ ਸ਼ੋਕ ਵਧੰਤੀ ॥੮॥
ਨਿਸ ਮਹਿਂ ਸਤਿਗੁਰੁ ਸੁਨਿ ਸੁਧਿ ਸਾਰੀ।
ਹਿਤ ਧੀਰਜ ਕੇ ਗਿਰਾ ਉਚਾਰੀ।
'ਹੇ ਸੁਮਤੇ ! ਨਹਿਂ ਸੰਕਟ ਪਾਵਹੁ।
ਹੁਤੀ ਇਸੀ ਬਿਧਿ, ਨਹਿਂ ਪਛੁਤਾਵਹੁ ॥੯॥
ਜਥਾ ਪ੍ਰਤਾਪ ਜਿਯਤ ਕੋ ਹੋਤਿ।
ਤਿਸ ਤੇ ਅਬਹਿ ਬਿਸਾਲ ਉਦੋਤਿ।
ਅਟਲਰਾਇ ਹੈ ਅਟਲ ਸਦਾਈ।
ਦਿਨ ਪ੍ਰਤਿ ਵਧਹਿ ਅਧਿਕ ਬਡਿਆਈ' ॥੧੦॥
ਇੱਤਯਾਦਿਕ ਕਹਿ ਬਹੁ ਸਮੁਝਾਈ।
ਸਨਬੰਧਨਿ ਕੈ ਸੁਧਿ ਪਹੁੰਚਾਈ।
ਸਹਤ ਭਾਰਜਾ ਤੇਹਣ ਆਏ।
ਗੋਇੰਦਵਾਲ ਜਿਤੇ ਸਮੁਦਾਏ ॥੧੧॥
ਆਇ ਨਰਾਇਣ ਦਾਸ ਸਦਾਰਾ[1]।
ਤ੍ਰਿਯਾ ਸਹਤ ਮਿਲ ਆਯਹੁ ਦ੍ਵਾਰਾ।
ਲੇ ਰਾਮੋ ਸੰਗ ਸਾਈਂ ਦਾਸ।
ਰਾਮਾ ਆਇ ਭਾਰਜਾ ਪਾਸ ॥੧੨॥
ਜਿਤ ਕਿਤ ਤੇ ਸੁਨਿ ਸਭਿ ਚਲਿ ਆਏ।
ਸ਼੍ਰੀ ਗੁਰਦਿੱਤਾ ਜਬਿ ਸੁਧਿ ਪਾਏ।
ਸ਼ੋਕ ਕਰਤਿ ਚਾਲੇ ਸਹਿਸਾਏ[†]।
ਅੰਮ੍ਰਿਤਸਰ ਕੇ ਪੰਥ ਸਿਧਾਏ[†] ॥੧੩॥

[1]ਇਸਤ੍ਰੀ ਸਮੇਤ।

[†]ਇਹ ਦੋ ਤੁਕਾਂ ਤ੍ਰੈ ਲਿਖਤੀ ਨੁਸਖਿਆਂ ਵਿਚ ਨਹੀਂ ਹਨ ਤੇ ਚੌਪਈ ਦੇ ਦੋ ਹੀ ਚਰਣ ਹਨ। ਇਕ ਲਿਖਤੀ ਨੁਸਖੇ ਵਿਚ ਇਸ ਦੀ ਥਾਵੇਂ ਇਹ ਪਾਠ ਹੈ:-ਆਵਤਿ ਭਏ ਨ ਦੇਰ ਲਗਾਈ। ਸ਼੍ਰੀ ਗੁਰੁ ਪਾਦ ਕੰਜ ਸਿਰ ਨਜਾਈ।

[†]ਇਹ ਦੋ ਤੁਕਾਂ ਤ੍ਰੈ ਲਿਖਤੀ ਨੁਸਖਿਆਂ ਵਿਚ ਨਹੀਂ ਹਨ ਤੇ ਚੌਪਈ ਦੇ ਦੋ ਹੀ ਚਰਣ ਹਨ। ਇਕ ਲਿਖਤੀ ਨੁਸਖੇ ਵਿਚ ਇਸ ਦੀ ਥਾਵੇਂ ਇਹ ਪਾਠ ਹੈ:-ਆਵਤਿ ਭਏ ਨ ਦੇਰ ਲਗਾਈ। ਸ਼੍ਰੀ ਗੁਰੁ ਪਾਦ ਕੰਜ ਸਿਰ ਨਜਾਈ।

ਨੱਤੀ ਲਿਏ ਧੀਰਮਲ ਗੋਦ।
ਆਇ ਸੁਧਾਸਰ ਹੀਨ ਪ੍ਰਮੋਦ[1]। [1]ਉਦਾਸ।
ਗੁਰ ਘਰ ਮਹਿਂ ਭਾ ਰੁਦਨ ਬਿਸਾਲਾ।
ਪੀਟਤਿ ਮਿਲੀ ਜਾਲ ਹੀ ਬਾਲਾ† ॥ ੧੪ ॥

†ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ' ਇਹ ਸਤਿਗੁਰੂ ਦੀ ਮਹਿਮਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੱਸਦੇ ਹਨ, ਉਸ ਗੁਰੂ ਦੇ ਘਰ ਵਿਚ 'ਰੁਦਨ ਬਿਸਾਲਾ' ਤੇ 'ਪੀਟਤਿ ਬਾਲਾ' ਦੀ ਸੰਭਾਵਨਾ ਕਰਨੀ ਵਾਕਿਆ ਤੇ ਹੋਣ ਦੇ ਵਿਰੁੱਧ ਹੈ। ਸਤਿਗੁਰੂ ਜੈਸੇ ਮਹਾਂਬਲੀ ਤੇ ਉਨ੍ਹਾਂ ਦੇ ਤੀਰ ਸਮ ਕਾਰੀ ਉਪਦੇਸ਼ਾਂ ਦੇ ਹੁੰਦਿਆਂ ਗੁਰੂ ਘਰ ਕਦੋਂ 'ਪਿਟਣ ਤੇ ਰੋਣ' ਦਾ ਘਰ ਬਣ ਸਕਦਾ ਹੈ? ਓਥੇ ਸਦਾ ਸੁਖ ਹੈ ਤੇ ਸਦਾ ਰਜ਼ਾ ਉੱਤੇ ਸਿਰ ਸਿਜਦੇ ਵਿਚ ਹੈ। ਗੁਰੂ ਮਤਿ ਸਾਫ ਇਹ ਹੈ:-ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ। ਅੰਕ ੧੮ ਵਿਚ ਕਵੀ ਜੀ ਆਪ ਗੁਰ ਘਰ ਵਿਚ ਸ਼ੋਕ ਦੇ ਵਿਰੁੱਧ ਲਿਖਦੇ ਹਨ। ਅੰਕ ੨੧ ਤੇ ੨੨ ਵਿਚ ਗੁਰੂ ਘਰ ਦੀ ਮਿਰਜਾਦਾ ਦੱਸੀ ਨੇ, ਜਿਸ ਵਿਚ ਮ੍ਰਿਤਕ ਕ੍ਰਿਯਾ ਕੋਈ ਨਹੀਂ ਹੋਈ। ਇਸ ਤੋਂ ਸਮਝ ਲੈਣਾ ਚਾਹੀਏ ਕਿ ਸਤਿਗੁਰ ਦੇ ਘਰ ਵਿਚ ਕਦੇ ਬੀ ਗੁਰ ਰੀਤੀ ਦੇ ਸਿਵਾ ਕੁਛ ਨਹੀਂ ਸੀ ਹੁੰਦਾ। ਜਿਥੇ ਕਿਤੇ ਕਵੀ ਜੀ ਨੇ ਕੁਛ ਹੋਇਆ ਲਿਖਿਆ ਹੈ ਯਾਂ ਤਾਂ ਉਹ ਆਖੇਪ ਹੈ ਯਾ ਰਿਆਸਤ ਵਿਚ ਬ੍ਰਹਮਣੀ ਜ਼ੋਰ ਤੇ ਪ੍ਰਭਾਵ ਦੀ ਮਜਬੂਰੀ ਕਰਕੇ ਹੈ।

ਮ੍ਰਿਤੁ ਕਾਰਨ ਕੋ ਸੁਨਿ ਨਰ ਨਾਰੀ।
ਅਜ਼ਮਤਵੰਤ ਜਾਨਿ ਕਰਿ ਭਾਰੀ।
'ਮਹਾਂ ਵਲੀ ਹੋਵਤਿ ਜਗ ਮਾਂਹੀ।
ਕਰੀਯਹਿ ਕਹਾਂ ਜਿਯੋ ਸੋ ਨਾਂਹੀ' ॥ ੧੫ ॥
ਅਧਿਕ ਸ਼ੋਕ ਘਰ ਮਹਿਂ ਜਬਿ ਭਯੋ।
ਤਬਿ ਗੁਰਦਾਸ ਗੁਰੂ ਪਠ ਦਯੋ।
ਜਾਇ ਸਭਿਨਿ ਕੋ ਧੀਰਜ ਦੀਨਾ।
'ਨਹਿਂ ਰੁਦਨੁਹੰ ਕਰਿ ਬਦਨ ਮਲੀਨਾ ॥ ੧੬ ॥
ਜਗ ਖੇਤੀ ਇਹ ਪ੍ਰਭੁ ਕਰੀ ਹੈ।
ਕਾਚੀ ਗਦਰੀ[1] ਪਾਕ[2] ਖਰੀ ਹੈ। [1]ਡਡਰੀ। [2]ਪੱਕੀ। ਗੁਰਵਾਕ-ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥ [ਸਿਰੀਰਾਗ ਮ: ੫]
ਜਿਸ ਕੋ ਚਹੈ ਬਾਢ ਕਰਿ ਲੇਤਿ।
ਇਸ ਕੋ ਸ਼ੋਕ ਕਰਹਿ ਕਿਸ ਹੇਤੁ[1] ॥ ੧੭ ॥ [1]ਕਾਹਦੇ ਵਾਸਤੇ।
ਸਗਰੇ ਆਪੋ ਅਪਨੀ ਵਾਰੀ।
ਜਾਤਿ ਚਲੇ ਕੋ ਧੀਰ ਨ ਧਾਰੀ[1]। [1]ਭਾਵ ਕੋਈ ਨਹੀਂ ਅਟਕਦਾ।
ਗੁਰ ਕੇ ਘਰ ਮਹਿਂ ਸ਼ੋਕ ਬਿਸਾਲਾ।
ਚਹਿਯਤਿ ਨਹੀਂ, ਰਹੈ ਚਿਰਕਾਲਾ ॥ ੧੮ ॥
ਕਹਾਂ ਭਯੋ ਤਨ ਤਜਾਗਿ ਸਿਧਾਰੇ।

ਗੁਰ ਬਚ ਤੇ ਨਿਤ ਜਿਯਬੋ ਧਾਰੇ।
ਨਾਮ ਪ੍ਰਤਾਪ ਸੁਜਸੁ ਸਦ ਕਾਲਾ।
ਰਹਜੋ ਅਟਲ ਜਗ ਬਿਦਤਿ ਬਿਸਾਲਾ'
॥੧੯॥
ਮ੍ਰਿਦੁਲ ਬਾਕ ਕਹਿ ਕਹਿ ਗੁਰਦਾਸ।
ਧੀਰ ਧਰਾਈ ਸ਼ੋਕ ਬਿਨਾਸ਼ਿ।
ਦਿਵਸਿ ਤੇਰ੍ਹਵੀਂ ਕੋ ਤਬਿ ਆਯੋ।
ਪੰਚਾਂਮ੍ਰਿਤ ਬਹੁਤ ਕਰਿਵਾਯੋ ॥੨੦॥
ਭੋਗ ਗ੍ਰਿੰਥ ਸਾਹਿਬ ਕੋ ਪਾਇ।
ਬਹੁਰ ਰਬਾਬੀ ਚੌਂਕੀ ਗਾਇ।
ਪੋਸ਼ਿਸ਼ ਬਹੁ ਮੋਲੀ ਬਨਿਵਾਈ।
ਪੁੱਤ੍ਰ ਹੇਤੁ ਅਰਦਾਸ ਕਰਾਈ ॥੨੧॥
ਸਭਿ ਮਹਿਂ ਪੰਚਾਂਮ੍ਰਿਤ ਬਰਤਾਯੋ।
ਸ਼ੋਕ ਸਦਨ ਤੇ ਸਕਲ ਨਸਾਯੋ।
ਗੁਰ ਘਰ ਕੀ ਮਰਜਾਦਾ ਜੇਤੀ।
ਸਤਿਗੁਰੁ ਕਰਵਾਇਸਿ ਤਬਿ ਤੇਤੀ
॥੨੨॥
ਅਗਲੇ ਦਿਵਸ ਬਿਸਰਜਨ ਕਰੇ।
ਅਟਲਰਾਇ ਹਿਤ ਆਇ ਜੁ ਬਰੇ।
ਤ੍ਰਿਯ ਜੁਤਿ ਦਾਸ ਨਰਾਇਣ ਗਯੋ।
ਪੁਰਿ ਡੱਲੇ ਜਸ ਉਚਰਤਿ ਭਯੋ ॥੨੩॥
ਦ੍ਵਾਰਾ ਭਾਗਣ ਸਹਤ ਸਿਧਾਰਾ।
ਗੁਰੂ ਅਮਰ ਕੋ ਬੰਸ ਪਧਾਰਾ।
ਤੇਹਣ ਗਏ ਖਡੂਰ ਮਝਾਰੀ।
ਰਾਮਾ ਗਮਨਜੋ ਲੇ ਨਿਜ ਨਾਰੀ ॥੨੪॥
ਇਨ ਤੇ ਆਦਿ ਜੁ ਆਵਤਿ ਭਏ।
ਗੁਰ ਸੋਂ ਮਿਲਿ ਮਿਲਿ ਨਿਜ ਘਰ ਗਏ।
ਸਭਿ ਹੀ ਸੁਨਿ ਸੁਨਿ ਅਚਰਜ ਗਾਥਾ।
'ਸਿਸ ਜੀਵਾਯਸਿ ਅਜ਼ਮਤ ਸਾਥਾ
॥੨੫॥
ਪਿਤਾ ਰਿਸਜੋ ਜਬਿ ਹੇਰਨਿ ਕੀਨਾ।
ਅਪਨੌ ਤਨ ਤਬਿ ਤਜਾਗਨਿ ਕੀਨਾ।

ਮਹਾਂ ਪੁਰਖ ਪੂਰਨ ਅਸ ਕੋਈ।
ਬਾਲ ਬੈਸ ਅਸ ਅਜ਼ਮਤ ਹੋਈ' ॥੨੬॥
ਕਹਹਿਂ ਸੁਨਹਿਂ ਬਿਸਮਹਿਂ ਇਮ ਸਾਰੇ।
ਨਿਜ ਨਿਜ ਪੁਰਿ ਅਰੁ ਗ੍ਰਾਮ ਉਚਾਰੇ।
ਕੇਤਿਕ ਕਹੈਂ 'ਸਭਿਨਿ ਤੇ ਭਾਰੀ।
ਗਾਦੀ ਸ਼੍ਰੀ ਨਾਨਕ ਸੁਖਕਾਰੀ ॥੨੭॥
ਜਿਨ ਕੇ ਸਮ ਜਗ ਭਯੋ ਨ ਕੋਈ।
ਦਾਸ ਘਨੇ ਅਜ਼ਮਤਿ ਜੁਤਿ ਹੋਈ।
ਲਾਖਹੁਂ ਭਗਤਿ ਗਜਾਨ ਜੁਤਿ ਹ੍ਵੈ ਕੈ।
ਲਹਜੋ ਪਰਮ ਪਦ ਗੁਰੁਮਤਿ ਪੈ ਕੈ ॥੨੮॥
ਦਾਸ ਦਾਸ ਕੇ ਦਾਸ ਬਿਸਾਲੇ।
ਤਿਸ ਘਰ ਕੇ ਭੇ ਅਜ਼ਮਤਿ ਵਾਲੇ।
ਕਰਾਮਾਤ ਸਾਹਿਬ ਸੁਤ ਹੋਵਾ।
ਇਸ ਮਹਿਂ ਕਜਾ ਅਚਰਜ ਤੁਮ ਜੋਵਾ ॥੨੯॥
ਸ਼ਾਹ ਜਹਾਂ ਜਗ ਪਤਿ ਇਸ ਕਾਲਾ।
ਕਰਜੋ ਤਾਂਹਿ ਸੋਂ ਜੰਗ ਕਰਾਲਾ।
ਆਜ ਕੌਨ ਤਿਹ ਸੰਗ ਬਿਗਾਰੇ।
ਐਸੇ ਸ਼ਾਹੁ ਜਿਨਹੁਂ ਤੇ ਹਾਰੇ ॥੩੦॥
ਪੰਚ ਗੁਰੂ ਬਰਤੇ ਬਿਚ ਪੀਰੀ।
ਅਬਿ ਦ੍ਵੈ ਧਰਿ[1] -ਪੀਰੀ ਅਰੁ ਮੀਰੀ-।
ਅਜ਼ਮਤ ਜੁਤਿ ਕੋ ਪੀਰ ਨ ਅਰੈ।
ਕੋ ਅਸ ਮੀਰ ਜਿ ਤ੍ਰਾਸ ਨ ਧਰੈ ॥੩੧॥
ਤਿਸ ਘਰ ਕੋ ਬੰਦਨ ਹੀ ਬਨੈਂ।'
ਇਮ ਜਗ ਸਗਰੋ ਗੁਰੁ ਜਸ ਭਨੈ।
ਸ਼੍ਰੀ ਸਤਿਗੁਰੁ ਹਰਿਗੋਵਿੰਦ ਚੰਦ।
ਬੈਠੇ ਤਖਤ ਅਕਾਲ ਬਿਲੰਦ ॥੩੨॥
ਬਡੋ ਕੁਟੰਬ ਭਯੋ ਜਿਨ ਕੇਰ।
ਸੁਤ ਪੋਤ੍ਰਾ ਸਨਬੰਧ ਬਡੇਰ।
ਸਭਿ ਮਹਿਂ ਬਰਤਹਿਂ ਸਹਿਜ ਸੁਭਾਇ।
ਜਿਮ ਅਰਬਿੰਦ ਨ ਜਲ ਲਿਪਤਾਇ

[1]ਦੋਵੇਂ ਧਾਰ ਲਈਆਂ ਹਨ:-।

॥ ੩੩ ॥
ਹਰਖ ਸ਼ੋਕ ਉਪਜਹਿ ਬਹੁ ਬਾਰ[1]। [1]ਬਹੁਤ ਵੇਰ।
ਮਿਟਹਿ ਸੁ ਕਿਮ ਜੁ ਵਧਯੋ ਪਰਵਾਰ।
ਦੁਖ ਸੁਖ ਸਦਾ ਸੰਗ ਹੀ ਰਹੈਂ।
ਕਬਿ ਪ੍ਰਿਯ ਕਬਿ ਅੱਪ੍ਰਿਯ[1] ਹੁਇ ਚਹੈਂ [1]ਦੁਖਦਾਈ।
॥ ੩੪ ॥
ਇਸ ਤੇ ਹਰਖ ਸ਼ੋਕ ਉਪਜੰਤੇ।
ਰਾਗ ਦ੍ਵੈਖ ਕੋ ਬਹੁਰ ਬਧੰਤੇ।
ਤਿਨ ਤੇ ਉਪਜਹਿਂ ਬ੍ਰਿੰਦ ਬਿਕਾਰਾ।
ਫਸੇ ਸਕਲ ਹੀ ਜੀਵ ਸੰਸਾਰਾ ॥ ੩੫ ॥
ਸਭਿ ਕੋ ਮੂਲ ਲਖਹੁ ਤਨਹੰਤਾ।
ਪੁਨ ਮਮਤਾ ਇਸ ਤੇ ਉਪਜੰਤਾ।
ਇਤ ਤੇ[1] ਆਗੈ ਉਤਪਤਿ ਜਾਨਹੁ। [1]ਇਸ ਤੋਂ।
ਰਾਗ ਦ੍ਵੈਖ ਆਦਿਕ ਜੇ ਮਾਨਹੁ ॥ ੩੬ ॥
ਸੋ ਹੰਤਾ ਮਮਤਾ ਬਡ ਦੋਈ।
ਗੁਰ ਕੈ ਤੀਨ ਕਾਲ ਨਹਿਂ ਹੋਈ।
ਜਹਿਂ ਕਾਰਨ ਕੋ ਲੇਸ਼ ਨ ਜਾਨਿ।
ਕਯੋਂ ਕਾਰਜ ਉਪਜਹਿਂ ਤਿਸ ਥਾਨ
॥ ੩੭ ॥
ਜਿਸ ਧਰਨੀ ਮਹਿਂ ਬੀਰਜ[1] ਬੋਵਹੁ। [1]ਬੀਜ।
ਦਲ ਫਲ ਸਹਤ ਤਹਾਂ ਤਰੁ ਜੋਵਹੁ[1]। [1]ਦੇਖੋਗੇ।
ਜਿਸ ਅਵਿਨੀ ਮਹਿਂ ਬੀਜ ਨ ਪਰਯੋ।
ਕਯੋਂ ਦਲ ਫਲ ਜੁਤਿ ਹੁਇ ਤੁਰ ਹਰਯੋ
॥ ੩੮ ॥
ਸਦਾ ਏਕ ਰਸ ਮਹਿਂ ਬ੍ਰਿਤਿ ਰਹੈ।
ਉਥਿਤਿ ਨ[1] ਕਬਹੁਂ, ਸਮਾਧੀ ਅਹੈ। [1]ਉਥਾਨ ਨਹੀਂ ਹੁੰਦੀ।
ਨਿਸ ਦਿਨ ਜੋ ਬਿਚਰਹਿ ਬਹੁ ਬਾਰੀ[1]। [1]ਬਹੁਤੇ ਜਲ (ਵਿਚ)।
ਪੋਸ਼ਿਸ਼ ਸੁਸ਼ਕ[1] ਰਾਖਿ ਕਰਿ ਸਾਰੀ [1]ਸੁੱਕੀ।
॥ ੩੯ ॥
ਅੰਜਨ ਕੋਸ਼ਟ[1] ਬਸਿਬੋ ਹੁਵੈ। [1]ਸੁਰਮੇ (ਕਾਲਖ) ਦੇ ਕੋਠੇ (ਵਿਚ)।
ਬਸਤ੍ਰ ਸ਼ਜਾਮਤਾ ਕਬਹੁਂ ਨ ਛੁਵੈ।
ਗ੍ਰਿਹਸਤ ਬਿਖੈ ਦਿਨ ਰੈਨ ਗੁਜ਼ਾਰਨਿ।

ਹਰਖ ਸ਼ੋਕ ਕੇ ਬਹੁ ਜਹਿਂ ਕਾਰਨਿ ॥੪੦॥
ਸੋ ਨਹਿਂ ਹੋਨਿ ਦੇਤਿ ਮਨ ਮਾਂਹੀ।
ਗੁਰੁ ਬਿਨ ਆਨਿ ਪਿਖੈ ਇਹ ਨਾਂਹੀ[1]।

[1]ਬਿਨਾਂ ਗੁਰੂ ਜੀ ਦੇ (ਕਿਸੇ) ਹੋਰ ਦੀ ਇਹ (ਦਸ਼ਾ) ਨਹੀਂ ਦਿੱਸਦੀ।

ਜਿਸ ਪਰ ਕ੍ਰਿਪਾ ਕਰਹਿਂ ਦੇਂ ਸੀਖਾ।
ਤਿਸ ਹੂੰ ਅਸ ਕੌਤਕ ਉਰ ਦੀਖਾ ॥੪੧॥
ਯਾਂ ਤੇ ਸਦਾ ਗੁਰੂ ਕੀ ਸ਼ਰਨੀ।
ਪਰੇ ਰਹੋ ਸ਼ਰਧਾ ਉਰ ਧਰਨੀ।
ਜਬਹਿ ਕ੍ਰਿਪਾਲ ਕ੍ਰਿਪਾ ਕਰਿ ਦੇਖਹਿਂ।
ਮਨ ਬਿਕਾਰ ਹਰਿ ਦੇਹਿ[1] ਅਸ਼ੇਖਹਿਂ ॥੪੨॥

[1]ਦੂਰ ਕਰ ਦੇਵਨਗੇ।

ਭਗਤਿ ਗਜਾਨ ਕੋ ਦੇਂ ਉਪਜਾਇ।
ਜਿਸ ਤੇ ਪਰਮ ਮੁਕਤਿ ਕੋ ਪਾਇ।
ਜਿਸ ਗੁਰ ਨੇ ਕਈ ਕੋਟ ਉਧਾਰੇ।
ਸੋ ਗੁਰਿ ਹੋਹਿਂ ਸਹਾਇ ਹਮਾਰੇ ॥੪੩॥

ਚੌਪਈ:
ਜੇ ਇਹ ਕਥਾ ਸੁਨੈ ਮਨਿ ਲਾਇ[†]।

[†]ਮਨ ਲਾਇ ਦਾ ਮਤਲਬ ਹੈ ਕਿ ਗੁਰੂ ਧਿਆਨ ਅੰਦਰ ਵਸਾਵੇ, ਗੁਰੂ ਦਾ ਹੁਕਮ ਤੇ ਨਾਮ ਕਮਾਵੇ, ਹਉਮੈਂ ਦਾ ਤਿਆਗ ਕਰੇ। ਅੰਕ ੪੩ ਤਕ ਇਹ ਸਾਰਾ ਉਪਦੇਸ਼ ਦਿੱਤਾ ਹੈ, ਕਥਾ ਸੁਣ ਕੇ ਗੁਰ ਪਿਆਰ ਵਿਚ ਪਵੇ ਤੇ ਇਹ ਕਮਾਈ ਕਰੋ, ਜੋ ਜ਼ਰੂਰ ਭਵਜਲ ਤਰੇ। ਕਵੀ ਜੀ ਅਗਲੀਆਂ ਛੀਆਂ ਤੁਕਾਂ ਵਿਚ ਇਹੋ ਹੀ ਕਹਿ ਰਹੇ ਹਨ।

ਜਨਮ ਮਰਨ ਸੰਕਟ ਮਿਟ ਜਾਇ।
ਜੋ ਗੁਰ ਦੇ ਉਪਦੇਸ਼ ਮਹਾਨ।
ਸੋਊ ਕਰਤਿ ਭਵ ਮਹਿਂ ਕੱਲਜਾਨ ॥੪੪॥
ਸੱਤਿਨਾਮ ਸਿਮਰਹਿ ਦਿਨ ਰੈਨ।
ਮਨ ਸ਼ਾਂਤੀ ਤਨ ਉਪਜਹਿ ਚੈਨ।
ਸਿੱਖੀ ਪਦ ਨਿਜ ਧਾਰਨ ਕੀਨਿ।
ਅਤਿਸ਼ੈ ਪਰਮ ਮੁਕਤਿ ਤਿਸ ਲੀਨਿ[†] ॥੪੫॥

[†]ਲਿਖਤੀ ਨੁਸਖਿਆਂ ਵਿਚ ੪੪, ੪੫ ਦੀਆਂ ਚੌਪਈਆਂ ਦੇਖਣ ਵਿਚ ਨਹੀਂ ਆਈਆਂ। ਓਥੇ ਰਾਸ ਅੰਕ ੪੩ ਤੇ ਸਮਾਪਤ ਹੋ ਜਾਂਦੀ ਹੈ। ਚੌਪਈ ਚਲ ਰਹੀ ਸੀ ਅੰਕ ੪੩ ਦੇ ਬਾਦ ਫੇਰ 'ਚੌਪਈ' ਲਿਖਣ ਦੀ ਲੋੜ ਨਹੀਂ ਸੀ। ਕਵਿਤਾ ਬੀ ਕਵੀ ਜੀ ਵਰਗੀ ਨਹੀਂ ਲਗਦੀ।

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰਾਸੇ ਕਵਿ ਸੰਤੋਖ ਸਿੰਘ ਭਾਖਾਯਾਂ ਵਿਰਚਤਾਯਾਂ 'ਸ਼੍ਰੀ ਗੁਰੂ ਹਰਿਗੋਬਿੰਦ ਦੁਸ਼ਟ ਦਮਨ ਕਰਨ ਅਤੇ ਸ੍ਰੀ ਹਰਿਗੋਬਿੰਦ ਪੁਰਾ ਬਨਾਵਨ ਔ ਸ੍ਰੀ

ਅਟੱਲਰਾਇ ਕੀ ਚੜ੍ਹਾਈ ਔਰ ਸਿਖਾਂ ਕੋ ਉਪਦੇਸ਼ ਦੇਵਨ ਅਰ ਸੁਧਾਸਰ ਮੈ ਸ੍ਰੀ ਗੁਰ ਬਿਰਾਜਮਨ ਇਤਜਾਦਿਕ' ਪ੍ਰਸੰਗ ਬਰਨਨੰ ਨਾਮ ਏਕ ਊਨ ਸਸ਼ਟੀ ਅੰਸੂ† ॥੫੯॥

†ਇਤਿ ਤੋਂ ਅੰਸੂ ਤਕ ਸਾਰਾ ਪਾਠ ਲਿਖਤੀ ਨੁਸਖਿਆਂ ਵਿਖੇ ਹੂਬਹੂ ਦੇਖਣ ਵਿਚ ਨਹੀਂ ਆਇਆ, ਫਰਕ ਨਾਲ ਮਿਲਦਾ ਹੈ।

[ਛੇਵੀਂ ਰਾਸ਼ਿ ਸੰਪੂਰਨ ਹੋਈ]